
# ਬਹੁ-ਮੁੱਲੇ ਇਤਿਹਾਸਕ ਲੇਖ



ਸੰਪਾਦਕ:

ਕਰਮ ਸਿੰਘ ਹਿਸਟੋਰੀਅਨ

# ਬਹੁ-ਮੁੱਲੇ ਇਤਿਹਾਸਕ ਲੇਖ

# ਬਹੁ-ਮੁੱਲੇ ਇਤਿਹਾਸਕ ਲੇਖ

ਸੰਪਾਦਕ :

ਕਰਮ ਸਿੰਘ ਹਿਸਟੋਰੀਅਨ

ਸਿੰਘ ਬ੍ਰਦਰਜ਼

ਅੰਮ੍ਰਿਤਸਰ

BAHU MULLE ITIHASAK LEKH

(A Probe into Sikh History)

*by*

KARAM SINGH HISTORIAN

ISBN 81-7205-013-5

ਦੂਜੀ ਵਾਰ ਫ਼ਰਵਰੀ 1991

ਤੀਜੀ ਵਾਰ ਅਗਸਤ 2001

ਚੌਥੀ ਵਾਰ ਜੂਨ 2010

**ਮੁੱਲ : 300-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com

*Website :* www.singhbrothers.com

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


| | | |
|---|---|---|
| ਮੁਖ ਸ਼ਬਦ | ਪ੍ਰਕਾਸ਼ਕ | 7 |
| ਸੰਪਾਦਕੀ ਲੇਖ | ਗਿ. ਹੀਰਾ ਸਿੰਘ ਦਰਦ | 10 |
| ਇਤਿਹਾਸ ਦੀ ਖੋਜ ਤੇ ਪੜਚੋਲ | ਸ: ਕਰਮ ਸਿੰਘ | 13 |


## ਪਹਿਲੀ ਕਿਆਰੀ


| | | |
|---|---|---|
| ਸਾਡਾ ਇਤਿਹਾਸ | ਭਾਈ ਵੀਰ ਸਿੰਘ ਜੀ | 17 |
| ਇਤਿਹਾਸ | ਭਾਈ ਕਾਹਨ ਸਿੰਘ ਜੀ ਨਾਭਾ | 40 |
| ਇਤਿਹਾਸ-ਪਾਠ | ਲਾਲਾ ਕਿਰਪਾ ਸਾਗਰ ਜੀ | 43 |
| ਗੁਰਮੁਖੀ ਅੱਖਰ | ਸ: ਸ਼ੇਰ ਸਿੰਘ ਕਸ਼ਮੀਰ | 51 |
| ਕਸ਼ਮੀਰ ਦੇਸ ਅਤੇ ਸਿੱਖੀ ਧਰਮ | ਅਕਾਲੀ ਕੌਰ ਸਿੰਘ ਜੀ | 57 |
| ਤਖ਼ਤ ਸ੍ਰੀ ਹਜ਼ੂਰ ਅਬਿਚਲ ਨਗਰ | ,, ,, | 61 |
| ਸਿੱਖ ਇਤਿਹਾਸ ਤੇ ਅੱਜ ਦੇ ਸਿੱਖ | ਬੀਬੀ ਜਸਵੰਤ ਕੌਰ ਜੀ | 64 |
| ਸਿੱਖ ਗੁਰੂਆਂ ਦਾ ਮਿਸ਼ਨ ਤੇ ਪੰਜਾਬ | ਲਾਲਾ ਰਾਮ ਚੰਦ ਮਨਚੰਦਾ | 68 |
| ਸਿੱਖ ਇਤਿਹਾਸ ਦੀ ਖੋਜ | ਬਾਵਾ ਬੁਧ ਸਿੰਘ ਜੀ | 70 |
| ਬਣਾਉਟੀ ਇਤਿਹਾਸ | ਪ੍ਰੋ. ਤੇਜਾ ਸਿੰਘ ਜੀ | 72 |
| ਇਕ ਪਰਸਿੱਧ ਇਤਿਹਾਸਕ ਭੁੱਲ | ਸ: ਸਰਦੂਲ ਸਿੰਘ ਕਵੀਸ਼ਰ | 75 |


## ਦੂਜੀ ਕਿਆਰੀ


| | | |
|---|---|---|
| ਲੇਖਾਂ ਦੀ ਵੰਡ | ਸੰਪਾਦਕ | 81 |
| ਸਿੱਖ ਰਾਜ ਤੇ ਸਿੱਖ ਦਰਬਾਰ | | |
| ਲਾਹੌਰ ਦਰਬਾਰ ਦੇ ਰੋਜ਼-ਨਾਮਚੇ | ਸੰਪਾਦਕ | 83 |
| ਅਖ਼ਬਾਰ ਲੁਧਿਆਣਾ | ,, | 88 |
| ਬਿਰਧਾਂ ਦੇ ਬਿਆਨ | ,, | 89 |
| ਮੇਰਾ ਪਹਿਲਾ ਜਤਨ | ,, | 91 |
| ਇਤਿਹਾਸਕ ਵਾਰਾਂ | ,, | 94 |

| | | |
|---|---|---|
| ਮਹਾਰਾਜਾ ਰਣਜੀਤ ਸਿੰਘ ਤੇ ਖ਼ਾਲਸਾ ਰਾਜ | ਬਾਬਾ ਪ੍ਰੇਮ ਸਿੰਘ ਹੋਤੀ | 98 |
| ਗੁੰਮ ਹੋ ਰਹੀਆਂ ਕਥਾਵਾਂ | ਮਾ: ਬੀਰ ਸਿੰਘ ਫ਼ੀਰੋਜ਼ਪੁਰ | 103 |
| ਮਹਾਰਾਜਾ ਰਣਜੀਤ ਸਿੰਘ ਦਾ ਰਾਜ-ਪ੍ਰਬੰਧ | ਗਿ. ਸੰਤ ਸਿੰਘ ਨਿਰਮਾਣ | 106 |
| ਸੱਯਦ ਅਹਿਮਦ ਬ੍ਰੇਲਵੀ | ਸੋਢੀ ਹਜ਼ਾਰਾ ਸਿੰਘ ਜੀ | 118 |
| ਡੋਗਰਾ-ਗਰਦੀ ਦੇ ਗੁੱਝੇ ਭੇਤ | ਸ: ਗੰਡਾ ਸਿੰਘ ਜੀ | 124 |
| ਇਕ ਗੁੱਝਾ ਭੇਤ | ਸ: ਮਾਨ ਸਿੰਘ ਵਕੀਲ | 134 |
| ਮਹਾਰਾਜਾ ਨੌਂ-ਨਿਹਾਲ ਸਿੰਘ ਦੀ ਮੌਤ | ਬਾਬਾ ਪ੍ਰੇਮ ਸਿੰਘ ਹੋਤੀ | 138 |
| ਸਿੱਖ ਦਰਬਾਰ ਦੇ ਰੋਜ਼-ਨਾਮਚੇ | ਸ: ਕਰਮ ਸਿੰਘ ਹਿਸਟੋਰੀਅਨ | 142 |
| ਬਿਰਧਾਂ ਦੇ ਬਿਆਨ | ,, ,, | 168 |
| ਸਿੱਖ ਇਤਿਹਾਸ ਦੇ ਖ਼ੂਨੀ ਵਰਕੇ | ਬਾਬਾ ਬੁਧ ਸਿੰਘ ਜੀ | 193 |
| ਇਕ ਸਿੱਖ ਸਰਦਾਰ ਦੀ ਬਸਤਨੀ | ਸ: ਸਰਦੂਲ ਸਿੰਘ ਕਵੀਸ਼ਰ | 201 |
| ਸਿੱਖ : ਅੰਗਰੇਜ਼ ਲਿਖਾਰੀਆਂ ਦੀਆਂ ਨਜ਼ਰਾਂ ਵਿਚ | 'ਦਾਤਾ' ਅੰਮ੍ਰਿਤਸਰੀ | 205 |


## ਤੀਜੀ ਕਿਆਰੀ


| | | |
|---|---|---|
| ਸਿੱਖ ਸੁਧਾਰਕ ਲਹਿਰਾਂ | ਹੀਰਾ ਸਿੰਘ ਦਰਦ | 209 |
| ਨਾਮਧਾਰੀ ਲਹਿਰ ਤੇ ਬਾਬਾ ਰਾਮ ਸਿੰਘ ਜੀ | ਸ: ਗੁਰਪਾਲ ਸਿੰਘ ਲੰਡਨ | 218 |


## ਚੌਥੀ ਕਿਆਰੀ


| | | |
|---|---|---|
| ਬੀਰਤਾ ਦਾ ਪੁੰਜ | ਲਾਲਾ ਧਨੀ ਰਾਮ ਚਾਤ੍ਰਿਕ | 241 |
| ਸਰਦਾਰ ਜੈ ਸਿੰਘ ਕੁਮੇਦਾਨ | ਕਰਮ ਸਿੰਘ ਹਿਸਟੋਰੀਅਨ | 242 |
| ਅਕਾਲੀ ਸੁਰਜਨ ਸਿੰਘ ਸ਼ਹੀਦ | ਗਿ: ਬੁਧ ਸਿੰਘ ਪੁਣਛ | 244 |
| ਸਰਦਾਰ ਰਤਨ ਸਿੰਘ ਵਹਾਲੀ | ਸ: ਮਹਿਤਾਬ ਸਿੰਘ ਜੇਹਲਮ | 247 |
| ਗਿਆਨੀ ਪ੍ਰਦੁਮਨ ਸਿੰਘ | ਸ: ਵਿਧਾਤਾ ਸਿੰਘ ਤੀਰ | 249 |
| ਹੁਕਮਨਾਮੇ ਤੇ ਅਹਿਦਨਾਮੇ | ਗਿ: ਹੀਰਾ ਸਿੰਘ ਦਰਦ | 252 |
| ਸਿੱਖ ਧਾਰਮਿਕ ਤੇ ਇਤਿਹਾਸਕ ਸਾਹਿੱਤ | ਸ: ਗੰਡਾ ਸਿੰਘ ਜੀ | 259 |

# ਮੁਖ-ਸ਼ਬਦ

ਸ: ਕਰਮ ਸਿੰਘ (੧੮੮੪-੧੯੩੦) ਸਿਖ-ਇਤਿਹਾਸ ਦੀ ਵਿਗਿਆਨਕ ਲੀਹਾਂ 'ਤੇ ਖੋਜ-ਪੜਤਾਲ ਕਰਨ ਵਾਲੇ ਪਹਿਲੇ ਉੱਘੇ ਵਿਦਵਾਨ ਸਨ। ਉਨ੍ਹਾਂ ਨੇ ਸਿਖ-ਇਤਿਹਾਸ ਦੇ ਮੌਖਿਕ ਸਰੋਤਾਂ ਨੂੰ ਇਕੱਠਿਆਂ ਕਰਨ ਦਾ ਮਹਾਨ ਕੰਮ ਛੋਹਿਆ ਤੇ ਆਪਣੀ ਸਾਰੀ ਜ਼ਿੰਦਗੀ ਇਸੇ ਸੇਵਾ ਵਿਚ ਲਗਾ ਦਿੱਤੀ। ਬੀ.ਏ. ਦੀ ਅੰਤਿਮ ਵਰ੍ਹੇ ਦੀ ਪੜ੍ਹਾਈ ਵਿੱਚੇ ਛੱਡ ਕੇ, ੧੯੦੫ ਵਿਚ ਆਪ, ਬਿਨਾਂ ਕਿਸੇ ਦੀ ਸਹਾਇਤਾ ਦੇ, ਪੈਦਲ ਹੀ ਪਿੰਡ-ਪਿੰਡ, ਨਗਰ-ਨਗਰ ਜਾ ਕੇ ਬਿਰਧਾਂ ਦੇ ਬਿਆਨ ਕਲਮਬੰਦ ਕਰਨ ਵਿਚ ਲੱਗ ਗਏ। ਆਪ ਦੇ ਪਿਤਾ ਜੀ ਆਪ ਦੇ ਇਸ ਫ਼ੈਸਲੇ 'ਤੇ ਸਖ਼ਤ ਨਰਾਜ਼ ਹੋਏ; ਪਰ ਆਪ ਵਿਚ ਸਿਖ-ਇਤਿਹਾਸ ਦੀ ਖੋਜ ਪ੍ਰਤਿ ਲਗਨ ਇਸ਼ਕ ਦੀ ਹੱਦ ਤਕ ਪੁੱਜ ਚੁੱਕੀ ਸੀ ਅਤੇ ਪਲੇਗ ਦੀ ਫੈਲੀ ਬੀਮਾਰੀ ਕਰਕੇ ਮਰ ਰਹੇ ਬਿਰਧਾਂ ਦੇ ਅੰਦਰ ਪਏ ਖ਼ਜ਼ਾਨੇ ਨੂੰ ਅਲੋਪ ਹੁੰਦਾ ਵੇਖ ਕੇ ਬੀ.ਏ. ਦੇ ਇਮਤਿਹਾਨ ਤਕ ਉਡੀਕ ਕਰਨੀ ਇਸ ਅਨਮੋਲ ਖ਼ਜ਼ਾਨੇ ਤੋਂ ਵੰਚਿਤ ਹੋਣ ਤੁੱਲ ਸੀ, ਜੋ ਆਪ ਨੂੰ ਮਨਜ਼ੂਰ ਨਹੀਂ ਸੀ। ਆਪ ਨੇ ਕਈ ਵਾਰ ਜੋਖਮ ਉਠਾ ਕੇ ਤੇ ਦੁਨਿਆਵੀ ਲੱਜਾ ਦੀ ਪਰਵਾਹ ਕੀਤੇ ਬਿਨਾਂ ਮਰ ਰਹੇ ਬਿਰਧਾਂ ਤਕ ਰਸਾਈ ਕਰ ਕੇ ਉਨ੍ਹਾਂ ਪਾਸੋਂ ਦੁਰਲੱਭ ਵਾਕਫ਼ੀਅਤ ਗ੍ਰਹਿਣ ਕੀਤੀ।

ਆਪ ਨੇ ਫ਼ਾਰਸੀ, ਅਰਬੀ ਅਤੇ ਅੰਗ੍ਰੇਜ਼ੀ ਵਿਚ ਲਿਖੀਆਂ ਇਤਿਹਾਸ-ਪੁਸਤਕਾਂ ਦਾ ਡੂੰਘਾ ਮੁਤਾਲਿਆ ਕੀਤਾ ਤੇ ਉਨ੍ਹਾਂ ਵਿਚੋਂ ਮਿਲਦੀਆਂ ਟੋਹਾਂ ਦੇ ਆਸਰੇ ਸਿਖ-ਇਤਿਹਾਸ ਦੀਆਂ ਉਲਝੀਆਂ ਤੰਦਾਂ ਨੂੰ ਸੁਲਝਾਣ ਦਾ ਪ੍ਰਸੰਸਾ-ਯੋਗ ਕਾਰਜ ਕੀਤਾ। ਖ਼ਾਲਸਾ ਰਾਜ ਦੇ ਇਤਿਹਾਸ ਬਾਰੇ ਆਪ ਨੇ ਬੇ-ਸ਼ੁਮਾਰ ਮਸਾਲਾ ਇਕੱਤਰ ਕੀਤਾ ਜੋ ਹੁਣ ਤਕ ਇਤਿਹਾਸਕ ਖੋਜਾਂ ਦੇ ਸਿੱਟਿਆਂ ਨੂੰ ਨਿਰਧਾਰਤ ਕਰਨ ਲਈ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਗੁਰੂ ਸਾਹਿਬਾਨ ਦੇ ਇਤਿਹਾਸ ਬਾਰੇ ਵੀ ਆਪ ਨੇ ਮੁੱਢਲੇ ਸਰੋਤਾਂ ਦੀ ਡੂੰਘੀ ਛਾਣ-ਬੀਣ ਕੀਤੀ, ਗੁਰ-ਅਸਥਾਨਾਂ ਨਾਲ ਸੰਬੰਧਿਤ ਮੌਖਿਕ ਰਵਾਇਤਾਂ ਨੂੰ ਇਕੱਠਿਆਂ ਕੀਤਾ ਤੇ ਉਨ੍ਹਾਂ ਨੂੰ ਸਮਕਾਲੀ ਸਰੋਤਾਂ ਦੇ ਸੰਦਰਭ ਵਿਚ ਪਰਮਾਣਿਤ ਕਰ ਕੇ ਮਹੱਤਵਪੂਰਨ ਸਿੱਟੇ ਕੱਢੇ। ਪਰ ਸਭ ਤੋਂ ਵੱਧ ਮਿਹਨਤ ਸ. ਕਰਮ ਸਿੰਘ ਨੂੰ ੧੯ਵੀਂ ਸਦੀ ਦੇ ਸਿਖ-ਇਤਿਹਾਸ ਦੀਆਂ ਉਲਝੀਆਂ ਤੰਦਾਂ ਸੁਲਝਾਣ ਲਈ ਕਰਨੀ ਪਈ। ਇਸ ਸਮੇਂ ਦੌਰਾਨ ਸਿਖ-ਸ਼ਕਤੀ ਤੇ ਰਾਜ-ਸ਼ਕਤੀ ਦਾ ਸਿੱਧਾ ਟਕਰਾਓ ਹੋਇਆ

ਤੇ ਅਣਗਿਣਤ ਸਿੱਖਾਂ ਵਲੋਂ ਅਣਖ ਤੇ ਅਜ਼ਾਦੀ ਲਈ ਬੇ-ਮਿਸਾਲ ਕੁਰਬਾਨੀਆਂ ਦਿੱਤੀਆਂ ਗਈਆਂ। ਇਸ ਸੰਘਰਸ਼ਸ਼ੀਲ ਸਮੇਂ ਦੌਰਾਨ ਸਿੱਖਾਂ ਵੱਲੋਂ ਤਾਂ ਆਪਣਾ ਇਤਿਹਾਸ ਲਿਖਣ ਦਾ ਉੱਦਮ ਕੀ ਹੋ ਸਕਣਾ ਸੀ! ਸੋ ਸ: ਕਰਮ ਸਿੰਘ ਨੂੰ ਇਸ ਸਮੇਂ ਦੇ ਇਤਿਹਾਸਕ ਤੱਥਾਂ ਦੀ ਛਾਣ-ਬੀਣ ਲਈ ਪੱਖ-ਪਾਤੀ ਮੁਸਲਮਾਨ ਲਿਖਾਰੀਆਂ ਦੀਆਂ ਇਤਿਹਾਸਕ ਪੁਸਤਕਾਂ ਨੂੰ ਬੜੇ ਸੁਚੇਤ ਹੋ ਕੇ ਵਰਤਣਾ ਪਿਆ। ਪਰ ਆਪ ਦੀ ਪਾਰਖੂ ਅੱਖ ਨੇ ਕੱਚ ਵਿਚੋਂ ਸੱਚ ਨੂੰ ਨਿਤਾਰ ਕੇ ਵੱਖ ਕਰ ਦਿੱਤਾ ਤੇ ਮਹੱਤਵਪੂਰਨ ਸਿੱਟੇ ਕੱਢੇ।

ਆਪ ਬਹੁਤ ਜ਼ਹੀਨ ਦਿਮਾਗ਼ ਦੇ ਮਾਲਕ ਸਨ ਤੇ ਆਪ ਦੀ ਯਾਦ-ਸ਼ਕਤੀ ਕਮਾਲ ਸੀ। ਆਪ ਨੇ ਬਹੁਤ ਮਿਹਨਤ ਕਰ ਕੇ, ਲੰਬੇ ਸਫ਼ਰ ਝਾਗ ਕੇ ਤੇ ਕਈ ਭੇਸ ਬਦਲ ਕੇ ਜੋ ਅਹਿਮ ਇਤਿਹਾਸਕ ਮਸਾਲਾ ਇਕੱਠਾ ਕੀਤਾ ਸੀ, ਉਸ ਵਿਚੋਂ ਕੁਝ ਤਾਂ ਆਪ ਨੇ ਨੋਟ ਕੀਤਾ ਹੋਇਆ ਸੀ, ਪਰ ਬਹੁਤਾ ਆਪ ਦੀ ਯਾਦ-ਸ਼ਕਤੀ ਵਿਚ ਹੀ ਸਾਂਭਿਆ ਪਿਆ ਸੀ। ਸਾਰੇ ਸਿਖ-ਇਤਿਹਾਸ ਦੀ ਇਕ-ਇਕ ਘਟਨਾ ਤੇ ਉਨ੍ਹਾਂ ਬਾਰੇ ਮਿਲਦੇ ਇਤਿਹਾਸਕ ਹਵਾਲੇ ਆਪ ਦੀਆਂ ਉਂਗਲਾਂ 'ਤੇ ਸਨ। ਆਪ ਦਾ ਖ਼ਿਆਲ ਸੀ ਕਿ ਨਿੱਠ-ਬੈਠ ਕੇ ਉਹ ਕੁਝ ਮਹੀਨਿਆਂ ਵਿਚ ਹੀ ਸਾਰਾ ਸਿਖ-ਇਤਿਹਾਸ ਲਿਖ ਦੇਣਗੇ, ਪਰ ਲੰਬੀ ਖੋਜ ਦੌਰਾਨ ਸਿਹਤ ਦੀ ਪਰਵਾਹ ਨਾ ਕਰਨ ਕਰਕੇ ਆਪ ਤਪਦਿਕ ਦਾ ਸ਼ਿਕਾਰ ਹੋ ਗਏ ਜੋ ਆਪ ਲਈ ਜਾਨ-ਲੇਵਾ ਸਿੱਧ ਹੋਈ। ੧੦ ਸਤੰਬਰ ੧੯੩੦ ਨੂੰ ਆਪ ਦੇ ਇਸ ਸੰਸਾਰ ਤੋਂ ਰੁਖ਼ਸਤ ਹੋਣ ਨਾਲ ਆਪ ਦੀ ਯਾਦ-ਸ਼ਕਤੀ ਵਿਚ ਪਿਆ ਮਸਾਲਾ ਤਾਂ ਭਾਵੇਂ ਅਲੋਪ ਹੋ ਗਿਆ, ਪਰ ਆਪ ਦੀ ਕੀਤੀ ਮਿਹਨਤ ਬਾਅਦ ਵਾਲੇ ਸਿਖ ਇਤਿਹਾਸਕਾਰਾਂ ਲਈ ਚਾਨਣ-ਮੁਨਾਰਾ ਸਾਬਤ ਹੋਈ। ਸਿਖ-ਇਤਿਹਾਸ ਨੂੰ ਲਿਖਣ ਦੀ ਆਪ ਦੀ ਰੀਝ ਵਿੱਚੇ ਹੀ ਰਹਿਣ ਨਾਲ ਸਿਖ ਕੌਮ ਨੂੰ ਜੋ ਘਾਟਾ ਪਿਆ, ਉਹ ਅੱਜ ਤਕ ਵੀ ਪੂਰਾ ਨਹੀਂ ਹੋ ਸਕਿਆ।

ਆਪ ਭਾਵੇਂ ਮੁਕੰਮਲ ਸਿਖ-ਇਤਿਹਾਸ ਤਾਂ ਨਾ ਲਿਖ ਸਕੇ, ਪਰ *ਕੱਤਕ ਕਿ ਵਿਸਾਖ, ਬੰਦਾ ਬਹਾਦਰ, ਗੁਰਪੁਰਬ ਨਿਰਣੈ* ਆਦਿ ਆਪ ਦੀਆਂ ਮਹੱਤਵਪੂਰਨ ਰਚਨਾਵਾਂ ਹਾਲੀਂ ਵੀ ਇਤਿਹਾਸਕ ਪੱਖੋਂ ਅਹਿਮ ਰਚਨਾਵਾਂ ਹਨ। ਆਪ ਨੇ ਜੋ ਵੀ ਲਿਖਿਆ, ਸਮਕਾਲੀ ਤੇ ਮਹੱਤਵਪੂਰਨ ਹਵਾਲਿਆਂ ਦੇ ਆਸਰੇ ਪੂਰੀ ਲਗਨ ਤੇ ਤਨ-ਦੇਹੀ ਨਾਲ ਮਿਹਨਤ ਕਰਨ ਉਪਰੰਤ ਬੇਖ਼ੌਫ਼ ਹੋ ਕੇ ਲਿਖਿਆ ਤੇ ਅਹਿਮ ਸਿੱਟੇ ਕੱਢੇ। ਆਪ ਦੇ ਕੱਢੇ ਸਿੱਟਿਆਂ ਬਾਰੇ ਅੱਜ ਇਤਿਹਾਸਕਾਰਾਂ ਦੇ ਉਨ੍ਹਾਂ ਨਾਲ ਮੱਤ-ਭੇਦ ਹੋ ਸਕਦੇ ਹਨ, ਪਰ ਉਨ੍ਹਾਂ ਦੀ ਸੁਹਿਰਦਤਾ ਤੇ ਲਗਨ ਉਪਰ ਕਿਸੇ ਕਿੰਤੂ ਜਾਂ ਸ਼ੱਕ ਦੀ ਕੋਈ ਗੁੰਜ਼ਾਇਸ਼ ਨਹੀਂ।

ਪਰਲੋਕ-ਗਮਨ ਤੋਂ ਕੁਝ ਮਹੀਨੇ ਹੀ ਪਹਿਲਾਂ ਆਪ ਨੇ ਜਨਵਰੀ ੧੯੩੦ ਵਿਚ *ਫੁਲਵਾੜੀ* ਦੇ 'ਇਤਿਹਾਸ ਨੰਬਰ' ਦਾ ਸੰਪਾਦਨ ਕੀਤਾ। ਇਹ ਰਸਾਲਾ ਗਿਆਨੀ ਹੀਰਾ ਸਿੰਘ 'ਦਰਦ' ਦੀ ਸੰਪਾਦਨਾ ਹੇਠ ਬੜੇ ਸੁੰਦਰ ਰੂਪ ਵਿਚ ਛਪਿਆ ਕਰਦਾ ਸੀ ਤੇ ਬਹੁਤ ਸਲਾਹਿਆ ਜਾਂਦਾ ਸੀ। ਦਰਦ ਜੀ ਦੀ ਬੇਨਤੀ 'ਤੇ ਸ: ਕਰਮ ਸਿੰਘ ਨੇ

ਇਸ ਦੇ ਵਿਸ਼ੇਸ਼ 'ਇਤਿਹਾਸ ਨੰਬਰ' ਦਾ ਸੰਪਾਦਨ ਕੀਤਾ, ਜਿਸ ਨੇ ਇਤਿਹਾਸ-ਪ੍ਰੇਮੀਆਂ ਕੋਲੋਂ ਬੇ-ਹੱਦ ਪ੍ਰਸੰਸਾ ਹਾਸਲ ਕੀਤੀ। ਇਹ ਵਿਸ਼ੇਸ਼-ਅੰਕ ਅਸਾਂ ੧੯੬੩ ਵਿਚ ਪੁਸਤਕ-ਰੂਪ ਵਿਚ ਪ੍ਰਕਾਸ਼ਕ ਕੀਤਾ ਸੀ, ਪਰ ਚਿਰਾਂ ਤੋਂ ਇਹ ਪੁਸਤਕ ਖ਼ਤਮ ਹੋਣ ਕਰਕੇ ਇਤਿਹਾਸ-ਪ੍ਰੇਮੀਆਂ ਵੱਲੋਂ ਇਸ ਦੀ ਮੰਗ ਕੀਤੀ ਜਾ ਰਹੀ ਸੀ, ਕਿਉਂਕਿ ਇਸ ਵਿਚ ਸ਼ਾਮਲ ਅਹਿਮ ਲੇਖਾਂ ਦੀ ਸਾਰਥਕਤਾ ਅਜੇ ਵੀ ਕਾਇਮ ਹੈ। ਆਸ ਹੈ ਕਿ ਸਾਡੇ ਪ੍ਰਕਾਸ਼ਨ-ਅਦਾਰੇ ਦੀ ਗੋਲਡਨ ਜੁਬਲੀ ਪ੍ਰਕਾਸ਼ਨ-ਲੜੀ ਅਧੀਨ ਇਸ ਪੁਸਤਕ ਦੀ ਪੁਨਰ-ਪ੍ਰਕਾਸ਼ਨਾ ਸ: ਕਰਮ ਸਿੰਘ ਦੀ ਸੱਚੀ-ਸੁੱਚੀ ਇਤਿਹਾਸਕ ਖੋਜ ਪ੍ਰਤਿ ਇਕ ਸ਼ਰਧਾਂਜਲੀ ਵਜੋਂ ਸਵੀਕਾਰ ਕੀਤੀ ਜਾਵੇਗੀ ਅਤੇ ਅਜੋਕੇ ਸੰਘਰਸ਼ਸ਼ੀਲ ਸਮੇਂ ਦੌਰਾਨ ਨੌਜੁਆਨਾਂ ਨੂੰ ਆਪਣੇ ਇਤਿਹਾਸਕ ਵਿਰਸੇ ਪ੍ਰਤਿ ਚੇਤੰਨ ਕਰਵਾਣ ਵਿਚ ਸਹਾਈ ਹੋਵੇਗੀ।

*—ਪ੍ਰਕਾਸ਼ਕ*

# ਸੰਪਾਦਕੀ ਲੇਖ

## ਅਰੰਭਕ ਬਿਨੈ

ਕਿਸੇ ਬੋਲੀ, ਕਿਸੇ ਦੇਸ ਜਾਂ ਕਿਸੇ ਕੌਮ ਦੀ ਉਚਿਆਈ ਦੀ ਪਰਖ ਇਸ ਗੱਲੋਂ ਹੁੰਦੀ ਹੈ ਕਿ ਉਸ ਵਿਚ ਕੋਮਲ ਹੁਨਰਾਂ ਦੀ ਕਿਤਨੀ ਕਦਰ ਹੈ। ਚਿੱਤਰਕਾਰੀ, ਰਾਗ-ਵਿਦਿਆ, ਕਵਿਤਾ ਤੇ ਘਾੜਤ-ਵਿਦਿਆ ਚਾਰ ਮੁਖ ਕੋਮਲ ਹੁਨਰ ਹਨ, ਇਹੋ ਕੋਮਲ ਹੁਨਰ ਦਿਮਾਗ਼ ਨੂੰ ਡੂੰਘੀ ਸੋਚ ਵਾਲਾ ਅਤੇ ਦਿਲ ਨੂੰ ਕੁਦਰਤ ਦਾ ਰਸੀਆ ਬਣਾਂਦੇ ਹਨ। ਜਿਸ ਬੋਲੀ ਵਿਚ ਕੋਮਲ ਹੁਨਰ ਨਹੀਂ, ਉਹ ਬੋਲੀ ਓਸ ਉਜੜੇ ਬਾਗ਼ ਵਾਂਗ ਹੈ ਜਿਸ ਵਿਚ ਕੋਈ ਫੁਲ ਨਾ ਹੋਵੇ। ਅਤੇ ਜਿਸ ਕੌਮ ਜਾਂ ਦੇਸ ਵਿਚ ਕੋਮਲ ਹੁਨਰਾਂ ਦੀ ਕਦਰ ਨਹੀਂ, ਉਹ ਕੌਮ ਕਦੀ ਉੱਨਤੀ ਨਹੀਂ ਕਰ ਸਕਦੀ।

੧੯੨੪ ਵਿਚ ਮੈਨੂੰ ਇਹ ਵਿਚਾਰ ਫੁਰੀ ਕਿ ਪੰਜਾਬੀ ਬੋਲੀ ਕੋਮਲ ਹੁਨਰਾਂ ਤੋਂ ਸੁੰਞੀ ਹੋ ਰਹੀ ਹੈ, ਜਿਸ ਕਰਕੇ ਪੰਜਾਬ-ਵਾਸੀਆਂ ਨੂੰ ਤੇ ਖ਼ਾਸ ਕਰਕੇ ਸਿੱਖਾਂ ਨੂੰ ਸਖ਼ਤ ਘਾਟੇ ਦਾ ਖ਼ਤਰਾ ਹੈ। ਕਵਿਤਾ ਦਾ ਭਾਵੇਂ ਸ਼ੌਕ ਵਧ ਰਿਹਾ ਸੀ, ਪਰ ਚਿੱਤਰਕਾਰੀ ਵਲ ਉੱਕਾ ਹੀ ਧਿਆਨ ਨਹੀਂ ਸੀ। ਕੋਈ ਪੰਜਾਬੀ ਦਾ ਮਾਸਕ ਪੱਤਰ ਜਾਂ ਅਖ਼ਬਾਰ ਸਚਿੱਤਰ ਨਹੀਂ ਸੀ। ਪੰਜਾਬੀ ਦੇ ਤੰਗ ਦਾਇਰੇ ਅਤੇ ਬੇ-ਕਦਰੀ ਨੂੰ ਵੇਖ ਕੇ ਹੌਸਲਾ ਨਹੀਂ ਸੀ ਪੈਂਦਾ, ਪਰ ਅਕਾਲ ਪੁਰਖ ਦੀ ਓਟ ਲੈ ਕੇ ਅਤੇ ਸੱਚੇ ਸਾਹਿਤ-ਪ੍ਰੇਮੀਆਂ ਦੀ ਕਦਰ-ਦਾਨੀ ਦੀ ਆਸ ਰੱਖ ਕੇ, ਨਵੰਬਰ ੧੯੨੪ ਤੋਂ ਸਚਿੱਤਰ 'ਫੁਲਵਾੜੀ' ਅਰੰਭ ਕਰ ਦਿੱਤੀ। ਪੰਜਾਬੀ ਵਿਚ ਸਭ ਤੋਂ ਪਹਿਲਾ ਮਾਸਕ-ਪੱਤਰ 'ਫੁਲਵਾੜੀ' ਹੀ ਹੈ, ਜਿਸ ਨੇ ਪੰਜਾਬੀ ਵਿਚ ਰੰਗੀਨ ਚਿੱਤਰ ਦੇਣ ਦਾ ਰਿਵਾਜ ਪਾਇਆ ਹੈ।

ਪੰਜਾਬੀ ਮਾਸਕ-ਪੱਤਰਾਂ ਲਈ ਨਾ ਕਾਫ਼ੀ ਇਸ਼ਤਿਹਾਰ ਮਿਲਦੇ ਹਨ, ਨਾ ਦਸ-ਵੀਹ ਹਜ਼ਾਰ ਖ਼ਰੀਦਾਰ ਬਣਦੇ ਹਨ, ਨਾ ਸਾਹਿੱਤ ਦੇ ਇਤਨੇ ਕਦਰ-ਦਾਨ ਹਨ। ਅਜਿਹੀ ਹਾਲਤ ਵਿਚ ਦੂਜੀਆਂ ਬੋਲੀਆਂ ਦਾ ਟਾਕਰਾ ਕਰਨਾ ਕਿੰਨਾ ਮੁਸ਼ਕਲ ਹੈ। ਪਰ ਪੰਜਾਬੀ ਨੂੰ ਦੂਜੀਆਂ ਬੋਲੀਆਂ ਦੇ ਬਰਾਬਰ ਖੜਾ ਕਰਨ ਦੀ ਜੋ ਤੜਪ ਪੈਦਾ ਹੋ ਗਈ ਹੈ, ਉਹ ਅਰਾਮ ਨਹੀਂ ਕਰਨ ਦੇਂਦੀ। ਪਿਛਲੇ ਚਾਰ-ਪੰਜ ਸਾਲਾਂ ਵਿਚ ਸਖ਼ਤ ਘਾਟਿਆਂ ਤਕਲੀਫ਼ਾਂ ਦਾ ਟਾਕਰਾ ਕਰਦਿਆਂ ਹੋਇਆਂ, ਕੇਵਲ ਥੋੜ੍ਹੇ ਜਿਹੇ ਖ਼ਾਸ ਪਿਆਰੇ ਮਿੱਤਰਾਂ ਦੀ ਮਦਦ ਨਾਲ ਹੀ 'ਫੁਲਵਾੜੀ' ਨੂੰ ਇਸ ਦਰਜੇ 'ਤੇ ਪਹੁੰਚਾਇਆ ਗਿਆ ਹੈ।

ਹੁਣ ਇਸ 'ਸਿਖ ਇਤਿਹਾਸ' ਨੰਬਰ ਦੁਆਰਾ ਇਹ ਯਤਨ ਕੀਤਾ ਗਿਆ ਹੈ ਕਿ ਪੰਜਾਬੀ ਵਿਚ ਵੀ ਇਕ ਮਾਸਕ-ਪੱਤਰ ਹੋਰ ਬੋਲੀਆਂ ਦੇ ਸ਼ਾਨਦਾਰ ਸਾਲਾਨਾ ਨੰਬਰਾਂ ਦੀ ਗਿਣਤੀ ਵਿਚ ਸ਼ਾਮਲ ਹੋ ਸਕੇ। ਇਸ ਸੰਬੰਧੀ ਅਸਾਂ ਜੋ ਯਤਨ ਕੀਤੇ

ਹਨ ਅਤੇ ਜਿਤਨੀ ਕੁ ਸਾਨੂੰ ਸਫਲਤਾ ਪ੍ਰਾਪਤ ਹੋਈ ਹੈ, ਉਸ ਦਾ ਅੰਦਾਜ਼ਾ ਪਾਠਕ-ਜਨ ਇਸ ਨੰਬਰ ਨੂੰ ਪੜ੍ਹ ਕੇ ਆਪ ਹੀ ਲਾ ਲੈਣਗੇ।

## ਇਤਿਹਾਸਕ ਬਗ਼ੀਚੇ ਦੀਆਂ ਚਾਰ ਕਿਆਰੀਆਂ

'ਫੁਲਵਾੜੀ' ਦੇ ਇਸ ਇਤਿਹਾਸਕ ਬਗ਼ੀਚੇ ਦੀਆਂ ਅਸਾਂ ਪੰਜ ਕਿਆਰੀਆਂ ਲਾਣੀਆਂ ਤਜਵੀਜ਼ ਕੀਤੀਆਂ ਸਨ, ਪਰ ਮਸਾਂ ਚਾਰ ਕਿਆਰੀਆਂ ਬਣਾ ਸਕੇ ਹਾਂ।

ਅਸਲ ਗੱਲ ਇਹ ਹੈ ਕਿ ਜਦ ਅਸਾਂ ਇਤਿਹਾਸ ਨੰਬਰ ਕੱਢਣ ਦਾ ਐਲਾਨ ਕੀਤਾ ਤਾਂ ਸਾਨੂੰ ਉੱਕੀ ਆਸ ਨਹੀਂ ਸੀ ਕਿ ਇਤਨੇ ਨਵੇਂ ਸੱਜਰੇ ਤੇ ਅਮੋਲਕ ਇਤਿਹਾਸਕ ਹਾਲ ਸਾਨੂੰ ਮਿਲ ਜਾਣਗੇ। ਬਾਹਰ ਤੋਂ ਹੋਰ ਲੇਖਕਾਂ ਤੇ ਖੋਜੀਆਂ ਨੇ ਵੀ ਬੜੇ ਲੇਖ ਭੇਜੇ ਹਨ, ਪਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਆਪ ਹੀ ਇਤਨਾ ਨਵਾਂ ਤੇ ਸੱਜਰਾ ਮਸਾਲਾ ਇਕੱਠਾ ਕਰ ਲਿਆਂਦਾ ਕਿ ਤਜਵੀਜ਼ ਕੀਤੀ ਹੋਈ ਇਕ-ਇਕ ਕਿਆਰੀ ਦਾ ਇਕ-ਇਕ ਵੱਡਾ ਬਾਗ਼ ਬਣ ਸਕਦਾ ਸੀ। ਸ: ਕਰਮ ਸਿੰਘ ਜੀ ਦੀ ਸਲਾਹ ਨਾਲ ਇਸ ਨੰਬਰ ਵਿਚ ਸਿਖ ਦਰਬਾਰ ਦਾ ਹਾਲ ਸਭ ਤੋਂ ਵਧ ਦਿੱਤਾ ਗਿਆ ਹੈ ਅਤੇ ਬਾਕੀ ਚਾਰ ਕਿਆਰੀਆਂ ਵਿਚੋਂ ਇਕ ਬਿਲਕੁਲ ਛੱਡਣੀ ਪਈ ਹੈ। ਜੋ ਕਿਆਰੀ ਛੱਡਣੀ ਪਈ ਹੈ, ਉਸ ਵਿਚ ਬੰਦਾ ਬਹਾਦਰ, ਸਿਖ ਸ਼ਹੀਦਾਂ ਤੇ ਸਿਖ ਮਿਸਲਾਂ ਦਾ ਹਾਲ ਦੇਣਾ ਸੀ। ਇਹੋ ਸਮਾਂ ਸਿਖ ਇਤਿਹਾਸ ਦਾ ਸਭ ਤੋਂ ਵਧ ਮਹਾਨਤਾ ਰੱਖਦਾ ਹੈ। ਇਸ ਸਮੇਂ ਵਿਚ ਇਕ ਪਾਸੇ ਸਿਖ ਪੰਥ ਨੂੰ ਮਿਟਾ ਦੇਣ ਦੇ ਸਿਰੋਂ ਪਰੇ ਯਤਨ ਹੋਏ ਅਤੇ ਦੂਜੇ ਪਾਸੇ ਸਿੱਖਾਂ ਨੇ ਹੱਸ ਹੱਸ ਕੇ ਧਰਮ ਤੇ ਅਜ਼ਾਦੀ ਲਈ ਸ਼ਹੀਦੀਆਂ ਪਾਈਆਂ ਤੇ ਪੰਜਾਬ ਨੂੰ ਅਜ਼ਾਦ ਕੀਤਾ ਤੇ ਧਰਮ ਕਾਇਮ ਰੱਖਿਆ।

ਇਹ ਸਮਾਂ ਲਗਪਗ ਸੌ ਸਾਲ ਦਾ ਹੈ, ਅਰਥਾਤ ੧੭੦੮ ਤੋਂ ੧੮੦੦ ਈ: ਤਕ। ਇਸ ਸਮੇਂ ਦੇ ਸਿਖ ਇਤਿਹਾਸ ਦੀਆਂ ਬਹੁਤੀਆਂ ਗੁੰਝਲਾਂ ਹਨ। ਸਰਦਾਰ ਕਰਮ ਸਿੰਘ ਜੀ ਨੇ ਇਸ ਸੌ ਸਾਲ ਦੇ ਸਮੇਂ ਦਾ ਇਤਿਹਾਸ ਖ਼ਾਸ ਤੌਰ 'ਤੇ ਖੋਜਿਆ ਤੇ ਗੁੰਝਲਾਂ ਹਲ ਕੀਤੀਆਂ ਹਨ। ਉਨ੍ਹਾਂ ਨੇ ਇਸ ਸ਼ਾਨਦਾਰ ਸਮੇਂ ਦਾ ਜੋ ਬਹੁ-ਮੁੱਲਾ ਮਸਾਲਾ ਇਕੱਠਾ ਕੀਤਾ ਹੈ, ਉਹ ਉਨ੍ਹਾਂ ਨੇ ਇਸ ਨੰਬਰ ਵਿਚ ਨਮੂਨੇ-ਮਾਤਰ ਵੀ ਦੇਣਾ ਪਸੰਦ ਨਹੀਂ ਕੀਤਾ। ਉਨ੍ਹਾਂ ਦੀ ਖ਼ਾਹਸ਼ ਹੈ ਕਿ ਇਸ ਸਮੇਂ ਦਾ ਤਾਂ ਖ਼ਾਸ ਨੰਬਰ ਪ੍ਰਕਾਸ਼ਤ ਹੋਣਾ ਚਾਹੀਦਾ ਹੈ। ਇਸ ਲਈ ਇਸ ਨੰਬਰ ਵਿਚੋਂ ਇਹ ਕਿਆਰੀ ਛੱਡ ਹੀ ਦਿੱਤੀ ਗਈ ਹੈ।

ਪੁਰਾਤਨ ਵਾਰਾਂ ਤੇ 'ਲੁਧਿਆਨਾ' ਅਖ਼ਬਾਰ ਵਿਚੋਂ ਵੀ ਕੁਝ ਨਹੀਂ ਦਿੱਤਾ ਜਾ ਸਕਿਆ। ਆਸ਼ਾ ਹੈ ਕਿ ਪਾਠਕ ਇਸ ਨੰਬਰ ਵਿਚ ਚਾਰ ਕਿਆਰੀਆਂ ਦੇ ਵੰਡ ਅਨੁਸਾਰ ਲੇਖਾਂ ਨੂੰ ਪੜ੍ਹ ਕੇ ਅਨੰਦ ਪ੍ਰਾਪਤ ਕਰਨਗੇ।

## ਧੰਨਵਾਦ

ਜਿਨ੍ਹਾਂ 'ਫੁਲਵਾੜੀ' ਦੇ ਪ੍ਰੇਮੀਆਂ ਤੇ ਸੱਚੇ ਦਰਦੀਆਂ ਨੇ 'ਸਿਖ ਇਤਿਹਾਸ' ਨੰਬਰ ਨੂੰ ਇਸ ਕਾਮਯਾਬੀ ਨਾਲ ਪ੍ਰਕਾਸ਼ਤ ਕਰਨ ਤੇ ਸਜਾਉਣ ਵਿਚ ਮਦਦ ਕੀਤੀ ਹੈ, ਮੈਂ ਉਨ੍ਹਾਂ ਦਾ ਕਿਸ ਮੂੰਹੋਂ ਧੰਨਵਾਦ ਕਰਾਂ ? ਉਨ੍ਹਾਂ ਨੇ ਤਾਂ ਇਸ ਨੂੰ ਖ਼ਾਸ ਆਪਣਾ

ਕੰਮ ਸਮਝ ਕੇ ਹਰ ਤਰ੍ਹਾਂ ਮਦਦ ਕੀਤੀ ਹੈ। ਸਰਦਾਰ ਕਰਮ ਸਿੰਘ ਜੀ ਦੀ ਖੇਚਲ ਤੇ ਮਿਹਨਤ ਦਾ ਮੁੱਲ ਪੈ ਹੀ ਨਹੀਂ ਸਕਦਾ। ਕਰੜੀਆਂ ਸਰਦੀਆਂ ਵਿਚ ਘਰੋਂ ਨਿਕਲ ਕੇ ੨੦ ਦਿਨ ਦਫ਼ਤਰ 'ਫੁਲਵਾੜੀ' ਵਿਚ ਰਹਿਣਾ ਤੇ ਸਾਰਾ ਕੰਮ ਆਪ ਕਰਨਾ, ਮਮੂਲੀ ਕੁਰਬਾਨੀ ਨਹੀਂ। ਪਰ ਇਹ ਕੁਝ ਉਨ੍ਹਾਂ ਨੇ ਖ਼ਾਲਸ ਇਤਿਹਾਸ ਦੇ ਪ੍ਰੇਮ ਕਰਕੇ ਨਿਸ਼ਕਾਮ ਸੇਵਾ ਦੇ ਤੌਰ 'ਤੇ ਕੀਤਾ ਹੈ। ਸ੍ਰੀ ਮਾਨ ਭਾਈ ਵੀਰ ਸਿੰਘ ਜੀ ਨੇ, ਸ੍ਰੀ ਮਾਨ ਭਾਈ ਕਾਹਨ ਸਿੰਘ ਜੀ ਨਾਭਾ ਨੇ ਅਪਾਰ ਕਿਰਪਾ ਕਰ ਕੇ ਬਹੁਮੁੱਲੇ ਲੇਖ ਦਿਤੇ। ਸ੍ਰੀ ਮਾਨ ਬਾਬਾ ਪ੍ਰੇਮ ਸਿੰਘ ਜੀ ਨੇ ਲੇਖ ਭੇਜੇ, ਬਲਾਕ ਦਿੱਤੇ ਅਤੇ ਹੋਰ ਸਹਾਇਤਾ ਭੀ ਕੀਤੀ। ਲਾਲਾ ਕਿਰਪਾ ਸਾਗਰ ਨੇ ਵੀ ਕਿਰਪਾ ਦੀ ਵਰਖਾ ਕਰ ਕੇ ਲੇਖ ਤੇ ਬਲਾਕ ਬਖ਼ਸ਼ੇ। ਇਨ੍ਹਾਂ ਤੋਂ ਬਿਨਾਂ ਸਰਦਾਰ ਗੰਡਾ ਸਿੰਘ ਜੀ 'ਕੇਵਲ', ਅਕਾਲੀ ਕੌਰ ਸਿੰਘ ਜੀ, ਸ: ਗੁਰਪਾਲ ਸਿੰਘ ਜੀ ਨੇ ਖ਼ਾਸ ਦਿਲਚਸਪੀ ਨਾਲ ਲੇਖ ਲਿਖੇ ਤੇ ਮਦਦ ਕੀਤੀ। ਇਨ੍ਹਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਲਿਖਾਰੀਆਂ, ਕਵੀਸ਼ਰਾਂ ਤੇ ਦਰਦੀ ਸੱਜਣਾਂ ਨੇ ਇਸ ਨੰਬਰ ਨੂੰ ਸੁਆਦਲਾ ਤੇ ਕਾਮਯਾਬ ਬਣਾਣ ਵਿਚ ਮਦਦ ਕੀਤੀ ਹੈ।

## ਮਹਾਰਾਜਾ ਰਣਜੀਤ ਸਿੰਘ ਜੀ ਦੀ ਯਾਦਗਾਰ

ਇਹ ਬਿਲਕੁਲ ਸੱਚ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਜਿਸ ਸੂਰਬੀਰਤਾ, ਸਿਆਣਪ ਤੇ ਚਤੁਰਾਈ ਨਾਲ ਪੰਜਾਬ ਨੂੰ ਸਖ਼ਤ ਗੜਬੜੀ ਦੀ ਹਾਲਤ ਵਿਚੋਂ ਕੱਢ ਕੇ ਅਮਨ-ਅਮਾਨ ਕਾਇਮ ਕੀਤਾ ਤੇ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕੀਤੀ, ਪੰਜਾਬ ਨੇ ਓਸ ਤਰ੍ਹਾਂ ਉਨ੍ਹਾਂ ਦੀ ਕਦਰ ਨਹੀਂ ਕੀਤੀ।

ਮਹਾਰਾਜਾ ਰਣਜੀਤ ਸਿੰਘ ਨੇ ਨਾ ਕੇਵਲ ਹਿੰਦੁਸਤਾਨ ਨੂੰ ਸਰਹੱਦੀ ਖ਼ਤਰੇ ਤੋਂ ਸੁਰੱਖਿਅਤ ਕਰ ਦਿੱਤਾ ਬਲਕਿ ਸਰਹੱਦੀ ਹਮਲਾ-ਆਵਰਾਂ ਨੂੰ ਖ਼ਤਰਾ ਪਾ ਦਿੱਤਾ।

ਮਹਾਰਾਜਾ ਸਿਖ ਸੀ, ਪਰ ਉਸ ਦਾ ਰਾਜ ਸਾਂਝਾ ਪੰਜਾਬੀ ਰਾਜ ਸੀ। ਜ਼ਿੰਮੇਵਾਰੀ ਦੇ ਅਹੁਦੇ, ਬਿਨਾਂ ਪੱਖ-ਪਾਤ ਦੇ ਯੋਗਤਾ ਅਨੁਸਾਰ ਦਿੱਤੇ ਜਾਂਦੇ ਸਨ। ਪੰਜਾਬ ਮਹਾਰਾਜਾ ਰਣਜੀਤ ਸਿੰਘ ਉਤੇ ਜਿਤਨਾ ਫ਼ਖ਼ਰ ਕਰੇ, ਥੋੜ੍ਹਾ ਹੈ। ਕੀ ਇਹ ਅਫ਼ਸੋਸ ਦੀ ਗੱਲ ਨਹੀਂ ਕਿ ਪੰਜਾਬ ਨੇ ਅਜੇ ਤਕ ਮਹਾਰਾਜਾ ਰਣਜੀਤ ਸਿੰਘ ਦੀ ਕੋਈ ਯਾਦਗਾਰ ਨਹੀਂ ਬਣਾਈ! ਮਹਾਂਰਾਸ਼ਟਰ ਨੇ ਸ਼ਿਵਾ ਜੀ ਦੀਆਂ ਯਾਦਗਾਰਾਂ ਬਣਾਈਆਂ, ਜਨਮ-ਦਿਨ ਮਨਾਇਆ ਅਤੇ ਮਹਾਂਰਾਸ਼ਟਰ ਵਿਚ ਨਵਾਂ ਜੋਸ਼ ਤੇ ਨਵਾਂ ਉਮਾਹ ਭਰਿਆ।

ਜੋ ਮੁਲਕ ਆਪਣੇ ਸੂਰਬੀਰਾਂ, ਜੋਧਿਆਂ ਤੇ ਮਹਾਂ ਪੁਰਸ਼ਾਂ ਦੀ ਕਦਰ ਕਰਦਾ ਹੈ, ਉਹੀ ਉੱਨਤੀ ਦੇ ਮੈਦਾਨ ਵਿਚ ਵਧਦਾ ਹੈ।

ਬਾਬਾ ਪ੍ਰੇਮ ਸਿੰਘ ਜੀ ਦੇ ਇਸ ਸ਼ੁਭ ਖ਼ਿਆਲ ਦੀ ਅਸੀਂ ਤਾਈਦ ਕਰਦੇ ਹਾਂ ਕਿ ਨਾ ਕੇਵਲ ਸਿਖ ਬਲਕਿ ਸਾਰੇ ਪੰਜਾਬ-ਵਾਸੀ ਰਲ ਕੇ ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਕਾਇਮ ਕਰਨ। ਰਾਜਸੀ ਏਕਤਾ ਪੈਦਾ ਕਰਨ ਲਈ ਅਤੇ ਜੋਸ਼ ਤੇ ਸੂਰਬੀਰਤਾ ਭਰਨ ਲਈ ਇਹ ਇਕ ਬਹੁਤ ਸੋਹਣਾ ਵਸੀਲਾ ਹੋਵੇਗਾ।

*—ਹੀਰਾ ਸਿੰਘ 'ਦਰਦ'*

# ਇਤਿਹਾਸ ਦੀ ਖੋਜ ਤੇ ਪੜਚੋਲ

ਦੁਨੀਆ ਦਾ ਕੋਈ ਇਤਿਹਾਸ ਅਜਿਹਾ ਨਹੀਂ, ਜੋ ਖੋਜ ਜਾਂ ਪੜਚੋਲ ਨਾਲ ਵਧੇਰੇ ਚੰਗਾ ਨਾ ਬਣਾਇਆ ਜਾ ਸਕੇ। ਖੋਜ ਪੜਚੋਲ ਜਿਊਂਦੀਆਂ ਕੌਮਾਂ ਦੇ ਇਤਿਹਾਸ ਦੀ ਜਿੰਦ-ਜਾਨ ਹਨ।

ਜਿਉਂ ਜਿਉਂ ਖੋਜ ਕੀਤੀ ਜਾਵੇ, ਤਿਉਂ ਤਿਉਂ ਨਵੀਆਂ ਗੱਲਾਂ ਲੱਭਦੀਆਂ ਹਨ, ਅਤੇ ਇਹ ਨਵੀਆਂ ਗੱਲਾਂ ਪਹਿਲੇ ਲਿਖੇ ਇਤਿਹਾਸ ਨੂੰ ਵਧੇਰੇ ਚੰਗਾ ਤੇ ਗੁਣਕਾਰੀ ਬਣਾਇਆ ਕਰਦੀਆਂ ਹਨ। ਜੋ ਕੌਮ ਆਪਣੇ ਇਤਿਹਾਸ ਦੀ ਖੋਜ ਛੱਡ ਦੇਵੇ, ਤੇ ਇਹ ਸਮਝ ਲਵੇ ਕਿ ਸਾਡਾ ਇਤਿਹਾਸ ਮੁਕੰਮਲ ਤੇ ਸੰਪੂਰਨ ਹੋ ਗਿਆ ਹੈ, ਸਾਨੂੰ ਹੁਣ ਖੋਜ ਦੀ ਲੋੜ ਨਹੀਂ, ਉਹ ਕੌਮ ਤੇ ਉਸ ਕੌਮ ਦਾ ਇਤਿਹਾਸ ਮੁਰਦਾ ਹੋ ਜਾਂਦਾ ਹੈ।

ਖੋਜ ਦਾ ਭਾਵ ਨਵਾਂ ਮਸਾਲਾ ਇਕੱਠਾ ਕਰਨਾ ਹੀ ਨਹੀਂ, ਸਗੋਂ ਪੁਰਾਣੇ ਮਸਾਲੇ ਨੂੰ ਵਾਚ ਕੇ ਨਵੇਂ ਸਿੱਟੇ ਕੱਢਣਾ ਵੀ ਖੋਜ ਹੀ ਹੈ। ਸਭ ਤੋਂ ਪਹਿਲਾ ਤੇ ਜ਼ਰੂਰੀ ਕੰਮ ਨਵਾਂ ਮਸਾਲਾ ਇਕੱਠਾ ਕਰਨਾ ਹੈ ਤੇ ਫਿਰ ਨਵੇਂ ਤੇ ਪੁਰਾਣੇ ਮਸਾਲੇ ਨੂੰ ਵਾਚਣ ਤੇ ਘੋਖਣ ਦੀ ਲੋੜ ਹੈ, ਅਤੇ ਅੰਤ ਵਿਚ ਦੁੱਧ ਨਾਲੋਂ ਪਾਣੀ ਨੂੰ ਨਿਖੇੜਨ ਦੀ ਲੋੜ ਹੈ, ਇਹ ਪੜਚੋਲ ਹੈ।

ਖੋਜ ਤੇ ਪੜਚੋਲ ਦਾ ਕੰਮ ਸਾਧਾਰਨ ਆਦਮੀਆਂ ਦਾ ਕੰਮ ਨਹੀਂ, ਇਹ ਕੰਮ ਇਤਿਹਾਸ ਨਾਲ ਪਿਆਰ ਕਰਨ ਵਾਲੇ ਵਿਦਵਾਨਾਂ ਦਾ ਹੀ ਹੈ। ਜੋ ਕੋਈ ਜਿਸ ਕੰਮ ਵਿਚ ਪਿਆ ਹੋਇਆ ਹੋਵੇ, ਉਸ ਨੂੰ ਉਸ ਕੰਮ ਦੀ ਵਧੇਰੇ ਸੂਝ ਹੁੰਦੀ ਹੈ, ਇਸ ਲਈ ਖੋਜ ਦਾ ਕੰਮ ਜੋ ਸੋਹਣਾ ਤੇ ਸੁਖਾਲਾ ਕਰ ਸਕਦਾ ਹੈ, ਓਸੇ ਨੂੰ ਖੋਜੀ ਕਹਿਣਾ ਚਾਹੀਦਾ ਹੈ।

ਜੋ ਗੱਲ ਸਾਧਾਰਨ ਆਦਮੀ ਲਈ ਕੁਝ ਅਰਥ ਨਹੀਂ ਰੱਖਦੀ, ਖੋਜੀ ਲਈ ਉਹ ਬੜੀ ਬਹੁ-ਮੁੱਲੀ ਗੱਲ ਹੋ ਸਕਦੀ ਹੈ। *ਹਦੀਕਾ-ਤੁਲ ਅਕਾਲੀਮ* ਇਕ ਚੰਗੀ ਭਾਰੀ ਕਿਤਾਬ ਹੈ, ਜਿਸ ਵਿਚ ਸਾਰੇ ਸੰਸਾਰ ਦਾ ਹਾਲ ਦਿੱਤਾ ਹੋਇਆ ਹੈ। ਇਸ ਵਿਚ ਕੇਵਲ ਇਕ ਸਤਰ ਆਉਂਦੀ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਜਦ ਸਰ ਬੁਲੰਦ ਖ਼ਾਂ ਦਿੱਲੀ ਤੋਂ ਕਾਬਲ ਨੂੰ ਜਾਂਦਾ ਹੋਇਆ ਲਾਹੌਰ ਪੁੱਜਾ, ਤਾਂ ਲਾਹੌਰ ਦੇ ਸੂਬੇ ਅਬਦੁਲ ਸਮੱਦ ਖ਼ਾਂ ਨੇ ਸਿੱਖਾਂ ਨੂੰ ਕੁਚਲਣ ਲਈ ਸਰ ਬੁਲੰਦ ਖ਼ਾਂ ਤੋਂ ਸਹਾਇਤਾ ਲਈ। ਜਿਸ ਆਦਮੀ ਨੂੰ ਸਰ ਬੁਲੰਦ ਖ਼ਾਂ, ਅਬਦੁਲ ਸਮੱਦ ਖ਼ਾਂ ਤੇ *ਹਦੀਕਾ-ਤੁਲ-ਅਕਾਲੀਮ* ਦੇ

ਕਰਤਾ ਦੇ ਸੰਬੰਧਾਂ ਦਾ ਪੂਰਾ ਪਤਾ ਨਾ ਹੋਵੇ, ਉਹ ਉਪਰ ਦੱਸੀ ਇਕ ਸਤਰ ਤੋਂ ਕੁਝ ਨਹੀਂ ਸਮਝ ਸਕਦਾ, ਪਰ ਜੋ ਖੋਜੀ ਹੋਵੇ, ਤੇ ਜਿਸ ਨੇ ਸਿਖ ਇਤਿਹਾਸ ਤੇ ਉਸ ਸਮੇਂ ਦੇ ਸਮਕਾਲੀ ਇਤਿਹਾਸ ਨੂੰ ਚੰਗੀ ਤਰ੍ਹਾਂ ਵਾਚਿਆ ਹੋਵੇ, ਉਸ ਲਈ ਇਹ ਇਕ ਸਤਰ ਪੂਰੇ ਇਕ ਧਿਆਇ ਦਾ ਅਰਥ ਰੱਖਦੀ ਹੈ।

ਪੜਚੋਲ ਦਾ ਕੰਮ ਖੋਜ ਨਾਲੋਂ ਵੀ ਔਖਾ ਹੈ। ਪੜਚੋਲੀਏ ਲਈ ਜ਼ਰੂਰੀ ਹੈ ਕਿ ਉਹ ਖੋਜੀ ਹੋਵੇ, ਦਿਲ ਦਾ ਖੁਲ੍ਹਾ ਹੋਵੇ, ਤੰਗ-ਦਿਲ ਨਾ ਹੋਵੇ ਅਤੇ ਹਰ ਪਰਕਾਰ ਦੇ ਪੱਖ-ਪਾਤ ਤੋਂ ਰਹਿਤ ਹੋਵੇ। ਹਰ ਪਰਕਾਰ ਦਾ ਪੱਖ-ਪਾਤ ਪੜਚੋਲ ਦੇ ਰਾਹ ਵਿਚ ਰੁਕਾਵਟ ਹੈ; ਉਹ ਪੱਖ-ਪਾਤ ਭਾਵੇਂ ਧਾਰਮਕ ਹੋਵੇ, ਭਾਵੇਂ ਪੰਥਕ ਹੋਵੇ ਤੇ ਭਾਵੇਂ ਭਾਈਚਾਰਕ ਹੋਵੇ। ਪੜਚੋਲ ਠੰਢੇ ਦਿਮਾਗ਼ਾਂ ਦਾ ਕੰਮ ਹੈ, ਆਪ ਤੋਂ ਉਲਟੀ ਸੰਮਤੀ ਨੂੰ ਸੁਣ ਕੇ ਜਰ ਨਾ ਸਕਣਾ, ਅਤੇ ਆਪਣੀ ਗੱਲ ਨੂੰ ਸਿੱਧ ਕਰਨ ਲਈ ਸਾਧਾਰਨ ਪੁਰਸ਼ਾਂ ਦੇ ਧਾਰਮਕ, ਪੰਥਕ ਜਾਂ ਭਾਈਚਾਰਕ ਖ਼ਿਆਲਾਂ ਦੀ ਓਟ ਲੈਣਾ, ਇਹ ਪੜਚੋਲ ਨਹੀਂ, ਇਹ ਪਾਲਿਸੀ ਹੈ। ਇਤਿਹਾਸ ਲਿਖਣ ਵਿਚ ਤਾਂ ਪਾਲਿਸੀ ਵਰਤੀ ਜਾ ਸਕਦੀ ਹੈ, ਪਰ ਇਤਿਹਾਸ ਨੂੰ ਮੁਕੰਮਲ ਕਰਨ ਵਿਚ ਕੇਵਲ ਪੜਚੋਲ ਦੀ ਲੋੜ ਹੈ।

ਜਦ ਤੀਕ ਸਾਡੇ ਵਿਚ ਬਹੁਤੇ ਇਤਿਹਾਸ-ਖੋਜੀ ਤੇ ਪੜਚੋਲੀਏ ਪੈਦਾ ਨਹੀਂ ਹੋ ਜਾਂਦੇ, ਤਦ ਤੀਕ ਸਾਡਾ ਇਤਿਹਾਸ ਮੁਕੰਮਲ ਨਹੀਂ ਹੋ ਸਕਦਾ।

*—ਕਰਮ ਸਿੰਘ*

# ਪਹਿਲੀ ਕਿਆਰੀ

## ਸਿੱਖ ਇਤਿਹਾਸ ਦੀ ਲੋੜ
## ਤੇ
## ਗੁਰੂ ਸਾਹਿਬਾਂ ਦਾ ਸਮਾਂ

ਸੰਮਤ ੧੫੨੬ ਬਿਕ੍ਰਮੀ ਤੋਂ ੧੭੬੫ ਬਿਕ੍ਰਮੀ ਤਕ
(੧੪੬੯ ਈ: ਤੋਂ ੧੭੦੮ ਈ:)

# ਸਾਡਾ ਇਤਿਹਾਸ

## [ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ]

[ਮੇਰੇ ਸਨਮਾਨ-ਯੋਗ ਭਾਈ ਸਾਹਿਬ ਜੀ ਨੇ ਆਪਣੇ ਇਸ ਲੇਖ ਵਿਚ ਦੱਸ ਦਿੱਤਾ ਹੈ ਕਿ ਆਪਣੇ ਇਤਿਹਾਸ ਨੂੰ ਮੁਕੰਮਲ ਕਰਨ ਲਈ ਸਾਨੂੰ ਕਿਸ ਰਾਹੇ ਤੁਰਨਾ ਚਾਹੀਦਾ ਹੈ। ਮੈਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਇਹ ਲੇਖ ਕਿਤਨੀ ਮਿਹਨਤ, ਖੋਜ ਤੇ ਪੜਚੋਲ ਦਾ ਸਿੱਟਾ ਹੈ, ਇਸ ਦਾ ਅਨੁਮਾਨ ਪਾਠਕ ਆਪ ਹੀ ਲਾ ਲੈਣਗੇ। ਮੈਂ ਕੇਵਲ ਇਹ ਜਤਾਉਣਾ ਚਾਹੁੰਦਾ ਹਾਂ ਕਿ ਆਪਣੇ ਇਤਿਹਾਸ ਨੂੰ ਮੁਕੰਮਲ ਕਰਨ ਲਈ ਭਾਈ ਸਾਹਿਬ ਜੀ ਨੇ ਕੇਹਾ ਸੋਹਣਾ ਰਾਹ ਵਿਖਾਇਆ ਹੈ।

ਪਿੱਛੇ ਦੱਸਿਆ ਗਿਆ ਹੈ ਕਿ ਖੋਜ ਤੇ ਪੜਚੋਲ ਤੋਂ ਬਿਨਾਂ ਇਤਿਹਾਸ ਮੁਰਦਾ ਹੋ ਜਾਇਆ ਕਰਦਾ ਹੈ। ਭਾਈ ਸਾਹਿਬ ਜੀ ਦੇ ਇਸ ਲੇਖ ਵਿਚ ਦੋਵੇਂ ਗੱਲਾਂ ਹਨ, ਖੋਜ ਵੀ ਤੇ ਪੜਚੋਲ ਵੀ। ਖੋਜ ਤੇ ਪੜਚੋਲ ਸਾਧਾਰਨ ਆਦਮੀਆਂ ਦਾ ਕੰਮ ਨਹੀਂ, ਇਸ ਕੰਮ ਨੂੰ ਹਰ ਕੋਈ ਨਹੀਂ ਕਰ ਸਕਦਾ, ਇਹ ਕੰਮ ਕੇਵਲ ਵਿਦਵਾਨਾਂ ਦਾ ਹੀ ਹੈ।

ਨਾਲ ਹੀ ਇਹ ਗੱਲ ਹੈ ਕਿ ਪੜਚੋਲ ਕਰਦਿਆਂ ਆਪਣੇ ਮਨ ਨੂੰ ਹਰ ਪਰਕਾਰ ਦੇ ਪੱਖ-ਪਾਤ ਤੋਂ ਅੱਡਰੇ ਰੱਖਣ ਦੀ ਲੋੜ ਹੈ। ਸਾਧਾਰਨ ਆਦਮੀ ਪੱਖ-ਪਾਤ ਦੀ ਰੌ ਵਿਚ ਰੁੜ ਜਾਂਦਾ ਹੈ, ਤੇ ਪੜਚੋਲ ਦੇ ਅਸਲ ਅਸੂਲ ਨੂੰ ਛੱਡ ਕੇ ਭੁੱਲ ਕਰ ਜਾਂਦਾ ਹੈ, ਪਰ ਵਿਦਵਾਨ ਦਾ ਮਨ ਖੁੱਲ੍ਹਾ ਤੇ ਪੱਖ-ਪਾਤ ਤੋਂ ਰਹਿਤ ਹੁੰਦਾ ਹੈ, ਇਸ ਲਈ ਹਰ ਇਕ ਗੱਲ ਨੂੰ ਉਹ ਆਪਣੇ ਅਸਲੀ ਰੂਪ ਵਿਚ ਵੇਖਦਾ ਹੈ, ਤੇ ਇਸ ਤਰ੍ਹਾਂ ਭੁਲੇਖੇ ਤੋਂ ਬੱਚ ਜਾਂਦਾ ਹੈ।

ਸੁਮੇਰ ਪਰਬਤ ਸੰਬੰਧੀ ਖੋਜ, ਸ੍ਰੀ ਪੰਚਮ ਪਾਤਿਸ਼ਾਹ ਜੀ ਦੇ ਜੋਤੀ-ਜੋਤਿ ਸਮਾਉਣ ਤੇ ਸ੍ਰੀ ਸਪਤਮ ਪਾਤਿਸ਼ਾਹ ਜੀ ਦੀਆਂ ਸ਼ਾਦੀਆਂ ਸੰਬੰਧੀ ਪੜਚੋਲ, ਇਤਿਹਾਸ ਦੀ ਖੋਜ ਤੇ ਪੜਚੋਲ ਦੇ ਸੋਹਣੇ ਉਦਾਹਰਣ ਹਨ। ਜਦ ਤੀਕ ਸਾਰੀ ਕੌਮ ਵਿਚ ਐਸੀ ਖੋਜ ਤੇ ਪੜਚੋਲ ਦਾ ਮਾਦਾ ਪੈਦਾ ਨਹੀਂ ਹੋ ਜਾਂਦਾ, ਸਾਡਾ ਇਤਿਹਾਸ ਮੁਕੰਮਲ ਨਹੀਂ ਹੋ ਸਕਦਾ।

*—ਕਰਮ ਸਿੰਘ]*

ਦਸਾਂ ਪਾਤਿਸ਼ਾਹੀਆਂ ਤਕ ਜਿਊਂਦਾ ਜਾਗਦਾ, ਦੇਹ ਵਿਚ ਬੈਠਾ, ਸਤਿਗੁਰੂ ਦਾ ਸਰੂਪ ਸਿੱਖਾਂ ਸੰਗਤਾਂ ਪ੍ਰੇਮੀਆਂ ਦੇ ਝਮਕਦੇ ਨੈਣਾਂ ਨੂੰ ਪਰਤੱਖ ਦਿੱਸਦਾ ਰਿਹਾ। ਇਸ ਜਾਗਤੀ ਜੋਤ ਤੇ ਪ੍ਰਕ੍ਰਿਤ ਦੇ ਆਸਣ 'ਤੇ ਪਰਤੱਖ ਬੈਠੀ ਅਰਸ਼ੀ ਹਸਤੀ ਦੇ ਦੀਦਾਰਿਆਂ ਨੇ ਇਤਿਹਾਸ ਦੀ ਲੋੜ ਬਹੁ ਡੂੰਘੀ ਨਾ ਪਰਤੀਤ ਹੋਣ ਦਿੱਤੀ ਕੇ ਹਰ

ਸਿਖ ਦੇ ਦਿਲ ਉੱਤੇ ਸਤਿਗੁਰ ਦੀ ਖਿੱਚੀ ਇਸ ਤਸਵੀਰ ਤੋਂ ਪ੍ਰਾਪਤ-ਤ੍ਰਿਪਤੀ ਨੇ ਡੂੰਘੀ ਲੋੜ ਨਾ ਭਾਸਣ ਦਿੱਤੀ। ਤਸਵੀਰਾਂ ਤੇ ਬੁੱਤ ਘੜ ਕੇ ਕੋਮਲ ਉਨਰਾਂ ਦੇ ਕਮਾਲ ਵਿਚ ਆਪਣੀਆਂ ਪਰਮ ਪਿਆਰੀਆਂ ਦਸਾਂ ਇਲਾਹੀ ਮੂਰਤੀਆਂ ਨੂੰ ਮੂਰਤੀ-ਮਾਨ ਕਰ ਲੈਣ ਦੀ, ਹਾਂ, ਇਸ ਅਰਸ਼ੀ ਉਨਰ ਨੇ ਕੋਮਲ ਉਨਰ ਦੀ ਲੋੜ ਡੂੰਘੀ ਨਾ ਵਾਪਰਨ ਦਿੱਤੀ। ਸੋ ਸਾਡੇ ਬਜ਼ੁਰਗਾਂ ਦਾ ਉਸ ਸਮੇਂ ਇਤਿਹਾਸ ਤੇ Art (ਉਨਰ) ਵੱਲ ਰੁਖ਼ ਬਹੁਤ ਨਾ ਗਿਆ। ਇਹ ਨਹੀਂ ਕਿਹਾ ਜਾਂਦਾ ਕਿ ਮੂਲੋਂ ਨਾ ਗਿਆ। ਤਸਵੀਰਾਂ ਜੋ ਅੱਜ ਸਾਨੂੰ ਦਿੱਸਦੀਆਂ ਹਨ, ਪਿੱਛੇ ਤੋਂ ਪਿੱਛੇ ਕਿਸੇ ਮੂਲ ਤੋਂ ਤੁਰੀਆਂ ਹੋਸਣ, ਥੋੜ੍ਹੀ ਜਿਹੀ ਭਾਲ ਨਾਲ ਦੋ ਕੁ ਸੌ ਵਰ੍ਹੇ ਦੇ ਨਮੂਨੇ ਲੱਭ ਪੈਣੇ ਔਖੇ ਨਹੀਂ। ਸੋ ਖ਼ਿਆਲ ਤਾਂ ਇਧਰ ਗਿਆ ਪਰ ਥੋੜ੍ਹਾ। ਜਿਵੇਂ ਬੁਧ ਜੀ ਦੇ ਵਿਛੋੜੇ ਨੇ ਤੇ ਅੱਗੋਂ ਘਾਪੇ ਪੈ ਜਾਣ ਨੇ ਤੇ ਨਾ-ਦਿੱਸਦੇ ਜਗਤ ਵਿਚ ਕਿਸੇ ਸਰਬਾਧਾਰ ਕੇਂਦਰ 'ਤੇ ਈਮਾਨ ਨਾ ਹੋਣ ਨੇ, ਕੇਵਲ ਮੂਰਤਾਂ ਤੇ ਮੂਰਤੀਆਂ ਵਿਚ ਸ਼ਰਧਾ ਵਾਲੀ ਦਿਲੀ ਪ੍ਰੀਤ ਨੂੰ ਜੋੜਿਆ ਤੇ ਉਨਰ ਦੇ ਕ੍ਰਿਸ਼ਮੇ ਯਾਨਿ 'ਬੁਧ' ਆਦਿ ਮੂਰਤੀਆਂ ਵਿਚ ਦਿਪਤ ਹੋ ਗਏ, ਤਿਵੇਂ ਏਥੇ ਨਹੀਂ ਹੋਇਆ। ਉਥੇ ਕਿਸੇ ਕਮੀ ਦੇ ਕਾਰਨ ਪੱਥਰ ਦੇ ਰੂਪ ਵਿਚ ਅਰੂਪ ਭਾਵਾਂ ਦੇ ਨਕਸ਼ਾਂ ਪਰ, ਧਿਆਨ ਜੋੜਨ ਨੇ ਭਗਤੀ ਦੇ ਭਾਵਾਂ ਵਿਚ ਤਸੱਲੀ ਪਾਈ। ਏਥੇ ਉਹ ਦਸ਼ਾ ਨਹੀਂ ਸੀ, ਸਤਿਗੁਰ ਜੀ ਦੇ ਬਾਅਦ ਸਤਿਗੁਰ ਗੱਦੀ 'ਤੇ ਆਏ ਤੇ 'ਦਿੱਸਦੇ ਆਦਰਸ਼' ਦੇ ਵਿਛੋੜੇ ਦਾ ਘਾਪਾ ਦਿਲਾਂ ਵਿਚ ਕਦੇ ਨਾ ਪਿਆ। ਦਸਵੀਂ ਮੂਰਤੀ ਦੇ ਵਿਛੋੜੇ ਵੇਲੇ ਵੀ ਜਗਤ-ਅਧਾਰ ਵਾਹਿਗੁਰੂ ਵਿਚ ਅਨੁਭਵੀ ਹੋ ਚੁੱਕੇ ਦਿਲਾਂ ਨੇ ਓਹ ਬੋਧੀ ਪ੍ਰੇਮੀਆਂ ਵਾਙੂ ਘਾਪਾ ਨਾ ਖਾਧਾ। ਅੰਦਰ 'ਜਾਗਦੀ-ਜੋਤ' ਮੂਰਤੀ-ਮਾਨ ਸੀ, ਤੇ ਬਾਹਰ ਰਹਿਨੁਮਾਈ ਲਈ 'ਗੁਰੂ ਗ੍ਰੰਥ' ਦੀ ਬਾਣੀ ਰਹਿਬਰੀ ਕਰਨ ਲਈ ਵਿਦਮਾਨ ਸੀ। ਇਸ ਕਰਕੇ ਸਾਡੇ ਵੱਡਿਆਂ ਦੇ ਦਿਲ 'ਦਿਲ-ਤੜਫ਼ਣੀ' ਵਿਚ ਜਾ ਕੇ ਬਿਰਹੇ ਤੇ ਵਿਯੋਗ ਨਾਲ ਬਉਰੇ ਹੋ ਕੇ ਨਿਰਾਸਤਾ ਦੇ ਮੰਡਲ ਵਿਚ ਕਦੇ ਨਹੀਂ ਅੱਪੜੇ, ਜਿਸ ਵਿਚੋਂ ਕਿ ਨਿਕਲਣ ਲਈ ਕੋਮਲ ਉਨਰ ਦਾ ਆਸਰਾ ਲੈ ਪੱਥਰਾਂ ਵਿਚ ਤੇ ਰੰਗਾਂ ਵਿਚ ਪਿਆਰੇ ਦਾ ਰੂਪ ਬੰਨ੍ਹ ਲੈਣ ਦੀ ਇਕ ਤੀਬਰ ਪੀੜਾ ਵਿਚ 'ਬੇਧੇ' ਗਏ ਸਨ। ਪਰ ਤਾਂ ਭੀ ਜਨਮ-ਸਾਖੀਆਂ ਲਿਖੀਆਂ, ਪਰਚੀਆਂ ਤੇ ਸਾਕੇ ਲਿਖੇ, ਪਰ ਉਨ੍ਹਾਂ ਉਤੇ ਹਸਤਾਖੇਪ ਹੋਏ, ਆਖੇਪਕ ਰਲੇ, ਇਸੇ ਤਰ੍ਹਾਂ ਮੂਰਤਾਂ ਤੇ ਮੂਰਤੀਆਂ ਨਹੀਂ ਬਣੀਆਂ, ਪਰ ਬਣੀਆਂ ਵੀ ਤਾਂ ਉਨ੍ਹਾਂ ਵਿਚ ਹੀ ਹਸਤਾਖੇਪ ਹੋਏ। ਨੂਰਾਨੀ ਚਿਹਰੇ ਦੇ ਦਾੜ੍ਹੇ ਤੇ ਪੁਸ਼ਾਕਿਆਂ ਨੂੰ ਅਨਮਤੀ ਰੰਗ 'ਮੇਲੇ', ਚਲਾਕਾਂ ਤੇ ਅਯਾਰਾਂ ਨੇ ਸਤਿਗੁਰ ਦੀ ਸਦਾ ਸਿੱਧੀ ਗਿੱਚੀ ਵਿਚ ਨਿਹੁੜਾਉ ਪਾਏ, ਸਰਬ ਸ਼੍ਰੋਮਣੀ ਗੁਰ-ਅਵਤਾਰ ਨੂੰ ਨਿਰੇ ਭਗਤ ਦਾ ਪ੍ਰਭਾਵ ਦਿੱਤਾ।

ਜਦੋਂ ਸਮਾਂ ਆਇਆ ਕਿ ਦਸਵੇਂ ਮਾਲਕ ਨੇ ਕੌਮ ਦੀ ਜਥੇਬੰਦੀ ਕਰ ਦਿੱਤੀ; ਨਵਾਂ ਜਨਮ, ਨਵਾਂ ਜਾਮਾ, ਨਵਾਂ ਰੂਪ ਰੰਗ ਲਾ ਕੇ ਖ਼ਾਲਸਾ ਮੂਰਤੀ ਘੜ ਦਿੱਤੀ, ਤੇ ਅਰਸ਼ੀ ਉਨਰ ਦੇ ਨਾਲ ਕੋਮਲ ਉਨਰ ਦਾ ਬਾਗ਼ ਲਗਾ ਦਿੱਤਾ। ਦੋਹਾਂ ਦੀ ਰਾਖੀ ਲਈ ਬੀਰ-ਰਸ ਬਖ਼ਸ਼ ਦਿੱਤਾ, ਇਕ ਜਿਊਂਦੀ ਕੌਮ ਘੜੀ-ਘੜਾਈ ਰਚੀ-ਰਚਾਈ

ਜਗਤ ਦੀ ਰੰਗ-ਭੂਮੀ 'ਤੇ ਲਿਆ ਕੇ ਧਰ ਦਿੱਤੀ, ਕਰਾਮਾਤ ਕਰ ਦਿਖਾਈ; ਤਦੋਂ ਹੀ ਇਕ ਕਰਾਮਾਤ ਨਾਲ ਰਚੀ ਇਹ ਕੌਮ ਐਉਂ ਜੁੱਧਾਂ-ਜੰਗਾਂ ਵਿਚ ਪਈ ਕਿ ਮੁੜ ਕੋਮਲ ਉਨਰਾਂ, ਵਿਦਿਆ, ਵਿਗਿਆਨਾਂ ਵੱਲ ਧਿਆਨ ਦੇਣ ਦਾ ਸਮਾਂ ਹੀ ਨਾ ਆਇਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਪਾਸਾ ਪਰਤਿਆ, ਪਰ ਉਨ੍ਹਾਂ ਦਾ ਬਲ ਵੀ ਪੰਜਾਬ ਨੂੰ ਹੰਨੇ ਹੰਨੇ ਮੀਰੀ ਤੋਂ ਕੱਢ ਕੇ ਇਕ ਜ਼ਬਰਦਸਤ ਸਲਤਨਤ ਬਣਾ ਦੇਣ 'ਤੇ ਲੱਗਾ। ਉਹ ਭਵਿਖਤ ਨੂੰ ਦੇਖ ਰਹੇ ਸਨ ਕਿ ਪੱਛਮ ਦੀ ਵਧ ਰਹੀ ਸਰੀਰਕ ਤਾਕਤ ਦੇ ਅੱਗੇ ਵੱਡੀਆਂ ਸਲਤਨਤਾਂ ਤਾਕਤ ਤੇ ਜਥੇਬੰਦੀ ਵਾਲੀਆਂ ਹੀ ਟਿਕ ਸਕਣਗੀਆਂ, ਛੋਟੇ-ਮੋਟੇ ਟਿਕ ਨਹੀਂ ਸਕਣਗੇ। ਇਸ ਲਈ ਉਨ੍ਹਾਂ ਨੇ ਨਿੱਕੇ-ਮੋਟੇ ਰਾਜ 'ਕੱਠੇ ਕਰ ਕੇ ਇਕ ਸਲਤਨਤ ਦਾ ਠਾਟ ਬਣਾ ਲਿਆ। ਉਹ ਕਾਮਯਾਬ ਹੋਏ, ਜੋ ਚਾਹੁੰਦੇ ਸਨ ਸਿਰੇ ਚੜ੍ਹ ਗਿਆ। ਪੰਜਾਬ ਦਾ ਖੱਤਾ ਆਪਣੇ ਰਖਾ ਲਈ ਉਸ ਵੇਲੇ ਅੱਸੀ ਹਜ਼ਾਰ ਤੋਂ ਵਧੀਕ ਸਨੱਧ-ਬਧ ਕਵਾਇਦ-ਦਾਨ ਜਵਾਨ ਮੈਦਾਨ-ਜੰਗ ਵਿਚ ਲਿਆ ਸਕਣ ਦੀ ਕਮਾਲੀਅਤ 'ਤੇ ਅਪੜ ਪਿਆ ਸੀ। ਇਹ ਬਲ ਤੇ ਪੰਜਾਬ ਵਿਚ ਤ੍ਰੇਹਾਂ ਕੌਮਾਂ ਦਾ ਪਿਆਰ ਤੇ ਨਿਆਂ ਦਾ ਰਾਜ, ਤੇ ਯੂਰਪ ਏਸ਼ੀਆ ਵਿਚ ਉਹ ਗੌਰਵਤਾ ਕਿ ਰੂਮ ਤੇ ਰੂਸ ਦੇ ਪਾਤਸ਼ਾਹ ਸਫ਼ੀਰ ਘੱਲ ਕੇ ਦੋਸਤੀਆਂ ਪਾਉਣ, ਇਹ ਕਰਾਮਾਤ ਸੀ ਜੋ ਕਲਗ਼ੀਆਂ ਵਾਲੇ ਦੇ ਇਕ 'ਇਕ ਅੱਖ ਵਾਲੇ' ਛੈਲ ਬਾਂਕੇ ਪ੍ਰੇਮੀ ਨੇ ਕਰ ਵਿਖਾਈ।

ਪਰ ਕੋਤਾਹ-ਅੰਦੇਸ਼ਾਂ, ਖ਼ੁਦ-ਗ਼ਰਜ਼ਾਂ ਤੇ ਚਾਲ-ਬਾਜ਼ਾਂ ਨੇ ਮੁਲਕ ਦਾ ਭਲਾ ਤੇ ਕੌਮ ਦਾ ਲਾਭ ਓਪਰਾ ਕੀਤਾ। ਸੁਆਰਥ ਤੇ ਖ਼ੁਦਗ਼ਰਜ਼ੀ ਅੱਗੇ ਰੱਖੀ ਤੇ ਸਾਰੀ ਖੇਡ ਮਿੱਟੀ ਵਿਚ ਮਿਲਾ ਦਿੱਤਾ। ਚੌਧਰੀਅਤ ਦੀ ਭੁੱਖ, ਆਗੂ ਹੋਣ ਦੀ ਪਿਆਸ ਤੇ ਰਾਜ-ਭਾਗ ਸਾਂਭਣ ਦੀ ਹਵਸ ਨੇ ਕੌਮੀ, ਸੁਦੇਸ਼ੀ ਤੇ ਸਾਂਝੇ ਲਾਭ ਨੂੰ ਸਦਕੇ ਕੀਤਾ। ਜੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਉਪਰਲੀ ਕਾਮਯਾਬੀ ਦੇ ਬਾਅਦ ਮਹਾਰਾਜਾ ਖੜਕ ਸਿੰਘ ਜੀ, ਕੰਵਰ ਨੌਨਿਹਾਲ ਸਿੰਘ ਜੀ, ਆਪਣੀ ਪੂਰੀ ਉਮਰਾ ਭੋਗ ਕੇ ਮਰਨ ਦਿੱਤੇ ਜਾਂਦੇ ਤਾਂ ਉਨ੍ਹਾਂ ਦਾ ਰਾਜ ਓਹ ਸਮਾਂ ਹੁੰਦਾ ਕਿ ਅਸੀਂ ਵਿਦਿਆ, ਕੋਮਲ ਉਨਰਾਂ ਤੇ ਸ਼ਹਿਰੀ ਗੁਣਾਂ ਵਿਚ ਤਰੱਕੀ ਕਰਦੇ, ਤੇ ਜਗਤ ਨੂੰ ਆਪਣੇ ਕਲਾ-ਕੌਸ਼ਲ ਦੇ ਗੁਣ ਵੀ ਵਿਖਾਲਦੇ; ਪਰ ਰਾਤ ਪਾ ਦਿੱਤੀ ਗਈ ਸਾਡੀ ਕਾਮਯਾਬੀ ਦੇ ਸੂਰਜ ਦੇ ਦੁਪਹਿਰਾਂ ਦੇ ਸਿਖਰ ਨੂੰ ਛੁੰਹਦਿਆਂ ਸਾਰ।

ਪੰਜਾਹ ਕੁ ਵਰ੍ਹੇ ਹੋਏ ਇਸ ਰਾਤ ਨੂੰ ਫੇਰ ਪਹੁ-ਫੁਟਾਲਾ ਪਿਆ, ਕੁਝ ਜਾਗਰਤ ਆਈ, ਅਨੇਕ ਦੁਖ ਕਸ਼ਟ ਭੁਲੇਵੇ ਖਾ ਖਾ ਉੱਠੇ, ਕੁਝ ਬਣਾਇਆ, ਪਿੱਛਾ ਸੰਭਾਲਿਆ, ਆਸ ਲੱਗੀ ਕਿ ਸ਼ਹਿਰੀਅਤ ਦੇ ਗੁਣਾਂ, ਵਿਦਿਆ, ਉਨਰਾਂ ਵੱਲ ਲੱਗ ਪਏ ਹਾਂ, ਪਰ ਫਿਰ ਜੰਗੀ ਜੀਵਨ ਸਾਡੇ ਗਲੇ ਚਮੋੜ ਕੇ ਸਾਨੂੰ ਫਿਰ ਉਹਨਾਂ ਰੋਝਿਆਂ ਵਿਚ ਪਾ ਦਿੱਤਾ ਗਿਆ ਕਿ ਜਿਨ੍ਹਾਂ ਨੇ ਫੇਰ ਹਰ ਵੇਲੇ ਦੀ ਜੱਦੋ-ਜਹਿਦ (Struggle) ਵਿਚ ਪਾ ਕੇ ਉਸ ਪਾਸੇ ਤੋਂ ਸਾਨੂੰ ਮੋੜ ਲਿਆ, ਜਿਧਰ ਸਾਡਾ ਕੁਝ ਬਣ ਰਿਹਾ ਸੀ। ਹੁਣ ਤਕ ਉਸ ਪਾਸਿਓਂ ਵੀ ਕਿਸੇ ਪਹਿਲੂ ਵਿਚ ਵਧਿਆ ਕੁਝ ਨਹੀਂ, ਘਟਿਆ ਹੈ।

ਝਗੜਿਆਂ ਦੀ ਪੰਡ ਸਿਰ ਪਈ ਹੈ, ਆਪਣੇ ਬਿਗਾਨੇ ਹੁੰਦੇ ਜਾਂਦੇ ਹਨ, ਤੇ ਘਮਸਾਨ ਰੌਲਾ ਐਸਾ ਹੈ ਕਿ ਕਿਸੇ ਪਾਸੇ ਵੱਲੋਂ ਉਪਰਲਾ ਸਾਹ ਨਹੀਂ ਆ ਰਿਹਾ ਹੈ।

ਇਹ ਹੈ ਨਿੱਕਾ ਜਿਹਾ ਖ਼ਾਕਾ ਸਾਡੇ 'ਇਤਿਹਾਸ ਤੇ ਆਰਟ' ਦੀ ਕਮੀ ਦੇ ਆਪਣੇ ਇਤਿਹਾਸ ਦਾ। ਜੇ ਇਤਿਹਾਸ ਨੂੰ ਖੋਜੋ ਤੇ ਪੱਛਮੀ ਤਰੀਕੇ ਦਾ ਲਿਖਣਾ ਚਾਹੋ ਤਾਂ ਜੀਵਨ ਚਾਹੀਏ ਅਨੇਕਾਂ, ਤੇ ਰੁਪਿਆ ਚਾਹੀਏ ਅਣਗਿਣਤ ਤੇ ਸਾਹਸ ਚਾਹੀਏ ਅਮਿੱਤ ਤੇ ਕੌਮ ਦੀ ਚਾਹੀਏ ਮਿਲ-ਬੱਝਵੀਂ ਜਥੇਬੰਧਕ ਸਹਾਇਤਾ। ਸੋ ਉਸ ਲਈ ਅਰਦਾਸ ਹੈ, ਗੁਰੂ ਦੇਵੇ। ਜੋ ਕੁਝ ਮਾੜੇ-ਮੋਟੇ ਯਤਨ ਇਸ ਵੇਲੇ ਵਿਦਿਆ-ਮੰਡਲ ਵੱਲ ਹੋ ਰਹੇ ਹਨ, ਸੋ ਬੜੀ ਮਸੂਮ ਅਵਸਥਾ ਵਿਚ ਹਨ। ਇਨ੍ਹਾਂ ਵਿੱਚੋਂ ਇਕ ਹੈ ਇਤਿਹਾਸਕ ਖੋਜ; ਜਿਸ ਦੇ ਉਪਰਾਲੇ ਵਿਚ ਕੁਝ ਖ਼ਿਆਲ ਪਰਗਟ ਕਰਨ ਦੀ ਅਕਾਂਖਿਆ ਹੋਈ, ਜਿਸ ਲਈ ਹੇਠਾਂ ਲਿਖੇ ਚਾਰ ਨੋਟ ਹਨ। ਇਨ੍ਹਾਂ ਵਿਚੋਂ ਤਿੰਨ ਤਾਂ ਸਾਡੇ ਇਤਿਹਾਸ ਵਿਚ ਹਸਤਾਖੇਪਾਂ 'ਤੇ ਰੌਸ਼ਨੀ ਪਾਂਦੇ ਹਨ। ਤੇ ਇਕ ਹੈ ਸੁਮੇਰ ਯਾਤਰਾ, ਇਹ ਦੱਸੇਗਾ ਕਿ ਸਾਡੇ ਇਤਿਹਾਸ ਦੇ ਜ਼ਿੰਦਾ ਸਬੂਤ ਅਜੇ ਮਿਲਦੇ ਹਨ ਤੇ ਸਾਡੀ ਅਣਗਹਿਲੀ ਦੇ ਕਾਰਨ ਸਮਾਂ ਉਨ੍ਹਾਂ ਨੂੰ ਲੋਪ ਕਰ ਰਿਹਾ ਹੈ।

## ਪੰਚਮ ਪਾਤਿਸ਼ਾਹ ਜੀ ਦੀ ਸ਼ਹਾਦਤ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਬਤ ਬਾਦਸ਼ਾਹ ਦੇ ਕੰਨਾਂ ਤਕ ਵੈਰੀਆਂ ਵੱਲੋਂ ਜੋ ਗੱਲਾਂ ਪੁਚਾਈਆਂ ਗਈਆਂ ਦੱਸੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਇਕ ਸ਼ਾਹਜ਼ਾਦਾ ਖ਼ੁਸਰੋ ਨੂੰ, ਜੋ ਬਾਦਸ਼ਾਹ ਤੋਂ ਆਕੀ ਹੋਇਆ ਹੋਇਆ ਸੀ, ਪਨਾਹ ਤੇ ਸਹਾਇਤਾ ਦੇਣਾ ਦੱਸਿਆ ਜਾਂਦਾ ਹੈ।

*ਮਹਿਮਾ ਪ੍ਰਕਾਸ਼* ਨੇ ਕੇਵਲ ਸਤਿਗੁਰਾਂ ਵੱਲੋਂ ਸ਼ਾਹਜ਼ਾਦੇ ਖ਼ੁਸਰੋ ਨੂੰ ਰੋਟੀ ਦੇਣੀ ਪੱਖੀ ਤੋਂ ਸੁਣੀ ਹੈ, ਜਾਂ ਬਾਦਸ਼ਾਹ ਨੇ ਚੰਦੂ ਦੇ ਹਵਾਲੇ ਕਰ ਦਿੱਤਾ ਹੈ, ਇਸ ਗੱਲ ਤੋਂ ਉਸ ਨੂੰ ਨਿਰਦੋਸ਼ ਮੰਨ ਕੇ ਲਿਖੀ ਹੈ। ਯਥਾ :

**ਸੋ ਬਡਾ ਦੁਖੀ ਤਾਂ ਪਰ ਭਈ ਆਫ਼ਤ।**
**ਦੇਖ ਦਿਆਲ ਗੁਰੂ ਕਰੀ ਜ਼ਿਆਫ਼ਤ।**
**ਤਾ ਕੋ ਖਾਨ ਪਾਨ ਸਭ ਦੀਆ।**
**ਨਿਜ ਕਰ ਗੁਜ਼ਰਾਨ ਕੂਚ ਤਿਨ ਕੀਆ।**

ਕਿਸੇ ਨੇ ਉਸੇ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਨਹੀਂ ਮਿਲੀ। ਸੋ ਇਹ ਗੱਲ ਕਿ ਸੱਚ-ਮੁੱਚ ਗੁਰੂ ਜੀ ਨੂੰ ਖ਼ੁਸਰੋ ਮਿਲਿਆ, ਨਿਸਚੇ ਸਿੱਧ ਕਿਸੇ ਨਹੀਂ ਕੀਤੀ, ਪਰੰਤੂ ਜੇ ਇਹ ਗੱਲ ਸੱਚ ਭੀ ਹੋਵੇ ਤਾਂ ਕੋਈ ਅਨੋਖੀ ਗੱਲ ਨਹੀਂ, ਸਤਿਗੁਰਾਂ ਨੂੰ ਸਭ ਮਿਲਣ ਵਾਲੇ ਲੰਗਰੋਂ ਪ੍ਰਸ਼ਾਦ ਛਕਦੇ ਸਨ। ਅਕਬਰ ਬਾਦਸ਼ਾਹ ਨੇ ਭੀ ਸਤਿਗੁਰਾਂ ਦੇ ਗ੍ਰਹਿ ਦਾ ਓਗਰਾ ਛਕਿਆ ਸੀ, ਹਰੀਪੁਰ ਵਾਲੇ ਰਾਜੇ ਨੇ ਭੀ ਲੰਗਰ ਦਾ ਪ੍ਰਸ਼ਾਦ ਛਕਿਆ ਸੀ। ਸੋ ਜਿੱਥੇ ਕਿ ਅਤੁਟ ਲੰਗਰ ਦਾ ਅਸੂਲ ਵਰਤੋਂ ਵਿਚ ਸੀ ਤੇ ਬਿਨਾਂ ਲਿਹਾਜ਼ ਜਾਤ, ਜਨਮ ਤੇ ਕਰਮ ਕੁਲ ਦੇ ਸਭ ਨੂੰ ਰੋਟੀ ਮਿਲਦੀ

ਸੀ, ਉਥੇ ਜੇ ਸ਼ਾਹਜ਼ਾਦੇ ਨੇ ਰੋਟੀ[1] ਮੰਗੀ ਤੇ ਸਤਿਗੁਰਾਂ ਦਿੱਤੀ ਤਾਂ ਆਪਣੇ ਅਸੂਲ ਤੋਂ ਉਨ੍ਹਾਂ ਨੇ ਠੀਕ ਕੀਤਾ ਹੈ। ਸਤਿਗੁਰਾਂ ਨੇ ਆਪਣੇ ਆਤਮਕ ਤੇ ਸਦਾਚਾਰਕ ਅਸੂਲਾਂ ਨੂੰ ਮੋਹਰੇ ਰੱਖਣਾ ਹੈ ਤੇ ਕਿਸੇ ਭੈ ਤੋਂ ਡਰ ਕੇ ਅਸੂਲ ਨਹੀਂ ਤੋੜਨੇ। ਹਉਮੈ ਵਿਚ ਆਫਰੇ ਹੋਏ ਜਰਵਾਣੇ ਹਾਕਮਾਂ ਤੇ ਬਾਦਸ਼ਾਹਾਂ ਨੇ ਜੇ ਨਹੀਂ ਸਮਝਣਾ ਤਾਂ ਨਾ ਸਮਝਣ। ਬਾਕੀ ਦੀ ਗੱਲ ਇਉਂ ਜਾਪਦੀ ਹੈ ਕਿ ਮੁਸਲਮਾਨ ਦੋਖੀ, ਜੋ ਸਿੱਖੀ ਦੇ ਪ੍ਰਚਾਰ ਨਾਲ ਖੁਣਸ ਰਹੇ ਸਨ, ਮੁਸਲਮਾਨਾਂ ਦੇ ਸਿਖ ਬਣਨ ਤੋਂ ਵਧੇਰੇ ਦੁਖੀ ਸਨ ਅਤੇ ਚੰਦੂ ਵਰਗੇ ਸਵਾਰਥੀਆਂ ਨੇ ਬਾਦਸ਼ਾਹ ਨੂੰ ਕੋਲੋਂ ਪਾ ਪਾ ਕੇ ਤੇ ਆਪਣੇ ਰੰਗਾਂ ਵਿਚ ਗੱਲਾਂ ਦੱਸਣੀਆਂ ਸਨ। ਕਿਸੇ ਕਿਹਾ—'ਖ਼ੁਸਰੋ ਦੇ ਹੱਕ ਵਿਚ ਦੁਆ ਕੀਤੀ,' (ਦੇਖੋ *ਦਬਿਸਤਾਨਿ ਮਜ਼ਾਹਬ*)। ਪਰ ਜਹਾਂਗੀਰ ਆਪ ਲਿਖਦਾ ਹੈ ਕਿ 'ਖ਼ੁਸਰੋ ਦੇ ਮੱਥੇ 'ਤੇ ਤਿਲਕ ਲਾਇਆ ਤੇ ਖ਼ਾਸ ਤਰ੍ਹਾਂ ਦਾ ਵਰਤਾਓ ਕੀਤਾ'। ਤਿਲਕ ਵਾਲੀ ਗੱਲ ਵੀ ਬਣਾਉਟੀ ਚੁਗ਼ਲੀ ਹੈ। ਸਤਿਗੁਰਾਂ ਦੇ ਘਰ ਵਿਚ ਤਿਲਕ ਕੇਵਲ ਆਪਣੇ ਜਾ-ਨਸ਼ੀਨ ਨੂੰ ਦਿੰਦੇ ਸਨ, ਹੋਰ ਕਦੇ ਕਿਸੇ ਨੂੰ ਨਹੀਂ ਸੀ ਦੇਂਦੇ। ਅਕਬਰ ਤੀਸਰੇ ਪਾਤਿਸ਼ਾਹ ਪਾਸ ਆਇਆ, ਤਿਲਕ ਨਹੀਂ ਦਿੱਤਾ; ਇਕ ਰਾਜਾ ਤੀਸਰੇ ਸਤਿਗੁਰਾਂ ਪਾਸ, ਇਕ ਪੰਜਵੇਂ ਪਾਸ ਆਇਆ, ਕਿਸੇ ਨੂੰ ਤਿਲਕ ਨਹੀਂ ਦਿੱਤਾ। ਸੋ ਇਹ ਵੀ ਠੱਪੀ ਹੋਈ ਇਕ ਊਜ ਹੀ ਸੀ।

ਭਾਈ ਸੰਤੋਖ ਸਿੰਘ ਜੀ ਨੂੰ ਜੋ ਖ਼ਬਰ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗੇ ਹੋਣ ਦੀ ਮਿਲੀ ਹੈ, ਠੀਕ ਨਹੀਂ। ਪਤਾ ਨਹੀਂ ਉਨ੍ਹਾਂ ਨੇ ਕਿਸੇ ਮੁਸਲਮਾਨ ਨੂੰ ਸ਼ਰਧਾਲੂ ਵੀ ਮੰਨ ਲਿਆ ਹੈ, ਪਰ ਜਹਾਂਗੀਰ ਦੀ ਲਿਖਤ ਦੱਸਦੀ ਹੈ ਕਿ ਉਸ ਦੇ ਜੀਅ ਵਿਚ ਸਖ਼ਤ ਤਅੱਸਬ ਭਰਿਆ ਪਿਆ ਸੀ, ਉਹ ਆਪ ਐਉਂ *ਤੋਜ਼ਕਿ ਜਹਾਂਗੀਰੀ* ਵਿਚ ਲਿਖਦਾ ਹੈ :

"ਗੋਇੰਦਵਾਲ ਵਿਚ, ਜੋ ਬਿਆਸਾ ਦੇ ਕਿਨਾਰੇ ਹੈ, ਇਕ ਸੰਤ ਸੰਤਤਾਈ ਤੇ ਪਵਿੱਤਰਤਾਈ ਦੇ ਲਿਬਾਸ ਵਿਚ ਹੈ, ਇਤਨਾ ਕਿ ਸਾਦਾ ਦਿਲ, ਅਨੇਕਾਂ ਹਿੰਦੂ ਉਹਦੇ ਮਗਰ ਲੱਗ ਪਏ ਤੇ ਅਨਜਾਣ ਤੇ ਮੂਰਖ ਮੁਸਲਮਾਨ ਵੀ ਉਸ ਦੇ ਵਰਤਾਓ ਤੇ ਆਚਰਨ ਨਾਲ ਤੇ ਉਸ ਦੀ ਪਵਿੱਤਰਤਾਈ ਦਾ ਢੋਲ ਜ਼ੋਰ ਦਾ ਵਜਾਂਦੇ ਹਨ (ਮੁਰੀਦ ਹੋ ਗਏ)। ਉਸ ਨੂੰ ਗੁਰੂ ਆਖਦੇ ਹਨ ਤੇ ਚਾਰੇ ਪਾਸਿਓਂ ਮੂਰਖ ਲੋਕ ਜਮ੍ਹਾ ਹੋਂਦੇ ਤੇ ਉਸ ਨੂੰ ਪੂਜਦੇ ਹਨ ਤੇ ਆਪਣਾ ਪੂਰਾ ਈਮਾਨ ਉਸ 'ਤੇ ਪਰਗਟ ਕਰਦੇ ਹਨ। ਤਿੰਨ ਜਾਂ ਚਾਰ ਪੁਸ਼ਤਾਂ ਤੋਂ ਇਹ ਦੁਕਾਨ ਗਰਮ ਹੈ। ਬਹੁਤ ਵਾਰੀ ਮੈਨੂੰ ਖ਼ਿਆਲ ਆਇਆ ਕਿ ਇਸ ਬੇਹੂਦਾ ਮਾਮਲੇ ਦੀ ਸਮਾਪਤੀ ਕਰ ਦੇਵਾਂ ਜਾਂ ਉਸ (ਸ੍ਰੀ ਗੁਰੂ ਅਰਜਨ ਦੇਵ ਜੀ) ਨੂੰ ਇਸਲਾਮ ਦੀ ਜਮਾਤ ਵਿਚ ਦਾਖ਼ਲ ਕਰ ਲਵਾਂ।"

ਉਸ ਦੇ ਇਸ ਆਪਣੇ ਲੇਖ ਤੋਂ ਸਾਬਤ ਹੈ ਕਿ ਬਾਦਸ਼ਾਹ ਦੇ ਦਿਲ ਵਿਚ ਤਅੱਸਬ

---

੧. ਮੈਕਾਲਿਫ਼ ਲਿਖਦਾ ਹੈ ਕਿ ਅਕਬਰ ਨੇ ਤਖ਼ਤ, ਖ਼ੁਸਰੋ ਆਪਣੇ ਪੋਤਰੇ ਨੂੰ ਦੇਣਾ ਕਿਹਾ ਸੀ, ਪਰ ਜਹਾਂਗੀਰ ਨੇ ਤਖ਼ਤ ਸਾਂਭ ਲਿਆ ਸੀ, ਇਸ ਕਰਕੇ ਉਹ ਆਗਰੇ ਤੋਂ ਨੱਠਾ ਸੀ ਕਿ ਪੰਜਾਬ ਤੇ ਅਫ਼ਗਾਨਿਸਤਾਨ ਮੈਂ ਲੈ ਲਵਾਂ।

ਤੇ ਵੈਰ ਸੀ, 'ਮਾਰ ਦੇਵਾਂ ਜਾਂ ਇਸਲਾਮ ਵਿਚ ਦਾਖ਼ਲ ਕਰ ਲਵਾਂ' ਉਸ ਦਾ ਜੀਅ ਪਹਿਲਾਂ ਹੀ ਸੀ। ਉਸ ਨੂੰ ਬਹੁਤ ਗ਼ੁੱਸਾ ਮੁਸਲਮਾਨਾਂ ਦੇ ਸਿਖ ਹੋਣ ਦਾ ਸੀ। ਇਹ ਜ਼ਾਹਰ ਹੀ ਹੈ ਕਿ ਇਹ ਸੁਣੇ-ਸੁਣਾਏ ਖ਼ਿਆਲ ਸਨ, ਆਪੇ ਉਸ ਨੇ ਕੋਈ ਖੇਚਲ ਕਰ ਕੇ ਕੋਈ ਤਜਰਬਾ ਥੋੜ੍ਹਾ ਕੀਤਾ ਸੀ। ਫਿਰ ਬਾਕੀ ਜੋ ਬੇਅਦਬੀ ਦੇ ਵਾਕ ਬਾਦਸ਼ਾਹ ਨੇ ਲਿਖੇ ਹਨ ਸੋ ਤਅੱਸਬ ਭਰੇ ਦਿਲ ਤੋਂ। ਸੋ ਇਸ ਤੋਂ ਹੋਰ ਆਸ ਹੀ ਕੀ ਹੋ ਸਕਦੀ ਹੈ।

ਫ਼ਿਰ ਬਾਦਸ਼ਾਹ ਲਿਖਦਾ ਹੈ:

"ਜਦੋਂ ਖ਼ੁਸਰੋ ਇਸ ਸੜਕੇ ਲੰਘਿਆ ਤੇ ਇਹ (ਭਾਵ ਸ੍ਰੀ ਗੁਰੂ ਅਰਜਨ ਦੇਵ ਜੀ) ਉਸ (ਖ਼ੁਸਰੋ) ਨੂੰ ਮਿਲਿਆ। ਖ਼ੁਸਰੋ ਉਥੇ ਉਤਰਿਆ ਹੋਇਆ ਸੀ ਜਿਥੇ ਉਹ (ਗੁਰੂ) ਸੀ, ਤੇ ਉਹ (ਖ਼ੁਸਰੋ) ਬਾਹਰ ਆਇਆ ਤੇ ਉਸ (ਗੁਰੂ) ਨੇ ਖ਼ੁਸਰੋ ਨਾਲ ਖ਼ਾਸ ਤਰੀਕਿਆਂ ਨਾਲ ਵਰਤਾਓ ਕੀਤਾ ਤੇ ਮੱਥੇ 'ਤੇ ਕੇਸਰ ਨਾਲ ਨਿਸ਼ਾਨ ਕੀਤਾ, ਜਿਸ ਨੂੰ ਹਿੰਦਵਾਨ ਕਸ਼ਕਾ (ਤਿਲਕ) ਆਖਦੇ ਹਨ, ਜੋ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ। ਜਦ ਇਹ ਗੱਲ ਮੇਰੇ ਕੰਨੀਂ ਪਈ, ਮੈਂ ਉਨ੍ਹਾਂ ਦੀ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਿਆ। ਮੈਂ ਹੁਕਮ ਦਿੱਤਾ ਕਿ ਹਾਜ਼ਰ ਕਰੋ ਤੇ ਉਨ੍ਹਾਂ ਦੇ ਘਰ, ਰਹਿਣ ਦੇ ਮਕਾਨ ਤੇ ਬੱਚੇ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤੇ ਤੇ ਜਾਇਦਾਦ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਇਸ (ਸ੍ਰੀ ਗੁਰੂ ਜੀ) ਨੂੰ ਜਾਨੋਂ ਮਾਰ ਦਿਓ।"

ਇਸ ਲਿਖਤ ਤੋਂ ਸਾਬਤ ਹੋਇਆ ਕਿ ਬਾਦਸ਼ਾਹ, ਜਿਸ ਦੇ ਦਿਲ ਵਿਚ ਪਹਿਲਾਂ ਮਜ਼੍ਹਬੀ ਤਅੱਸਬ ਭਰਿਆ ਹੋਇਆ ਸੀ, ਇਹ ਗੱਲ ਸੁਣਦੇ-ਸਾਰ ਅੱਗ-ਬਗੋਲਾ ਹੋ ਗਿਆ ਤੇ ਜੋ ਪਹਿਲਾਂ ਚਿਤਵਦਾ ਹੁੰਦਾ ਸੀ ਕਿ ਸਮਾਪਤੀ ਕਰ ਦਿਆਂ, ਸੋ ਇਸ ਬੇਹੂਦਾ ਜੋਸ਼ ਵਿਚ ਮੌਕਾ ਸਮਝ ਕੇ ਅਤਿਆਚਾਰ ਦਾ ਹੁਕਮ ਦੇ ਦਿੱਤਾ। ਫਿਰ ਭੀ ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਬਾਦਸ਼ਾਹ ਨੇ ਤਹਿਕੀਕਾਤ ਨਹੀਂ ਕੀਤੀ, ਨਿਆਂ ਨਹੀਂ ਕੀਤਾ ਤੇ ਐਵੇਂ ਸੁਣ ਕੇ ਹੀ ਹੁਕਮ ਦੇ ਦਿੱਤਾ ਹੈ।

ਇਕ ਵਿਚਾਰ ਦੀ ਗੱਲ ਇਥੇ ਇਹ ਹੈ ਕਿ ਆਗਰੇ ਤੋਂ ਬਾਦਸ਼ਾਹ, ਖ਼ੁਸਰੋ ਦੇ ਮਗਰੇ-ਮਗਰ ਲਾਹੌਰ ਆਇਆ ਹੈ, ਰਸਤੇ ਵਿਚ ਜਿੱਥੇ ਪਤਾ ਲੱਗਦਾ ਹੈ ਕਿ ਕਿਸੇ ਨੇ ਖ਼ੁਸਰੋ ਨੂੰ ਮਦਦ ਦਿੱਤੀ ਹੈ, ਉਨ੍ਹਾਂ 'ਤੇ ਕਹਿਰ ਵਰਤਾਉਂਦਾ ਆਇਆ ਹੈ। ਕਰਨਾਲ ਵਿਚ ਜਦ ੧੭ ਜ਼ੀਅਲਹੱਜ ਨੂੰ ਪੁੱਜਾ ਹੈ, ਤਾਂ ਬਾਦਸ਼ਾਹ ਲਿਖਦਾ ਹੈ: "ਸ਼ੇਖ ਨਿਜ਼ਾਮ ਥਾਨੇਸਰੀ, ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖ਼ੁਸਰੋ ਨੂੰ ਮਿਲਿਆ ਤੇ ਉਸ ਨੂੰ ਦੁਆਈਂ ਦਿੱਤੀਆਂ ਤੇ ਉਸ ਨੂੰ ਠੀਕ ਰਸਤੇ 'ਤੋਂ ਗੁਮਰਾਹ ਕਰ ਦਿੱਤੋਸੁ, ਤੇ ਫੇਰ ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਇਹ ਗੱਲਾਂ ਸੁਣ ਚੁੱਕਾ ਸਾਂ, ਸੋ ਮੈਂ ਉਸ ਨੂੰ ਰਸਤੇ ਦਾ ਖ਼ਰਚ ਦੇ ਕੇ ਮੱਕੇ ਨੂੰ ਟੋਰ ਦਿੱਤਾ।[੧]

---

੧. ਬਾਦਸ਼ਾਹ ਦੀ ਇਹ ਲਿਖਤ ਭੀ ਦੱਸਦੀ ਹੈ ਕਿ ਇਕ ਮੁਸਲਮਾਨ ਪੀਰ ਨੂੰ ਖ਼ੁਸਰੋ ਦੇ ਗੁਮਰਾਹ ਕਰਨ ਦੇ ਅਪਰਾਧ ਵਿਚ ਮੱਕੇ ਜਾਣ ਦੀ ਸਜ਼ਾ ਤੇ ਖ਼ਰਚ ਭੀ ਕੋਲੋਂ, ਤੇ ਗੁਰੂ ਜੀ ਜਿਨ੍ਹਾਂ ਨੂੰ ਉਹ ਹਿੰਦੂ ਸਮਝ ਰਿਹਾ ਹੈ, (ਤਹਿਕੀਕਾਤ ਭੀ ਨਹੀਂ ਕਰਦਾ) ਜਾਇਦਾਦ ਜ਼ਬਤ ਤੇ ਕਤਲ ਦਾ ਹੁਕਮ ਦਿੰਦਾ ਹੈ। ਇਸ ਤੋਂ ਭੀ ਸਾਬਤ ਹੋ ਗਿਆ ਕਿ ਸ੍ਰੀ ਗੁਰੂ ਜੀ ਦੀ ਸ਼ਹਾਦਤ ਦਾ ਗੁੱਝਾ ਕਾਰਨ ਬਾਦਸ਼ਾਹ ਦਾ ਇਸਲਾਮੀ ਤਅੱਸਬ ਹੈਸੀ ਤੇ ਉੱਤੋਂ ਖ਼ੁਸਰੋ ਦੀ ਸੁਣੀ ਗੱਲ ਦਾ ਗੁੱਸਾ ਬਹਾਨਾ ਬਣ ਗਿਆ ਸੀ।

ਜਦੋਂ ਅਸੀਂ ਇਹ ਗੱਲ ਤੱਕੀਏ ਤਾਂ ਬਾਦਸ਼ਾਹ ੧੬ ਤਰੀਕ ਸਰਾਇ ਕਾਜ਼ੀ ਵਾਲੀ 'ਤੇ ਹੈ ਸੀ ਤੇ ੧੭ ਨੂੰ ਸੁਲਤਾਨਪੁਰ ਹੈ। ਦੁਪਹਿਰ ਉਥੇ ਕੱਟਦਾ ਹੈ ਤੇ ਗੋਇੰਦਵਾਲ ਆਉਂਦਾ ਹੈ ਤੇ ਫਿਰ ਉਸੇ ਸੜਕੇ ਜੋ ਸ੍ਰੀ ਤਰਨ ਤਾਰਨ ਜੀ ਦੇ ਲਾਗਿਓਂ ਲਾਹੌਰ ਨੂੰ ਜਾਂਦੀ ਹੈ, ਲੰਘਦਾ ਹੈ। ੧੭ ਤੋਂ ਲੈ ਕੇ ੨੮ ਤਕ ਉਹ ਜੈਪਾਲ ਪਿੰਡ ਆਉਂਦਾ ਹੈ, ਜੋ ਲਾਹੌਰੋਂ ਸੱਤ ਕੋਹ ਉਰੇ ਹੈ। ਫੇਰ ਅਗਲੇ ਮਹੀਨੇ ਦੀ ੮ ਤਕ ਭੀ ਅਜੇ ਲਾਹੌਰ ਵਿਚ ਹੀ ਹੈ, ਆਗਰੇ ਤੋਂ ਰਸਤੇ ਵਿਚ ਥਾਂ ਥਾਂ ਖ਼ੁਸਰੋ ਦੇ ਸੰਬੰਧ ਵਿਚ ਜਿਸ ਜਿਸ ਨੇ ਕੁਝ ਕੀਤਾ, ਸਜ਼ਾਵਾਂ ਤੇ ਇਨਾਮ ਦੇਂਦਾ ਜਾਂਦਾ ਹੈ। ਉਸ ਨੂੰ ਸੁਲਤਾਨਪੁਰ, ਸ੍ਰੀ ਗੋਇੰਦਵਾਲ, ਸ੍ਰੀ ਤਰਨ ਤਾਰਨ, ਰਾਮਦਾਸ ਪੁਰੇ ਤੇ ਜੈਪਾਲ, ੧੭ ਤੋਂ ੨੮ ਤਰੀਕ ਤਕ ਕਿਤੋਂ ਕਿਉਂ ਖ਼ਬਰ ਨਾ ਮਿਲੀ ਕਿ ਗੁਰੂ ਜੀ ਨੇ ਕੁਝ ਮਦਦ ਦਿੱਤੀ ਹੈ। ਅਗਲੇ ਮਹੀਨੇ ਦੀ ੮ ਤਰੀਕ ਤਕ ਲਾਹੌਰ ਦੇ ਕਿਲ੍ਹੇ ਵਿਚ ਪ੍ਰਵੇਸ਼ ਤੇ ਸ਼ਾਦਿਆਨੇ ਭੀ ਹੋ ਜਾਂਦੇ ਹਨ। ੩ ਮੁਹੱਰਮ ਨੂੰ ਖ਼ੁਸਰੋ ਪਕੜਿਆ ਹੋਇਆ ਭੀ ਆ ਪੁੱਜਦਾ ਹੈ ਤੇ ਸਜ਼ਾ ਪਾ ਜਾਂਦਾ ਹੈ। ਉਸ ਦੇ ਨਾਲ ਦੇ ਫੜੇ ਸਾਥੀ ਬੈਲ ਤੇ ਖੋਤੇ ਦੀ ਖੱਲ ਵਿਚ ਸੀਤੇ ਜਾ ਕੇ ਤੇ ਸੂਲੀਆਂ 'ਤੇ ਚੜ੍ਹਾ ਕੇ ਮਾਰੇ ਜਾਂਦੇ ਹਨ। ਇਨਾਮ ਮਿਲ ਚੁੱਕਦੇ ਹਨ। ਮਾਨੋ ਮਾਮਲਾ ਲਗਪਗ ਖ਼ਤਮ ਹੋ ਚੁੱਕਦਾ ਹੈ। ਇਸ ਵੇਲੇ ਤਕ ਬਾਦਸ਼ਾਹ ਨੂੰ ਕਨਸੋ ਤਕ ਸ੍ਰੀ ਗੁਰੂ ਜੀ ਦੀ ਸਹਾਇਤਾ ਦੀ ਨਹੀਂ ਪੈਂਦੀ, ਅਚਾਨਕ ੮ ਤਰੀਕ ਦੇ ਮਗਰੋਂ ਕੀਕੂੰ ਖ਼ਬਰ ਆ ਉਗਮੀ ?

ਹੋਵੇ ਬਾਦਸ਼ਾਹ, 'ਮਾਰਸ਼ਲ-ਲਾ' ਵਾਂਙੂ ਸਖ਼ਤੀ ਤੇ ਕਹਿਰ ਚੜ੍ਹਿਆ ਹੋ ਸੂ, ਹੋਰ ਹਰ ਥਾਵੇਂ ਖ਼ੁਸਰੋ ਦੇ ਮਦਦਗਾਰਾਂ ਦਾ ਨਾਲੋ-ਨਾਲ ਪਤਾ ਲੱਗਦਾ ਜਾਵੇ ਤੇ ਸ੍ਰੀ ਗੁਰੂ ਜੀ ਦੀ ਮਦਦ ਦੇਣ ਦੀ ਊਜ ਦਾ ਪਤਾ ਨਾ ਲੱਗੇ, ਅਚਰਜ ਹੈ। ਲੰਘੇ ਸੁਲਤਾਨਪੁਰੋਂ, ਸ੍ਰੀ ਗੋਇੰਦਵਾਲੋਂ, ਫੇਰ ਸਾਰੇ ਮਾਝੇ ਵਿਚੋਂ। ਕੋਈ ਬਾਦਸ਼ਾਹ ਦਾ ਦਰਦੀ, ਜਾਂ ਖ਼ੁਫ਼ੀਆ ਖ਼ਬਰ-ਨਵੀਸ ਜਾਂ ਸ੍ਰੀ ਗੁਰੂ ਜੀ ਦਾ ਦੁਵੈਸ਼ੀ—ਜੇ ਗੱਲ ਸੱਚ ਹੁੰਦੀ—ਤਾਂ ਇਸ ਅਰਸੇ ਤੇ ਇਸ ਇਲਾਕੇ ਵਿਚ ਖ਼ਬਰ ਪਹੁੰਚਾ ਦਿੰਦਾ।

ਜੇ ਗੱਲ ਸੱਚੀ ਕੋਈ ਹੋਈ ਹੁੰਦੀ ਤਾਂ ਜ਼ਰੂਰੀ ਸੀ ਕਿ ਬਾਦਸ਼ਾਹ ਨੂੰ ਓਥੇ ਹੀ ਜਾਂ ਮਾਝੇ ਵਿਚੋਂ ਲੰਘਦਿਆਂ ਹੀ ਜ਼ਰੂਰੀ ਪਤਾ ਮਿਲ ਜਾਂਦਾ ਤੇ ਬਾਦਸ਼ਾਹ ਆਪਣਾ ਗੁੱਸਾ ਲਾਹ ਕੇ ਅੱਗੇ ਕਦਮ ਪੁੱਟਦਾ।

ਬਾਦਸ਼ਾਹ ਨੂੰ ਇਹ ਭੀ ਪਤਾ ਹੈ ਕਿ ਸ੍ਰੀ ਗੁਰੂ ਜੀ ਗੋਇੰਦਵਾਲ ਰਹਿੰਦੇ ਹਨ। ਬਾਦਸ਼ਾਹ ੧੬ ਨੂੰ ਸਰਾਇ ਕਾਜ਼ੀ ਵਾਲੀ ਸੀ, ੧੭ ਨੂੰ ਸੁਲਤਾਨਪੁਰੇ, ਤੇ ੧੭ ਨੂੰ ਹੀ ਸ੍ਰੀ ਗੋਇੰਦਵਾਲ ਸੀ। ਫਿਰ ਉਸ ਨੂੰ ੧੭ ਤੋਂ ਲੈ ਕੇ ਅਗਲੇ ਮਹੀਨੇ ਦੀ ੮ ਤਰੀਕ ਤਕ ਸ੍ਰੀ ਗੁਰੂ ਜੀ ਨੂੰ ਖ਼ੁਸਰੋ ਦੇ ਮਿਲਣ ਬਾਬਤ ਸੂਹ ਨਹੀਂ, ਤੇ ਹੁਣ ਅਚਾਨਕ ਖ਼ਬਰ ਮਿਲਦੀ ਤੇ ਸਜ਼ਾ ਹੋ ਜਾਂਦੀ ਹੈ। ਇਹ ਵਿਚਾਰ ਇਥੇ ਲੈ ਜਾਂਦੀ ਹੈ ਕਿ ਖ਼ੁਸਰੋ ਨੂੰ ਸ੍ਰੀ ਗੁਰੂ ਜੀ ਤੋਂ ਮਦਦ ਮਿਲਣ ਦੀ ਗੱਲ ਉੱਕੀ ਘੜੀ ਗਈ ਊਜ ਸੀ, ਸ੍ਰੀ ਸਤਿਗੁਰਾਂ ਨੇ, ਨਾ ਉਸ ਨੂੰ ਰੁਪਿਆ, ਨਾ ਟਿੱਕਾ, ਨਾ ਅਸੀਸ ਤੇ ਨਾ ਕੋਈ ਹੋਰ ਸਹਾਇਤਾ ਦਿੱਤੀ। ਇਹ ਚੰਦੂ ਵਰਗੇ ਨਿੰਜ-ਦ੍ਰੋਹੀਆਂ, ਬ੍ਰਾਹਮਣ ਵਡਕਿਆਂ ਜੋ ਸ੍ਰੀ ਗੁਰੂ ਅਮਰ ਦਾਸ ਜੀ

ਦੇ ਜੀ ਸਮੇਂ ਤੋਂ ਖੁਣਸਾ ਰਹੇ ਸਨ ਤੇ ਸ਼ਰੱਈ ਮੁਸਲਮਾਨਾਂ ਤਅੱਸਬੀਆਂ ਨੇ, ਜੋ ਮੁਸਲਮਾਨਾਂ ਦੇ ਸਿਖ ਬਣ ਜਾਣ ਤੋਂ ਸੜ ਰਹੇ ਸਨ, ਮਤਾ ਪਕਾ ਕੇ, ਬਾਦਸ਼ਾਹ, ਕੰਨ ਦੇ ਕੱਚੇ ਨੂੰ ਤੇ ਉਸ ਵੇਲੇ ਦੇ ਚੜ੍ਹੇ ਹੋਏ ਗੁੱਸੇ ਦੇ ਵੇਲੇ ਨੂੰ ਗ਼ਨੀਮਤ ਜਾਣ ਕੇ ਊਜ ਲਾਈ ਹੈ, ਜਿਸ ਵੇਲੇ ਕਿ ਬਾਦਸ਼ਾਹ ਲਾਹੌਰ ਅੱਪੜ ਕੇ ਖ਼ੁਸਰੋ ਦਾ ਕੰਮ ਕਰ ਰਿਹਾ ਹੈ, ਉਨ੍ਹਾਂ ਨੂੰ ਚੇਤਾ ਆਇਆ ਕਿ ਹੁਣ ਵੇਲਾ ਹੈ ਤੇ ਉਸ ਦੇ ਕੰਨ ਭਰ ਕੇ ਉਸ ਨੂੰ ਭੜਕਾ ਦਿੱਤਾ।

ਅਖ਼ੀਰਲੀ ਗੱਲ ਵਿਚਾਰ ਵਾਲੀ ਇਹ ਹੈ ਕਿ ਚਿਰ ਮਗਰੋਂ ਜਦੋਂ ਬਾਦਸ਼ਾਹ ਨੇ ਚੰਦੂ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਕਿ ਜੋ ਸਜ਼ਾ ਚਾਹੋ ਦਿਓ, ਤਦੋਂ ਬਾਦਸ਼ਾਹ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਸਾਬਤ ਹੋ ਗਈ ਹੋਊ, ਤਾਂ ਹੀ ਚੰਦੂ ਨੂੰ ਦੋਸ਼ੀ ਸਮਝ ਕੇ ਹਵਾਲੇ ਕੀਤਾ ਹੋਊ ਨਾ। ਯਾਦ ਰਹੇ ਕਿ ਇਹ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ, ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦਿੰਦੇ ਸਨ, ਅਰ ਅਕਸਰ ਜਦ ਬਹੁਤ ਵੱਡਾ ਤੇ ਅਤਿ ਪਾਪ ਹੋਇਆ ਹੋਵੇ। ਸੋ ਆਪਣੇ ਇਕ ਨਿੱਜ ਦੇ ਅਹਿਲਕਾਰ ਨੂੰ ਅਪਰਾਧੀ ਕਰਾਰ ਦੇ ਕੇ ਹਵਾਲੇ ਕਰ ਦੇਣਾ ਪੱਕੀ ਦਲੀਲ ਹੈ ਇਸ ਗੱਲ ਦੀ, ਕਿ ਬਾਦਸ਼ਾਹ ਨੂੰ ਸਾਬਤ ਹੋ ਗਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ, ਤੇ ਇਸ (ਚੰਦੂ) ਨੇ ਮੇਰੇ ਪਾਸ ਕੂੜ ਮਾਰਿਆ, ਤੇ ਝੂਠੀਆਂ ਊਜਾਂ ਦਿੱਤੀਆਂ ਤੇ ਮੈਥੋਂ ਗ਼ਲਤੀ ਕਰਵਾਈ ਸੀ[੧] ਤੇ ਪਿਛੋਂ ਵਹਿਸ਼ੀਆਨਾ ਤਸੀਹੇ ਦਿੱਤੇ ਸਨ। ਮਾਮਲਾ ਹੋਰ ਖੋਜ ਦਾ ਮੁਹਤਾਜ ਹੈ। ਪਰ ਇਹ ਟੋਲ ਦੱਸਦੀ ਹੈ ਕਿ ਸ੍ਰੀ ਸਤਿਗੁਰੂ ਜੀ ਦਾ ਕੋਈ ਸੰਬੰਧ ਖ਼ੁਸਰੋ ਨਾਲ ਨਹੀਂ ਪਿਆ। ਐਤਨੇ ਸਾਰੇ ਦਿਨ ਬਾਦਸ਼ਾਹ ਦੇ ਸ੍ਰੀ ਗੋਇੰਦਵਾਲੋਂ ਲੰਘ ਜਾਣ ਦੇ ਮਗਰੋਂ ਗੁਰ-ਦ੍ਰੋਹੀਆਂ ਨੇ ਘਾੜਤ ਘੜੀ ਤੇ ਬਾਦਸ਼ਾਹ ਦੇ ਕੱਚੇ ਦਿਲ ਨੂੰ ਜ਼ਹਿਰ-ਆਲੂਦਾ ਕਰ ਕੇ ਸਾਕਾ ਵਰਤਾਇਆ।

ਬਾਦਸ਼ਾਹ ਦੇ ਚੰਦੂ ਨੂੰ ਸਤਿਗੁਰੂ ਜੀ ਦੇ ਹਵਾਲੇ ਕਰ ਦੇਣ ਤੋਂ ਪਤਾ ਲੱਗਦਾ ਹੈ ਕਿ ਪੀਰ ਮੀਆਂ ਮੀਰ ਤੇ ਵਜ਼ੀਰ ਖ਼ਾਂ ਦੇ ਬਾਦਸ਼ਾਹ ਨੂੰ ਸੱਚੋ ਸੱਚ ਕਹਿਣੇ 'ਤੇ ਅਰ ਹੁਣ ਗੁਰੂ ਜੀ ਦੇ ਦੱਸਣੇ 'ਤੇ ਬਾਦਸ਼ਾਹ ਨੂੰ ਨਿਸਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਜੋ ਦੂਸ਼ਣ ਲਾਇਆ ਗਿਆ ਸੀ, ਸੋ ਗ਼ਲਤ ਸੀ। ਇਸ ਕਰਕੇ ਉਸ ਨੇ ਆਪਣੇ ਦਿੱਤੇ ਗ਼ਲਤ ਹੁਕਮ ਦਾ ਦੋਸ਼ੀ ਚੰਦੂ ਨੂੰ ਕਰਾਰ ਦਿੱਤਾ, ਜਿਸ ਨੇ ਝੂਠੀ ਖ਼ਬਰ ਦਿੱਤੀ ਸੀ। ਆਪਣੇ ਆਪ ਨੂੰ ਬੇਗੁਨਾਹ ਦੇ ਖ਼ੂਨ ਦੇ ਦੋਸ਼ ਤੋਂ ਬਚਾਉਣ ਲਈ ਬਾਦਸ਼ਾਹ ਨੇ ਚੰਦੂ ਸਤਿਗੁਰਾਂ ਦੇ ਹਵਾਲੇ ਕੀਤਾ, ਇਹ ਉਸ ਸਮੇਂ ਇਕ ਰਿਵਾਜ ਹੈਸੀ ਕਿ ਹਾਕਮ ਲੋਕ ਭਾਰੇ ਅਪਰਾਧੀ ਨੂੰ, ਜਿਨ੍ਹਾਂ ਦਾ ਉਸ ਨੇ ਅਪਰਾਧ ਕੀਤਾ ਹੋਵੇ, ਉਸ

---

੧. 'ਇਸ ਨੇ ਜਹਾਂਗੀਰ ਬਾਦਸ਼ਾਹ ਕੇ ਹਜ਼ੂਰ ਮੇਂ ਸ੍ਰੀ ਗੁਰੂ ਜੀ ਕੀ ਨਿਸਬਤ ਬਹੁਤ ਸੀ ਬਦਗੋਈਆਂ ਵ ਗ਼ੰਮਾਜ਼ੀਆਂ ਕੀਂ, ਯਹਾਂ ਤਕ ਕਿ ਬਾਦਸ਼ਾਹ ਕਾ ਮਿਜ਼ਾਜ ਸ੍ਰੀ ਗੁਰੂ ਜੀ ਕੀ ਤਰਫ਼ ਸੇ ਬਰਹਮ ਹੋ ਕਰ ਸ੍ਰੀ ਗੁਰੂ ਜੀ ਕੀ ਤਲਬੀ ਬਮਕਾਮ ਲਾਹੌਰ ਹੁਈ......।'

(*ਤਵਾਰੀਖ਼ ਪੰਜਾਬ* ਲਿਖਤ ਰਾਇ ਸਾਹਿਬ ਘਨੱਯਾ ਲਾਲ)

ਦੇ ਹਵਾਲੇ ਕਰ ਦਿੰਦੇ ਸਨ ਤਾਕਿ ਜੋ ਦੰਡ ਉਹ ਚਾਹੁਣ ਦੇ ਕੇ ਜੀਅ ਠੰਢਾ ਕਰ ਲੈਣ। ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕਰ ਦੇਣਾ ਕਾਫ਼ੀ ਸਬੂਤ ਹੈ ਇਸ ਗੱਲ ਦਾ ਕਿ ਬਾਦਸ਼ਾਹ ਨੂੰ ਗੁਰੂ ਜੀ ਦੇ ਅਦੋਸ਼ ਹੋਣ ਦਾ ਪੱਕਾ ਨਿਸਚਾ ਹੋ ਗਿਆ, ਤੇ ਹੁੰਦਾ ਕਿਉਂ ਨਾ, ਇਕ ਪੀਰ ਮੀਆਂ ਮੀਰ ਦਾ ਕਹਿਣਾ, ਦੂਜੇ ਵਜ਼ੀਰ ਖ਼ਾਂ ਦਾ ਤੇ ਤੀਜੇ ਗੁਰੂ ਜੀ ਦਾ ਇਸ ਵੇਲੇ ਸਾਰਾ ਹਾਲ ਦੱਸਣਾ ਬੜੇ ਪੱਕੇ ਸਬੂਤ ਸਨ। ਤਦੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ੫, ਅੰਸੂ ੩ ਵਿਖੇ ਬਾਦਸ਼ਾਹ ਕਹਿੰਦਾ ਹੈ:

**ਇਹ ਅਪਰਾਧੀ ਨਿਰਨੈ ਲਹਯੋ।**

ਪੁਨਾ: **ਸੀਸ ਹਮਾਰੇ ਫ਼ਰਜ਼ ਨ ਰਹੈ।**

ਪੁਨਾ: **ਜੋ ਅਪਰਾਧੀ ਵਡੋ ਹਮਾਰਾ।**
**ਦੇ ਕਰਿ ਅਪਨੇ ਦੋਸ਼ ਉਤਾਰਾ।** ਆਦਿ।

ਭਾਈ ਸੰਤੋਖ ਸਿੰਘ ਜੀ ਕਰਤਾ *ਗੁਰ ਪ੍ਰਤਾਪ ਸੂਰਜ ਗ੍ਰੰਥ* ਜੋ ਬਾਦਸ਼ਾਹ ਵੱਲੋਂ ਕਤਲ ਦੇ ਹੁਕਮ ਦਾ ਜ਼ਿਕਰ ਨਹੀਂ ਕਰਦੇ ਪਰ ਜੁਰਮਾਨੇ ਲੈਣ ਦਾ, ਤੇ ਅੱਗੋਂ ਵਧੀਕੀ ਚੰਦੂ ਦੀ ਦੱਸਦੇ ਹਨ; ਇਹ ਭੁੱਲ ਉਸ ਸਮੇਂ ਦੇ ਲੇਖਕਾਂ *ਦਬਿਸਤਾਨਿ ਮਜ਼ਾਹਬ* ਵਾਲੇ ਵਰਗਿਆਂ ਕੋਲੋਂ ਵੀ ਹੋਈ। ਤੇ ਉਸੇ ਦੀ ਤੋਰੀ ਗੱਲ ਦੇ ਮਗਰ ਲਗਪਗ ਸਾਰੇ ਮਗਰਲੇ ਇਤਿਹਾਸਕਾਰ ਲਕੀਰ ਦੇ ਫ਼ਕੀਰ ਬਣੇ ਟੁਰੀ ਗਏ ਹਨ। ਬਾਦਸ਼ਾਹ ਦੇ ਆਪਣੇ ਲਿਖੇ ਨੂੰ ਕਿਸੇ ਨੇ ਨਹੀਂ ਗਉਲਿਆ। ਦੂਸਰੇ ਜਦ ਬਾਦਸ਼ਾਹ ਨੇ ਚੰਦੂ ਨੂੰ ਹਵਾਲੇ ਕਰ ਕੇ ਆਪਣੇ ਹੱਥ ਉਸ ਮਹਾਨ ਪਵਿੱਤਰ ਆਤਮਾ ਦੇ ਖ਼ੂਨ ਤੋਂ ਧੋਤੇ, ਤਾਂ ਲੋਕਾਂ ਵਿਚ ਬਾਦਸ਼ਾਹ ਦੀ ਬੇਗੁਨਾਹੀ ਦਾ ਨਿਸਚਾ ਹੋ ਗਿਆ, ਤੇ ਇਹੋ ਟਪਲਾ ਸਿਖ ਲੇਖਕਾਂ ਨੇ ਖਾਧਾ ਜਾਪਦਾ ਹੈ ਕਿ ਉਹ ਮੁੱਢ ਤੋਂ ਹੀ ਬੇਕਸੂਰ ਸੀ। ਜੋ ਅਸੀਂ ਉੱਪਰ-ਲਿਖ ਆਏ ਹਾਂ, ਉਸ ਦੀ ਵਿਚਾਰ ਤੇ ਬਾਦਸ਼ਾਹ ਦਾ ਚੰਦੂ ਨੂੰ ਸਤਿਗੁਰਾਂ ਦੇ ਹਵਾਲੇ ਕਰ ਦੇਣਾ ਇਸ ਗੱਲ ਦਾ ਸਬੂਤ ਦਿੰਦਾ ਹੈ ਕਿ ਗੁਰੂ ਜੀ ਮੂਲੋਂ ਦੋਸ਼ੀ ਨਹੀਂ ਸਨ। ਇਸ ਦੋਸ਼ ਦੀ ਊਜ ਬਣਾ ਕੇ ਬਾਦਸ਼ਾਹ ਤੋਂ ਕਹਿਰ ਕਰਵਾਇਆ ਗਿਆ ਸੀ, ਉਹ ਗੁਰ-ਦ੍ਰੋਹੀਆਂ ਦੀ ਘੜੀ ਹੋਈ ਸੀ ਤੇ ਚੰਦੂ ਬਾਦਸ਼ਾਹ ਨੂੰ ਉਸ ਦੇ ਨਿਸਚੇ ਦਿਵਾਣ ਦਾ ਜ਼ਿੰਮੇਵਾਰ ਸੀ।

ਜੇ ਕਿਹਾ ਜਾਵੇ ਕਿ ਬਾਦਸ਼ਾਹ ਨੇ ਨਿਰਾ ਜੁਰਮਾਨਾ ਕੀਤਾ ਸੀ ਤੇ ਚੰਦੂ ਨੇ ਸ਼ਹੀਦ ਕਰ ਦਿੱਤਾ, ਇਸ 'ਤਜਾਵਿਜ਼-ਸਜ਼ਾ' ਦੇ ਬਦਲੇ ਬਾਦਸ਼ਾਹ ਨੇ ਚੰਦੂ ਨੂੰ ਦੋਸ਼ੀ ਕਰਾਰ ਦਿੱਤਾ ਤਾਂ ਠੀਕ ਨਹੀਂ, ਕਿਉਂਕਿ ਬਾਦਸ਼ਾਹ ਨੇ ਆਪ ਲਿਖਿਆ ਹੈ ਕਿ ਮਾਰ ਦੇਣ ਦਾ ਹੁਕਮ ਮੈਂ ਦਿੱਤਾ ਹੈ, ਇਸ ਸਜ਼ਾ ਨੂੰ ਘਟਾਣ ਜਾਂ ਜੁਰਮਾਨੇ ਵਿਚ ਬਦਲਣ ਦਾ ਬਾਦਸ਼ਾਹ ਮੂਲੋਂ ਜ਼ਿਕਰ ਨਹੀਂ ਕਰਦਾ। ਇਸ ਤੋਂ ਸਪੱਸ਼ਟ ਹੋ ਗਿਆ ਕਿ ਬਾਦਸ਼ਾਹ ਨੂੰ ਸਾਬਤ ਹੋ ਗਿਆ ਕਿ ਗੁਰੂ ਜੀ ਪੁਰ ਲਾਇਆ ਗਿਆ ਇਲਜ਼ਾਮ ਗ਼ਲਤ ਸੀ ਤੇ ਚੰਦੂ ਇਹ ਝੂਠਾ ਇਲਜ਼ਾਮ ਲਾ ਕੇ ਬਾਦਸ਼ਾਹ ਤੋਂ ਗ਼ਲਤੀ, ਕਰਵਾਣ ਦਾ ਜ਼ਿੰਮੇਵਾਰ ਸੀ।

ਬਹੁਤ ਲੋਕਾਂ ਦਾ ਹੁਣ ਤਕ ਖ਼ਿਆਲ ਹੈ ਕਿ ਜਹਾਂਗੀਰ ਬੜਾ ਨਰਮ-ਦਿਲ ਤੇ

ਨਿਆਂਕਾਰੀ ਸੀ, ਉਹ ਆਪ ਭੀ ਲਿਖਦਾ ਹੈ ਕਿ ਮੱਚੇ ਜੰਗ ਦੇ ਸ਼ਿਕਾਰ ਬਿਨਾਂ ਕਿਸੇ ਦੀ ਜਾਨ ਨਹੀਂ ਲੈਣੀ ਚਾਹੀਦੀ, ਪਰ ਉਸ ਦੀਆਂ ਬੇ-ਰਹਿਮੀਆਂ ਸਖ਼ਤ ਜ਼ਾਲਮਾਨਾ ਹਨ। ਉਸ ਦੀ ਨਰਮੀ, ਨਿਆਂ ਤੇ ਅਤਿਆਚਾਰ ਸਾਰੇ ਇਕੱਠੇ ਉਸ ਵਿਚ ਸਨ। *ਤੁਜ਼ਕਿ ਜਹਾਂਗੀਰੀ* ਦਾ ਮੁਤੱਰਜਮ 'ਰਾਜ ਰਸ' ਕਹਿੰਦਾ ਹੈ: "ਜਹਾਂਗੀਰ ਅਜੀਬ ਮਿਲਗੋਭਾ ਸੀ; ਉਹ ਖੜਾ ਹੋ ਕੇ ਆਪਣੇ ਸਾਹਮਣੇ ਜੀਉਂਦਿਆਂ ਮਨੁੱਖਾਂ ਦੀਆਂ ਖੱਲਾਂ ਲੁਹਾਉਂਦਾ ਤੇ ਵੇਖ ਸਕਦਾ ਸੀ ਤੇ ਜੀਕੂੰ ਉਹ (ਜਹਾਂਗੀਰ) ਆਪ ਦੱਸਦਾ ਹੈ ਕਿ ਇਕ ਆਦਮੀ ਨੂੰ ਮੈਂ ਜਾਨੋਂ ਮਰਵਾ ਦਿੱਤਾ ਤੇ ਦੋਹਾਂ ਦੀਆਂ ਸੜ੍ਹਾਂ ਵਢਾ ਦਿੱਤੀਆਂ ਕਿਉਂਕਿ ਉਹ ਬੇ-ਮੌਕਿਆ ਬਾਦਸ਼ਾਹ ਦੇ ਸਾਹਮਣੇ ਕਿਉਂ ਆ ਖੜੋਤੇ ਜਾਂ ਮੇਰੇ ਸ਼ਿਕਾਰ ਨੂੰ ਕਿਉਂ ਡਰਾ ਦਿੱਤਾ। ਫਿਰ ਉਹ ਨਿਆਂ ਦਾ ਯਾਰ ਵੀਰਵਾਰ ਦੀਆਂ ਸ਼ਾਮਾਂ ਉੱਚੀਆਂ ਗੁਫ਼ਤਗੂਆਂ ਵਿਚ ਖ਼ਰਚ ਕਰ ਸਕਦਾ ਸੀ।......ਉਹ (ਜਹਾਂਗੀਰ) ਅਬੁੱਲ ਫ਼ਜ਼ਲ ਨੂੰ ਕਤਲ ਕਰਵਾ ਸਕਦਾ ਸੀ ਤੇ ਬਿਨਾਂ ਪਛਤਾਵੇ ਦੇ ਇਸ ਆਪਣੀ ਕਾਰਵਾਈ ਨੂੰ ਮੰਨਦਾ ਸੀ। ਫੇਰ ਉਹ ਹਾਥੀਆਂ ਨੂੰ ਪਾਲਾ ਲੱਗਦਾ ਵੇਖ ਕੇ ਠੰਢੇ ਪਾਣੀ ਦੀ ਥਾਂ ਗਰਮ ਨਾਲ ਨੁਹਾਉਣ ਦਾ ਹੁਕਮ ਦੇ ਸਕਦਾ ਸੀ। ਹਿੰਦੂ ਫ਼ਕੀਰਾਂ ਨਾਲ ਗੱਲਾਂ ਕਰਦਾ ਸੀ, ਪਰ ਓਹਨਾਂ ਦੇ ਅਵਤਾਰਾਂ ਤੋਂ ਨਫ਼ਰਤ ਕਰਦਾ ਸੀ ਤੇ ਵਿਸ਼ਨੂੰ ਦੀ ਬ੍ਰਾਹ ਅਵਤਾਰ ਦੀ ਮੂਰਤੀ ਤੋੜ ਕੇ ਪੁਸ਼ਕਰ ਵਿਚ ਸੁਟਵਾ ਦਿੱਤੀ ਸਾਸੂ।"

ਐਲਫ਼ਿਨਸਟੋਨ ਲਿਖਦਾ ਹੈ: "ਖ਼ੁਸਰੋ ਦੇ ਖ਼ਾਸ ਸਲਾਹਗੀਰ ਤੇ ਉਸ ਦੇ ਮਗਰ ਲੱਗਣ ਵਾਲੇ ਜੋ ਬਾਦਸ਼ਾਹ ਦੇ ਹੱਥ ਆਏ, ਉਸ ਨੂੰ ਓਹਨਾਂ ਪੁਰ ਆਪਣੇ ਆਚਰਨ ਦਾ ਵਹਿਸ਼ੀ-ਪੁਣਾ ਜ਼ਾਹਰ ਕਰਨ ਦਾ ਪੂਰਾ ਮੌਕਾ ਮਿਲਿਆ। ਸਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਕਤਾਰ ਵਿਚ (Impale) ਕੀਤੇ ਗਏ, ਅਰਥਾਤ ਸੂਲੀ ਚਾੜ੍ਹੇ ਗਏ। ਉਹ (ਜਹਾਂਗੀਰ) ਆਪਣੀ ਤੁਜ਼ਕ ਵਿਚ ਉਹਨਾਂ ਦੀਆਂ ਭਿਆਨਕ ਜਾਨਕਨੀ ਦੀਆਂ ਪੀੜਾਂ ਨੂੰ ਖ਼ੁਸ਼ ਹੋ ਹੋ ਲਿਖਦਾ ਹੈ। ਆਪਣੇ ਵਹਿਸ਼ੀ-ਪੁਣੇ ਨੂੰ ਪੂਰਾ ਕਰਨ ਲਈ ਬਾਦਸ਼ਾਹ ਨੇ ਖ਼ੁਸਰੋ ਨੂੰ ਹਾਥੀ 'ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਦੇ ਵਿਚ ਦੀ ਲੰਘਾਇਆ, ਜਦੋਂ ਨਕੀਬ ਕਹਿ ਰਿਹਾ ਸੀ ਕਿ 'ਲੈ ਬੱਚੂ ਆਪਣੇ ਨੌਕਰਾਂ ਦੀਆਂ ਸਲਾਮਾਂ' ਆਦਿ।"

ਸ੍ਰੀ ਗੁਰੂ ਜੀ ਪੁਰ ਊਜਾਂ ਥੱਪਣ ਬਾਬਤ ਮੈਕਾਲਿਫ਼ ਨੇ ਐਉਂ ਦੱਸਿਆ ਹੈ: "ਪੰਡਤਾਂ ਤੇ ਕਾਜ਼ੀਆਂ ਨੂੰ ਭੀ (ਇਹ) ਸਮਾਂ ਚੰਗਾ ਲੱਭਾ ਕਿ ਸ੍ਰੀ ਗੁਰੂ ਜੀ 'ਤੇ ਲਾਏ ਗਏ ਪੁਰਾਣੇ ਦੋਸ਼ਾਂ ਨੂੰ, ਕਿ (ਓਹਨਾਂ ਨੇ ਇਕ) ਪੁਸਤਕ ਰਚੀ ਹੈ ਜਿਸ ਵਿਚ ਹਿੰਦੂਆਂ ਦੀਆਂ ਰਸਮਾਂ, ਪੂਜਾ ਤੇ ਮੁਸਲਮਾਨਾਂ ਦੇ ਨਮਾਜ਼, ਰੋਜ਼ਿਆਂ ਨੂੰ ਨਿੰਦਿਆ ਹੈ, ਨਵੇਂ ਸਿਰੇ ਫੇਰ ਚੁੱਕਿਆ ਹੈ। ਇਸ ਤਰ੍ਹਾਂ ਦੇ ਦੋਸ਼ ਲਾ ਕੇ ਚੰਦੂ ਨੇ ਬਾਦਸ਼ਾਹ ਨੂੰ ਸ੍ਰੀ ਗੁਰੂ ਅਰਜਨ (ਜੀ) ਦੇ ਬੁਲਾ ਭੇਜਣ ਲਈ ਪ੍ਰੇਰਿਆ। ਚੰਦੂ ਦਾ ਦਿਲ ਹੁਣ ਪ੍ਰਸੰਨ ਸੀ ਕਿਉਂਕਿ ਉਹ ਜਾਣਦਾ ਸੀ ਕਿ ਆਖ਼ਰ ਬਦਲਾ ਲੈਣ ਦਾ ਸਮਾਂ ਉਸ ਨੂੰ ਮਿਲ ਹੀ ਪਿਆ।

ਫਿਰ ਮੈਕਾਲਿਫ਼ ਨੇ ਜੁਰਮਾਨੇ ਦੇਣ ਦੇ ਜਵਾਬ ਵਿਚ ਸ੍ਰੀ ਗੁਰੂ ਜੀ ਦਾ ਇਹ ਉੱਤਰ ਦਿੱਤਾ ਹੈ:

'ਜੋ ਧਨ ਮੇਰੇ ਕੋਲ ਹੈ, ਉਹ ਗ਼ਰੀਬਾਂ, ਅਨਾਥਾਂ ਤੇ ਪਰਦੇਸੀਆਂ ਲਈ ਹੈ, ਜੇ ਤੂੰ ਧਨ ਮੰਗਦਾ ਹੈਂ ਤਾਂ ਜੋ ਕੁਝ ਮੇਰੇ ਕੋਲ ਹੈ ਲੈ ਲੈ, ਪਰ ਜੇ ਤੂੰ ਕਹੇਂ ਕਿ ਜੁਰਮਾਨਾ ਕਰ ਕੇ, (ਮੈਂ) ਲੈਣਾ ਹੈ, ਤਾਂ ਮੈਂ ਤੈਨੂੰ ਇਕ ਕੌਡੀ ਭੀ ਨਹੀਂ ਦੇਵਾਂਗਾ। ਕਾਰਨ ਇਹ ਕਿ ਜੁਰਮਾਨਾ ਦੁਨੀਆ ਦੇ ਚੋਰਾਂ-ਉਚੱਕਿਆਂ 'ਤੇ ਲੱਗਦਾ ਹੈ, ਨਾ ਕਿ ਸਾਧੂਆਂ ਤੇ ਵਿਰੱਕਤਾਂ ਉਤੇ, ਅਤੇ ਜੋ ਤੂੰ (ਸ੍ਰੀ ਗੁਰੂ) ਗ੍ਰੰਥ ਸਾਹਿਬ ਜੀ ਵਿਚੋਂ ਸ਼ਬਦਾਂ ਦੇ ਕੱਟਣ ਵਾਸਤੇ ਆਖਿਆ ਹੈ, ਮੈਂ (ਉਨ੍ਹਾਂ ਵਿਚੋਂ) ਇਕ ਅੱਖਰ ਭੀ ਕੱਟ ਨਹੀਂ ਸਕਦਾ। ਮੈਂ ਅਕਾਲ ਤੇ ਮਹਾਂ ਆਤਮਾ (ਵਾਹਿਗੁਰੂ) ਦਾ ਪੁਜਾਰੀ ਹਾਂ। ਉਸ ਤੋਂ ਬਿਨਾਂ ਕੋਈ (ਹੋਰ) ਸ਼ਹਿਨਸ਼ਾਹ ਨਹੀਂ, ਤੇ ਜੋ ਉਸ (ਪਰਮਾਤਮਾ) ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤਕ ਤੇ ਉਸ ਤੋਂ ਪਿਛੋਂ ਮੇਰੇ 'ਤੇ ਉਤਾਰਿਆ ਹੈ (ਉਹ ਪਰਮ) ਪਾਵਨ (ਸ੍ਰੀ ਗੁਰੂ) ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ, ਜੋ ਸ਼ਬਦ ਇਸ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚੇ ਲਿਖੇ ਗਏ ਹਨ ਉਹ ਕਿਸੇ ਤਰ੍ਹਾਂ ਭੀ ਕਿਸੇ ਹਿੰਦੂ ਦੇਵਤਾ ਜਾਂ ਮੁਸਲਮਾਨ ਪੈਗ਼ੰਬਰ ਦਾ ਅਪਮਾਨ ਨਹੀਂ ਕਰਦੇ। ਇਸ ਵਿਚ ਕੋਈ ਸੰਸਾ ਨਹੀਂ ਕਿ (ਇਹ) ਇਸ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਲਿਖਿਆ ਹੋਇਆ ਹੈ ਕਿ ਪੈਗ਼ੰਬਰ, ਅਵਤਾਰ, ਦੇਵਤੇ, ਸਭ ਉਸੇ ਅਕਾਲ (ਪੁਰਖ) ਦੇ ਸਾਜੇ ਹੋਏ ਹਨ, ਜਿਸ ਦਾ ਅੰਤ ਕੋਈ ਪਾ ਨਹੀਂ ਸਕਦਾ। ਮੇਰਾ ਮੁਖ ਮੰਤਵ ਸੱਚ ਨੂੰ ਫੈਲਾਣ ਤੇ ਕੂੜ ਦੇ ਨਾਸ਼ ਕਰਨ ਦਾ ਹੈ, ਤੇ ਇਸ ਦੇ ਪ੍ਰਚਾਰ ਵਿਚ ਇਹ (ਮੇਰਾ) ਨਾਸ਼ਮਾਨ ਸਰੀਰ ਛੁਟ ਜਾਏ ਤਾਂ ਮੈਂ ਇਸ ਨੂੰ ਆਪਣੇ ਵੱਡੇ ਚੰਗੇ ਭਾਗ ਗਿਣਾਂਗਾਂ।' "

ਇਕ ਅਸਚਰਜ ਗੱਲ ਹੈ ਕਿ ਬਾਦਸ਼ਾਹ ਲਿਖਦਾ ਹੈ ਕਿ 'ਮੈਂ ਮਾਰ ਦੇਣ ਦਾ ਹੁਕਮ ਦਿੱਤਾ ਹੈ' ਤੇ ਦਬਿਸਤਾਨਿ ਵਾਲਾ ਲਿਖਦਾ ਹੈ ਕਿ 'ਭਾਰੀ ਜੁਰਮਾਨਾ ਕੀਤਾ'। ਕਵਿ ਜੀ ਜੁਰਮਾਨਾ ਤਾਂ ਲਿਖਦੇ ਹਨ, ਪਰ ਬਾਦਸ਼ਾਹ ਵੱਲੋਂ ਬੇ-ਅਦਬੀ ਤੇ ਮਾਰਨ ਦੇ ਹੁਕਮ ਦਾ ਪਤਾ ਨਹੀਂ ਲਿਖਦੇ। ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਜਦ ਬਾਦਸ਼ਾਹ ਨੇ ਚੰਦੂ ਨੂੰ ਦੋਸ਼ੀ ਠਹਿਰਾਇਆ ਤੇ ਸਜ਼ਾ ਲਈ ਸਤਿਗੁਰਾਂ ਦੇ ਹਵਾਲੇ ਕਰ ਦਿੱਤਾ ਤਾਂ ਬਾਦਸ਼ਾਹ ਨੇ ਲੋਕਾਂ ਵਿਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖ਼ਿਆਲ ਆਮ ਪ੍ਰਚੁਰ ਹੋ ਗਿਆ ਤੇ ਸਰਬ ਸਾਧਾਰਨ ਦੇ ਸੀਨੇ ਬਸੀਨੇ ਟੁਰਿਆ ਆਇਆ। ਇਥੋਂ ਤਾਈਂ ਇਹ ਗੱਲ ਹੈ ਕਿ ਬਾਦਸ਼ਾਹ ਵੱਲੋਂ ਕਤਲ ਕਰ ਦੇਣ ਦੇ ਹੁਕਮ ਦਾ ਪਤਾ ਫ਼ਾਰਸੀ ਇਤਿਹਾਸਕਾਰ *ਦਬਿਸਤਾਨਿ-ਮਜ਼ਾਹਬ* ਵਾਲੇ ਨੂੰ ਵੀ ਨਹੀਂ ਲੱਗਾ ਤੇ ਕਈ ਅੰਗਰੇਜ਼ੀ ਤੇ ਹੋਰ ਫ਼ਾਰਸੀ ਉਰਦੂ ਦੇ ਇਤਿਹਾਸਕਾਰਾਂ ਨੂੰ ਵੀ ਥਹੁ ਨਹੀਂ ਪਿਆ।

ਬਾਕੀ ਰਹੀ ਇੱਡੇ ਕਰੜੇ ਤਸੀਹਿਆਂ ਵਿਚ, ਜੋ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਵਰਣਨ ਕੀਤੇ ਹਨ, ਸ੍ਰੀ ਸਤਿਗੁਰੂ ਅਰਜਨ ਦੇਵ ਜੀ ਦੀ ਬਿਰਤੀ ਕਿਸ ਪ੍ਰਕਾਰ ਦੀ ਰਹੀ, ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟਵਰਤੀ ਸੱਚੇ ਮਹਾਂ ਪੁਰਖ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸ੍ਰੀ ਸਤਿਗੁਰਾਂ ਦੇ ਪਾਸ ਰਹੇ ਸਿੱਖਾਂ ਤੋਂ ਅੱਖੀਂ ਡਿੱਠੀ ਸੁਣ ਕੇ ਇਉਂ ਦਿੱਤੀ ਹੈ:

**ਰਹਿੰਦੇ ਗੁਰ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ।**
**ਦਰਸਨ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ।**
**ਸਬਦ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ।**
**ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟ ਵਿਚਿ ਰੈਣਿ ਵਿਹਾਣੀ।**
**ਗੁਰੁ ਉਪਦੇਸੁ ਨ ਵਿਸਰੈ, ਬਾਬੀਹੇ ਜਿਉ ਆਖ ਵਖਾਣੀ।**
**ਗੁਰਮੁਖਿ ਸੁਖ ਫਲੁ ਪਿਰਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ।**
**ਗੁਰ ਅਰਜਨ ਵਿਟਹੁ, ਕੁਰਬਾਣੀ।੨੩।**

*(ਵਾਰ ੨੪, ਭਾਈ ਗੁਰਦਾਸ ਜੀ)*

***ਅਰਥ :*** ਸ੍ਰੀ ਗੁਰੂ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਰਬਾਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ) ਉਸ ਵੇਲੇ ਦਰਸ਼ਨ ਉਨ੍ਹਾਂ 'ਤੇ ਸਾਖਯਾਤਕਾਰ ਹੋ ਰਿਹਾ ਸੀ, (ਉਸ) ਦਰਸ਼ਨ ਨੂੰ ਦੇਖ ਕੇ ਪਤੰਗੇ ਵਾਂਙੂ ਉਨ੍ਹਾਂ ਦੀ ਜੋਤ ਜੋਤੀ ਵਿਚ ਸਮਾ ਗਈ। ਹਾਂ (ਬੜੀ ਕਠਨ) ਭੀੜਾ ਉਨ੍ਹਾਂ 'ਤੇ ਪਈ ਸੀ, ਪਰ ਸ਼ਬਦ ਸੁਰਤ ਵਿਚ ਲਿਵ ਲੱਗੀ ਰਹੀ ਮਿਰਗ ਵਾਂਙੂ, ਹੋਰ ਕੋਈ ਫੁਰਨਾ ਉਨ੍ਹਾਂ ਦੇ ਚਿਤ ਵਿਚ ਨਹੀਂ ਆਇਆ। (ਚਲਾਣੇ ਤੋਂ ਪਹਿਲੀ) ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਜੀ ਦੀ (ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਵਲਾਂ ਵਿਚ ਮਿਲੇ ਰਹਿ ਕੇ ਸੁਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ, ਭਾਵ ਸ੍ਰੀ ਗੁਰੂ ਜੀ ਨੇ ਕਸ਼ਟ ਨਹੀਂ ਮੰਨਿਆ, ਸਹਜਾਨੰਦ ਵਿਚ ਹੀ ਰਹੇ। (ਅੰਤਮ ਸੁਆਸਾਂ ਤਕ ਭੀ) ਬਬੀਹੇ ਦੀ ਤਰ੍ਹਾਂ ਪੁਕਾਰ ਕੇ (ਸ਼ਬਦ ਦਾ) ਵਖਿਆਨ ਕਰਦੇ ਰਹੇ। ਗੁਰਮੁਖ (ਸ੍ਰੀ ਗੁਰੂ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ, (ਮੈਂ) ਸ੍ਰੀ ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ (ਜਿਨ੍ਹਾਂ ਦੀ ਇਹ ਅਸਚਰਜ ਕਰਨੀ ਸੀ)।

## ਸਤਵੇਂ ਪਾਤਿਸ਼ਾਹ ਜੀ ਦੇ ਵਿਆਹ

ਸਤਵੇਂ ਪਾਤਿਸ਼ਾਹ ਜੀ ਦੇ ਸੱਤ ਜਾਂ ਅੱਠ ਵਿਆਹ ਦੱਸੇ ਜਾਂਦੇ ਹਨ। ਦੋਹਾਂ *ਮਹਿਮਾ ਪ੍ਰਕਾਸ਼* ਵਿਚ ਇਹ ਗੱਲ ਨਹੀਂ ਲਿਖੀ, ਇਹ ਗ੍ਰੰਥ *ਸੂਰਜ ਪ੍ਰਕਾਸ਼* ਤੋਂ ਪੁਰਾਣਾ ਹੈ। ਛਾਪੇ ਦੇ ਨੁਸਖ਼ੇ ਤੋਂ ਪੁਰਾਣਾ ਹੈ। ਛਾਪੇ ਦੇ ਨੁਸਖ਼ੇ ਤੋਂ ਸਿਵਾਇ ਅਸਾਂ ਕਈ ਲਿਖਤੀ ਨੁਸਖ਼ੇ ਤੱਕੇ ਹਨ। *ਸੂਰਜ ਪ੍ਰਕਾਸ਼* ਵਿਚ ਸਤਿਗੁਰਾਂ ਦੇ ਪਰਸੰਗ ਵਿਚ ਸੱਤਾਂ ਜਾਂ ਅੱਠਾਂ ਵਿਆਹਾਂ ਦਾ ਜ਼ਿਕਰ ਨਹੀਂ ਆਇਆ। ਇਕ ਲਹਿੰਦੇ ਦੇ ਨੁਸਖ਼ੇ ਵਿਚ ਸਾਨੂੰ ਇਹ ਪਰਸੰਗ ਮਿਲਿਆ ਹੈ, ਅਰ ਉਸ ਵਿਚ ੫੫੭ ਸਫ਼ੇ ਤੇ ਅੱਗੇ ੪ ਸਫ਼ਿਆਂ ਦੇ ਅੰਗ ਨਹੀਂ ਲਗੇ ਹੋਏ ਤੇ ਚਾਰ ਸਫ਼ੇ ਦੇ ਮਗਰੋਂ ਫਿਰ ੫੫੮ ਸਫ਼ਾ ਹੀ ਸ਼ੁਰੂ ਹੋ ਜਾਂਦਾ ਹੈ, ਜਿਸ ਤੋਂ ਬਿਨਾਂ ਸ਼ੱਕ ਪਿਆ ਦਿੱਸਦਾ ਹੈ ਕਿ ਇਹ ਚਾਰੇ ਸਫ਼ੇ ਮਗਰੋਂ ਪਾਏ ਗਏ ਹਨ ਤੇ ਆਖੇਪ ਕਰਨ ਵਾਲਾ ਸਫ਼ਿਆਂ ਦੇ ਅੰਗ ਵੀ ਬਦਲਾ ਕੇ ਗੱਲ ਨੂੰ ਨਹੀਂ ਲੁਕਾ ਸਕਿਆ। ਇਸ ਅਧਿਆਇ ਦੀ ਕਵਿਤਾ ਕਵੀ ਸੰਤੋਖ ਸਿੰਘ ਜੀ ਨਾਲੋਂ ਸਿੱਥਲ ਹੈ।

ਇਸ ਵਿਚ ਕਵੀ ਸੰਤੋਖ ਸਿੰਘ ਜੀ ਵਾਲਾ ਜ਼ੋਰ ਨਹੀਂ, ਅਨੇਕਾਂ ਹੀ ਤੁਕਾਂ ਵਿਚ ਮਾਤਰਾਂ ਤਕ ਘਟ ਹਨ। ਫਿਰ ਹਾਸੋ-ਹੀਣੀ ਗੱਲ ਇਹ ਹੈ ਕਿ ਸ੍ਰੀ ਗੁਰੂ ਹਰਿ ਰਾਇ ਜੀ ਦੀ ਉਮਰ ਇਸ ਵੇਲੇ ੧੦ ਸਾਲ ਦੀ ਸੀ। ਇਕ ਆਦਮੀ ਦੀਆਂ ਸਤ ਲੜਕੀਆਂ ਜੋ ਅਤਿ ਛੇਤੀ ਛੇਤੀ ਵੀ ਜੰਮੀਆਂ ਹੋਣ ਤਾਂ ਸਵਾ ਸਾਲ ਦਾ ਫ਼ਰਕ ਹਰ ਇਕ ਵਿਚ ਲੋੜੀਏ। ਇਸ ਹਿਸਾਬ ਜੇ ਵੱਡੀ ਲੜਕੀ ੧੦ ਸਾਲ ਦੀ ਹੀ ਮਿੱਥ ਲਈਏ ਤਾਂ ਸਭ ਤੋਂ ਛੋਟੀ ਲੜਕੀ ਵਰ੍ਹੇ ਸਵਾ ਵਰ੍ਹੇ ਦੀ ਬੈਠਦੀ ਹੈ। ਉਸ ਲੜਕੀ ਨੇ ਤੇ ਸਭ ਤੋਂ ਵੱਡੀ ਧੀ ਦਸ ਸਾਲ ਦੀ ਨੇ ਕੀਕੂੰ ਗੁਰੂ ਜੀ ਨਾਲ ਵਿਆਹ ਦਾ ਪ੍ਰਣ ਵਿਚਾਰਿਆ ਤੇ ਕੀਤਾ, ਤੇ ਜੇ ਮਾਪਿਆਂ ਨੇ ਪ੍ਰਣ ਕੀਤਾ ਤਾਂ ਸਵਾ ਵਰ੍ਹੇ ਦੀ ਬਾਲਕੀ ਲਈ ਦਸ ਬਰਸ ਦਾ ਵਰ ਸੋਚਣਾ ਕੋਈ ਦਿਮਾਗ਼ ਵਾਲੇ ਦਾ ਕੰਮ ਨਹੀਂ ਹੋ ਸਕਦਾ। ਇਸ ਵਿਚਾਰ ਨਾਲ ਭੀ ਇਹ ਕਥਾ ਆਖੇਪਕ ਤੇ ਝੂਠੀ ਸਾਬਤ ਹੁੰਦੀ ਹੈ। ਪਰ ਤਾਂ ਭੀ ਅਸਾਂ, ਜੋ ਸਾਨੂੰ ਸਭ ਤੋਂ ਪੁਰਾਤਨ ਨੁਸਖ਼ਾ *ਗੁਰ ਪ੍ਰਤਾਪ ਸੂਰਜ* ਦਾ ਮਿਲ ਸਕਿਆ ਹੈ, ਵੇਖਿਆ ਹੈ। ਇਹ ੧੯੧੯ ਸੰਮਤ ਦਾ ਲਿਖਤੀ ਹੈ।

ਅਰਥਾਤ ਕਵਿ ਜੀ ਦੇ ਚਲਾਣੇ ਤੋਂ ਕੇਵਲ ੧੯ ਬਰਸ ਦੇ ਵਿਚ ਲਿਖ ਕੇ ਸਮਾਪਤ ਹੋਇਆ ਹੋਇਆ ਹੈ। ਇਸ ਵਿਚ ਇਹ ਅੰਸੂ ਵਿਆਹਾਂ ਵਾਲਾ ਨਹੀਂ ਹੈ, ਜਿਸ ਤੋਂ ਨਿਰਸੰਸੇ ਸਿੱਧ ਹੋ ਗਿਆ ਕਿ ਇਹ ਆਖੇਪਕ ਹੈ। ਸੋ ਸੱਤ ਵਿਆਹਾਂ ਵਾਲੀ ਗੱਲ ਸਾਨੂੰ ਨਾ *ਸੂਰਜ ਪ੍ਰਕਾਸ਼* ਤੋਂ ਮਿਲੀ ਤੇ ਨਾ ਹੀ *ਮਹਿਮਾ ਪ੍ਰਕਾਸ਼* ਤੋਂ। *ਮਹਿਮਾ ਪ੍ਰਕਾਸ਼* ਵਿਚ ਕੇਵਲ ਇਕ ਮਹਿਲ ਦਾ ਨਾਮ ਦਿੱਤਾ ਹੈ। ਐਉਂ ਲਿਖਦੇ ਹਨ:

**ਬਾਬਾ ਗੁਰਦਿਤਾ ਪਿਤਾ, ਰਾਜ ਕੌਰ ਜੀ ਮਾਤ।**
**'ਸੁਲਖਣੀ' ਪਤਿ ਹਰਿ ਰਾਇ ਗੁਰੂ, ਹਰ ਕ੍ਰਿਸ਼ਨ ਰਾਮ ਰਾਇ ਤਾਤ।**

*ਤਵਾਰੀਖ਼ ਖ਼ਾਲਸਾ* ਨੇ ਚਾਰ ਵਿਆਹ ਪਤਾ ਨਹੀਂ ਕਿਥੋਂ ਸਹੀ ਕਰ ਕੇ ਲਿਖੇ ਹਨ ਤੇ ਮੈਕਾਲਿਫ਼ ਨੇ ਸ਼ਾਇਦ ਇਥੋਂ ਹੀ ਸਤਵੇਂ ਸਤਿਗੁਰਾਂ ਦੇ ਵਿਆਹ ਬਹੁ-ਵਚਨ ਵਿਚ ਲਿਖੇ ਹਨ। ਸਾਨੂੰ ਸੰਸਾ ਹੁੰਦਾ ਹੈ ਕਿ *ਸੂਰਜ ਪ੍ਰਕਾਸ਼* ਦੇ ਕਿਸੇ ਐਸੇ ਆਖੇਪ ਵਾਲੇ ਨੁਸਖ਼ੇ ਤੋਂ ਇਨ੍ਹਾਂ ਲੇਖਕਾਂ ਤੇ ਲੋਕਾਂ ਨੇ ਭੁਲੇਖਾ ਖਾਧਾ ਹੈ।

*ਸੂਰਜ ਪ੍ਰਕਾਸ਼* ਦੇ ਬੰਸਾਵਲੀ ਵਾਲੇ ਅੰਸੂ ਵਿਚ ਪਤਾ ਨਹੀਂ ਅੱਠ ਵਿਆਹਾਂ ਦੀ ਗਿਣਤੀ ਕਿਵੇਂ ਚੜ੍ਹੀ ਹੈ। ਇਸ ਦੀ ਖੋਜ ਅਜੇ ਮੁੱਕੀ ਨਹੀਂ, ਪਰੰਤੂ *ਮਹਿਮਾ ਪ੍ਰਕਾਸ਼*, *ਸੂਰਜ ਪ੍ਰਕਾਸ਼* ਤੋਂ ਪੁਰਾਣਾ ਹੋਣ ਕਰਕੇ, ਉਸ ਦੇ ਮੁਕਾਬਲੇ 'ਤੇ ਹਾਲੇ ਸਾਨੂੰ ਸਾਰੀਆਂ ਲਿਖਤਾਂ ਖੰਡਤ ਸਮਝਣੀਆਂ ਚਾਹੀਦੀਆਂ ਹਨ ਤੇ ਸ੍ਰੀ ਗੁਰੂ ਹਰਿ ਰਾਇ ਜੀ ਦੀ ਇੱਕੋ ਸੁਪਤਨੀ ਮਾਤਾ ਸੁਲੱਖਣੀ ਜੀ ਸਹੀ ਸਮਝਣੀ ਚਾਹੀਏ, ਜਿਸ ਨੂੰ ਉਨ੍ਹਾਂ ਨੇ ਰਾਮ ਰਾਇ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਮਾਤਾ ਲਿਖਿਆ ਹੈ।

## ਦੁਰਗਿਆਣਾ

ਇਕ ਇਤਿਹਾਸਕਾਰ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸੀਤਲਾ ਨਿਕਲਣ ਪੁਰ ਗੁਰੂ-ਘਰ ਵਿਚ 'ਖਰਬਾਹਿਨੀ ਦੇਵੀ', ਜਿਸ ਦਾ ਨਾਮ ਸੀਤਲਾ ਸੱਦਦੇ ਹਨ, ਦੀ

ਅਰਾਧਨਾ ਤੇ ਪੂਜਾ ਕਰਨੀ ਲਿਖੀ ਹੈ। ਸੀਤਲਾ ਅਰਾਧੀ ਗਈ ਸੀ ਜਾਂ ਵਾਹਿਗੁਰੂ ਜੀ ਦੀ ਅਰਾਧਨਾ ਹੋਈ ਸੀ, ਇਸ ਗੱਲ ਦੀ ਖੋਜ ਵਿਚ ਸਭ ਤੋਂ ਵਡਮੁੱਲੀ ਤੇ ਨਿਸਚਯਾਤਮਕ ਉਗਾਹੀ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਹੋ ਸਕਦੀ ਹੈ, ਜੋ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦੀ ਹੈ। ਆਪ ਫ਼ਰਮਾਉਂਦੇ ਹਨ :

**ਨੇਤ੍ਰ ਪਰਗਾਸੁ ਕੀਆ ਗੁਰਦੇਵ ॥**
**ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥**
**ਸੀਤਲਾ ਤੇ ਰਾਖਿਆ ਬਿਹਾਰੀ ॥**
**ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥**
**ਨਾਨਕ ਨਾਮੁ ਜਪੈ ਸੋ ਜੀਵੈ ॥**
**ਸਾਧ ਸੰਗਿਤ ਹਰਿ ਅੰਮ੍ਰਿਤੁ ਪੀਵੈ ॥੨॥੧੦੩॥** *(ਗਉੜੀ ਮਹਲਾ ੫)*

ਇਸ ਵਿਚ ਸਪੱਸ਼ਟ ਹੈ ਕਿ ਸੀਤਲਾ ਰੋਗ ਤੋਂ ਰੱਖਣ ਵਾਲਾ ਪਾਰਬ੍ਰਹਮ ਪਰਮੇਸ਼ਰ ਹੈ।

**ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥**
**ਸੀਤਲਾ ਠਾਕਿ ਰਖਾਈ ॥ ਬਿਘਨ ਗਏ ਹਰਿ ਨਾਈ ॥੧॥**
**ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥**
**ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥ਰਹਾਉ॥**
**ਪ੍ਰਭ ਕਰਣ ਕਾਰਣ ਸਮਰਾਥਾ ॥ ਹਰਿ ਸਿਮਰਤ ਸਭੁ ਦੁਖੁ ਲਾਥਾ ॥**
**ਅਪਣੇ ਦਾਸ ਕੀ ਸੁਣੀ ਬੇਨੰਤੀ ॥ ਸਭ ਨਾਨਕ ਸੁਖਿ ਸਵੰਤੀ ॥੨॥੧੧॥੭੫॥**
*(ਸੋਰਠਿ ਮਹਲਾ ੫)*

ਇਸ ਤੋਂ ਭੀ ਸਿੱਧ ਹੋ ਗਿਆ ਕਿ ਕੇਵਲ ਹਰਿ ਨਾਮ ਦਾ ਅਰਾਧਨ ਹੋਇਆ ਹੈ ਤੇ ਰੱਖਣ ਵਾਲਾ ਵਾਹਿਗੁਰੂ ਆਪ ਸੀ। ਫਿਰ ਫ਼ੁਰਮਾਉਂਦੇ ਹਨ :

**ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥**
**ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥**
**ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥**
**ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥੧੬॥**
*(ਗੂਜਰੀ ਮਹਲਾ ੫)*

ਫਿਰ ਸੋਰਠਿ ਮਹਲਾ ੫ ਵਿਚ ਵਾਕ ਹੈ :

**ਹਰਿ ਗੋਬਿੰਦੁ ਪ੍ਰਭਿ ਰਾਖਿਆ ॥**
ਪੁਨਾ : **ਧਾਰਿ ਕ੍ਰਿਪਾ ਪ੍ਰਭ ਹਾਥਿ ਦੇ ਰਾਖਿਆ ਹਰਿਗੋਵਿਦੁ ਨਵਾ ਨਿਰੋਆ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਗੁਰੂ ਪੰਚਮ ਪਾਤਿਸ਼ਾਹ ਜੀ ਨੇ ਆਪ ਬੱਧੀ ਸੀ। ਜੇ ਸੀਤਲਾ-ਉਪਾਸ਼ਕ ਹੁੰਦੇ ਤਾਂ ਇਹ ਸ਼ਬਦ ਸ੍ਰੀ ਨਾਮਦੇਵ ਜੀ ਦਾ ਬੀੜ ਵਿਚ ਨਾ ਚਾੜ੍ਹਦੇ :

**ਭੈਰਉ ਭੂਤ ਸੀਤਲਾ ਧਾਵੈ॥**
**ਖਰ ਬਾਹਨ ਉਹੁ ਛਾਰੁ ਉਡਾਵੈ॥੧॥**

ਸ੍ਰੀ ਗੁਰੂ ਜੀ ਦੀ ਆਪਣੀ ਉਗਾਹੀ ਦੇ ਹੁੰਦਿਆਂ ਹੋਰ ਕਿਸੇ ਖੋਜ ਦੀ ਲੋੜ ਬਾਕੀ ਨਹੀਂ ਰਹਿੰਦੀ। ਫਿਰ ਮਾਤਾ ਜੀ ਵੱਲ ਤੱਕੋ, ਤਾਂ ਮਾਤਾ ਗੰਗਾ ਜੀ ਪਤਿਬ੍ਰਤ, ਗੁਰਬਾਣੀ ਦੇ ਪ੍ਰੇਮੀ ਤੇ ਨੇਮੀ ਪ੍ਰਸਿੱਧ ਸਨ। ਉਹ ਕਦ ਪਤਿ-ਵਿਸ਼ਵਾਸ ਦੇ ਉਲਟ ਜਾ ਸਕਦੇ ਸਨ ? ਜਿਨ੍ਹਾਂ ਦੇ ਪਤੀ ਨੂੰ ਜਗਤ, ਗੁਰੂ ਤੇ ਪਰਮੇਸ਼ਰ ਰੂਪ ਮੰਨਦਾ ਸੀ, ਉਨ੍ਹਾਂ ਦਾ ਪੱਥਰਾਂ ਤੇ ਮੂਰਤਾਂ ਦੇ ਮਗਰ ਫਿਰਨਾ ਕਿਆਸ ਵਿਚ ਨਹੀਂ ਆ ਸਕਦਾ। ਜਦ ਕਦੇ ਬਾਲ ਸ੍ਰੀ ਹਰਿਗੋਬਿੰਦ ਜੀ ਨੂੰ ਕੋਈ ਖੇਚਲ ਜਾਂ ਫੇਰ ਖੇਚਲ ਤੋਂ ਰੱਖਿਆ ਹੋਈ ਹੈ, ਤਦੋਂ ਹੀ ਮਾਤਾ ਜੀ ਨੇ ਗੁਰੂ ਨਾਨਕ ਜੀ ਨੂੰ ਯਾਦ ਕੀਤਾ ਹੈ। ਦੇਖੋ *ਗੁਰ ਪ੍ਰਤਾਪ ਸੂਰਜ*, ਰਾਸ ੩, ਅੰਸੂ ੯, ਅੰਕ ੫।

ਸੱਪ ਤੋਂ ਬਚਣੇ ਪਰ ਮਾਤਾ ਜੀ ਕਹਿੰਦੇ ਹਨ:

**ਸ੍ਰੀ ਗੁਰ ਨਾਨਕ ਨੰਦ ਬਚਾਯਾ।**

ਰਾਸ ੩, ਅੰਸੂ ੧੦, ਅੰਕ ੫ ਵਿਚ ਗੁਰੂ ਨਾਨਕ ਦੇਵ ਜੀ ਦੀ ਰੱਛਾ ਦਾ ਮੰਨਣਾ ਕਰਦੇ ਹਨ। ਗੁਰੂ ਅਰਜਨ ਦੇਵ ਜੀ ਜਿੱਥੇ ਨਾਮ ਜਪਣ ਓਥੇ ਵਿਘਨ ਕੋਈ ਨਹੀਂ ਰਹਿੰਦਾ, ਦਾ ਇਕਰਾਰ ਕਰਦੇ ਹਨ।

ਹੁਣ ਕਵਿ ਜੀ ਦੇ ਆਪਣੇ ਖ਼ਿਆਲ ਰਾਸ ੩, ਅੰਸੂ ੧੩ ਵਿਚ ਦੇਖੋ, ਜਦ ਸ੍ਰੀ ਹਰਿਗੋਬਿੰਦ ਜੀ ਦਾ ਖੇਦ ਵਧਦਾ ਹੈ ਤਦ ਮਾਤਾ ਜੀ ਬੜੇ ਉਦਾਸ ਹੁੰਦੇ ਹਨ ਤੇ ਉਸ ਉਦਾਸੀਨਤਾ ਵਿਚ ਸਤਿਗੁਰਾਂ ਅੱਗੇ ਉਨ੍ਹਾਂ ਦੀ ਐਉਂ ਅਰਦਾਸ ਕਵਿ ਜੀ ਵਰਣਨ ਕਰਦੇ ਹਨ:

**ਪਿਖ ਮਾਤ ਗੰਗ ਚਿੰਤਾ ਬਿਲੰਦ॥**
**'ਸਤਿਗੁਰ ਸਹਾਇ ਹ੍ਵੈ ਅਨੰਦ ਕੰਦ॥੧੪॥**
**ਮੈਂ ਦੀਨ ਬਹੁਤ ਇਹ ਦਰਬ ਮੋਰ॥**
**ਦੁਖ ਹਰਹੁ ਆਪ ਇਹ ਅਧਿਕ ਘੋਰ॥**
**ਕਰੁਨਾ ਨਿਧਾਨ ਜਾਹਰ ਜਹਾਨਾ॥**
**ਦੀਨਨਿ ਨਾਥਿ ਸੁਖ ਕਰਿ ਸੁਜਾਨਾ॥੧੫॥**
**ਦਿਨ ਰੈਨ ਬੈਨ ਬਿਨ ਚੈਨ ਏਵ॥**
**ਗੰਗਾ ਭਨੰਤਿ ਜਸ ਦੇਵ ਦੇਵ॥'**

ਸਤਿਗੁਰੂ ਅਰਜਨ ਦੇਵ ਜੀ, ਮਾਤਾ ਜੀ ਦੀ ਉਦਾਸੀ ਦੇਖ ਧੀਰਜ ਦਿੰਦੇ ਹਨ:

**ਸੁਨਿ ਦੇਤਿ ਧੀਰ 'ਨਹਿੰ ਕਰਹੁ ਤ੍ਰਾਸ॥**
**ਇਕ ਪਾਰਬ੍ਰਹਮ ਕੀ ਧਰਹੁ ਆਸ॥**
**ਗੁਰ ਨਾਨਕ ਇਨ ਕੇ ਨਿਤ ਸਹਾਇ॥**
**ਜਿਨ ਨਾਮ ਜਪੇ ਸਭਿ ਕਸ਼ਟ ਜਾਇ'॥੨੦॥**

ਫਿਰ ਜਦ ਸ੍ਰੀ ਹਰਿਗੋਬਿੰਦ ਜੀ ਦਾ ਸਰੀਰ ਅਰੋਗ ਹੋਣ ਲੱਗਦਾ ਹੈ, ਤਦ ਘਰ ਦੇ ਸਾਰੇ ਦਾਸ ਦਾਸੀਆਂ ਐਉਂ ਬਿਨੈ ਕਰਦੇ ਹਨ:

**ਸਭਿ ਕਹੈਂ 'ਗੁਰ ਨਾਨਕ ਸੁ ਧੰਨ॥**
**ਦੂਖ ਸਮਯ ਆਨਿ ਹੋਇ ਸਹਾਇ॥**
**ਨਿਜ ਦਾਸ ਜਾਨ ਲੀਨਸ ਬਚਾਇ'॥੨੪॥**

ਫਿਰ ਸ੍ਰੀ ਮਹਾਂਦੇਵ ਜੀ ਖ਼ਬਰ ਪੁੱਛਣ ਆਉਂਦੇ ਹਨ ਤਾਂ ਉਨ੍ਹਾਂ ਦੇ ਉੱਤਰ ਵਿਚ ਸਤਿਗੁਰੂ ਜੀ ਫ਼ਰਮਾਉਂਦੇ ਹਨ:

**ਦੀਨਾ ਨਾਥ ਹੋਇ ਸਹਾਇ॥**
**ਦ੍ਰਿਗ ਲਏ ਆਪ ਕਰ ਦੈ ਬਚਾਇ॥੨੯॥** ਇਤਿਆਦਿ

ਪ੍ਰਿਥੀਏ ਜੀ ਦੇ ਆ ਕੇ ਸੁਧ ਲੈਣ ਦੇ ਉੱਤਰ ਵਿਚ ਸਤਿਗੁਰੂ ਅਰਜਨ ਦੇਵ ਜੀ ਦਾ ਉੱਤਰ:

**ਗੁਰ ਕਹਯੋ 'ਪ੍ਰਭੁ ਹੋਵਹਿ ਸਹਾਇ॥**
**ਤੁਮਰੀ ਕ੍ਰਿਪਾ ਸੁ ਲੈਹੈਂ ਬਚਾਇ.....॥੩੩॥**
**ਇਕ ਆਸ ਪ੍ਰਭੂ ਕੀ ਧਰਹਿ ਚੀਤ॥**
**ਜੋ ਸਕਲ ਜਗਤ ਦੁਖ ਸੁਖਹਿ ਕੀਤਿ'॥**

ਫਿਰ ਸਤਿਗੁਰੂ ਜੀ ਦੇ ਉਚਰੇ 'ਨੇਤ੍ਰ ਪ੍ਰਗਾਸ ਕੀਆ ਗੁਰਦੇਵ' ਸ਼ਬਦ ਦਾ ਅਰਥ ਕਵਿ ਜੀ ਆਪਣੀ ਕਵਿਤਾ ਵਿਚ ਐਉਂ ਦਿੰਦੇ ਹਨ:

**ਸ੍ਰੀ ਨਾਨਕ ਗੁਰਦੇਵ ਨੈ ਕਰੇ ਸੌ ਨੈਨ ਪ੍ਰਕਾਸ਼॥**
**ਰੱਛਾ ਕੀਨਸਿ ਹਾਥ ਦੈ ਲਖਿ ਪੂਰੀ ਮਮ ਆਸ॥੪੪॥**
**ਪੂਰਨ ਸੇਵਾ ਜਾਨਿ ਕਰਿ ਭਰਮ ਬਿਦਾਰਯੋ ਦੂਰਿ॥**
**ਨਿਸਚੇ ਅਪਨੇ ਕਰ ਲਏ ਸਭਿ ਨਿੰਦਕ ਕਰਿ ਕੂਰ॥੪੫॥**
**ਨਿਕਸੀ ਅਤਿਸੈ ਸੀਤਲਾ ਤਿਸ ਤੇ ਹ੍ਵੈ ਰਖਵਾਰ॥**
**ਦਾਸ ਉਧਾਰਯੋ ਆਪਨੋ ਪਾਰਬ੍ਰਹਮ ਕਰਤਾਰ॥੪੬॥**
**ਸ੍ਰੀ ਗੁਰ ਨਾਨਕ ਨਾਮ ਜੋ ਜਪਤ ਹੋਇ ਚਿਰ ਜੀਵ॥**
**ਸਾਧੂ ਬ੍ਰਿਧ ਕੇ ਵਾਕ ਤੇ ਦੁਖ ਹਰਿ ਅੰਮ੍ਰਿਤ ਪੀਵ॥੪੭॥**

ਗੁਰੂ-ਘਰ ਵਿਚ ਦੇਵੀ ਦੀ ਜੋ ਥਾਉਂ ਹੈ ਉਹ ਇਤਿਹਾਸ ਵਿਚ ਪਰਗਟ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਦੇਵੀ ਝਾੜੂ ਦੇਂਦੀ ਰਹੀ, ਸ੍ਰੀ ਪਾਵਨ ਲਹਿਣਾ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਮਿਲਣ ਤੋਂ ਪਹਿਲਾਂ ਦੇਵੀ ਦੇ ਭਗਤ ਸਨ, ਦੇਵੀ ਦੀ ਸੰਗਤ ਲੈ ਕੇ ਦਰਸ਼ਨਾਂ ਨੂੰ ਜਾਂਦੇ, ਰਾਹ ਵਿਚ ਗੁਰੂ ਸਾਹਿਬ ਦੇ ਦੀਦਾਰ ਕੀਤੇ, ਦੇਵੀ ਦੀ ਸੰਗਤ ਨੂੰ ਛੱਡ ਦਿੱਤਾ, ਦੇਵੀ ਦਵਾਰੇ ਜਾਣੋਂ ਨਾਂਹ ਕਰ ਦਿੱਤੀ ਤੇ ਸਤਿਗੁਰਾਂ ਦੇ ਚਰਨਾਂ ਵਿਚ ਠਹਿਰ ਗਏ। ਭਾਈ ਭਗੀਰਥ ਨੇ ਦੇਵੀ ਛੱਡ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਲਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਜਿਨ੍ਹਾਂ

ਨੂੰ ਸੀਤਲਾ ਨਿਕਲਣ ਸਮੇਂ ਦਾ ਦੁਰਗਾ ਦੀ ਪੂਜਾ ਹੋਣਾ ਕਵਿ ਜੀ ਨੇ ਲਿਖਿਆ ਹੈ, *ਦਬਿਸਤਾਨਿ-ਮਜ਼ਾਹਬ* ਵਿਚ ਇਕ ਪਰਸੰਗ ਇਨ੍ਹਾਂ ਦੇ ਸਮੇਂ ਦਾ ਲਿਖਿਆ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਸਿਖ ਮੂਲੋਂ ਦੇਵੀ-ਉਪਾਸ਼ਕ ਨਹੀਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਸਨ, ਇਕ ਨਾ-ਬੁੱਤ-ਪ੍ਰਸਤ ਮਜ਼੍ਹਬ ਦੇ ਆਗੂ ਹੋ ਕੇ ਕਦੇ ਗੁਰੂ ਜੀ ਬੁੱਤ-ਪ੍ਰਸਤੀ ਕਰ ਸਕਦੇ ਸਨ ?

ਫਿਰ ਗੁਰੂ ਰਾਮਦਾਸ ਚੱਕ ਤਦੋਂ ਨਵਾਂ ਬੱਝਾ ਸੀ। ਲਗਪਗ ਗਿਆਰਾਂ ਕੁ ਵਰ੍ਹੇ ਹੋਏ ਸਨ ਤੇ ਹਰਿਮੰਦਰ ਤਾਂ ਹੁਣੇ ਹੀ ਬਣਿਆ ਸੀ। ਨਵੀਂ ਵੱਸੋਂ ਅਤਿ ਥੋੜ੍ਹੀ ਸੀ। ਉਥੇ ਵੱਸੋਂ ਤੋਂ ਦੋ ਮੀਲ ਪਰੇ ਉਜਾੜ ਵਿਚ ਦੁਰਗਾ ਮੰਦਰ ਬਣਨਾ ਕਦੋਂ ਸੰਭਵ ਸੀ ? ਕਿਲ੍ਹੇ ਸ਼ਹਿਰਾਂ ਦੀ ਰੱਛਿਆ ਵਾਸਤੇ ਸ਼ਹਿਰਾਂ ਤੋਂ ਵਿੱਥ 'ਤੇ ਵਸਾਏ ਜਾਂਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਲੋਹਗੜ੍ਹ ਦਾ ਕਿਲ੍ਹਾ ਬਣਾਇਆ, ਇਹ ਮੰਦਰ ਏਸ ਕਿਲ੍ਹੇ ਤੋਂ ਭੀ ਪਰੇ ਹੈ। ਕਦੇ ਹੋ ਸਕਦਾ ਹੈ ਕਿ ਏਡੀ ਦੂਰ ਏਡੀ ਉਜਾੜ ਵਿਚ ਏਨੀ ਥੋੜ੍ਹੀ ਤੇ ਨਵੀਂ ਵੱਸੋਂ ਵਾਲਿਆਂ ਦਾ, ਜੋ ਸਾਰੇ ਬੁੱਤ-ਪ੍ਰਸਤੀ ਦੇ ਵਿਰੋਧੀ (ਸਿਖ) ਹੋਣ ਤੇ ਹਰਿਮੰਦਰ ਦੇ ਉਪਾਸ਼ਕ ਹੋਣ, ਕਿਸੇ ਹੋਰ ਦੇਉਤੇ ਦਾ ਮੰਦਰ ਏਡੀ ਛੇਤੀ ਬਣ ਜਾਵੇ ! ਜਦੋਂ ਕਿ ਕਵਿ ਜੀ ਆਪ ਹੀ ਲਿਖਦੇ ਹਨ ਕਿ ਤਦੋਂ ਵੱਸੋਂ ਸਿੱਖਾਂ ਤੇ ਸਿੱਖਾਂ ਦੇ ਪੁੱਤਰਾਂ ਦੀ ਵਸਾਈ ਹੈ ਸੀ[੧]। ਪਠਾਣੀ ਤੇ ਮੁਗ਼ਲ ਸਮੇਂ ਵਿਚ ਪੰਜਾਬ ਦੇ ਸਭ ਬੁੱਤ-ਮੰਦਰ ਸਦੀਆਂ ਵਿਚ ਢਾਹੇ ਜਾ ਚੁੱਕੇ ਸਨ, ਕਿਤੇ ਲੁਕੇ-ਛਿਪੇ ਘਰਾਂ ਤੇ ਗਲੀਆਂ ਦੇ ਫੇਰਾਂ ਵਿਚ ਮਰਜੰਗੀਆਂ ਰੱਖ ਕੇ ਗੁਜ਼ਾਰਾ ਕਰਦੇ ਸਨ ਜਾਂ ਪਹਾੜਾਂ ਵਿਚ ਹਿੰਦੂ ਰਜਵਾੜਿਆਂ ਦੇ ਵਿਚ ਟਿਕਾਣੇ ਸਨ। ਦੇਖ ਲਓ, ਪੰਜਾਬ ਵਿਚ ਕੋਈ ਪ੍ਰਾਚੀਨ ਬੁੱਤ-ਮੰਦਰ ਨਹੀਂ ਤੇ ਦੱਖਣੀ ਹਿੰਦ ਸਾਰਾ ਭਰਿਆ ਪਿਆ ਹੈ। ਪੰਜਾਬ ਦੇ ਬੁੱਤ-ਮੰਦਰ ਤਦ ਤੋਂ ਮੁੜ ਕੇ ਬਣਨੇ ਅਰੰਭ ਹੋਏ ਜਦੋਂ ਦਸਮ ਪਾਤਸ਼ਾਹ ਜੀ ਤੋਂ ਪਿਛੋਂ ਸਿਖ-ਜ਼ੋਰ ਵਧਿਆ ਤੇ ਮੁਸਲਮਾਨੀ ਘਟਿਆ, ਤੇ ਸਿੱਖਾਂ ਨੇ ਧਰਮ ਦੀ ਅਜ਼ਾਦੀ ਹਿੰਦੂਆਂ ਨੂੰ ਦੇ ਦਿੱਤੀ। ਦੁਰਗਿਆਣੇ ਦੀ ਪੜਤਾਲ ਕਰੀਏ ਤਾਂ ਤਲਾਬ ਦੀ ਸ਼ਹਿਰ ਦੀ ਦਿਸ਼ਾ ਦੀ ਬਾਹੀ ਵੱਲ ਦੋ ਥੰਮ੍ਹਾਂ ਦੇ ਵਿਚਕਾਰ ਇਕ ਦੀਵਾਰ ਉੱਤੇ ਇਹ ਖ਼ੁਤਬਾ ਲਿਖਿਆ ਹੈ:

'ਬਾਨੀਏ ਤਾਲਾਬ ਦੁਰਗਿਆਨਾ ਲਾਲਾ ਬਾਸ਼ੀ ਰਾਮ ਵਲਦ ਸ਼ਿਵ ਰਾਮ ਦਾਸ ਬਿਨ ਮਾਲੀ ਮਲ ਬਿਨ ਮਨੀ ਰਾਮ ਉਰਫ਼ ਭਸੀਨ ਖੱਤਰੀ ਸਾਕਨ ਲਾਹੌਰ ਗੁਜਰ ਤਾਲਵਾੜਾ ਮਿਨ ਇਬਤਦਾਏ ਅਵਲ ਮਾਘ ਸੰ: ੧੯੦੫ ਬਿ:। ੧ ਹਿਜਰੀ ੧੨੬੫ ਬਿਨਾ ਕਰਦਹ ਸ਼ੁਦ।'

ਇਸ ਤੋਂ ਪਤਾ ਲੱਗਾ ਕਿ ਦੁਰਗਿਆਣੇ ਦਾ ਤਲਾਅ ੧੯੦੫ ਬਿ: ਵਿਚ ਬਣਿਆ ਹੈ। ਸੀਤਲਾ ਮੰਦਰ ਦੀ ਇਮਾਰਤ ਦੱਸਦੀ ਹੈ ਕਿ ਇਹ ਬਹੁਤ ਪਹਿਲੇ ਦਾ ਨਹੀਂ, ਨਾਲੇ ਜੇ ਕੁਝ ਅਰਸਾ ਪਹਿਲੇ ਦਾ ਹੋਵੇ ਤਾਂ ਭੀ ਮਿਸਲਾਂ ਦੇ ਸਮੇਂ ਤੋਂ ਪੁਰਾਣਾ ਕਿਸੇ ਤਰ੍ਹਾਂ ਭੀ ਨਹੀਂ ਹੈ। ਇਸ ਦੀ ਇਮਾਰਤ ਤੋਂ ਭੀ ਇਹ ਤਸੱਲੀ ਹੋ ਜਾਂਦੀ ਹੈ ਜਦੋਂ ਕਿ ਅੰਮ੍ਰਿਤਸਰ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਤੇ ਹਿੰਦੂ ਲੋਕ ਸਲਾਮਤੀ ਸਮਝ

---

੧. ਦੇਖੋ *ਸੂਰਜ ਪ੍ਰਕਾਸ਼*, ਰਾਸ ੨, ਅੰਸੂ ੪੬, ਅੰਕ ੧੪ ਤੋਂ ੧੮; ਅੰਸੂ ੫੪, ਅੰਕ ੧੦।

ਕੇ ਇਥੇ ਬਹੁਤ ਆ ਵੱਸੇ ਸੀ, ਤੇ ਜਿਸ ਪਾਸੇ ਇਹ ਮੰਦਰ ਹੈ, ਸ਼ਹਿਰ ਦੀ ਵੱਸੋਂ ਵਿਸ਼ੇਸ਼ ਹਿੰਦੂ ਹੈ। ਸਿਖ ਅਤਿ ਥੋੜ੍ਹੇ ਹਨ। ਤਦੋਂ ਇਸ ਮੰਦਰ ਨੂੰ ਸੀਤਲਾ ਮੰਦਰ ਕਹਿੰਦੇ ਸਨ, ਜੋ ਹੁਣ ਤਕ ਭੀ ਆਖਦੇ ਹਨ। ਦੁਰਗਿਆਣਾ ਨਾਮ ਤਲਾਅ ਲੱਗ ਕੇ ਤਲਾਅ ਦਾ ਵੱਜਿਆ ਹੈ। (ਵੇਖੋ ਉਪਰਲਾ ਖ਼ੁਤਬਾ)। *ਗੁਰ ਪ੍ਰਕਾਸ਼ ਸੂਰਜ*, ਰਾਸ ੩, ਅੰਸੂ ੧੪, ਅੰਕ ੧੧ ਵਿਚ ਜੋ ਪਦ ਦੁਰਗਿਆਣਾ ਵਰਤਿਆ ਗਿਆ ਹੈ, ਇਹ ੧੯੦੫ ਤੋਂ ਪਿਛੋਂ ਪਿਆ ਨਾਮ ਹੈ। ਹੁਣ ਦੁਰਗਿਆਣੇ ਤੋਂ ਭਾਵ ਤਾਲਾਬ ਦਾ ਹੀ ਹੁੰਦਾ ਹੈ। ਕਵਿ ਜੀ ਲਿਖਦੇ ਹਨ—'ਤਹਿਂ ਦੁਰਗਿਆਣਾ ਦੁਰਗਾ ਸਥਾਨ'। ਓਥੇ ਦੁਰਗਿਆਣੇ ਦੁਰਗਾ ਦਾ ਸਥਾਨ ਹੈ। ਜਿਸ ਵਿਚ ਦੁਰਗਾ-ਸਥਾਨ ਦਾ ਤਟੱਸਥ ਲੱਛਨ ਦੁਰਗਿਆਣਾ ਦਿੱਤਾ ਹੈ। *ਸੂਰਜ ਪ੍ਰਕਾਸ਼* ੧੯੦੦ ਬਿ: ਵਿਚ ਸਮਾਪਤ ਹੋ ਕੇ ਕਵਿ ਜੀ ਪਰਲੋਕ ਪਿਆਣਾ ਕਰ ਚੁੱਕੇ ਸਨ। ਉਨ੍ਹਾਂ ਦੇ ਗ੍ਰੰਥ ਵਿਚ ਉਹ ਨਾਮ (ਦੁਰਗਿਆਣਾ) ਵਰਤੀਣਾ, ਜੋ ਕਵਿ ਜੀ ਦੇ ਪਰਲੋਕ ਗਮਨ ਤੋਂ ਪੰਜ ਸਾਲ ਪਿੱਛੋਂ ਪਿਆ ਹੈ, ਬੜਾ ਪੱਕਾ ਸੰਸਾ ਉਤਪੰਨ ਕਰਦਾ ਹੈ ਕਿ ਇਹ ਸਾਰਾ ਲੇਖ ਸੀਤਲਾ ਪੂਜਣ ਦਾ ਆਖੇਪਕ (ਮਨ-ਘੜਤ, ਬਨੌਟੀ) ਹੈ। ਸੀਤਲਾ ਪੂਜਣ ਵਾਲੇ ਦਿਨ ਮਿੱਠੀਆਂ ਬੇਹੀਆਂ ਰੋਟੀਆਂ ਵੰਡਦੇ ਹਨ, ਕੜਾਹ ਕਰਨਾ ਤਾਂ ਕਿਤੇ ਰਿਹਾ ਉਸ ਦਿਨ ਗਰਮ ਸ਼ੈ ਵਰਤਣੀ ਮਨ੍ਹੇ ਹੈ। ਕੰਞਕਾਂ ਨੂੰ ਚਾਉਲ ਭੀ ਬਹੇ ਦੇਂਦੇ ਹਨ। ਇਸ ਤੋਂ ਭੀ ਪਤਾ ਲੱਗਦਾ ਹੈ ਕਿ ਇਹ ਪਰਸੰਗ ਕੋਈ ਮਹਾਨ ਕਵੀ ਨਹੀਂ ਲਿਖ ਰਿਹਾ ਹੈ ਪਰ ਕੋਈ ਛੋਟਾ ਲੇਖਕ ਆਖੇਪ ਕਰ ਰਿਹਾ ਹੈ ਤੇ ਵਿਚ ਅਨਜਾਣੇ ਭੁੱਲਾਂ ਛੱਡੀ ਜਾ ਰਿਹਾ ਹੈ[੧]।

ਯਾਦ ਰਹੇ, ਦੁਰਗਿਆਣੇ ਦੇ ਤਲਾਅ ਪਾਸ ਮਸਾਣ ਹੋਣ ਕਰਕੇ ਇਹ ਤਲਾਅ ਨੜ੍ਹੋਇਆਂ ਦੇ ਇਸ਼ਨਾਨਾਂ ਦਾ ਕੰਮ ਦੇਂਦਾ ਸੀ। ਇਹ ਜੋ ਦੁਰਗਿਆਣੇ ਦੇ ਤਾਲਾਬ ਦੇ ਵਿਚ ਮੰਦਰ 'ਤੇ ਪੁਲ ਬਣਿਆ ਹੈ, ਇਹ ਸੰ: ੧੯੮੨ ਬਿ: ਵਿਚ ਸਾਡੇ ਦੇਖਦਿਆਂ ਬਣਿਆ ਹੈ। ਕਈ ਕੁ ਹਿੰਦੂਆਂ ਨੇ ਸ੍ਰੀ ਦਰਬਾਰ ਸਾਹਿਬ ਦੇ ਵਕਤ ਦੇ ਪ੍ਰਬੰਧਕਾਂ ਨਾਲ ਗੁੱਸੇ ਵਿਚ ਆ ਕੇ ਸ੍ਰੀ ਦਰਬਾਰ ਸਾਹਿਬ ਦੀ ਨਕਲ 'ਤੇ ਇਹ ਮੰਦਰ ਰਚਿਆ।

## ਸੁਮੇਰ ਪਰਬਤ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੇਸ਼ਾ-ਰਟਨ ਦਾ ਜ਼ਿਕਰ ਕਰਦੇ ਹੋਏ ਕੁਝ ਕੁ ਸਾਖੀਆਂ ਵਿਚ ਸੁਮੇਰ ਪਰਬਤ ਦਾ ਜ਼ਿਕਰ ਆਇਆ ਹੈ। ਸੁਮੇਰ ਹਿੰਦੂ ਪੌਰਾਣਿਕ ਅਖਾਯਕਾਂ ਦਾ ਇਕ ਪਰਬਤ ਹੈ ਜੋ ਖ਼ਿਆਲੀ ਜਾਪਦਾ ਹੈ। ਇਹ ਉਥੇ ਜੰਬੂ ਦ੍ਵੀਪ ਦਾ ਕੇਂਦਰ ਮੰਨਿਆ ਹੈ। ਗ੍ਰਹਿ ਇਸ ਦੇ ਉਦਾਲੇ ਘੁੰਮਦੇ ਮੰਨੇ ਹਨ। ਉਚਾਈ ਇਸ ਦੀ ੮੪੦੦੦ ਯੋਜਨ ਦੱਸੀ ਹੈ, ਜਿਸ ਵਿਚੋਂ ੧੬੦੦੦ ਯੋਜਨ ਜ਼ਮੀਨ ਦੇ ਅੰਦਰ ਹੈ। ਇਸ ਦੀ ਸ਼ਕਲ ਮੁਰੱਬਾ, ਅੰਡਾ-ਕਾਰ ਤੇ ਗਾਜਰ ਵਰਗੀ ਮੰਨੀ ਹੈ। ਇਸ ਦੇ ਚਾਰ ਮੂੰਹ ਹਨ : ਪੂਰਬ ਦਾ ਚਿੱਟਾ, ਦੱਖਣ ਦਾ ਪੀਲਾ, ਉੱਤਰ ਦਾ ਲਾਲ, ਪੱਛਮ ਦਾ ਕਾਲਾ। ਅਕਾਸ਼ੋਂ ਇਕ ਗੰਗਾ ਇਸ ਪਰ ਉਤਰਦੀ ਹੈ, ਜੋ ਚਾਰ ਧਾਰਾ ਹੋ ਕੇ ਚਾਰ ਪਾਸੇ ਜਗਤ

੧. ਦੇਖੋ *ਗੁਰ ਪ੍ਰਤਾਪ ਸੂਰਜ*, ਰਾਸ ੩, ਅੰਸੂ ੧੪ ਦਾ ਅੰਕ ੧੭।

ਵਿਚ ਵਗਦੀ ਹੈ। ਚਾਰ ਦਿਸ਼ਾ ਦੇ ਦਿਸ਼ਾਪਾਲ ਚਹੁੰ ਪਾਸਿਆਂ 'ਤੇ ਰਹਿੰਦੇ ਹਨ। ਪਰਬਤ ਇਹ ਸੋਨੇ ਤੇ ਰਤਨਾਂ ਦਾ ਹੈ, ਚੋਟੀ 'ਤੇ ਬ੍ਰਹਮਾ ਰਹਿੰਦਾ ਹੈ, ਜਿੱਥੇ ਪ੍ਰਿਥਵੀ ਦੇ ਤਪੱਸਵੀ ਲੋਕ ਤੇ ਅਕਾਸ਼ਾਂ ਦੇ ਗੰਧ੍ਰਵ ਤੇ ਸੁਰਗਾਂ ਦੇ ਦੇਵਤੇ ਆ 'ਕੱਠੇ ਹੁੰਦੇ ਹਨ।

ਜੇ ਹਿੰਦੂਆਂ ਦੀ ਨਵੀਨ ਖੋਜ ਨੂੰ ਕਿ ਆਰਯ-ਵਡਕੇ ਪਹਿਲਾਂ ਉੱਤਰੀ ਧ੍ਰਵ ਦੇ ਨੇੜੇ ਰਹਿੰਦੇ ਸਨ, ਠੀਕ ਮੰਨ ਲਈਏ ਤਾਂ ਜਾਪਦਾ ਹੈ ਕਿ ਸ਼ਾਇਦ ਉੱਤਰੀ ਧ੍ਰਵ ਨੂੰ 'ਸੁਮੇਰ' ਕਹਿੰਦੇ ਹੋਣ, ਕਿਉਂਕਿ ਭੂਗੋਲ ਵਿਦਿਆ ਵਾਲੇ ਉੱਤਰੀ ਧ੍ਰਵ ਨੂੰ 'ਸੁਮੇਰੂ' ਤੇ ਦੱਖਣੀ ਨੂੰ 'ਕੁਮੇਰੂ' ਹੁਣ ਤਕ ਕਹਿੰਦੇ ਹਨ। ਉੱਤਰੀ ਧ੍ਰਵ ਤੇ ਅਪੜਨਾ ਲਗਪਗ ਅਸੰਭਵ ਹੁੰਦਾ ਸੀ। ਉਸ ਬਾਬਤ ਪੌਰਾਣਕਾਂ ਨੇ ਰਚਨਾ ਸੋਹਣੀ ਰਚ ਲਈ ਜਾਪਦੀ ਹੈ। ਮਰਕਜ਼ ਇਕ ਤਰ੍ਹਾਂ ਉਹ ਹੈ ਹੀ, ਤੇ ਜੰਬੂ ਦ੍ਵੀਪ ਤੋਂ ਮੁਰਾਦ ਕੀ ਜਾਣੀਏ ਉੱਤਰੀ ਸੀਤ-ਕਟ-ਬੰਦ (ਬਹਰਿ ਮੁੰਜਮਿਦ ਸ਼ਮਾਲੀ) ਤੋਂ ਹੋਵੇ, ਜਿਥੋਂ ਦੇ ਉਹ ਪਹਿਲਾਂ ਵਸਨੀਕ ਸਨ। ਜਦ ਇਹ ਲੋਕ ਉਹਨਾਂ ਬਰਫ਼ਾਨੀ ਧਰਤੀਆਂ ਤੋਂ ਹੇਠਾਂ ਉਤਰੇ ਤਦ ਕੀ ਜਾਣੀਏ ਯਰਾਲ ਪਹਾੜ ਨੂੰ ਸੁਮੇਰੂ ਕਹਿਣ ਲਗ ਪਏ ਹੋਣ। ਸੋਨਾ ਉਸ ਵਿਚੋਂ ਭੀ ਨਿਕਲਦਾ ਹੈ। ਜਦੋਂ ਇਹ ਵਡਕੇ ਹਿੰਦ ਵਿਚ ਆ ਰਹੇ ਤੇ ਵਧੇ ਫੈਲੇ, ਤਦੋਂ ਜਾਪਦਾ ਹੈ ਕਿ ਹਿਮਾਲੇ ਦੀ ਕੈਲਾਸ਼, ਗੁਰਲਾ-ਮਾਨਧਾਤਾ ਤੇ ਇਹਨਾਂ ਪਰਬਤਾਂ ਦੇ ਲਾਗ ਦੀ ਉੱਚ ਧਰਤੀ ਸੁਮੇਰੂ ਬਣ ਗਈ। ਸੋਨਾ ਇਸ ਧਰਤੀ ਦੇ ਲਾਗੋਂ ਭੀ ਨਿਕਲਦਾ ਹੈ। ਸਤਲੁਜ, ਸਿੰਧ, ਬ੍ਰਹਮ ਪੁੱਤਰ ਆਦਿ ਦਰਿਆ ਦੂਰ ਨੇੜੇ ਏਸੇ ਇਲਾਕੇ ਵਿਚੋਂ ਨਿਕਲਦੇ ਹਨ। ਪਾਂਡਵ ਆਦਿ ਏਸੇ ਪਾਸੇ ਗਏ ਸਨ, ਜਿਸ ਨੂੰ ਸੁਮੇਰੂ ਕਿਹਾ ਹੈ।

ਜਿਸ ਇਲਾਕੇ ਦਾ ਨਾਮ ਸੁਮੇਰੂ ਕਰ ਕੇ ਇਥੇ ਆ ਰਿਹਾ ਹੈ, ਉਹ ਨਿਰਸੰਦੇਹ ਇਸੇ ਇਲਾਕੇ ਦਾ ਨਾਂ ਹੈ ਜੋ ਕੈਲਾਸ਼ ਦੇ ਪਾਸ ਹੈ, ਮਾਨਸਰੋਵਰ ਦੀ ਝੀਲ ਜਿਥੇ ਹੈ। ਕਿਉਂਕਿ ਕਵਿ ਜੀ ਧਿਆਇ ੬੦, ਅੰਕ ੧੩ ਵਿਚ ਪਤਾ ਦੇਂਦੇ ਹਨ ਕਿ ਹਿਮਾਲੇ ਦਾ ਇਹ ਘਰ ਹੈ, ਬਰਫ਼ ਪੈ ਕੇ ਜਮ੍ਹਾ ਹੋ ਰਹੀ ਹੈ। ਫਿਰ ਭਾਈ ਬਾਲੇ ਵਾਲੀ ਸਾਖੀ ਵਿਚ ਜੋ *ਨਾਨਕ ਪਰਕਾਸ਼* ਦਾ ਮੂਲ ਹੈ, ਸਫ਼ੇ ੨੭੩ 'ਤੇ ਕੈਲਾਸ਼ ਦਾ ਨਾਮ ਭੀ ਦਿੱਤਾ ਹੈ ਕਿ ਸੁਮੇਰ ਤੋਂ ਉੱਚੇ ਜਾ ਕੇ ਕੈਲਾਸ਼ ਪਰਬਤ ਆਇਆ। ਹਿਮਾਲੇ ਤੋਂ ਲੰਘਣਾ, ਕੈਲਾਸ਼ ਦਾ ਪਤਾ ਦੇਣਾ ਤੇ ਫੇਰ ਜ਼ਿਕਰ ਤਾਲ ਦਾ ਆਉਣਾ ਕਿ ਗੋਰਖ ਨੇ ਗੁਰੂ ਜੀ ਨੂੰ ਤਾਲ ਤੋਂ ਪਾਣੀ ਭਰ ਕੇ ਲਿਆਉਣ ਲਈ ਕਿਹਾ—ਦੱਸਦਾ ਹੈ ਕਿ ਇਹ ਤਾਲ ਮਾਨਸਰੋਵਰ ਹੀ ਹੈ।

ਜੇ ਪੁਰਾਤਨ ਜਨਮ-ਸਾਖੀ ਵੱਲ ਆਓ ਤਾਂ ਭੀ ਇਹੋ ਥਾਂ ਸਹੀ ਹੁੰਦਾ ਹੈ। ਕਸ਼ਮੀਰ ਦੀ ਯਾਤਰਾ ਮਗਰੋਂ ਲਿਖਿਆ ਹੈ ਕਿ 'ਸਵਾ ਲਾਖ ਪਰਬਤ ਲੰਘਿਆ, ਅੱਗੇ ਸੁਮੇਰ ਜਾਇ ਚੜ੍ਹਿਆ, ਜਹਾਂ ਮਹਾਂਦੇਵ ਕਾ ਅਸਥਾਨ ਥਾ।' ਕਸ਼ਮੀਰ ਤੋਂ ਲਦਾਖ ਜਾ ਕੇ ਅੱਗੇ ਮਾਨਸਰੋਵਰ ਜਾ ਸਕੀਦਾ ਹੈ, ਪਰ ਕਸ਼ਮੀਰ ਤੋਂ ਸ਼ਿਮਲੇ ਆਦਿ ਪਹਾੜਾਂ ਥਾਣੀਂ ਭੀ ਮਾਨਸਰੋਵਰ ਨੂੰ ਜਾ ਸਕੀਦਾ ਹੈ।

ਕਸ਼ਮੀਰ ਤੋਂ ਕੈਲਾਸ਼ ਤਕ ਅਨੇਕ ਪਰਬਤ ਲੰਘਣੇ ਪੈਂਦੇ ਹਨ ਤੇ ਕੈਲਾਸ਼ ਮਹਾਂਦੇਵ (ਸ਼ਿਵ ਜੀ) ਦਾ ਪਹਾੜ ਮੰਨੀ-ਪ੍ਰਮੰਨੀ ਗੱਲ ਹੈ, ਫਿਰ ਇਹ ਭੀ ਲਿਖਿਆ

ਹੈ ਕਿ ਸਿੱਧਾਂ ਪਾਣੀ ਭਰ ਲਿਆਉਣ ਲਈ ਡਿਬੀ ਦਿੱਤੀ।

ਇਸ ਤੋਂ ਭੀ ਪੁਰਾਣੀ ਲਿਖਤ ਭਾਈ ਗੁਰਦਾਸ ਜੀ ਦੀ ਹੈ। ਉਹ ਭੀ 'ਸੁਮੇਰ ਜਾ ਚੜ੍ਹਿਆ' ਲਿਖਦੇ ਹਨ, ਤੇ ਪਾਣੀ ਭਰ ਲਿਆਉਣ ਦੀ ਗੱਲ ਦੱਸਦੇ ਹਨ, ਪਰ ਹੋਰ ਕੋਈ ਪਤਾ ਨਹੀਂ ਮਿਲਦਾ। ਪਰ 'ਸਬਦ ਜਿਤੀ ਸਿਧ-ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ।' ਇਸ ਦਿਗ ਬਿਜੈ ਦਾ ਪਤਾ ਜ਼ਰੂਰ ਦਿੰਦੇ ਹਨ।

*ਤਵਾਰੀਖ਼ ਖ਼ਾਲਸਾ* ਵਿਚ ਲਿਖਿਆ ਹੈ ਕਿ ਬਦਰੀ ਨਾਥ ਤੋਂ ਅੱਠ ਦਸ ਕੋਹ ਚੜ੍ਹਦੀ ਵੱਲ ੧੭੬੭੨ ਫ਼ੁੱਟ ਦੀ ਉਚਾਈ ਵਾਲਾ ਹੇਮਕੁੰਟ ਪਰਬਤ ਲੰਘ ਕੇ ਅਨੇਕ ਸਾਧੂ ਰਿਖੀਆਂ ਨਾਲ ਚਰਚਾ ਕਰਦੇ ਹਿਮਾਲਾ ਜਾ ਚੜ੍ਹੇ, ਅੱਗੇ ਸਿਰਧਾਰ ਪਰਬਤ ਜਾ ਚੜ੍ਹੇ, ਫੇਰ ਗੋਰਖ ਆਦਿ ਮਿਲੇ। ਅਲਮੋੜੇ ਤੋਂ ਵੀ ਗੜ੍ਹਤੌਂਕ ਤੇ ਅੱਗੋਂ ਮਾਨਸਰੋਵਰ ਨੂੰ ਰਸਤਾ ਹੈ। ਸਭ ਤੋਂ ਅਖ਼ੀਰਲੀ ਸ਼ੈ ਮੈਕਾਲਿਫ਼ ਦਾ ਲੇਖ ਹੈ। ਉਹ ਲਿਖਦਾ ਹੈ ਕਿ ਗੁਰੂ ਜੀ ਸ੍ਰੀਨਗਰ ਤੋਂ ਟੁਰ ਕੇ ਉੱਚੇ ਉੱਚੇ ਪਹਾੜ ਲੰਘ ਕੇ ਸੁਮੇਰ 'ਤੇ ਅਪੜੇ ਤੇ ਸਿੱਧਾਂ ਨਾਲ ਚਰਚਾ ਹੋਈ।

ਸੋ ਪਤਾ ਇਹ ਲੱਗਾ ਕਿ ਇਸੇ ਮਾਨ ਸਰੋਵਰ ਵਾਲੇ ਸੁਮੇਰ 'ਤੇ ਗੁਰੂ ਜੀ ਗਏ ਹਨ, ਪਰੰਤੂ ਭਾਈ ਸੰਤੋਖ ਸਿੰਘ ਜੀ ਵਿਚ ਵਿਚ ਠਹੋਲੇ ਓਸ ਸੁਮੇਰੂ ਦੇ, ਦੇ ਜਾਂਦੇ ਹਨ, ਜੋ ਸ਼ਾਸਤ੍ਰਾਂ ਵਿਚ ਕਲਪਿਤ ਕੀਤਾ ਹੋਇਆ ਹੈ। ਮਿਣਤੀਆਂ ਭੀ ਉਸੇ ਪਰਕਾਰ ਦੀਆਂ ਕਹਿ ਜਾਂਦੇ ਹਨ।

ਮਾਨਸਰੋਵਰ ਦੇ ਗੁਫ਼ਾ-ਮੰਦਰ ਇਨ੍ਹਾਂ ਨੇ ਸਿੱਧੀਆਂ, ਕਰਮਾਤਾਂ ਤੇ ਡਰਾਵਿਆਂ ਦੇ ਜ਼ੋਰ ਨਾਲ ਬੋਧੀਆਂ ਤੋਂ ਖਸ ਲਏ ਹੋਣਗੇ। ਗੁਰੂ ਜੀ ਦੀ ਚਰਚਾ ਵੇਲੇ ਜ਼ਿਕਰ ਆਇਆ ਹੈ ਕਿ ਉਹ ਜੋਗੀ ਸ਼ਰਾਬ ਪੀਂਦੇ ਸਨ, ਜੋ ਪਹਿਲੋਂ ਭਾਵੇਂ ਸਰਦੀ ਦੀ ਬਹੁਲਤਾ ਕਰਕੇ ਸ਼ੁਰੂ ਹੋਈ ਹੋਵੇ, ਪਰ ਫੇਰ ਤਪੱਸਿਆ ਦੀ ਥਾਂ ਇਹ ਰਹਿ ਗਈ ਹੋਵੇ ਜਾਂ ਤਪੱਸਿਆ ਦੇ ਨਾਲ ਸ਼ਰਾਬ ਇਕ ਅੰਗ ਬਣ ਗਈ ਹੋਵੇ।

ਭਾਈ ਦੀਦਾਰ ਸਿੰਘ ਜੀ, ਜੋ ਸ਼ਿਮਲੇ ਤੇ ਤਿੱਬਤ ਦੀ ਸਰਹੱਦ ਦੇ ਪਹਾੜਾਂ ਵਿਚ ਰਹਿ ਆਏ ਹਨ, ਦੱਸਦੇ ਹਨ ਕਿ ਸਰਹੱਦੀ ਤਿੱਬਤ ਤੇ ਗੜ੍ਹਤੌਂਕ ਦੇ ਇਲਾਕੇ ਵਿਚ ਪੂਰੇ ਪੂਰੇ ਨਿਸ਼ਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਓਧਰ ਜਾਣ, ਉਪਦੇਸ਼ ਕਰਨ, ਜੀਆ ਦਾਨ ਦੇਣ ਦੇ ਹੁਣ ਤਕ ਮੌਜੂਦ ਸਨ।

ਤਿੱਬਤ ਦੇ ਵਿਚ ਦੋ ਤਰ੍ਹਾਂ ਦੇ ਲੋਕ ਵੱਸਦੇ ਹਨ:

੧. ਮਹਾਤਮਾ ਬੁੱਧ ਦੇ ਪੈਰੋਕਾਰ। ਇਨ੍ਹਾਂ ਦਾ ਜਾਪ ਇਹ ਹੈ:

**'ਓ ਮਨੀ ਪਦਮਿੰਹੁ'**

ਇਹ ਲੋਕ ਜਿਸ ਵੇਲੇ ਇਸ ਮੰਤਰ ਦਾ ਜਿੰਨੀ ਵਾਰ ਜਾਪ ਕਰਨਾ ਹੁੰਦਾ ਹੈ ਕਰ ਲੈਣ, ਤਦ ਅੰਤਲੀ ਵਾਰ ਇਹਦੇ ਪਿੱਛੇ 'ਸ਼ੀ' ਵਧਾ ਦਿੰਦੇ ਹਨ। ਇਨ੍ਹਾਂ ਦੇ ਮੰਦਰਾਂ ਵਿਚ ਬੁੱਧ ਦੀ ਸਮਾਧੀ ਦੀ ਯੁਵਾ ਅਵਸਥਾ ਦੀਆਂ ਮੂਰਤੀਆਂ ਹੁੰਦੀਆਂ ਹਨ, ਇਹ ਸਿਰ ਨੂੰ ਮੁਨਾਈ ਰੱਖਦੇ ਹਨ।

੨. ਉਹ ਲੋਕ ਜੋ ਇਸ ਮੰਤਰ ਦਾ ਜਾਪ ਕਰਦੇ ਹਨ:

**'ਓ-ਆਹੁੰ ਭੱਦਰਾ ਗੁਰੂ, ਪਦਮਾ ਸਿਧੀਹੁੰ'**

ਤੇ ਕਈ ਇਕ ਪੁਰਾਣੇ ਤਪੱਸਵੀਆਂ ਦੇ ਟਿਕਾਣੇ ਭੀ ਦੱਸਦੇ ਹਨ। ਚੰਦ ਸੂਰਜ ਤੋਂ ਉੱਚਾ ਭੀ ਉਸ ਨੂੰ ਕਹਿ ਜਾਂਦੇ ਹਨ। ਜੋ ਅਸਲੀ ਸਾਖੀ ਕੋਈ ਸੀ ਉਸ ਵਿਚ ਪਤਾ ਨਹੀਂ ਕਿਵੇਂ ਸੀ। ਪਰ ਹਿੰਦਾਲੀਆਂ ਦੀ ਵਿਗਾੜ ਕੇ ਕੀਤੀ ਸਾਖੀ ਵਿਚ ਭੀ ਸ਼ਾਸਤ੍ਰੀ ਸੁਮੇਰ ਦੇ ਕਈ ਲਛਣ ਕੀਤੇ ਹਨ, ਪਰ ਕੈਲਾਸ਼ ਦੇ ਕੋਲ ਉਸ ਨੂੰ ਦੱਸ ਕੇ ਸਿੱਧ ਕਰ ਦਿੱਤਾ ਹੈ ਕਿ ਉਸ ਦੀ ਮੁਰਾਦ ਭੀ ਮਾਨਸਰੋਵਰ ਦੇ ਇਲਾਕੇ ਤੋਂ ਹੈ।

ਅੱਜ-ਕੱਲ੍ਹ ਕਈ ਯਾਤਰੂ ਹਿਮਾਲਾ ਦੇ ਤਿੱਬਤ ਵਾਲੇ ਪਾਸੇ ਇਸ ਸੁਮੇਰ 'ਤੇ ਹੋ ਆਏ ਹਨ, ਚੁਨਾਂਚਿ ਸਾਨੂੰ ਇਕ ਹੋ ਆਏ ਸੱਜਣ (ਭਾਈ ਕਸ਼ਮੀਰਾ ਸਿੰਘ ਜੀ) ਨੇ ਦੱਸਿਆ ਹੈ ਕਿ ਮਾਨ੍ਸਰੋਵਰ ਦੇ ਚਾਰੇ ਪਾਸੇ ਚਾਰ ਗੁਫਾ ਦੇ ਮੰਦਰ ਹਨ, ਜਿਨ੍ਹਾਂ ਵਿਚ ਬੁੱਧ ਮਤ ਤੇ ਹੋਰ ਬਜ਼ੁਰਗਾਂ ਦੇ ਪੁਸਤਕ ਤੇ ਬੁੱਤ ਹਨ। ਇਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਭੀ ਹੈ। ਇਥੇ ਕੋਈ ਖ਼ਾਸ ਮੇਲੇ ਨਹੀਂ ਲੱਗਦੇ, ਸਿਆਲੇ ਰਹਿ ਸਕਣਾ ਕਠਨ ਹੈ, ਗਰਮੀਆਂ ਦੇ ਚਾਰ ਮਹੀਨੇ ਯਾਤਰਾ ਖੁੱਲ੍ਹੀ ਰਹਿੰਦੀ ਹੈ, ਤਿੱਬਤੀ ਲੋਕ ਇਨ੍ਹਾਂ ਨੂੰ ਪਵਿੱਤਰ ਤੀਰਥ ਮੰਨਦੇ ਹਨ ਤੇ ਹਿੰਦੂ ਸਾਧੂ ਭੀ ਕਈ ਜਾਂਦੇ ਹਨ। ਤਿੱਬਤੀਆਂ ਨੂੰ ਕੰਨ-ਪਾਟੇ ਜੋਗੀਆਂ ਨਾਲ ਖ਼ਾਸ ਵੈਰ ਹੈ। ਇਹ ਗੱਲ ਸਾਡੇ ਸੱਜਣ ਨੂੰ ਉਥੇ ਕਿਸੇ ਖ਼ਾਸ ਦੱਸੀ ਸੀ। ਇਸ ਤੋਂ ਜਾਪਦਾ ਹੈ ਕਿ ਗੁਰੂ ਜੀ ਦੇ ਸਮੇਂ ਜੋਗੀ ਉਰਲੇ ਪਹਾੜਾਂ ਗੜ੍ਹਤੌਕ ਆਦਿ ਇਲਾਕਿਆਂ ਵਿਚ ਮਾਨਤਾ ਰੱਖਦੇ ਹੋਣਗੇ ਅਤੇ ਰਹਿੰਦੇ ਹੋਣਗੇ ਅਰ ਗਰਮੀਆਂ ਵਿਚ ਮਾਨਸਰੋਵਰ ਜਾ ਮੱਲ ਬੈਠਦੇ ਹੋਣਗੇ। 'ਧਾਮ ਬਹਦਰਾ' ਜਾਂ 'ਭਦਰਾ ਗੁਰੂ' ਦੇ ਅਰਥ ਹਨ, ਵੱਡਾ ਗੁਰੂ, ਸ੍ਰੇਸ਼ਟ ਗੁਰੂ। ਇਨ੍ਹਾਂ ਲੋਕਾਂ ਦੇ ਸਿਰ 'ਤੇ ਕੇਸ ਹੁੰਦੇ ਹਨ, ਹੱਥ ਵਿਚ ਸਿਪ ਦਾ ਕੜਾ ਪਾਂਦੇ ਹਨ ਤੇ ਛੋਟੀ ਜਿਹੀ ਕਿਰਪਾਨ ਭੀ ਆਮ ਤੌਰ 'ਤੇ ਆਪਣੇ ਪਾਸ ਰਖਦੇ ਹਨ ਜਿਸ ਨੂੰ ਇਹ 'ਕਾਰੁਦਰ' ਕਹਿੰਦੇ ਹਨ।

ਇਨ੍ਹਾਂ ਲੋਕਾਂ ਦੇ ਮੰਦਰਾਂ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਮੂਰਤੀ ਰੱਖੀ ਹੁੰਦੀ ਹੈ। ਲਿਪਾ, ਕਾਨਮ, ਪੂਹਾ ਆਦਿਕ ਅਸਥਾਨਾਂ ਦੀਆਂ ਸੜਕਾਂ 'ਤੇ ਥੋੜ੍ਹੀ ਥੋੜ੍ਹੀ ਵਾਟ ਪੁਰ ਸੜਕ ਦੇ ਦੋਹੀਂ ਪਾਸੀਂ ਗੜ੍ਹਤੌਕ ਤਕ ਦੋ-ਦੋ ਥੰਮ੍ਹ ਖੜੇ ਕਰ ਕੇ ਸੜਕ ਨੂੰ ਛੱਤਿਆ ਹੋਇਆ ਹੈ। ਇਸ ਛੱਤ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਤਸਵੀਰ ਬਣੀ ਹੋਈ ਹੈ। ਇਸ ਤਰ੍ਹਾਂ ਦੀਆਂ ਮੂਰਤਾਂ ਸ਼ਿਮਲੇ ਤੋਂ ਤਿੱਬਤ ਨੂੰ ਜਾਣ ਵਾਲੀ ਸੜਕ 'ਤੇ, ਸ਼ਿਮਲੇ ਤੋਂ ਇਕ ਸੌ ਸੱਠਵੇਂ (੧੬੦) ਮੀਲ ਤੋਂ ਸ਼ੁਰੂ ਹੋ ਜਾਂਦੀਆਂ ਹਨ।

ਸ਼ਹਿਰ ਲਿਪਾ ਦਾ 'ਦੇਵੀ ਰਾਮ' ਨਾਮੇ ਇਕ ਲਾਮਾ ਆਪਣੇ ਸਮੇਂ ਵਿਚ ਬੜਾ ਵਿਦਵਾਨ ਤੇਜਸਵੀ ਹੋਇਆ ਹੈ। ਇਕ ਵੇਰ 'ਕਾਨਮ' ਦਾ ਤਵਾਰਕੀ ਨਾਮੇ ਲਾਮਾ (ਤਿੱਬਤ ਵਿਚ ਲਾਮਾ ਧਾਰਮਕ ਆਗੂ ਨੂੰ ਕਹਿੰਦੇ ਹਨ) ਤੇ ਕੁਝ ਹੋਰ ਲਾਮੇ ਇਕੱਠੇ ਹੋਏ ਹੋਏ ਸਨ। ਇਨ੍ਹਾਂ ਅੱਗੇ ਪ੍ਰਸ਼ਨ ਕੀਤਾ ਗਿਆ ਕਿ ਭਦਰਾ ਗੁਰੂ ਕੌਣ ਹੈ, ਜਿਸ ਦੀ ਤੁਸੀਂ ਪ੍ਰਸਤਸ਼ ਕਰਦੇ ਹੋ ? ਉਨ੍ਹਾਂ ਸਾਰਿਆਂ ਨੇ ਦੇਵੀ ਰਾਮ ਵੱਲ ਵੇਖਿਆ ਤੇ ਉੱਤਰ

ਦੇਣ ਲਈ ਕਿਹਾ। ਦੇਵੀ ਰਾਮ ਨੇ ਉੱਤਰ ਵਿਚ ਦੱਸਿਆ ਕਿ ਭਦਰਾ ਗੁਰੂ ਪੰਜਾਬ ਵਿਚ ਹੋਇਆ ਹੈ। ਦੇਵੀ ਰਾਮ ਤੋਂ ਪੁੱਛਿਆ ਗਿਆ ਕਿ ਉਹਦਾ ਨਾਮ ਕੀ ਹੈ ? ਤਦ ਉਸ ਨੇ ਕਿਹਾ ਕਿ ਗੁਰੂ ਪਤੀ ਹੈ ਤੇ ਅਸੀਂ ਉਹਦੀਆਂ ਚੇਰੀਆਂ ਹਾਂ। ਪੰਜਾਬ ਵਿਚ ਕੋਈ ਇਸਤਰੀ ਆਪਣੇ ਪਤੀ ਦਾ ਨਾਮ ਨਹੀਂ ਲੈਂਦੀ। ਸੋ ਅਸੀਂ ਗੁਰੂ ਦਾ ਨਾਮ ਕਿਸ ਤਰ੍ਹਾਂ ਲੈ ਸਕਦੇ ਹਾਂ। ਫਿਰ ਪੁੱਛਿਆ ਗਿਆ ਕਿ ਆਖ਼ਰ ਕੁਝ ਪਤਾ ਦੱਸੋ ਕਿ ਤੁਹਾਡਾ ਗੁਰੂ ਕਿਹੜਾ ਹੈ ? ਤਦ ਦੇਵੀ ਰਾਮ ਲਾਮਾ ਨੇ ਕਿਹਾ ਕਿ ਸਾਡਾ ਭਦਰਾ ਗੁਰੂ ਉਹ ਹੈ, ਜਿਸ ਨੇ ਮੱਕਾ ਫੇਰਿਆ, ਜਿਸ ਨੇ ਰੀਠੇ ਮਿੱਠੇ ਕੀਤੇ, ਜਿਸ ਨੇ ਸਿੱਧਾਂ ਨਾਲ ਗੋਸ਼ਟ ਕਰ ਕੇ ਉਨ੍ਹਾਂ 'ਤੇ ਵਿਜੈ ਪਾਈ, ਜਿਸ ਨੇ ਦਸ ਜਾਮੇ ਧਾਰੇ, ਸ੍ਰੀ ਅੰਮ੍ਰਿਤਸਰ ਵਿਚ ਹਰਿਮੰਦਰ ਰਚਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਣਾਇਆ, ਛੇਵੇਂ ਜਾਮੇ ਜੰਗ ਕੀਤੇ ਤੇ ਦਸਵੇਂ ਜਾਮੇ ਸਿੰਘ ਸਜਾਏ। ਦੇਵੀ ਰਾਮ ਲਾਮੇ ਤੋਂ ਪੁੱਛਿਆ ਗਿਆ ਕਿ ਭਦਰਾ ਗੁਰੂ ਦੇ ਦਸ ਜਾਮਿਆਂ ਵਿਚ ਅਵਤਰ ਦਾ ਹਾਲ ਤੁਸਾਂ ਸਿੱਖਾਂ ਦੀ ਤਾਰੀਖ ਤੋਂ ਪੜ੍ਹਿਆ ਹੈ ? ਉੱਤਰ ਵਿਚ ਦੇਵੀ ਰਾਮ ਨੇ ਕਿਹਾ ਕਿ ਤਿੱਬਤ ਦੀ ਭਾਸ਼ਾ ਵਿਚ ਦੇਸ਼ ਦੀ ਲਿਪੀ ਵਿਚ ਭੋਜ ਪੱਤਰਾਂ 'ਤੇ ਲਿਖਿਆ, ਇਕ ਗ਼ਾਰ ਦੇ ਵਿਚੋਂ ਪ੍ਰਾਚੀਨ ਇਤਿਹਾਸ ਸਾਡੇ ਮੁਲਕ ਵਿਚੋਂ ਮਿਲਿਆ ਹੈ, ਮੈਂ ਇਹ ਹਾਲ ਓਹਦੇ ਵਿਚੋਂ ਪੜ੍ਹੇ ਹਨ।

ਇਨ੍ਹਾਂ ਲੋਕਾਂ ਦੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਰਵਾਲਸਰ ਤੀਰਥ 'ਤੇ ਬੜੀ ਸ਼ਰਧਾ ਹੈ ਤੇ ਇਨ੍ਹਾਂ ਦੀ ਯਾਤਰਾ ਲਈ ਬੜੀ ਸ਼ਰਧਾ ਨਾਲ ਆਉਂਦੇ ਤੇ ਸ਼ਾਸ਼ਟਾਂਗ ਡੰਡਉਤ ਪਰਣਾਮ ਕਰਦੇ ਹੋਏ ਪਰਕਰਮਾ ਕਰਦੇ ਹਨ। ਇਹ ਨਜ਼ਾਰਾ ਸ੍ਰੀ ਦਰਬਾਰ ਸਾਹਿਬ ਜੀ, ਅੰਮ੍ਰਿਤਸਰ ਵਿਚ ਕਈ ਵੇਰ ਲੋਕਾਂ ਨੇ ਅੱਖੀਂ ਡਿੱਠਾ ਹੈ ਤੇ ਹਰ ਸਾਲ ਦੇਖੀਦਾ ਹੈ। ਲਿਪਾ ਦੇ ਮੰਦਰ ਵਿਚ ਇਕ ਵੇਰ ਇਕ ਤਮਾਕੂ ਪੀਣ ਵਾਲਾ ਮਨੁੱਖ ਵੜ ਗਿਆ। ਲਾਮੇ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਦ ੪੮ ਘੰਟੇ ਓਸੇ ਮੰਦਰ ਨੂੰ ਅੰਦਰੋਂ ਚੱਪਾ-ਚੱਪਾ ਥਾਂ ਤੋਂ ਧੋਂਦੇ ਰਹੇ ਤੇ ਸੈਂਕੜੇ ਆਦਮੀ

**'ਓ-ਆਹੂੰ ਭੱਦਰਾ ਗੁਰੂ, ਪਦਮਾ ਸਿਧੀਹੂੰ'**

ਦਾ ਜਾਪ ਕਰਦੇ ਰਹੇ। ਇਨ੍ਹਾਂ ਲੋਕਾਂ ਦੀ ਤਿੱਬਤ ਵਿਚ ਚੋਖੀ ਵੱਸੋਂ ਹੈ। ਬੁਧ ਦੇ ਮੰਦਰਾਂ ਦੀ ਇਹ ਪੂਜਾ ਨਹੀਂ ਕਰਦੇ, ਪਰੰਤੂ ਬੋਧੀ ਇਨ੍ਹਾਂ ਦੇ ਮੰਦਰਾਂ ਦੀ ਪੂਜਾ ਆਪਣੇ ਇਸ਼ਟ ਵਤ ਕਰਦੇ ਹਨ।

ਇਸ ਇਲਾਕੇ ਵਿਚ ਰਾਮ ਚੰਦਰ ਆਦਿਕ ਦੇਵਤਿਆਂ ਦੀ ਪੂਜਾ ਭੀ ਹੋਂਦੀ ਹੈ ਤੇ ਹਰ ਪਿੰਡ ਦਾ ਲਗਪਗ ਦੇਵਤਾ ਵੱਖਰਾ ਹੁੰਦਾ ਹੈ। ਦੇਵੀ ਰਾਮ ਤੋਂ ਪੁੱਛਣ 'ਤੇ ਉਹਨੇ ਦੱਸਿਆ ਕਿ ਰਾਮ ਚੰਦਰ ਆਦਿਕ ਦੇਵ ਮੰਡਲ ਦੇ ਹਨ, ਮਹਾਤਮਾ ਬੁਧ ਮੁਕਤ ਹੈ, ਇਸ ਕਰਕੇ ਇਨ੍ਹਾਂ ਵਿਚੋਂ ਮਹਾਤਮਾ ਬੁਧ ਬਹੁਤ ਉੱਚਾ ਹੈ। ਕਿੰਤੂ ਭਦਰਾ ਗੁਰੂ ਮੁਕਤੀ ਦਾਤਾ ਹੈ ਤੇ ਬੁਧ ਮੁਕਤੀ ਲੈਣ ਵਾਲਾ, ਇਸ ਕਰਕੇ ਉਹ ਬੁਧ ਜੀ ਤੋਂ ਬਹੁਤ ਉੱਚਾ ਹੈ।

ਇਹ ਗੱਲ ਭੀ ਦੱਸਦੇ ਹਨ ਕਿ ਕੰਨ-ਪਾਟਿਆਂ ਜੋਗੀਆਂ ਤੋਂ ਇਹ ਲੋਕ ਘਿਰਣਾ ਕਰਦੇ ਹਨ। ਜਾਪਦਾ ਹੈ ਕਿ ਉਨ੍ਹਾਂ ਦੇ ਹੱਥੋਂ ਗੁਰੂ ਜੀ ਵੇਲੇ ਇਹ ਲੋਕ ਤੰਗ ਸਨ

ਤੇ ਸਤਿਗੁਰੂ ਜੀ ਦੀ ਉਨ੍ਹਾਂ ਪਰ ਵਿਜੈ ਪਾਉਣ 'ਤੇ ਉਨ੍ਹਾਂ ਦਾ ਸਤਕਾਰ ਤੇ ਭੈ ਇਨ੍ਹਾਂ ਦੇ ਦਿਲੋਂ ਟੁੱਟ ਗਿਆ ਤੇ ਉਨ੍ਹਾਂ ਦੀ ਸ਼ਰਾਬ-ਨੋਸ਼ੀ ਆਦਿ ਮਾੜੇ ਕੰਮਾਂ ਤੋਂ ਘਿਰਣਾ ਹੋ ਗਈ। ਓਹ ਲੋਕ ਗੁਰੂ ਜੀ ਦੇ ਉਪਾਸ਼ਕ ਹੋ ਗਏ ਤੇ ਸਿੱਧ ਓਥੋਂ ਹੇਠਾਂ ਆ ਗਏ। *ਨਾਨਕ ਪ੍ਰਕਾਸ਼ ਉਤ੍ਰਾਰਧ* ਵਿਚ ਕਈ ਥਾਈਂ ਗੋਰਖ ਆਦਿ ਓਹੋ ਸਿੱਧ ਫਿਰ ਫਿਰ ਹਿੰਦ ਦੇ ਮੈਦਾਨਾਂ ਵਿਚ ਮਿਲਦੇ ਹਨ। ਸੋ ਸਾਰੀ ਖੋਜ ਪੜਤਾਲ ਇਹ ਦੱਸਦੀ ਹੈ ਕਿ ਗੁਰੂ ਜੀ ਨੇ ਹਿਮਾਲਿਆ ਤੇ ਤਿੱਬਤ ਦੇ ਦੁਰਘਟ ਥਾਈਂ ਫਿਰ ਫਿਰ ਕੇ 'ਸਤਿਨਾਮ' ਦਾ ਛਤਰ ਝੁਲਾਇਆ। ਸ਼ੋਕ ਹੈ ਕਿ ਉਨ੍ਹਾਂ ਦੀ ਸੰਪਰਦਾਇ ਨੇ ਇਹ ਸਾਰੇ ਇਲਾਕੇ ਆਪਣੇ ਪਰਚਾਰ ਦੀ ਅਣਹੋਂਦ ਨਾਲ ਸਮੇਂ ਦੇ ਹੱਥਾਂ ਵਿਚ ਸਪੁਰਦ ਕਰ ਛੱਡੇ ਹਨ ਜੋ ਦਿਨੋ-ਦਿਨ ਵਿਗੜਦੇ ਜਾਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਚਲ ਵਟਾਲੇ ਹੋਈ ਗੋਸ਼ਟ ਤਾਂ *ਸਿਧ ਗੋਸਟਿ* ਵਿਚ ਲਿਖੀ ਹੈ ਤੇ ਸੁਮੇਰ ਵਾਲੀ ਚਰਚਾ ਦੇ ਸ਼ਬਦ ਜੋ ਹੋਏ, ਉਹ *ਨਾਨਕ ਪਰਕਾਸ਼* ਵਿਚ ਆ ਗਏ ਹਨ।

ਸਿੱਧ ਨਾਥ ਸੁਮੇਰ 'ਤੇ ੧੨ ਮਹੀਨੇ ਨਹੀਂ ਸਨ ਰਹਿੰਦੇ, ਦੇਖੋ ਅਧਯਾਇ ੬੦, ਅੰਕ ੧੦, ਗੋਰਖ ਸੁਮੇਰ 'ਤੇ ਜਾਂਦਾ ਦੱਸਿਆ ਹੈ।

ਮਾਨਸਰੋਵਰ ਦਾ ਤਾਲ ੧੫੩੦੦ ਫ਼ੁਟ ਦੀ ਉਚਾਈ 'ਤੇ ਹੈ ਤੇ ਕੈਲਾਸ਼ ਪਰਬਤ ਜੋ ਪਾਸ ਹੀ ਹੈ, ਦੀ ਚੋਟੀ ੨੧੯੩੦ ਫ਼ੁਟ ਉੱਚੀ ਹੈ। ਇਕ ਪਾਸੇ ਇਸ ਦੇ ਗੁਰਲ-ਮਾਨਧਾਤਾ ਨਾਮੇ ਪਰਬਤ ਹੈ। ਮਾਨਸਰੋਵਰ ਨੂੰ ਲਦਾਖ਼ ਤੋਂ ਭੀ ਜਾ ਸਕੀਦਾ ਹੈ, ਸ਼ਿਮਲੇ ਤੋਂ ਭੀ ਤੇ ਅਲਮੋੜੇ ਵੱਲੋਂ ਭੀ। ਮਾਨਸਰੋਵਰ ਦਾ ਵਿਸਥਾਰ ੫੦-੬੦ ਮੀਲ ਹੈ। ਏਸ ਇਲਾਕੇ ਵਿਚੋਂ, ਜਿਸ ਨੂੰ ਖੋਰਸਮ ਕਹਿੰਦੇ ਹਨ, ਚਾਰ ਵੱਡੇ ਦਰਿਆ ਨਿਕਲੇ ਹਨ:

ਸਿੰਧ, ਬਾਰੇ ਟਸਾਨਪੋ, ਸਤਲੁਜ, ਕਰਨਾਲੀ।

ਇਥੇ ਸੋਨਾ ਦੇਣ ਵਾਲੇ ਥਾਂ ਭੀ ਹਨ:

ਥੋਕ ਜਾਲੰਗ, ਥੋਕ ਦੌਰਾ, ਕਪਾ ਤੇ ਹੇਰੂ ਆਦਿ।

ਇਹ ਉਪਰਲੇ ਚਾਰ ਨੋਟ ਕੇਵਲ ਖੋਜ ਦਾ ਰਸ (Interest) ਪੈਦਾ ਕਰਨ ਲਈ ਹਨ। ਆਪਣੇ ਆਪ ਵਿਚ ਇਹ ਖੋਜ ਕੋਈ ਬਹੁ-ਮੁੱਲੀ ਨਹੀਂ, ਭਲਾ ਜੇ ਕੋਈ ਕੌਮ ਵਿਚੋਂ ਕੌਮੀ ਕੁਰਬਾਨੀ ਦਾ ਖ਼ਿਆਲ ਲੈ ਕੇ ਸੁਹਣਾ ਨਿਤਰ ਪਵੇ ਤੇ ਇਤਿਹਾਸ-ਖੋਜ ਵਿਚ ਸਾਰਾ ਵਕਤ ਲਾ ਕੇ ਕੌਮ ਦਾ ਸ਼ਾਨਦਾਰ ਪਿੱਛਾ ਮੂਰਤੀਮਾਨ ਕਰ ਦੇਵੇ, ਜਾਂ ਕਿਸੇ ਨੂੰ ਚਾਅ ਆ ਜਾਵੇ ਤੇ ਭਾਈ ਸਾਹਿਬ ਭਾਈ ਕਰਮ ਸਿੰਘ ਜੀ ਹਿਸਟੋਰੀਅਨ ਦੀ ਹੋ ਚੁੱਕੀ ਮਿਹਨਤ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਸਹਾਇਕ ਹੋ ਖੜੋਵੇ।

# ਇਤਿਹਾਸ

## [ਸ੍ਰੀ ਮਾਨ ਵਿਦਿਆ-ਭੂਸ਼ਨ ਸਰਦਾਰ ਕਾਹਨ ਸਿੰਘ ਜੀ ਨਾਭਾ]

ਇਹ ਸੰਸਕ੍ਰਿਤ ਸ਼ਬਦ ਹੈ—'ਇਤਿ ਹ ਆਸ', ਜਿਸ ਦਾ ਅਰਥ ਹੈ : ਇਹ ਘਟਨਾ (Ocurrence) ਇਸ ਸਮੇਂ ਇਸ ਤਰ੍ਹਾਂ ਹੋਈ ਹੈ। ਜੋ ਗ੍ਰੰਥ ਠੀਕ ਸਮੇਂ ਦੇ ਵਾਕਿਆ ਨੂੰ ਇੰਨ-ਬਿੰਨ ਯਥਾਰਥ ਪਰਗਟ ਕਰਦਾ ਹੈ, ਉਹ 'ਇਤਿਹਾਸ' ਹੈ। ਜਿਸ ਪੁਸਤਕ ਵਿਚ ਘਟਨਾ ਦਾ ਸਮਾਂ ਹੋਰ ਅਤੇ ਉਸ ਦਾ ਹੋਣਾ ਹੋਰ ਤਰ੍ਹਾਂ ਦੱਸਿਆ ਗਿਆ ਹੈ, ਉਸ ਨੂੰ ਇਤਿਹਾਸ ਆਖਣਾ ਭੁੱਲ ਹੈ।

ਇਤਿਹਾਸ ਦੀ, ਵਿਦਿਆ ਦੇ ਪ੍ਰਧਾਨ ਅੰਗਾਂ ਵਿਚ ਗਿਣਤੀ ਹੈ।[1] ਵ੍ਯਾਸ ਜੀ ਨੇ *ਮਹਾਂਭਾਰਤ* ਵਿਚ ਲਿਖਿਆ ਹੈ ਕਿ ਇਤਿਹਾਸ-ਦੀਪਕ ਨਾਲ ਹੀ ਅਵਿਦਿਆ ਦਾ ਹਨੇਰਾ ਦੂਰ ਹੁੰਦਾ ਹੈ।[2] ਪਰ ਸਾਡੇ ਭਾਈ ਅਜਿਹੇ ਬਹੁਤ ਹੀ ਘੱਟ ਹਨ ਜੋ ਉੱਤਮ ਇਤਿਹਾਸ ਲਿਖ ਸਕਦੇ ਹਨ। ਜਿਨ੍ਹਾਂ ਲੇਖਕਾਂ ਨੇ ਲਾਲਚ, ਡਰ, ਵੈਰ-ਵਿਰੋਧ, ਈਰਖਾ, ਅਵਿਦਿਆ ਮਿਲੀ ਸ਼ਰਧਾ ਜਾਂ ਆਪਣੀ ਅਲਪਗਤਾ ਨਾਲ, ਦੇਸ, ਰਾਜੇ, ਧਰਮ ਦੇ ਆਗੂ ਅਤੇ ਸੂਰਵੀਰਾਂ ਦੀ ਕਥਾ ਲਿਖੀ ਹੈ, ਉਹ ਨਿੰਦਿਤ ਇਤਿਹਾਸ ਹਨ।

ਵਿਦਵਾਨਾਂ ਨੇ ਇਤਿਹਾਸਕਾਰ ਲਈ ਸਮਯ, ਘਟਨਾ, ਮਤ ਅਤੇ ਭਾਵ ਦੇ ਯਥਾਰਥ ਗਿਆਨ ਦਾ ਹੋਣਾ ਜ਼ਰੂਰੀ ਦੱਸਿਆ ਹੈ। ਅਸੀਂ ਹੋਰ ਮਤ ਦੇ ਇਤਿਹਾਸਾਂ ਦਾ ਹਵਾਲਾ ਦੇਣਾ ਛੱਡ ਕੇ, ਆਪਣੇ ਗ੍ਰੰਥ ਵਿਚੋਂ ਹੀ ਇਸ ਸੰਬੰਧੀ ਉਦਾਹਰਣ ਵਿਖਾਉਂਦੇ ਹਾਂ :

(੧) ਸਮਯ—ਜੋ ਗੱਲ ਸੰਮਤ ੧੫੧੦ ਮਾਘ ਮਹੀਨੇ ਦੇ ਪੰਜਵੇਂ ਪ੍ਰਵਿਸ਼੍ਹੇ ਅੰਮ੍ਰਿਤ ਵੇਲੇ ਹੋਈ ਹੈ, ਉਸ ਨੂੰ ਕੋਈ ਛੇਵੇਂ ਪ੍ਰਵਿਸ਼੍ਹੇ ਸੰਝ ਵੇਲੇ ਹੋਣੀ ਸਿੱਧ ਨਹੀਂ ਕਰ ਸਕਦਾ, ਪਰ ਬਹੁਤ ਲੇਖਕ ਅਨੇਕ ਵਰ੍ਹੇ ਅੱਗੇ ਪਿੱਛੇ ਲਿਖ ਦਿੰਦੇ ਹਨ, ਜਿਵੇਂ—ਗੁਰੂ ਅਮਰਦਾਸ ਜੀ ਦੀ ਬਾਉਲੀ ਦਾ ਕੜ ਟੁੱਟਣ ਸਾਰ ਅਕਬਰ ਦ੍ਵਾਰਾ ਚਿਤੌੜਗੜ੍ਹ ਦਾ ਫ਼ਤਹ ਹੋਣਾ ਲਿਖਿਆ ਹੈ। ਤਵਾਰੀਖ਼ ਦੇ ਗਿਆਨੀ ਜਾਣਦੇ ਹਨ ਕਿ ਬਾਉਲੀ ਸੰਮਤ ੧੬੧੬ ਬਿ: (੧੫੫੯ ਈ:) ਵਿਚ ਬਣੀ ਹੈ ਅਤੇ ਅਕਬਰ ਨੇ ਚਤੌੜ ਸੰਮਤ 1624 ਬਿ: (1567 ਈ:) ਵਿਚ ਫ਼ਤਹ ਕੀਤਾ ਹੈ।

---

੧. ਦੇਖੋ *ਯਜੁਰ ਵੇਦ* ੧੪-੫-੪-੧੦। ੨. ਦੇਖੋ *ਮਹਾਂਭਾਰਤ* ੧-੧-੮੩।

ਏਸੇ ਤਰ੍ਹਾਂ ਹੀ ਆਸਾਮ ਦੀ ਮੁਹਿੰਮ ਵਿਚ ਗੁਰੂ ਤੇਗ ਬਹਾਦਰ ਸਾਹਿਬ ਦਾ ਰਾਜਾ ਬਿਸ਼ਨ ਸਿੰਘ ਨਾਲ ਜਾਣਾ ਲਿਖਿਆ ਹੈ, ਪਰ ਇਹ ਨਹੀਂ ਵਿਚਾਰਿਆ ਕਿ ਰਾਜਾ ਬਿਸ਼ਨ ਸਿੰਘ ਆਸਾਮ ਦੀ ਮੁਹਿੰਮ ਵੇਲੇ ਜੰਮਿਆ ਭੀ ਨਹੀਂ ਸੀ, ਉਹ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਵੇਲੇ ਚਾਰ ਪੰਜ ਵਰ੍ਹੇ ਦਾ ਸੀ।

(੨) ਘਟਨਾ—ਚਤੌੜ ਦੇ ਜੰਗ ਦਾ ਕਾਰਨ ਦੱਸਿਆ ਹੈ ਕਿ ਜੈਮਲ ਅਤੇ ਫੱਤਾ ਚਤੌੜ ਦੇ ਰਾਜੇ ਸਨ। ਜੈਮਲ ਦੀ ਸੁੰਦਰ ਕੰਨਿਆ ਪਦਮਿਨੀ ਦੇ ਲੈਣ ਲਈ ਅਕਬਰ ਨੇ ਜੰਗ ਕੀਤਾ ਸੀ। ਪਰ ਇਹ ਘਟਨਾ ਇਉਂ ਨਹੀਂ ਹੋਈ, ਕਿਉਂਕਿ ਜੈਮਲ ਅਤੇ ਫੱਤਾ (ਪੱਤੋ) ਚਤੌੜ ਦੇ ਰਾਜੇ ਨਹੀਂ ਸਨ, ਅਰ ਨਾ ਜੈਮਲ ਦੀ ਪੁੱਤਰੀ ਕੋਈ ਪਦਮਿਨੀ ਸੀ। ਅਕਬਰ ਦਾ ਜੰਗ ਰਾਣਾ ਉਦੈ ਸਿੰਘ ਚਤੌੜ-ਪਤਿ ਨਾਲ ਕੇਵਲ ਜੈਪੁਰ ਦੇ ਰਾਜੇ ਦੀ ਈਰਖਾ ਦਾ ਫਲ ਸੀ, ਅਰ ਪਦਮਿਨੀ (ਪਦਮਾਵਤੀ) ਦੇ ਲੈਣ ਲਈ ਅਲਾਉੱਦੀਨ ਖ਼ਿਲਜੀ ਦਾ ਜੰਗ ਸੰਮਤ ੧੩੬੧ ਵਿਚ ਹੋਇਆ ਸੀ।

(੩) ਮਤ—ਜਿਨ੍ਹਾਂ ਨੂੰ ਗੁਰਮਤਿ ਦਾ ਗਿਆਨ ਹੈ, ਉਹ ਜਾਣਦੇ ਹਨ ਕਿ ਸਤਿਗੁਰੂ ਸੰਸਾਰ ਦੇ ਪਦਾਰਥਾਂ ਤੋਂ ਵਧ ਕੇ ਧਰਮ ਦੀ ਮਹਿਮਾ ਦ੍ਰਿੜ੍ਹਾਉਣ ਵਾਲੇ ਹੋਏ ਹਨ, ਉਨ੍ਹਾਂ ਦਾ ਕੁਲੀਨ ਧਰਮ ਪਰਾਇਣ ਰਾਜ-ਪੁੱਤਰੀ ਦੇ ਧਰਮ ਭੰਗ ਲਈ ਬਾਦਸ਼ਾਹ ਅਕਬਰ ਨੂੰ ਵਰਦਾਨ ਦੇਣਾ ਕਿ 'ਬਾਉਲੀ ਦਾ ਕੜ ਟੁੱਟਦੇ ਹੀ ਤੇਰਾ ਮਨੋਰਥ ਪੂਰਾ ਹੋ ਜਾਊ' ਭਾਰੀ ਅਨਰਥ ਹੈ।

ਏਸੇ ਤਰ੍ਹਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ, ਜਿਨ੍ਹਾਂ ਦੀ ਬਾਣੀ ਪੜ੍ਹ ਸੁਣ ਕੇ ਡਾਕੂ, ਚੋਰ, ਵਿਭਚਾਰੀ, ਸਦਾਚਾਰੀ ਹੋ ਜਾਣ, ਡਾਕੂਆਂ ਦਾ ਸਾਥੀ ਲਿਖਣਾ ਵੱਜਰ ਪਾਪ ਹੈ।

(੪) ਭਾਵ—ਕਿਸੇ ਸ਼ਬਦ ਜਾਂ ਵਾਕ ਦਾ ਤਾਤ-ਪਰਯ ਜਾਣੇ ਬਿਨਾਂ ਇਕ ਮਨ-ਕਲਪਿਤ ਕਹਾਣੀ ਘੜ ਲੈਣੀ ਅਰ ਉਸ ਦਾ ਕਿਸੇ ਬਜ਼ੁਰਗ ਦੇ ਇਤਿਹਾਸ ਨਾਲ ਸੰਬੰਧ ਜੋੜ ਦੇਣਾ, ਇਤਿਹਾਸ ਨਾਲ ਵੈਰ ਕਰਨਾ ਹੈ। ਜਿਵੇਂ : 'ਕੀੜਾ ਥਾਪ ਦੇਇ ਪਾਤਿਸਾਹੀ'[੧] ਦਾ ਭਾਵ ਸਮਝੇ ਬਿਨਾਂ ਗੁਰੂ ਨਾਨਕ ਦੇਵ ਜੀ ਦਾ ਕੀੜ ਨਗਰ ਵਿਚ ਜਾਣਾ ਅਤੇ ਉਥੇ ਕੀੜਿਆਂ ਦੇ ਰਾਜੇ ਨਾਲ ਚਰਚਾ ਦਾ ਹੋਣਾ ਲਿਖਿਆ ਹੈ।

ਅਲੰਕਾਰਾਂ ਨਾਲ ਭਰੀ ਮਨੋਹਰ ਕਵਿਤਾ ਵਿਚ ਲਿਖਿਆ ਇਤਿਹਾਸ ਆਦਰ ਯੋਗ ਨਹੀਂ, ਜਿਸ ਵਿਚ ਉੱਪਰ-ਲਿਖੀਆਂ ਚਾਰ ਗੱਲਾਂ ਦਾ ਧਿਆਨ ਨਹੀਂ ਰੱਖਿਆ ਗਿਆ। ਇਸ ਦੇ ਵਿਰੁੱਧ, ਟੁੱਟੀ-ਫੁੱਟੀ ਕਵਿਤਾ ਵਿਚ ਲਿਖਿਆ ਸ਼ੁੱਧ ਇਤਿਹਾਸ ਸਨਮਾਨ ਲਾਇਕ ਹੈ, ਜਿਵੇਂ—ਸਰਦਾਰ ਰਤਨ ਸਿੰਘ ਭੰਗੂ ਦਾ *ਪੰਥ ਪ੍ਰਕਾਸ਼,* ਗਿਆਨੀ ਗਿਆਨ ਸਿੰਘ ਦੇ *ਪੰਥ ਪ੍ਰਕਾਸ਼* ਨਾਲੋਂ, ਇਤਿਹਾਸ-ਖੋਜੀਆਂ ਦੀ ਨਿਗਾਹ ਵਿਚ ਬਹੁਤ ਉੱਤਮ ਹੈ।

ਅਕਾਲ ਪੁਰਖ ਦਾ ਧੰਨਵਾਦ ਹੈ ਕਿ ਸਾਡੇ ਭਾਈਆਂ ਦਾ ਧਿਆਨ ਇਤਿਹਾਸ

---

੧. ਮ: ੧, ਵਾਰ ਮਾਝ।

ਵੱਲ ਹੋਇਆ ਹੈ, ਅਰ ਇਤਿਹਾਸ ਦੇ ਪੰਡਿਤ ਸਰਦਾਰ ਕਰਮ ਸਿੰਘ ਜੀ, ਜਿਨ੍ਹਾਂ ਲਈ ਮੇਰੇ ਮਨ ਵਿਚ ਸਨਮਾਨ ਦਾ ਉੱਚ ਭਾਵ ਹੈ, 'ਫੁਲਵਾੜੀ' ਵਿਚ ਬਹੁ-ਮੁੱਲੇ ਲੇਖ ਲਿਖ ਕੇ ਪੰਥ ਨੂੰ ਸਾਵਧਾਨ ਕਰਨ ਲੱਗੇ ਹਨ। ਜੇ ਅਜਿਹੇ ਗੁਣੀਆਂ ਦੀ, ਕੌਮ ਕਦਰ ਕਰੇਗੀ ਅਰ ਅਣਲਿਖ ਇਤਿਹਾਸ ਦੇ ਸੰਗ੍ਰਹਿ ਕਰਨ ਦਾ ਉੱਦਮ ਧਾਰੇਗੀ, ਤਾਂ ਥੋੜ੍ਹੇ ਸਮੇਂ ਅੰਦਰ ਹੀ ਇਕ ਅਮੋਲਕ ਸਿਖ-ਇਤਿਹਾਸ ਲਿਖਿਆ ਜਾਵੇਗਾ, ਜਿਸ ਤੋਂ ਅਪਾਰ ਲਾਭ ਹੋਣ ਦੀ ਆਸ ਹੈ।

ਇਤਿਹਾਸ ਦੇ ਪ੍ਰਾਣ-ਰੂਪ ਪਰਸੰਗ ਅਜੇ ਕਈ ਸੱਜਣਾਂ ਦੇ ਜ਼ਬਾਨੀ ਯਾਦ ਹਨ, ਜੋ ਕਲਮ-ਬੰਦ ਹੋਣੇ ਬਹੁਤ ਹੀ ਜ਼ਰੂਰੀ ਹਨ। ਜੇ ਅਸੀਂ ਅਣਗਹਿਲੀ ਕਰਾਂਗੇ, ਤਾਂ ਉਹ ਫੇਰ ਪ੍ਰਾਪਤ ਨਹੀਂ ਹੋਣਗੇ। ਉਦਾਹਰਣ ਦੇ ਤੌਰ 'ਤੇ ਮੈਂ ਆਪਣੇ ਬਜ਼ੁਰਗ ਬਾਬਾ ਨੌਧ ਸਿੰਘ ਜੀ ਦਾ ਅੱਖੀਂ ਡਿੱਠਾ ਹਾਲ ਦੱਸਦਾ ਹਾਂ ਕਿ ਜਿਸ ਵੇਲੇ ਦਿੱਲੀ ਗੁਰਦੁਆਰਿਆਂ ਦੇ ਪੁਜਾਰੀ ਸਿੰਘ ਮਹਾਰਾਜਾ ਰਣਜੀਤ ਸਿੰਘ ਪਾਸ ਲਾਹੌਰ ਪੁੱਜੇ, ਤਾਂ ਮਹਾਰਾਜ ਨੇ ਭਰੇ ਦਰਬਾਰ ਆਪਣੀ ਦਾੜ੍ਹੀ ਨਾਲ ਸਿੱਖਾਂ ਦੇ ਚਰਨ ਝਾੜੇ ਅਰ ਦੁਸਾਂਝ ਪਿੰਡ ਜਾਗੀਰ ਵਿਚ ਦਿੱਤਾ। ਇਹ ਸਿੱਖੀ ਸਿਦਕ ਦਾ ਨਮੂਨਾ ਮਨੋਹਰ ਪਰਸੰਗ ਕਿਸੇ ਲੇਖਕ ਨੇ ਨਹੀਂ ਲਿਖਿਆ। ਐਸੇ ਹੀ ਹੋਰ ਪਰਸੰਗ ਹਨ ਜੋ ਮੈਂ ਆਪਣੇ ਬਜ਼ੁਰਗਾਂ ਅਤੇ ਬਿਰਧ ਪੁਰਸ਼ਾਂ ਤੋਂ ਸੁਣੇ ਹਨ।

ਇਤਿਹਾਸ ਦਾ ਮਹਾਨ ਕਾਰਜ ਤਦੇ ਹੀ ਸਿਰੇ ਚੜ੍ਹੇਗਾ, ਜੇ ਵਿਦਵਾਨਾਂ ਦੀ ਇਕ ਕਮੇਟੀ ਬਣ ਕੇ ਇਸ ਕੰਮ ਨੂੰ ਹੱਥ ਵਿਚ ਲਵੇਗੀ ਅਰ ਸਰਦਾਰ ਕਰਮ ਸਿੰਘ ਜੀ ਜਿਹੇ ਖੋਜੀਆਂ ਲਈ ਇਤਿਹਾਸ ਸੰਬੰਧੀ ਪੂਰੀ ਸਮੱਗਰੀ ਇਕੱਠੀ ਕਰੇਗੀ।

# ਇਤਿਹਾਸ-ਪਾਠ

[ਸ੍ਰੀ ਮਾਨ ਲਾਲਾ ਕਿਰਪਾ ਸਾਗਰ ਜੀ]

## ਕੌਮਾਂ ਦੀ ਪੂੰਜੀ

ਕਿਸੇ ਕੌਮ ਜਾਂ ਦੇਸ ਦੀ ਪੂੰਜੀ ਦੋ ਚੀਜ਼ਾਂ ਹੁੰਦੀਆਂ ਨੇ : ਇਕ ਉਸ ਦਾ ਇਤਿਹਾਸ ਤੇ ਦੂਜੀ ਉਸ ਦੀ ਮਾਤਰੀ ਬੋਲੀ ਜਾਂ ਸਾਹਿੱਤ। ਏਹਨਾਂ ਦੀ ਰੱਖਿਆ ਲਈ ਕੌਮਾਂ ਆਪਣੇ ਆਪ ਨੂੰ ਕੁਰਬਾਨ ਕਰ ਦੇਂਦੀਆਂ ਨੇ। ਹਜ਼ਾਰਾਂ ਖ਼ੂਨ ਤੇ ਜੰਗ ਹੋਏ ਕਿ ਕਿਵੇਂ ਮਾਤਰੀ ਬੋਲੀ ਤੇ ਕੌਮੀ ਇਤਿਹਾਸ ਦੂਸ਼ਤ ਨਾ ਕੀਤੇ ਜਾਣ। ਏਥੋਂ ਤਕ ਕਿ ਦੁਨੀਆ ਦੀਆਂ ਕੌਮਾਂ ਨੇ ਏਹਨਾਂ ਦੋਹਾਂ ਦੀ ਖ਼ਾਤਰ ਕਈ ਜੰਗ ਛੇੜੇ ਤੇ ਲੱਖਾਂ ਬੰਦੇ ਸ਼ਹੀਦ ਕਰਾਏ। ਅਜੇ ਹੁਣੇ ਪੋਲੈਂਡ ਨੇ ਜਿੱਤ ਜਿੱਤੀ ਏ, ਤੇ ਆਪਣਾ ਇਤਿਹਾਸ ਤੇ ਮਾਤਰੀ ਬੋਲੀ ਨੂੰ ਬੜੇ ਜੋਧ ਨਾਲ ਬਚਾਇਆ ਏ। ਇਹ ਦੋਵੇਂ ਚੀਜ਼ਾਂ ਬੜੀਆਂ ਘਾਲਾਂ ਘਾਲ ਕੇ ਤੇ ਮਿਹਨਤ ਕਰ ਕਰ ਕੇ ਬਣਾਈਆਂ ਜਾਂਦੀਆਂ ਨੇ। ਏਹਨਾਂ ਦੀ ਬਣਤਰ ਵਿਚ ਕੌਮ ਦਿਆਂ ਚੋਣਵਿਆਂ ਪੁਰਸ਼ਾਂ ਤੇ ਇਸਤ੍ਰੀਆਂ ਦਾ ਲਹੂ ਡੁੱਲ੍ਹਾ ਹੋਇਆ ਹੁੰਦਾ ਏ। ਹਜ਼ਾਰਾਂ ਜਾਨਾਂ ਵਾਰੀਆਂ ਹੋਈਆਂ ਹੁੰਦੀਆਂ ਨੇ ਤੇ ਬੇਅੰਤ ਸੂਰਮੇ ਸ਼ਹੀਦ ਹੋਏ ਹੋਏ ਹੁੰਦੇ ਨੇ। ਗੱਲ ਕੀ ਕਿ ਏਹਨਾਂ ਚੀਜ਼ਾਂ ਦਾ ਲੱਭਣਾ ਕੋਈ ਸੌਖਾ ਕੰਮ ਨਹੀਂ। ਏਸ ਵਾਸਤੇ ਹਰ ਇਕ ਕੌਮ ਦੇ ਦਿਲ ਵਿਚ ਏਹਨਾਂ ਦੋਹਾਂ ਚੀਜ਼ਾਂ ਦੀ ਬੜੀ ਕਦਰ, ਇੱਜ਼ਤ ਤੇ ਮਾਣ ਹੁੰਦਾ ਏ।

## ਸਾਹਿਤ ਤੇ ਇਤਿਹਾਸ

ਬੋਲੀ ਤੇ ਸਾਹਿੱਤ ਇੱਕੋ ਚੀਜ਼ ਨੇ, ਪਰ ਬੋਲੀ ਕੌਮੀ ਇਤਿਹਾਸ ਦਾ ਨਿਚੋੜ ਹੁੰਦਾ ਏ। ਕੌਮ ਜਿਸ ਜਿਸ ਘਟਨਾ ਵਿਚੋਂ ਲੰਘਦੀ ਏ, ਉਸ ਉਸ ਦਾ ਬੋਲੀ 'ਤੇ ਅਸਰ ਪੈਂਦਾ ਏ, ਤੇ ਜਿੱਥੇ ਇਤਿਹਾਸ ਮੁੱਕ ਜਾਂਦਾ ਏ ਬੋਲੀ ਵੀ ਵਧਣੋਂ ਰਹਿ ਜਾਂਦੀ ਏ। ਸੱਚ ਪੁੱਛੋ ਤਾਂ ਬੋਲੀ ਤੋਂ ਕੌਮ ਦੇ ਇਤਿਹਾਸ ਦਾ ਪਤਾ ਲੱਗ ਜਾਂਦਾ ਏ। ਨਿੱਕੇ ਨਿੱਕੇ ਤੇ ਛੋਟੇ ਛੋਟੇ ਸ਼ਬਦ, ਜੋ ਬੋਲੀ ਵਿਚ ਮੱਲਾਂ ਮੱਲ ਕੇ ਧੱਸੇ ਹੋਏ ਹੁੰਦੇ ਨੇ, ਇਕ ਇਕ ਇਤਿਹਾਸਕ ਘਟਨਾ ਦਾ ਵੇਰਵਾ ਹੁੰਦੇ ਨੇ ਤੇ ਸਮਝ ਵਾਲੇ ਲੋਕ ਓਹਨਾਂ ਤੋਂ ਈ ਕੌਮੀ ਇਤਿਹਾਸ ਘੜ ਲੈਂਦੇ ਨੇ। ਏਸ ਵਾਸਤੇ ਬੋਲੀ ਜਾਂ ਸਾਹਿੱਤ ਕੌਮ ਦਾ ਪਰਤੱਖ ਇਤਿਹਾਸ ਹੈ।

## ਬਣਤਰ

ਜਿਸ ਸਮੇਂ ਹੀਰਾ ਖਾਨ ਵਿਚ ਹੁੰਦਾ ਏ, ਓਹ ਸਾਧਾਰਨ ਪੱਥਰ ਵਰਗਾ ਜਾਪਦਾ ਏ। ਕਾਰੀਗਰ ਉਸ ਦੀਆਂ ਨੁੱਕਰਾਂ ਸਾਫ਼ ਕਰ ਕੇ ਉਸ ਦੇ ਪਾਸੇ ਬਣਾਂਦੇ ਨੇ, ਤਦ ਉਹ ਬੜਾ ਸੁੰਦਰ ਜਾਪਣ ਲੱਗ ਪੈਂਦਾ ਏ ਤੇ ਓਹਦਾ ਮੁੱਲ ਹਜ਼ਾਰਾਂ ਗੁਣਾਂ ਵਧ ਜਾਂਦਾ ਏ; ਏਸੇ ਤਰ੍ਹਾਂ ਇਤਿਹਾਸ ਤੇ ਸਾਹਿੱਤ ਨੇ। ਬੋਲੀ ਤਾਂ ਆਮ ਦੇਸ ਬੋਲਦਾ ਏ ਪਰ ਜੀਕਣ ਹੀਰੇ ਨੂੰ ਸੋਧਣ ਵਾਲੇ ਚਤਰ ਕਾਰੀਗਰ ਉਸ ਦੇ ਪਾਸੇ ਬਣਾਣ ਵਿਚ ਚਤੁਰਾਈ ਤੇ ਮਿਹਨਤ ਵਰਤਦੇ ਨੇ, ਏਸੇ ਤਰ੍ਹਾਂ ਕਲਮ ਦੇ ਧਨੀ ਵੀ ਆਪਣੀ ਅਕਲ, ਦਾਨਾਈ ਤੇ ਮਿਹਨਤ ਨਾਲ ਸਾਹਿੱਤ ਨੂੰ ਤੇ ਉਸ ਤੋਂ ਬੋਲੀ ਨੂੰ ਸੁਆਰਨ ਦਾ ਜਤਨ ਕਰਦੇ ਨੇ। ਜੀਕਣ ਕਾਰੀਗਰ ਨੂੰ ਹੀਰੇ ਦਾ ਮੁੱਲ ਵਧਾਣ ਲਈ ਉਸ 'ਤੇ ਮਿਹਨਤ ਕਰਨੀ ਤੇ ਜਾਨ ਘਾਲਣੀ ਪੈਂਦੀ ਏ, ਇਕਣ ਈ ਲਿਖਾਰੀ ਨੂੰ ਵੀ ਬੋਲੀ ਨੂੰ ਸੋਧਣ ਲਈ ਉਸ ਤੋਂ ਵਧੇਰੀ ਜਾਨ ਮਾਰਨੀ ਪੈਂਦੀ ਏ ਤੇ ਚੰਗਾ ਸਾਹਿੱਤ ਉਸ ਦੀ ਮਿਹਨਤ ਦਾ ਮੁੱਲ ਹੁੰਦਾ ਏ। ਏਸੇ ਵਾਸਤੇ ਸਾਹਿੱਤਕ ਲਿਖਾਰੀਆਂ ਦੀ ਹਰ ਇਕ ਕੌਮ ਵਿਚ ਬੜੀ ਇੱਜ਼ਤ ਤੇ ਕਦਰ ਹੁੰਦੀ ਏ। ਇਤਿਹਾਸ ਵੀ ਏਸੇ ਤਰ੍ਹਾਂ ਬਣਦਾ ਏ। ਸੂਰਬੀਰ ਪੁਰਸ਼ ਤੇ ਗੁਣਵੰਤੀਆਂ ਇਸਤਰੀਆਂ—ਜੋ ਕਿਸੇ ਵੀ ਜਾਤੀ ਵਿਚ ਆਦਰ ਕਰਨ ਦੇ ਯੋਗ ਹੋ ਸਕਦੀਆਂ ਨੇ—ਇਸ ਦੇ ਕਰਤਾ ਹੁੰਦੇ ਨੇ। ਪਰਉਪਕਾਰ, ਪਰ-ਸਵਾਰਥ, ਦੇਸ-ਭਗਤੀ, ਧਰਮ ਭਾਵ ਉਹਨਾਂ ਦਿਆਂ ਜੀਵਨਾਂ ਦਾ ਆਦਰਸ਼ ਹੁੰਦਾ ਏ, ਇਸ ਵਾਸਤੇ ਕੌਮ ਓਹਨਾਂ 'ਤੇ ਮਾਣ ਕਰਦੀ ਏ, ਤੇ ਓਹਨਾਂ ਦੇ ਵਡਿੱਤ ਨਾਲ ਵਡਿਆਈ ਲੱਭਦੀ ਏ। ਗੱਲ ਕੀ, ਇਹੋ ਜਿਹਾਂ ਪੁਰਸ਼ਾਂ ਤੇ ਇਸਤ੍ਰੀਆਂ ਦਾ ਬਣਾਇਆ ਹੋਇਆ ਇਤਿਹਾਸ ਰਾਜਸੀ ਗੁੰਝਲਾਂ ਵਿਚ, ਮਾਇਕ ਔਕੜਾਂ ਵਿਚ ਤੇ ਧਾਰਮਿਕ ਸੈਂਹਸਿਆਂ ਵਿਚ ਕੌਮ ਦਾ ਸਹਾਇਕ ਤੇ ਰਾਹ ਵਿਖਾਣ ਵਾਲਾ ਆਗੂ ਹੁੰਦਾ ਏ; ਕੌਮ ਨੂੰ ਉੱਜਲਾ, ਚਮਕਦਾਰ ਤੇ ਸ਼ਾਨਦਾਰ ਬਣਾਂਦਾ ਏ। ਹਾਂ, ਇਹ ਗੱਲ ਵੀ ਭੁੱਲਣ ਯੋਗ ਨਹੀਂ ਕਿ ਇਤਿਹਾਸ ਦੇ ਬਣਾਣ ਵਾਲੇ ਨਿਰੇ-ਪੁਰੇ ਸਦਾਚਾਰੀ, ਭਲੇ ਪੁਰਖ ਤੇ ਇਸਤ੍ਰੀਆਂ ਈ ਨਹੀਂ ਹੁੰਦੇ, ਦੁਰਾਚਾਰੀ ਤੇ ਕੁਕਰਮੀ ਮਨੁੱਖ ਵੀ ਇਸ ਦੀ ਬਣਤਰ ਵਿਚ ਘੱਟ ਹਿੱਸਾ ਨਹੀਂ ਲੈਂਦੇ। ਏਸ ਵਾਸਤੇ ਜਿੱਥੇ ਉੱਚ-ਕਰਮੀ ਪੁਰਖਾਂ ਦੇ ਚਮਕਦੇ ਤੇ ਭੜਕ-ਦਾਰ ਪੰਨੇ ਵੇਖਦੇ ਹਾਂ, ਓਥੇ ਨਾਲ ਈ ਸਾਨੂੰ ਕਿਧਰੇ ਕਿਧਰੇ ਧ੍ਰੋਹੀ, ਘਾਤੀ ਤੇ ਦੁਰਾਚਾਰੀ ਕੁਲੀਖਾਂ ਦੇ ਮੁਕਾਲੇ ਚਰਿੱਤਰ ਵੀ ਨਜ਼ਰ ਆਉਂਦੇ ਨੇ। ਓਹ ਆਪਣੇ ਕੁਕਰਮਾਂ ਦੇ ਕਾਰਨ ਕਿਸੇ ਨੂੰ ਧੰਨਵਾਦੀ ਨਹੀਂ ਬਣਾ ਸਕਦੇ, ਕਿਉਂਕਿ ਓਹਨਾਂ ਦਾ ਨਾਂ ਲਿਆਂ ਦੇਸ ਉੱਜਲਾ ਨਹੀਂ ਹੁੰਦਾ, ਪਰ ਹਾਂ ਏਨਾ ਲਾਭ ਜ਼ਰੂਰ ਹੁੰਦਾ ਏ ਕਿ ਓਹਨਾਂ ਦੇ ਟਾਕਰੇ 'ਤੇ ਸਤਕਰਮੀ ਲੋਕਾਂ ਦੇ ਇਤਿਹਾਸ ਵਧੇਰੀ ਉਘੇੜ ਪਕੜ ਲੈਂਦੇ ਨੇ, ਓਹਨਾਂ ਦੀ ਕਾਲਖ ਦੁਨੀਆ ਨੂੰ ਖ਼ਬਰਦਾਰ ਵੀ ਕਰਦੀ ਏ ਕਿ ਖ਼ਬਰਦਾਰ, ਸਾਡੇ ਵਰਗਾ ਚਰਿੱਤਰ ਹੋਰ ਨਾ ਬਣਾਨਾ।

## ਮਨੁੱਖੀ ਸੁਭਾਵ ਤੇ ਇਤਿਹਾਸ

ਮਨੁੱਖ ਆਪਣੇ ਸੁਭਾਵ ਤੋਂ ਈ ਇਤਿਹਾਸ-ਪ੍ਰੇਮੀ ਏ। ਉਸ ਦੇ ਚਿੱਤ ਦੀ ਤ੍ਰੇਹ

ਮਿਟਾਣ ਲਈ ਇਤਿਹਾਸ ਦਾ ਉਪਦੇਸ਼ ਜ਼ਰੂਰੀ ਏ। ਜੇ ਚੰਗਾ ਤੇ ਠੀਕ ਇਤਿਹਾਸ ਮਿਲ ਜਾਏ ਤਦ ਤੇ ਵਾਹਵਾ, ਨਹੀਂ ਤੇ ਜੋ ਕੁਝ ਵੀ ਮਿਲ ਜਾਏ ਉਸ ਦੇ ਜੀਵਨ ਬਣਾਣ ਲਈ ਉਹੋ ਵਰਤਣਾ ਪਏਗਾ। ਮਨੁੱਖ ਸਦਾ ਪੁਰਾਣਿਆਂ ਲੋਕਾਂ ਤੋਂ ਸਿੱਖਿਆ ਲੈਣ ਦਾ ਚਾਹਵਾਨ ਰਹਿੰਦਾ ਏ, ਉਸ ਨੂੰ ਹਰ ਵੇਲੇ ਇਹ ਜਾਣਨ ਦੀ ਲੋੜ ਰਹਿੰਦੀ ਏ ਕਿ ਸਾਡੇ ਵੱਡੇ ਕਿਸੇ ਖ਼ਾਸ ਕੰਮ ਨੂੰ, ਜੋ ਉਨ੍ਹਾਂ ਨੇ ਕਰਨਾ ਹੋਵੇ, ਕੀਕਣ ਕਰਦੇ ਸਨ। ਇੱਕੋ ਜਿਹੀਆਂ ਘਟਨਾਵਾਂ ਸਦਾ ਆਉਂਦੀਆਂ ਜਾਂਦੀਆਂ ਰਹਿੰਦੀਆਂ ਨੇ, ਏਸ ਵਾਸਤੇ ਇਤਿਹਾਸ ਹੀ ਇਹੋ ਜਿਹਿਆਂ ਸਮਿਆਂ 'ਤੇ ਰਾਹ ਵਿਖਾਣ ਵਾਲੀ ਚੀਜ਼ ਏ। ਏਸੇ ਵਾਸਤੇ ਆਖਦੇ ਨੇ ਕਿ ਇਤਿਹਾਸ ਪਰਤ ਪਰਤ ਕੇ ਆਉਂਦਾ ਏ। ਛੋਟੇ ਬੱਚੇ ਜਦ ਆਪਣੇ ਮਾਤਾ-ਪਿਤਾ ਜਾਂ ਦਾਦੇ-ਦਾਦੀ ਦੇ ਪਾਸ ਬਹਿੰਦੇ ਨੇ, ਤਦ ਓਹਨਾਂ ਦੀ ਬੜੀ ਭਾਰੀ ਚਾਹ ਇਹ ਹੁੰਦੀ ਏ ਕਿ ਓਹਨਾਂ ਨੂੰ ਪੁਰਾਣੀਆਂ ਗੱਲਾਂ ਸੁਣਾਈਆਂ ਜਾਣ। ਪੁਰਾਣੇ ਇਤਿਹਾਸ ਸੁਣਨ ਦਾ ਬੱਚਿਆਂ ਨੂੰ ਬੜਾ ਕੰਨ-ਰਸ ਹੁੰਦਾ ਏ। ਕਾਰਨ ਇਹ ਹੈ ਕਿ ਮਨੁੱਖ ਸੁਭਾਵ ਤੋਂ ਹੀ ਇਤਿਹਾਸ-ਪ੍ਰੇਮੀ ਏ ਤੇ ਇਤਿਹਾਸ ਤੋਂ ਗਿਆਨ ਪ੍ਰਾਪਤ ਕਰਨਾ ਉਸ ਦਾ ਸੁਭਾਵਿਕ ਨੇਮ ਹੈ। ਪੁਰਾਣਿਆਂ ਸਰਦਾਰਾਂ ਤੇ ਰਾਜਿਆਂ ਮਹਾਰਾਜਿਆਂ ਦਿਆਂ ਘਰਾਂ ਵਿਚ ਬੱਚਿਆਂ ਨੂੰ ਪੰਘੂੜਿਆਂ ਵਿਚ ਈ ਆਪਣੀਆਂ ਕੁਲਾਂ ਦੇ ਇਤਿਹਾਸ ਸੁਣਾਏ ਜਾਂਦੇ ਸਨ। ਭੱਟ ਲੋਕ ਕਬਿੱਤਾਂ ਵਿਚ ਇਤਿਹਾਸ ਜੋੜ ਕੇ ਬੱਚਿਆਂ ਨੂੰ ਸੁਣਾਂਦੇ ਤੇ ਬਲਵਾਨ ਬਣਾਂਦੇ ਸਨ। ਲੜਾਈਆਂ ਤੇ ਜੁੱਧਾਂ ਵਿਚ ਇਤਿਹਾਸ ਸੁਣ ਸੁਣ ਜੋਧੇ ਤੇ ਸੂਰਬੀਰ ਜਾਨਾਂ ਦੀ ਪਰਵਾਹ ਨਹੀਂ ਸਨ ਕਰਦੇ। ਸ਼ੋਕ ਹੈ ਕਿ ਅੱਜ-ਕੱਲ੍ਹ ਅਸੀਂ ਇਹਨਾਂ ਗੱਲਾਂ ਦੀ ਪਰਵਾਹ ਨਹੀਂ ਕਰਦੇ, ਜੰਮਦੇ ਮੁੰਡੇ ਕੱਛੇ ਬਸਤਾ ਮਾਰ ਕੇ ਸਕੂਲ ਨੂੰ ਟੁਰ ਜਾਂਦੇ ਨੇ। ਘਰ ਆ ਕੇ ਆਪਣੀਆਂ ਕਿਤਾਬਾਂ ਦੇ ਕੀੜੇ ਬਣੇ ਰਹਿੰਦੇ ਨੇ। ਮਾਂ-ਪਿਓ ਨਹੀਂ ਚਾਹੁੰਦੇ ਕਿ ਓਹਨਾਂ ਦਾ ਵੇਲਾ ਗੁਆਇਆ ਜਾਏ, ਏਸ ਵਾਸਤੇ ਨਾ ਤੇ ਕਿਤਾਬਾਂ ਤੋਂ ਓਹਨਾਂ ਨੂੰ ਵਿਹਲ ਈ ਮਿਲਦਾ ਏ ਕਿ ਮਾਪਿਆਂ ਜਾਂ ਦਾਦੇ-ਦਾਦੀ ਦੇ ਕੋਲ ਬਹਿ ਕੇ ਪੁਰਾਣੀਆਂ ਗੱਲਾਂ ਸੁਣਨ, ਤੇ ਨਾ ਈ ਮਾਪੇ ਚਾਹੁੰਦੇ ਨੇ ਕਿ ਓਹਨਾਂ ਦੀ ਪੜ੍ਹਾਈ ਵਿਚ ਹਰਜ ਹੋਵੇ। ਏਸ ਵਾਸਤੇ ਓਹ ਘਰੋਗੀ ਇਤਿਹਾਸ ਦੇ ਪੂਰੇ ਪੂਰੇ ਜਾਣੂੰ ਨਹੀਂ ਹੁੰਦੇ। ਨਿਰਾ ਓਹੋ ਉਲਟ ਪੁਲਟ ਜਾਣਦੇ ਨੇ ਜੋ ਸਕੂਲਾਂ ਦੀਆਂ ਕਿਤਾਬਾਂ ਵਿਚ ਲਿਖਿਆ ਹੋਇਆ ਹੁੰਦਾ ਏ। ਫੇਰ ਭਲਾ ਓਹਨਾਂ ਦਿਆਂ ਦਿਲਾਂ ਵਿਚ ਆਪਣਿਆਂ ਵੱਡਿਆਂ ਦੀ ਕਦਰ ਕੀਕਣ ਹੋ ਸਕਦੀ ਏ।

## ਹਿੰਦੂਆਂ ਦਾ ਇਤਿਹਾਸ-ਪ੍ਰੇਮ

ਪੁਰਾਣੇ ਹਿੰਦੂ ਬੜੇ ਇਤਿਹਾਸ-ਪ੍ਰੇਮੀ ਸਨ। ਓਹਨਾਂ ਆਪਣੀਆਂ ਸੰਤਾਨਾਂ ਦੀ ਸਿੱਖਿਆ ਲਈ ਇਤਿਹਾਸ ਬਣਾਏ। ਓਹ ਇਤਿਹਾਸ ਜਿਹਨਾਂ ਵਿਚ 'ਰਾਮਾਇਣ' ਤੇ 'ਮਹਾਂਭਾਰਤ' ਵੀ ਗਿਣੇ ਜਾਂਦੇ ਨੇ। ਪੁਰਾਣ ਅਰਥਾਤ ਪੁਰਾਣੀਆਂ ਕਥਾਂ ਅਖਵਾਂਦੀਆਂ ਨੇ। ਏਹਨਾਂ ਪੁਰਾਣਾਂ ਦੀ ਕਥਾ ਹਰ ਇਕ ਧਰਮ-ਅਸਥਾਨ ਤੇ ਸਾਧਾਰਨ ਮੇਲ-ਜੋਲ ਦਿਆਂ ਥਾਵਾਂ 'ਤੇ ਹੁੰਦੀ ਸੀ। ਹਰ ਇਕ ਇਸਤ੍ਰੀ ਤੇ ਪੁਰਸ਼ ਓਹਨਾਂ ਨੂੰ ਸੁਣਦਾ ਤੇ ਸਿੱਖਿਆ

ਲਾਭ ਕਰਦਾ ਸੀ। ਕਿਤਾਬਾਂ ਵਿਚ ਪੜ੍ਹਨ ਨਾਲ ਵਿਦਵਾਨਾਂ ਦਿਆਂ ਦਿਲਾਂ 'ਤੇ ਓਡਾ ਅਸਰ ਨਹੀਂ ਹੁੰਦਾ, ਜਿੱਡਾ ਅਨਪੜ੍ਹਾਂ ਦਿਆਂ ਦਿਲਾਂ 'ਤੇ ਕਥਾ ਪਰਸੰਗ ਦਾ ਹੁੰਦਾ ਏ। ਇਹਨਾਂ ਪੁਰਾਣਾਂ ਵਿਚ ਨਿਰੇ ਧਰਮ-ਭਾਵ ਦੇ ਉਪਦੇਸ਼ ਈ ਨਹੀਂ, ਸਗੋਂ ਰਾਜਸੀ ਪੁਰਸ਼ਾਂ ਦੀਆਂ ਸਾਖੀਆਂ, ਸੂਰਬੀਰਾਂ ਦੇ ਚਰਿੱਤਰ, ਵੀਰ ਕਰਮ ਦੇ ਬੜੇ ਬੜੇ ਸੁੰਦਰ ਪਰਸੰਗ ਤੇ ਬੜੇ ਬੜੇ ਮਹਾਂ ਪੁਰਸ਼ਾਂ ਦੇ ਜੀਵਨ-ਚਰਿੱਤਰ ਵੀ ਬੜੇ ਸੁਆਦਲੇ ਢੰਗ ਨਾਲ ਦੱਸੇ ਹੋਏ ਨੇ। ਇਹ ਹਿੰਦੂ-ਜੀਵਨ ਨੂੰ ਬੜਾ ਉਭਾਰਨ ਵਾਲੇ ਨੇ ਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਨਿਰਾ ਇਹਨਾਂ ਦੇ ਆਸਰੇ ਅਨ੍ਹੇਰ ਦੀਆਂ ਔਂਕੜਾਂ ਵਿਚ ਵੀ ਹਿੰਦੂ ਹਿੰਦੂ ਹੀ ਰਹੇ ਨੇ। ਭਾਵੇਂ ਰਾਜਸੀ ਵਾਗ-ਡੋਰ ਹਿੰਦੂਆਂ ਦੇ ਹੱਥੋਂ ਨਿਕਲ ਗਈ ਤੇ ਵਿਰੋਧੀ ਮਤਾਂਤਰਾਂ ਦੇ ਜਥੇ ਤੀਊੜੀਆਂ ਚਾੜ੍ਹ ਚਾੜ੍ਹ ਇਹਨਾਂ ਦਾ ਲਹੂ ਪੀਂਦੇ ਰਹੇ, ਪਰ ਹਿੰਦੂਆਂ ਦਾ ਇਤਿਹਾਸ, ਗਿਆਨ, ਓਹਨਾਂ ਦੀ 'ਰਾਮਾਇਣ' ਤੇ 'ਮਹਾਂਭਾਰਤ', ਓਹਨਾਂ ਦਿਆਂ ਵੀਰ ਪੁਰਸ਼ਾਂ ਦੇ ਵੀਰ ਕਰਮ, ਜੋ ਹਰ ਵੇਲੇ ਪੁਰਾਣਾਂ ਦੇ ਕਾਰਨ ਓਹਨਾਂ ਦੀਆਂ ਅੱਖਾਂ ਅੱਗੇ ਰਹਿੰਦੇ ਸਨ, ਓਹਨਾਂ ਨੂੰ ਪਤਿਤ ਹੋਣ ਤੋਂ ਬਚਾਂਦੇ ਰਹੇ। ਏਸ ਵਾਸਤੇ ਇਤਿਹਾਸ ਨੂੰ ਹਿੰਦੂਆਂ ਨੇ ਧਰਮ ਕਰਮ ਦਾ ਅੰਗ ਬਣਾ ਲਿਆ। ਜਦ ਸਿਖ ਧਰਮ ਪ੍ਰਚੱਲਤ ਹੋਇਆ ਤਦ ਵੀ ਇਤਿਹਾਸ ਸਿੱਖੀ ਦਾ ਮੁੱਢਲਾ ਨੇਮ ਸੀ। ਅਜੇ ਤਕ ਸਿੱਖੀ ਅਰਦਾਸ ਇਤਿਹਾਸਕ ਵੀਰਾਂ ਦੇ ਚਰਿੱਤਰ ਦੁਹਰਾਇਆਂ ਬਿਨਾਂ ਪੂਰੀ ਨਹੀਂ ਹੋ ਸਕਦੀ।

### ਸਿਖ ਇਤਿਹਾਸ

ਭਾਰਤ ਦੇ ਇਤਿਹਾਸ ਵਿਚ ਸਿਖ ਇਤਿਹਾਸ ਇਕ ਚਮਕਦਾ ਹੀਰਾ ਏ। ਸੱਚ ਪੁੱਛੋ ਤੇ ਸਿੱਖੀ ਰਾਜ ਸਿਖ ਇਤਿਹਾਸ ਦੇ ਕਾਰਨ ਈ ਕਾਇਮ ਹੋਇਆ। ਗੁਰੂਆਂ ਦੇ ਪਵਿੱਤਰ ਜੀਵਨ ਇਤਿਹਾਸ ਦੀ ਨੀਂਹ ਸਨ, ਜਿਸ ਦੇ ਸ਼ਹੀਦਾਂ ਤੇ ਪੰਥ-ਪ੍ਰੇਮੀਆਂ ਨੇ ਆਪਣੀਆਂ ਕੁਰਬਾਨੀਆਂ ਤੋਂ ਸੁੰਦਰ ਅਟਾਰੀ ਖੜੀ ਕੀਤੀ। ਬੜੇ ਬੜੇ ਸਾਕੇ ਤੇ ਵੀਰ-ਕਰਮ ਸਿਖ ਦੇਵੀਆਂ ਪਾਸੋਂ ਵੀ ਪੁੱਜ ਗਏ। ਦਸਮੇਸ਼ ਪਿਤਾ ਦੀ ਨਿਡਰਤਾ, ਸੱਚ ਤੇ ਦ੍ਰਿੜ੍ਹਤਾ ਓਹਨਾਂ ਦੇ ਵਿਰਸੇ ਵਿਚ ਆਈ। ਸ਼ਹੀਦਾਂ, ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ ਤੇ ਮੁਕਤਿਆਂ ਦੀਆਂ ਸਾਖੀਆਂ ਵਾਰ ਵਾਰ ਕੰਨਾਂ ਵਿਚ ਸੁਣਾਈ ਦੇਂਦੀਆਂ ਸਨ। ਗੁਰੂ ਮਹਾਰਾਜ ਪਿਤਾ ਸਮਝੇ ਜਾਂਦੇ ਸਨ, ਤੇ ਸਭ ਸਿਖ ਓਹਨਾਂ ਦੀ ਈ ਸੰਤਾਨ ਮੰਨੇ ਗਏ ਸਨ। ਗੁਰੂ ਕਾ ਘਰ ਸਭ ਦਾ ਸਾਂਝਾ ਹੁੰਦਾ ਸੀ, ਤੇ ਸਿਖ ਸਿਖ ਦਾ ਦੋਖੀ ਕਦੇ ਨਹੀਂ ਸੀ ਹੋ ਸਕਦਾ। ਇਹੋ ਜਿਹੇ ਹਾਲਾਂ ਵਿਚ ਇਹ ਭਲਾ ਕੀਕਣ ਹੋ ਸਕਦਾ ਸੀ ਕਿ ਕੋਈ ਸਿਖ ਪਰਾਈ ਗ਼ੁਲਾਮੀ ਵਿਚ ਜਕੜਿਆ ਰਹਿਣਾ ਪਸੰਦ ਕਰੇ। ਇਤਿਹਾਸ ਨੇ ਆਦਰਸ਼ ਦੱਸਿਆ ਤੇ ਸਿੱਖਾਂ ਨੇ ਸਵਰਾਜ ਕਾਇਮ ਕਰ ਲਿਆ। ਹੁਣ ਜੋ ਹਰ ਰੋਜ਼ ਅਸੀਂ ਸੁਣਦੇ ਆਂ ਕਿ ਫ਼ਲਾਣਾ ਸਿਖ ਸਿੱਖੀ ਤੋਂ ਪਤਿਤ ਹੋ ਗਿਆ, ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ। ਸਿੱਖੀ, ਇਤਿਹਾਸ ਦੇ ਸਿਰ 'ਤੇ ਕਾਇਮ ਸੀ। ਓਹ ਇਤਿਹਾਸ ਲੋਕਾਂ ਨੂੰ ਭੁੱਲ ਰਹੇ ਨੇ, ਜਿਸ ਦਾ ਜ਼ਰੂਰੀ ਸਿੱਟਾ ਇਹ ਹੈ ਕਿ ਲੋਕ ਪਤਿਤ ਹੋਣ। ਜਦ ਇਤਿਹਾਸ ਵੱਲ ਧਿਆਨ ਸੀ, ਤਦ ਸਿੱਖਾਂ ਦਾ ਰਾਜ ਕਾਇਮ

ਹੋ ਗਿਆ, ਪਰ ਜਦ ਇਤਿਹਾਸ ਭੁੱਲ ਗਏ ਤਦ ਹੁਣ ੩੦ ਫ਼ੀ ਸਦੀ ਸੀਟਾਂ ਮਿਲਣੀਆਂ ਵੀ ਮੁਸ਼ਕਲ ਨਜ਼ਰ ਆ ਰਹੀਆਂ ਨੇ।

## ਨਵੇਂ ਪੋਚ ਤੇ ਇਤਿਹਾਸ

ਪਿਛਲੇ ਲੋਕ ਤਾਂ ਆਪਣੇ ਇਤਿਹਾਸ ਨੂੰ ਕੁਝ ਜਾਣਦੇ ਵੀ ਸਨ, ਪਰ ਨਵੇਂ ਪੋਚ ਨੂੰ ਆਪਣੇ ਇਤਿਹਾਸ ਨਾਲ ਰਵਾਲ ਜਿੰਨੀ ਵੀ ਛੋਹ ਨਹੀਂ। ਓਹਨਾਂ ਕੋਲੋਂ ਫ਼੍ਰੈਂਚ ਰੈਵੋਲਿਊਸ਼ਨ (French Revolution) ਦਾ ਹਾਲ ਭਾਵੇਂ ਮੂੰਹ-ਜ਼ਬਾਨੀ ਸੁਣ ਲਓ, ਵਾਟਰਲੂ ਦੀ ਲੜਾਈ ਦਾ ਪੂਰਾ ਪੂਰਾ ਵੇਰਵਾ ਲੈ ਲਓ, ਸਪੇਨਿਸ਼ ਆਰਮੇਡਾ ਤੇ ਅਮਰੀਕਨ ਇੰਡੀਪੈਂਡੈਂਸ (American Independence) ਦੇ ਕਾਰਨ ਪੁੱਛ ਲਓ; ਪਰ ਆਖੋ ਜੋ ਕਿਸੇ ਨੂੰ ਅਹਿਮਦ ਸ਼ਾਹ ਤੇ ਸਿੱਖਾਂ ਦੀ ਲੜਾਈ ਜਾਂ ਪਹਿਲਾ ਤੇ ਦੂਜਾ ਸਿਖ ਜੰਗ, ਜਾਂ ਮੁਲਤਾਨ ਤੇ ਮੂਲਰਾਜ ਦਾ ਅਸਲੀ ਹਾਲ ਰਤਾ ਵੀ ਮਾਲੂਮ ਹੋਵੇ। ਕਾਰਨ ਇਹ ਹੈ ਕਿ ਅਸੀਂ ਮ੍ਰਿਗ-ਤ੍ਰਿਸ਼ਨਾ ਵਾਂਙ ਦੌਲਤ ਤੇ ਇੱਜ਼ਤ ਦੇ ਪਿੱਛੇ ਏਤਨੇ ਪਏ ਹੋਏ ਆਂ ਕਿ ਆਪਣੇ ਬੱਚਿਆਂ ਨੂੰ ਉਹੋ ਸਿੱਖਿਆ ਦੁਆਂਦੇ ਆਂ, ਜਿਸ ਤੋਂ ਸਾਡੇ ਵਿਚਾਰ ਅਨੁਸਾਰ ਓਹਨਾਂ ਨੂੰ ਉੱਚੀ ਪਦਵੀ ਤੇ ਵਧੇਰੀ ਮਾਇਆ ਮਿਲ ਸਕੇ। ਭਾਵੇਂ ਓਹ ਮਾਇਆ ਤੇ ਪਦਵੀ ਹੱਥ ਆਵੇ ਜਾਂ ਨਾ ਆਵੇ, ਇਹ ਹੋਰ ਗੱਲ ਏ, ਕਿਉਂਕਿ ਆਪਣੇ ਹੱਥ ਜੁ ਨਾ ਹੋਈ। ਪਰ ਸਾਡਾ ਯਤਨ ਇਹੋ ਹੁੰਦਾ ਏ ਕਿ ਸਾਡੇ ਲੜਕੇ ਓਹੋ ਸਿੱਖਿਆ ਲੈਣ, ਜਿਸ ਤੋਂ ਓਹਨਾਂ ਦਾ ਮਰਤਬਾ ਉੱਚਾ ਹੋ ਸਕੇ। ਆਪਣੀ ਸੰਤਾਨ ਲਈ ਇਹ ਭਾਵ ਮਾੜਾ ਨਹੀਂ ਤੇ ਹਰ ਇਕ ਮਾਤਾ-ਪਿਤਾ ਦਾ ਕਰਤੱਵ ਹੈ ਕਿ ਆਪਣਿਆਂ ਲੜਕਿਆਂ ਨੂੰ ਓਹੋ ਸਿੱਖਿਆ ਦੇਣ ਜਿਸ ਤੋਂ ਓਹਨਾਂ ਦਾ ਮਰਤਬਾ ਉੱਚਾ ਹੋ ਸਕੇ। ਪਰ ਸੁਆਲ ਇਹ ਹੈ ਕਿ ਜਿਹੜੀ ਸਿੱਖਿਆ ਅਸੀਂ ਓਹਨਾਂ ਨੂੰ ਦੁਆ ਰਹੇ ਆਂ, ਕੀ ਓਹ ਓਹਨਾਂ ਦਾ ਮਰਤਬਾ ਉੱਚਾ ਕਰ ਸਕੇਗੀ ? ਏਸ ਵਿਸ਼ੇ 'ਤੇ ਏਨਾ ਕੁਝ ਲਿਖਿਆ ਗਿਆ ਏ ਤੇ ਲਿਖਿਆ ਜਾ ਰਿਹਾ ਏ ਕਿ ਮੇਰੇ ਜਿਹੇ ਕੱਚ ਗਿਆਨੀ ਨੂੰ ਲਿਖਣ ਦੀ ਕੋਈ ਲੋੜ ਨਹੀਂ ਜਾਪਦੀ। ਪਰ ਹਾਂ ਏਨਾ ਮੈਂ ਵੀ ਕਹਿ ਸਕਨਾ ਆਂ ਕਿ ਅਸਾਂ ਏਸ ਹਾਓ-ਤਾਈ ਵਿਚ ਆਪਣਾ ਕੌਮੀ ਫ਼ਰਜ਼ ਪੂਰਾ ਨਹੀਂ ਕੀਤਾ। ਅਸੀਂ ਆਪਣਿਆਂ ਬੱਚਿਆਂ ਨੂੰ ਸਿੱਖਿਆ ਦੁਆਣ ਵੇਲੇ ਜਿੰਨਾ ਰੋਟੀ ਦੇ ਸੁਆਲ ਨੂੰ ਪੂਰੇ ਗਹੁ ਨਾਲ ਵੇਖਨੇ ਆਂ, ਓਨਾ ਉਹਨਾਂ ਦੇ ਪੰਜਾਬੀ ਜਾਂ ਹਿੰਦੁਸਤਾਨੀ ਬਣੇ ਰਹਿਣ ਦੇ ਸੁਆਲ 'ਤੇ ਗਹੁ ਨਹੀਂ ਕਰਦੇ। ਏਨਾ ਵਿਚਾਰ ਕਦੇ ਵੀ ਸਾਡੇ ਦਿਲ ਵਿਚ ਨਹੀਂ ਆਇਆ ਕਿ ਅਸੀਂ ਆਪਣੀਆਂ ਸੰਤਾਨਾਂ ਨੂੰ ਆਪਣੇ ਇਤਿਹਾਸ ਦਾ ਪ੍ਰੇਮੀ ਬਣਾਈਏ, ਜਿਸ ਤੋਂ ਸਾਡੀ ਤੇ ਉਹਨਾਂ ਦੀ ਸਾਕਾਦਾਰੀ ਬਣੀ ਰਹੇ। ਹੁਣ ਦੇ ਮੁੰਡੇ ਭਾਰਤੀ ਇਤਿਹਾਸ ਨੂੰ ਉੱਕਾ ਨਹੀਂ ਜਾਣਦੇ, ਏਸ ਵਾਸਤੇ ਉਹਨਾਂ ਦਿਆਂ ਦਿਲਾਂ ਵਿਚ ਆਪਣੇ ਪੁਰਾਣੇ ਵੱਡਿਆਂ ਦੀ ਕੋਈ ਕਦਰ ਨਹੀਂ।

## ਇੰਗਲੈਂਡ ਤੇ ਇਤਿਹਾਸ

ਇਤਿਹਾਸ ਦੀ ਕਦਰ ਇੰਗਲੈਂਡ ਚੰਗੀ ਤਰ੍ਹਾਂ ਜਾਣਦਾ ਏ। ਉਸ ਨੂੰ ਪਤਾ ਏ

ਕਿ ਆਪਣੇ ਇਤਿਹਾਸਕ ਜੋਧਿਆਂ ਤੇ ਵੀਰਾਂ ਦੇ ਚਰਿੱਤਰ ਕਿਸੇ ਵੀ ਕੌਮ ਲਈ ਉੱਡਣ ਜੋਗੇ ਖੰਭ ਹੁੰਦੇ ਨੇ, ਏਸ ਵਾਸਤੇ ਓਹ ਆਪਣਿਆਂ ਬੱਚਿਆਂ ਨੂੰ ਅਰੰਭ ਤੋਂ ਹੀ ਵੀਰ-ਇਤਿਹਾਸ ਸਿਖਾਣਾ ਸ਼ੁਰੂ ਕਰ ਦੇਂਦਾ ਏ। ਬੱਚਿਆਂ ਦੀਆਂ ਪੋਥੀਆਂ ਵਿਚ ਐਲਫ੍ਰੈਡ, ਨੈਲਸਨ, ਵੈਲਿੰਗਟਨ, ਜਾਨ ਮੂਰ ਇਤਿਆਦਿ ਵੀਰਾਂ ਦੇ ਪਰਸੰਗ ਸੌਖੀ ਬੋਲੀ ਵਿਚ ਏਕਣ ਲਿਖੇ ਹੋਏ ਹੁੰਦੇ ਨੇ ਕਿ ਬੱਚਿਆਂ ਨੂੰ ਪੜ੍ਹਦਿਆਂ ਹੋਇਆਂ ਸੁਆਦ ਵੀ ਆਉਂਦਾ ਏ ਤੇ ਓਹ ਆਪਣਾ ਦਿਲ ਵੀ ਦਲੇਰੀ ਦੇ ਸੱਚੇ ਵਿਚ ਢਾਲੀ ਜਾਂਦੇ ਨੇ। ਸਾਡੇ ਮੁਲਕ ਵਿਚ ਬੱਚਿਆਂ ਦੀਆਂ ਪੁਸਤਕਾਂ ਪੜ੍ਹੀਏ ਤੇ ਕੀ ਵੇਖੀਦਾ ਏ : 'ਪੀਸਨ-ਹਾਰੀ ਆਟਾ ਪੀਸ ਰਹੀ ਏ'। ਤੇ ਹੋਰ ਇਹੋ ਜਿਹੀਆਂ ਗੱਲਾਂ, ਜਿਨ੍ਹਾਂ ਤੋਂ ਬੱਚਿਆਂ ਦਿਆਂ ਦਿਲਾਂ ਵਿਚ ਕੋਈ ਦਿਲ ਉਭਾਰਨ ਵਾਲੀ ਗੱਲ ਈ ਪੈਦਾ ਨਹੀਂ ਹੁੰਦੀ। ਮੰਨ ਲਿਆ ਕਿ ਇਹੋ ਜਿਹੀਆਂ ਕਹਾਣੀਆਂ ਨਾਲ ਬੋਲੀ ਸਿਖਾਈ ਜਾਂਦੀ ਏ, ਪਰ ਬੋਲੀ ਦੇ ਸਿੱਖਣ ਨਾਲ ਆਚਰਣਕ ਗੱਲਾਂ ਵੀ ਸਿੱਖਣ ਦੀ ਬੜੀ ਲੋੜ ਹੈ। ਸਾਡੇ ਬੱਚਿਆਂ ਦੇ ਪੜ੍ਹਨ ਵਾਲੀ ਕਿਹੜੀ ਪੁਸਤਕ ਹੈ, ਜਿਸ ਵਿਚ ਹਿੰਦੁਸਤਾਨੀ ਤੇ ਪੰਜਾਬੀ ਸੂਰਬੀਰਾਂ ਦੇ ਹਾਲ ਲਿਖੇ ਹੋਏ ਹੋਣ ? ਜਿੱਥੇ ਕਿਤੇ ਕੋਈ ਥੋੜ੍ਹਾ ਬਹੁਤ ਵੇਰਵਾ ਦੱਸਿਆ ਵੀ ਜਾਂਦਾ ਏ, ਓਹ ਏਕਣ ਲਿਖਿਆ ਹੋਇਆ ਹੁੰਦਾ ਏ ਕਿ ਓਦੂੰ ਨਾ ਲਿਖਣਾ ਈ ਚੰਗਾ ਏ। ਇਸ ਵਾਸਤੇ ਦੇਸ ਤੇ ਕੌਮ ਦੀ ਸਿੱਖਿਆ ਲਈ ਬੜਾ ਜ਼ਰੂਰੀ ਏ ਕਿ ਅਸੀਂ ਆਪਣੀ ਬੋਲੀ ਵਿਚ, ਆਪਣੇ ਦੇਸ ਤੇ ਕੌਮ ਦਾ ਇਤਿਹਾਸ ਹਛੇ ਰੰਗ ਵਿਚ ਲਿਖੀਏ, ਜਿਸ ਨੂੰ ਅੱਗੋਂ ਆਉਣ ਵਾਲੀਆਂ ਨਸਲਾਂ ਪੜ੍ਹ ਕੇ ਦੇਸ ਤੇ ਕੌਮ ਨਾਲ ਪਿਆਰ ਕਰਨਾ ਸਿੱਖਣ। ਕੌਮੀ ਤੇ ਧਾਰਮਿਕ ਮੁਖੀਆਂ ਦੇ ਜੀਵਨ ਉਤੇ ਲੈਕਚਰ ਦਿੱਤੇ ਜਾਣ, ਬਾਲਾਂ ਦੇ ਪੜ੍ਹਨ ਲਈ ਇਤਿਹਾਸਕ ਰਸਾਲੇ ਜਾਰੀ ਕੀਤੇ ਜਾਣ ਤੇ ਸਕੂਲਾਂ ਵਿਚ ਇਕ ਖ਼ਾਸ ਵੇਲੇ ਮਾਨਯੋਗ ਪੁਰਸ਼ਾਂ ਦੇ ਇਤਿਹਾਸ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾਏ।

## ਇਤਿਹਾਸਕ ਯਾਦਗਾਰਾਂ

ਇਤਿਹਾਸਕ ਮਹਾਂਪੁਰਸ਼ਾਂ, ਜੋਧਿਆਂ ਤੇ ਮੁਖੀਆਂ ਦੀਆਂ ਯਾਦਗਾਰਾਂ ਕਾਇਮ ਕਰਨਾ ਤੇ ਓਹਨਾਂ ਦੇ ਜਨਮ-ਦਿਨ ਮਨਾਣਾ ਇਤਿਹਾਸ-ਸਿੱਖਿਆ ਦਾ ਜ਼ਰੂਰੀ ਅੰਗ ਏ। ਏਹਨਾਂ ਤੋਂ ਸਭ ਲੋਕਾਂ ਦਿਆਂ ਦਿਲਾਂ ਵਿਚ ਕੌਮੀ ਮੁਖੀਆਂ ਦਾ ਵਡਿੱਤ ਕਾਇਮ ਕੀਤਾ ਜਾਂਦਾ ਏ। ਵਡਿੱਤ ਕਾਇਮ ਹੋਣ ਨਾਲ ਨਵੇਂ ਪੋਚ ਆਪਣੇ ਆਪ ਨੂੰ ਮਾਨ-ਯੋਗ ਵੀਰਾਂ ਦੀ ਸੰਤਾਨ ਸਮਝਦੇ ਹੋਏ ਕੁਰਾਹੇ ਨਹੀਂ ਪੈਂਦੇ ਤੇ ਸਦਾ ਆਪਣਿਆਂ ਵੱਡਿਆਂ ਦਾ ਨਾਵਾਂ ਵਡਿਆਣ ਦਾ ਜਤਨ ਕਰਦੇ ਹੋਏ ਜੀਵਨ ਦੀਆਂ ਔਖੀਆਂ ਘਟਨਾਂ ਵਿਚ ਵੀ ਨਹੀਂ ਥਿੜਕਦੇ।

## ਇਤਿਹਾਸ ਇਕ ਸ਼ਸਤਰ ਹੈ

ਅੱਜ-ਕੱਲ੍ਹ ਦੇ ਰਾਜਸੀ ਮੁਖੀਏ ਇਤਿਹਾਸ ਨੂੰ ਇਕ ਘਾਤਕ ਸ਼ਸਤਰ ਵਾਂਗਰ ਵੀ ਵਰਤਦੇ ਨੇ। ਪਰਤਾਵੇ ਨਾਲ ਪਤਾ ਲੱਗਦਾ ਏ ਕਿ ਸੱਚ-ਮੁੱਚ ਇਹ ਸ਼ਸਤਰ ਵਧੇਰਾ

ਅਸਰ ਕਰਨ ਵਾਲਾ ਹੁੰਦਾ ਏ। ਤਲਵਾਰ ਦੀ ਧਾਰ ਤੋਂ ਮਨੁੱਖ ਬਚ ਜਾਏ, ਮੋਈਆਂ ਹੋਈਆਂ ਕੌਮਾਂ ਫੇਰ ਜਿਊਂਦੀਆਂ ਹੋ ਜਾਣ, ਪਰ ਇਤਿਹਾਸ ਦੀ ਮਾਰ ਫੇਰ ਉੱਡਣ ਜੋਗਾ ਨਹੀਂ ਛੱਡਦੀ। ਗੱਲ ਕੀ, ਇਤਿਹਾਸ ਦੀ ਮਾਰ, ਤੋਪਾਂ ਬੰਦੂਕਾਂ ਦੀ ਮਾਰ, ਗੈਸ ਦੀ ਮਾਰ ਤੇ ਹਵਾਈ ਜਹਾਜ਼ਾਂ ਦਿਆਂ ਬੰਬਾਂ ਦੀ ਮਾਰ ਤੋਂ ਵੀ ਵਧੇਰੀ ਘਾਤਕ ਸਾਬਤ ਹੋਈ ਏ। ਰਾਜਸੀ ਸੂਰਬੀਰ, ਜੋ ਕਿਸੇ ਜਾਤੀ ਜਾਂ ਕੌਮ ਨੂੰ ਅਧੀਨ ਕਰਨਾ ਚਾਹੁਣ ਤੇ ਸਮਝਣ ਕਿ ਤਲਵਾਰ ਦੀ ਲੜਾਈ ਨਾਲ ਅਸੀਂ ਇਸ ਦੇ ਵਾਰੇ ਨਹੀਂ ਆ ਸਕਦੇ, ਓਹ ਉਸ ਜਾਤੀ ਲਈ ਇਤਿਹਾਸ ਦਾ ਸ਼ਸਤਰ ਵਰਤਦੇ ਨੇ। ਇਸ ਵਿਚ ਉਹਨਾਂ ਨੂੰ ਜਾਨ ਦਾ ਜੋਖੋਂ ਵੀ ਨਹੀਂ ਹੁੰਦਾ ਤੇ ਕੰਮ ਵੀ ਸਹਿਜੇ ਈ ਸੌਰ ਜਾਂਦਾ ਏ। ਜਿਨ੍ਹਾਂ ਜਾਤੀਆਂ ਨੂੰ ਦਬਾਣਾ ਹੋਵੇ ਓਨ੍ਹਾਂ ਦੇ ਦਿਲਾਂ 'ਤੇ ਪਹਿਲੇ ਮੋਮੋ-ਠੱਗਣੇ ਬਣ ਕੇ ਆਪਣੀ ਮਾਨ ਤੇ ਪ੍ਰਤਿਸ਼ਠਾ ਜਮਾਣੀ ਪੈਂਦੀ ਏ। ਫਿਰ ਓਹਨਾਂ ਦੇ ਇਤਿਹਾਸ ਨੂੰ ਵੇਖਣਾ ਪੈਂਦਾ ਏ। ਉਸ ਇਤਿਹਾਸ ਨੂੰ ਬੜੇ ਲੱਛੇਦਾਰ ਸ਼ਬਦਾਂ ਵਿਚ ਏਕਣ ਲਿਖੀਦਾ ਏ ਕਿ ਓਹਨਾਂ ਦਿਆਂ ਵੱਡਿਆਂ-ਵਡੇਰਿਆਂ ਦਿਆਂ ਗੁਣਾਂ ਨੂੰ ਲੋਪ ਕਰ ਕੇ ਔਗੁਣਾਂ ਨੂੰ ਐਡਾ ਬਣਾ ਬਣਾ ਕੇ ਦੱਸਿਆ ਜਾਏ ਕਿ ਓਹ ਬਿਲਕੁਲ ਨਕਾਰੇ ਤੇ ਗਿਰੇ ਹੋਏ ਜਾਪਣ ਲੱਗ ਪੈਣ। ਸਾਰੇ ਭੈੜ ਤਾਂ ਸ਼ੀਸ਼ੇ ਵਾਂਗਰ ਪਏ ਦਿੱਸਣ, ਪਰ ਵਡਿਆਈ ਦੀਆਂ ਗੱਲਾਂ ਨਜ਼ਰ ਈ ਨਾ ਆਉਣ। ਪਿੱਛਲੀ ਵਾਰ ਜਦ ਮੈਂ 'ਫੁਲਵਾੜੀ' ਵਿਚ ਇਕ ਲੇਖ ਲਿਖਿਆ ਸੀ, ਤਦ ਦੱਸਿਆ ਸੀ ਕਿ ਇਕ ਪਰਦੇਸੀ ਇਤਿਹਾਸ-ਕਰਤਾ ਨੇ ਰਾਜਾ ਧਿਆਨ ਸਿੰਘ ਦੇ ਵਿਸ਼ੇ ਵਿਚ ਏਕਣ ਲਿਖਿਆ ਏ—'ਓਹ ਪੈਸੇ ਦਾ ਬੜਾ ਲਾਲਚੀ ਸੀ। ਏਥੋਂ ਤਕ ਕਿ ਜੇ ਕੋਈ ਡਾਢੀ ਭਾਰੀ ਭੀੜ ਵਿਚ ਵੀ ਇਕ ਰੁਪਈਆ ਫੜ ਕੇ ਹੱਥ ਉਤਾਂਹ ਨੂੰ ਕਰੇ, ਜਿਸ ਤੋਂ ਉਸ ਦਾ ਮਤਲਬ ਇਹ ਹੁੰਦਾ ਸੀ ਕਿ ਓਹ ਕੋਈ ਮੁਕੱਦਮਾ ਪੇਸ਼ ਕਰਨਾ ਚਾਹੁੰਦਾ ਏ; ਤੇ ਓਹ ਸਾਰੇ ਕੰਮ ਛੱਡ ਕੇ ਓਸ ਰੁਪਏ ਵਾਲੇ ਹੱਥ ਵੱਲ ਜਾਂਦਾ ਤੇ ਓਸ ਦਾ ਨਿਆਂ ਕਰਦਾ ਹੁੰਦਾ ਸੀ।' ਗੱਲ ਇਹ ਹੈ ਕਿ ਉਸ ਵੇਲੇ ਵੀ ਨਿਆਂ ਦੀਆਂ ਸਾਰੀਆਂ ਅਦਾਲਤਾਂ ਬਣੀਆਂ ਹੋਈਆਂ ਸਨ, ਪਰ ਜੇਕਰ ਕੋਈ ਸ਼ਖ਼ਸ ਸਮਝੇ ਕਿ ਉਸ ਦਾ ਨਿਆਂ ਠੀਕ ਨਹੀਂ ਹੋਇਆ, ਤਦ ਓਹਨੂੰ ਅਪੀਲ ਕਰਨ ਦਾ ਵੀ ਹੱਕ ਹਾਸਲ ਸੀ। ਓਹ ਮਹਾਰਾਜ ਪਾਸ ਜਾਂ ਮੁਖ-ਮੰਤਰੀ ਪਾਸ ਅਪੀਲ ਕਰ ਸਕਦਾ ਸੀ। ਓਸ ਅਪੀਲ ਦਾ ਢੰਗ ਇਹੋ ਹੁੰਦਾ ਸੀ ਕਿ ਇਕ ਰੁਪਈਆ ਨਜ਼ਰਾਨਾ ਫੜ ਕੇ ਉਹ ਮਹਾਰਾਜ ਜਾਂ ਮੁਖ-ਮੰਤਰੀ ਨੂੰ ਵਿਖਾਏ। ਸਰਕਾਰ ਮਜਬੂਰ ਹੁੰਦੀ ਸੀ ਕਿ ਉਸ ਦਾ ਨਿਆਂ ਕੀਤਾ ਜਾਏ ਤੇ ਤੁਰਤ-ਫੁਰਤ ਕੀਤਾ ਜਾਏ। ਕੇਹਾ ਸੌਖਾ ਤਰੀਕਾ ਸੀ ਤੇ ਕੇਹਾ ਛੇਤੀ ਨਿਬੇੜਾ ਹੁੰਦਾ ਸੀ। ਪਰ ਪਰਦੇਸੀ ਇਤਿਹਾਸ-ਕਾਰ ਨੇ ਇਸ ਨੂੰ ਭੈੜੇ ਚਾਨਣ ਵਿਚ ਈ ਦੱਸਿਆ ਏ। ਮੈਂ ਧਿਆਨ ਸਿੰਘ ਦੇ ਲਾਲਚ-ਪੁਣੇ ਦੇ ਬਾਰੇ ਵਿਚ ਕੁਝ ਨਹੀਂ ਕਹਿਣਾ ਚਾਹੁੰਦਾ, ਓਹ ਹੈਸੀ ਜਾਂ ਨਹੀਂ ਸੀ, ਏਸ ਲੇਖ ਨਾਲ ਉਸ ਦਾ ਕੋਈ ਸੰਬੰਧ ਨਹੀਂ, ਪਰ ਮੈਂ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਖਿੱਚਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਨਿਆਂ ਦੇ ਇਕ ਬੜੇ ਹੀ ਸੋਹਣੇ ਤਰੀਕੇ ਨੂੰ, ਪਰਦੇਸੀ ਇਤਿਹਾਸ-ਕਾਰ ਨੇ ਸਾਡੇ ਦੇਸ ਦੇ ਇਕ ਮਹਾਂ ਪੁਰਖ ਦਾ ਲਾਲਚ ਦੱਸਣ ਲਈ ਭੈੜੇ ਰੰਗ ਵਿਚ ਪੇਸ਼ ਕੀਤਾ

ਏ। ਏਸ ਤਰੀਕੇ ਦਾ ਅੱਜ-ਕੱਲ੍ਹ ਦੇ ਅਦਾਲਤੀ ਇਨਸਾਫ਼ ਨਾਲ ਟਾਕਰਾ ਕਰਨ 'ਤੇ ਪਤਾ ਲੱਗ ਜਾਏਗਾ ਕਿ ਇਹ ਇਤਿਹਾਸ-ਕਾਰ ਕਿੱਥੋਂ ਤਕ ਸੱਚਾ ਏ ਤੇ ਕਿਸ ਖ਼ਿਆਲ ਨਾਲ ਓਸ ਨੇ ਇਹ ਗੱਲ ਲਿਖੀ ਏ।

## ਘਾਤਕ ਸਿੱਟੇ

ਇਹੋ ਜਿਹਾ ਇਤਿਹਾਸ ਜੇ ਲੋਕਾਂ ਨੂੰ ਪੜ੍ਹਾਇਆ ਜਾਏ, ਤਦ ਓਹ ਆਪਣੀ ਕਿਸੇ ਵੀ ਪੁਰਾਣੀ ਗੱਲ ਨੂੰ ਪਸੰਦ ਨਹੀਂ ਕਰਨਗੇ। ਏਥੋਂ ਤਕ ਕਿ ਓਹਨਾਂ ਨੂੰ ਆਪਣੇ ਦੇਸ ਵਿਚ ਆਦਿ ਜੁਗਾਦ ਤੋਂ ਲੈ ਕੇ ਅੰਨ੍ਹ-ਹਨੇਰ ਤੋਂ ਬਿਨਾਂ ਹੋਰ ਕੁਝ ਵਿਖਾਈ ਈ ਨਹੀਂ ਦੇਵੇਗਾ। ਇਹੋ ਕਾਰਨ ਹੈ ਕਿ ਸਾਡੇ ਬਾਲਕ, ਜੋ ਆਪਣੇ ਇਤਿਹਾਸ ਨੂੰ ਅਸਲੀ ਰੰਗ ਵਿਚ ਨਹੀਂ ਵੇਖਦੇ, ਨਿਰਾਸ ਹੋ ਹੋ ਪਰਾਏ ਕੌਮੀ ਵੀਰਾਂ ਤੋਂ ਚਾਨਣ ਢੂੰਡਣ ਦਾ ਜਤਨ ਕਰਦੇ ਨੇ। ਤੇ ਪੜ੍ਹਦੇ ਵੀ ਓਹਨਾਂ ਲੋਕਾਂ ਦੀਆਂ ਪੁਸਤਕਾਂ ਵਿਚੋਂ ਨੇ, ਜਿਹਨਾਂ ਆਪਣੇ ਦੇਸੀ ਇਤਿਹਾਸ ਨੂੰ ਸ਼ਾਨਦਾਰ ਰੰਗਤ ਵਿਚ ਬਣਾ ਕੇ ਦੱਸਣ ਦਾ ਨੇਮ ਕੀਤਾ ਹੋਇਆ ਏ। ਓਹ ਆਪਣੇ ਵੱਡਿਆਂ ਦੇ ਚਰਿੱਤਰ ਲਿਸ਼ਕਾ-ਪੁਸ਼ਕਾ ਕੇ ਅੱਗੇ ਕਰਦੇ ਨੇ। ਪੜ੍ਹਨ ਵਾਲਿਆਂ ਨੂੰ, ਜੋ ਆਪਣੇ ਇਤਿਹਾਸ ਤੋਂ ਉੱਕਾ ਅਗਿਆਨੀ ਹੁੰਦੇ ਨੇ, ਬੜਾ ਸੁਆਦਲਾ ਲੱਗਦਾ ਏ; ਜਿਸ ਤੋਂ ਓਹ ਆਪਣੇ ਦੇਸ ਤੇ ਕੌਮ ਤੋਂ ਪਾਟ ਕੇ ਸ਼ੜੱਪ ਪਰਾਈ ਸ਼ਰਨ ਵਿਚ ਚਲੇ ਜਾਂਦੇ ਨੇ। ਓਹਨਾਂ ਦੀ ਆਪਣੀ ਕੌਮ ਮੁਰਦਾ ਹੁੰਦੀ ਚਲੀ ਜਾਂਦੀ ਏ ਤੇ ਓਧਰ ਵਾਧਾ ਪੈਂਦਾ ਜਾਂਦਾ ਏ; ਹੌਲੀ ਹੌਲੀ ਸੂਝ ਵਾਲਿਆਂ ਆਦਮੀਆਂ ਦੀ ਉੱਕਾ ਟੋਟ ਕਰਕੇ ਦੇਸੀ ਆਦਰਸ਼ ਤੇ ਜਾਤੀ ਧਰਮ ਅਲੋਪ ਹੋ ਜਾਂਦੇ ਨੇ ਤੇ ਕੌਮ ਪਰਦੇਸੀ ਗ਼ੁਲਾਮੀ ਦੀ ਪੰਜਾਲੀ ਹੇਠਾਂ ਉੱਕਾ ਦੱਬ ਕੇ ਆਪਣੀ ਹੋਂਦ ਨੂੰ ਛੱਡ ਬਹਿੰਦੀ ਏ। ਏਹਨਾਂ ਖ਼ਿਆਲਾਂ ਤੋਂ ਤ੍ਰੰਗਤ ਹੋ ਕੇ ਮੈਂ ਜਤਨ ਕੀਤਾ ਸੀ ਕਿ ਪੰਜਾਬੀਆਂ ਦੀ ਰੁਚੀ ਪੰਜਾਬੀ ਇਤਿਹਾਸ ਵੱਲ ਕੀਤੀ ਜਾਏ। ਏਸੇ ਭਾਵ ਨਾਲ 'ਲਖਸ਼ਮੀ ਦੇਵੀ' ਲਿਖੀ ਸੀ। ਜਦ ਮੈਂ ਵੇਖਨਾ ਹਾਂ ਕਿ ਸਾਡੇ ਗੱਭਰੂ ਮੁੰਡੇ ਆਪਣੇ ਲਈ ਚਾਨਣ ਢੂੰਡਣ ਦਾ ਜਤਨ ਕਰਦੇ ਹੋਏ ਆਪਣੇ ਦੇਸੀ ਇਤਿਹਾਸ ਨੂੰ ਬਿਲਕੁਲ ਛੱਡ ਕੇ ਚਲੇ ਜਾਂਦੇ ਨੇ, ਤਦ ਮੈਨੂੰ ਬੜੀ ਸ਼ਰਮ ਆਉਂਦੀ ਏ ਕਿ ਅਸੀਂ ਆਪਣਿਆਂ ਗੱਭਰੂਆਂ ਨੂੰ ਵਿਦਿਆ ਦਾ ਚਾਨਣਾ ਦੇਣ ਦੇ ਕੇਡੇ ਅਸਮਰਥ ਹਾਂ। ਸ਼ੈਕਸਪੀਅਰ ਦੇ ਡਰਾਮੇ ਤੇ ਬੇਕਨ ਦੇ ਲੇਖ ਓਹਨਾਂ ਲਈ ਵਿਦਿਆ ਦਾ ਭੰਡਾਰ ਨੇ, ਪਰ ਭਾਈ ਗੁਰਦਾਸ ਦੀਆਂ ਵਾਰਾਂ ਤੇ ਸਵੱਯੇ ਓਨੇ ਸੁਆਦਲੇ ਨਹੀਂ। ਕੀ ਸਾਡੇ ਵਾਸਤੇ ਫ਼ਰਜ਼ ਨਹੀਂ ਕਿ ਅਸੀਂ ਆਪਣਿਆਂ ਇਤਿਹਾਸਕ ਵੀਰਾਂ ਦਿਆਂ ਚਰਿੱਤਰਾਂ ਨੂੰ ਓਸੇ ਢੰਗ ਨਾਲ ਸੁਆਦਲਾ ਬਣਾ ਕੇ ਗੱਭਰੂਆਂ ਤੇ ਮੁਟਿਆਰਾਂ ਦਿਆਂ ਵਿਦਿਆ-ਪ੍ਰੇਮੀ-ਚਿੱਤਾਂ ਲਈ ਬੁੱਧ-ਭੋਜਨ ਤਿਆਰ ਕਰੀਏ! ਆਪਣੀ ਅਲਪ ਸ਼ਕਤੀ ਦੇ ਅਨੁਸਾਰ ਮੈਂ ਇਸ ਆਹਰ ਵਿਚ 'ਲਖ਼ਸ਼ਮੀ ਦੇਵੀ' ਨੂੰ ਛੱਡ ਕੇ ਦੋ ਨਾਟਕ ਲਿਖ ਚੁੱਕਾ ਹਾਂ, ਇਕ 'ਮਹਾਰਾਜਾ ਰਣਜੀਤ ਸਿੰਘ', ਪਹਿਲਾ ਭਾਗ, ਤੇ ਦੂਜਾ 'ਮਹਾਰਾਜਾ ਰਣਜੀਤ ਸਿੰਘ', ਦੂਜਾ ਭਾਗ। ਮੇਰੇ ਤੋਂ ਵਧੇਰੇ ਵਿਦਵਾਨ ਪੁਰਸ਼ਾਂ ਦਾ ਵੀ ਧਰਮ ਹੈ, ਓਹ ਭੀ ਇਤਿਹਾਸਕ ਵੀਰਾਂ ਦਿਆਂ ਚਰਿੱਤਰਾਂ ਨੂੰ ਲੋਕਾਂ ਤਕ ਪੁਚਾਣ ਦਾ ਜਤਨ ਕਰਨ।

### ਕੀ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਜੀ ਨੇ ਬਣਾਏ ?

# ਗੁਰਮੁਖੀ ਅੱਖਰ

**[ਸ: ਸ਼ੇਰ ਸਿੰਘ ਜੀ, ਐਮ.ਐਸ-ਸੀ., ਕਸ਼ਮੀਰ]**

ਜਿੱਥੇ ਪੰਥ ਵਿਚ ਆਪਣੇ ਇਤਿਹਾਸ ਬਾਬਤ ਹੋਰ ਬੜੀਆਂ ਗ਼ਲਤ-ਫ਼ਹਿਮੀਆਂ ਹਨ, ਓਥੇ ਗੁਰਮੁਖੀ ਦੀ ਪੈਂਤੀਸ ਅੱਖਰੀ ਬਾਬਤ ਭੀ ਗ਼ਲਤ-ਫ਼ਹਿਮੀ ਜਾਪਦੀ ਹੈ। ਅੱਜ-ਕੱਲ੍ਹ ਆਮ ਪੰਥ ਦਾ ਖ਼ਿਆਲ ਹੈ ਕਿ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਪੰਜਾਬੀ ਜਾਂ ਗੁਰਮੁਖੀ ਦੇ ਅੱਖਰ ਪਹਿਲੋਂ ਬਣਾਏ ਤੇ ਪੈਂਤੀ ਪ੍ਰਚਲਤ ਕੀਤੀ ਸੀ, ਜਿਹਾ *ਨਕਲੀ ਸਿੱਖ ਪ੍ਰਬੋਧ* ਵਿਚ ਲਿਖਿਆ ਹੈ:

"ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਵਿਚਾਰ ਕੀਤੀ ਕਿ ਹਰ ਇਕ ਦੇਸ ਦੀ ਭਾਸ਼ਾ ਅਤੇ ਉਸ ਦੇ ਅੱਖਰ ਭਿੰਨ-ਭਿੰਨ ਹਨ, ਜਿਹਾ ਕਿ ਬੰਗਾਲ ਦੇਸ ਦੇ ਬੰਗਾਲੀ, ਮਦਰਾਸ ਦੇ ਮਦਰਾਸੀ, ਫ਼ਰਾਂਸ ਦੇ ਫ਼ਰਾਂਸੀਸੀ, ਅਰਬ ਦੇ ਅਰਬੀ ਪਰਸਿੱਧ ਹਨ, ਅਤੇ ਹਿੰਦੁਸਤਾਨ ਵਿਚ ਹਿੰਦੀ ਪਰਗਟ ਹੈ। ਇਸ 'ਤੇ ਵਰਣ-ਮਾਲਾ ਉਨ੍ਹਾਂ ਦੀ ਦੇਸੀ ਜਾਂ ਕੌਮੀ ਵਰਣ-ਮਾਲਾ ਹੈ, ਤੇ ਉਸ ਭਾਸ਼ਾ ਵਿਚ ਉਨ੍ਹਾਂ ਦੇ ਧਾਰਮਕ ਪੁਸਤਕਾਂ ਦੇ ਰਚੇ ਜਾਣ 'ਤੇ ਓਹ ਧਾਰਮਕ ਜਾਂ ਮਜ਼੍ਹਬੀ ਭਾਸ਼ਾ ਬਣ ਗਈ ਹੈ। ਤਾਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੰਜਾਬ ਵਿਚ ਜਨਮ ਲੀਤਾ ਅਤੇ ਇਸ ਦੇਸ ਦੀ ਭਾਸ਼ਾ ਵਿਚ ਹੀ ਸ਼ਬਦ ਰਚੇ, ਇਸ ਵਾਸਤੇ ਕੋਈ ਵਰਣ-ਮਾਲਾ ਜ਼ਰੂਰ ਹੋਣੀ ਚਾਹੀਦੀ ਹੈ। ਜਿਸ ਪਰ ਵਿਚਾਰ ਕੇ ਓਨ੍ਹਾਂ ਨੇ ਪੈਂਤੀ ਅੱਖਰਾਂ ਦੀ ਵਰਣ-ਮਾਲਾ, ਜਿਸ ਦਾ ਨਾਮ ਗੁਰਮੁਖੀ ਆਖਦੇ ਹਨ, ਅਰ ਅੱਜ-ਕੱਲ੍ਹ ਪੰਜਾਬੀ ਵਰਣ-ਮਾਲਾ ਵੀ ਸੱਦਦੇ ਹਨ, ਬਹੁਤ ਸੁੰਦਰ ਰਚੀ......।"

**ਦੋਹਿਰਾ: ਬਾਵਨ ਤੇ ਪੈਂਤੀ ਕਰੇ, ਅੱਖਰ ਧਰ ਮਨ ਰੌਂਪ।**
**ਨਾਮ ਗੁਰਮੁਖੀ ਤਿਹ ਧਰਾ, ਅਮਰ ਦੇਵ ਕੋ ਸੌਂਪ।**

ਅੱਜ-ਕੱਲ੍ਹ ਹੋਰ ਜਿਤਨੇ ਪੁਸਤਕ ਅੰਗਰੇਜ਼ੀ ਜਾਂ ਪੰਜਾਬੀ ਵਿਚ ਮਿਲਦੇ ਹਨ ਅਤੇ ਜਿਹੜੇ ਵੱਡੇ ਵੱਡੇ ਵਿਦਵਾਨਾਂ ਨੇ ਲਿਖੇ ਹੋਏ ਹਨ—੧. ਉਨ੍ਹਾਂ ਸਾਰਿਆਂ ਵਿਚ ਗੁਰਮੁਖੀ ਅੱਖਰ ਗੁਰੂ ਅੰਗਦ ਜੀ ਮਹਾਰਾਜ ਤੋਂ ਹੀ ਬਣੇ ਹੋਏ ਮੰਨੇ ਜਾਂਦੇ ਹਨ,

੨. ਨਾਲ ਹੀ ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰਮੁਖੀ ਹਿੰਦੀ ਜਾਂ ਦੇਵਨਾਗਰੀ ਦੇ ੫੨ ਅੱਖਰ ਕੱਟ-ਵੱਢ ਕੇ ਬਣੀ, ਇਸੇ ਕਰਕੇ ਲੋਕੀ ਆਖਦੇ ਹਨ ਕਿ 'ਬਾਵਨ ਤੇ ਪੈਂਤੀ ਕਰੇ'।

ਇਹ ਦੂਜੀ ਗੱਲ ਤਾਂ ਬਿਲਕੁਲ ਗ਼ਲਤ ਹੈ ਕਿ ਗੁਰਮੁਖੀ ਹਿੰਦੀ ਜਾਂ ਦੇਵਨਾਗਰੀ ਵਿਚੋਂ ਨਿਕਲੀ ਹੈ, ਕਿਉਂਕਿ ਜਿਨ੍ਹਾਂ ਦਿਨਾਂ ਵਿਚ ਗੁਰਮੁਖੀ ਬਣੀ ਸੀ ਉਨ੍ਹਾਂ ਦਿਨਾਂ ਵਿਚ ਹਿੰਦੀ ਦੇਵਨਾਗਰੀ ਅੱਖਰਾਂ ਵਿਚ ਲਿਖੀ ਹੀ ਨਹੀਂ ਸੀ ਜਾਂਦੀ। ਜਿਹੜੇ ੫੨ ਅੱਖਰ ਹੁਣ ਅਸੀਂ ਹਿੰਦੀ ਵਿਚ ਦੇਖਦੇ ਹਾਂ ਇਹ ਪੰਜਾਬੀ ਜਾਂ ਗੁਰਮੁਖੀ ਤੋਂ ਬਹੁਤ ਪਿੱਛੇ ਹਿੰਦੀ ਦੇ ਲਿਖਣ ਵਾਸਤੇ ਵਰਤੇ ਗਏ ਹਨ, ਨਹੀਂ ਤਾਂ ਇਹ ਦੇਵਨਾਗਰੀ ਅੱਖਰ ਪਹਿਲੋਂ ਸਿਰਫ਼ ਸੰਸਕ੍ਰਿਤ ਵਾਸਤੇ ਹੀ ਵਰਤੇ ਜਾਂਦੇ ਸਨ ਤੇ ਹਿੰਦੀ ਵਾਸਤੇ ਨਹੀਂ। ਮੈਂ ਇਹ ਆਪਣਾ ਸ਼ੰਕਾ ਡਾਕਟਰ ਸਿਦੇਸ਼ਵਰ ਵਰਮਾ ਜੀ, M.A., D.Litt., ਜੋ ਸਾਰੇ ਹਿੰਦੁਸਤਾਨ ਵਿਚ ਆਪਣੀ ਲਿਆਕਤ ਦੇ ਨਾਲ ਦੇ ਆਪ ਹੀ ਹਨ, ਪੇਸ਼ ਕੀਤਾ ਸੀ ਤਾਂ ਉਨ੍ਹਾਂ ਨੇ ਮੇਰੇ ਨਾਲ ਇਤਫ਼ਾਕ ਕਰ ਕੇ ਇਹ ਜਵਾਬ ਦਿੱਤਾ ਸੀ :

"The relation of Gurmukhi to 'Hindi' is only a popular opinion, which is scientifically unsound; because Hindi at the time of the Gurus, was not written in Devnagri characters. The present Hindi script is very recent and Gurmukhi has nothing to do with it."

["ਗੁਰਮੁਖੀ ਦਾ ਹਿੰਦੀ ਨਾਲ ਸੰਬੰਧ ਕੇਵਲ ਪਰਸਿੱਧ ਰਾਇ ਉੱਪਰ ਹੈ ਜੋ ਕਿ ਵਿਚਾਰ ਅਨੁਸਾਰ ਠੀਕ ਨਹੀਂ, ਕਿਉਂਕਿ ਗੁਰੂ ਸਾਹਿਬਾਂ ਦੇ ਸਮੇਂ ਤਾਂ ਹਿੰਦੀ ਦੇਵਨਾਗਰੀ ਅੱਖਰਾਂ ਵਿਚ ਲਿਖੀ ਹੀ ਨਹੀਂ ਸੀ ਜਾਂਦੀ। ਹੁਣ ਵਾਲੀ ਹਿੰਦੀ ਲਿਪੀ ਬੜੀ ਨਵੀਂ ਹੈ ਤੇ ਗੁਰਮੁਖੀ ਦਾ ਇਸ ਨਾਲ ਕੋਈ ਸੰਬੰਧ ਨਹੀਂ।"]

ਇਸ ਤੋਂ ਸਾਫ਼ ਜ਼ਾਹਰ ਹੈ ਕਿ ਆਮ ਲੋਕਾਂ ਦਾ ਖ਼ਿਆਲ ਕਿ ਗੁਰਮੁਖੀ ਹਿੰਦੀ ਦੇ ੫੨ ਅੱਖਰਾਂ ਨੂੰ ਕੱਟ-ਵੱਢ ਕੇ ਬਣੀ ਹੈ, ਬਿਲਕੁਲ ਗ਼ਲਤ ਹੈ, ਕਿਉਂਕਿ ਪੰਜਾਬੀ ਪਹਿਲੋਂ ਜੰਮੀ ਸੀ ਤੇ ਹਿੰਦੀ ਪਿੱਛੋਂ। ਇਸ ਕਰਕੇ ਸਾਡਾ ਇਕ ਮੁਗ਼ਾਲਤਾ ਦੂਰ ਹੋ ਗਿਆ ਕਿ ਪੰਜਾਬੀ ਹਿੰਦੀ ਦੀ ਧੀ (daughter) ਹੈ। ਦਰ-ਅਸਲ ਪੰਜਾਬੀ ਜਾਂ ਗੁਰਮੁਖੀ ਹਿੰਦੀ ਦੀ ਮਾਂ ਹੈ; ਪਰ ਜੇ ਮਾਂ ਨਹੀਂ, ਤਾਂ ਚਾਚੀ ਤਾਂ ਜ਼ਰੂਰ ਹੈ।

ਹੁਣ ਸਵਾਲ ਇਹ ਰਿਹਾ ਕਿ ਪੰਜਾਬੀ ਹਿੰਦੀ ਵਿਚੋਂ ਨਹੀਂ ਨਿਕਲੀ ਤਾਂ ਕਿੱਥੋਂ ਨਿਕਲੀ ? ਕਈ ਲੋਕਾਂ ਦਾ ਇਹ ਖ਼ਿਆਲ ਹੈ ਕਿ ਗੁਰਮੁਖੀ ਲੰਡੇ ਅੱਖਰਾਂ ਵਿਚੋਂ ਨਿਕਲੀ, ਕਿਉਂਕਿ ਗੁਰੂ ਮਹਾਰਾਜ ਜੀ ਦੇ ਵੇਲੇ ਪੰਜਾਬ ਵਿਚ ਲੰਡੇ ਹੀ ਪ੍ਰਚਲਤ ਸਨ। ਚੁਨਾਂਚਿ ਵੱਡੀਆਂ ਸਰਕਾਰੀ ਪੋਥੀਆਂ ਵਿਚ ਵੀ ਇਹੋ ਗੱਲ ਲਿਖੀ ਹੈ।

ਦੇਖੋ Govt. of India, Publication; '*The Linguistic Survey of India.* Vol. IX, Part-I, P. 624, ਜਿਸ ਵਿਚ ਲਿਖਿਆ ਹੈ :

"The true alphabet of the Punjab is known as the Landa or 'clipped'. It is connected with the Mahajani character of Northern

India......Vowel signs in it are frequently omitted. It is said that in the time of (Guru) Angad, the second Sikh Guru (1538-1552 A.D.), this Landa was the only alphabet employed in the Punjab for writing the vernacular. Angad found that Sikh hymns written in Landa were liable to be missed and he accordingly improved it by borrowing signs from the Devnagri alphabet (then only used for Sanskrit manuscripts) and by polishing up the forms of the letters, so as to make them fit for recording the scriptures of the Sikh Religion........"

[“ਪੰਜਾਬ ਦੀ ਠੀਕ ਲਿਪੀ ਨੂੰ ਲੰਡੇ ਕਹਿੰਦੇ ਹਨ, ਜੋ ਕਿ ਉੱਤਰੀ ਹਿੰਦੁਸਤਾਨ ਦੇ ਮਹਾਜਨੀ ਅੱਖਰਾਂ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਵਿਚੋਂ ਸੁਰਾਂ ਦੇ ਨਿਸ਼ਾਨ ਛੱਡ ਦਿੱਤੇ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਗੁਰੂ ਅੰਗਦ ਸਾਹਿਬ ਦੇ ਸਮੇਂ—ਜੋ ਕਿ ੧੫੩੮ ਤੋਂ ੧੫੫੨ ਈਸਵੀ ਤਕ ਦੂਜੇ ਸਿਖ-ਗੁਰੂ ਹੋਏ ਹਨ—ਇਹੋ ਇੱਕੋ ਲੰਡੇ ਹੀ ਪੰਜਾਬ ਵਿਚ ਦੇਸੀ ਬੋਲੀਆਂ ਲਿਖਣ ਲਈ ਵਰਤੇ ਜਾਂਦੇ ਸਨ। ਗੁਰੂ ਅੰਗਦ ਸਾਹਿਬ ਨੇ ਵੇਖਿਆ ਕਿ ਲੰਡਿਆਂ ਵਿਚ ਲਿਖੀ ਹੋਈ ਗੁਰਬਾਣੀ ਵਿਚ ਭੁਲੇਖਾ ਪੈਣ ਦਾ ਡਰ ਹੈ, ਇਸ ਕਰਕੇ ਉਨ੍ਹਾਂ ਨੇ ਦੇਵਨਾਗਰੀ ਲਿਪੀ ਤੋਂ ਲਗਾਂ ਦੇ ਨਿਸ਼ਾਨ ਲੈ ਕੇ ਇਨ੍ਹਾਂ ਨੂੰ ਸੋਧ ਲਿਆ ਤੇ ਇਨ੍ਹਾਂ ਦੀਆਂ ਸ਼ਕਲਾਂ ਨੂੰ ਅਜਿਹਾ ਬਣਾ ਸਵਾਰ ਲਿਆ ਕਿ ਇਨ੍ਹਾਂ ਨੂੰ ਸਿਖ ਧਰਮ ਦੀ ਬਾਣੀ ਲਿਖਣ ਦੇ ਠੀਕ ਯੋਗ ਬਣਾ ਲਿਆ।”]

ਮੈਨੂੰ ਆਪਣੇ ਸਰਕਾਰੀ ਕੰਮ ਕਰਨ ਦੇ ਸਿਲਸਿਲੇ ਵਿਚ ਕਸ਼ਮੀਰੀ ਅੱਖਰ ਦੇਖਣ ਦਾ ਇਤਫ਼ਾਕ ਹੋਇਆ ਅਤੇ ਮੈਨੂੰ ਦੇਖ ਕੇ ਹੈਰਾਨਗੀ ਹੋਈ ਕਿ ਗੁਰਮੁਖੀ ਅਤੇ ਸ਼ਾਰਦਾ (ਕਸ਼ਮੀਰੀ ਅੱਖਰ) ਆਪਸ ਵਿਚ ਬੜੇ ਮਿਲਦੇ-ਜੁਲਦੇ ਹਨ। ਫਿਰ ਮੈਂ ਟਾਕਰੀ ਅਤੇ ਲੰਡੇ ਅੱਖਰਾਂ ਨਾਲ ਵੀ ਮੁਕਾਬਲਾ ਕੀਤਾ, ਪਰ ਗੁਰਮੁਖੀ ਅੱਖਰ ਜ਼ਿਆਦਾ ਸ਼ਾਰਦਾ (ਕਸ਼ਮੀਰੀ) ਅੱਖਰਾਂ ਨਾਲ ਮਿਲਦੇ ਸਨ, ਲੰਡੇ ਤੇ ਨਾਗਰੀ ਅੱਖਰਾਂ ਨਾਲ ਇਤਨੇ ਨਹੀਂ। ਇਸ ਤੋਂ ਮੈਨੂੰ ਖ਼ਿਆਲ ਹੋਇਆ ਕਿ ਕੀ ਪੰਜਾਬੀ ਜਾਂ ਗੁਰਮੁਖੀ ਸ਼ਾਰਦਾ ਤੋਂ ਤਾਂ ਕਿਧਰੇ ਨਹੀਂ ਨਿਕਲੀ। ਜਦ ਮੈਂ ਇਹ ਜ਼ਿਆਦਾ ਮਿਲਾਵਟ ਦੇਖੀ ਤਾਂ ਮੈਂ ਫਿਰ ਡਾਕਟਰ ਵਰਮਾ ਜੀ ਨੂੰ ਲਿਖਿਆ, ਉਨ੍ਹਾਂ ਨੇ ਇਹ ਜਵਾਬ ਦਿੱਤਾ :

"The greater resemblance with Sarada seems to be the co-incidence of the common Standard Devnagri to which both Takri and Lànda were adapted, if it is proposed to derive Gurmukhi from Sarada, the burden of proof rests on the proposer....."

[“ਸ਼ਾਰਦਾ ਨਾਲ (ਗੁਰਮੁਖੀ ਦੀ) ਵਧੇਰੇ ਇਕ-ਰੂਪਤਾ ਉਸ ਆਮ ਪ੍ਰਮਾਣੀਕ ਦੇਵਨਾਗਰੀ ਨਾਲ ਇਤਫ਼ਾਕਿਆ ਹੀ ਮਲੂਮ ਹੁੰਦੀ ਹੈ ਜਿਸ ਵੱਲ ਟਾਕਰੀ ਤੇ ਲੰਡੇ ਦੋਵੇਂ ਅਨੁਕੂਲੀਆ ਗਈਆਂ ਸਨ। ਜੋ ਕੋਈ ਗੁਰਮੁਖੀ ਨੂੰ ਸ਼ਾਰਦਾ ਤੋਂ ਨਿਕਲੀ ਹੋਈ

ਮੰਨਦਾ ਹੈ ਤਾਂ ਇਹਦਾ ਸਬੂਤ ਦੇਣਾ ਉਹਦਾ ਕੰਮ ਹੈ।"]

ਡਾਕਟਰ ਵਰਮਾ ਨੇ ਨਾਲ ਹੀ ਮੇਰੀ ਚਿੱਠੀ ਉੱਪਰ Government Epigraphist ਵੱਲ ਭੇਜ ਦਿੱਤੀ, ਜਿਨ੍ਹਾਂ ਨੇ ਸਰਕਾਰੀ ਚਿੱਠੀ ਨੰਬਰੀ 120-1/718-695, dated 31st May, 1929 ਵਿਚ ਇੰਜ ਜਵਾਬ ਦਿੱਤਾ:

"Perhaps you are aware that the Guru Sahib who invented the Gurmukhi script stayed in Kangra for a long time and that Takri is the script of the Kangra Valley, just as Sarada is of the contiguous valley of Kashmir. They are allied to the Gupta Script......In the Sarada, the metre and the upper lines are given as is the case in Gurmukhi. Lande omits them and hardly gives the exact or proper forms of letters."

["ਸ਼ਾਇਦ ਤੁਸੀਂ ਜਾਣਦੇ ਹੋ ਕਿ ਗੁਰੂ ਸਾਹਿਬ, ਜਿਨ੍ਹਾਂ ਨੇ ਕਿ ਗੁਰਮੁਖੀ ਅੱਖਰ ਬਣਾਏ, ਚੋਖਾ ਸਮਾਂ ਕਾਂਗੜੇ ਵਿਚ ਠਹਿਰੇ ਸਨ। ਕਾਂਗੜੇ ਦੀ ਵਾਦੀ ਦੀ ਲਿਪੀ ਟਾਕਰੀ ਹੈ, ਇਉਂ ਹੀ ਜਿਵੇਂ ਨਾਲ ਲੱਗਦੀ ਕਸ਼ਮੀਰ ਦੀ ਵਾਦੀ ਦੀ ਲਿਪੀ ਸ਼ਾਰਦਾ ਹੈ। ਇਹ ਲਿਪੀਆਂ ਗੁਪਤਾ ਲਿਪੀ ਨਾਲ ਸੰਬੰਧਤ ਹਨ। ਸ਼ਾਰਦਾ ਵਿਚ ਮੀਟਰ ਤੇ ਉਪਰਲੀਆਂ ਲਕੀਰਾਂ ਉਸੇ ਤਰ੍ਹਾਂ ਹਨ ਜਿਵੇਂ ਕਿ ਗੁਰਮੁਖੀ ਵਿਚ; ਲੰਡਿਆਂ ਵਿਚ ਇਹ ਲੁਪਤ ਹਨ ਤੇ ਅੱਖਰਾਂ ਦੀਆਂ ਠੀਕ ਤੇ ਢੁੱਕਵੀਆਂ ਸ਼ਕਲਾਂ ਨਹੀਂ ਹਨ।"]

ਇਸ ਤੋਂ ਮਲੂਮ ਹੋਇਆ ਕਿ ਗੁਰਮੁਖੀ ਦਾ ਲੰਡੇ ਅੱਖਰਾਂ ਨਾਲ ਕੋਈ ਵਾਸਤਾ ਨਹੀਂ, ਜੇ ਹੈ ਤਾਂ ਸ਼ਾਰਦਾ ਅੱਖਰਾਂ ਨਾਲ ਹੈ। ਇਸ ਉੱਪਰ ਡਾਕਟਰ ਵਰਮਾ ਨੇ ਮੈਨੂੰ ਇਹ ਚਿੱਠੀ ਲਿਖੀ:

"Congratulations ! after all your conjecture turns out to be more correct. Gurmukhi is not allied to Lande."

["ਵਧਾਈਆਂ ! ਆਖ਼ਰ ਤੁਹਾਡਾ ਅਨੁਮਾਨ ਬਹੁਤ ਹੱਦ ਤਕ ਠੀਕ ਮਲੂਮ ਹੋਂਦਾ ਹੈ; ਗੁਰਮੁਖੀ ਦਾ ਲੰਡਿਆਂ ਨਾਲ ਸੰਬੰਧ ਨਹੀਂ ਹੈ।"]

ਇਸ ਤੋਂ ਇਹ ਸਾਬਤ ਹੋਇਆ ਕਿ ਦੂਜਾ ਆਮ ਖ਼ਿਆਲ ਵੀ ਕਿ ਗੁਰਮੁਖੀ ਲੰਡਿਆਂ ਵਿਚੋਂ ਨਿਕਲੀ ਹੈ, ਗ਼ਲਤ ਹੈ। ਗੁਰਮੁਖੀ ਤੇ ਸ਼ਾਰਦਾ ਦਾ ਮੇਲ-ਜੋਲ ਆਪਸ ਵਿਚ ਬਹੁਤ ਹੈ। ਥਾਂ ਦੀ ਥੁੜੋਂ ਕਰਕੇ ਇਸ ਵਕਤ ਸਿਰਫ਼ ਇਤਨਾ ਹੀ ਕਹਿ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਗੁਰਮੁਖੀ ਨਾ ਤੇ ਹਿੰਦੀ (ਦੇਵਨਾਗਰੀ) ਵਿਚੋਂ ਨਿਕਲੀ ਹੈ, ਨਾ ਹੀ ਲੰਡੇ ਜਾਂ ਨਾਗਰੀ ਵਿਚੋਂ। ਗੁਰਮੁਖੀ ਦਾ ਤੇ ਸ਼ਾਰਦਾ ਦਾ ਮੇਲ-ਜੋਲ ਬਹੁਤ ਜ਼ਿਆਦਾ ਹੈ, ਤੇ ਇਹ ਨਤੀਜਾ ਨਿਕਲ ਸਕਦਾ ਹੈ ਕਿ ਗੁਰੂ ਮਹਾਰਾਜ ਜੀ ਨੇ ਸ਼ਾਰਦਾ, ਜੋ ਉਸ ਵਕਤ ਪ੍ਰਚਲਤ ਸੀ ਤੇ ਮਾਤਰਾਂ ਸਹਿਤ ਸੀ, ਗੁਰਮੁਖੀ ਦੇ ਬਣਾਣ ਵਿਚ ਮੁਖ ਰੱਖੀ ਹੋਵੇ।

ਹੁਣ ਇਹ ਸਵਾਲ ਰਿਹਾ ਕਿ ਗੁਰਮੁਖੀ ਪਹਿਲੋਂ ਕਿਸ ਗੁਰੂ ਜੀ ਨੇ ਬਣਾਈ।

ਜੇ ਸ਼ਾਰਦਾ ਨਾਲ ਗੁਰਮੁਖੀ ਦਾ ਤਅੱਲਕ ਮੰਨਿਆ ਜਾਵੇ ਤਾਂ ਅੱਗੋਂ ਸਾਫ਼ ਜ਼ਾਹਰ ਹੈ ਕਿ ਗੁਰੂ ਨਾਨਕ ਜੀ ਮਹਾਰਾਜ ਕਸ਼ਮੀਰ ਆਏ ਸਨ ਤਾਂ ਬ੍ਰਹਮਦਾਸ ਨਾਲ ਗੋਸ਼ਟ ਵੀ ਹੋਈ ਸੀ, ਤੇ ਉਸ ਵਕਤ ਗੁਰੂ ਮਹਾਰਾਜ ਨੇ ਸ਼ਾਰਦਾ ਨਾਲ ਮੁਕਾਬਲਾ ਕਰ ਕੇ ਗੁਰਮੁਖੀ ਅੱਖਰ ਪਹਿਲੋਂ ਬਣਾਏ ਹੋਣ। ਇਸ ਗੱਲ ਦੇ ਹੱਕ ਵਿਚ ਇਹ ਸ਼ਹਾਦਤ ਹੈ ਕਿ ਆਸਾ ਰਾਗ ਵਿਚ ਜਿਹੜੀ ਪੱਟੀ ਮਹੱਲੇ-ਪਹਿਲੇ ਦੀ ਲਿਖੀ ਹੈ, ਉਸ ਵਿਚ ਗੁਰੂ ਜੀ ਮਹਾਰਾਜ ਪੂਰੇ ੩੫ ਅੱਖਰ ਗਿਣਦੇ ਹਨ। ਨਾਲ ਹੀ ੩੫ ਅੱਖਰਾਂ ਦੇ ਭਿੰਨ ਭਿੰਨ ਨਾਮ ਵੀ ਦਿੱਤੇ ਹੋਏ ਹਨ, ਜੈਸੇ ਊੜਾ, ਈਵੜੀ, ਆਇੜਾ......। ਜੇ ਗੁਰੂ ਨਾਨਕ ਜੀ ਮਹਾਰਾਜ ਜੀ ਨੇ ੩੫ ਅੱਖਰੀ ਆਪ ਨਾ ਬਣਾਈ ਹੋਂਦੀ ਤਾਂ ਇਹ ਪੱਟੀ ਕਿਸ ਤਰ੍ਹਾਂ ਲਿਖਦੇ, ਤੇ ੩੫ ਅੱਖਰਾਂ ਦੇ ਨਾਂ ਕਿਸ ਤਰ੍ਹਾਂ ਛੰਦਾ-ਬੰਦੀ ਵਿਚ ਪਾਂਦੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਪੈਂਤੀ ਸੱਸੇ ਤੋਂ ਸ਼ੁਰੂ ਹੈ, ਪਰ ਇਹ ਅੱਖਰ ਤਾਂ ਪਰਮਾਤਮਾ ਨੂੰ ਪਹਿਲੋਂ ਯਾਦ ਕਰਾਣ ਲਈ ਅੱਗੇ ਕੀਤਾ ਗਿਆ ਜਾਪਦਾ ਹੈ:

**"ਸਸੈ ਸੋਇ ਸ੍ਰਿਸਟਿ ਜਿਨਿ ਸਾਜੀ....."**

ਜੋ ਭਾਈ ਸਾਹਿਬ ਇਹ ਮੰਨਦੇ ਹਨ ਕਿ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ੩੫ ਅੱਖਰ ਪਹਿਲੋਂ ਬਣਾਏ, ਉਹ ਇਸ ਗੱਲ ਦਾ ਪੱਕਾ ਜਵਾਬ ਨਹੀਂ ਦੇ ਸਕਦੇ ਕਿ ਮਹੱਲੇ-ਪਹਿਲੇ ਦੀ ਪੱਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸ ਤਰ੍ਹਾਂ ਚੜ੍ਹ ਗਈ।

ਮੈਨੂੰ ਇਹ ਉੱਪਰਲੀ ਪੱਟੀ ਪੜ੍ਹ ਕੇ ਕੋਈ ਸ਼ੱਕ ਨਹੀਂ ਰਹਿੰਦਾ ਕਿ ਵਾਕਿਆ ਈ ਗੁਰੂ-ਬਾਬੇ ਜੀ ਨੇ ਹੀ ਗੁਰਮੁਖੀ ਅੱਖਰ ਬਣਾਏ। ਜਿੱਥੇ ਗੁਰੂ-ਬਾਬੇ ਨੇ ਪਹਿਲੋਂ-ਪਹਿਲ ਪੰਜਾਬੀ ਜ਼ਬਾਨ ਵਿਚ ਸ਼ਬਦ ਉਚਾਰ ਕੇ ਪੰਜਾਬ ਨੂੰ ਨਿਹਾਲ ਕੀਤਾ, ਉਨ੍ਹਾਂ ਨੇ ਹੀ ਆਪਣੇ ਸ਼ਬਦਾਂ ਨੂੰ ਪੰਜਾਬੀ ਅੱਖਰਾਂ ਵਿਚ ਬੱਧਾ। ਜੇ ਓਹ ਆਪ ਇਸ ਤਰ੍ਹਾਂ ਨਾ ਕਰਦੇ ਤਾਂ ਉਨ੍ਹਾਂ ਦੇ ਸ਼ਬਦ ਇਕ ਤਾਂ ਅਲੋਪ ਹੋ ਜਾਂਦੇ, ਦੂਜੇ ਜੇ ਲੰਡੇ ਜਾਂ ਟਾਕਰੀ ਅੱਖਰ ਹੀ ਵਰਤੇ ਜਾਂਦੇ ਤਾਂ ਲਗਾਂ ਜਾਂ ਮਾਤਰਾਂ ਦਾ ਪਿੱਛੋਂ ਇਤਨਾ ਝੰਬੇਲਾ ਪੈਣਾ ਸੀ ਕਿ ਸ਼ਬਦ ਪੜ੍ਹਨੇ ਗੁਰੂ ਅੰਗਦ ਦੇਵ ਜੀ ਦੇ ਵਕਤ ਤੋੜੀਂ ਮੁਸ਼ਕਲ ਹੋ ਜਾਂਦੇ।

ਮੇਰੇ ਖ਼ਿਆਲ ਵਿਚ ਇਹ ਗ਼ਲਤ-ਫ਼ਹਿਮੀ 'ਬਾਲੇ' ਵਾਲੀਆਂ ਕੁਝ ਜਨਮ-ਸਾਖੀਆਂ ਨੇ ਪਾਈ ਹੈ। ਪਰ ਜਿਹੜੀ ਹੱਥ-ਲਿਖੀ 'ਬਾਲੇ' ਦੀ ਜਨਮ-ਸਾਖੀ ਮੇਰੇ ਕੋਲ ਹੈ, ਉਸ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਜਨਮ-ਪੱਤਰੀ ਬਾਬਤ ਇਉਂ ਲਿਖਿਆ ਹੈ:

"ਗੁਰੂ ਅੰਗਦ ਜੀ ਕਹਿਆ : ਪੈੜਾ, ਇਹੁ ਅਸਾਨੂੰ ਗੁਰਮੁਖੀ ਅੱਖਰਾਂ ਵਿਚ ਲਿਖ ਦੇਹਿ। ਪੈੜੇ ਕਹਿਆ : ਭਲਾ ਜੀ ਕਾਗਲ ਮੰਗਾਵੋ।"

ਇਸ ਤੋਂ ਵੀ ਸਾਫ਼ ਜ਼ਾਹਰ ਹੈ ਕਿ ਭਾਈ ਪੈੜੇ ਨੂੰ ਅੱਗੇ ਹੀ ਗੁਰਮੁਖੀ ਅੱਖਰ ਆਉਂਦੇ ਸਨ, ਗੁਰੂ ਅੰਗਦ ਦੇਵ ਜੀ ਨੇ ਨਹੀਂ ਬਣਾ ਕੇ ਸਿਖਾਏ।

ਉਪਰਲੇ ਸੰਖੇਪ ਲੇਖ ਤੋਂ ਇਹ ਸਿੱਟਾ ਨਿਕਲੇਗਾ—ਕਿ ਸ਼ੱਕ ਨਾ ਰਹੇ—ਕਿ ਗੁਰੂ ਨਾਨਕ ਜੀ ਮਹਾਰਾਜ ਨੇ ਕੇਵਲ ਸਿੱਖੀ ਦੀ ਨੀਂਹ ਹੀ ਨਹੀਂ ਰੱਖੀ, ਨਾਲ ਹੀ ਪੰਜਾਬੀ ਬੋਲੀ ਪ੍ਰਚਲਤ ਕੀਤੀ, ਤੇ ਉਸ ਤੋਂ ਵਧ ਇਹ ਪਰ-ਉਪਕਾਰ ਕੀਤਾ ਕਿ ਪੰਜਾਬੀ

ਜਾਂ ਗੁਰਮੁਖੀ ਅੱਖਰ ਘੜ ਕੇ ਸ਼ਬਦਾਂ ਨੂੰ ਹਮੇਸ਼ਾ ਲਈ ਪਰਪੱਕ ਕੀਤਾ।

ਇਹ ਸਿੱਟਾ ਸਾਡੀ ਪੰਜਾਬੀ ਜਾਂ ਗੁਰਮੁਖੀ ਬੋਲੀ ਦੀ ਉਮਰ ਘੱਟ ਤੋਂ ਘੱਟ ੫੦ ਵਰ੍ਹੇ ਜਾਂ ਅੱਧੀ ਸਦੀ ਹੋਰ ਵਧਾਂਦਾ ਹੈ। ਨਾਲ ਹੀ ਇਹ ਸਾਬਤ ਕਰਦਾ ਹੈ ਕਿ ਗੁਰੂ ਨਾਨਕ ਜੀ ਮਹਾਰਾਜ ਨੇ ਸਿੱਖੀ ਧਰਮ ਦੀ ਨੀਂਹ ਅੱਛੀ ਤਰ੍ਹਾਂ ਆਪ ਰੱਖ ਦਿੱਤੀ ਸੀ, ਤੇ ਦੂਜੇ ਗੁਰੂ ਜੀ ਤੋੜੀ ਗੁਰਮੁਖੀ ਬਣਾਨਾ ਨਹੀਂ ਸੀ ਛੱਡਿਆ। ਹੈਰਾਨਗੀ ਹੋਂਦੀ ਕਿ ਓਹ ਇਤਨਾ ਜ਼ਰੂਰੀ ਤੇ ਵੱਡ-ਮੁੱਲਾ ਕੰਮ, ਆਪਣੇ ਮੁਬਾਰਕ ਹੱਥਾਂ ਨਾਲ ਨਾ ਕਰਦੇ।

ਇਹ ਸੰਖੇਪ ਬ੍ਰਿਤਾਂਤ, ਚਿੱਠੀਆਂ ਸਮੇਤ, ਮੈਂ ਪੰਥ ਦੇ ਪੇਸ਼ ਇਸ ਲਈ ਕਰਦਾ ਹਾਂ ਕਿਉਂਕਿ ਇਹ ਖੋਜ (Research) ਮੇਰੇ ਲਈ ਹੀ ਨਹੀਂ, ਸਗੋਂ ਪੰਥ ਦੀ ਸਾਂਝੀ ਮਲਕੀਅਤ ਹੈ। ਮੈਨੂੰ ਇਹ ਪੱਕੀ ਉਮੈਦ ਹੈ ਕਿ ਹੋਰ ਸੱਜਣ ਇਸ ਲੜੀ ਨੂੰ ਪਕੜ ਕੇ ਕਈ ਹੋਰ ਸਬੂਤ ਵੀ ਪੇਸ਼ ਕਰ ਦੇਣਗੇ, ਜਿਸ ਨਾਲ ਸਾਡੀ ਮਾਦਰੀ ਵਰਣ-ਮਾਲਾ ਦੀ ਉਮਰ ਵਧ ਜਾਵੇ। ਇਹ ਅਸਚਰਜ ਨਹੀਂ ਹੋਵੇਗਾ ਕਿ ਪਹਿਲੇ ਗੁਰੂ ਮਹਾਰਾਜ ਜੀ ਦੇ ਜੀਵਨ ਸਮੇਂ ਦਾ ਕੋਈ ਪੰਜਾਬੀ-ਅੱਖਰਾਂ ਵਿਚ ਲਿਖਿਆ ਹੋਇਆ ਸ਼ਬਦ ਮਿਲ ਜਾਵੇ। ਜ਼ਰੂਰਤ ਹੈ ਤਾਂ ਸਿਰਫ਼ ਢੂੰਡਣ ਦੀ।

ਸਾਡੇ ਇਤਿਹਾਸ ਅਤੇ ਮਜ਼੍ਹਬ ਵਿਚ ਇਕ ਨਹੀਂ, ਇਕ ਸੌ ਇਕ ਗ਼ਲਤ-ਫ਼ਹਿਮੀਆਂ ਪਈਆਂ ਹੋਈਆਂ ਹਨ, ਜੋ ਮਤਲਬੀ ਪੁਰਸ਼ਾਂ ਨੇ ਆਪਣਾ ਮਤਲਬ ਕੱਢਣ ਲਈ ਪਾਈਆਂ ਹੋਈਆਂ ਹਨ। ਮੈਂ ਕਿਸੇ ਹੋਰ ਲੇਖ ਵਿਚ ਫਿਰ ਦੱਸਾਂਗਾ ਕਿ ਓਹ ਕਿਹੜੀ ਭੁੱਲ ਹੈ, ਜੋ ਸਾਡੀਆਂ ਰੂਹਾਨੀ ਅੰਤੜੀਆਂ ਨੂੰ ਚੂਹੇ ਵਾਂਙ ਟੁੱਕ ਟੁੱਕ ਕੇ ਖਾ ਤੇ ਸੁੱਟ ਰਹੀ ਹੈ।

# ਕਸ਼ਮੀਰ ਦੇਸ ਅਤੇ ਸਿੱਖੀ ਧਰਮ

## [ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ]

ਕਸ਼ਮੀਰ ਦੇਸ ਵਿਚ ਬ੍ਰਾਹਮਣ ਵਰਣ ਤੋਂ ਸਿਵਾਏ ਬਹੁਤ ਥੋੜ੍ਹੇ ਖੱਤਰੀ, ਵੈਸ਼ ਤੇ ਸ਼ੂਦਰ ਵਰਣ ਦੇ ਲੋਕ ਵਸਦੇ ਹਨ, ਪਰੰਤੂ ਸਭ ਤੋਂ ਵਧੀਕ ਵਰਤਮਾਨ ਸਮੇਂ ਵਿਚ ਮੁਸਲਮਾਨਾਂ ਦੀ ਅਬਾਦੀ ਹੈ। ਕਹਿੰਦੇ ਹਨ ਕਿ ਇਹ ਵਾਧਾ ਮੁਸਲਮਾਨ ਬਾਦਸ਼ਾਹਾਂ ਦੇ ਵੇਲੇ ਹੋਇਆ ਹੈ, ਜਦ ਜਬਰਨ ਹਿੰਦੂ ਮੁਸਲਮਾਨ ਕੀਤੇ ਜਾਂਦੇ ਸਨ।

ਇਸ ਦੇਸ ਵਿਚ ਲੋਕੀ ਬਹੁਤੇ ਵੈਸ਼ ਮਤ ਦੇ ਉਪਾਸ਼ਕ ਹੋਣ ਕਰਕੇ ਭਾਵੇਂ ਵੇਦ ਸ਼ਾਸਤਰਾਂ ਦੇ ਵਿਦਵਾਨ ਭੀ ਹੁੰਦੇ ਸਨ, ਤਾਂ ਭੀ ਮੂਰਤੀ-ਪੂਜਕ ਤੇ ਤੰਤ੍ਰ ਮੰਤ੍ਰ ਜਪ ਅਨੁਸਟਾਂਕ ਵਿਚ ਵਧੀਕ ਲੀਨ ਰਹਿ ਕੇ ਪਰੰ-ਬ੍ਰਹਮ ਪਰਮਾਤਮਾ ਦੇ ਸਿਮਰਨ ਤੋਂ ਦੂਰ ਸਨ, ਪਰੰਤੂ ਜਦ ਪਰੰ-ਬ੍ਰਹਮ ਕਰਤਾ ਪੁਰਖ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਥਾਂ ਥਾਂ ਵਿਚਰ ਕੇ ਲੋਕਾਂ ਨੂੰ ਗ਼ਫ਼ਲਤ ਤੋਂ ਬੇਦਾਰ ਕਰਨ ਲਈ ਸੰਸਾਰ ਵਿਚ ਭੇਜਿਆ, ਤਦ ਆਪ ਕਸ਼ਮੀਰ ਦੇਸ ਵਿਚ ਭੀ ਪੁੱਜੇ ਅਤੇ ੧੩ ਦਿਨ ਇਕ ਪਹਾੜੀ ਉੱਤੇ ਠਹਿਰਨ ਤੋਂ ਮਗਰੋਂ ਚੌਧਵੇਂ ਦਿਨ ਸ਼ਹਿਰ ਵਿਚੋਂ ਸ਼ਰਨ ਆਇਆਂ ਦੀ ਪ੍ਰੇਮਾ-ਭਗਤੀ ਦੇ ਖਿੱਚੇ ਹੋਏ ਬਸਤੀ ਵਿਚ ਆਏ। ਸਭ ਤੋਂ ਪਹਿਲੇ ਜਿਸ ਨੂੰ ਪਰਤੀਤ ਆਈ ਉਹ ਇਕ ਆਜੜੀ ਸੀ ਅਤੇ ਸਭ ਤੋਂ ਪਿੱਛੋਂ ਜੋ ਵਰੋਸਾਇਆ ਉਹ ਇਕ ਦਿਗ ਵਿਜੱਈ ਸ਼ਾਸਤ੍ਰਾਰਥੀ ਪੰਡਿਤ ਸੀ।

ਇਸ ਸ਼ਹਿਰ ਵਿਚ ਦਰਿਆ ਦੇ ਕਿਨਾਰੇ ਪਰ ਐਨ ਉਸੇ ਪਹਾੜੀ ਦੇ ਸਾਹਮਣੇ ਕਰਕੇ ਧਰਮਸਾਲ ਬਣਵਾ ਕੇ ਆਪ ਉਸ ਮਹਾਨ ਵਿਦਵਾਨ ਦਿਗ ਵਿਜੱਈ ਪੰਡਿਤ (ਜੋ ਹੁਣ ਸਿਖ ਹੋ ਚੁੱਕਾ ਸੀ) ਨੂੰ ਧਰਮਸਾਲ ਵਿਚ ਸਿੱਖੀ ਧਰਮ ਦਾ ਅਧਿਆਪਕ (ਪਾਂਧਾ—ਗੁਰਮੁਖ ਪਾਂਧਾ) ਬਣਾ ਕੇ ਅੱਗੇ ਚਲੇ ਗਏ (ਦੇਖੋ, *ਨਾਨਕ ਪ੍ਰਕਾਸ਼ ਤੇ ਜਨਮ ਸਾਖੀ* ਆਦਿ ਗ੍ਰੰਥ)। ਅਤੇ ਇਸੇ ਭਾਈ ਬ੍ਰਹਮਦਾਸ ਦੀ ਨਿਤ ਸਤਸੰਗ ਸੇਵਾ ਪਰਚਾਰ ਦੀ ਵਰਤੋਂ ਨੇ ਗੁਰੂ ਨਿਰੰਕਾਰੋਂ ਭੁੱਲੇ ਲੋਕਾਂ ਵਿਚ ਉਸ ਦੀ ਯਾਦ ਦਾ ਅਜਿਹਾ ਪਰਭਾਵ ਪੈਦਾ ਕੀਤਾ ਕਿ ਸਦੀ ਦੇ ਅੰਦਰ ਅੰਦਰ ਪੁਰਸ਼ਾਂ ਦਾ ਤਾਂ ਕੀ ਕਹਿਣਾ ਹੈ ਬਲਕਿ ਮਾਈ ਭਾਗਭਰੀ ਜੈਸੀਆਂ ਵੱਡਭਾਗਣਾਂ ਮਾਈਆਂ ਵੀ ਪੈਦਾ ਕੀਤੀਆਂ, ਜਿਨ੍ਹਾਂ ਦੀ ਧਿਆਨ-ਕਾਰ ਬਿਰਤੀ ਦੀ ਇਕਾਗਰਤਾ ਵਿਚ ਚੁੰਬਕ-ਸ਼ਕਤੀ ਪੈਦਾ ਹੋ ਗਈ।

ਪਰਤੀਤ ਹੁੰਦਾ ਹੈ ਕਿ ਇਸ ਭਾਈ ਬ੍ਰਹਮਦਾਸ ਜੀ ਦਾ ਥੋੜ੍ਹੇ ਅਰਸੇ ਵਿਚ ਹੀ

ਸਰੀਰ ਸ਼ਾਂਤ ਹੋ ਗਿਆ, ਜਿਸ ਕਰਕੇ ਇਥੋਂ ਦੇ ਖਟ-ਕਰਮੀ ਬ੍ਰਾਹਮਣ, ਨਾਮ ਉਪਾਸ਼ਕਾਂ ਤੇ ਗੁਰਬਾਣੀ ਦੇ ਪ੍ਰੇਮੀ ਪਾਠੀ ਕੀਰਤਨੀਆਂ ਨਾਲ, ਵਿਰੋਧ ਕਰਨ ਲੱਗੇ। ਉਨ੍ਹਾਂ ਦੀ ਅਰਦਾਸ ਸੁਣ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਮਾਧੋ ਸੋਢੀ ਜੀ ਨੂੰ ਗੁਰਬਾਣੀ ਦੀ ਮਹੱਤਤਾ ਤੇ ਗੁਰਮਤਿ ਪਰਚਾਰ ਵਾਸਤੇ ੧੭ਵੀਂ ਸਦੀ ਵਿਚ ਕਸ਼ਮੀਰ ਭੇਜਿਆ।[1]

ਇਕ ਤਾਂ ਪਹਿਲੇ ਹੀ ਧਰਮਸਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਣਾਈ ਹੋਈ ਕਸ਼ਮੀਰ ਵਿਚ ਸੀ, ਪਰੰਤੂ ਦੂਜੀ ਧਰਮਸਾਲਾ ਭਾਈ ਮਾਧੋ ਜੀ ਨੇ ਸ਼ਹਿਰ ਦੀ ਬਸਤੀ ਦੇ ਵਿਚਕਾਰ ਕਰ ਕੇ ਨਦੀ ਦੇ ਦੂਜੇ ਪਾਸੇ ਵੱਲ ਕਾਇਮ ਕਰ ਕੇ ਸਿੱਖੀ ਧਰਮ ਦਾ ਪਰਚਾਰ ਜਾਰੀ ਕੀਤਾ, ਅਤੇ ਕੁਝ ਸਮੇਂ ਮਗਰੋਂ ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਸ਼ਮੀਰ ਵਿਚ ਚਰਨ ਪਾਏ ਅਤੇ ਭਾਈ ਸੇਵਾ ਦਾਸ ਜੀ ਨੂੰ ਉਸ ਦੀ ਮਾਤਾ ਜੀ ਦੇ ਸ਼ਾਂਤ ਹੋਣ ਪਿੱਛੋਂ ਸਿੱਖੀ ਧਰਮ ਪਰਚਾਰ ਦੀ ਸੇਵਾ ਸੌਂਪੀ। ਇਨ੍ਹਾਂ ਨੇ ਭੀ ਸੰਗਤਾਂ ਦੇ ਉੱਦਮ ਨਾਲ ਇਕ ਧਰਮਸਾਲਾ (ਗੁਰਦੁਆਰੇ ਦੀ ਇਮਾਰਤ) ਬਣਾਈ ਤੇ ਦੇਗ ਚਲਾਈ, ਜੋ ਅੱਜ ਤਕ ਕਾਠੀ ਦਰਵਾਜ਼ੇ ਪਾਸ ਮੌਜੂਦ ਹੈ।

ਕੁਝ ਅਰਸੇ ਪਿੱਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੜ੍ਹੀਆ ਨੂੰ ਕਸ਼ਮੀਰ ਵਿਚ ਭੇਜਿਆ, ਜਿਨ੍ਹਾਂ ਨੇ ਸਿੱਖੀ ਧਰਮ ਦਾ ਪਰਚਾਰ ਕਰ ਕੇ ਇਕ ਹੋਰ ਧਰਮਸਾਲਾ ਦੁੱਧ ਗੰਗਾ ਦੇ ਕਿਨਾਰੇ ਵੱਲ ਤਿਆਰ ਕਰਵਾਈ ਅਤੇ ਸਿੱਖੀ ਧਰਮ ਦਾ ਪਰਚਾਰ ਜਾਰੀ ਕਰਨ ਤੋਂ ਇਲਾਵਾ ਸ਼ਹਿਰ ਤੋਂ ਦੁਰਾਡੇ ਇਲਾਕੇ ਦੀਆਂ ਹੋਰ ਅਬਾਦੀਆਂ ਵਿਚ ਭੀ ਧਰਮਸਾਲਾਂ ਬਣਵਾਈਆਂ। ਜਿਹਾ ਕਿ ਮਟਨ, ਵੈਰੀਨਾਗ, ਇਸਲਾਮਾਬਾਦ, ਅਨੰਤਨਾਗ ਵਗ਼ੈਰਾ ਵਗ਼ੈਰਾ ਵੱਡੀਆਂ ਬਸਤੀਆਂ ਤੇ ਇਲਾਕਿਆਂ ਵਿਚ ਅਜੇ ਕਿਤੇ ਕਿਤੇ ਹਨ।

ਜਦ ਦਸਮੇਸ਼ ਪਾਤਿਸ਼ਾਹ ਜੀ ਨੇ ਭਾਈ ਅਮੋਲਕ ਸਿੰਘ ਜੀ ਨੂੰ ਅੰਮ੍ਰਿਤ ਦਾਤ ਬਖ਼ਸ਼ ਕੇ ਕਸ਼ਮੀਰ ਵਿਚ ਵਾਪਸ ਭੇਜ ਦਿੱਤਾ ਅਤੇ ਪਿੱਛੋਂ ਭਾਈ ਫੇਰੂ ਸਿੰਘ, ਭਾਈ ਪੰਜਾਬ ਸਿੰਘ ਜੀ ਆਦਿ ਖ਼ਾਸ ਨਿਵਾਜੇ ਹੋਏ ਗੁਰਮੁਖ ਹੋਰ ਭੀ ਰਵਾਨਾ ਕੀਤੇ, ਤਦ ਅਠਾਰ੍ਹਵੀਂ ਸਦੀ ਵਿਚ ਖੰਡੇ ਦੇ ਅੰਮ੍ਰਿਤੀਏ ਸਿੰਘਾਂ ਦੇ ਸਾਬਤ ਸੂਰਤ ਵਾਲੇ ਸਰੂਪ ਇਸ ਧਰਤੀ ਪੁਰ ਭੀ ਦਿਖਾਈ ਦੇਣ ਲੱਗੇ। ਪਰੰਤੂ ਇਸ ਅਰਸੇ ਵਿਚ ਮੁਸਲਮਾਨ ਸੂਬਿਆਂ ਦਾ ਦਿਨ-ਬ-ਦਿਨ ਜ਼ੁਲਮ ਤੇ ਜ਼ੋਰ ਵਧੀ ਜਾਂਦਾ ਸੀ, ਅਰ ਸਿੰਘ ਬਹੁਤ ਥੋੜ੍ਹੇ ਸਨ ਜੋ ਬਿਨਾਂ ਕਿਸੇ ਸਾਜ਼ੋ-ਸਾਮਾਨ ਦੇ ਬੱਤੀ ਦੰਦਾਂ ਵਿਚ ਇਕੱਲੀ ਜੀਭ ਦੀ ਤਰ੍ਹਾਂ ਸਮਾਂ ਬਿਤੀਤ ਕਰ ਰਹੇ ਸਨ। ਇਸੇ ਅਰਸੇ ਵਿਚ ਪੰਜਾਬ ਦੇਸ ਅੰਦਰ ਖ਼ਾਲਸੇ ਦੀ ਚੜ੍ਹਦੀ ਕਲਾ ਦੀਆਂ ਧੁੰਮਾਂ ਪੈਣ ਕਰਕੇ ਕਿਤਨੇ ਹੀ ਸਿੰਘ ਕਸ਼ਮੀਰ ਦੇਸ ਛੱਡ ਕੇ ਮਾਝੇ, ਦੁਆਬੇ ਤੇ ਮਾਲਵੇ ਵਿਚ ਜਾ ਰਹੇ।

ਉਨ੍ਹੀਸਵੀਂ ਸਦੀ ਵਿਚ ਪੰਡਿਤ ਰਾਜਕਾਕ ਜੈਸੇ ਨੀਤੱਗ ਤੇ ਕਸ਼ਮੀਰ ਦੇਸ ਦੇ ਉੱਘੇ ਖ਼ਾਨਦਾਨੀ ਰਈਸ ਭੀ ਖ਼ਾਲਸਈ ਤੇਗ ਦੇ ਆਸਰੇ ਤੋਂ ਬਿਨਾਂ ਆਪਣੇ ਧਰਮ, ਮਾਲ ਤੇ ਆਬਰੂ ਦਾ ਬਚਾਓ ਹੋਣਾ ਅਸੰਭਵ ਸਮਝ ਕੇ ਲਾਹੌਰ ਪੁੱਜੇ ਤੇ ਮਹਾਰਾਜਾ

---

੧. ਦੇਖੋ ਗ੍ਰੰਥ *ਮਹਿਮਾ ਪ੍ਰਕਾਸ਼* ਤੇ *ਗੁਰਸਿਖ ਭਗਤ ਰਤਨਾਵਲੀ*।

ਰਣਜੀਤ ਸਿੰਘ ਜੀ ਦੀ ਪਨਾਹ ਵਿਚ ਰਹਿਣਾ ਪ੍ਰਵਾਨ ਕਰ ਕੇ ਖ਼ਾਲਸਈ ਫ਼ੌਜ ਸਮੇਤ ਕਸ਼ਮੀਰ ਪੁੱਜੇ। ਤਦ ਖ਼ਾਲਸੇ ਨੇ ਕਸ਼ਮੀਰ ਸਰ ਕਰ ਕੇ ਭਾਵੇਂ ਕਸ਼ਮੀਰ ਦਾ ਸੂਬਾ ਇਕ ਮੁਸਲਮਾਨ ਹੀ ਬਣਾ ਦਿੱਤਾ, ਪਰੰਤੂ ਹਿੰਦੂ ਤੇ ਸਿੱਖਾਂ ਪਰ ਨਿਤ ਨਵੇਂ ਜ਼ੁਲਮ ਕਰਾਉਣ ਵਾਲੇ ਜ਼ਾਲਮਾਂ ਨੂੰ ਕਾਫ਼ੀ ਦੰਡ ਦੇ ਕੇ ਸਿੱਧੇ ਰਾਹ ਪਾ ਦਿੱਤਾ।

ਇਨ੍ਹਾਂ ਦਿਨਾਂ ਵਿਚ ਭਾਵੇਂ ਸ਼ਹਿਰ ਵਿਚ ਤਾਂ ਖ਼ਾਲਸਈ ਫ਼ੌਜਾਂ ਪੰਜਾਬ ਤੋਂ ਆਈਆਂ ਹੀ ਰਹਿੰਦੀਆਂ ਸਨ, ਪਰੰਤੂ ਬਾਹਰਲੇ ਕਿਲ੍ਹਿਆਂ ਵਿਚ ਉਸੇ (ਕਸ਼ਮੀਰ) ਦੇਸ ਦੇ ਸਿੰਘਾਂ ਨੂੰ ਖ਼ਾਲਸਾ ਫ਼ੌਜ ਵਿਚ ਭਰਤੀ ਕਰ ਕੇ ਕੇਵਲ ਜਿਨਸ ਪਰ ਹੀ ਗੁਜ਼ਾਰਾ ਕਰਨ ਦੀ ਆਗਿਆ ਦਿੱਤੀ ਗਈ, ਕਿਉਂਕਿ ਕਸ਼ਮੀਰ ਦੇਸ ਵਿਚ ਪੈਸਾ ਬਹੁਤ ਘੱਟ ਸੀ ਤੇ ਇਕ ਨਪੈਦ ਵਸਤੂ ਸੀ। ਰਈਅਤ ਪਾਸੋਂ ਮਾਮਲਾ (ਖ਼ਰਾਜ) ਅੰਨ ਗੱਲਾ ਹੀ ਲਿਆ ਜਾਂਦਾ ਸੀ, ਜੋ ਪਹਾੜੀ ਰਸਤੇ ਬਿਖੜੇ ਹੋਣ ਕਰਕੇ ਕਿਸੇ ਹੋਰ ਪਾਸੇ ਜਾ ਨਹੀਂ ਸਕਦਾ ਸੀ, ਇਸ ਲਈ ਸਰਕਾਰੀ ਮੁਲਾਜ਼ਮਾਂ ਨੂੰ ਹੀ ਤਨਖ਼ਾਹ ਦੇ ਬਦਲੇ ਦਿੱਤਾ ਜਾਂਦਾ ਸੀ।

ਪੰਜਾਬ ਤੋਂ ਆਈ ਫ਼ੌਜ ਤਾਂ ਨਗਦੇ ਭੀ ਲੈਂਦੀ ਸੀ। ਪਰੰਤੂ ਕਸ਼ਮੀਰ ਤੋਂ ਭਰਤੀ ਕੀਤੀ ਖ਼ਾਲਸਾ ਫ਼ੌਜ ਕੇਵਲ ਜਿਨਸ ਹੀ ਲੈਂਦੀ ਸੀ। ਇਸ ਵਾਸਤੇ ਇਸ ਦੇਸ ਦੇ ਨਿਵਾਸੀ ਸਿੰਘ ਜਿਨਸੀ ਸਿੰਘ ਕਹਿ ਕੇ ਬੁਲਾਏ ਜਾਣ ਲੱਗੇ। ਇਨ੍ਹਾਂ ਦੀਆਂ ਡਿਊਟੀਆਂ ਕੁਲ ਕਸ਼ਮੀਰ, ਗਿਲਗਿਤ, ਲਦਾਖ ਤਕ; ਪੁਣਛ, ਜੰਮੂ ਅਰ ਹਰੀਪੁਰ ਤਕ ਦਿਆਂ ਪਹਾੜੀ ਨਾਕਿਆਂ ਪੁਰ ਲਗਾਈਆਂ ਗਈਆਂ। ਇਸੇ ਕਰਕੇ ਅੱਜ ਤਕ ਕਸ਼ਮੀਰ ਦੀ ਤਰ੍ਹਾਂ ਹੀ ਹਰੀਪੁਰ ਦੇ ਇਲਾਕੇ ਤੇ ਗਲੀਆਂ ਵਿਚ ਭੀ ਬਹੁਤੇ ਬ੍ਰਾਹਮਣ ਸਿੰਘ ਵੇਖੇ ਜਾਂਦੇ ਹਨ।

ਜਦ ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿਖ ਰਾਜ 'ਤੇ ਅੰਗਰੇਜ਼ੀ ਗੌਰਮਿੰਟ ਜਾਂ ਕੰਪਨੀ ਦਾ ਕਬਜ਼ਾ ਹੋ ਗਿਆ ਅਤੇ ਕਸ਼ਮੀਰ ਜੰਮੂ ਦਾ ਇਲਾਕਾ ਰਾਜਾ ਗੁਲਾਬ ਸਿੰਘ ਜੀ ਨੇ ਲੈ ਲੀਤਾ, ਤਦ ਜੰਮੂ ਤੇ ਲਾਹੌਰ ਤੋਂ ਡੋਗਰਾ ਫ਼ੌਜ ਕਸ਼ਮੀਰ ਵੱਲ ਭੇਜੀ ਗਈ, ਜਿਸ ਨੇ ਥਾਂ ਥਾਂ ਤੋਂ ਖ਼ਾਲਸਾ ਫ਼ੌਜ ਹਟਾ ਕੇ ਆਪ ਨਾਕਿਆਂ ਪੁਰ ਕਬਜ਼ਾ ਕਰਨ ਦਾ ਜਤਨ ਕੀਤਾ। ਪਰ ਸਿੰਘਾਂ ਨੂੰ ਸਿਖ ਰਾਜ ਦੇ ਨਾ ਰਹਿਣ ਦੀ ਖ਼ਬਰ ਨਹੀਂ ਸੀ ਅਤੇ ਡੋਗਰਿਆਂ ਨੂੰ ਡੋਗਰਾ ਰਾਜ ਹੋਣ ਦੀ ਹੈਂਕੜ ਸੀ, ਜਿਸ ਕਰਕੇ ਆਪੋ ਵਿਚ ਸਖ਼ਤ ਕਟਾ-ਵੱਢ ਹੋਈ।

ਸਿੱਖਾਂ ਨੂੰ ਤਾਂ ਪਿੱਛੋਂ ਮਦਦ ਪੁੱਜਣੀ ਹੀ ਨਹੀਂ ਸੀ, ਇਸ ਲਈ ਚੰਗੇ ਆਹੂ ਲਾਹੁਣ ਮਗਰੋਂ ਭੀ ਮੈਦਾਨ ਡੋਗਰਾ ਫ਼ੌਜ ਦੇ ਹੱਥ ਰਹਿੰਦਾ ਗਿਆ ਤੇ ਡੋਗਰਿਆਂ ਨੇ ਵੱਡੀ ਬੇ-ਤਰਸੀ ਨਾਲ ਸਿੰਘਾਂ ਦਾ ਕਈ ਥਾਵਾਂ 'ਤੇ ਉੱਕਾ ਨਾਮ-ਨਿਸ਼ਾਨ ਮਿਟਾ ਦਿੱਤਾ ਅਤੇ ਕਈ ਥਾਈਂ ਵੱਡੇ ਵੱਡੇ ਸਰਦਾਰਾਂ ਨੂੰ ਕੈਦ ਵਿਚ ਰੱਖ ਕੇ ਤੱਤਾ ਪਾਣੀ ਤੇ ਲੂਣ ਦੇ ਦੇ ਕੇ ਤਸੀਹਿਆਂ ਨਾਲ ਪਾਰ ਬੁਲਾਇਆ, ਜਿਸ ਕਰਕੇ ਆਖ਼ਰੀ ਸਮੇਂ ਪਰ ਬਹੁਤ ਥੋੜ੍ਹੇ ਸਿੰਘ ਕਸ਼ਮੀਰ-ਮੰਡਲ ਵਿਚ ਇਲਾਕਾ ਤਰਾਲ, ਕਰੇਵਾ, ਇੱਛਾ ਹਾਮਾ, ਪਟਨ ਤੇ ਸਿੰਘਪੁਰਾ, ਸਿਆਲਕੋਟ ਵਗੈਰਾ ਤੇ ਇਲਾਕਾ ਪੁਣਛ, ਪਰਲ, ਬਾਗ, ਡੰਨਾ, ਚਕਾਰ

ਜਾਂ ਮੁਜ਼ੱਫ਼ਰਾਬਾਦ, ਗਲੀਆਂ ਵਗੈਰਾ ਵਿਚ ਹੀ ਰਹਿ ਗਏ। ਕਹਿੰਦੇ ਹਨ ਜੇ ਕਦੀ ਰਾਜਾ ਗੁਲਾਬ ਸਿੰਘ ਜੀ ਹੋਰ ਇਕ ਮਹੀਨਾ ਕਸ਼ਮੀਰ ਨਾ ਪੁੱਜਦੇ, ਤਦ ਸਿੱਖਾਂ ਦਾ ਕਸ਼ਮੀਰ ਵਿਚ ਨਾਮੋ-ਨਿਸ਼ਾਨ ਨਾ ਵੇਖਣ ਵਿਚ ਆਉਂਦਾ। ਕਿਉਂਕਿ ਇਕ ਪਾਸੇ ਤਾਂ ਮੁਸਲਮਾਨ ਸਿੱਖਾਂ ਦੇ ਪਹਿਲੋਂ ਹੀ ਵੈਰੀ ਬਣੇ ਬੈਠੇ ਸਨ, ਉੱਪਰੋਂ ਡੋਗਰਾ ਫ਼ੌਜ ਕਈ ਤਰ੍ਹਾਂ ਦੇ ਬਦਲਿਆਂ ਦੀ ਚਾਹ ਵਿਚ ਭੁੱਖੇ ਬਘਿਆੜਾਂ ਵਾਂਙ ਜਾ ਪੁੱਜੀ ਸੀ।

ਇਹੀ ਕਾਰਨ ਹੈ ਕਿ ਕਸ਼ਮੀਰ ਦੇਸ ਦੇ ਨਿਵਾਸੀ ਸਿੰਘ, ਧਨ, ਮਾਲ, ਅਹੁਦੇ, ਇੱਜ਼ਤ ਤੋਂ ਖ਼ਾਲੀ ਬੇਪੱਰ ਕੀਤੇ ਹੋਏ ਪੰਛੀਆਂ ਦੀ ਤਰ੍ਹਾਂ ਅਜੇ ਤਕ ਇਕ ਸੌ ਸਾਲ ਦੇ ਕਰੀਬ ਸਮਾਂ ਗੁਜ਼ਰਨ 'ਤੇ ਹੋਸ਼ ਨਹੀਂ ਸੰਭਾਲ ਸਕੇ। ਭਾਵੇਂ ਮਹਾਰਾਜਾ ਗੁਲਾਬ ਸਿੰਘ ਜੀ ਵੱਲੋਂ ਸਿੰਘਾਂ ਨੂੰ ਪਰਵਾਨੇ ਦਿੱਤੇ ਗਏ ਅਤੇ ਭਰੋਸਾ ਦਿਵਾਇਆ ਗਿਆ ਕਿ ਬਹੁਤ ਕੁਝ ਰਿਆਇਤਾਂ ਤੁਸਾਂ ਨਾਲ ਕੀਤੀਆਂ ਜਾਣਗੀਆਂ, ਜੈਸਾ ਕਿ ਤਿਣੀ ਮਾਫ਼, ਬੇਗਾਰ ਮਾਫ਼, ਕਈ ਥਾਈਂ ਗੁਰਦੁਆਰੇ ਅਤੇ ਹੋਰ ਰਈਸਾਂ ਨੂੰ ਜ਼ਮੀਨਾਂ ਮਾਫ਼, ਪਰੰਤੂ ਧੀਰੇ ਧੀਰੇ ਨਾ ਤਾਂ ਇਨ੍ਹਾਂ ਨੂੰ ਇਲਮ ਵਿਚ, ਨਾ ਅਹੁਦੇ ਵਿਚ, ਨਾ ਇੱਜ਼ਤ ਵਿਚ ਅੱਗੇ ਕੀਤਾ ਗਿਆ ਤੇ ਨਾ ਹੀ ਉਨ੍ਹਾਂ ਨੂੰ ਰਿਆਇਤਾਂ ਦਾ ਭਾਗੀ ਰਹਿਣ ਦਿੱਤਾ ਗਿਆ।

ਇਥੇ ਹੀ ਬਸ ਨਹੀਂ, ਬਲਕਿ ਹੁਣ ਤਾਂ ਮਿਲਟਰੀ ਹਿੱਸੇ ਵਿੱਚੋਂ ਕਤੱਈ ਸਿੱਖਾਂ ਨੂੰ ਅਲਹਿਦਾ ਕਰ ਦਿੱਤਾ ਗਿਆ ਹੈ, ਜਿਸ ਕਰਕੇ ਕੋਈ ਸਿਖ ਫ਼ੌਜੀ ਮਹਿਕਮੇ ਵਿਚ ਜਾ ਹੀ ਨਹੀਂ ਸਕਦਾ।

ਇਸ ਵੇਲੇ ਜਿਥੇ ੪੦,੦੦੦ ਤੋਂ ਵਧੀਕ ਸਿਖ, ਗੌਰਮਿੰਟ ਜੰਮੂ ਕਸ਼ਮੀਰ ਦੀ ਰਿਆਇਆ ਹੀ ਨਹੀਂ ਬਲਕਿ ਸਮੇਂ ਸਿਰ ਇਕ ਮਜ਼ਬੂਤ ਭੁਜਾ (ਬਾਂਹ) ਆਪਣੇ ਆਪ ਨੂੰ ਮੰਨੀ ਬੈਠੇ ਹਨ, ਉਥੇ ਉਕਤ ਰਈਸ ਜਾਂ ਹੁਕਮਰਾਨ ਉਨ੍ਹਾਂ ਨੂੰ ਇਸ ਯੋਗ ਸਾਬਤ ਹੋਣ ਵਿਚ ਪੂਰਾ ਪੂਰਾ ਧਿਆਨ ਨਹੀਂ ਦੇ ਰਹੇ। ਪਰਮਾਤਮਾ ਕਿਰਪਾ ਕਰੇ ਜੋ ਹਰ ਇਕ ਹਿੱਸੇ (ਰਾਜਾ ਪਰਜਾ) ਦੇ ਦਿਲ ਦਿਮਾਗ਼ ਵਿਚ ਪਰਸਪਰ 'ਆਤਮਾ ਸਰਬ ਭੂਤਾਨੰ' ਦਾ ਭਾਵ ਤੇ ਸ਼ਿਵਜੀ ਮਹਾਰਾਜ ਜੀ ਦੀ ਨੀਤੀ ਦਾ ਅਸਰ ਕਾਇਮ ਹੋਵੇ, ਜਿਸ ਕਰਕੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਹੁੰਦਾ ਰਹੇ।

ਇਸ ਵੇਲੇ ੪੦ ਹਜ਼ਾਰ ਤੋਂ ਵਧੀਕ ਸਟੇਟ ਸਬਜੈਕਟ ਸਿੱਖਾਂ ਵਿਚ ਨਾ ਤਾਂ ੪੦ ਸਿੱਖਾਂ ਤੋਂ ਬਿਨਾਂ ਖੇਤੀ ਦੇ ਕੰਮ ਤੋਂ ਹੋਰ ਕਿਸੀ ਹੁਨਰ ਦੇ ਮਾਹਰ ਹਨ, ਨਾ ਹੀ ੨੦ ਇੰਨਟ੍ਰੈਂਸ ਪਾਸਾਂ ਤੋਂ ਅੱਗੇ ਵਧੇ ਹਨ। ਨਾ ਹੀ ੪ ਗ੍ਰੈਜੂਏਟ ਹਨ, ਨਾ ਹੀ ੨ ਗੈਜ਼ਟਿਡ ਆਫ਼ੀਸਰ ਹਨ, ਨਾ ਹੀ ੧ ਸਿਖ ਕਿਸੀ ਦੂਜੇ ਦੇਸ ਵਿਚ ਸਰਕਾਰੀ ਵਜ਼ੀਫ਼ੇ 'ਤੇ ਭੇਜਿਆ ਗਿਆ ਹੈ। ਹਾਲਾਂਕਿ ਹੋਰ ਸੈਂਕੜੇ ਟੈਕਨੀਕਲ ਵਿਚ ਮਾਹਰ ਹੋ ਜਾਣਗੇ, ਇੰਨਟ੍ਰੈਂਸ ਤੋਂ ਅੱਗੇ ਦਰਜਨਾਂ ਗ੍ਰੈਜੂਏਟ ਤੇ ਗੈਜ਼ਟਿਡ ਆਫ਼ੀਸਰ ਜਾਂ ਦੂਜੇ ਮੁਲਕਾਂ ਨੂੰ ਵਜ਼ੀਫ਼ਿਆਂ 'ਤੇ ਭੇਜੇ ਗਏ ਹਨ।

ਇਤਿਹਾਸ ਦੱਸਦਾ ਹੈ ਕਿ ਕਸ਼ਮੀਰ-ਵਾਸੀ ਸਿਖ ਕਿੱਥੋਂ ਤਕ ਚੜ੍ਹਦੀ ਕਲਾ ਵਿਚ ਪਹਿਲੇ ਸਨ ਤੇ ਹੁਣ ਓਨ੍ਹਾਂ ਦੀ ਕੀ ਹਾਲਤ ਹੈ।

# ਤਖ਼ਤ ਸ੍ਰੀ ਹਜ਼ੂਰ ਅਬਿਚਲ ਨਗਰ

## ਉਥੋਂ ਦੇ ਜਥੇਦਾਰ ਤੇ ਪੁਜਾਰੀ

### [ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ]

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਦੇੜ ਸ਼ਹਿਰ ਦੇ ਪਾਸ ਬਿ: ੧੭੬੫ ਵਿਚ ਜੋਤੀ ਜੋਤਿ ਸਮਾਏ, ਤਦ ਪਿੱਛੋਂ ਖ਼ਾਲਸੇ ਜੀ ਦੀ ਜਥੇਦਾਰੀ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਜੀ ਦੇ ਸਪੁਰਦ ਹੋਈ। ਪਰੰਤੂ ਦੋ ਸਾਲ ਕੁਝ ਮਹੀਨੇ ਮਗਰੋਂ ਇਨ੍ਹਾਂ ਦੋਹਾਂ ਗੁਰੂ-ਚਰਨਾਂ ਦੇ ਭੌਰਿਆਂ ਦੇ ਸੱਚਖੰਡ ਨੂੰ ਕਮਰ-ਕੱਸੇ ਹੋ ਜਾਣ ਪਰ ਖ਼ਾਲਸਾ ਜੀ ਨੇ ਭਾਈ ਸੰਤੋਖ ਸਿੰਘ ਜੀ ਨੂੰ ਜਥੇਦਾਰ ਥਾਪਿਆ, ਜੋ ਬਿ: ੧੭੭੧ ਤਕ ਸੇਵਾ ਕਰ ਕੇ ਸ਼ਾਂਤ ਹੋ ਗਏ।

ਕੁਝ ਦਿਨ ਮਗਰੋਂ ਭਾਵੇਂ ਭਾਈ ਖ਼ੁਸ਼ਹਾਲ ਸਿੰਘ ਜੀ ਜਥੇਦਾਰ ਥਾਪੇ ਗਏ, ਪਰੰਤੂ ਧੀਰੇ ਧੀਰੇ ਖ਼ਾਲਸਾ ਜੀ ਕੁਝ ਤਾਂ ਕਮਰ-ਕੱਸੇ ਕਰ ਗਏ, ਕੁਝ ਉਦਾਸੀਨ ਹੋ ਕੇ ਵਹੀਰਾਂ ਪਾ ਗਏ। ਰਹਿੰਦੇ ਸਿੰਘਾਂ ਨੂੰ ਗਿਰਦ-ਨਿਵਾਹੀ ਦੇ ਮੁਸਲਮਾਨ ਦੁਖੀ ਕਰਨ ਲੱਗੇ, ਤਦ ਸ਼ਿਕਾਰ ਘਾਟ, ਹੀਰਾ ਘਾਟ, ਮਾਤਾ ਸਾਹਿਬ ਦੇਵਾਂ ਦਾ ਗੁਰਦੁਆਰਾ, ਮਾਲ ਟੇਕੜੀ, ਸੰਗਤ ਸਾਹਿਬ, ਨਗੀਨਾ ਘਾਟ ਅਤੇ ਬੰਦਾ ਘਾਟ ਆਦਿਕ ਸਮਸਤ ਗੁਰ-ਅਸਥਾਨਾਂ ਦੇ ਸੇਵਾਦਾਰ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਆ ਬਿਰਾਜੇ, ਪਰੰਤੂ ਇਥੋਂ ਭੀ ਸੰਮਤ ਬਿ: ੧੭੮੫ ਤੋਂ ਪਹਿਲੇ ਪਹਿਲੇ ਭਾਈ ਲਾਲ ਸਿੰਘ ਜੀ ਦੀ ਜਥੇਦਾਰੀ ਦੇ ਸਮੇਂ ਵਿਚ ਸਾਰੇ ਹੀ ਸਿੰਘ ਵਹੀਰਾਂ ਪਾ ਗਏ ਅਤੇ ਗੁਰ-ਦਰਬਾਰ (ਤਖ਼ਤ ਅਸਥਾਨ) ਦੀ ਸੇਵਾ ਕੁਝ ਉਦਾਸੀ ਸੰਤਾਂ ਨੇ ਆਪਣੇ ਜ਼ਿੰਮੇ ਲੈ ਲਈ। ਪਰੰਤੂ ਭਾਈ ਲਾਲ ਸਿੰਘ ਜੀ ਦੇ ਪਿੱਛੋਂ (ਬਿ: ੧੭੮੫ ਤੋਂ ਬਾਅਦ) ਜਥੇਦਾਰ ਬਖ਼ਤਾਵਰ ਸਿੰਘ ਜੀ ੧੭੯੨ ਤੋਂ ੧੮੪੨ ਤਕ ਆਂਦੇ ਜਾਂਦੇ ਤੇ ਖ਼ਬਰ ਲੈਂਦੇ ਦੇਂਦੇ ਰਹੇ।

ਇਹ ਜ਼ਮਾਨਾ ਪੰਜਾਬ ਵਿਚ ਖ਼ਾਲਸਈ ਰਾਜ ਦੇ ਪ੍ਰਕਾਸ਼ ਦਾ ਸੀ ਅਤੇ ੧੮੪੫ ਬਿ: ਵਿਚ ਉਦਾਸੀ ਸੰਤਾਂ ਤੋਂ ਸੇਵਾ ਮੁੜ ਖ਼ਾਲਸਾ ਜੀ ਨੇ ਸੰਭਾਲਣ ਦੀ ਕੋਸ਼ਸ਼ ਕੀਤੀ ਅਤੇ ਜਥੇਦਾਰ ਭਾਈ ਚੜ੍ਹਤ ਸਿੰਘ, ਭਾਈ ਮੋਹਰ ਸਿੰਘ, ਭਾਈ ਰਾਮ ਸਿੰਘ ਤੇ ਭਾਈ ਧਰਮ ਸਿੰਘ ਜੀ ਹੋਏ ਤੇ ਇਸ ਸਮੇਂ ਵਿਚ ਕਈ ਵੇਰ ਮੁਸਲਮਾਨਾਂ ਨਾਲ ਚੰਡੀ ਖੜਕਦੀ ਰਹੀ।

ਬਿਕ੍ਰਮੀ ੧੮੬੦ ਤੋਂ ੧੮੬੬ ਤਕ ਭਾਈ ਧਰਮ ਸਿੰਘ ਜੀ ਦੀ ਜਥੇਦਾਰੀ ਵਿਚ ਸਿੰਘਾਂ ਦੀ ਤਾਦਾਦ ਵਾਧੇ 'ਤੇ ਹੋ ਗਈ ਅਰ ਦੱਖਣ ਵਿਚ ਕਈ ਤਰ੍ਹਾਂ ਦੇ ਮੁਲਕੀ ਮੁਆਮਲਾਤ ਵਿਗੜ ਜਾਣ ਕਰਕੇ ਮਹਾਰਾਜਾ ਰਣਜੀਤ ਸਿੰਘ ਸਾਹਿਬ ਪਾਸੋਂ ਰਾਜਾ ਚੰਦੂ ਲਾਲ ਜੀ ਨੇ ਸਿੰਘਾਂ ਦੀ ੧੨,੦੦੦ ਫ਼ੌਜ ਮੰਗਾਣ ਦਾ ਪਰਬੰਧ ਕੀਤਾ ਤੇ ਗੁਰਦੁਆਰੇ ਦੀ ਸੇਵਾ ਅਰੰਭ ਕਰਾਉਣ ਲਈ ਬਾਬਾ ਗਜਗਾਹਾ ਸਿੰਘ ਜੀ ਨਿਹੰਗ ਸਿੰਘ ਨੇ ਇਕ ਵੱਡੀ ਤਾਦਾਦ ਦੇ ਨਿਹੰਗਾਂ ਦਾ ਜਥਾ ਲੈ ਕੇ ਸੇਵਾ ਅਰੰਭ ਕੀਤੀ। ਸ੍ਰੀ ਮਾਨ ਰਾਜਾ ਚੰਦੂ ਲਾਲ ਜੀ ਵੱਲੋਂ ਭੀ ਸੇਵਾ ਦਾ ਉੱਦਮ ਜਾਰੀ ਹੋ ਗਿਆ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਸ:............ਸਿੰਘ ਜੀ ਪੰਜ ਲੱਖ ਰੁਪਿਆ ਲੈ ਕੇ ਸੇਵਾ ਲਈ ਹਾਜ਼ਰ ਹੋਏ।

ਬਿ: ਸੰ: ੧੮੬੬ ਤੋਂ ੧੯੧੦ ਤਕ ਭਾਈ ਚੜ੍ਹਤ ਸਿੰਘ, ਮਹਿਤਾਬ ਸਿੰਘ, ਆਇਆ ਸਿੰਘ, ਜੱਸਾ ਸਿੰਘ, ਈਸ਼ਰ ਸਿੰਘ, ਬਿਰਾਮ ਸਿੰਘ ਅਤੇ ਤਾਰਾ ਸਿੰਘ ਆਦਿ ਜਥੇਦਾਰ ਹੋਏ। ਇਸੀ ਸਮੇਂ ਵਿਚ ਗੁਰ-ਦਰਬਾਰ ਦੀ ਸੇਵਾ ਕਰਨ ਆਏ ਸਰਦਾਰ ਭੀ ਕਈ ਹੋਰ ਸਾਥੀਆਂ ਸਮੇਤ ਮਹਾਰਾਜਾ ਦੇ ਕਮਰ-ਕੱਸੇ ਕਰ ਜਾਣ ਦੀ ਗੱਲ ਸੁਣ ਕੇ ਮਾਇਆ ਹੜੱਪ ਕਰਨ ਦੀਆਂ ਚਾਲਾਂ ਚਲਣ ਲੱਗ ਪਏ। ਇਸੇ ਕਰਕੇ ਜਿੱਥੇ ਪਹਿਲੇ ਤਾਂ ਮੁਸਲਮਾਨਾਂ ਨਾਲ ਤੇਗ ਖੜਕਦੀ ਸੀ, ਹੁਣ ਆਪਸ ਵਿਚ ਹੀ ਚੰਡੀ ਖੜਕਣ ਲੱਗੀ। ੧੯੧੦ ਬਿ: ਤੋਂ ੧੯੪੫ ਤਕ ਪਰਸਪਰ ਕਈ ਧੜੇਬਾਜ਼ੀਆਂ ਨੇ ਜੰਗ ਕਰਾਏ ਤੇ ਮਸ਼ਹੂਰ ਨਿਰਮਲਿਆਂ ਦੀ ਲੜਾਈ ਭੀ ਇਸੇ ਅਰਸੇ ਵਿਚ ਹੋਈ, ਕਿਉਂਕਿ ਨਿਰਮਲੇ ਸੰਤ ਅੰਮ੍ਰਿਤਧਾਰੀ ਹੋ ਕੇ ਭੀ ਪੰਜ ਕਕਾਰਾਂ ਦੀ ਪਾਬੰਦੀ ਰੱਖਣ ਦੇ ਨਿਯਮ ਨੂੰ ਪਾਲਣ ਕਰਨ ਦੇ ਪ੍ਰਣ ਤੋਂ ਬਗ਼ੈਰ ਹੀ ਲੰਗੋਟੀ, ਧੋਤੀ ਪਾ ਕੇ ਤਖ਼ਤ ਸਾਹਿਬ 'ਤੇ ਪ੍ਰਸ਼ਾਦ-ਭੇਟ ਤੇ ਦਰਸ਼ਨ-ਪਰਕਰਮਾ ਕਰਨੀ ਚਾਹੁੰਦੇ ਸਨ, ਅਰ ਹਜ਼ੂਰੀ ਖ਼ਾਲਸੇ ਦਾ ਵਿਚਾਰ ਸੀ ਕਿ ਅੰਮ੍ਰਿਤਧਾਰੀ ਸਿੰਘ ਪੰਜ ਕਕਾਰਾਂ ਵਿਚੋਂ ਕਿਸੇ ਇਕ ਤੋਂ ਭੀ ਹੀਨ ਹੋ ਕੇ ਤਨਖ਼ਾਹੀਆ ਤੇ ਕੇਸ ਹੀਨ ਹੋ ਕੇ ਪਤਿਤ ਹੁੰਦਾ ਹੈ। ਜਦ ਤਕ ਉਹ ਤਨਖ਼ਾਹ ਨਾ ਬਖ਼ਸ਼ਾਏ, ਅਭੇਦ ਨਹੀਂ ਹੋ ਸਕਦਾ।

ਇਸ ਅਰਸੇ ਵਿਚ ਕਈ ਇਕ ਹੋਰ ਭੀ ਗੁਪਤ ਪਰਗਟ ਕਾਰਨਾਂ ਕਰਕੇ ਜਗੀਰਾਂ ਭੀ ਜ਼ਬਤ ਹੋ ਕੇ ਕੁਝ ਬਾਗੁਜ਼ਾਰ ਹੋ ਰਹੀਆਂ ਸਨ ਤੇ ਜਥੇਦਾਰ ਦੇ ਖ਼ਿਤਾਬ ਦੀ ਥਾਂ ਹੁਣ ਪੁਜਾਰੀ ਵੱਡਾ, ਪੁਜਾਰੀ ਛੋਟਾ ਆਦਿ ਅਹੁਦੇ ਮੁਕੱਰਰ ਹੋ ਗਏ ਸਨ। ਅਰਥਾਤ ੧੯੧੦ ਬਿ: ਤੋਂ ੧੯੪੯ ਬਿ: ਤਕ ਭਾਈ ਅਤਰ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਦੇਵਾ ਸਿੰਘ, ਭਾਈ ਵਾਘਾ ਸਿੰਘ, ਭਾਈ ਜਵਾਹਰ ਸਿੰਘ, ਭਾਈ ਨਾਨੂੰ ਸਿੰਘ ਆਦਿ ਪੁਜਾਰੀ ਸਿੰਘ ਹੋ ਗੁਜ਼ਰੇ ਸਨ, ਤੇ ਇਕ ਸਦਰ ਤੇ ਇਕ ਮੁਕਾਮੀ ਕਮੇਟੀ ਪੰਜਾਬ ਦੇ ਰਾਜੇ ਤੇ ਮੁਖੀ ਸਿੰਘਾਂ ਦੀ ਸੰਮਤੀ ਨਾਲ ਸਰਕਾਰ ਨਿਜ਼ਾਮ ਦੀ ਨਿਗਰਾਨੀ ਵਿਚ ਗੁਰਦੁਆਰੇ ਦਾ ਪਰਬੰਧ ਰੱਖਣ ਲਈ ਮੁਕੱਰਰ ਹੋ ਚੁੱਕੀਆਂ ਸਨ। ਗੁਰਦੁਆਰੇ ਸਾਹਿਬ ਜੀ ਦੀ ਤੇ ਬੁੰਗਿਆਂ ਦੀਆਂ ਇਮਾਰਤਾਂ ਦਾ ਕੰਮ ਜਾਰੀ ਹੋ ਕੇ ਸੰਗਮਰਮਰ, ਸੋਨਾ ਆਦਿ ਭੀ ਸੱਚਖੰਡ ਵਿਚ ਲੱਗਣਾ ਸ਼ੁਰੂ ਹੋ ਗਿਆ ਸੀ ਤੇ ਰੇਲ ਭੀ ਖ਼ਾਸ ਨਦੇੜ ਪੁਜ

ਚੁੱਕੀ ਸੀ। ਅਤੇ ਮੁਸਲਮਾਨਾਂ ਦੇ ਹਮਲੇ ਭੀ ਬੰਦ ਹੋ ਗਏ ਸਨ, ਕਿਉਂਕਿ ਐਸਕੁਆਇਰ ਹਿਨਕਨ ਸਾਹਿਬ ਬਹਾਦਰ ਰਿਆਸਤ ਵਿਚ ਹਰ ਤਰ੍ਹਾਂ ਦਾ ਜਿੱਥੇ ਹੋਰ ਇੰਤਜ਼ਾਮ ਕਰਨ 'ਤੇ ਨਿਯਤ ਸਨ, ਉਥੇ ਗੁਰਦੁਆਰੇ ਦੀ ਨਿਗਰਾਨੀ ਭੀ ਇਨ੍ਹਾਂ ਦੇ ਹੀ ਸਪੁਰਦ ਸੀ। ਬਿ: ਸੰਮਤ ੧੯੭੧ ਤੋਂ ਪੁਜਾਰੀ ਦਇਆ ਸਿੰਘ ਜੀ, ਹਰੀ ਸਿੰਘ ਜੀ ਅਕਾਲੀ, ਹਜ਼ੂਰਾ ਸਿੰਘ ਜੀ ਨਿਹੰਗ ਤੇ ਭਾਈ ਹੀਰਾ ਸਿੰਘ ਜੀ ੧੯੮੬ ਤਕ ਵੱਡੇ ਪੁਜਾਰੀ ਦੇ ਅਹੁਦੇ ਪਰ ਤਨਖ਼ਾਹਦਾਰ ਦੀ ਹੈਸੀਅਤ ਵਿਚ ਰਹੇ। ਪਰੰਤੂ ਇਸ ਅਰਸੇ ਵਿਚ ਗੁਰਦੁਆਰੇ ਦੀ ਬਹੁਤੀ ਜ਼ਮੀਨ ਉਤੇ ਖ਼ਾਸ ਖ਼ਾਸ ਆਦਮੀ ਕਾਬਜ਼ ਹੋ ਕੇ ਬਹਿ ਗਏ, ਕਿਉਂਕਿ ਅਜਿਹੇ ਕੰਮਾਂ ਦੀ ਜ਼ਿੰਮੇਵਾਰੀ ਇਕ ਸਰਬਰਾਹ 'ਤੇ ਨਿਰਭਰ ਕੀਤੀ ਗਈ, ਜੋ ਸਰਕਾਰੀ ਆਦਮੀ ਹੁੰਦਾ ਹੈ। ਗੁਰਦੁਆਰੇ ਮੰਜੀ ਸਾਹਿਬ ਮਾਲ ਟੇਕੜੀ ਨੂੰ ਉਖੇੜ ਕੇ ਚੋਰੀ ਚੋਰੀ ਉਥੇ ਇਕ ਕਬਰ ਬਣਾ ਦਿੱਤੀ ਗਈ। ਪਿੱਛੇ ਜਿਹੇ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਉੱਤੇ ਮੁਸਲਮਾਨਾਂ ਵੱਲੋਂ ਧਾਵਾ ਕੀਤਾ ਗਿਆ, ਲੜਾਈ ਹੋਈ ਤੇ ਮੁਕੱਦਮਾ ਚੱਲਿਆ। ਹੁਣ ਇਸ ਗੁਰਦੁਆਰੇ ਦਾ ਫ਼ੈਸਲਾ ਵੀ ਸਿੰਘਾਂ ਦੇ ਹੱਕ ਵਿਚ ਹੋ ਗਿਆ ਹੈ ਤੇ ਕਬਰ ਪੁੱਟਣ ਦਾ ਹੁਕਮ ਹੋ ਗਿਆ ਹੈ।

ਇਸ ਵੇਲੇ ਸ੍ਰੀ ਹਜ਼ੂਰ ਸਾਹਿਬ ਵਿਚ ਹੇਠ-ਲਿਖੀਆਂ ਪੰਥਕ ਯਾਦਗਾਰਾਂ ਤੇ ਗੁਰ-ਅਸਥਾਨ ਮੌਜੂਦ ਹਨ :

੧. ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਜੀ।
੨. ਨਗੀਨਾ ਘਾਟ ਗੁਰਦੁਆਰਾ ਸਾਹਿਬ ਜੀ।
੩. ਬੰਦਾ ਘਾਟ ,, ,,
੪. ਸੰਗਤ ਸਾਹਿਬ ,, ,,
੫. ਹੀਰਾ ਘਾਟ ,, ,,
੬. ਮਾਤਾ ਸਾਹਿਬ ਦੇਵਾਂ (ਸਾਹਿਬ ਕੌਰ) ਜੀ ਦੇ ਗੁਰਦੁਆਰੇ ਸਾਹਿਬ ਦੀ ਥਾਂ ਮੰਜੀ ਸਾਹਿਬ।
੭. ਮਾਲ ਟੇਕੜੀ (ਮੰਜੀ ਸਾਹਿਬ)।
੮. ਭਾਈ ਦਇਆ ਸਿੰਘ ਜੀ ਦਾ ਅੰਗੀਠਾ।
੯. ਭਾਈ ਧਰਮ ਸਿੰਘ ਜੀ ਦਾ ਅੰਗੀਠਾ।
੧੦. ਮਸ਼ਹੂਰ ਮਾਈ ਭਾਗੋ ਜੀ ਦਾ ਅੰਗੀਠਾ ਤੇ ਗੁਰਦੁਆਰੇ ਵਾ ਬੁੰਗਾ ਸਾਹਿਬ।
੧੧. ਭਾਈ ਸੰਤੋਖ ਸਿੰਘ ਜੀ ਦਾ ਅੰਗੀਠਾ।
੧੨. ਸ਼ਹੀਦ ਬੁੰਗਾ।
੧੩. ਸ਼ਹੀਦ ਗੰਜ ਮੁਤਸਿਲ ਗ੍ਰੰਥੀਆਂ ਦੇ ਮਕਾਨਾਤ।
੧੪. ਗੁਰੂ ਕਾ ਬਾਗ਼।
੧੫. ਸਮਾਧ ਉਦਾਸੀ ਸੰਤਾਂ ਦੀ।

# ਸਿਖ ਇਤਿਹਾਸ ਤੇ ਅੱਜ ਦੇ ਸਿਖ

**[ਸ੍ਰੀਮਤੀ ਬੀਬੀ ਜਸਵੰਤ ਕੌਰ ਜੀ]**

ਸਾਡੇ ਸਾਹਮਣੇ ਜਦੋਂ ਵੀ ਇਤਿਹਾਸ ਦਾ ਸਵਾਲ ਆਉਂਦਾ ਹੈ ਤਦ ਇਹੋ ਜਵਾਬ ਮਿਲਦਾ ਹੈ: "ਬਈ ਸਾਡਾ ਇਤਿਹਾਸ ਤਬਾਹ ਕਰ ਦਿਤਾ ਗਿਆ, ਸਾਡੇ ਵੱਡਿਆਂ ਦੀ ਇਤਿਹਾਸ ਲਿਖਣ ਦੀ ਰੁੱਚੀ ਨਹੀਂ ਸੀ, ਸਾਡਾ ਪੁਰਾਣਾ ਇਤਿਹਾਸ ਹੈ ਨਹੀਂ।" ਇਤਿਆਦਿ ਬਾਤਾਂ ਬੜੇ ਕਮਜ਼ੋਰ ਤੇ ਨਿਤਾਣੇ ਦਿਲਾਂ ਨਾਲ ਕਹੀਆਂ ਜਾਂਦੀਆਂ ਹਨ। ਹੈਰਾਨਗੀ ਦੀ ਗੱਲ ਹੈ ਕਿ ਅਰਬ ਦੇਸ ਤੋਂ ਚੱਲੇ ਹੋਏ ਧਰਮ-ਅਵਲੰਭੀ ਤਾਂ ਅੱਜ ਇਤਿਹਾਸ ਵਾਲੇ ਕਹਾਉਂਦੇ ਹਨ ਤੇ ਸਾਡੇ ਵੱਡੇ ਵੱਡੇ ਫ਼ਿਲਾਸਫ਼ਰ, ਵਿਦਿਆ ਮੁਕਟ-ਮਣੀ, ਧਰਮ ਦੀਆਂ ਬਰੀਕੀਆਂ ਦੇ ਅੰਤ ਤਕ ਪਹੁੰਚਣ ਵਾਲੇ ਰਿਸ਼ੀ ਮੁਨੀ, ਰਿਸ਼ੀਆਂ ਮੁਨੀਆਂ ਦੀ ਬੰਸ, ਇਤਿਹਾਸ ਹੀਣ ਤੇ ਇਤਿਹਾਸ ਨਾਲ ਟੱਸ ਨਾ ਮੱਸ ਰੱਖਣ ਵਾਲੇ ਕਹੇ ਜਾਂਦੇ ਹਨ। ਕਾਰਨ ਇਸ ਦਾ ਇਹ ਹੈ ਕਿ ਅਸੀਂ ਖ਼ੁਦ ਕਦੇ ਆਪਣਾ ਇਤਿਹਾਸ ਲਿਖਣ ਦੀ ਕੋਸ਼ਸ਼ ਨਹੀਂ ਕੀਤੀ ਅਰ ਨਾ ਹੀ ਕਰਦੇ ਹਾਂ।

ਸਾਡਾ ਇਤਿਹਾਸ ਪੰਜਾਬ ਦੀ ਚੱਪਾ ਚੱਪਾ ਧਰਤੀ ਆਪਣੇ ਮੂੰਹੋਂ ਬੋਲ ਬੋਲ ਦੱਸ ਰਹੀ ਹੈ, ਪਰ ਸੁਣਨ ਵਾਲੇ ਕੰਨ ਨਹੀਂ, ਲਿਖਣ ਵਾਲੀਆਂ ਕਲਮਾਂ ਨਹੀਂ। ਸਾਡੇ ਵੱਡਿਆਂ ਨੇ ਜਦੋਂ ਇਤਿਹਾਸ ਦੇ ਅਤੀ ਪ੍ਰਕਾਸ਼ਮਾਨ ਪੂਰਨੇ ਪਾਏ, ਉਸ ੪੦੦ ਸਾਲ ਤਕ ਉਨ੍ਹਾਂ ਨੂੰ ਜਾਂ ਉਪਦੇਸ਼ ਲਈ ਭ੍ਰਮਣ ਕਰਨਾ ਪਿਆ ਜਾਂ ਸਤਿਆਗ੍ਰਹਿ ਤੇ ਯੱਗ-ਵੇਦੀਆਂ ਪਰ ਆਪਣੇ ਕਈ ਜੀਵਨ ਕੁਰਬਾਨ ਕਰਨੇ ਪਏ ਜਾਂ ਸ਼ਹੀਦੀਆਂ ਦੇ ਬਾਟੇ ਛੱਕੇ। ਉਸ ਤੋਂ ਪਿੱਛੋਂ ਗੁਰੂ ਪਿਆਰਿਆਂ ਦੇ ਹੱਥ ਵਿਚ ਭਗੌਤੀ ਆ ਚਮਕੀ ਅਰ ਜਿੰਨਾ ਚਿਰ ਭਗੌਤੀ ਖ਼ਾਲਸੇ ਦੇ ਹੱਥ ਵਿਚ ਰਹੀ, ਖ਼ਾਲਸੇ ਨੇ ਜੋ ਦੇਸ-ਸੇਵਾ ਕੀਤੀ ਉਹ ਲੁਕੀ ਛੁਪੀ ਨਹੀਂ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸੁਬੇਗ ਸਿੰਘ ਆਦਿਕ ਸ਼ਹੀਦਾਂ ਦੇ ਖ਼ੂਨ ਦੀਆਂ ਨਹਿਰਾਂ ਨੇ ਸਾਡੇ ਦੇਸ ਨੂੰ ਸਿੰਚਤ ਕਰ ਕੇ ਧਰਮ-ਬਲ ਬਖ਼ਸ਼ਿਆ, ਸੁਤੰਤਰ ਜੀਵਨ ਦੇ ਲਹਿਣੇ ਦਿੱਤੇ। ਸੋ ਭਗਤੀ, ਪਰਚਾਰ, ਸ਼ਹੀਦੀ, ਦੁਸ਼ਟ-ਸੋਧ ਅਰ ਰਾਜ ਸਮੇਂ ਦੇ ਹਾਲਾਤ ਆਗਿਆ ਨਹੀਂ ਦਿੰਦੇ ਸਨ ਕਿ ਸਾਡੇ ਬਜ਼ੁਰਗਾਂ ਦੇ ਇਕ ਹੱਥ ਵਿਚ ਤਲਵਾਰ ਹੁੰਦੀ ਤੇ ਦੂਜੇ ਵਿਚ ਕਲਮ।

ਇਹ ਅੱਜ ਦਾ ਸਮਾਂ ਹੈ ਕਿ ਅਸੀਂ ਉੱਠੀਏ ਤੇ ਆਪਣੇ ਵੱਡਿਆਂ ਦੇ ਕਾਰਨਾਮਿਆਂ ਨੂੰ ਪੰਜਾਬ ਦੀ ਧਰਤੀ ਵਿਚੋਂ ਨਿਆਰੀਆਂ ਵਤ ਇਕੱਤਰ ਕਰ ਲਈਏ।

ਪਰ ਫੇਰ ਵੀ ਅਸੀਂ ਆਪਣੇ ਵੱਡਿਆਂ ਨੂੰ ਉਲਾਂਭਾ ਨਹੀਂ ਦੇ ਸਕਦੇ, ਕਿਉਂਜੁ ਉਹ ਉਹੀ ਸਨ ਜਿਨ੍ਹਾਂ ਨੇ ਸਾਨੂੰ *ਸੂਰਜ ਪ੍ਰਕਾਸ਼* ਬਖ਼ਸ਼ਿਆ, *ਗੁਰ ਬਿਲਾਸ ਛੇਵੀ ਅਰ ਦਸਵੀਂ ਪਾਤਿਸ਼ਾਹੀ, ਦਸਮ ਗ੍ਰੰਥ* ਤੇ ਉਹ ਚਾਲ੍ਹੀ-ਮਣਾ ਇਤਿਹਾਸ-ਖ਼ਜ਼ਾਨਾ ਜਿਹੜਾ ਅਨੰਦਪੁਰ ਜੁੱਧ ਸਮੇਂ ਬਰਬਾਦ ਹੋਇਆ, ਉਨ੍ਹਾਂ ਸੂਰਮਿਆਂ ਦੀ ਹਿੰਮਤ ਤੇ ਕੋਸ਼ਸ਼ ਦਾ ਹੀ ਨਤੀਜਾ ਸੀ, ਅਰ ਅਨੇਕਾਂ ਪੁਰਾਣੇ ਗ੍ਰੰਥ, ਜਿਉਂ ਜਿਉਂ ਅਸੀਂ ਪੰਜਾਬ ਦੀ ਧਰਤੀ ਵਿਚ ਫਿਰਦੇ ਹਾਂ, ਰੁੱਲੇ-ਕੋਠਿਆਂ ਅਰ ਪੁਰਾਤਨ ਪੁਰਸ਼ਾਂ ਤੋਂ ਮਿਲਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਹਾਲਾਤ ਹੁਣ ਵੀ ਲੋਕਾਂ ਦੀ ਜ਼ਬਾਨ 'ਤੇ ਹਨ, ਅਨੇਕਾਂ ਪਾਸ ਲਿਖੇ ਪਏ ਹਨ ਪਰ ਅਸਾਂ ਕਦੀ ਇਕੱਤਰ ਕਰਨ ਦੀ ਕੋਸ਼ਸ਼ ਨਹੀਂ ਕੀਤੀ, ਜਿਸ ਦੀ ਗਵਾਹੀ ਇਤਿਹਾਸ ਨੰਬਰ ਦੇ ਐਡੀਟਰ ਇਤਿਹਾਸ-ਖੋਜੀ ਭਾਈ ਸਾਹਿਬ ਭਾਈ ਕਰਮ ਸਿੰਘ ਜੀ ਹਿਸਟੋਰੀਅਨ ਭਲੀ ਪਰਕਾਰ ਦੇ ਸਕਦੇ ਹਨ।

ਇਹੋ ਹੀ ਸਮਾਂ ਸਿਖ ਇਤਿਹਾਸ ਨੂੰ ਪੂਰਾ ਕਰਨ ਦਾ ਹੈ। ਇਹ ਸਮਾਂ ਵਿਦਿਆ, ਕਾਨੂੰਨ ਤੇ ਸ਼ਾਂਤੀ ਦਾ ਹੈ, ਫਿਰ ਪਤਾ ਨਹੀਂ। ਸਾਡੇ ਸਾਹਮਣੇ ਬੰਗਾਲੀ ਕੌਮ ਆਪਣਾ ਇਤਿਹਾਸ ਤੇ ਲਿਟਰੇਚਰ ਮੁਕੰਮਲ ਕਰ ਰਹੀ ਹੈ। ਸੂਰਬੀਰ ਮਰਹੱਟਿਆਂ ਨੇ ਤਲਵਾਰਾਂ ਮਿਆਨ ਕਰ ਕੇ, ਕਲਮਾਂ ਹੱਥ ਫੜ ਲਈਆਂ ਹਨ ਅਰ ਇਤਿਹਾਸ ਨੂੰ ਲੱਗ ਪਏ ਹਨ। ਅੱਜ ਮਰਹੱਟਿਆਂ ਦੇ ਤਿਆਰ ਹੋਏ ਹੋਏ ਇਤਿਹਾਸ ਨੂੰ ਦੇਖੋ, ਹੁਣ ਉਨ੍ਹਾਂ ਦਾ ਚਾਰ ਵਰ੍ਹੇ ਦਾ ਬੱਚਾ ਵੀ, ਜਿਹੜਾ ਇਤਿਹਾਸ ਵਿਚ ਚਮਕਣ ਦੇ ਯੋਗ ਸੀ, ਉਹ ਚਮਕਦਾ ਹੈ; ਪਰੰਤੂ ਸਾਡੇ ਅਨੇਕਾਂ ਗੁਰਮੁਖ ਗੁਰਸਿੱਖਾਂ, ਜਿਨ੍ਹਾਂ ਨੇ ਦੇਸ਼-ਦੇਸ਼ਾਂਤਰਾਂ ਵਿਚ ਸਿੱਖੀ ਦਾ ਪਰਚਾਰ ਕੀਤਾ; ਗੁਰਦੁਆਰੇ, ਡੇਰੇ ਤੇ ਧਰਮਸਾਲਾ ਬਣਾਈਆਂ, ਅਤੇ ਇਲਾਕਿਆਂ ਦੇ ਇਲਾਕੇ ਸਿਖ ਬਣਾਏ, ਉਨ੍ਹਾਂ ਦਾ ਜੀਵਨ ਸਾਡੇ ਪਾਸ ਨਹੀਂ ਹੈ। ਭਾਈ ਗੁਰਦਾਸ ਜੀ ਤੋਂ ਵਧ ਕੇ ਵਿਦਵਾਨ, ਕਵੀ, ਫ਼ਿਲਾਸਫ਼ਰ ਤੇ ਸਿੱਖੀ ਦਾ ਭੇਤੀ ਹੋਰ ਕੌਣ ਹੋ ਸਕਦਾ ਹੈ। ਦੂਜੇ ਭਾਈ ਗੁਰਦਾਸ ਜੀ, ਜਿਨ੍ਹਾਂ ਨੇ ਸਿੰਧ ਦੇ ਵਿਚ ਸਿੱਖੀ ਦਾ ਪਰਚਾਰ ਕੀਤਾ; ਬਾਬਾ ਸਾਹਿਬ ਸਿੰਘ, ਜਿਨ੍ਹਾਂ ਨੇ ਪੋਠੋਹਾਰ ਨੂੰ ਸੁਰਜੀਤ ਕੀਤਾ; ਨਾਮ-ਰਸੀਏ ਸ਼ਹੀਦਾਂ ਦੇ ਮੋਹਰੀ ਬਾਬਾ ਦੀਪ ਸਿੰਘ ਜੀ, ਬਾਬਾ ਗੁਰਬਖ਼ਸ਼ ਸਿੰਘ ਜੀ ਆਦਿ, ਮਾਤਾ ਗੰਗਾ ਜੀ, ਬੀਬੀ ਭਾਨੀ ਜੀ, ਮਾਤਾ ਸਾਹਿਬ ਕੌਰ ਜੀ ਤੇ ਸੂਰਬੀਰ ਰਾਣੀ ਸਦਾ ਕੌਰ ਜੀ ਆਦਿ ਕਿਸੇ ਦਾ ਮੁਕੰਮਲ ਇਤਿਹਾਸ ਅੱਖਾਂ ਅੱਗੇ ਨਹੀਂ।

ਬਾਬਾ ਪ੍ਰੇਮ ਸਿੰਘ ਜੀ ਹੋਤੀ ਵਾਲਿਆਂ ਨੇ ਕੁਝ ਇਤਿਹਾਸ ਲਿਖੇ ਹਨ ਤੇ ਉਨ੍ਹਾਂ ਦਾ ਹੌਸਲਾ ਵਧਾਉਣ ਦੀ ਬੜੀ ਲੋੜ ਹੈ, ਪਰੰਤੂ ਪੰਥ ਦੇ ਵਿਦਵਾਨਾਂ ਨੇ ਅਜੇ ਤੀਕ ਇਸ ਪਾਸੇ ਧਿਆਨ ਨਹੀਂ ਦਿੱਤਾ। ਭਿੜੀ ਵਾਲੇ ਸਰਦਾਰ ਰਤਨ ਸਿੰਘ ਜੀ *ਪੰਥ ਪ੍ਰਕਾਸ਼* ਲਿਖ ਕੇ ਸਾਨੂੰ ਦੇ ਜਾਂਦੇ ਹਨ, ਬਾਬਾ ਗਿਆਨ ਸਿੰਘ ਜੀ ਗਿਆਨੀ ਵੀ ਸਾਨੂੰ *ਪੰਥ ਪ੍ਰਕਾਸ਼* ਜੈਸੀ ਅਮੋਲਕ ਦਾਤ ਦੇਂਦੇ ਹਨ, ਪਰੰਤੂ ਸਾਡੇ ਐਮ.ਏ., ਬੀ.ਏ. ਵਿਦਿਆ ਨਿਪੁੰਨ ਵੀਰ ਭੈਣਾਂ ਇਸ ਪਾਸਿਓਂ ਅਵੇਸਲੇ ਹੋ ਰਹੇ ਹਨ। ਘੱਟ ਤੋਂ ਘੱਟ ਪੰਜ ਸੱਤ ਹਜ਼ਾਰ ਸਿਖ ਐਸੇ ਹਨ ਜੋ ਆਪ ਲਿਖ ਸਕਦੇ ਸਨ ਅਰ ਅਨੇਕਾਂ ਸਿਖ ਆਪਣੇ ਅੰਦਰੋਂ ਉਗਲ ਸਕਦੇ ਸਨ, ਪਰ ਪ੍ਰੀਸ਼੍ਰਮੀ ਬੜੇ ਥੋੜੇ ਨਿਕਲਦੇ ਹਨ। ਮੈਂ ਇਸ ਸਿਲਸਿਲੇ ਵਿਚ ਇਕ ਗੁਰਮੁਖ ਸਿਖ ਰਈਸ ਦੀ ਨਿਰਮਾਣ ਪੰਥ ਸੇਵਾ ਦਾ ਸੰਕੋਚਵਾਂ ਜ਼ਿਕਰ ਕਰਦੀ ਹਾਂ :

## ਚਮਕੌਰ ਸਾਹਿਬ

ਕਲਗੀਆਂ ਵਾਲੇ ਨੇ ਜਿਹੜਾ ਪੂਰਨਾ ਚਮਕੌਰ ਸਾਹਿਬ ਪਾਇਆ ਹੈ, ਇਤਿਹਾਸ ਇਸ ਦਾ ਨਮੂਨਾ ਹੋਰ ਕਿਤੇ ਨਹੀਂ ਦੱਸਦਾ। ਅਨੰਦਪੁਰ ਸਾਹਿਬ ਦੇ ਘੋਰ ਜੁੱਧ ਪਿੱਛੋਂ ਚਮਕੌਰ ਸਾਹਿਬ ਵਿਚ ਗੁਰੂ ਗੋਬਿੰਦ ਸਾਹਿਬ ਜੀ ਦੇ ਕੱਲੇ ਕੱਲੇ ਦੁਲਾਰੇ ਦਾ, ਸਵਾ ਸਵਾ ਲੱਖ ਪਰ ਭਾਰੂ ਹੋ ਕੇ, ਸ਼ਹੀਦੀਆਂ ਪਾਉਣੀਆਂ, ਸਪਾਰਟਾ ਦੇ ਸੰਸਾਰ ਪਰਸਿੱਧ ਬੀਰ ਜੋਧਿਆਂ ਨੂੰ ਨਿਮੋਝਾਣੇ ਕਰਦਾ ਹੈ ਅਰ ਆਪਣੀ ਅਕਾਲੀ ਸ਼ਾਨ ਨੂੰ ਸੈਂਕੜੇ ਗੁਣਾ ਵਧਾ ਕੇ ਦੁਨੀਆ ਭਰ ਵਿਚ ਪਰਕਾਸ਼ ਕਰਦਾ ਹੈ। ਜਿੱਥੇ ਸੂਰਬੀਰ ਖ਼ਾਲਸੇ ਦੇ ਚਾਲ੍ਹੀ ਜਵਾਨਾਂ ਨੇ ਅਦੁੱਤੀ ਪੂਰਨੇ ਪਾਏ, ਉਹ ਅਸਥਾਨ ਇਕ ਨਿਰਮਾਣ ਗੁਰ-ਚਰਨਾਂ ਦੇ ਪਰਮ ਪ੍ਰੀਤਵਾਨ ਸਰਦਾਰ ਦਿਆਲ ਸਿੰਘ ਜੀ ਰਈਸ ਬੇਲਾ ਦੀ ਕੋਸ਼ਸ਼, ਕੁਰਬਾਨੀ ਤੇ ਸੁਫਲ ਮਾਇਆ ਦਾ ਨਤੀਜਾ ਹੈ। ਇੱਥੇ ਹਰ ਸਾਲ ੨੨ ਦਸੰਬਰ ਨੂੰ ਜੋੜ-ਮੇਲੇ ਹੁੰਦੇ ਹਨ। ਸੰਗਤਾਂ ਹੁੰਮ-ਹੁਮਾ ਕੇ ਦੁਰਲੱਭ ਦਰਸ਼ਨਾਂ ਦੀ ਇੱਛਾ ਕਰ ਕੇ ਪ੍ਰੀਤੀ ਭਾਵ ਨਾਲ ਇਸ ਪਵਿੱਤਰ ਭੂਮੀ ਵਿਚ ਆਉਂਦੀਆਂ ਹਨ ਅਰ ਉਨ੍ਹਾਂ ਸੂਰਬੀਰ ਸ਼ਹੀਦਾਂ ਦੀ ਚਰਨ-ਧੂੜ ਮਸਤਕਾਂ ਨੂੰ ਲਗਾ ਕੇ ਕ੍ਰਿਤ ਕ੍ਰਿਤ ਹੁੰਦੀਆਂ ਹਨ।

ਇਸ ਪਵਿੱਤਰ ਅਸਥਾਨ ਨੂੰ ਸਿਦਕੀ ਸਰਦਾਰ ਜੀ ਨੇ ਲੱਭਿਆ ਅਰ ਆਪਣੀ ਨਜ਼ਰ ਦੇ ਸਾਹਮਣੇ ਹੱਥੀਂ ਸੇਵਾ ਕਰਦੇ ਹੋਏ ਬਣਵਾਇਆ। 'ਬੇਲਾ' ਚਮਕੌਰ ਸਾਹਿਬ ਜੀ ਤੋਂ ਤਿੰਨ ਚਾਰ ਮੀਲ ਨਹਿਰ ਲੰਘ ਕੇ ਹੈ। ਆਪ ਦੇ ਹਿਰਦੇ ਵਿਚ ਗੁਰੂ ਪਾਤਿਸ਼ਾਹ ਨੇ ਇਸ ਸੇਵਾ ਲਈ ਪ੍ਰੇਰਨਾ ਕੀਤੀ ਅਰ ਆਪ ਸ਼ਹੀਦ ਭੂਮੀ ਵਿਚ ਸ਼ਹੀਦਾਂ ਦੀ ਬਿਭੂਤੀ ਲੱਭਣ ਲਗ ਪਏ, ਚੱਪਾ ਚੱਪਾ ਪੁੱਟ ਮਾਰਿਆ, ਖੋਜੀਆਂ ਤੋਂ ਪੁਛਿਆ, ਵਾਕਫ਼ਾਂ ਨੂੰ ਲੱਭਿਆ, ਬ੍ਰਿਧ ਇਸਤ੍ਰੀ-ਪੁਰਸ਼ਾਂ ਤੋਂ ਦਰਿਆਫ਼ਤ ਕੀਤਾ, ਤਾਂ ਸਾਰੀ ਜੁੱਧ-ਭੂਮੀ ਦੇ ਪਤੇ ਲਗਾਏ। ਗੜ੍ਹੀ ਲੱਭੀ, ਉਸ ਜਗ੍ਹਾ ਅਸਥਾਨ ਬਣਾਇਆ, ਜੋ ਕਿ ਇਸ ਵਕਤ ਖ਼ਾਲਸਾ ਹਾਈ ਸਕੂਲ ਦੇ ਨਾਲ ਸੁਭਾਇਮਾਨ ਹੈ।

ਇਥੋਂ ਹੀ ਇਕੱਲਾ ਇਕੱਲਾ ਸੂਰਮਾ, ਸਮੁੰਦਰ ਦੀ ਤਰ੍ਹਾਂ ਲਹਿਰਾਂ ਮਾਰਦੀ ਮੁਸਲਮਾਨੀ ਫ਼ੌਜ ਦੇ ਮੁਕਾਬਲੇ ਵਿਚ ਬੇਅੰਤ ਸ਼ਤਰੂ-ਸੈਨਾ ਨੂੰ ਵੰਗਾਰਦਾ ਤੇ ਅਨੇਕਾਂ ਨੂੰ ਮਾਰ ਕੇ ਸ਼ਹੀਦੀ ਬਾਟਾ ਛਕਦਾ, ਸੰਸਾਰ ਵਿਚ ਆਪਣੀ ਕੀਰਤੀ ਸਦਾ ਲਈ ਛੱਡ ਜਾਂਦਾ ਰਿਹਾ। ਇਸ ਅਸਥਾਨ ਵਿਖੇ ਸਿਖ ਇਤਿਹਾਸ ਵਿਚ ਸਦਾ ਪ੍ਰਕਾਸ਼-ਮਾਨ ਚਾਨਣ ਨਾਲ ਚਮਕਦੀ ਹੋਈ, ਮੇਰੀ ਸਤਿਕਾਰਯੋਗ ਭੈਣ ਸ਼ਰਨ ਕੌਰ ਜੀ ਨੇ ਸਾਰੇ ਸ਼ਹੀਦਾਂ ਦੇ ਪਵਿੱਤਰ ਸਰੀਰਾਂ ਨੂੰ ਇਕੱਠਾ ਕਰ ਕੇ ਸਸਕਾਰ ਲਈ ਅੰਗੀਠੇ ਸਪੁਰਦ ਕੀਤਾ ਸੀ ਤੇ ਆਪ ਵੀ ਉਥੇ ਹੀ ਸ਼ਹੀਦ ਹੋ ਗਈ ਸੀ। ਉਹ ਸੁਭਾਗੀ ਬਿਭੂਤੀ ਕਿਸੇ ਗੁਰਮੁਖ ਪ੍ਰੇਮੀ ਨੇ ਇਕੱਠੀ ਕਰ ਕੇ ਇਸ ਅਸਥਾਨ ਵਿਚ ਦੱਬੀ ਹੋਈ ਸੀ, ਜਿਥੇ ਇਸ ਵੇਲੇ ਸ਼ਹੀਦਗੰਜ ਦੀ ਉੱਚੀ ਇਮਾਰਤ ਸ਼ਹੀਦਾਂ ਦੇ ਕਾਰਨਾਮਿਆਂ ਨੂੰ ਦੱਸ ਰਹੀ ਹੈ।

ਸੋ ਇਮਾਰਤ ਦੀ ਅਰ ਸ਼ਹੀਦਗੰਜ ਦੇ ਇਰਦ-ਗਿਰਦ ਦੀ ਇਮਾਰਤ ਸਿਦਕੀ ਸਰਦਾਰ ਦਿਆਲ ਸਿੰਘ ਜੀ ਨੇ ਬਣਵਾਈ, ਬਾਉਲੀ ਲਵਾਈ ਅਰ ਕੁਝ ਜ਼ਮੀਨ ਵੀ ਗੁਰਦੁਆਰਾ ਸ਼ਹੀਦਗੰਜ ਨਾਲ ਜੋੜੀ। ਕੁਝ ਫ਼ਾਸਲੇ 'ਤੇ ਦਮਦਮੇ ਸਾਹਿਬ ਦੀ ਇਮਾਰਤ

ਭੀ ਬਣਵਾਈ। ਸਰਦਾਰ ਜੀ ਦਾ ਸਾਰਾ ਜ਼ੋਰ ਸ਼ਹੀਦਗੰਜ ਪਰ ਲੱਗ ਗਿਆ।

ਇਥੇ ਖ਼ਾਸ ਦੱਸਣ ਵਾਲੀ ਗੱਲ ਇਹ ਹੈ ਕਿ ਸ: ਦਿਆਲ ਸਿੰਘ ਜੀ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਚਮਕੌਰ ਸਾਹਿਬ ਆਉਂਦੇ, ਲੋੜੀਂਦਾ ਇਮਾਰਤੀ ਸਾਮਾਨ ਇਕੱਤਰ ਕਰਾਉਂਦੇ, ਧਨ ਖ਼ਰਚਦੇ, ਹੱਥੀਂ ਸੇਵਾ ਕਰ ਸਫਲ ਹੁੰਦੇ, ਰਾਜਾਂ ਮਜ਼ੂਰਾਂ ਦੀਆਂ ਨਿਤ-ਪ੍ਰਤੀ ਦਿਹਾੜੀਆਂ ਭਰਦੇ, ਸ਼ਾਮ ਨੂੰ ਸ੍ਰੀ ਰਹਰਾਸਿ ਜੀ ਦਾ ਦੀਵਾਨ ਸ਼ਹੀਦਗੰਜ ਹੁੰਦਾ ਅਰ ਅਰਦਾਸੇ ਸਮੇਂ ਸਰਦਾਰ ਸਾਹਿਬ ਬੜੇ ਅਦਬ ਅਦਾਬ ਨਾਲ ਬੇਨਤੀ ਕਰਦੇ—"ਭਾਈ ਸਾਹਿਬ, ਸ਼ਹੀਦਾਂ ਦੇ ਸਰਦਾਰ, ਚੋਜੀ ਪ੍ਰੀਤਮ ਕਲਗੀਆਂ ਵਾਲੇ ਪਾਸ ਬੇਨਤੀ ਕਰੋ ਕਿ ਮੇਰਾ ਕੱਖ ਨਾ ਰਹੇ, ਮੈਂ ਦਿਆਲ ਸਿੰਘ ਦਾ ਬੰਸ ਨਾਸ ਹੋ ਜਾਵੇ।" ਇਹ ਟੱਪਾ ਸੰਗਤ ਸੁਣ ਕੇ ਦ੍ਰੱਵ ਜਾਂਦੀ ਤੇ ਸੰਗਤੀਆਂ ਦੇ ਨੇਤਰ ਜਲ-ਪੂਰਤ ਹੋ ਫਰਨ ਫਰਨ ਦਰਿਆ ਵਹਾ ਤੁਰਦੇ। ਸੰਗਤ ਮੁੜ ਮੁੜ ਬੇਨਤੀਆਂ ਕਰਦੀ, "ਸਰਦਾਰ ਜੀ, ਇਹ ਅਰਦਾਸ ਨਾ ਕਰਾਵੋ। ਤੁਸਾਡਾ ਬੰਸ ਫਲੇ ਫੁੱਲੇ।" ਪਰ ਸਰਦਾਰ ਜੀ ਇਹ ਅਰਦਾਸ ਕਰਾਏ ਬਿਨਾਂ ਨਾ ਟਲਦੇ। ਪੁੱਛਣ ਪਰ ਗਰੀਬੜੇ ਜਿਹੇ ਭੋਲੀ-ਭਾਲੀ ਸ਼ਕਲ ਵਿਚ ਜਵਾਬ ਦੇਂਦੇ, "ਗੁਰਮੁਖੋ, ਇਹ ਸ਼ਹੀਦਗੰਜ ਪੰਥ ਦੀ ਸਾਂਝੀ ਚੀਜ਼ ਹੈ। ਜੇ ਮੇਰੀ ਔਲਾਦ ਹੋਈ ਤਦ ਓਹ ਇਸ ਪਰ ਆਪਣੀ ਮਾਲਕੀ ਜਮਾਏਗੀ, ਹਾਲਾਂ ਕਿ ਮਾਇਆ ਕਲਗੀਆਂ ਵਾਲੇ ਦੀ ਲੱਗੀ ਹੈ, ਸੇਵਾ ਉਸੇ ਨੇ ਕਰਵਾਈ ਹੈ, ਉੱਦਮ ਉਸੇ ਨੇ ਬਖ਼ਸ਼ਿਆ ਹੈ। ਨਾ ਮੇਰੀ ਔਲਾਦ ਹੋਵੇ, ਨਾ ਕੋਈ ਅਪਣੱਤ ਜ਼ਾਹਰ ਕਰੇ, ਅਸਥਾਨ ਸਾਂਝਾ ਰਹੇ।" ਇਹ ਅਨੋਖੀ ਅਰਦਾਸ ਰੋਜ਼ ਹੁੰਦੀ। ਭੋਗ ਦੀ ਸਮਾਪਤੀ ਪਿਛੋਂ ਪ੍ਰੇਮ ਬਾਣੀ ਦੇ ਰਸੀਏ ਸਰਦਾਰ ਸਾਹਿਬ ਪਿਛਲ-ਖੁਰੀਂ ਬੇਲੇ ਨੂੰ ਜਾਂਦੇ, ਸ਼ਹੀਦਗੰਜ ਦੇ ਗੁਰਦੁਆਰਿਆਂ ਵੱਲ ਕਦੇ ਪਿੱਠ ਨਾ ਕਰਦੇ।

ਸੋ ਅੱਜ ਉਨ੍ਹਾਂ ਦੀ ਬੰਸ ਨਹੀਂ ਹੈ। ਉਨ੍ਹਾਂ ਦੀ ਜਾਗੀਰ ਅਰ ਜਾਇਦਾਦ ਕੰਧੋਲਾ, ਮਨੌਲੀ ਆਦਿ ਵਿਚ ਵੰਡੀ ਗਈ ਹੈ। ਪਰ ਸਰਦਾਰ ਜੀ ਦੇ ਮੰਤਵ ਦੇ ਮੁਤਾਬਕ ਚਮਕੌਰ ਸਾਹਿਬ ਦਾ ਸ਼ਹੀਦਗੰਜ ਇਤਨਾ ਸੁਤੰਤਰ ਅਰ ਅਜ਼ਾਦ ਰਿਹਾ ਹੈ ਕਿ ਸਦੀਵ ਹੀ ਗੁਰਮੁਖ ਸੰਗਤਾਂ ਮਾਣ ਕਰਦੀ ਹਨ। ਇਸੇ ਅਸਥਾਨ ਵਿਚ ਬੜੇ ਬੜੇ ਸਿਦਕੀ ਗੁਰਬਾਣੀ ਦੇ ਪ੍ਰੇਮੀ-ਨੇਮੀ ਮਹੰਤ ਰਹਿ ਚੁੱਕੇ ਹਨ, ਪਰ ਕਿਸੇ ਨੂੰ ਕਦੇ ਮਨਮੱਤ ਕਰਨ ਦਾ ਹੀਆ ਨਹੀਂ ਪਿਆ। ਉਹ ਆਪਣੇ ਆਪ ਨੂੰ ਪੰਥ ਦੇ ਅਦਨਾ ਸੇਵਕ ਤੇ ਦਾਸ ਮੰਨਦੇ ਰਹੇ, ਜਿਨ੍ਹਾਂ ਵਿਚੋਂ ਇਕ ਸਨ ਨਿਹੰਗ ਅਨੋਖ ਸਿੰਘ ਜੀ, ਬੜੀ ਬਿਰਧ ਅਵਸਥਾ ਵਿਚ ਖ਼ਾਸ ਉੱਚ ਜੀਵਨ ਵਾਲੇ ਗੁਰਮੁਖ ਹੋ ਗੁਜ਼ਰੇ ਹਨ, ਜੋ ਬੜੇ ਹੱਠੀ, ਤਪੀ ਤੇ ਸਿਦਕੀ ਸਨ।

ਸ਼ਹੀਦਗੰਜ ਤੇ ਹੋਰ ਧਰਮ ਦੇ ਅਸਥਾਨਾਂ ਦੀ ਸੇਵਾ ਵਿਚ ਪਟਿਆਲਾ-ਪਤੀ ਮਹਾਰਾਜਾ ਅਮਰ ਸਿੰਘ ਜੀ ਦਾ ਬਹੁਤ ਸਾਰਾ ਹਿੱਸਾ ਹੈ। ਸ਼ਹੀਦਗੰਜ ਦੀ ਇਮਾਰਤ ਨੂੰ ਸੰਗਤਾਂ ਨੇ ਬਹੁਤ ਸਾਰਾ ਮੁਰੰਮਤ ਕੀਤਾ, ਪਰ ਦਮਦਮੇ ਸਾਹਿਬ ਦੀ ਇਮਾਰਤ ਬਹੁਤ ਨਿਰਮਾਣਤਾ ਨੂੰ ਪ੍ਰਾਪਤ ਹੋ ਰਹੀ ਸੀ, ਜਿਸ ਨੂੰ ਪੰਥ ਦੇ ਨਿਰਮਾਣ ਸੇਵਕ ਤੇ ਦਾਨੀ ਸਰਦਾਰ ਧਰਮ ਸਿੰਘ ਜੀ ਠੇਕੇਦਾਰ ਦਿੱਲੀ ਨੇ ਹਜ਼ਾਰਾਂ ਰੁਪਏ ਖ਼ਰਚ ਕਰ ਕੇ ਸ਼ਾਨਦਾਨ ਇਮਾਰਤ ਬਣਾ ਕੇ ਸਫਲ ਕਮਾਈ ਕੀਤੀ। ਇਹ ਉਹ ਅਸਥਾਨ ਹੈ ਜਿਥੇ ਗੜ੍ਹੀ ਤੋਂ ਨਿਕਲ ਕੇ ਕਲਗੀਆਂ ਵਾਲੇ ਨੇ ਦੁਸ਼ਮਣ ਨੂੰ ਵੰਗਾਰਿਆ ਤੇ ਆਪ ਅਦੁੱਤੀ ਬਹਾਦਰੀ ਪਾਈ।

# ਸਿਖ ਗੁਰੂਆਂ ਦਾ ਮਿਸ਼ਨ ਤੇ ਪੰਜਾਬ

[ਸ੍ਰੀ ਮਾਨ ਲਾਲਾ ਰਾਮਚੰਦ ਜੀ ਮਨਚੰਦਾ, ਐਡਵੋਕੇਟ, ਲਾਹੌਰ]

ਬਹੁਤ ਵੇਰ ਸਵਾਲ ਉਠਾਇਆ ਜਾਂਦਾ ਹੈ ਕਿ ਸਿਖ ਗੁਰੂਆਂ ਦਾ ਜਨਮ ਪੰਜਾਬ ਵਿਚ ਕਿਉਂ ਹੋਇਆ ਤੇ ਉਨ੍ਹਾਂ ਦਾ ਮਿਸ਼ਨ ਜ਼ਿਆਦਾ-ਤਰ ਪੰਜਾਬ ਨਾਲ ਕਿਉਂ ਸੰਬੰਧ ਰੱਖਦਾ ਹੈ ? ਕੀ ਇਹ ਇਤਫ਼ਾਕੀਆ ਸੀ ਜਾਂ ਉਸ ਵਕਤ ਦੇ ਸਮੇਂ ਦੀ ਹਾਲਤ ਦੇ ਮੁਤਾਬਕ ਸੀ ? ਇਸ ਸਵਾਲ ਦਾ ਜਵਾਬ *ਤਵਾਰੀਖ਼* ਵਿਚੋਂ ਇਸ ਤਰ੍ਹਾਂ ਮਿਲਦਾ ਹੈ :

ਹਿੰਦੂਆਂ ਵਿਚ ਜਾਤਿ-ਅਭਿਮਾਨ ਬਹੁਤ ਵਧ ਗਿਆ ਸੀ ਤੇ ਬ੍ਰਾਹਮਣ ਖੱਤਰੀ ਵੱਡੇ ਹੰਕਾਰੀ ਹੋ ਗਏ ਸਨ। ਆਪਣੀ ਜਾਤੀ ਧਰਮ ਤੋਂ ਹੀਨ ਲੋਕ ਭੀ ਸਾਹ ਨਹੀਂ ਲੈਣ ਦੇਂਦੇ ਸਨ ਤੇ ਛੋਟੀਆਂ ਜਾਤੀਆਂ ਉਤੇ ਵੱਡਾ ਅਤਿਆਚਾਰ ਹੁੰਦਾ ਸੀ। ਉਹ ਵੱਡੇ ਦੁਖੀ ਤੇ ਤੰਗ ਸਨ ਕਿ ਅਠਵੀਂ ਸਦੀ ਦੇ ਅਰੰਭ ਵਿਚ ਅਰਬਾਂ ਨੇ ਅਰੋੜ ਦੀ ਬਾਦਸ਼ਾਹੀ ਮਿਟਾ ਕੇ ਦੀਪਾਲਪੁਰ ਤਕ ਸਾਰੇ ਸਿੰਧ ਉਤੇ ਆਪਣਾ ਰਾਜ ਜਮਾ ਲੀਤਾ ਤੇ ਆਮ ਲੋਕਾਂ ਨੂੰ ਅਮਲਾਂ ਨਾਲ ਦੱਸ ਦਿੱਤਾ ਕਿ ਬ੍ਰਾਹਮਣ ਖੱਤਰੀਆਂ ਨਾਲੋਂ ਅਰਬ ਜ਼ਿਆਦਾ ਸਿਆਣੇ ਤੇ ਬਹਾਦਰ ਹਨ।

ਫਿਰ ਤਿੰਨ ਸਦੀਆਂ ਮਗਰੋਂ ਗਿਆਰ੍ਹਵੀਂ ਸਦੀ ਦੇ ਸ਼ੁਰੂ ਵਿਚ ਤੁਰਕ ਮੁਸਲਮਾਨਾਂ ਨੇ ਅਫ਼ਗ਼ਾਨਿਸਤਾਨ ਵਿਚੋਂ ਬ੍ਰਾਹਮਣਾਂ ਖੱਤਰੀਆਂ ਨੂੰ ਕੱਢ ਕੇ ਪੰਜਾਬ ਭੀ ਫ਼ਤਹ ਕਰ ਲੀਤਾ ਤੇ ਸਤਲੁਜ ਤਕ ਗ਼ਜ਼ਨੀ ਨਾਲ ਸਾਰਾ ਪੰਜਾਬ ਸ਼ਾਮਲ ਕਰ ਲੀਤਾ। ਜਦ ਤੁਰਕੀ ਰਾਜ ਨੂੰ ਇਸ ਦੇਸ ਵਿਚ ੪੬੬ ਵਰ੍ਹੇ ਬਤੀਤ ਹੋ ਗਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲਾਹੌਰ ਦੇ ਪਰਗਣੇ ਵਿਚ ਜਨਮ ਹੋਇਆ। ਉਸ ਵੇਲੇ ਲੋਧੀ ਤੁਰਕਾਂ ਦਾ ਰਾਜ ਸੀ।

ਜਦ ਤੋਂ ਇਥੇ ਤੁਰਕਾਂ ਦਾ ਰਾਜ ਹੋਇਆ, ਹਿੰਦੂਆਂ ਦਾ ਧਰਮ-ਕਰਮ ਬੰਦ ਹੋ ਗਿਆ ਸੀ ਤੇ ਮੰਦਰ ਗਿਰਾ ਦਿੱਤੇ ਗਏ ਤੇ ਮੂਰਤੀਆਂ ਤੋੜ ਦਿੱਤੀਆਂ ਗਈਆਂ ਸਨ। ਸ਼ਾਸਤਰਾਂ ਦੀ ਕਥਾ ਬੰਦ ਕਰ ਦਿੱਤੀ ਗਈ, ਅਫ਼ਗ਼ਾਨੀ ਹਿੰਦੂ ਸਭ ਮੁਸਲਮਾਨ ਬਣ ਗਏ ਤੇ ਪੰਜਾਬ ਦੇ ਵੀ ਬਹੁਤ ਸਾਰੇ ਮੁਸਲਮਾਨ ਹੋ ਗਏ ਤੇ ਰਹਿੰਦੇ-ਖੂੰਹਦੇ ਧਰਮ ਤੋਂ ਬੇਮੁਖ ਤੇ ਕਰਮ ਤੋਂ ਹੀਣੇ ਹੋ ਗਏ। 'ਕਲਿ ਕਾਤੀ ਰਾਜੇ ਕਾਸਾਈ' ਬਣ ਗਏ, ਅਤਿਆਚਾਰ ਦੀ ਕੋਈ ਹੱਦ ਨਾ ਰਹੀ ਤੇ ਪਾਪ ਅਮਾਵਸ ਦੀ ਨਿਆਈਂ ਛਾ ਗਿਆ।

ਅਜਿਹੇ ੫੦੦ ਸਾਲ ਦੇ ਅਤਿਆਚਾਰ ਦਾ ਨਤੀਜਾ, ਜਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਕਥਨ ਕੀਤਾ ਕਿ ਜਦ ਜਦ ਪ੍ਰਿਥਵੀ 'ਤੇ ਅਧਰਮ ਛਾ ਜਾਂਦਾ ਹੈ ਤਾਂ ਮੈਂ ਅਵਤਾਰ ਧਾਰਨ ਕਰਦਾ ਹਾਂ, ਨਿਕਲਿਆ। ਪੰਜ ਸੌ ਸਾਲ ਤੋਂ ਅਧਰਮ ਛਾ ਰਿਹਾ ਸੀ ਤੇ ਅਵਤਾਰ ਦੀ ਲੋੜ ਪੈਦਾ ਹੋ ਰਹੀ ਸੀ ਤੇ ਨਾਨਕ ਨਿਰੰਕਾਰੀ ਦੀ ਬਾਣੀ ਵਿਚ 'ਨਾ ਹਮ ਹਿੰਦੂ ਨ ਮੁਸਲਮਾਨ' ਸੀ, ਦੋਵੇਂ ਧਰਮ-ਕਰਮ ਤੋਂ ਹੀਣ ਹੋ ਰਹੇ ਸਨ। ਇਸ ਅਵਤਾਰ ਦੀ ਲੋੜ ਪੰਜਾਬ ਵਿਚ ਸਭ ਤੋਂ ਜ਼ਿਆਦਾ ਸੀ। ਕੁਦਰਤ ਨੇ ਆਪ ਨਾਨਕ ਨੂੰ ਇਸ ਦੇਸ ਦੀ ਧੁੰਧ ਦੂਰ ਕਰਨ ਲਈ ਭੇਜਿਆ ਤੇ ਆਦਿ ਗੁਰੂ ਨੇ 'ਸਤਿ ਧਰਮ' ਦੀ ਕੰਚਨ ਨਦੀ ਚਲਾਈ ਤੇ ਜੋਤ ਜਗਾਈ, ਜੋ ੩੦੦ ਸਾਲ ਤਕ ਚਲਦੀ ਤੇ ਜਗਦੀ ਰਹੀ ਤੇ ਧਰਮ-ਹੀਨ, ਕਰਮ-ਹੀਨ ਹਿੰਦੂਆਂ ਦੀ ਆਤਮਾ ਨੂੰ ਸ਼ਾਂਤ ਕਰਦੀ ਰਹੀ ਤੇ ਸਤਿ ਧਰਮ ਦਾ ਰਸਤਾ ਦਿਖਲਾਂਦੀ ਰਹੀ। ਪੰਜਾਬ ਦੇ 'ਸਿਖ ਤੇ ਹਿੰਦੂ' ਇਸੇ ਦੀ ਬਦੌਲਤ ਅੱਜ-ਕੱਲ੍ਹ ਪੰਜਾਬ ਵਿਚ ਕਾਇਮ ਹਨ, ਨਹੀਂ ਤਾਂ ਸਾਰਾ ਹਿੰਦੂ-ਪੰਜਾਬ, ਹਿੰਦੂ-ਅਫ਼ਗਾਨਿਸਤਾਨ ਦੀ ਨਿਆਈਂ ਮੁਸਲਮਾਨ ਹੋਇਆ ਹੁੰਦਾ। ਆਪ 'ਰਾਮ' ਨੇ ਅਜਿਹੇ ਉਪਾਏ ਸਾਜੇ ਤੇ ਇਸ ਦੇਸ ਵਿਚ ਸਤਿਗੁਰੂ ਦਾ ਜਨਮ ਹੋਇਆ।

ਗੁਰੂ ਜੀ ਦੇ ਪਰ-ਉਪਕਾਰ ਬੇਅੰਤ ਹਨ ਤੇ ਕਹਿਣ ਸੁਣਨ ਤੋਂ ਬਾਹਰ ਹਨ।

ਜਦ ਸ਼ਾਸਤਰ ਅਲੋਪ ਹੋ ਗਏ ਸੀ, ਮੰਦਰ ਪਾਠਸ਼ਾਲਾਂ ਮਿਟ ਗਈਆਂ ਸਨ, ਪੰਡਤ ਦੇਸ ਛੱਡ ਕੇ ਪਹਾੜਾਂ ਦੀਆਂ ਗ਼ਾਰਾਂ ਵਿਚ ਜਾ ਛੁਪੇ, ਤੇ ਹਿੰਦੂ ਪਸ਼ੂਆਂ ਨਿਆਈਂ ਜੀਵਨ ਬਤੀਤ ਕਰ ਰਹੇ ਸਨ ਤਾਂ ਅਜਿਹੇ ਲੋਕਾਂ ਨੂੰ, ਜੋ ਧਰਮ ਦੀ ਪਿਆਸ ਨਾਲ ਵਿਆਕੁਲ ਹੋ ਰਹੇ ਸਨ, ਆਮ ਵਰਖਾ ਦੀ ਲੋੜ ਸੀ। ਇਸ ਵਾਸਤੇ ਜੈਸਾ ਗੁਰੂ ਅਮਰਦਾਸ ਜੀ ਨੇ ਪੰਡਤ ਨੂੰ ਸਮਝਾਇਆ ਕਿ ਦੇਵਬਾਨੀ ਸੰਸਕ੍ਰਿਤ ਨੂੰ ਤਿਆਗ ਕੇ ਪੰਜਾਬੀ ਵਿਚ ਨਾਮ-ਬਰਖਾ ਕਰਨ ਦੀ ਵੱਡੀ ਲੋੜ ਸੀ। ਕਿੱਥੋਂ ਤਕ ਇਸ ਵਿਚ ਸੱਚਾਈ ਸੀ, ਇਹ ਗੱਲ ਕਿਸੇ ਬਹਿਸ ਦੀ ਮੁਹਤਾਜ ਨਹੀਂ, ਦਰੱਖ਼ਤ ਆਪਣੇ ਫਲ ਤੋਂ ਆਪ ਪਰਖਿਆ ਜਾਂਦਾ ਏ।

# ਸਿਖ ਇਤਿਹਾਸ ਦੀ ਖੋਜ

## [ਸ੍ਰੀ ਮਾਨ ਬਾਵਾ ਬੁਧ ਸਿੰਘ ਜੀ]

'ਫੁਲਵਾੜੀ' ਵ੍ਰਿਚ ਸਿਖ-ਇਤਿਹਾਸ ਦੇ ਘਾਟੇ ਨੂੰ ਪੂਰਾ ਕਰਨ ਬਾਬਤ ਕਈ ਲੇਖ ਛਪ ਚੁੱਕੇ ਹਨ। ਸਰਦਾਰ ਕਰਮ ਸਿੰਘ ਜੀ ਸਿਖ ਹਿਸਟੋਰੀਅਨ ਦੀਆਂ ਖੋਜਾਂ ਬਾਬਤ ਵੀ ਬਹੁਤ ਕੁਝ ਲਿਖਿਆ ਹੈ। ਪਰ ਸਾਡੀਆਂ ਖੋਜਾਂ ਢੇਰ ਸਾਰੀਆਂ ਆਪਣੇ ਮਨ-ਭਾਵਨੇ ਲਿਖੇ ਗ੍ਰੰਥਾਂ ਵਿਚੋਂ ਈ ਹਨ, ਜਿਨ੍ਹਾਂ ਨੂੰ ਕੋਈ ਵਿਦਵਾਨ ਪੂਰੇ ਇਤਿਹਾਸ ਦੀ ਪਦਵੀ ਨਹੀਂ ਦੇ ਸਕਦਾ।

ਜ਼ਰੂਰੀ ਇਹ ਹੈ ਕਿ ਉਸ ਸਮੇਂ ਦੇ ਸਮਕਾਲੀ ਇਤਿਹਾਸ ਦੀ ਪੜਚੋਲ ਕੀਤੀ ਜਾਏ। ਵਲੈਤ ਵਿਚ ਜੀਕਣ ਸ: ਗੁਰਪਾਲ ਸਿੰਘ ਨੇ ਲਿਖਿਆ ਹੈ, ਸਿਖ-ਇਤਿਹਾਸ ਦਾ ਬੜਾ ਮਸਾਲਾ ਪਿਆ ਹੈ। ਇਹ ਠੀਕ ਹੈ, ਪਰ ਉੱਦਮ ਕੌਣ ਕਰੇ ? ਸਾਡੇ ਮਹਾਰਾਜਾ ਰਣਜੀਤ ਸਿੰਘ ਦੀ ਕੋਈ ਸ਼ੁੱਧ-ਮੁਕੰਮਲ ਜਨਮ-ਸਾਖੀ ਅਜੇ ਤਕ ਨਹੀਂ, ਇਸ ਘਾਟੇ ਨੂੰ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਜਾਂ ਤੇ ਅਸੀਂ ਸਿਖ-ਇਤਿਹਾਸ ਸਭਾ ਕਾਇਮ ਕਰੀਏ, ਜਾਂ ਸਿਖ ਇਤਿਹਾਸ ਦੀ 'ਕੁਰਸੀ' ਖ਼ਾਲਸਾ ਕਾਲਜ ਵਿਚ (ਜਾਂ ਹੋਰ ਕਿਸੇ ਕੇਂਦਰੀ ਥਾਂ ਵਿਚ) ਕਾਇਮ ਕਰੀਏ। ਸਿਖ-ਇਤਿਹਾਸ ਦੀ ਖ਼ਾਸ ਲਾਇਬ੍ਰੇਰੀ ਹੋਵੇ, ਜਿਥੇ ਇਤਿਹਾਸ ਸੰਬੰਧੀ ਸਭ ਪੁਸਤਕਾਂ ਇਕੱਠੀਆਂ ਕੀਤੀਆਂ ਜਾਣ। ਵਲੈਤ ਵਾਲੀਆਂ ਪੁਸਤਕਾਂ ਦੇ ਉਤਾਰੇ ਮੰਗਵਾਏ ਜਾਣ। ਫੇਰ ਵਿਦਵਾਨ ਆਪਣੀ ਖੋਜ ਸ਼ੁਰੂ ਕਰਨ।

ਇਸ ਕੰਮ ਲਈ ਮਾਇਆ ਦੀ ਲੋੜ ਜ਼ਰੂਰ ਹੋਣੀ ਏ। ਉਹ ਮਾਇਆ ਪੰਥ ਇਕੱਠੀ ਕਰੇ। ਇਤਿਹਾਸ ਦੇ ਸੋਮਿਆਂ ਨੂੰ ਇਕੱਠੇ ਕਰ ਕੇ ਇਕ ਵਹਿਣ ਵਿਚ ਵਗਾਣਾ ਕੋਈ ਐਵੇਂ-ਕੈਵੇਂ ਦਾ ਕੰਮ ਨਹੀਂ, ਇਹ ਇਕ ਇਕੱਲੇ ਮਨੁੱਖ ਦਾ ਵੀ ਕੰਮ ਨਹੀਂ। ਹੁਣ ਵੇਲਾ ਹੈ, ਇਤਿਹਾਸ ਨੂੰ ਸੰਭਾਲ ਲਵੋ। ਇਤਿਹਾਸ ਦੇ ਇਕੱਠਾ ਕਰਨ ਲਈ ਇਕ ਨਿਰਪੱਖ ਆਦਮੀ ਚਾਹੀਏ। ਨਿਰਾ ਨਿਰਪੱਖ ਹੀ ਨਹੀਂ, ਉਸ ਨੂੰ ਇਤਿਹਾਸ ਦੀ 'ਸਾਂਟੀਫ਼ਿਕ' ਤਰੀਕੇ ਨਾਲ ਪੜਤਾਲ ਕਰਨ ਦੀ ਸੂਝ ਵੀ ਹੋਵੇ, ਤੇ ਦੁਨੀਆ ਦੇ ਇਤਿਹਾਸ ਦੀ ਵਾਕਫ਼ੀ। ਤਦ ਇਹ ਕੰਮ ਸਿਰੇ ਚੜ੍ਹ ਸਕਦਾ ਹੈ।

ਸਾਡੇ *ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼* ਤੇ ਸਾਖੀਆਂ ਆਦਿ ਤਾਂ ਕੇਵਲ ਘਰੋਗੀ

ਗੱਲਾਂ ਹੀ ਦੱਸਣ ਜੋਗੀਆਂ ਹਨ, ਅਤੇ ਜ਼ਰੂਰੀ ਗੱਲਾਂ ਦਾ ਜ਼ਿਕਰ ਸਮਕਾਲੀ ਲਿਟਰੇਚਰ ਵਿਚ ਨਹੀਂ ਮਿਲਦਾ; ਜੀਕਣ ਚੰਦੂ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇਣ ਵਾਲੀ ਸਾਖੀ।

ਇਸ ਜ਼ਰੂਰੀ ਗੱਲ ਵਲ ਪੰਥ ਦਾ ਛੇਤੀ ਹੀ ਧਿਆਨ ਜਾਣਾ ਚਾਹੀਦਾ ਹੈ।

# ਬਣਾਉਟੀ ਇਤਿਹਾਸ

## [ਸ੍ਰੀ ਮਾਨ ਪ੍ਰੋਫ਼ੈਸਰ ਤੇਜਾ ਸਿੰਘ ਜੀ, ਐਮ.ਏ.]

ਜਿਥੇ ਸਾਡੇ ਦੇਸ ਵਿਚ ਹੋਰ ਹੁਨਰ ਚਲ ਰਹੇ ਹਨ, ਉਥੇ ਇਤਿਹਾਸ ਨੂੰ ਆਪਣੇ ਕੋਲੋਂ ਘੜਨ ਦਾ ਹੁਨਰ ਭੀ ਮਿਲਦਾ ਹੈ। ਸਾਡੇ ਲੋਕਾਂ ਵਿਚ ਪੁਰਾਣੀਆਂ ਚੀਜ਼ਾਂ ਦੀ ਬਹੁਤ ਕਦਰ ਹੁੰਦੀ ਹੈ। ਕੋਈ ਅਸੂਲ ਜਾਂ ਕੋਈ ਗੱਲ ਜਿੰਨੀ ਪੁਰਾਣੀ ਹੋਵੇ, ਉਤਨੀ ਹੀ ਵਧੇਰੇ ਮੰਨਣ-ਜੋਗ ਹੁੰਦੀ ਹੈ। ਜਿਹੜੀ ਗੱਲ ਅੱਜ ਤੋਂ ਕੁਝ ਚਿਰ ਪਹਿਲਾਂ ਚਲੀ ਹੋਈ ਜਾਂ ਲਿਖੀ ਹੋਈ ਸਾਬਤ ਹੋ ਜਾਵੇ, ਉਹ ਜ਼ਰੂਰੀ ਸੱਚੀ ਮੰਨੀ ਜਾਂਦੀ ਹੈ। ਪੁਰਾਣੀਆਂ ਸਾਖੀਆਂ ਤਾਂ ਕਿਧਰੇ ਰਹੀਆਂ ਨਵੀਆਂ ਸਾਖੀਆਂ ਭੀ, ਜਿਨ੍ਹਾਂ ਨੂੰ ਵਰਤਿਆਂ ਦੋ ਤਿੰਨ ਸੌ ਸਾਲ ਤੋਂ ਵਧੀਕ ਨਹੀਂ ਹੋਇਆ, ਇਉਂ ਲਿਖੀਆਂ ਜਾਂਦੀਆਂ ਹਨ ਕਿ ਜਿਵੇਂ ਓਹਨਾਂ ਨੂੰ ਹੋਇਆਂ ਜੁਗ ਬੀਤ ਗਏ ਹਨ।

ਸ੍ਰੀ ਅੰਮ੍ਰਿਤਸਰ ਜੀ ਦੇ ਸਰੋਵਰ ਨੂੰ ਬਣਿਆਂ ਬਹੁਤ ਚਿਰ ਨਹੀਂ ਹੋਇਆ, ਪਰ ਜਿਸ ਵੇਲੇ ਦੁਖਭੰਜਨੀ ਦੇ ਸੰਬੰਧ ਵਿਚ ਪਿੰਗਲੇ ਅਤੇ ਉਸ ਦੀ ਇਸਤ੍ਰੀ ਦੀ ਸਾਖੀ ਦੱਸੀ ਜਾਂਦੀ ਹੈ ਤਾਂ ਇਹੋ ਕਿਹਾ ਜਾਂਦਾ ਹੈ ਕਿ 'ਇਕ ਸੀ ਰਾਜਾ, ਉਸ ਦੀਆਂ ਸਨ ਪੰਜ ਧੀਆਂ'। ਗੁਰੂ ਰਾਮਦਾਸ ਜੀ ਦੇ ਵੇਲੇ ਮਾਝੇ ਵਿਚ ਰਾਜੇ ਦਾ ਰਾਜ! ਕਈ ਵਾਰੀ ਪੁਰਾਣੇ ਸਮੇਂ ਦੇ ਲੋਕ ਮੁਗ਼ਲਾਂ ਦੇ ਸਮੇਂ ਦੇ ਲੋਕਾਂ ਨਾਲ ਇਉਂ ਗੱਲਾਂ ਕਰਦੇ ਦੱਸੇ ਜਾਂਦੇ ਹਨ, ਜਿਵੇਂ ਕਿ ਪੁਰਾਣੇ ਤੇ ਨਵੇਂ ਸਮੇਂ ਦੀ ਕੋਈ ਵਿਚਾਰ ਹੀ ਨਹੀਂ ਹੁੰਦੀ। ਇਕ ਜੁਗ ਦੇ ਲੋਕ ਦੂਜੇ ਜੁਗਾਂ ਵਿਚ ਇਉਂ ਵਿਚਰਦੇ ਫਿਰਦੇ ਹਨ, ਜਿਵੇਂ ਕੋਈ ਆਦਮੀ ਆਪਣੇ ਮਕਾਨ ਦੇ ਇਕ ਕਮਰੇ ਵਿਚੋਂ ਦੂਜੇ ਕਮਰੇ ਵਿਚ ਚਲਾ ਜਾਂਦਾ ਹੈ।

ਇਕ ਗਿਆਨੀ ਸੱਜਣ ਕਰਾਚੀ ਦੇ ਭਰੇ ਦੀਵਾਨ ਵਿਚ ਸਾਖੀ ਸੁਣਾ ਰਿਹਾ ਸੀ ਕਿ ਰਾਜਾ ਭਰਥਰੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਮਿਲਿਆ ਅਤੇ ਸਿਖ ਬਣਿਆ। ਇਸੇ ਤਰ੍ਹਾਂ ਕਈ ਸੱਜਣ ਗੁਰੂ ਨਾਨਕ ਸਾਹਿਬ ਦਾ ਗੋਰਖ ਨਾਥ, ਕਾਰੂੰ ਬਾਦਸ਼ਾਹ ਅਤੇ ਧ੍ਰੂ ਭਗਤ ਨਾਲ ਮੇਲ ਕਰਾਉਂਦੇ ਹਨ। ਕਈ ਸੱਜਣ ਅਗੱਸਤ ਰਿਖਿ ਅਤੇ ਮੁਹੰਮਦ ਨੂੰ ਸਮਕਾਲੀ ਬਣਾ ਦੱਸਦੇ ਹਨ।

ਇਹ ਹੁਨਰ ਸਾਡੇ ਹੱਡਾਂ ਵਿਚ ਇੰਨਾ ਸਮਾ ਗਿਆ ਹੈ ਕਿ ਵੱਡੇ ਵੱਡੇ ਵਿਦਵਾਨ ਅਤੇ ਧਰਮੀ ਲੋਕ, ਜੋ ਉਵ ਕੂੜ ਮਾਰਨ ਤੋਂ ਬਹੁਤ ਘਿਰਣਾ ਕਰਦੇ ਹਨ, ਧਾਰਮਕ ਇਤਿਹਾਸ ਨੂੰ ਵਿਗਾੜਨ ਤੋਂ ਨਹੀਂ ਸੰਗਦੇ। ਇਹੋ ਜਿਹੇ ਕਿਸੇ ਧਰਮੀ ਆਦਮੀ ਨੇ ਆਪਣੇ ਕੋਲੋਂ ਨਸੀਹਤਨਾਮਾ ਲਿਖ ਕੇ ਉਤੇ 'ਮਹਲਾ ੧' ਲਿਖ ਦਿੱਤਾ। ਹੁਣ ਇਹ

ਇਤਨਾ ਪ੍ਰਚਲਤ ਹੋ ਗਿਆ ਹੈ ਕਿ ਮਹਾਤਮਾ ਵਸਵਾਨੀ ਜਿਹੇ ਲਾਇਕ ਆਦਮੀ ਭੀ ਇਸ ਵਿਚੋਂ ਉਦਾਹਰਣਾਂ ਲੈ ਕੇ ਵਰਤ ਰਹੇ ਹਨ। ਕਈ ਸੱਜਣ ਰਹਿਤਨਾਮਿਆਂ ਅਤੇ ਹੋਰ ਪਰਮਾਣੀਕ ਪੁਸਤਕਾਂ ਵਿਚ ਜਾਣ ਬੁੱਝ ਕੇ ਅਦਲਾ-ਬਦਲੀ ਕਰ ਰਹੇ ਹਨ। ਓਹਨਾਂ ਦਾ ਖ਼ਿਆਲ ਹੈ ਕਿ ਜਿਹੜੀਆਂ ਪੁਸਤਕਾਂ ਅਜੇ ਬਹੁਤ ਕਰਕੇ ਲਿਖਤ ਵਿਚ ਹੀ ਮਿਲਦੀਆਂ ਹਨ, ਓਹਨਾਂ ਵਿਚ ਜਿਤਨੀਆਂ ਤਬਦੀਲੀਆਂ ਕਰ ਲਵਾਂਗੇ, ਸਾਰੀਆਂ ਪਰਮਾਣੀਕ ਮੰਨੀਆਂ ਜਾਣਗੀਆਂ। ਅੱਗੇ ਤਾਂ ਹੋਰ, 'ਰਾਮਾਇਣ' ਅਤੇ 'ਮਹਾਂਭਾਰਤ' ਵਿਚ ਸਮੇਂ ਦੇ ਗੇੜ ਨਾਲ ਹੌਲੀ ਹੌਲੀ ਅਭੋਲ ਹੀ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਸਨ, ਪਰ ਹੁਣ ਇਹ ਮਨੋ-ਕਲਪਤ ਘਾੜਤਾਂ ਘੜਨ ਦਾ ਹੁਨਰ ਇੰਨਾ ਤਰੱਕੀ ਕਰ ਗਿਆ ਹੈ ਕਿ ਜਾਣ ਬੁੱਝ ਕੇ ਅੱਲਾ ਵਾਸਤੇ ਦਾ ਝੂਠ ਮਾਰਿਆ ਜਾ ਰਿਹਾ ਹੈ। ਪਿਛੇ ਜਿਹੇ ਇਕ ਵੱਡੇ ਪੁਸਤਕਾਂ ਦੇ ਪ੍ਰਕਾਸ਼ਕ ਨੇ ਇਕ ਪੰਜਾਬੀ ਕਵੀ ਨੂੰ ਕਿਹਾ ਕਿ ਵਾਰਸ ਸ਼ਾਹ ਦੀ 'ਹੀਰ' ਵਿਚ ਇਕ ਸੌ ਕੁ ਬੈਂਤ ਆਪਣੇ ਕੋਲੋਂ ਬਣਾ ਕੇ ਪਾ ਦਿਓ, ਅਸੀਂ ਤੁਹਾਨੂੰ ਫ਼ੀ ਬੈਂਤ ਇਤਨਾ ਕੁਝ ਦਿਆਂਗੇ। ਉਸ ਕਵੀ ਨੇ ਇਹ ਅਪਰਾਧ ਨਾ ਕੀਤਾ, ਪਰ ਇਕ ਹੋਰ ਕਵੀ ਨੇ ਜੋ ਬਿਰਧ ਹੋ ਕੇ ਹੁਣੇ ਹੀ ਮੋਇਆ ਹੈ, ਵਾਰਸ ਸ਼ਾਹ ਦੀ 'ਹੀਰ' ਵਿਚ ਕਈ ਬੈਂਤ ਪਾ ਹੀ ਦਿੱਤੇ ਸਨ। ਹੁਣ ਉਨ੍ਹਾਂ ਦਾ ਨਿਖੇੜਨਾ ਔਖਾ ਹੋ ਗਿਆ ਹੈ। ਸਾਡੇ ਵਿਚੋਂ ਇਕ ਗਿਆਨੀ ਜੀ *ਸੂਰਜ ਪ੍ਰਕਾਸ਼* ਦਾ ਭੀ ਇਹੋ ਹਾਲ ਕਰਨ ਲਗੇ ਸਨ, ਅਤੇ ਕਈ ਅਯੋਗ ਸਾਖੀਆਂ ਨੂੰ ਕਢ ਕੇ ਹੋਰ ਸਾਖੀਆਂ ਪਾਉਣ ਦਾ ਯਤਨ ਕਰ ਰਹੇ ਸਨ, ਪਰ ਸੱਜਣਾਂ ਮਿੱਤਰਾਂ ਦੇ ਸਮਝਾਉਣ 'ਤੇ ਇਸ ਗੱਲ ਤੋਂ ਟਲ ਗਏ।

ਸਰਹੱਦ ਉੱਤੇ ਕਈ ਆਦਮੀ ਪੁਰਾਣੇ ਸਿੱਕੇ ਬਣਾ ਬਣਾ ਕੇ ਆਪਣੀ ਰੋਜ਼ੀ ਬਣਾ ਰਹੇ ਹਨ। ਹੜੱਪਾ ਤੋਂ ਜੋ ਮੋਹਰਾਂ ਲੱਭਦੀਆਂ ਸਨ, ਉਨ੍ਹਾਂ ਦੀ ਨਕਲ ਕਰ ਕੇ ਕਈ ਤਰ੍ਹਾਂ ਦੇ ਠੱਪੇ ਬਣ ਬਣ ਕੇ ਵਿਕ ਰਹੇ ਹਨ। ਆਮ ਇਤਿਹਾਸ ਦੀ ਤਾਂ ਸੋਧ ਹੁੰਦੀ ਰਹਿੰਦੀ ਹੈ, ਅਤੇ ਬਣਾਵਟੀ ਗੱਲਾਂ ਕੱਢਣ ਵਿਚ ਔਖ ਵੀ ਨਹੀਂ ਹੁੰਦਾ, ਪਰ ਧਾਰਮਕ ਇਤਿਹਾਸ ਵਿਚੋਂ ਬਣਾਵਟੀ ਗੱਲਾਂ ਕੱਢਣੀਆਂ ਔਖੀਆਂ ਹਨ, ਕਿਉਂਕਿ ਇਹ ਲੋਕਾਂ ਦੇ ਧਾਰਮਕ ਨਿਸਚੇ ਵਿਚ ਦਾਖ਼ਲ ਹੋ ਜਾਂਦੀਆਂ ਹਨ, ਅਤੇ ਇਨ੍ਹਾਂ ਉਤੇ ਹਮਲਾ ਕਰਨ ਲਈ ਵਧੇਰੇ ਦਲੇਰੀ ਦੀ ਲੋੜ ਹੁੰਦੀ ਹੈ। ਹਿੰਦੁਸਤਾਨ ਵਿਚ ਕਈ ਥਾਵਾਂ ਹਨ, ਜਿਨ੍ਹਾਂ ਦਾ ਸੰਬੰਧ ਸ੍ਰੀ ਰਾਮ ਚੰਦਰ ਜਾਂ ਪਾਂਡਵਾਂ ਨਾਲ ਦੱਸਿਆ ਜਾਂਦਾ ਹੈ, ਉਨ੍ਹਾਂ ਵਿਚੋਂ ਬਹੁਤ ਸਾਰੀਆਂ ਬਣਾਵਟੀ ਹਨ। ਇਹ ਵੇਖ ਕੇ ਹੈਰਾਨ ਹੋਈਦਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਕਾਲੀਦਾਸ ਅਤੇ ਹੋਰ ਕੌਮੀ ਮਹਾਂ ਪੁਰਖਾਂ ਦਾ ਜਨਮ-ਅਸਥਾਨ ਜਾਂ ਸੰਮਤ ਸਾਲ ਭੀ ਨਹੀਂ ਪਤਾ, ਉਨ੍ਹਾਂ ਨੂੰ ਇਹ ਕਿਵੇਂ ਯਾਦ ਰਿਹਾ ਕਿ ਮਸਿਆੜੀ ਦੇ ਪਹਾੜ ਵਿਚ ਅਮਕੀ ਥਾਂ 'ਤੇ ਪੰਜ ਪਾਂਡਵ ਆਏ ਸਨ ਜਾਂ ਅਮਕੀ ਥਾਂ ਤੋਂ ਹਨੂੰਮਾਨ ਜੀ ਸੰਜੀਵਨੀ ਬੂਟੀ ਲਈ ਟਿੱਬੇ ਦਾ ਟਿੱਬਾ ਚੁੱਕ ਕੇ ਲੈ ਗਏ ਸਨ। ਇਸ ਤਰ੍ਹਾਂ ਕਾਨਪੁਰ ਪਾਸ ਇਕ ਥਾਂ ਦੱਸੀ ਜਾਂਦੀ ਹੈ, ਜਿਥੇ ਕਹਿੰਦੇ ਹਨ ਕਿ ਬਾਲਮੀਕ ਦੀ ਕੁਟੀਆ ਸੀ, ਜਿਥੇ ਸੀਤਾ ਜੀ ਨੇ ਆ ਕੇ ਨਿਵਾਸ ਕੀਤਾ ਸੀ। ਕਈ ਥਾਂ 'ਤੇ ਕੋਈ ਧਨਾਢ ਪੁਰਸ਼ ਲੋਕਾਂ ਦੇ ਅਰਾਮ ਲਈ ਪਹਾੜ ਦੀ ਕੰਢੀ ਵਿਚ ਖੂਹ ਜਾਂ ਕੁੰਡ ਖੁਣਾ ਦਿੰਦਾ ਹੈ। ਕੁਝ ਚਿਰ ਮਗਰੋਂ ਲੋਕੀ ਉਨ੍ਹਾਂ ਥਾਵਾਂ ਨੂੰ ਰਾਮਚੰਦਰ ਜਾਂ ਹਨੂੰਮਾਨ ਦੇ ਨਾਵਾਂ ਨਾਲ ਜੋੜ

ਦਿੰਦੇ ਹਨ, ਜਿਵੇਂ ਰਾਵਲਪਿੰਡੀ ਪਾਸ ਇਕ ਸੈਦਪੁਰ ਨਾਮੇ ਪਿੰਡ ਵਿਚ ਹੋਇਆ ਹੈ।

ਸਿੱਖਾਂ ਵਿਚ ਵੀ ਗੁਰਦੁਆਰਿਆਂ ਦੀ ਮਾਨਤਾ ਵਧਾਣ ਲਈ ਕਈਆਂ ਨੇ ਕਈ ਸਾਖੀਆਂ ਜਾਂ ਇਤਿਹਾਸਕ ਯਾਦਗਾਰਾਂ ਬਣਾ ਲਈਆਂ ਹਨ। ਜਿਨ੍ਹਾਂ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਦੀ ਤਰੀਕ ਪਤਾ ਨਹੀਂ, ਉਹ ਦੱਸਦੇ ਫਿਰਦੇ ਹਨ ਕਿ ਇਹ ਟਾਂਗੂ ਸਾਹਿਬ ਹੈ, ਇਥੋਂ ਗੁਰੂ ਸਾਹਿਬ ਰੁੱਖ ਉੱਤੇ ਬੈਠੇ ਆਪਣੀਆਂ ਮਹੀਆਂ ਗਾਈਆਂ ਦੀ ਰਖਵਾਲੀ ਕੀਤਾ ਕਰਦੇ ਸਨ। ਇਹ ਪੱਟੀ ਸਾਹਿਬ ਹੈ, ਇਥੇ ਗੁਰੂ ਜੀ ਨੇ ਪਾਂਧੇ ਪਾਸ ਪੱਟੀ ਲਿਖੀ ਸੀ। ਇਸੇ ਤਰ੍ਹਾਂ ਬੀਬੀ ਨਾਨਕੀ ਜੀ ਦੇ ਹੱਥਾਂ ਦਾ ਕੱਢਿਆ ਹੋਇਆ ਰੁਮਾਲ ਭੀ ਵਿਖਾਇਆ ਜਾਂਦਾ ਹੈ। ਹੁਣੇ ਹੀ ਨਨਕਾਣੇ ਸਾਹਿਬ ਵਿਚ ਰਾਏ ਬੁਲਾਰ ਦੀ ਕਬਰ ਦਾ ਢਕਵੰਜ ਖੜਾ ਕੀਤਾ ਜਾ ਰਿਹਾ ਹੈ। ਜੋ ਯਾਤਰੀ ਜਾਂਦਾ ਹੈ, ਕਹਿੰਦਾ ਹੈ, ਮੈਂ ਰਾਏ ਬੁਲਾਰ ਦੀ ਕਬਰ ਵੇਖ ਆਇਆ ਹਾਂ। ਹਾਲਾਂਕਿ ਇਸ ਗੱਲ ਲਈ ਪੁਰਾਣੇ ਥੇਹ ਉਤੇ ਕੋਈ ਨਿਸ਼ਾਨੀ ਜਾਂ ਕੋਈ ਸਬੂਤ ਨਹੀਂ, ਇਕ ਦੋ ਸਾਲ ਵਿਚ ਇਹ ਗੱਲ ਪੱਕੀ ਹੋ ਜਾਵੇਗੀ। ਹਾਸੇ ਵਾਲੀ ਗੱਲ ਇਹ ਹੈ ਕਿ ਕਈ ਮਹੰਤ ਹੁਣ ਪਛਤਾ ਰਹੇ ਹਨ ਕਿ ਅਸੀਂ ਕਿਉਂ ਐਡੀ ਫੁਰਤੀ ਕਰ ਕੇ ਕਹਾਣੀਆਂ ਘੜਦੇ ਰਹੇ, ਜਿਨ੍ਹਾਂ ਦੇ ਕਾਰਨ ਹੁਣ ਲੈਣੇ ਦੀ ਥਾਂ ਦੇਣਾ ਪੈ ਗਿਆ ਹੈ।

ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਦੇ ਪਾਸ ਹੁਣੇ ਹੀ ਇਕ ਇਹੋ ਜਿਹਾ ਢਕਵੰਜ ਖੜਾ ਕੀਤਾ ਜਾ ਰਿਹਾ ਹੈ। ਕੁਝ ਚਿਰ ਹੋਇਆ, ਸ: ਮੀਹਾਂ ਸਿੰਘ ਦੀ ਕੋਠੀ ਦੇ ਕੋਲ ਨਹਿਰ ਵਾਲਿਆਂ ਦਾ ਇੱਕ ਭੱਠਾ ਹੁੰਦਾ ਸੀ। ਨਾਲ ਹੀ ਮਜ਼ਦੂਰਾਂ ਦੇ ਰਹਿਣ ਲਈ ਇਕ ਕੁੱਲੀ ਬਣੀ ਹੋਈ ਸੀ। ਜਦ ਭੱਠਾ ਛੱਡ ਦਿੱਤਾ ਗਿਆ ਤਾਂ ਸਾਰੇ ਲੋਕ ਚਲੇ ਗਏ, ਪਰ ਇਕ ਮਜ਼ਦੂਰਨੀ ਉਥੇ ਹੀ ਕੁੱਲੀ ਵਿਚ ਰਹਿੰਦੀ ਰਹੀ। ਉਸ ਦੇ ਮਰਨ 'ਤੇ ਉਹਦੀ ਧੀ ਉਸ ਕੁੱਲੀ ਨੂੰ ਸਾਂਭ ਬੈਠੀ। ਕੁਝ ਚਿਰ ਮਗਰੋਂ ਇਕ ਫ਼ਕੀਰ ਹੋਰੀਂ ਭੀ ਆ ਬਹੁੜੇ। ਜਦ ਨਹਿਰ ਵਾਲਿਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਜੋੜੀ ਨੂੰ ਉੱਥੋਂ ਕੱਢ ਦਿੱਤਾ। ਸਰਕਾਰੀ ਮਹਿਕਮਿਆਂ ਵਾਲੇ ਲੋਕ ਹਰ ਵੇਲੇ ਕਿਸੇ ਥਾਂ ਬੈਠੇ ਤਾਂ ਰਹਿੰਦੇ ਹੀ ਨਹੀਂ, ਸੋ ਇਹ ਦੋਵੇਂ ਮਰਦ ਤੀਵੀਂ ਕੁੱਲੀ ਨੂੰ ਵਿਹਲੀ ਵੇਖ ਕੇ ਫਿਰ ਆ ਗਏ। ਹੁਣ ਓਹ ਉਥੇ ਹੀ ਹਨ। ਉਨ੍ਹਾਂ ਨੇ ਉਸ ਕੋਠੇ ਨੂੰ ਵਧਾ ਕੇ ਦੂਣਾ-ਚੌਣਾ ਕਰ ਲਿਆ ਹੈ। ਆਸ ਪਾਸ ਕੰਡਿਆਂ ਦੀ ਇਕ ਵਾੜ ਲਾ ਕੇ ਵਲਗਣ ਵਲ ਲਈ ਹੈ। ਵਿਚ ਇਕ ਖੂਹ ਲਾ ਕੇ ਧਰੇਕਾਂ ਤੇ ਅੰਬ ਭੀ ਲਾ ਲਏ ਹਨ। ਪਰ ਕੋਈ ਥਾਂ ਬੇਮੁੱਲੀ ਹੀ ਸਾਂਭਣੀ ਹੋਵੇ ਤਾਂ ਉਸ ਨੂੰ ਧਾਰਮਕ ਬਣਾਣਾ ਜ਼ਰੂਰੀ ਹੈ, ਇਸ ਲਈ ਇਸ ਫ਼ਕੀਰ ਜੋੜੀ ਨੇ ਵਲਗਣ ਦੇ ਅੰਦਰ ਇਕ ਪੀਰ ਜੀ ਦੀ ਕਬਰ ਬਣਾ ਲਈ ਹੈ, ਜਿਸ ਉਤੇ ਇਕ ਝੰਡਾ ਖੜਾ ਕਰ ਦਿੱਤਾ ਹੈ। ਬਸ ਇਹ ਥਾਂ ਹੁਣ ਸਾਡੇ ਦੇਖਦਿਆਂ ਦੇਖਦਿਆਂ ਇਕ ਧਾਰਮਕ ਥੇਹ ਬਣ ਗਿਆ ਹੈ। ਹੋ ਸਕਦਾ ਹੈ ਕਿ ਕੁਝ ਚਿਰ ਮਗਰੋਂ ਖ਼ਾਲਸਾ ਕਾਲਜ ਵਾਲਿਆਂ ਨੂੰ ਨਗਰ-ਕੀਰਤਨ ਲਈ ਕੋਈ ਹੋਰ ਰਸਤਾ ਢੂੰਡਣਾ ਪਵੇ, ਕਿਉਂਕਿ ਕਿਸੇ ਇਤਿਹਾਸਕ ਤੇ ਧਾਰਮਕ ਥੇਹ ਦੇ ਸਾਹਮਣੇ ਵਾਜਾ ਵਜਾਣਾ ਮਨ੍ਹਾ ਹੁੰਦਾ ਜਾਂਦਾ ਹੈ, ਫਿਰ ਤਾਂ ਇਹ ਹਾਸੇ ਦਾ ਮੜ੍ਹਾਸਾ ਹੋ ਜਾਊ।

# ਇਕ ਪਰਸਿੱਧ ਇਤਿਹਾਸਕ ਭੁੱਲ

## [ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ]

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦਿਨ ਦੀ ਗ਼ਲਤੀ ਦੀ ਤਰ੍ਹਾਂ, ਜੋ ਕਿ ਸਿੱਖਾਂ ਵਿਚ ਚੰਗੀ ਤਰ੍ਹਾਂ ਜੜ੍ਹ ਪਕੜ ਚੁੱਕੀ ਹੈ, ਇਕ ਹੋਰ ਵੀ ਉਹੋ ਜਿਹੀ ਵੱਡੀ ਇਤਿਹਾਸਕ ਗ਼ਲਤੀ ਹੈ। ਬਹੁਤ ਥੋੜ੍ਹੇ ਸਿਖ ਹਨ ਜੋ ਇਹ ਜਾਣਦੇ ਹਨ ਜਾਂ ਨਿਰਨਾ ਕਰਨ ਦੀ ਪਰਵਾਹ ਕਰਦੇ ਹਨ ਕਿ ਦਸਮੇਸ਼ ਪਿਤਾ ਜੀ ਮਹਾਰਾਜ ਦੇ ਕਿਸ ਕਿਸ ਸ਼ਹੀਦ ਦੁਲਾਰੇ ਨੇ ਕਿਹੜੀ ਕਿਹੜੀ ਜਗ੍ਹਾ ਸੱਚਾਈ ਦੀ ਖ਼ਾਤਰ ਆਪਣੀਆਂ ਜਿੰਦਾਂ ਵਾਰੀਆਂ ਸਨ।

ਇਹ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਅਤੇ ਸਗੋਂ ਕਈ ਇਤਿਹਾਸਕਾਰਾਂ ਨੇ ਇਸ ਨਿਸਚੇ ਨੂੰ ਹੋਰ ਪੱਕਾ ਕੀਤਾ ਹੈ ਕਿ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਜੀ ਸਰਹੰਦ ਵਿਚ ਕੰਧਾਂ ਦੇ ਵਿਚ ਚਿਣੇ ਗਏ ਸਨ ਅਤੇ ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਚਮਕੌਰ ਦੇ ਜੁਧ ਵਿਚ ਸ਼ਹੀਦ ਹੋਏ ਸਨ। ਸਾਰੇ ਹੀ ਇਤਿਹਾਸਕਾਰ ਇਸ ਗੱਲ ਨੂੰ ਤਾਂ ਮੰਨਦੇ ਹਨ ਕਿ ਛੋਟੇ ਸਾਹਿਬਜ਼ਾਦੇ ਆਪਣੀ (ਮਾਤਾ ਗੁਜਰੀ) ਦਾਦੀ ਨਾਲ ਸਨ ਅਤੇ ਗੰਗੂ ਬ੍ਰਾਹਮਣ ਰਸੋਈਏ ਨਾਲ ਖੇੜੀ ਨੂੰ ਆਏ ਸਨ ਅਤੇ ਦੋਵੇਂ ਵੱਡੇ ਸਾਹਿਬਜ਼ਾਦੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਚਮਕੌਰ ਨੂੰ ਗਏ ਸਨ। ਇਹ ਪਰਬੰਧ ਕਿਸੇ ਹੁਕਮ ਨਾਲ ਨਹੀਂ ਸੀ ਕੀਤਾ ਗਿਆ, ਬਲਕਿ ਬਿਲਕੁਲ ਹਾਲਾਤ ਦੇ ਮੁਤਾਬਕ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛਡਣਾ ਪਿਆ ਤਾਂ ਓਹ ਸਾਰਾ ਪਰਵਾਰ ਨਾਲ ਲੈ ਕੇ ਨਿਕਲੇ, ਪਰ ਅੱਗੋਂ ਜਦ ਵੈਰੀਆਂ ਨੇ ਆਪਣੇ ਸਾਰੇ ਇਕਰਾਰ ਭੁਲਾ ਕੇ ਸਰਸਾ ਵੱਲ ਇਹਨਾਂ ਉਤੇ ਹੱਲਾ ਬੋਲ ਦਿੱਤਾ ਤਾਂ ਉਸ ਵੇਲੇ ਇਹ ਸਾਰੇ ਪਰਵਾਰ ਨੂੰ ਨਾਲ ਨਹੀਂ ਸਨ ਰਖ ਸਕਦੇ, ਕਿਉਂਕਿ ਓਹਨਾਂ ਦੇ ਨਾਲ ਰੱਖਣ ਨਾਲ ਇਨ੍ਹਾਂ ਦੇ ਰਾਹ ਵਿਚ ਬੜੀ ਰੁਕਾਵਟ ਪੈਂਦੀ ਸੀ। ਸੋ ਜਿਹੜੇ ਤਾਂ ਘੋੜਿਆਂ ਦੀ ਸਵਾਰੀ ਕਰ ਸਕਦੇ ਸਨ, ਓਹ ਗੁਰੂ ਜੀ ਨਾਲ ਚਲੇ ਤੇ ਬਾਕੀਆਂ ਨੂੰ ਜੰਗਲ ਵਲ ਜਾਣ ਲਈ ਤੇ ਆਪਣੇ ਆਪ ਨੂੰ ਕਿਸੇ ਮਹਿਫ਼ੂਜ਼ ਤੇ ਯੋਗ ਜਗ੍ਹਾ ਸਿਰ ਲੁਕਾਣ ਲਈ ਭੇਜ ਦਿੱਤਾ। ਚੂੰਕਿ ਵੱਡੀ ਮਾਤਾ ਜੀ (ਗੁਜਰੀ ਜੀ) ਬਿਰਧ ਸਨ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬੱਚੇ ਸਨ ਤੇ ਇਹ ਸਵਾਰੀ ਨਹੀਂ ਕਰ ਸਕਦੇ ਸਨ, ਇਸ ਲਈ ਇਹ ਗੰਗੂ ਦੇ ਸਪੁਰਦ ਕੀਤੇ ਗਏ ਅਤੇ ਓਹ ਇਨ੍ਹਾਂ ਨੂੰ ਸਰਹੰਦ ਦੇ ਸੂਬੇ ਪਾਸ ਲੈ ਗਿਆ।

ਜਿਸ ਤਰ੍ਹਾਂ ਕਿ ਸਰਦਾਰ ਕਾਨ੍ਹ ਸਿੰਘ ਜੀ ਨਾਭਾ ਵਾਲਿਆਂ ਨੇ ਯੁਕਤੀ ਦਿੱਤੀ ਹੈ, ਅਸਾਂ ਹੁਣ ਇਹ ਵੇਖਣਾ ਹੈ ਕਿ ਬਾਬਾ ਜੁਝਾਰ ਸਿੰਘ ਜੀ ਛੋਟੇ ਸਨ ਕਿ ਬਾਬਾ ਜ਼ੋਰਾਵਾਰ ਸਿੰਘ ਜੀ।

ਇਕ ਇਤਿਹਾਸਕਾਰ ਨੂੰ ਛੱਡ ਕੇ ਬਾਕੀ ਸਭ ਇਤਿਹਾਸਕਾਰ ਸਾਹਿਬਜ਼ਾਦਿਆਂ ਦੇ ਜਨਮ ਦੀਆਂ ਇਹਨਾਂ ਤਰੀਕਾਂ ਨੂੰ ਮੰਨਦੇ ਹਨ*:

੧. ਬਾਬਾ ਅਜੀਤ ਸਿੰਘ ਜੀ ਮਾਘ ਸੁਦੀ ੪ ਸੰਮਤ ੧੭੪੪ (੧੬੮੮ ਈ:) ਨੂੰ ਜਨਮੇ।

੨. ਬਾਬਾ ਜ਼ੋਰਾਵਰ ਸਿੰਘ ਜੀ ੨੧ ਚੇਤ ਸੰਮਤ ੧੭੪੭ (੧੬੯੧ ਈ:) ਨੂੰ ਜਨਮੇ।

੩. ਬਾਬਾ ਜੁਝਾਰ ਸਿੰਘ ਜੀ ੬ ਮਘਰ ਸੰਮਤ ੧੭੫੩ (੧੬੯੬ ਈ:) ਨੂੰ ਜਨਮੇ।

੪. ਬਾਬਾ ਫ਼ਤਹ ਸਿੰਘ ਜੀ ੪ ਫਗਣ ਸੰਮਤ ੧੭੫੫ (੧੬੯੯ ਈ:) ਨੂੰ ਜਨਮੇ।

ਗੁਰੂ ਸਾਹਿਬ ਦੇ ਜਨਮ ਦਿਨ ਤੇ ਜੋਤੀ-ਜੋਤਿ ਸਮਾਉਣ ਦੀਆਂ ਤਰੀਕਾਂ ਦੱਸਣ ਵਾਲੀ ਸਭ ਤੋਂ ਵਧ ਇਤਬਾਰ-ਯੋਗ ਪੋਥੀ *ਗੁਰ-ਪਰਨਾਲੀ* ਹੈ। ਉਪਰ-ਦਿੱਤੀਆਂ ਤਰੀਕਾਂ ਉਸ ਨਾਲ ਬਿਲਕੁਲ ਠੀਕ ਮਿਲਦੀਆਂ ਹਨ ਤੇ ਸਾਨੂੰ ਇਸ ਦੇ ਉਲਟ ਜਾਣ ਦੀ ਲੋੜ ਨਹੀਂ। ਇਨ੍ਹਾਂ ਤੋਂ ਸਾਫ਼ ਸਿੱਧ ਹੈ ਕਿ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਤੇ ਫ਼ਤਹ ਸਿੰਘ ਸਨ, ਨਾ ਕਿ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ। *ਸੂਰਜ-ਪ੍ਰਕਾਸ਼* ਦਾ ਕਰਤਾ ਅਤੇ ਮਿਸਟਰ ਮੈਕਾਲਿਫ਼ ਨੇ ਬਾਬਾ ਜੁਝਾਰ ਸਿੰਘ ਦਾ ਨਾਮ ਸਰਹੰਦ ਦੇ ਸਾਕੇ ਵਿਚ ਦਿੱਤਾ ਹੈ। ਸਰਦਾਰ ਖ਼ਜ਼ਾਨ ਸਿੰਘ ਜੀ, ਸਾਡੇ ਮਗਰਲੇ ਹਿਸਟੋਰੀਅਨ, ਬਹੁਤ ਸਾਰੀਆਂ ਗੱਲਾਂ ਵਿਚ ਗਿਆਨੀ ਗਿਆਨ ਸਿੰਘ ਜੀ ਦੀ *ਤਵਾਰੀਖ਼ ਗੁਰੂ ਖ਼ਾਲਸਾ* ਦੇ ਮਗਰ ਚਲਦੇ ਹਨ, ਪਰ ਇਸ ਮਾਮਲੇ 'ਤੇ ਉਸ ਨਾਲ ਸੰਮਤੀ ਨਹੀਂ ਰੱਖਦੇ, ਉਨ੍ਹਾਂ ਦੀ ਪੁਸਤਕ *ਸਿਖ ਧਰਮ ਦੀ ਤਵਾਰੀਖ਼ ਤੇ ਫ਼ਿਲਾਸਫ਼ੀ* ਵਿਚ ਸਾਹਿਬਜ਼ਾਦਿਆਂ ਦੇ ਜਨਮ ਦੀਆਂ ਓਹੀ ਤਰੀਕਾਂ ਲਿਖੀਆਂ ਹਨ ਜਿਹੜੀਆਂ ਉਪਰ-ਦਿੱਤੀਆਂ ਗਈਆਂ ਹਨ, ਪਰ ਸਫ਼ਾ ੧੩੪ ਉਪਰ ਸ: ਖ਼ਜ਼ਾਨ ਸਿੰਘ ਜੀ ਵੱਡੀ ਗ਼ਲਤੀ ਖਾ ਜਾਂਦੇ ਹਨ ਤੇ ਲਿਖਦੇ ਹਨ ਕਿ ਗੁਰੂ ਜੀ ਦੀ ਮਾਤਾ ਤੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਜੀ ਗੁਰੂ ਦੇ ਬ੍ਰਾਹਮਣ ਰਸੋਈਏ ਨਾਲ ਖੇੜੀ ਗਏ। ਇਹ ਸਾਫ਼ ਜ਼ਾਹਰ ਹੈ ਕਿ ਇਥੇ ਇਨ੍ਹਾਂ

---

*੧. ਡਾ. ਗੰਡਾ ਸਿੰਘ ਤੇ ਪ੍ਰਿੰ: ਤੇਜਾ ਸਿੰਘ ਲਿਖਤ A *Short History of the Sikhs* ਵਿਚ ਇਹ ਤਰੀਕਾਂ ਇਉਂ ਦਿੱਤੀਆਂ ਹਨ—ਬਾਬਾ ਅਜੀਤ ਸਿੰਘ ੧੬੮੬ ਈ:, ਬਾਬਾ ਜੁਝਾਰ ਸਿੰਘ ੧੬੯੦ ਈ: ਬਾਬਾ ਜ਼ੋਰਾਵਰ ਸਿੰਘ ੧੬੯੬ ਈ: ਤੇ ਬਾਬਾ ਫ਼ਤਹ ਸਿੰਘ ੧੬੯੯ ਈ:।

੨. ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਵਿਚ ਤਰੀਕਾਂ ਇਸ ਤਰ੍ਹਾਂ ਲਿਖੀਆਂ ਹਨ—ਬਾਬਾ ਅਜੀਤ ਸਿੰਘ ੨੩ ਮਾਘ ੧੭੪੩ ਬਿ:, ਬਾਬਾ ਜੁਝਾਰ ਸਿੰਘ ੧੭੪੭ ਬਿ:, ਬਾਬਾ ਜ਼ੋਰਾਵਰ ਸਿੰਘ ੧੭੫੩ ਬਿ:, ਮਘਰ ਸੁਦੀ, ੩, ਬਾਬਾ ਫ਼ਤਹ ਸਿੰਘ ੧੭੫੫ ਬਿ:, ਫਗਣ ਸੁਦੀ ੭।

੩. *ਪ੍ਰਤੱਖ ਦਰਸ਼ਨ* ਵਿਚ ਸ: ਰਣਧੀਰ ਸਿੰਘ ਜੀ ਨੇ ਬਾਬਾ ਜ਼ੋਰਾਵਰ ਸਿੰਘ ਦੀ ਤਰੀਕ ੧੭੪੭ ਬਿ: ਚੇਤਰ ੨੧ ਅਤੇ ਬਾਬਾ ਜੁਝਾਰ ਸਿੰਘ ਜੀ ਦੀ ਤਰੀਕ ੧੭੫੩ ਬਿ: ਮਘਰ ਸੁਦੀ ੧ ਲਿਖੀ ਹੈ।

*—ਪ੍ਰਕਾਸ਼ਕ*

ਨੇ ਗ਼ਲਤੀ ਖਾਧੀ ਹੈ ਤੇ ਇਹ ਗੱਲ ਇਨ੍ਹਾਂ ਦੀਆਂ ਆਪਣੀਆਂ ਲਿਖੀਆਂ ਤਰੀਕਾਂ ਤੋਂ ਸਿੱਧ ਹੋ ਜਾਂਦੀ ਹੈ। ਖ਼ੁਸ਼-ਕਿਸਮਤੀ ਨਾਲ ਉਹ ਸਹਿਜ-ਸੁਭਾਅ ਹੀ ਅੱਗੇ ਚਲ ਕੇ ਠੀਕ ਕਰ ਦੇਂਦੇ ਹਨ ਤੇ ਲਿਖਦੇ ਹਨ ਕਿ ਚਮਕੌਰ ਵਿਚ ਬਾਬਾ ਅਜੀਤ ਸਿੰਘ ਜੀ ਦੀ ਪੈਰਵੀ ਕਰਦੇ ਹੋਏ ਬਾਬਾ ਜ਼ੋਰਾਵਰ ਸਿੰਘ ਜੀ ਸ਼ਹੀਦ ਹੋ ਗਏ ਅਤੇ ਬਾਬਾ ਜੁਝਾਰ ਸਿੰਘ ਜੀ ਫ਼ਤਹ ਸਿੰਘ ਨਾਲ ਸਰਹੰਦ ਵਿਚ ਸ਼ਹੀਦ ਕੀਤੇ ਗਏ।

ਇਉਂ ਪ੍ਰਤੀਤ ਹੁੰਦਾ ਹੈ ਕਿ ਆਮ ਲੋਕੀ ਅਤੇ ਜੀਵਨ ਲਿਖਣ ਵਾਲੇ ਬਾਬਾ ਗਿਆਨ ਸਿੰਘ ਜੀ ਦੇ ਗ੍ਰੰਥਾਂ ਮਗਰ ਜ਼ਿਆਦਾ ਚਲਦੇ ਹਨ, ਜੋ ਕਿ ਸੁਖੱਲੇ ਹੀ ਮਿਲ ਜਾਂਦੇ ਹਨ ਅਤੇ ਜਿਨ੍ਹਾਂ ਤੋਂ ਬੇਪਰਵਾਹੀ ਨਾਲ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਦੇ ਜਨਮ ਦੀਆਂ ਤਰੀਕਾਂ ਵੀ ਅਦਲ-ਬਦਲ ਹੋ ਗਈਆਂ ਹਨ। ਹੁਣ ਸਮਾਂ ਹੈ ਕਿ ਅਸੀਂ ਇਸ ਭੁੱਲ ਨੂੰ ਦੂਰ ਕਰ ਦਈਏ, ਨਹੀਂ ਤਾਂ ਖ਼ਤਰਾ ਹੈ ਕਿ ਇਹ ਵੀ ਉਸੇ ਤਰ੍ਹਾਂ ਜੜ੍ਹ ਪਕੜ ਜਾਏਗੀ ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਦੀ ਗ਼ਲਤੀ ਪੱਕੀ ਹੋ ਗਈ ਹੈ।

# ਇਤਿਹਾਸ

੧. ਜੇ ਸਾਨੂੰ ਆਪਣੇ ਇਤਿਹਾਸ ਦਾ ਪਤਾ ਨਾ ਹੋਵੇ ਤਾਂ ਅਸੀਂ ਬੱਚਿਆਂ ਵਾਙ ਜੀਵਨ ਬਤੀਤ ਕਰਦੇ ਜਾਵਾਂਗੇ। ਜੇ ਅਸੀਂ ਪਿਛਲੇ ਮਨੁੱਖਾਂ ਦੇ ਜੀਵਨ ਤੋਂ ਲਾਭ ਨਹੀਂ ਉਠਾਵਾਂਗੇ, ਤਾਂ ਸਾਨੂੰ ਅਕਲ ਵੀ ਨਹੀਂ ਆਵੇਗੀ। *—ਸੀਸਿਰੋ*

੨. ਇਤਿਹਾਸ ਜਵਾਨ ਆਦਮੀ ਨੂੰ, ਬਿਨਾਂ ਧੌਲਿਆਂ ਤੇ ਝੁਰੜੀਆਂ ਦੇ ਬੁੱਢਾ (ਸਿਆਣਾ) ਬਣਾ ਦੇਂਦਾ ਹੈ। ਉਹ ਉਸ ਨੂੰ ਦੁੱਖ ਤਕਲੀਫ਼ਾਂ ਝਲਣ ਤੋਂ ਬਿਨਾਂ ਹੀ ਸਿਆਣਪ ਦੇ ਦਿੰਦਾ ਹੈ। *—ਫੂਲਰ*

੩. ਮੇਰੇ ਖ਼ਿਆਲ ਵਿਚ ਇਤਿਹਾਸ ਵੀ ਫ਼ਿਲਸਫ਼ਾ ਹੈ, ਜੋ ਉਦਾਹਰਣਾਂ ਨਾਲ ਪੜ੍ਹਾਇਆ ਜਾਂਦਾ ਹੈ। *—ਬੋਲਿੰਗ ਬ੍ਰੋਕ*

੪. ਇਤਿਹਾਸ ਇਕ ਪਵਿੱਤਰ ਲਿਖਤ ਹੈ ਕਿਉਂਕਿ ਇਸ ਵਿਚ ਸੱਚਾਈ ਜ਼ਰੂਰੀ ਹੈ, ਤੇ ਜਿੱਥੇ ਸੱਚਾਈ ਹੋਵੇ ਉੱਥੇ ਰੱਬ ਆਪ ਹੁੰਦਾ ਹੈ। *—ਸੇਰਵਾਵਲਸ*

੫. ਜੋ ਕੁਝ ਇਤਿਹਾਸ ਸਾਨੂੰ ਦੇਂਦਾ ਹੈ, ਉਹ ਇਹ ਹੈ ਕਿ ਸਾਡੇ ਦਿਲਾਂ ਵਿਚ ਜੋਸ਼ ਪੈਦਾ ਹੋ ਜਾਂਦਾ ਹੈ। *—ਗੇਟੇ*

੬. ਰੱਬ ਆਪਣੇ ਆਪ ਨੂੰ ਲੋਕਾਂ ਦੇ ਕਾਰਾਂ-ਵਿਹਾਰਾਂ ਤੋਂ ਲੁਕੋ ਕੇ ਰੱਖਦਾ ਹੈ, ਪਰ ਇਤਿਹਾਸ ਵਿਚ ਉਹ ਸਾਹਮਣੇ ਆ ਜਾਂਦਾ ਹੈ। *—ਲਾਮਾਰਤੀਨ*

੭. ਜਦੋਂ ਲੜਾਈ ਮੁੱਕ ਚੁੱਕਦੀ ਹੈ ਤਾਂ ਲੋਕਾਂ ਨੂੰ ਇਤਿਹਾਸ ਦੀ ਕਦਰ ਕਰਨੀ ਆਉਂਦੀ ਹੈ। ਉਦੋਂ ਉਹ ਆਖਦੇ ਹਨ : ਵੇਖੋ, ਰੱਬ ਏਥੇ ਹੀ ਹੈ, ਪਰ ਅਸੀਂ ਨਹੀਂ ਜਾਣਿਆ। *—ਬੈਂਕ੍ਰੋਫ਼ਟ*

੮. ਇਤਿਹਾਸ ਰੱਬ ਨੂੰ ਅੱਖਾਂ ਦੇ ਸਾਹਮਣੇ ਲੈ ਆਉਂਦਾ ਹੈ। *—ਕੋਸੂਥ*

# ਦੂਜੀ ਕਿਆਰੀ

## ਸਿਖ ਰਾਜ ਤੇ ਸਿਖ ਦਰਬਾਰ
## ਮਹਾਰਾਜਾ ਰਣਜੀਤ ਸਿੰਘ ਜੀ ਅਤੇ ਲਾਹੌਰ ਦਰਬਾਰ ਦੇ ਗੁੱਝੇ ਤੇ ਦਰਦਨਾਕ ਹਾਲਾਤ

ਸੰਮਤ ੧੮੫੫ ਬਿਕ੍ਰਮੀ ਤੋਂ ੧੯੦੬ ਬਿਕ੍ਰਮੀ ਤਕ

(੧੭੯੯ ਈ: ਤੋਂ ੧੮੩੯ ਈ:)

# ਲੇਖਾਂ ਦੀ ਵੰਡ

ਖ਼ਿਆਲ ਤਾਂ ਇਹ ਸੀ ਕਿ ਇਸ ਇਤਿਹਾਸ ਨੰਬਰ ਵਿਚ ਸਾਰੇ ਸਿਖ ਇਤਿਹਾਸ ਦੀਆਂ ਚੁਣਵੀਆਂ ਚੁਣਵੀਆਂ ਵੰਨਗੀਆਂ ਦਿੱਤੀਆਂ ਜਾਣਗੀਆਂ, ਅਤੇ ਮੈਂ ਸੋਚਿਆ ਕਿ ਜੋ ਕੁਝ ਦਿੱਤਾ ਜਾਵੇ ਉਹ ਇਤਿਹਾਸਕ ਮਸਾਲਾ ਹੋਵੇ, ਉਸ ਵਿਚ ਆਪਣੀ ਵੱਲੋਂ ਕੁਝ ਨਾ ਲਿਖਿਆ ਜਾਵੇ। ਜੋ ਕੁਝ ਦੂਜਿਆਂ ਨੇ ਲਿਖਿਆ ਜਾਂ ਦੱਸਿਆ ਹੋਵੇ ਉਹੋ ਕੁਝ ਛਪਵਾ ਦਿੱਤਾ ਜਾਵੇ, ਤਾਂ ਜੁ ਇਤਿਹਾਸ-ਖੋਜੀਆਂ ਨੂੰ ਉਹ ਹਾਲ ਆਪਣੇ ਅਸਲ ਰੰਗ ਵਿਚ ਮਲੂਮ ਹੋਣ।

ਇਸ ਨਿਸ਼ਾਨੇ ਨੂੰ ਸਾਮ੍ਹਣੇ ਰਖ ਕੇ ਮੈਂ ਇਤਿਹਾਸਕ ਮਸਾਲੇ ਦੀ ਚੋਣ ਕੀਤੀ। ਸ੍ਰੀ ਗੁਰੂ ਸਾਹਿਬਾਂ ਦੇ ਸਮੇਂ ਦੀਆਂ ਮੈਂ ਸਾਖੀਆਂ ਇਕੱਠੀਆਂ ਕੀਤੀਆਂ ਹੋਈਆਂ ਸਨ, ਜੋ ਅੱਗੇ ਕਿਸੇ ਇਤਿਹਾਸ ਵਿਚ ਨਹੀਂ ਆਈਆਂ ਸਨ। ਸਤਿਗੁਰਾਂ ਜੀ ਦੇ ਸਮੇਂ ਦੇ ਕੁਝ ਕੁ ਪਰਸਿੱਧ ਸਿੱਖਾਂ ਦੇ ਹਾਲ ਵੀ ਮੈਂ ਇਕੱਠੇ ਕੀਤੇ ਹੋਏ ਸਨ, ਕੁਝ ਕੁ ਪੁਰਾਣੀਆਂ ਲਿਖਤਾਂ ਤੇ ਹੁਕਮਨਾਮਿਆਂ ਦੇ ਉਤਾਰੇ ਵੀ ਮੇਰੇ ਪਾਸ ਸਨ। ਇਹ ਸਭ ਕੁਝ ਨਵਾਂ ਮਸਾਲਾ ਸੀ, ਜੋ ਅੱਜ ਤੀਕ ਸਾਡੇ ਇਤਿਹਾਸਾਂ ਵਿਚ ਨਹੀਂ ਆਇਆ ਸੀ।

ਬੰਦਾ ਬਹਾਦਰ ਦੇ ਸਮੇਂ ਸੰਬੰਧੀ ਮੇਰੀ ਇਹ ਸਲਾਹ ਸੀ ਕਿ ਬੰਦਾ ਬਹਾਦਰ ਦੇ ਸਮਕਾਲੀ ਇਤਿਹਾਸਕਾਰਾਂ ਨੇ ਜੋ ਕੁਝ ਬੰਦਾ ਬਹਾਦਰ ਸੰਬੰਧੀ ਆਪਣੇ ਇਤਿਹਾਸਾਂ ਵਿਚ ਲਿਖਿਆ ਹੈ ਉਸ ਦਾ ਉਲਥਾ ਕਰ ਕੇ ਦਰਜ ਕਰ ਦਿੱਤਾ ਜਾਵੇ। ਇਹ ਸਾਰੇ ਹਾਲ ਬੜੇ ਹੀ ਸਵਾਦਲੇ ਸਨ ਅਤੇ ਸਾਡੇ ਇਤਿਹਾਸਾਂ ਵਿਚ ਇਨ੍ਹਾਂ ਦਾ ਪਾਸੰਗ ਵੀ ਨਹੀਂ ਸੀ।

ਮਿਸਲਾਂ ਦੇ ਸਮੇਂ ਬਾਬਤ ਮੇਰੀ ਸਲਾਹ ਇਹ ਸੀ ਕਿ ਇਸ ਬਾਬਤ ਵੀ ਕੇਵਲ ਉਹੋ ਹਾਲ ਦਿੱਤੇ ਜਾਣ, ਜੋ ਸਮਕਾਲੀ ਮੁਸਲਮਾਨੀ ਇਤਿਹਾਸਕਾਰਾਂ ਨੇ ਲਿਖੇ ਹਨ ਅਤੇ ਸੰਮਤ-ਵਾਰ ਸੌ ਸਾਲ ਦੇ ਹਾਲਾਂ ਦੀਆਂ ਸੁਰਖ਼ੀਆਂ ਦੇ ਦਿੱਤੀਆਂ ਜਾਣ, ਜਿਸ ਤੋਂ ਇਤਿਹਾਸ-ਖੋਜੀਆਂ ਨੂੰ ਇਸ ਸਮੇਂ ਦੇ ਹਾਲਾਂ ਨੂੰ ਤਰਤੀਬ ਦੇਣਾ ਸੌਖਾ ਹੋ ਜਾਵੇ।

ਮਹਾਰਾਜਾ ਰਣਜੀਤ ਸਿੰਘ ਜੀ ਬਾਬਤ ਤੇ ਆਪ ਤੋਂ ਪਿਛੋਂ ਦੇ ਲਾਹੌਰ ਦਰਬਾਰ ਬਾਬਤ ਮੇਰੇ ਪਾਸ ਬਹੁਤ ਸਾਰਾ ਮਸਾਲਾ ਪਿਆ ਸੀ। ਸਲਾਹ ਸੀ ਕਿ ਇਸ ਦਾ ਅੱਧ-ਪਚੱਧ ਜਾਂ ਤਿਹਾਈ-ਚੁਥਾਈ ਇਨ-ਬਿਨ ਛਪਵਾ ਦਿੱਤਾ ਜਾਵੇ, ਤਾਂ ਜੁ ਇਸ ਸਮੇਂ ਦੇ ਹਾਲ ਲਿਖਣ ਵਾਲਿਆਂ ਨੂੰ ਕੁਝ ਸਹਾਇਤਾ ਹੋ ਸਕੇ।

ਇਹ ਮੇਰੇ ਖ਼ਿਆਲ ਹੀ ਖ਼ਿਆਲ ਸਨ। ਹੁਣ ਮੈਂ ਰਤਾ ਕੁ ਗਹੁ ਕੀਤਾ ਕਿ ਮੈਂ ਲੇਖਾਂ ਦੀ ਜੋ ਵੰਡ ਧਾਰੀ ਬੈਠਾ ਹਾਂ, ਉਸ ਅਨੁਸਾਰ ਤਾਂ ਇਹੋ ਜਿਹੇ ਪੰਜ ਛੇ ਪਰਚੇ ਚਾਹੀਦੇ ਹਨ। ਸੋ ਮੈਂ ਹੋਰ ਸਾਰੀਆਂ ਵੰਡਾਂ ਛਡ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਨੂੰ ਵੀ ਛਡ ਦਿੱਤਾ ਅਤੇ ਆਪ ਤੋਂ ਪਿਛੋਂ ਦੇ ਸਮੇਂ ਵਿਚੋਂ ਵੀ ਮੈਂ ਕੇਵਲ ਮਹਾਰੁਾਜਾ ਸ਼ੇਰ ਸਿੰਘ ਜੀ ਦਾ ਸਮਾਂ ਹੀ ਲਿਆ, ਜਿਸ ਬਾਬਤ ਕੁਝ ਕੁ ਵੰਨਗੀਆਂ ਦਿੱਤੀਆਂ ਹਨ। ਏਸੇ ਤਰ੍ਹਾਂ ਮੂਲ ਰਾਜ ਦੀਆਂ ਲੜਾਈਆਂ ਨੂੰ ਛਡ ਕੇ ਮੈਂ ਕੇਵਲ ਉਸ ਸਮੇਂ ਦੀ ਦੇਸ਼ ਦੀ ਮਹੀਨੇ ਡੇਢ ਮਹੀਨੇ ਦੀ ਅਵਸਥਾ ਦਾ ਹੀ ਵਰਣਨ ਕੀਤਾ ਹੈ। ਰਾਜਾ ਸ਼ੇਰ ਸਿੰਘ ਜੀ ਦੀਆਂ ਲੜਾਈਆਂ ਦਾ ਹਾਲ ਵੀ ਮੈਂ ਨਹੀਂ ਦੇ ਸਕਿਆ। ਮੇਰਾ ਭਾਵ ਇਹ ਸੀ ਕਿ ਘਟੋ ਘਟ ਇਤਨਾ ਕੁਝ ਜ਼ਰੂਰ ਦਿੱਤਾ ਜਾਵੇ, ਜਿਸ ਤੋਂ ਪਾਠਕ ਕੁਝ ਲਾਭ ਉਠਾ ਸਕਣ। ਐਵੇਂ ਨਾਂ-ਮਾਤਰ ਥੋੜ੍ਹਾ ਥੋੜ੍ਹਾ ਹਾਲ ਦੇਣ ਨਾਲੋਂ ਨਾ ਦੇਣਾ ਹੀ ਚੰਗਾ ਹੈ।

ਪਾਠਕਾਂ ਨੂੰ ਮੇਰੀਆਂ ਲਿਖਣ ਦੀਆਂ ਭੁੱਲਾਂ ਵਲ ਧਿਆਨ ਨਹੀਂ ਦੇਣਾ ਚਾਹੀਦਾ। ਮੈਂ ਕੁਝ ਸੋਧ ਬਣਾ ਕੇ ਨਹੀਂ ਲਿਖਿਆ, ਛੇਤੀ ਛੇਤੀ ਪੁਰਾਣੀਆਂ ਲਿਖਤਾਂ ਦੇ ਉਲਥੇ ਕਰਦਾ ਚਲਾ ਗਿਆ ਹਾਂ। ਮੇਰਾ ਭਾਵ ਸਦਾ ਇਹ ਰਿਹਾ ਹੈ ਕਿ ਪਾਠਕਾਂ ਨੂੰ ਇਤਿਹਾਸਕ ਹਾਲਾਂ ਦੀ ਵਾਕਫ਼ੀ ਕਰਵਾਈ ਜਾਵੇ। ਲੇਖ ਨੂੰ ਮਾਂਜਣਾ ਤੇ ਲਿਸ਼ਕਾਉਣਾ ਵਿਹਲੇ ਵੇਲੇ ਦੀਆਂ ਗੱਲਾਂ ਹਨ, ਜੋ ਮੇਰੇ ਜਿਹੇ ਹਲ ਵਾਹੁਣ ਵਾਲੇ ਨੂੰ ਪਰਾਪਤ ਨਹੀਂ ਹੋ ਸਕਦੀਆਂ।

*—ਕਰਮ ਸਿੰਘ*

# ਸਿਖ ਰਾਜ ਤੇ ਸਿਖ ਦਰਬਾਰ

## ਲਾਹੌਰ ਦਰਬਾਰ ਦੇ ਰੋਜ਼-ਨਾਮਚੇ

### ਖ਼ਬਰਾਂ ਮੰਗਾਉਣ ਦਾ ਪਰਬੰਧ

ਲਾਹੌਰ ਸਰਕਾਰ ਦੇ ਚਾਰ ਸੂਬੇ ਸਨ—ਲਾਹੌਰ, ਮੁਲਤਾਨ, ਪਿਸ਼ੌਰ ਤੇ ਕਸ਼ਮੀਰ। ਹਰ ਥਾਂ ਇਕ ਇਕ ਸਰਕਾਰੀ ਅਖ਼ਬਾਰ-ਨਵੀਸ ਰਹਿੰਦਾ ਸੀ, ਜੋ ਰੋਜ਼ ਦੇ ਰੋਜ਼ ਸੂਬੇ ਦੇ ਦਰਬਾਰ ਅਤੇ ਉਸ ਇਲਾਕੇ ਦੀਆਂ ਖ਼ਬਰਾਂ ਲਿਖ ਘੱਲਿਆ ਕਰਦਾ ਸੀ। ਸਰਕਾਰ ਵਲੋਂ ਹਲਕਾਰਿਆਂ ਦਾ ਇਕ ਤਕੜਾ ਅਮਲਾ ਨੌਕਰ ਰੱਖਿਆ ਹੁੰਦਾ ਸੀ, ਜਿਸ ਕਰਕੇ ਰੋਜ਼ ਦੇ ਰੋਜ਼ ਸਾਰੇ ਇਲਾਕੇ ਦੀਆਂ ਹਰ ਤਰ੍ਹਾਂ ਦੀਆਂ ਖ਼ਬਰਾਂ ਸਰਕਾਰ ਪਾਸ ਪੁਜਦੀਆਂ ਰਿਹਾ ਕਰਦੀਆਂ ਸਨ।

ਆਪਣੇ ਇਲਾਕੇ ਤੋਂ ਬਿਨਾਂ ਸਰਕਾਰ ਲਾਹੌਰ ਦੇ ਅਖ਼ਬਾਰ-ਨਵੀਸ ਦੂਜੇ ਦੇਸਾਂ ਵਿਚ ਵੀ ਰਹਿੰਦੇ ਸਨ, ਤੇ ਵੇਲੇ ਵੇਲੇ ਸਿਰ ਉਧਰ ਦੀਆਂ ਜ਼ਰੂਰੀ ਖ਼ਬਰਾਂ ਲਿਖ ਘੱਲਿਆ ਕਰਦੇ ਸਨ। ਜਲਾਲਾਬਾਦ, ਕਾਬਲ, ਕੰਧਾਰ, ਲੁਧਿਆਣਾ, ਫ਼ੀਰੋਜ਼ਪੁਰ, ਦਿੱਲੀ, ਹੈਦਰਾਬਾਦ, ਸਿੰਧ ਅਤੇ ਸ਼ਿਕਾਰਪੁਰ ਵਿਚ ਤਾਂ ਇਹ ਅਖ਼ਬਾਰ-ਨਵੀਸ ਉਜਾਗਰ ਹੋ ਕੇ ਰਹਿੰਦੇ ਸਨ, ਪਰ ਹੋਰਨੀਂ ਥਾਈਂ ਲੁਕ-ਛਿਪ ਕੇ।

ਇਨ੍ਹਾਂ ਅਖ਼ਬਾਰ-ਨਵੀਸਾਂ ਦੀਆਂ ਰੀਪੋਟਾਂ ਦੋ ਪਰਕਾਰ ਦੀਆਂ ਹੁੰਦੀਆਂ ਸਨ—ਸਰਕਾਰੀ ਤੇ ਅਸਰਾਰੀ। ਸਰਕਾਰੀ ਰੀਪੋਟਾਂ ਵਿਚ ਉਹ ਗੱਲਾਂ ਹੁੰਦੀਆਂ ਸਨ, ਜੋ ਖੁੱਲ੍ਹੇ ਦਰਬਾਰ ਵਿਚ ਕੀਤੀਆਂ ਜਾਂਦੀਆਂ ਸਨ, ਤੇ ਜਿਨ੍ਹਾਂ ਨੂੰ ਹਰ ਕੋਈ ਸੁਣਦਾ ਤੇ ਜਾਣਦਾ ਹੁੰਦਾ ਸੀ। ਅਸਰਾਰੀ ਰੀਪੋਟਾਂ ਵਿਚ ਭੇਦ ਦੀਆਂ ਗੱਲਾਂ ਹੁੰਦੀਆਂ ਸਨ। ਸਾਰੀ ਹਾਲਤ ਦਾ ਤੱਤ, ਤੇ ਅਖ਼ਬਰ-ਨਵੀਸ ਦੀ ਆਪਣੀ ਰਾਇ ਉਸ ਵਿਚ ਦਰਜ ਹੁੰਦੀ ਸੀ। ਅਖ਼ਬਾਰ-ਨਵੀਸ ਖ਼ਾਸ ਖ਼ਾਸ ਖ਼ਬਰਾਂ ਦਾ ਪਤਾ ਕਰਨ ਲਈ ਹੋਰ ਆਦਮੀ ਆਪਣੇ ਪਾਸ ਨੌਕਰ ਰਖ ਸਕਦਾ ਸੀ, ਤੇ ਅਖ਼ਬਾਰ-ਨਵੀਸੀ ਦਾ ਕੰਮ ਆਮ ਤੌਰ 'ਤੇ ਸਿਆਣੇ ਮੁਨਸ਼ੀਆਂ ਨੂੰ ਹੀ ਦਿੱਤਾ ਜਾਂਦਾ ਸੀ। ਉਨ੍ਹਾਂ ਦੀਆਂ ਤਨਖ਼ਾਹਾਂ ਸੌ ਸੌ, ਦੋ ਦੋ ਸੌ, ਬਲਕਿ ਇਸ ਤੋਂ ਵੀ ਵਧ ਹੋਇਆ ਕਰਦੀਆਂ ਸਨ। ਜੋ ਅੱਜ-ਕੱਲ੍ਹ ਦੇ ਹਿਸਾਬ ਹਜ਼ਾਰ ਹਜ਼ਾਰ ਰੁਪਏ ਦੇ ਬਰਾਬਰ ਹੋ ਸਕਦੀਆਂ ਹਨ।

ਲਾਹੌਰ ਆ ਕੇ ਸਰਕਾਰੀ ਖ਼ਬਰਾਂ ਤਾਂ ਆਮ ਦਰਬਾਰ ਵਿਚ ਪੜ੍ਹੀਆਂ ਜਾਇਆ

ਕਰਦੀਆਂ ਸਨ; ਪਰ ਅਸਰਾਰੀ ਖ਼ਬਰਾਂ, ਜੋ ਅੱਡ ਘੱਲੀਆਂ ਜਾਇਆ ਕਰਦੀਆਂ ਸਨ, ਉਹ ਕੇਵਲ ਮਹਾਰਾਜਾ ਸਾਹਿਬ ਲਈ ਹੋਇਆ ਕਰਦੀਆਂ ਸਨ, ਇਸ ਲਈ ਉਨ੍ਹਾਂ ਦਾ ਪਤਾ ਹਾਰੀ-ਸਾਰੀ ਨੂੰ ਨਹੀਂ ਲਗ ਸਕਦਾ ਸੀ।

ਲਾਹੌਰ ਦਰਬਾਰ ਵਿਚ ਅੱਡ ਅੱਡ ਸਰਕਾਰਾਂ ਤੇ ਸਰਦਾਰਾਂ ਦੇ ਚੌਰਾਸੀ ਵਕੀਲ ਹਰ ਵੇਲੇ ਹਾਜ਼ਰ ਰਿਹਾ ਕਰਦੇ ਸਨ, ਜੋ ਰੋਜ਼ ਦੇ ਰੋਜ਼ ਆਪਣੇ ਮਾਲਕਾਂ ਨੂੰ ਲਾਹੌਰ ਦਰਬਾਰ ਦੀਆਂ ਖ਼ਬਰਾਂ ਲਿਖ ਘੱਲਿਆ ਕਰਦੇ ਸਨ। ਇਹ ਵੀ ਸਰਕਾਰੀ ਤੇ ਅਸਰਾਰੀ ਦੋਵੇਂ ਤਰ੍ਹਾਂ ਦੀਆਂ ਖ਼ਬਰਾਂ ਲਿਖਿਆ ਕਰਦੇ ਸਨ। ਲਾਹੌਰ ਦਰਬਾਰ ਦੇ ਦਫ਼ਤਰੀ ਅੱਜ-ਕੱਲ੍ਹ ਦੀ ਰਾਇਟਰ ਏਜੰਸੀ ਵਾਙ ਸਨ ਜੋ ਵਕੀਲਾਂ ਪਾਸੋਂ ਉਜਰਤ ਲੈ ਕੇ ਦਰਬਾਰ ਦੀਆਂ ਖ਼ਬਰਾਂ ਤੇ ਰੀਪੋਟਾਂ ਉਨ੍ਹਾਂ ਨੂੰ ਦਿਆ ਕਰਦੇ ਸਨ। ਭਾਵੇਂ ਐਸਾ ਕਰਨ ਦੀ ਸਰਕਾਰ ਵੱਲੋਂ ਮਨਾਹੀ ਸੀ, ਪਰ ਦਫ਼ਤਰ ਦੇ ਮੁਨਸ਼ੀ ਲੋਭ-ਵਸ ਹੋ ਕੇ ਹਰ ਪਰਕਾਰ ਦੀਆਂ ਖ਼ਬਰਾਂ ਨਕਲ ਕਰ ਕੇ ਵੇਚਦੇ ਰਿਹਾ ਕਰਦੇ ਸਨ। ਓਨੀਂ ਦਿਨੀਂ ਲਾਹੌਰ ਵਿਚ ਆਮਦਨ ਦਾ ਇਹ ਚੰਗਾ ਪੇਸ਼ਾ ਸੀ।

## ਮੈਂ ਇਹ ਮਸਾਲਾ ਕਿਵੇਂ ਇਕੱਠਾ ਕੀਤਾ

ਮੈਂ ਜਦ ੧੯੦੫ ਈ: ਵਿਚ ਲਾਹੌਰ ਦਰਬਾਰ ਸੰਬੰਧੀ ਮਸਾਲਾ ਇਕੱਠਾ ਕਰਨ ਲਗਾ, ਤਾਂ ਹੋਰ ਮਸਾਲੇ ਦੇ ਨਾਲ ਨਾਲ ਮੈਂ ਇਹ ਰੋਜ਼-ਨਾਮਚੇ ਵੀ ਲੱਭਦਾ ਤੇ ਇਕੱਠੇ ਕਰੀ ਜਾਂਦਾ ਸਾਂ। ਲਾਹੌਰ ਵਿਚ ਅਜਿਹੇ ਰੋਜ਼-ਨਾਮਚੇ ਬਹੁਤ ਮਿਲ ਸਕਦੇ ਸਨ, ਜੋ ਪੁਰਾਣੇ ਖ਼ਾਨਦਾਨੀਆਂ ਦੇ ਘਰੀਂ ਅਤੇ ਪੁਰਾਣੇ ਦਫ਼ਤਰੀਆਂ ਦੇ ਵਾਰਸਾਂ ਪਾਸ ਪਏ ਸਨ। ਕਈ ਪੁਰਾਣੇ ਖ਼ਾਨਦਾਨਾਂ ਦੀ ਹਾਲਤ ਭੁਰ ਗਈ ਸੀ, ਤੇ ਉਨ੍ਹਾਂ ਦਾ ਸਭ ਕੁਝ ਵਿਕ ਗਿਆ ਸੀ; ਇਸ ਲਈ ਉਨ੍ਹਾਂ ਦੇ ਪੁਰਾਣੇ ਕਾਗ਼ਜ਼ ਵੀ ਬਿਗਾਨੀ ਹੱਥੀਂ ਜਾ ਪਏ ਸਨ, ਜਿਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਨ੍ਹਾਂ ਕਾਗ਼ਜ਼ਾਂ ਦਾ ਕੀ ਮੁੱਲ ਹੈ। ਅਜਿਹੀਆਂ ਥਾਵਾਂ ਤੋਂ ਮੈਨੂੰ ਸੁਖਾਲ ਨਾਲ ਪੁਰਾਣੇ ਕਾਗ਼ਜ਼ ਮਿਲ ਜਾਂਦੇ ਸਨ।

ਪੁਰਾਣੇ ਕਾਗ਼ਜ਼ਾਂ ਨੂੰ ਖ਼ਰੀਦਣ ਲਈ ਮੇਰੇ ਪਾਸ ਵਾਧੂ ਰੁਪਿਆ ਕੋਈ ਨਹੀਂ ਸੀ, ਇਸ ਲਈ ਮੈਂ ਆਪਣੇ ਵਿਤ ਅਨੁਸਾਰ ਆਪਣੀ ਵਲੋਂ ਜ਼ਰੂਰੀ ਜ਼ਰੂਰੀ ਕਾਗ਼ਜ਼ ਹੀ ਖ਼ਰੀਦਦਾ ਸਾਂ ਤੇ ਦੂਜੇ ਕਾਗ਼ਜ਼ਾਂ ਨੂੰ ਰੱਦੀ ਸਮਝ ਕੇ ਛਡ ਦੇਂਦਾ ਸਾਂ। ਇਕ ਦਿਨ ਦੀ ਗੱਲ ਹੈ ਕਿ ਇਕ ਨਾਈ ਪਾਸ ਮੈਂ ਪਿਸ਼ੌਰ ਦੇ ਅਖ਼ਬਾਰ-ਨਵੀਸ ਦੀਆਂ ਰੀਪੋਟਾਂ ਦੀਆਂ ਤਿੰਨ ਸੋਹਣੀਆਂ ਜਿਲਦਾਂ ਵੇਖੀਆਂ, ਮੈਂ ਉਨ੍ਹਾਂ ਨੂੰ ਪੜ੍ਹਿਆ ਤਾਂ ਮੇਰੇ ਪਸੰਦ ਆ ਗਈਆਂ। ਇਹ ਸੰਮਤ ੧੮੯੮-੯੯ ਦੀਆਂ ਸਨ, ਜਦ ਕਿ ਲਾਹੌਰ ਦਰਬਾਰ ਸਰਕਾਰ ਅੰਗਰੇਜ਼ੀ ਨੂੰ ਪਹਿਲੇ ਪਠਾਣ ਜੁੱਧ ਦੀ ਔਕੜ ਸਮੇਂ ਭਾਰੀ ਸਹਾਇਤਾ ਦੇ ਰਿਹਾ ਸੀ। ਮੈਂ ਮੁੱਲ ਪੁੱਛਿਆ, ਤਾਂ ਉਸ ਨੇ ਐਤਨਾ ਦਸਿਆ, ਜੋ ਮੇਰੇ ਵਿਤ ਤੋਂ ਬਹੁਤ ਬਹੁਤ ਵਧੀਕ ਸੀ, ਇਸ ਲਈ ਮੈਂ ਲਾਚਾਰ ਹੋ ਕੇ ਓਹ ਰੋਜ਼-ਨਾਮਚੇ ਛੱਡ ਆਇਆ।

ਕੁਝ ਚਿਰ ਮਗਰੋਂ ਮੈਂ ਜਦ ਫ਼ੀਰੋਜ਼ਪੁਰ ਅਪੜਿਆ, ਤਾਂ ਇਨ੍ਹਾਂ ਰੋਜ਼-ਨਾਮਚਿਆਂ

ਦੀ ਗੱਲ ਮੈਂ ਭਾਈ ਸਾਹਿਬ ਤਖ਼ਤ ਸਿੰਘ ਜੀ ਪਾਸ ਕੀਤੀ। ਆਪ ਨੇ ਕਿਹਾ ਕਿ ਅਜਿਹੀ ਅਮੋਲਕ ਚੀਜ਼ ਕਿਸੇ ਮੁੱਲੋਂ ਵੀ ਸਸਤੀ ਹੈ, ਚਲੋ ਲੈ ਆਈਏ। ਆਪ ਨੇ ਉਸੇ ਵੇਲੇ ਰੁਪਏ ਦਾ ਪਰਬੰਧ ਕੀਤਾ, ਅਤੇ ਦੋਵੇਂ ਜਣੇ ਲਾਹੌਰ ਅੱਪੜ ਗਏ। ਸੰਜੋਗ ਦੀ ਗੱਲ ਕਿ ਉਸ ਸਮੇਂ ਤੀਕ ਉਹ ਨਾਈ ਮਰ ਚੁੱਕਾ ਸੀ ਤੇ ਉਸ ਦਾ ਪੁੱਤਰ ਲਾਹੌਰ ਦੇ ਕਿਸੇ ਹੋਰਸ ਮਹੱਲੇ ਵਿਚ ਜਾ ਰਿਹਾ ਸੀ। ਪਰ ਸਾਨੂੰ ਅੱਗ ਲੱਗੀ ਹੋਈ ਸੀ, ਫਿਰ-ਫਿਰਾ ਕੇ ਉਸ ਨੂੰ ਲੱਭ ਹੀ ਲਿਆ, ਅਤੇ ਰੋਜ਼-ਨਾਮਚਿਆਂ ਬਾਬਤ ਗੱਲ ਕੀਤੀ। ਉਸ ਨੇ ਕਿਹਾ ਕਿ ਹਾਂ, ਅਜਿਹੀਆਂ ਤਿੰਨ ਜਿਲਦਾਂ ਮੇਰੇ ਪਾਸ ਹੈਗੀਆਂ ਸਨ, ਪਰ ਕੁਝ ਚਿਰ ਹੋਇਆ ਹੈ ਕਿ ਫ਼ਲਾਣਾ ਆਦਮੀ ਮੇਰੇ ਪਾਸੋਂ ਮੁੱਲ ਲੈ ਗਿਆ ਹੋਇਆ ਹੈ। ਅਸਾਂ ਕਿਹਾ, ਚਲੋ ਉਸ ਨਾਲ ਹੀ ਸੌਦਾ ਚਲ ਕਰੀਏ। ਸੰਞ ਵੇਲੇ ਉਸ ਦੀ ਹਵੇਲੀ ਅਪੜੇ, ਅਤੇ ਰੋਜ਼-ਨਾਮਚਿਆਂ ਦੀ ਗੱਲ ਕੀਤੀ। ਉਸ ਨੇ ਕਿਹਾ ਕਿ ਹਾਂ, ਮੈਂ ਹੀ ਲੈ ਆਇਆ ਸਾਂ। ਪਰ ਮੈਂ ਵੇਚ ਨਹੀਂ ਸਕਦਾ, ਮੈਂ ਆਪਣੇ ਲਈ ਖ਼ਰੀਦੇ ਹਨ। ਅਸਾਂ ਕਿਹਾ ਕਿ ਦਰਸ਼ਨ ਹੀ ਕਰਵਾ ਦੇਵੋ। ਉਸ ਨੇ ਕਿਹਾ ਕਿ ਮੈਂ ਹੁਣ ਪੈਨਸ਼ਨ ਲੈ ਕੇ ਆਪਣੇ ਵਤਨ ਝੰਗ ਨੂੰ ਜਾ ਰਿਹਾ ਹਾਂ, ਅਸਬਾਬ ਬੰਦ ਹੋ ਰਿਹਾ ਹੈ, ਇਸ ਲਈ ਪਤਾ ਨਹੀਂ ਓਹ ਰੋਜ਼-ਨਾਮਚੇ ਕਿਥੇ ਹੋਣਗੇ; ਪਰ ਜੇਕਰ ਤੁਸਾਂ ਹੋਰ ਪੁਰਾਣੀਆਂ ਪੁਸਤਕਾਂ ਵੇਖਣੀਆਂ ਹੋਣ ਤਾਂ ਵਿਖਾ ਸਕਦਾ ਹਾਂ। ਅਸਾਂ ਕਿਹਾ ਕਿ ਏਸੇ ਤਰ੍ਹਾਂ ਸਹੀ। ਉਸ ਰੱਬ ਦੇ ਬੰਦੇ ਨੇ ਪਾਸ ਦੀ ਅਲਮਾਰੀ ਖੋਲ੍ਹੀ, ਜੋ ਲਿਖਤੀ ਪੁਸਤਕਾਂ ਨਾਲ ਭਰੀ ਪਈ ਸੀ। ਮੈਂ ਕੁਝ ਕੁ ਪੁਸਤਕਾਂ ਵੇਖੀਆਂ ਅਤੇ ਹੈਰਾਨ ਰਹਿ ਗਿਆ ਕਿ ਇਸ ਇਕ ਬੰਦੇ ਪਾਸ ਕਿਤਨਾ ਪੁਰਾਣਾ ਮਸਾਲਾ ਜਮ੍ਹਾ ਪਿਆ ਹੈ। ਮੈਂ ਸੱਚ ਕਹਿੰਦਾ ਹਾਂ ਕਿ ਸਾਡੇ ਕਿਸੇ ਸਿਖ ਸਰਦਾਰ ਪਾਸ ਉਨ੍ਹਾਂ ਪੁਸਤਕਾਂ ਦਾ ਪਾਸੰਗ ਮਾਤਰ ਵੀ ਨਹੀਂ ਹੋਵੇਗਾ।

ਇਹ ਮੈਂ ਇਕ ਸਿਰ-ਬੀਤੀ ਦੀ ਵਾਰਤਾ ਲਿਖੀ ਹੈ, ਕੇਵਲ ਇਹ ਦਸਣ ਲਈ ਕਿ ਸਾਡਾ ਬਹੁਤ ਸਾਰਾ ਇਤਿਹਾਸਕ ਮਸਾਲਾ ਅੱਡ ਅੱਡ ਥਾਈਂ ਖਿੰਡਿਆ ਪਿਆ ਹੈ, ਪਰ ਉਸ ਨੂੰ ਇਕੱਠਾ ਕਰਨ ਦਾ ਕੋਈ ਜਤਨ ਨਹੀਂ ਹੋ ਰਿਹਾ। ਅਸਲ ਗੱਲ ਇਹ ਹੈ ਕਿ ਸਾਨੂੰ ਉਨ੍ਹਾਂ ਪੁਰਾਣੀਆਂ ਲਿਖਤਾਂ ਦੀ ਕਦਰ ਨਹੀਂ, ਪੁਰਾਣੀਆਂ ਲਿਖਤਾਂ ਇਕੱਠੀਆਂ ਕਰਨ ਦੀ ਸਾਡੇ ਅੰਦਰ ਚਾਹ ਹੀ ਨਹੀਂ। ਇਹੋ ਹੀ ਕਾਰਨ ਹੈ ਕਿ ਮੈਨੂੰ ਕਿਸੇ ਵੀ ਸਿਖ ਘਰਾਣੇ ਵਿਚੋਂ ਕੋਈ ਪੁਰਾਣੀ ਪੁਸਤਕ ਕਦੇ ਨਹੀਂ ਮਿਲੀ।

ਮੈਨੂੰ ਪਤਾ ਲਗਾ ਕਿ ਪੱਟੀ ਵਿਚ ਪੁਰਾਣੇ ਕਾਗ਼ਜ਼ ਪਏ ਹਨ। ਮੈਂ ਉਸ ਕਾਗ਼ਜ਼ਾਂ ਵਾਲੇ ਪਾਸ ਪੁਜਾ, ਤੇ ਪੁਰਾਣੇ ਕਾਗ਼ਜ਼ਾਂ ਦੇ ਬਸਤੇ ਵੇਖੇ। ਮੈਨੂੰ ਉਸ ਨੇ ਦਸਿਆ ਕਿ ਇਹ ਕਾਗ਼ਜ਼ ਤਾਂ ਐਵੇਂ ਰੂੰਗਾ ਝੂੰਗਾ ਹੀ ਹਨ, ਅਸਲ ਕਾਗ਼ਜ਼ ਤਾਂ ਫ਼ਲਾਣੇ ਪਿੰਡ ਜਾ ਚੁਕੇ ਹਨ। ਉਹ ਰੂੰਗਾ ਝੂੰਗਾ ਵੀ ਕੁਝ ਘਟ ਜ਼ਰੂਰੀ ਕਾਗ਼ਜ਼ ਨਹੀਂ ਸਨ, ਮੈਂ ਸਭਸ ਨੂੰ ਖ਼ਰੀਦ ਲੈਣਾ ਚਾਹੁੰਦਾ ਸਾਂ, ਪਰ ਮੇਰੇ ਪਾਸ ਪੈਸੇ ਨਹੀਂ ਸਨ। ਉਨ੍ਹਾਂ ਵਿਚੋਂ ਮੈਂ ਇਕ ਕਾਗ਼ਜ਼ ਪਸਿੰਦ ਕੀਤਾ, ਜੋ ਹੱਥ ਦੀ ਹਥੇਲੀ ਨਾਲੋਂ ਛੋਟਾ ਹੀ ਸੀ, ਤੇ ਉਸ ਦਾ ਮੁੱਲ ਪੁੱਛਿਆ। ਉਸ ਨੇ ਮੇਰੇ ਮੂੰਹ ਵਲ ਵੇਖ ਕੇ ਕਿਹਾ ਕਿ ਤੁਸੀਂ ਕੀ ਦੇਂਦੇ ਹੋ ? ਅਸਲ ਵਿਚ ਉਸ ਨੂੰ ਵੀ ਪਤਾ ਨਹੀਂ ਸੀ ਕਿ ਇਹ ਕਾਗ਼ਜ਼ ਕਿਸ ਮੁੱਲ ਦਾ ਹੈ। ਮੈਂ ਪੰਜ

ਰੁਪਏ ਉਸ ਦੇ ਹੱਥ ਉਤੇ ਰਖ ਕੇ ਕਿਹਾ ਕਿ ਮੇਰੇ ਪਾਸ ਇਹੋ ਕੁਝ ਹੈ। ਉਸ ਨੇ ਕਿਹਾ, ਲੈ ਜਾਵੋ।

ਉਹ ਕਾਗਜ਼ ਉਸ ਸਮੇਂ ਦਾ ਸੀ, ਜਦ ਲਾਹੌਰ ਦੇ ਸੂਬੇ ਅਸਲਮ ਖ਼ਾਂ ਨੇ ਨਵਾਬ ਕਪੂਰ ਸਿੰਘ ਨੂੰ ਨਵਾਬੀ ਦਾ ਖ਼ਿਤਾਬ ਦਿੱਤਾ ਸੀ, ਤੇ ਸ੍ਰੀ ਹਰਿਮੰਦਰ ਜੀ ਦੇ ਨਾਮ ੧੯ ਪਿੰਡਾਂ ਦੀ ਜਗੀਰ ਲਾਈ ਸੀ। ਹਰ ਇਕ ਪਿੰਡ ਦਾ ਨਾਂ ਉਸ ਕਾਗਜ਼ ਵਿਚ ਲਿਖਿਆ ਹੋਇਆ ਸੀ। ਉਹ ਪਿੰਡ ਸ੍ਰੀ ਅੰਮ੍ਰਿਤਸਰ ਜੀ ਤੋਂ ਲੈ ਕੇ ਬਾਸਰਕੇ ਗੁਮਾਨਪੁਰਾ ਤੀਕ ਸਨ। ਅੱਜ ਜੇਕਰ ਕੋਈ ਮੈਨੂੰ ਹਜ਼ਾਰ ਰੁਪਿਆ ਵੀ ਉਸ ਕਾਗਜ਼ ਦਾ ਦੇਵੇ, ਤਾਂ ਮੈਂ ਦੇਣ ਨੂੰ ਤਿਆਰ ਨਹੀਂ ਹਾਂ; ਪਰ ਇਹੋ ਜਿਹੇ ਅਨੇਕਾਂ ਕਾਗਜ਼ ਅੱਡ ਅੱਡ ਥਾਈਂ ਪਏ ਹਨ।

ਜਦ ਥਾਉਂ ਥਾਈਂ ਖ਼ਾਲਸਾ ਜੀ ਫੜੀਂਦੇ ਸਨ, ਓਦੋਂ ਦਾ ਇਕ ਸਰਕਾਰੀ ਪਰਵਾਨਾ ਇਕ ਟੱਬਰ ਪਾਸ ਪਿਆ ਹੈ। ਇਹ ਪਰਵਾਨਾ ਲਾਹੌਰ ਦੇ ਸੂਬੇ ਵਲੋਂ ਸੀ ਕਿ ਸਿੱਖਾਂ ਨੂੰ ਫੜੋ, ਗ੍ਰਿਫ਼ਤਾਰ ਕਰੋ। ਸਾਡੇ ਲਈ ਇਹ ਪਰਵਾਨਾ ਕਿਤਨਾ ਕੁ ਜ਼ਰੂਰੀ ਹੈ, ਪਰ ਮੇਰਾ ਖ਼ਿਆਲ ਹੈ ਕਿ ਬਹੁਤ ਥੋੜ੍ਹੇ ਆਦਮੀਆਂ ਨੂੰ ਪਤਾ ਹੈ ਕਿ ਅਜਿਹੇ ਪਰਵਾਨੇ ਅਜੇ ਵੀ ਕਿਤੋਂ ਮਿਲ ਸਕਦੇ ਹਨ।

ਮੈਂ ਲਾਹੌਰ ਦਰਬਾਰ ਦੇ ਰੋਜ਼-ਨਾਮਚਿਆਂ ਦੀ ਗੱਲ ਦੱਸਣ ਲੱਗਾ ਸਾਂ, ਪਰ ਕਿਧਰ ਦਾ ਕਿਧਰ ਚਲਾ ਗਿਆ। ਮੈਂ ਆਪਣੇ ਵਿਤ ਅਨੁਸਾਰ ਲਾਹੌਰ ਦਰਬਾਰ ਸੰਬੰਧੀ ਪੁਰਾਣੇ ਕਾਗਜ਼ ਇਕੱਠੇ ਕੀਤੇ ਸਨ, ਉਨ੍ਹਾਂ ਦੀ ਵੰਨਗੀ ਮੈਂ ਅੱਗੇ ਜਾ ਕੇ ਦਿੱਤੀ ਹੈ। ਇਹ ਵੰਨਗੀ ਹੀ ਹੈ, ਇਸ ਤੋਂ ਵਧ ਹੋਰ ਕੁਝ ਨਹੀਂ। ਮੈਨੂੰ ਨਿਸਚਾ ਹੈ ਕਿ ਜੇਕਰ ਜਤਨ ਕੀਤਾ ਜਾਵੇ, ਤਾਂ ਬਹੁਤ ਪੁਰਾਣਾ ਲਿਖਤੀ ਮਸਾਲਾ ਅਜੇ ਵੀ ਮਿਲ ਸਕਦਾ ਹੈ। ਭਾਵੇਂ ੧੯੦੫ ਤੇ ੧੯੩੦ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ, ਪਰ ਹਿੰਮਤ ਅੱਗੇ ਕੁਝ ਔਖਾ ਨਹੀਂ।

ਮੈਂ ਆਪਣੇ ਕਾਗਜ਼ਾਂ ਵਿਚੋਂ ਛਾਂਟ ਕੇ ਕੇਵਲ ਓਹੋ ਗੱਲਾਂ ਲਿਖੀਆਂ ਹਨ, ਜੋ ਅੱਜ ਤੀਕ ਕਿਸੇ ਤਵਾਰੀਖ਼ ਵਿਚ ਨਹੀਂ ਆਈਆਂ। ਕੋਈ ਤਵਾਰੀਖ਼ ਨਹੀਂ ਦੱਸਦੀ ਕਿ ਚੀਨ ਖੁਤਨ ਦੀਆਂ ਫ਼ੌਜਾਂ ਨੇ ਵੀ ਖ਼ਾਲਸਾ ਜੀ ਪਾਸੋਂ ਹਾਰ ਖਾਧੀ ਸੀ, ਅਤੇ ਸਿੰਧ ਤੇ ਸ਼ਿਕਾਰਪੁਰ ਦੇ ਹਾਕਮ ਵੀ ਲਾਹੌਰ ਦਰਬਾਰ ਨੂੰ ਹਰ ਸਾਲ ਨਜ਼ਰਾਨੇ ਘੱਲਿਆ ਕਰਦੇ ਸਨ। ਸਾਡੀਆਂ ਤਵਾਰੀਖ਼ਾਂ ਵਿਚ ਤਾਂ ਕਿਤੇ ਰਿਹਾ, ਪਹਿਲੇ ਪਠਾਣ-ਜੁੱਧ ਦੀ ਕਿਸੇ ਤਵਾਰੀਖ਼ ਵਿਚ ਵੀ ਕਿਸੇ ਇਹ ਨਹੀਂ ਦਸਿਆ ਕਿ ਇਹ ਮੁਹਿੰਮ ਕਦੇ ਸਰ ਨਾ ਹੁੰਦੀ, ਜੇਕਰ ਲਾਹੌਰ ਦਰਬਾਰ ਦੀ ਸਹਾਇਤਾ ਸਰਕਾਰ ਅੰਗਰੇਜ਼ੀ ਨੂੰ ਨਾ ਮਿਲਦੀ। ਜਲਾਲਾਬਾਦ ਦੀ ਸਾਰੀ ਫ਼ੌਜ ਮਾਰੀ ਜਾਣੀ ਸੀ, ਜੇਕਰ ਪਿਸ਼ੌਰੋਂ ਲਾਹੌਰ ਦਰਬਾਰ ਦੀ ਸੈਨਾ ਜਲਾਲਾਬਾਦ ਨਾ ਜਾਂਦੀ। ਏਸੇ ਤਰ੍ਹਾਂ ਹੋਰ ਕਈ ਗੱਲਾਂ ਹਨ, ਜੋ ਪਾਠਕ ਅੱਗੇ ਚੱਲ ਕੇ ਆਪ ਪੜ੍ਹ ਲੈਣਗੇ।

ਮੈਂ ਵੇਰਵੇ ਨਾਲ ਕੋਈ ਗੱਲ ਨਹੀਂ ਲਿਖੀ, ਹਰ ਥਾਂ ਸੰਖੇਪ ਤੋਂ ਹੀ ਕੰਮ ਲਿਆ ਹੈ। ਜੇਕਰ ਮੈਂ ਰੋਜ਼-ਨਾਮਚਿਆਂ ਤੇ ਚਿੱਠੀਆਂ ਦੀ ਪੂਰੀ ਪੂਰੀ ਨਕਲ ਦੇਣ ਲਗਦਾ,

ਤਾਂ ਸਾਰੇ ਰਸਾਲੇ ਵਿਚ ਕੇਵਲ ਇਕ-ਅੱਧੀ ਗੱਲ ਦਾ ਹੀ ਹਾਲ ਆ ਸਕਦਾ ਸੀ। ਪਰ ਮੈਂ ਘੱਟੋ-ਘੱਟ ਪੰਜ ਚਾਰ ਵੰਨਗੀਆਂ ਦਸਣੀਆਂ ਚਾਹੁੰਦਾ ਸਾਂ, ਇਸ ਲਈ ਛਾਂਟ ਛਾਂਟ ਕੇ ਜ਼ਰੂਰੀ ਖ਼ਬਰਾਂ ਹੀ ਲਿਖੀਆਂ ਹਨ, ਛੋਟੀਆਂ ਛੋਟੀਆਂ ਖ਼ਬਰਾਂ ਨੂੰ ਮੈਂ ਜਾਣ ਬੁਝ ਕੇ ਛਡ ਗਿਆ ਹਾਂ।

ਜੋ ਕੁਝ ਮੈਂ ਪੁਰਾਣੇ ਕਾਗ਼ਜ਼ਾਂ ਵਿਚੋਂ ਦਿੱਤਾ ਹੈ, ਇਹ ਜ਼ਰੂਰੀ ਨਹੀਂ ਕਿ ਉਹ ਸੱਭੋ ਕੁਝ ਸੱਚੋ-ਸੱਚ ਹੋਵੇ। ਇਸ ਲਈ ਇਨ੍ਹਾਂ ਖ਼ਬਰਾਂ ਜਾਂ ਹਾਲਾਂ ਨੂੰ ਅੱਖਰੋ-ਅੱਖਰ ਸੱਚ ਨਹੀਂ ਮੰਨ ਲੈਣਾ ਚਾਹੀਦਾ। ਜਿਸ ਜਿਸ ਥਾਂ ਮੈਂ ਕੋਈ ਭੁੱਲ ਸਮਝਦਾ ਸਾਂ, ਉਸ ਨੂੰ ਸੋਧਣ ਦਾ ਜਤਨ ਨਹੀਂ ਕੀਤਾ। ਮੈਂ ਅਸਲ ਕਾਗ਼ਜ਼ਾਂ ਦੀ ਨਕਲ ਦਿੱਤੀ ਹੈ, ਚਾਹੇ ਉਹ ਸ਼ੁੱਧ ਹੋਵੇ ਚਾਹੇ ਅਸ਼ੁੱਧ। ਇਹ ਕੰਮ ਇਤਿਹਾਸਕਾਰ ਦਾ ਹੈ ਕਿ ਉਹ ਦੁੱਧ ਪਾਣੀ ਨੂੰ ਅੱਡ ਅੱਡ ਕਰੇ।

ਮੈਂ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਪੁਰਾਣੇ ਕਾਗ਼ਜ਼ਾਂ ਨੂੰ ਇਕੱਠੇ ਨਾ ਕਰਨ ਵਿਚ ਅਸੀਂ ਭਾਰੀ ਭੁੱਲ ਕਰ ਰਹੇ ਹਾਂ। ਕਿਸੇ ਦਿਨ ਨੂੰ ਇਕ ਕਾਗ਼ਜ਼ ਵੀ ਨਹੀਂ ਮਿਲ ਸਕੇਗਾ ਅਤੇ ਜੋ ਕੋਈ ਮਿਲੇਗਾ ਵੀ, ਤਾਂ ਬਹੁਤ ਮੁੱਲ ਦੇ ਕੇ। ਅੱਜ ਤੋਂ ਪੰਝੀ ਤੀਹ ਸਾਲ ਪਹਿਲਾਂ ਲਾਹੌਰ ਵਿਚ ਕੇਵਲ ਇਕ ਦੁਕਾਨ ਸੀ, ਜਿਸ ਦਾ ਕੰਮ ਪੁਰਾਣੇ ਕਾਗ਼ਜ਼ ਖ਼ਰੀਦਣਾ ਤੇ ਅੰਗਰੇਜ਼ਾਂ ਪਾਸ ਵੇਚਣਾ ਸੀ। ਅੱਜ-ਕੱਲ੍ਹ ਅਜਿਹੀਆਂ ਕਈ ਦੁਕਾਨਾਂ ਹਨ, ਜਿਸ ਕਰਕੇ ਦਿਨੋ-ਦਿਨ ਇਹ ਪੁਰਾਣੇ ਕਾਗ਼ਜ਼ ਯੂਰਪ ਨੂੰ ਤੁਰੇ ਜਾ ਰਹੇ ਹਨ।

ਲਾਹੌਰ ਦਰਬਾਰ ਦੇ ਇਕ ਕਾਗ਼ਜ਼ ਦੀ ਮੈਨੂੰ ਡਾਢੀ ਲੋੜ ਸੀ, ਜਿਸ ਵਿਚ ਖ਼ਾਲਸਾ ਜੀ ਦੇ ਲਾਹੌਰੋਂ ਕੂਚ ਕਰਨ ਤੋਂ ਲੈ ਕੇ ਸਭਰਾਵਾਂ ਦੀ ਲੜਾਈ ਦੇ ਅਖ਼ੀਰ ਤੀਕ ਦੇ ਤਰੀਕ-ਵਾਰ ਹਾਲ ਸਨ। ਮੈਨੂੰ ਪਤਾ ਲੱਗ ਚੁੱਕਾ ਸੀ ਕਿ ਅਸਲ ਕਾਗ਼ਜ਼ ਇੰਗਲੈਂਡ ਜਾ ਚੁੱਕਾ ਹੈ, ਪਰ ਉਸ ਦੀਆਂ ਨਕਲਾਂ ਕਿਤੇ ਕਿਤੇ ਅਜੇ ਵੀ ਹਨ। ਭਾਲ ਕਰਦਿਆਂ ਮੈਨੂੰ ਪਤਾ ਲੱਗਾ ਕਿ ਇਹ ਕਾਗ਼ਜ਼ ਫ਼ਲਾਣੇ ਆਦਮੀ ਪਾਸ ਹੈ, ਜੋ ਪੁਰਾਣੇ ਕਾਗ਼ਜ਼ ਖ਼ਰੀਦਦਾ ਤੇ ਵੇਚਦਾ ਹੈ। ਮੈਂ ਉਸ ਪਾਸ ਪੁੱਜਾ ਤੇ ਉਸ ਨੇ ਮੈਨੂੰ ਦੱਸਿਆ ਕਿ ਹਾਂ, ਮੇਰੇ ਪਾਸ ਉਹ ਕਾਗ਼ਜ਼ ਹੈ। ਮੈਂ ਜਦ ਉਸ ਦੇ ਕਾਗ਼ਜ਼ ਵੇਖੇ, ਤਾਂ ਮਲੂਮ ਹੋਇਆ ਕਿ ਜੋ ਕੁਝ ਮੇਰੇ ਪਾਸ ਹੈ, ਉਸ ਤੋਂ ਵੱਧ ਉਸ ਪਾਸ ਕੁਝ ਨਹੀਂ, ਅਤੇ ਜਿਸ ਰੋਜ਼-ਨਾਮਚੇ ਦੀ ਭਾਲ ਮੈਂ ਕਰ ਰਿਹਾ ਸਾਂ, ਉਸ ਦਾ ਆਖ਼ਰੀ ਹਿੱਸਾ ਉਸ ਪਾਸ ਵੀ ਨਹੀਂ। ਇਸ ਲਈ ਗੱਲ ਰਹਿ ਗਈ।

ਤਦ ਉਸ ਨੇ ਮੈਨੂੰ ਗੁਰਮੁਖੀ ਦੀ ਲਿਖਤ ਦੀ ਇਕ ਬਹੁਤ ਪੁਰਾਣੀ ਜਨਮ-ਸਾਖੀ ਵਿਖਾਈ, ਜਿਸ ਬਾਬਤ ਉਸ ਨੇ ਮੈਨੂੰ ਦੱਸਿਆ ਕਿ ਮੈਂ ਥੋੜ੍ਹੇ ਹੀ ਦਿਨਾਂ ਤੋਂ ਜਗਦੇਉ ਪਿੰਡ ਜ਼ਿਲਾ ਅੰਮ੍ਰਿਤਸਰ ਤੋਂ ਖ਼ਰੀਦ ਕੇ ਲਿਆਇਆ ਹਾਂ। ਮੈਨੂੰ ਚੂੰਕਿ ਕੇਵਲ ਲਾਹੌਰ ਦਰਬਾਰ ਦੇ ਰੋਜ਼-ਨਾਮਚਿਆਂ ਦੀ ਲੋੜ ਸੀ, ਇਸ ਲਈ ਮੈਂ ਕੋਈ ਗਹੁ ਨਾ ਕੀਤਾ। ਪਰ ਮੈਂ ਹੈਰਾਨ ਸਾਂ ਕਿ ਇਹ ਆਦਮੀ ਕਿਸ ਤਰ੍ਹਾਂ ਪਿੰਡਾਂ ਵਿਚੋਂ ਵੀ ਪੁਰਾਣੀਆਂ ਪੁਰਾਣੀਆਂ ਪੁਸਤਕਾਂ ਇਕੱਠੀਆਂ ਕਰੀ ਜਾਂਦੇ ਹਨ, ਅਤੇ ਯੂਰਪੀਨਾਂ ਹੱਥ ਵੇਚ ਕੇ ਸਾਡੇ ਦੇਸ ਦੀਆਂ ਅਮੋਲਕ ਚੀਜ਼ਾਂ ਯੂਰਪ ਨੂੰ ਘੱਲ ਰਹੇ ਹਨ।

ਜੇਕਰ ੧੯੦੫-੦੭ ਵਿਚ ਕੋਈ ਜਥਾ ਮੇਰੀ ਸਹਾਇਤਾ ਕਰਨ ਵਾਲਾ ਹੁੰਦਾ ਤਾਂ ਪੁਰਾਣੇ ਕਾਗ਼ਜ਼ ਕੌਡੀਆਂ ਦੇ ਮੁੱਲ ਇਕੱਠੇ ਕੀਤੇ ਜਾ ਸਕਦੇ ਸਨ। ਹੁਣ ਵੀ ਓਹ ਕਾਗ਼ਜ਼ ਮਿਲ ਸਕਦੇ ਸਨ, ਪਰ ਬਹੁਤ ਮਹਿੰਗੇ; ਅਤੇ ਕੁਝ ਸਮੇਂ ਨੂੰ ਹੋਰ ਵੀ ਮਹਿੰਗੇ ਹੋ ਜਾਣਗੇ। ਲੋੜ ਇਸ ਗੱਲ ਦੀ ਹੈ ਕਿ ਕੋਈ ਜਥਾ ਲੱਕ ਬੰਨ੍ਹ ਕੇ ਇਸ ਕੰਮ ਦੇ ਮਗਰ ਪਵੇ, ਇਕੱਲੇ ਦੁਕੱਲੇ ਦੇ ਕਰਨ ਦਾ ਇਹ ਕੰਮ ਨਹੀਂ।

*—ਕਰਮ ਸਿੰਘ*

## ਅਖ਼ਬਾਰ ਲੁਧਿਆਨਾ


'ਅਖ਼ਬਾਰ ਲੁਧਿਆਨਾ' ਨਾਂ ਦਾ ਇਕ ਅਖ਼ਬਾਰ ਸੰਨ ੧੮੩੫ ਈ: ਦੀ ਪਹਿਲੀ ਜਨਵਰੀ ਤੋਂ ਲੁਧਿਆਣੇ ਤੋਂ ਨਿਕਲਣਾ ਸ਼ੁਰੂ ਹੋਇਆ ਸੀ। ਇਹ ਹਫ਼ਤਾ-ਵਾਰ ਅਖ਼ਬਾਰ ਸੀ, ਜੋ 'ਅਮਰੀਕਨ ਮਿਸ਼ਨ ਪ੍ਰੈਸ' ਲੁਧਿਆਣਾ ਵਿਚ ਛਪਦਾ ਸੀ। ਇਸ ਵਿਚ ਲਾਹੌਰ ਦਰਬਾਰ ਦੇ ਹਾਲਾਂ ਦਾ ਰੋਜ਼-ਨਾਮਚਾ ਛਪਿਆ ਕਰਦਾ ਸੀ ਅਤੇ ਪੰਜਾਬ ਤੋਂ ਬਿਨਾਂ ਸਿੰਧ ਤੇ ਅਫ਼ਗਾਨਿਸਤਾਨ ਦੀਆਂ ਖ਼ਬਰਾਂ ਵੀ ਇਸ ਵਿਚ ਹੁੰਦੀਆਂ ਸਨ।

ਸਰਕਾਰ ਅੰਗਰੇਜ਼ੀ ਦੇ ਉਜਾਗਰ ਜਾਂ ਲੁਕਵੇਂ-ਛਿਪਵੇਂ ਅਖ਼ਬਾਰ-ਨਵੀਸ ਸਾਰੇ ਸਰਹੱਦੀ ਇਲਾਕਿਆਂ ਵਿਚ ਰਹਿੰਦੇ ਸਨ, ਤੇ ਓਧਰ ਦੀਆਂ ਖ਼ਬਰਾਂ ਘੱਲਦੇ ਰਹਿੰਦੇ ਸਨ। ਇਹ ਅਖ਼ਬਾਰ-ਨਵੀਸ ਗਵਰਨਰ ਜਨਰਲ ਦੇ ਸਰਹੱਦੀ ਏਜੰਟ ਕਲਾਰਕ ਸਾਹਿਬ (ਲੁਧਿਆਣਾ) ਦੇ ਅਧੀਨ ਸਨ, ਜੋ ਸਰਹੱਦੀ ਇਲਾਕੇ ਦੀਆਂ ਖ਼ਬਰਾਂ ਛਾਂਟ ਕੇ ਦਿੱਲੀ ਦੇ ਰੈਜ਼ੀਡੰਟ ਨੂੰ ਘੱਲਿਆ ਕਰਦੇ ਸਨ, ਤੇ ਉਹ ਉਥੋਂ ਕਲਕੱਤੇ ਨੂੰ ਘੱਲਿਆ ਕਰਦਾ ਸੀ।

ਅੰਤ ਜਦ ਲਾਹੌਰ ਦਰਬਾਰ ਦਾ ਕੰਮ ਬਹੁਤ ਵਧ ਗਿਆ, ਅਤੇ ਸਰਹੱਦੀ ਇਲਾਕੇ ਦੇ ਅਫ਼ਸਰਾਂ ਨੂੰ ਸਰਹੱਦੀ ਖ਼ਬਰਾਂ ਤੋਂ ਜਾਣੂੰ ਕਰਨਾ ਜ਼ਰੂਰੀ ਸਮਝਿਆ ਗਿਆ, ਤਾਂ ੧੮੩੫ ਈ: ਤੋਂ ਇਹ 'ਅਖ਼ਬਾਰ ਲੁਧਿਆਨਾ' ਜਾਰੀ ਕੀਤਾ ਗਿਆ। ਇਹ ਆਮ ਆਦਮੀਆਂ ਵਾਸਤੇ ਨਹੀਂ ਸੀ, ਇਹ ਇਕ ਤਰ੍ਹਾਂ ਦਾ ਸਰਕਾਰੀ ਪਰਚਾ ਸੀ, ਜੋ ਸਰਕਾਰੀ ਅਫ਼ਸਰਾਂ ਦੀ ਵਾਕਫ਼ੀ ਲਈ ਛਾਪਿਆ ਜਾਂਦਾ ਸੀ। ਪਰ ਕਿਸੇ ਨਾ ਕਿਸੇ ਤਰ੍ਹਾਂ ਇਸ ਅਖ਼ਬਾਰ ਦੇ ਛਪੇ ਪਰਚੇ ਜਾਂ ਇਨ੍ਹਾਂ ਦੀਆਂ ਨਕਲਾਂ ਕਈ ਥਾਈਂ ਅਪੜ ਪੈਂਦੀਆਂ ਸਨ।

ਜਦ ਮੈਂ ਪੁਰਾਣੇ ਕਾਗ਼ਜ਼ਾਂ ਦੀ ਭਾਲ ਕਰ ਰਿਹਾ ਸਾਂ, ਤਾਂ ਓਦੋਂ ਇਸ ਅਖ਼ਬਾਰ ਦੇ ਵੀ ਕੁਝ ਪਰਚੇ ਮੈਨੂੰ ਮਿਲੇ ਸਨ। ਜੇਕਰ ਜਤਨ ਕੀਤਾ ਜਾਵੇ, ਤਾਂ ਇਸ ਅਖ਼ਬਾਰ ਦੀ ਪੂਰੀ ਫ਼ਾਈਲ ਕਿਤੋਂ ਨਾ ਕਿਤੋਂ ਜ਼ਰੂਰ ਲੱਭ ਸਕਦੀ ਹੈ, ਪਰ ਸਵਾਲ ਇਹ ਹੈ ਕਿ ਜਤਨ ਕੌਣ ਕਰੇ ? ਹਰ ਕੋਈ ਇਹੋ ਚਾਹੁੰਦਾ ਹੈ ਕਿ ਮੈਨੂੰ ਕੁਝ ਨਾ ਕਰਨਾ ਪਵੇ, ਪਰ ਦੂਜਾ ਇਹ ਕੰਮ ਜ਼ਰੂਰ ਕਰੇ। ਜਦ ਤੀਕ ਸਾਡੀ ਬਿਰਤੀ ਇਸ ਪਰਕਾਰ ਦੀ ਨਹੀਂ ਹੁੰਦੀ, ਕਿ ਇਹ ਕੰਮ ਮੈਂ ਕਰਦਾ ਹਾਂ, ਦੂਜਾ ਚਾਹੇ ਕੁਝ ਕਰੇ ਚਾਹੇ ਨਾ ਕਰੇ, ਤਦ ਤੀਕ ਅਜਿਹੇ ਕੰਮ ਸਿਰੇ ਨਹੀਂ ਚੜ੍ਹਿਆ ਕਰਦੇ। ਸਿਖ-ਇਤਿਹਾਸ ਦਾ ਕੰਮ ਤਾਂ ਬੜਾ

## 'ਅਖ਼ਬਾਰ ਲੁਧਿਆਨਾ' ਦਾ ਨਮੂਨਾ


اخبار لودھیانہ

ਇਹ 15 ਅਕਤੂਬਰ 1836 ਈ. ਦਾ ਪਰਚਾ ਹੈ। ਫ਼ਾਰਸੀ ਦਾ ਟਾਈਪ ਹੈ ਅਤੇ ਹੁਣ ਦੇ ਉਰਦੂ ਟਾਈਪ ਨਾਲੋਂ ਚੰਗਾ ਹੈ।

ਜ਼ਰੂਰੀ ਹੈ, ਪਰ ਬਹੁਤ ਥੋੜ੍ਹੇ ਸੱਜਣ ਇਸ ਦੀ ਲੋੜ ਨੂੰ ਪਰਤੀਤ ਕਰਦੇ ਹਨ। ਇਹੋ ਕਾਰਨ ਹੈ ਕਿ ਸਾਡਾ ਇਤਿਹਾਸ ਐਵੇਂ ਖੇਡ-ਖਿਡੱਈਆ ਹੈ, ਇਤਿਹਾਸ ਕੋਈ ਨਹੀਂ।

ਥੋੜ੍ਹੇ ਹੀ ਦਿਨਾਂ ਦੀ ਗੱਲ ਹੈ ਕਿ ਮੈਂ ਇਕ ਅਖ਼ਬਾਰ ਵਿਚ ਖ਼ਾਲਸਾ ਦਲ ਦੇ ਇਕ ਹੱਲੇ ਦਾ ਹਾਲ ਪੜ੍ਹਿਆ ਸੀ। ਇਹ ਹਾਲ ਇੰਨ-ਬਿੰਨ ਓਸੇ ਤਰ੍ਹਾਂ ਦਰਜ ਸੀ, ਜਿਸ ਤਰ੍ਹਾਂ ਕਿ ਸਾਡੀ *ਖ਼ਾਲਸਾ ਤਵਾਰੀਖ਼* ਵਿਚ ਦਰਜ ਹੈ : ਅਰਥਾਤ ਅਹਿਮਦ ਸ਼ਾਹ ਦੇ ਪੰਜਾਬੋਂ ਮੁੜਦਿਆਂ ਹੀ ਖ਼ਾਲਸਾ ਦਲ ਨੇ ਚਾਲੇ ਪਾਏ, ਅਤੇ ਸਾਰੇ ਰਾਜ-ਪੂਤਾਨੇ ਨੂੰ ਸੋਧ ਕੇ ਤੇ ਰਾਹ ਵਿਚਲੇ ਅੜਨ-ਭਿੜਨ ਵਾਲਿਆਂ ਨੂੰ ਭੰਨ ਕੇ ਪੰਜਾਬ ਨੂੰ ਵਾਪਸ ਆ ਗਏ। ਇਸ ਇਕ ਹੱਲੇ ਵਿਚ ਅਖ਼ੀਰ ਸੰਮਤ ੧੮੨੩ ਬਿ: ਵਿਚ ਸ਼ਹੀਦ ਹੋਏ ਸਰਦਾਰ ਮਿਤ ਸਿੰਘ ਦਾ ਹਾਲ ਵੀ ਹੈ। ਸੰਮਤ ੧੮੫੮ ਬਿ: ਵਿਚ ਹੋਈ ਜਾਰਜ ਥਾਮਸ ਨਾਲ ਲੜਾਈ ਵੀ ਹੈ, ਇਸ ਤੋਂ ਮਗਰੋਂ ਹੋਈ ਬੇਗਮ ਸਿਮਰੂ ਨੂੰ ਮਿਲਣਾ ਵੀ ਹੈ। ਤੇ ਸੰਮਤ ੧੮੬੫ ਬਿ: ਤੋਂ ਮਗਰੋਂ ਹੋਏ ਲੁਹਾਰੂ ਵਾਲਿਆਂ ਨਾਲ ਵੀ ਗੱਲ ਬਾਤ ਹੈ। ਅਰਥਾਤ ਚਾਲ੍ਹੀ ਪੰਤਾਲੀ ਸਾਲ ਦੀ ਵਿਥ ਦੀਆਂ ਗੱਲਾਂ ਇਕ ਸਾਲ ਵਿਚ ਇਕੱਠੀਆਂ ਕਰ ਦਿੱਤੀਆਂ ਹਨ। ਇਹ ਹੈ ਉਸ ਸਾਡੀ ਤਵਾਰੀਖ਼ ਦਾ ਹਾਲ, ਜਿਸ ਨੂੰ ਅਸੀਂ ਪ੍ਰਮਾਣੀਕ ਤਵਾਰੀਖ਼ ਕਹਿੰਦੇ ਹਾਂ, ਤੇ ਜਿਸ ਦੇ ਆਧਾਰ ਉਤੇ ਸਾਡੇ ਲਿਖਾਰੀ ਇਤਿਹਾਸਕ ਲੇਖ ਲਿਖਦੇ ਹਨ।

ਸੰਮਤ ੧੮੨੦ ਬਿ: ਤੋਂ ਲੈ ਕੇ ਸੰਮਤ ੧੮੬੫ ਬਿ: ਤੀਕ ਇਨ੍ਹਾਂ ਪੰਜਤਾਲੀ ਸਾਲਾਂ ਵਿਚ ਖ਼ਾਲਸਾ ਜੀ ਨੇ ਦਿੱਲੀ ਆਦਿ ਦੇ ਇਲਾਕਿਆਂ ਉਤੇ ਘਟੋ ਘਟ ਵੀਹ ਪੰਝੀ ਉਘੇ ਉਘੇ ਹੱਲੇ ਕੀਤੇ ਹੋਣਗੇ। ਸਾਡੇ ਇਤਿਹਾਸ ਵਿਚ ਇਨ੍ਹਾਂ ਹੱਲਿਆਂ ਦਾ ਕੋਈ ਸਿਲਸਿਲੇ-ਵਾਰ ਵੇਰਵਾ ਨਹੀਂ ਦਿੱਤਾ ਹੋਇਆ, ਐਵੇਂ ਦਾਲ-ਚਾਉਲ ਰਲਾ ਕੇ ਖਿਚੜੀ ਭੱਪਾ ਬਣਾਇਆ ਹੋਇਆ ਹੈ : ਸਿਰ ਕਿਤੇ, ਲੱਤ ਕਿਤੇ, ਹੱਥ ਕਿਤੇ, ਬਾਂਹ ਕਿਤੇ। ਇਨ੍ਹਾਂ ਸਮਾਚਾਰਾਂ ਦੀ ਤਰਤੀਬ ਲਈ ਸਮਕਾਲੀ ਮੁਸਲਮਾਨੀ ਇਤਿਹਾਸਾਂ ਨੂੰ ਵਾਚਣਾ ਬੜਾ ਜ਼ਰੂਰੀ ਹੈ। ਪਰ ਉਹ ਸਮਕਾਲੀ ਇਤਿਹਾਸ ਆਉਣ ਕਿਥੋਂ, ਤੇ ਉਨ੍ਹਾਂ ਨੂੰ ਵਾਚੇ ਕੌਣ। ਸਾਡੇ ਇਤਿਹਾਸ ਦੇ ਸਿਰੇ ਚੜ੍ਹਨ ਵਿਚ ਐਤਨੀਆਂ ਔਕੜਾਂ ਹਨ ਕਿ ਸੁਖਾਲਾ ਰਾਹ ਕੋਈ ਨਜ਼ਰ ਨਹੀਂ ਆਉਂਦਾ। ਮੈਂ ਲਾਹੌਰ ਦਰਬਾਰ ਤੋਂ ਛੁਟ ਹੋਰਸ ਕਿਸੇ ਸਮੇਂ ਨੂੰ ਇਸ ਇਤਿਹਾਸ-ਨੰਬਰ ਵਿਚ ਜ਼ਿਆਦਾ ਛੋਹਣਾ ਨਹੀਂ ਚਾਹੁੰਦਾ, ਇਸ ਲਈ ਇੱਥੇ ਹੀ ਬਸ ਕਰਦਾ ਹਾਂ। 'ਅਖ਼ਬਾਰ ਲੁਧਿਆਨਾ' ਦੀਆਂ ਖ਼ਬਰਾਂ ਦੇ ਨਮੂਨੇ ਅੱਗੇ ਦਿੱਤੇ ਜਾਣਗੇ।

—*ਕਰਮ ਸਿੰਘ*

## ਬਿਰਧਾਂ ਦੇ ਬਿਆਨ

ਸੰਨ ੧੯੦੫-੦੬ ਵਿਚ ਜਦ ਮੈਂ ਪਹਿਲਾਂ ਪਹਿਲ ਇਤਿਹਾਸਕ ਮਸਾਲਾ ਇਕੱਠਾ ਕਰਨ ਲਈ ਦੌਰਾ ਕਰਨ ਲੱਗਾ ਸਾਂ, ਤਾਂ ਓਦੋਂ ਮੇਰਾ ਵਧੀਕ ਧਿਆਨ ਲਾਹੌਰ ਦਰਬਾਰ ਸੰਬੰਧੀ ਮਸਾਲਾ ਇਕੱਠਾ ਕਰਨ ਵੱਲ ਸੀ। ਓਦੋਂ ਮੈਂ ਹੋਰਸ ਪਾਸੇ ਵਲ ਬਹੁਤ

ਘਟ ਧਿਆਨ ਦੇਂਦਾ ਸਾਂ। ਓਨ੍ਹੀਂ ਦਿਨੀਂ ਮੈਨੂੰ ਅਠਾਰ੍ਹਾਂ ਵੀਹ ਕੁ ਬਿਰਧ ਪੁਰਸ਼ ਐਸੇ ਵੀ ਮਿਲੇ ਸਨ, ਜਿਨ੍ਹਾਂ ਨੇ ਲਾਹੌਰ ਦਰਬਾਰ ਦੇ ਤਹਿਤ ਫ਼ੌਜੀ ਨੌਕਰੀਆਂ ਕੀਤੀਆਂ ਸਨ, ਅਤੇ ਜੋ ਖ਼ਾਲਸਾ ਫ਼ੌਜ ਨਾਲ ਹੋ ਕੇ ਅੱਡ ਅੱਡ ਲੜਾਈਆਂ ਵਿਚ ਲੜੇ ਸਨ। ਉਸ ਸਮੇਂ ਮੈਂ ਓਹਨਾਂ ਦੇ ਬਿਆਨ ਲਿਖ ਲਏ ਸਨ।

ਇਨ੍ਹਾਂ ਬਿਆਨਾਂ ਵਿਚ ਮੈਂ ਕੇਵਲ ਓਹੋ ਗੱਲਾਂ ਲਿਖੀਆਂ ਸਨ, ਜੋ ਮੇਰੇ ਲਈ ਨਵੀਆਂ ਸਨ; ਜਿਨ੍ਹਾਂ ਗੱਲਾਂ ਦਾ ਮੈਨੂੰ ਪਤਾ ਸੀ, ਉਹ ਮੈਂ ਛਡ ਜਾਂਦਾ ਰਿਹਾ ਸਾਂ। ਨਮੂਨੇ ਮਾਤਰ ਅਜਿਹੇ ਬਿਰਧ ਪੁਰਸ਼ਾਂ ਦੇ ਕੁਝ ਕੁ ਬਿਆਨ ਮੈਂ ਅੱਗੇ ਦਿੱਤੇ ਹਨ। ਮੈਂ ਇੰਨ-ਬਿੰਨ ਓਹੋ ਕੁਝ ਨਕਲ ਕਰ ਦਿੱਤਾ ਹੈ, ਜੋ ਕੁਝ ਮੈਨੂੰ ਦੱਸਿਆ ਗਿਆ ਸੀ, ਆਪਣੀ ਵਲੋਂ ਮੈਂ ਕਿਸੇ ਵੀ ਗੱਲ ਦਾ ਵਾਧਾ ਘਾਟਾ ਨਹੀਂ ਕੀਤਾ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਬਿਆਨਾਂ ਵਿਚ ਦੱਸੀਆਂ ਸਾਰੀਆਂ ਗੱਲਾਂ ਸੱਚੀਆਂ ਹੋਣ, ਪਰ ਇਹ ਮੌਕੇ ਦੀਆਂ ਗਵਾਹੀਆਂ ਹਨ, ਇਸ ਲਈ ਇਨ੍ਹਾਂ ਨੂੰ ਸਤਿਕਾਰ ਨਾਲ ਵੇਖਣਾ ਚਾਹੀਦਾ ਹੈ।

ਇਹ ਬਿਆਨ ਇਸ ਕਰਕੇ ਵੀ ਖ਼ਾਸ ਧਿਆਨ-ਯੋਗ ਹਨ ਕਿ ਇਹ ਉਸ ਸਮੇਂ ਤੋਂ ਸਠ ਪੈਂਹਠ ਸਾਲ ਪਹਿਲਾਂ ਦੇ ਹਾਲਾਂ ਸੰਬੰਧੀ ਹਨ। ਇਤਨੇ ਚਿਰ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਭੁੱਲ ਜਾਂਦੀਆਂ ਹਨ, ਅਤੇ ਕੇਵਲ ਜ਼ਰੂਰੀ ਜ਼ਰੂਰੀ ਗੱਲਾਂ ਹੀ ਯਾਦ ਰਹਿ ਸਕਦੀਆਂ ਹਨ। ਇਤਨੇ ਚਿਰ ਵਿਚ ਕਿਸੇ ਧੜੇ ਦਾ ਪੱਖਪਾਤ ਵੀ ਜਾਂਦਾ ਰਹਿੰਦਾ ਹੈ, ਇਸ ਲਈ ਅਸਲ ਗੱਲ ਵਿਚ ਵਾਧੇ ਘਾਟੇ, ਜਾਂ ਚੰਗਾ ਮੰਦਾ ਰੰਗ ਦਿੱਤੇ ਜਾਣ ਦਾ ਕੋਈ ਡਰ ਨਹੀਂ ਰਹਿੰਦਾ। ਭਾਵੇਂ ਮੈਨੂੰ ਹਾਲ ਤਾਂ ਬੜੇ ਬੜੇ ਲੰਮੇ ਸੁਣਾਏ ਗਏ ਸਨ, ਪਰ ਮੈਂ ਨੋਟ ਓਹੋ ਕੁਝ ਕੀਤਾ ਸੀ, ਜੋ ਮੇਰੇ ਲਈ ਨਵਾਂ ਸੀ। ਹੋ ਸਕਦਾ ਹੈ ਕਿ ਆਮ ਪਾਠਕਾਂ ਨੂੰ ਇਹ ਹਾਲ ਸਵਾਦਲੇ ਨਾ ਜਾਪਣ, ਕਿਉਂ ਜੁ ਇਹ ਨੋਟ ਜਿਹੇ ਹੀ ਹਨ; ਪਰ ਜੋ ਖੋਜੀ ਲਾਹੌਰ ਦਰਬਾਰ ਦੇ ਹਾਲ ਲਿਖਣ ਲੱਗੂ, ਉਸ ਲਈ ਇਹ ਬੜੇ ਗੁਣਕਾਰ ਸਿੱਧ ਹੋਣਗੇ।

ਇਨ੍ਹਾਂ ਬਿਰਧ ਪੁਰਸ਼ਾਂ ਵਿਚੋਂ ਇਕ ਸੱਜਣ ਉਹ ਸੀ, ਸੋ ਸਰਦਾਰ ਚੇਤ ਸਿੰਘ ਦੇ ਕਤਲ ਕੀਤੇ ਜਾਣ ਸਮੇਂ ਮਹਾਰਾਜਾ ਖੜਕ ਸਿੰਘ ਜੀ ਪਾਸ ਹਾਜ਼ਰ ਸੀ। ਇਕ ਸੱਜਣ ਉਹ ਸੀ, ਜੋ ਸੰਧਾਂਵਾਲੀਆਂ ਦਾ ਨੌਕਰ ਤੇ ਮਹਾਰਾਜਾ ਸ਼ੇਰ ਸਿੰਘ ਜੀ ਦੇ ਕਤਲ ਕੀਤੇ ਜਾਣ ਸਮੇਂ ਹਾਜ਼ਰ ਸੀ। ਇਕ ਸੱਜਣ ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਸਮੇਂ ਖ਼ਾਲਸਾ ਫ਼ੌਜਾਂ ਦੇ ਨਾਲ ਸੀ। ਇਕ ਸੱਜਨ ਮਹਾਰਾਜਾ ਦਲੀਪ ਸਿੰਘ ਦਾ ਅੜਦਲੀ ਸੀ, ਤੇ ਉਸ ਸਮੇਂ ਸਰਦਾਰ ਜਵਾਹਰ ਸਿੰਘ ਦੇ ਨਾਲ ਗਿਆ ਸੀ, ਜਦ ਕੁਰਟਾ ਵਾਲੀਆਂ ਪਲਟਨਾਂ ਨੇ ਸਰਦਾਰ ਜਵਾਹਰ ਸਿੰਘ ਨੂੰ ਕਤਲ ਕੀਤਾ ਸੀ। ਇਕ ਸੱਜਣ ਉਹ ਸੀ, ਜੋ ਖਖਿਆਂ ਭਭਿਆਂ ਦੀ ਬਗ਼ਾਵਤ ਸਮੇਂ ਖੋੜੀ ਦੇ ਕਿਲ੍ਹੇ ਵਿਚੋਂ ਮੁਸਲਮਾਨਾਂ ਦੇ ਕਾਬੂ ਆ ਗਿਆ ਸੀ, ਤੇ ਜੋ ਤਸੀਹੇ ਸਹਾਰ ਕੇ ਵੀ ਆਪਣੇ ਧਰਮ ਉਤੇ ਕਾਇਮ ਰਿਹਾ ਸੀ। ਅੱਡ ਅੱਡ ਲੜਾਈਆਂ ਵਿਚ ਹਿੱਸਾ ਲੈਣ ਵਾਲੇ ਤਾਂ ਕਈ ਬਿਰਧ ਪੁਰਸ਼ ਸਨ। ਇਕ ਬਿਰਧ ਪੁਰਸ਼ ਮੈਨੂੰ ਐਸਾ ਵੀ ਮਿਲਿਆ ਸੀ, ਜੋ ਲੁਹਾਮਾ (ਮੁਦਕੀ), ਫੇਰੂ ਸ਼ਹਿਰ, ਸਭਰਾਵਾਂ, ਰਾਮਨਗਰ, ਮੌਂਗ ਰਸੂਲ (ਚੇਲੀਆਂ ਵਾਲੀ), ਤੇ ਗੁਜਰਾਤ ਦੀਆਂ

ਲੜਾਈਆਂ ਵਿਚ ਲੜਿਆ ਸੀ। ਮੈਂ ਕੇਵਲ ਨਮੂਨੇ-ਮਾਤਰ ਹੀ ਕੁਝ ਬਿਆਨ ਦੇ ਸਕਿਆ ਹਾਂ, ਅਤੇ ਉਹ ਵੀ ਕੇਵਲ ਉਹ, ਜਿਨ੍ਹਾਂ ਦਾ ਰੋਜ਼-ਨਾਮਚਿਆਂ ਤੇ ਪੁਰਾਣੇ ਕਾਗ਼ਜ਼ਾਂ ਤੋਂ ਦਿੱਤੇ ਹਾਲਾਂ ਨਾਲ ਕੁਝ ਕੁਝ ਸੰਬੰਧ ਸੀ।

*—ਕਰਮ ਸਿੰਘ*

## ਮੇਰਾ ਪਹਿਲਾ ਜਤਨ

ਪੰਜਾਬ ਵਿਚ ਪਹਿਲੀ ਪਲੇਗ ਪਈ, ਤੇ ਲੋਕੀ ਮੱਖੀਆਂ ਵਾਙ ਮਰਨ ਲੱਗੇ। ਓਦੋਂ ਹੀ ਮੈਨੂੰ ਸਿਖ-ਇਤਿਹਾਸ ਦਾ ਮਸਾਲਾ ਇਕੱਠਾ ਕਰਨ ਦੀ ਚੇਟਕ ਲੱਗੀ ਸੀ। ਪੁਰਾਣੇ ਪੁਰਾਣੇ ਆਦਮੀ ਮਰਦੇ ਜਾ ਰਹੇ ਸਨ, ਅਤੇ ਮੈਂ ਵੇਖਦਾ ਸਾਂ ਕਿ ਇਨ੍ਹਾਂ ਬਿਰਧ ਪੁਰਸ਼ਾਂ ਦੇ ਨਾਲ ਸਾਡਾ ਜ਼ਰੂਰੀ ਇਤਿਹਾਸਕ ਮਸਾਲਾ ਵੀ ਅਲੋਪ ਹੁੰਦਾ ਜਾਂਦਾ ਹੈ। ਮੈਂ ਆਪਣੀ ਬੀ.ਏ. ਦੀ ਪੜ੍ਹਾਈ ਛੱਡੀ, ਤੇ ਬਿਰਧ ਪੁਰਸ਼ਾਂ ਨੂੰ ਟੋਲ ਟੋਲ ਕੇ ਪੁਰਾਣੇ ਹਾਲ ਜਮ੍ਹਾ ਕਰਨ ਲੱਗ ਪਿਆ। ਸਤਿਗੁਰ ਜੀ ਦੀ ਕਿਰਪਾ ਸੀ, ਮੈਨੂੰ ਚੰਗੀ ਸਫਲਤਾ ਹੋਈ, ਤੇ ਸੋਹਣਾ ਮਸਾਲਾ ਇਕੱਠਾ ਹੋ ਗਿਆ।

ਓਨੀਂ ਦਿਨੀਂ ਮੈਨੂੰ ਪਤਾ ਲੱਗਾ ਕਿ ਕਾਦਰਾਬਾਦ (ਜ਼ਿਲਾ ਗੁਜਰਾਤ) ਦਾ ਇਕ ਆਦਮੀ ਰਾਜਾ ਸ਼ੇਰ ਸਿੰਘ ਦੇ ਡੇਰੇ ਵਿਚ ਹਾਜ਼ਰ ਸੀ, ਜਦ ਰਾਜਾ ਸ਼ੇਰ ਸਿੰਘ ਕਾਦਰਾਬਾਦ ਆ ਕੇ ਉਤਰਿਆ ਰਿਹਾ ਸੀ। ਓਨ੍ਹੀਂ ਦਿਨੀਂ ਗੁਜਰਾਤ ਦੇ ਜ਼ਿਲੇ ਵਿਚ ਪਲੇਗ ਬੜੇ ਜ਼ੋਰਾਂ ਉਤੇ ਸੀ। ਮੈਂ ਕਾਦਰਾਬਾਦ ਪੁੱਜਾ, ਜੋ ਪਲੇਗ ਨਾਲ ਉੱਜੜ ਚੁੱਕਾ ਸੀ। ਲੋਕੀ ਪਿੰਡ ਛੱਡ ਕੇ ਨਸ ਗਏ ਸਨ ਤੇ ਰਾਹੀ ਪਾਂਧੀ ਕਹਿੰਦੇ ਸਨ ਕਿ ਕਾਦਰਾਬਾਦ ਨਾ ਜਾਵੀਂ, ਮਰ ਜਾਵੇਂਗਾ। ਪਰ ਮੈਨੂੰ ਬੁੱਢੇ ਦੀ ਖਿੱਚ ਸੀ, ਮੈਂ ਪੁੱਛਦਾ-ਪੁਛਾਉਂਦਾ ਉਸ ਪਾਸ ਪੁੱਜਾ। ਉਹ ਇਕ ਖੂਹ ਉਤੇ ਉਤਰਿਆ ਹੋਇਆ ਸੀ, ਤੇ ਪਲੇਗ ਨਾਲ ਬੀਮਾਰ ਸੀ। ਉਹ ਵਿਚਾਰਾ ਆਖ਼ਰੀ ਦਮਾਂ ਉਤੇ ਸੀ, ਪਰ ਮੇਰਾ ਜਤਨ ਇਹ ਸੀ ਕਿ ਉਸ ਦੀ ਰਤਾ ਕੁ ਸੁਰਤ ਸੰਭਲੇ ਤਾਂ ਮੈਂ ਦੋ ਗੱਲਾਂ ਹੀ ਕਰ ਲਵਾਂ। ਘਰ ਵਾਲੇ ਵੀ ਮੇਰੇ ਨਾਲ ਹਮਦਰਦੀ ਕਰਦੇ ਸਨ ਕਿ ਮੈਂ ਐਡੀ ਦੂਰੋਂ ਚਲ ਕੇ ਉਨ੍ਹਾਂ ਦੇ ਵੱਡ-ਵਡੇਰੇ ਨੂੰ ਮਿਲਣ ਆਇਆ ਸਾਂ, ਪਰ ਮੇਰੀ ਮਿਹਨਤ ਅਫਲ ਗਈ, ਤੇ ਉਹ ਬੁੱਢਾ ਮਰ ਗਿਆ।

ਮੈਂ ਸੁਣਿਆ ਕਿ ਗੁਜਰਾਂਵਾਲੇ ਜ਼ਿਲੇ ਦੇ ਇਕ ਪਿੰਡ ਵਿਚ ਇਕ ਬਿਰਧ ਪੁਰਸ਼ ਹੈ, ਜੋ ਮਹਾਰਾਜਾ ਖੜਕ ਸਿੰਘ ਜੀ ਦਾ ਗੜਵਈ ਸੀ। ਮੈਂ ਜਦ ਉਥੇ ਪੁੱਜਾ, ਤਾਂ ਉਸੇ ਰਾਤ ਉਸ ਦੇ ਘਰ ਜਵਾਈ ਮਰ ਗਿਆ ਸੀ। ਵਿਚਾਰੇ ਦਾ ਪੁੱਤਰ ਕੋਈ ਨਹੀਂ ਸੀ, ਇੱਕੋ ਧੀ ਸੀ, ਸੋ ਵਿਧਵਾ ਹੋ ਗਈ। ਪਿਛਲੀ ਉਮਰੇ ਇਹ ਸੱਟ, ਵਿਚਾਰੇ ਨੂੰ ਗ਼ਸ਼ਾਂ ਉਤੇ ਗ਼ਸ਼ਾਂ ਪੈ ਪੈ ਜਾਂਦੀਆਂ ਸਨ। ਪਰ ਮੇਰੀ ਇੱਛਾ ਇਹ ਸੀ ਕਿ ਉਹ ਮੇਰੇ ਨਾਲ ਦੋ ਗੱਲਾਂ ਕਰ ਹੀ ਲਵੇ। ਮੈਂ ਢੀਠ ਹੋ ਕੇ ਤੇ ਉਸ ਦੀ ਮੁਸੀਬਤ ਦਾ ਖ਼ਿਆਲ ਨਾ ਕਰ ਕੇ ਉਸ ਪਾਸੋਂ ਇਕ ਗੱਲ ਪੁੱਛ ਹੀ ਬੈਠਾ। ਉਹ ਤਾਂ ਨਾ ਬੋਲਿਆ, ਪਰ ਉਸ ਦੇ ਰਿਸ਼ਤੇਦਾਰਾਂ ਨੇ ਮੈਨੂੰ ਬਾਹੋਂ ਫੜ ਕੇ ਪਰ੍ਹੇ ਵਿਚੋਂ ਉਠਾ ਦਿੱਤਾ।

ਇਥੇ ਤਾਂ ਇਤਨੇ ਨਾਲ ਹੀ ਸੁਖ ਵਰਤੀ, ਮੈਂ ਜਦ ਚੇਲੀਆਂ-ਵਾਲੀ ਗਿਆ ਤਾਂ ਓਦੋਂ ਪਲੇਗ ਦੇ ਜ਼ੋਰ ਦੇ ਕਾਰਨ ਬਿਗਾਨੇ ਆਦਮੀ ਨੂੰ ਪਿੰਡ ਵਿਚ ਨਹੀਂ ਵੜਨ ਦੇਂਦੇ ਸਨ, ਮਤਾਂ ਕਿਧਰੋਂ ਪਲੇਗ ਦੇ ਕੀੜੇ ਆ ਜਾਣ। ਸੰਝ ਹੋ ਗਈ ਸੀ, ਜਦ ਮੈਂ ਚੇਲੀਆਂ-ਵਾਲੀ ਅਪੜਿਆ। ਇਕ ਥਾਂ ਕੁਝ ਆਦਮੀ ਬੈਠੇ ਸਨ, ਮੈਂ ਆਪਣੀਆਂ ਗੱਲਾਂ ਛੋਹ ਦਿੱਤੀਆਂ। ਉਨ੍ਹਾਂ ਵਿਚੋਂ ਇਕ ਆਦਮੀ ਨੇ ਮੈਨੂੰ ਚੁਪ ਕਰਾ ਕੇ ਕਿਹਾ, ਤੂੰ ਆਇਆਂ ਕਿਥੋਂ ਹੈਂ ? ਮੈਂ ਕਿਹਾ, ਅੰਮ੍ਰਿਤਸਰੋਂ। ਪਾਸੋਂ ਇਕ ਨੇ ਕਿਹਾ ਕਿ ਉਥੇ ਤਾਂ ਪਲੇਗ ਹੈ। ਦੂਜੇ ਨੇ ਕਿਹਾ, ਇਸ ਨੂੰ ਪਿੰਡੋਂ ਬਾਹਰ ਕੱਢੋ। ਰੌਲਾ ਪੈ ਗਿਆ। ਮੈਂ ਸੁਣਿਆ ਹੋਇਆ ਸੀ ਕਿ ਇਹ ਚੋਰਾਂ ਦਾ ਪਿੰਡ ਹੈ। ਮੈਂ ਜਾਣਿਆ, ਇਹ ਮੈਨੂੰ ਲੁੱਟਣ ਦੀਆਂ ਤਦਬੀਰਾਂ ਹਨ। ਹੁਣ ਮੈਂ ਹਨੇਰੇ ਹੋਏ ਕਿਧਰ ਜਾਵਾਂ। ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਮੈਂ ਉੱਠ ਕੇ ਇਕ ਹਿੰਦੂ ਪਾਸੋਂ ਪੁੱਛ ਕੇ ਧਰਮਸਾਲਾ ਜਾ ਵੜਿਆ, ਤੇ ਭਾਈ ਜੀ ਨੂੰ ਸਾਰੀ ਗੱਲ ਜਾ ਸੁਣਾਈ। ਉਨ੍ਹਾਂ ਕਿਹਾ ਕਿ ਜੇ ਤੁਸੀਂ ਹੁਣ ਪਿੰਡੋਂ ਬਾਹਰ ਗਏ, ਤਾਂ ਜ਼ਰੂਰ ਲੁੱਟੇ ਜਾਵੋਗੇ; ਇਥੇ ਹੀ ਲੁਕ ਰਹੋ।

ਇਤਨੇ ਚਿਰ ਨੂੰ ਪਿੰਡ ਦੇ ਆਦਮੀ ਰੌਲਾ ਪਾਉਂਦੇ ਧਰਮਸਾਲਾ ਵਲ ਆਉਂਦੇ ਮਲੂਮ ਹੋਏ। ਭਾਈ ਜੀ ਨੇ ਮੈਨੂੰ ਪਾਥੀਆਂ ਵਾਲੀ ਬੁਖ਼ਾਰਚੀ ਵਿਚ ਲੁਕਾ ਦਿੱਤਾ, ਤੇ ਜਦ ਮੁਸਲਮਾਨ ਆਏ ਤਾਂ ਕਹਿ ਦਿੱਤਾ ਕਿ ਇਕ ਮੁਸਾਫ਼ਰ ਆਇਆ ਸੀ, ਅਸਾਂ ਰਹਿਣ ਨਹੀਂ ਦਿੱਤਾ ਕਿ ਭਾਈ ਪਲੇਗ ਦਾ ਡਰ ਹੈ। ਪਰ ਮੁਸਲਮਾਨਾਂ ਨੂੰ ਇਸ ਗੱਲ ਦਾ ਨਿਸਚਾ ਨਾ ਆਇਆ, ਤੇ ਉਹ ਤਲਾਸ਼ੀ ਲੈਣ ਲੱਗ ਪਏ। ਭਾਈ ਜੀ ਨੇ ਅਕਲ ਕੀਤੀ ਸੀ ਕਿ ਪਾਥੀਆਂ ਵਾਲੀ ਬੁਖ਼ਾਰਚੀ ਅੱਗੇ ਛਾਪੇ ਦੇ ਛੱਡੇ ਸਨ। ਸੁ ਕਿਸੇ ਨੇ ਮੈਨੂੰ ਨਾ ਵੇਖਿਆ ਤੇ ਰੌਲਾ-ਗੌਲਾ ਕਰ ਕੇ ਉਹ ਅੱਧੇ ਕੁ ਘੰਟੇ ਮਗਰੋਂ ਮੁੜ ਗਏ।

ਜਦ ਠੰਢ-ਠੰਢੋਰਾ ਹੋ ਗਿਆ ਤਾਂ ਭਾਈ ਜੀ ਨੇ ਮੈਨੂੰ ਉਸ ਕਾਲ-ਕੋਠੜੀ ਵਿਚੋਂ ਕੱਢਿਆ। ਗਰਮੀਆਂ ਦੇ ਦਿਨ ਸਨ, ਘੰਟੇ ਡੇਢ ਘੰਟੇ ਦੇ ਹੁਸੜ ਨੇ ਧੰਧਾ ਕਰ ਛੱਡਿਆ ਸੀ। ਮੈਂ ਸਾਰੀ ਰਾਤ ਧਰਮਸਾਲਾ ਦੀ ਇਕ ਕੋਠੜੀ ਵਿਚ ਹੀ ਰਿਹਾ ਅਤੇ ਜਦ ਪਹਿਰ ਕੁ ਰਾਤ ਰਹੀ ਤਾਂ ਚੇਲੀਆਂ ਵਾਲੀਓਂ ਮੌਂਗ ਰਸੂਲ ਦੇ ਰਾਹ ਪਿਆ।

ਮੈਨੂੰ ਅੱਜ ਤੀਕ ਅਫ਼ਸੋਸ ਹੈ ਕਿ ਆਪਣੀ ਸੁਸਤੀ ਦੇ ਕਾਰਨ ਮੈਂ ਇਕ ਬਿਰਧ ਪੁਰਸ਼ ਦੀਆਂ ਗੱਲਾਂ ਤੋਂ ਲਾਭ ਨਾ ਉਠਾ ਸਕਿਆ। ਇਹ ਬਾਬਾ, ਸਰਕਾਰ ਪਟਿਆਲਾ ਦੇ ਇਕ ਪਿੰਡ ਦਾ ਰਹਿਣ ਵਾਲਾ ਤੇ ਸਵਾ ਕੁ ਸੌ ਵਰ੍ਹੇ ਦੀ ਉਮਰ ਦਾ ਸੀ, ਅਤੇ ਇਸ ਦਾ ਚੇਤਾ ਵੀ ਬੜਾ ਸੋਹਣਾ ਸੀ। ਮੈਂ ਇਸ ਨੂੰ ਮਿਲਿਆ ਅਤੇ ਗੱਲਾਂ ਪੁੱਛੀਆਂ। ਇਹ ਪੁਰਾਣੇ ਸਮਿਆਂ ਦੀਆਂ ਗੱਲਾਂ ਦੱਸਦਾ ਸੀ, ਜਦ ਖ਼ਾਲਸਾ ਦਲ ਸਰਕਾਰ ਪਟਿਆਲਾ ਪਾਸੋਂ ਨਜ਼ਰਾਨੇ ਲਿਆ ਕਰਦਾ ਸੀ ਤੇ ਜਦ ਨਜ਼ਰਾਨੇ ਵਿਚ ਢਿਲ ਹੁੰਦੀ ਸੀ ਤਾਂ ਆ ਕੇ ਪਿੰਡਾਂ ਨੂੰ ਉਗਰਾਹੁਣ ਲੱਗ ਪੈਂਦਾ ਸੀ।

ਉਸ ਸਮੇਂ ਮੈਂ ਇਕ ਹੋਰਸ ਜ਼ਰੂਰੀ ਕੰਮ ਲਈ ਅੱਗੇ ਨੂੰ ਜਾ ਰਿਹਾ ਸਾਂ, ਸੁ ਸੋਚਿਆ ਕਿ ਇਸ ਬਾਬੇ ਦੇ ਹਾਲ ਬੜੇ ਪੁਰਾਣੇ ਤੇ ਜ਼ਰੂਰੀ ਹਨ, ਅੱਗੋਂ ਵਿਹਲਾ ਹੋ ਕੇ ਫੇਰ ਆ ਕੇ ਲਿਖਾਂਗਾ। ਸੰਜੋਗ ਐਸਾ ਹੋਇਆ ਕਿ ਮੈਂ ਅੱਗੇ ਦਾ ਅੱਗੇ ਹੀ ਤੁਰਿਆ ਗਿਆ

ਅਤੇ ਪਿੱਛੇ ਮੁੜਨ ਦਾ ਅਵਸਰ ਹੀ ਨਾ ਮਿਲਿਆ। ਮਹੀਨੇ ਕੁ ਮਗਰੋਂ ਜਦ ਮੈਂ ਮੁੜ ਕੇ ਆਇਆ ਤਾਂ ਉਹ ਬਾਬਾ ਮਰਨ ਕਿਨਾਰੇ ਪਿਆ ਸੀ। ਦਸਤ ਲੱਗੇ ਹੋਏ ਸਨ ਤੇ ਉਹ ਬੇਸੁੱਧ ਸੀ। ਮੇਰੇ ਵੇਖਦਿਆਂ ਵੇਖਦਿਆਂ ਹੀ ਉਹ ਮਰ ਗਿਆ ਅਤੇ ਮੇਰੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ। ਇਸ ਬਿਰਧ ਬਾਬੇ ਦਾ ਮੈਨੂੰ ਅੱਜ ਤੀਕ ਅਫ਼ਸੋਸ ਹੈ।

ਗੱਲ ਕੀ, ਇਸ ਤਰ੍ਹਾਂ ਪੁਛ-ਪੁਛਾ ਕੇ ਤੇ ਪੁਰਾਣੇ ਕਾਗ਼ਜ਼, ਰੋਜ਼-ਨਾਮਚੇ ਇਕੱਠੇ ਕਰ ਕੇ ਮੈਂ ਲਾਹੌਰ ਦਰਬਾਰ ਸੰਬੰਧੀ ਐਤਨਾ ਮਸਾਲਾ ਇਕੱਠਾ ਕਰ ਲਿਆ ਕਿ ਮੇਰਾ ਮਨ ਰੱਜ ਗਿਆ। ਇਹ ਸਾਰਾ ਮਸਾਲਾ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿੱਛੋਂ ਦੇ ਸਮੇਂ ਦਾ ਸੀ ਅਤੇ ਮੇਰੀ ਇਹੋ ਚਾਹ ਸੀ ਕਿ **'ਲਾਹੌਰ ਦਰਬਾਰ ਦੇ ਆਖ਼ਰੀ ਦਿਨ'** ਨਾਮੇ ਪੁਸਤਕ ਪੂਰੀ ਕਰ ਕੇ ਫੇਰ ਕਿਸੇ ਹੋਰਸ ਕੰਮ ਨੂੰ ਹੱਥ ਲਾਵਾਂਗਾ। ਓਦੋਂ ਹੀ ਮੈਂ ਵੇਖਿਆ ਕਿ ਸਾਡੇ ਇਤਿਹਾਸ ਦਾ ਗੱਭਲਾ ਸਮਾਂ ਬੜੀ ਹੀ ਔਝੜ ਦਸ਼ਾ ਵਿਚ ਪਿਆ ਹੈ। ਸ੍ਰੀ ਦਸਮੇਸ਼ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਲੈ ਕੇ ਅੰਗਰੇਜ਼ਾਂ ਦੇ ਦਿੱਲੀ ਆਉਣ ਤੀਕ ਦਾ ਇਕ ਸੌ ਸਾਲ ਦਾ ਸਮਾਂ ਅਜਿਹਾ ਸਮਾਂ ਹੈ, ਜਿਸ ਨੂੰ ਸਾਡੇ ਇਤਿਹਾਸਾਂ ਵਿਚ ਚੰਗੀ ਤਰ੍ਹਾਂ ਵਰਣਨ ਨਹੀਂ ਕੀਤਾ ਹੋਇਆ ਤੇ ਜਿਸ ਨੂੰ ਸੁਲਝਾਉਣ ਲਈ ਬੜੀ ਮਿਹਨਤ, ਧੀਰਜ ਤੇ ਸਮਕਾਲੀ ਇਤਿਹਾਸਾਂ ਦੇ ਵਾਚਣ ਦੀ ਲੋੜ ਹੈ। ਮੇਰੇ ਮਨ ਨੇ ਕਿਹਾ ਕਿ ਲਾਹੌਰ ਦਰਬਾਰ ਸੰਬੰਧੀ ਤਾਂ ਸਭ ਕੁਝ ਤਿਆਰ ਹੀ ਪਿਆ ਹੈ, ਜਦ ਦਿਲ ਕੀਤਾ ਇਹ ਹਾਲ ਲਿਖ ਲਵਾਂਗਾ, ਜਾਂ ਜੇ ਮੈਂ ਆਪ ਨਾ ਲਿਖ ਸਕਿਆ ਤਾਂ ਕੋਈ ਹੋਰ ਹੀ ਲਿਖ ਲਵੇਗਾ, ਪਰ ਸਿਖ-ਇਤਿਹਾਸ ਦੇ ਜਿਸ ਸਮੇਂ ਵਲ ਬਹੁਤ ਥੋੜ੍ਹੇ ਆਦਮੀਆਂ ਨੇ ਧਿਆਨ ਦਿੱਤਾ ਹੈ ਅਤੇ ਅੱਗੇ ਨੂੰ ਵੀ ਜਿਸ ਸਮੇਂ ਵਲ ਬਹੁਤ ਥੋੜ੍ਹੇ ਵਿਦਵਾਨਾਂ ਨੇ ਧਿਆਨ ਦੇਣਾ ਹੈ, ਉਸ ਨੂੰ ਸਿਰੇ ਚਾੜ੍ਹਨ ਦਾ ਜਤਨ ਕੀਤਾ ਜਾਵੇ।

ਇਹੋ ਕਾਰਨ ਸੀ ਕਿ ਮੈਂ ਐਤਨਾ ਮਸਾਲਾ ਹੁੰਦਿਆਂ-ਸੁੰਦਿਆਂ **'ਲਾਹੌਰ ਦਰਬਾਰ ਦੇ ਆਖ਼ਰੀ ਦਿਨ'** ਨਾਮੇ ਪੁਸਤਕ ਨੂੰ ਲਿਖ ਨਾ ਸਕਿਆ, ਅਤੇ ਸੰਜੋਗ ਦੀ ਗੱਲ ਹੈ ਕਿ ਮੇਰੀ ਰੁਚੀ ਅਜੇ ਤੀਕ ਇਸ ਕੰਮ ਵਲ ਨਹੀਂ ਲੱਗੀ। ਮੇਰਾ ਬਹੁਤਾ ਧਿਆਨ ਆਪਣੇ ਇਤਿਹਾਸ ਦੇ ਉਸੇ ਉਲਝੇ ਹੋਏ ਸਮੇਂ ਨੂੰ ਸੁਲਝਾਉਣ ਵਲ ਲੱਗਾ ਹੋਇਆ ਹੈ ਜਿਸ ਬਾਬਤ ਮੈਂ ਪਿੱਛੇ ਦੱਸ ਚੁੱਕਾ ਹਾਂ। ਸਤਿਗੁਰ ਜੀ ਦੀ ਅਪਾਰ ਕਿਰਪਾ ਹੈ ਕਿ ਮੈਂ ਇਸ ਔਝੜ ਰਾਹ ਨੂੰ ਬਹੁਤ ਕੁਝ ਸਾਫ਼ ਕਰ ਲਿਆ ਹੈ ਅਤੇ ਛੇਤੀ ਹੀ ਉਸੇ ਸੌ ਸਾਲ ਦੇ ਸਿਲਸਿਲੇ-ਵਾਰ ਹਾਲ ਪੰਥ ਦੇ ਪੇਸ਼ ਕਰ ਦੇਵਾਂਗਾ।

ਲਾਹੌਰ ਦਰਬਾਰ ਸੰਬੰਧੀ ਤਾਂ ਮਸਾਲੇ ਦਾ ਹੜ੍ਹ ਆਇਆ ਹੋਇਆ ਹੈ, ਪਰ ਪਿਛੇ ਦੱਸੇ ਸੌ ਸਾਲ ਸੰਬੰਧੀ ਮਸਾਲਾ ਬੜਾ ਹੀ ਥੋੜ੍ਹਾ ਮਿਲਦਾ ਹੈ। ਓਹ ਵੀ ਟੁਟਵਾਂ ਟੁਟਵਾਂ; ਭੋਰਾ ਕੁ ਕਿਤੋਂ, ਮਾਸਾ ਕੁ ਕਿਤੋਂ। ਵੱਡੀ ਔਕੜ ਇਸ ਮਸਾਲੇ ਨੂੰ ਥਾਂ ਸਿਰ ਰੱਖਣ ਦੀ ਹੈ। ਪਰ ਚਿਰਾਂ ਦੇ ਅਭਿਆਸ ਤੇ ਸਮਕਾਲੀ ਮੁਸਲਮਾਨੀ ਇਤਿਹਾਸਾਂ ਦੀ ਸਹਾਇਤਾ ਨਾਲ ਇਹ ਅਟਕਾਂ ਵੀ ਸਾਫ਼ ਹੋ ਗਈਆਂ ਹਨ। ਮੈਂ ਇਸ ਸਮੇਂ ਦੀਆਂ ਵੀ ਕੁਝ ਕੁ ਵੰਨਗੀਆਂ ਦੇਣਾ ਚਾਹੁੰਦਾ ਸਾਂ, ਪਰ ਲਾਹੌਰ ਦਰਬਾਰ ਵਲ ਵਧੇਰੇ ਧਿਆਨ

ਹੋਣ ਕਰਕੇ ਸਿਖ-ਇਤਿਹਾਸ ਦੇ ਹੋਰਸ ਕਿਸੇ ਸਮੇਂ ਦੀ ਵੰਨਗੀ ਨਹੀਂ ਦਿੱਤੀ ਜਾ ਸਕੀ।

*—ਕਰਮ ਸਿੰਘ*

## ਇਤਿਹਾਸਕ ਵਾਰਾਂ

ਪਿਛਲੇ ਸਮਿਆਂ ਵਿਚ ਸਾਡੇ ਦੇਸ ਵਿਚ ਵਾਰਾਂ ਸੁਣਨ ਦਾ ਬੜਾ ਰਿਵਾਜ ਸੀ। ਜਦ ਵੀ ਕੋਈ ਖ਼ੁਸ਼ੀ ਗ਼ਮੀ ਦਾ ਸਮਾਂ ਹੁੰਦਾ, ਤਾਂ ਦਿਲ-ਪਰਚਾਵੇ ਲਈ ਸਾਰਾ ਪਿੰਡ ਇਕੱਠਾ ਹੋ ਕੇ ਵਾਰਾਂ ਸੁਣਨ ਲਗ ਪੈਂਦਾ ਸੀ। ਢਾਡੀਆਂ ਦੀ ਬੜੀ ਕਦਰ ਸੀ, ਤੇ ਉਹ ਆਪਣੇ ਜਜਮਾਨ ਸੂਰਮਿਆਂ ਦੀਆਂ ਵਾਰਾਂ ਸੁਣਾ ਸੁਣਾ ਕੇ ਬੜਾ ਮਾਣ ਪਾਇਆ ਕਰਦੇ ਸਨ।

ਸ੍ਰੀ ਪੰਚਮ ਪਾਤਸ਼ਾਹ ਜੀ ਦੇ ਸਮੇਂ ਦੀ ਗੱਲ ਹੈ ਕਿ ਜੰਬਰਾਂ ਤੇ ਜਾਤਰੀ ਦਾ ਆਪੋ-ਵਿਚ ਬਹੁਤ ਵੈਰ ਵਧ ਗਿਆ ਸੀ। ਅੰਤ ਲਾਚਾਰ ਹੋ ਕੇ ਜਾਤਰੀ ਸ੍ਰੀ ਪੰਚਮ ਪਾਤਸ਼ਾਹ ਜੀ ਪਾਸ ਪੁੱਜਾ ਸੀ, ਕਿ ਅਸੀਂ ਦੋਵੇਂ ਧਿਰਾਂ ਆਪ ਦੇ ਸਿਖ ਹਾਂ, ਰੋਜ਼ ਰੋਜ਼ ਦੀਆਂ ਲੜਾਈਆਂ ਦੇ ਕਾਰਨ ਮਰਦੇ ਜਾਂਦੇ ਹਾਂ, ਆਪ ਮੌਕੇ ਉਤੇ ਜਾ ਕੇ ਸਾਡਾ ਨਿਬੇੜਾ ਕਰ ਦੇਵੋ। ਸੋ ਪੰਚਮ ਪਾਤਸ਼ਾਹ ਜੀ ਇਸੇ ਕਰਕੇ ਨੱਕੇ ਵਲ ਗਏ ਸਨ, ਅਤੇ ਜਦ ਕੋਈ ਨਿਬੇੜਾ ਨਾ ਹੋਇਆ, ਤਾਂ ਆਪ ਨੇ ਜਾਤਰੀ ਨੂੰ ਇਹ ਬਚਨ ਕੀਤਾ ਸੀ:

**ਜਾਤਰੀ,**
**ਜੰਬਰ ਘਾਹ, ਤੇ ਤੂੰ ਦਾਤਰੀ।**

ਇਨ੍ਹਾਂ ਹੀ ਦਿਨਾਂ ਦੀ ਗੱਲ ਹੈ ਕਿ ਸਾਢੇ ਤਿੰਨ ਸੌ ਜੰਬਰ ਇਕੱਠਾ ਹੋ ਕੇ ਜਾਤਰੀ ਉਤੇ ਚੜ੍ਹਿਆ। ਅਗੇ ਜਾਤਰੀ ਵੀ ਐਸਾ ਟਕਰਿਆ ਕਿ ਸਾਢੇ ਤਿੰਨ ਸੌ ਘੋੜੀ ਵਿਚੋਂ ਸੱਠ ਸਵਾਰ ਹੀ ਖੈਰੀਂ-ਮਿਹਰੀਂ ਘਰ ਮੁੜ ਕੇ ਆਏ। ਸਾਰੇ ਪਿੰਡ ਵਿਚ ਹਾ-ਹਾ ਕਾਰ ਮੱਚ ਗਈ, ਹਰ ਇਕ ਉਦਾਸ ਸੀ, ਘਰ ਘਰ ਸੋਗ ਸੀ। ਪਿੰਡ ਵਾਲੇ ਇਕ ਥਾਂ ਇਕੱਠੇ ਹੋਏ, ਤੇ ਦਿਲ-ਪਰਚਾਵੇ ਲਈ ਮੀਰ ਨੂੰ ਸੱਦ ਕੇ ਕਿਹਾ ਕਿ ਕੋਈ ਵਾਰ ਸੁਣਾ। ਮੀਰ ਵੀ ਢਹਿੰਦੀਆਂ ਕਲਾਂ ਵਿਚ ਸੀ, ਉਸ ਨੂੰ ਵਾਰ ਸੁਣਾਉਣੀ ਸੁਝਦੀ ਸੀ ? ਪਰ ਪਿੰਡ ਵਾਲੇ ਵਾਰ ਵਾਰ ਕਹਿੰਦੇ ਸਨ, ਕਿ ਮੀਰ ਜੀ, ਕੋਈ ਵਾਰ ਸੁਣਾਓ। ਅੰਤ ਮੀਰ ਨੂੰ ਗੁੱਸਾ ਆ ਗਿਆ, ਤੇ ਉਹ ਲੱਗਾ ਵਾਰ ਸੁਣਾਉਣ:

**ਜੰਬਰ ਖਰੇ ਉਤਾਵਲੇ, ਹੇਠ ਘੋੜੇ ਮੱਠੇ।**
**ਧਾਵਾ ਸਾਢੇ ਤਿੰਨ ਸੌ, ਘਰ ਆਏ ਸੱਠੇ।**

ਪਿੰਡ ਵਾਲਿਆਂ ਵੇਖਿਆ ਕਿ ਇਹ ਤਾਂ ਉਲਟੀ ਹਵਾ ਵਗਣ ਲੱਗੀ ਹੈ, ਸਭ ਕਹਿਣ ਲਗ ਪਏ —"ਬਸ ਮੀਰ ਜੀ, ਬਸ।"

ਗੱਲ ਕੀ, ਵਾਰਾਂ ਸੁਣਨ ਦਾ ਪਿਛਲੇ ਸਮਿਆਂ ਵਿਚ ਆਮ ਰਿਵਾਜ ਸੀ, ਜਿਸ ਦਾ ਅੱਜ-ਕੱਲ੍ਹ ਕਿਤੇ ਮੁਸ਼ਕ ਵੀ ਨਹੀਂ। ਅੱਜ-ਕੱਲ੍ਹ ਜੀਕੂੰ ਲੋਕੀ ਸਿਰ ਜੋੜ ਕੇ ਮੁਕੱਦਮਿਆਂ ਦੀਆਂ ਗੱਲਾਂ ਕਰਦੇ ਹਨ, ਇਸੇ ਤਰ੍ਹਾਂ ਪਿਛਲੇ ਸਮਿਆਂ ਵਿਚ ਲੋਕੀ

ਆਪਣੇ ਸੂਰਮਿਆਂ ਦੀਆਂ ਗੱਲਾਂ ਕੀਤਾ ਕਰਦੇ ਸਨ।

੧੯੦੫ ਈ: ਦੀ ਗੱਲ ਹੈ ਕਿ ਮੈਂ ਇਤਿਹਾਸਕ ਮਸਾਲਾ ਇਕੱਠਾ ਕਰਦਾ ਕਰਦਾ ਜਦ ਗੁਜਰਾਂਵਾਲੇ ਦੇ ਜ਼ਿਲੇ ਵਿਚ ਗਿਆ, ਤਾਂ ਓਧਰ ਮੈਂ ਕਈ ਆਦਮੀਆਂ ਨੂੰ ਵਾਰਾਂ ਗਾਉਂਦੇ ਵੇਖਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਆਦਮੀ ਨੇ ਮੈਨੂੰ ਇਕ ਇਕ ਵਾਰ ਪਿੱਛੇ ਇਕ ਇਕ ਰੁਪਿਆ ਲੈ ਕੇ ਚਾਰ ਵਾਰਾਂ ਸੁਣਾਈਆਂ ਸਨ, ਅਤੇ ਉਹ ਕਹਿੰਦਾ ਸੀ ਕਿ ਮੈਨੂੰ ਵੀਹ ਵਾਰਾਂ ਯਾਦ ਹਨ, ਜੋ ਮੈਂ ਵਾਜਬੀ ਰਕਮ ਲੈ ਕੇ ਲਿਖਵਾ ਸਕਦਾ ਹਾਂ। ਮੇਰੇ ਪਾਸ ਐਤਨੇ ਰੁਪਏ ਤਾਂ ਸਨ ਨਹੀਂ, ਪਰ ਮੈਂ ਪੰਜ ਰੁਪਏ ਦੇ ਕੇ ਇਕ ਵਾਰ ਲਿਖ ਲਈ ਸੀ, ਜਿਸ ਨੂੰ 'ਨਾਦਰ ਸ਼ਾਹ ਦੀ ਪੌੜੀ' ਆਖਦੇ ਹਨ। ਇਸ ਵਾਰ ਦਾ ਕੁਝ ਕੁ ਹਿੱਸਾ ਮੈਂ ਓਨ੍ਹੀਂ ਦਿਨੀਂ 'ਖ਼ਾਲਸਾ ਕੁਮਾਰ ਪੱਤਰ' ਵਿਚ ਛਪਵਾ ਦਿੱਤਾ ਸੀ।

ਜਿਨ੍ਹਾਂ ਨੂੰ ਪੰਜਾਬੀ ਦੇ ਵਾਧੇ ਦਾ ਚਾਉ ਹੈ, ਉਹ ਪੁਰਾਣੀਆਂ ਵਾਰਾਂ ਇਕੱਠੀਆਂ ਕਰਨ ਅਤੇ ਵੇਖਣ ਕਿ ਅਸਲ ਪੰਜਾਬੀ ਕੀ ਚੀਜ਼ ਹੈ। 'ਨਾਦਰ ਸ਼ਾਹ ਦੀ ਪੌੜੀ' ਤੇ 'ਚੱਠਿਆਂ ਦੀ ਵਾਰ' ਇਹ ਛਪੀਆਂ ਹੋਈਆਂ ਹਨ, ਪਰ ਹੋਰ ਅਨੇਕਾਂ ਵਾਰਾਂ ਹਨ, ਜੋ ਭਾਲ ਕੇ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ।

ਭਾਈ ਬਿਧੀ ਚੰਦ ਜੀ ਦੇ ਖ਼ਾਨਦਾਨ ਨਾਲ ਢਾਡੀਆਂ ਦੇ ਇਕ ਟੱਬਰ ਦਾ ਸੰਬੰਧ ਰਿਹਾ ਹੈ। ਢਾਡੀਆਂ ਦਾ ਇਹ ਘਰਾਣਾ ਬਹੁਤ ਪੁਰਾਣਾ ਹੈ। ਇਸ ਟੱਬਰ ਦੇ ਇਕ ਆਦਮੀ ਨੇ ਮੈਨੂੰ ਦੱਸਿਆ ਸੀ ਕਿ ਛੇਵੀਂ ਪਾਤਸ਼ਾਹੀ ਜੀ ਤੇ ਦਸਵੀਂ ਪਾਤਸ਼ਾਹੀ ਜੀ ਦੇ ਸਮੇਂ ਜਦ ਕੋਈ ਜੰਗ ਹੋ ਕੇ ਹਟਦਾ ਸੀ, ਤਾਂ ਸਾਡੇ ਵੱਡੇ ਉਸ ਜੰਗ ਦੀ ਵਾਰ ਜੋੜ ਕੇ ਸੁਣਾਇਆ ਕਰਦੇ ਸਨ। ਇਸ ਟੱਬਰ ਦੇ ਇਕ ਆਦਮੀ ਨੂੰ ਅੱਠੇ ਵਾਰਾਂ ਯਾਦ ਸਨ, ਚਾਰ ਛੇਵੀਂ ਪਾਤਸ਼ਾਹੀ ਜੀ ਦੇ ਚੌਹਾਂ ਜੁੱਧਾਂ ਦੀਆਂ, ਤੇ ਚਾਰ ਸ੍ਰੀ ਦਸਮੇਸ਼ ਜੀ ਦੇ ਚੌਹਾਂ ਜੁੱਧਾਂ ਦੀਆਂ। ਮੈਂ ਭੰਗਾਣੀ ਦੇ ਜੁੱਧਾਂ ਦੀ ਵਾਰ ਦਾ ਕੁਝ ਹਿੱਸਾ ਸੁਣਿਆ ਸੀ, ਜੋ ਇੰਨ-ਬਿੰਨ *ਬਚਿਤ੍ਰ ਨਾਟਕ* ਦੀ ਵਿਆਖਿਆ ਮਲੂਮ ਹੁੰਦਾ ਹੈ। ਮੈਂ ਇਹ ਅੱਠੇ ਵਾਰਾਂ ਲਿਖਣੀਆਂ ਚਾਹੀਆਂ, ਪਰ ਢਾਡੀ ਜੀ ਹਰ ਵਾਰ ਪਿਛੇ ਕੰਙਣਾਂ ਦੀ ਜੋੜੀ ਤੇ ਖ਼ਾਸੀ ਰਕਮ ਮੰਗਦੇ ਸਨ, ਜੋ ਮੇਰੀ ਸਮਰਥਾ ਤੋਂ ਬਾਹਰ ਸੀ। ਚੋਖਾ ਚਿਰ ਹੋ ਗਿਆ ਹੈ ਕਿ ਉਹ ਢਾਡੀ ਗੁਜ਼ਰ ਗਿਆ ਹੋਇਆ ਹੈ। ਮੈਨੂੰ ਪਤਾ ਨਹੀਂ ਕਿ ਉਸ ਟੱਬਰ ਵਿਚੋਂ ਕਿਸੇ ਹੋਰਸ ਨੂੰ ਵੀ ਉਹ ਵਾਰਾਂ ਯਾਦ ਹਨ ਕਿ ਨਹੀਂ।

ਜਦ ਖ਼ਾਲਸਾ ਜੀ ਨੇ ਅਬਦਾਲੀ ਦਾ ਮੂੰਹ ਮੋੜ ਕੇ ਹਜ਼ਰੋ ਤੀਕ ਦੇਸ ਮੱਲ ਲਿਆ ਸੀ, ਤਾਂ ਜਹਾਨ ਖ਼ਾਂ ਘੇਬੇ ਨੇ ਖ਼ਾਲਸਾ ਜੀ ਨਾਲ ਕੁਝ ਕੁ ਝੜਪਾਂ ਲਈਆਂ ਸਨ। ਉਸ ਸਮੇਂ ਦੇ ਹਾਲਾਂ ਦੀ ਇਕ ਵਾਰ ਬਣੀ ਹੋਈ ਹੈ। ਅਪਰੈਲ ੧੯੦੭ ਈ: ਵਿਚ ਜਦ ਮੈਂ ਇਤਿਹਾਸਕ ਮਸਾਲਾ ਇਕੱਠਾ ਕਰਦਾ ਕਰਦਾ ਪੋਠੋਹਾਰ ਵਿਚ ਪੁਜਾ, ਅਤੇ ਡੇਰੇ ਖ਼ਾਲਸੇ ਤੋਂ ਸੁਖੋ ਨੂੰ ਜਾ ਰਿਹਾ ਸਾਂ, ਤਾਂ ਰਾਹ ਵਿਚ ਮੈਨੂੰ ਇਕ ਬਿਰਧ ਸਹਿਜਧਾਰੀ ਮਿਲਿਆ। ਓਨ੍ਹੀਂ ਦਿਨੀਂ ਮੇਰੀ ਆਦਤ ਸੀ ਕਿ ਜਿਸ ਨੂੰ ਵੱਡੀ ਉਮਰ ਦਾ ਵੇਖਦਾ, ਉਸੇ ਨਾਲ ਗੱਲੀਂ ਜੁਟ ਪੈਂਦਾ, ਕਿ ਭਲਾ ਕੋਈ ਪੁਰਾਣੀ ਗੱਲ ਮਲੂਮ ਹੋ ਜਾਵੇ। ਉਸ

ਨੇ ਮੈਨੂੰ ਘੇਬਿਆਂ ਦੀ ਵਾਰ ਦੇ ਕੁਝ ਕੁ ਹਿੱਸੇ ਸੁਣਾਏ ਸਨ, ਜੋ ਮੇਰੇ ਕਾਗ਼ਜ਼ਾਂ ਵਿਚ ਕਿਤੇ ਨੋਟ ਕੀਤੇ ਪਏ ਹੋਣਗੇ; ਪਰ ਇਕ ਦੋ ਟੱਪੇ ਮੈਨੂੰ ਅਜੇ ਤੀਕ ਯਾਦ ਹਨ, ਜੋ ਇਹ ਹਨ:

**......ਰਣ ਵਿਚ ਗਜਦਾ ਜੈ ਸਿੰਘ ਕਮਲਾ, ਕਰਦਾ ਮਾਰੋ ਮਾਰ।**
**ਵਾਹ ਜਵਾਨੀ ਤੇਰੀ ਜਹਾਨ ਖ਼ਾਂ, ਲੱਥਾ ਪਿੜੇ ਵਿਚਕਾਰ।**

ਉਹ ਬਿਰਧ ਬਾਬਾ ਸੂਰਮਿਆਂ ਦੀਆਂ ਗੱਲਾਂ ਕਰ ਕਰ ਕੇ ਰੋਈ ਜਾਂਦਾ ਸੀ, ਨਾਲੇ ਝੂਲ ਝੂਲ ਕੇ ਵਾਰ ਸੁਣਾਉਂਦਾ ਸੀ। ਅੱਜ-ਕੱਲ੍ਹ ਮੈਂ ਕਿਸੇ ਨੂੰ ਸੂਰਮਿਆਂ ਦੀਆਂ ਗੱਲਾਂ ਕਰਦਿਆਂ ਨਹੀਂ ਵੇਖਿਆ; ਪਰ ਓਨ੍ਹੀਂ ਦਿਨੀਂ ਮੈਂ ਕਈ ਬਿਰਧ ਬਾਬੇ ਵੇਖੇ ਸਨ, ਜੋ ਪੁਰਾਣੇ ਹਾਲ ਸੁਣਾਉਂਦੇ ਹੋਏ ਫਰਨ ਫਰਨ ਰੋਈ ਜਾਂਦੇ ਸਨ। ਉਨ੍ਹਾਂ ਨੇ ਖ਼ਾਲਸਾ ਜੀ ਦੀ ਚੜ੍ਹਦੀ ਕਲਾ ਆਪਣੀ ਅੱਖੀਂ ਵੇਖੀ ਹੋਈ ਸੀ। ਜਦ ਉਹ ਵੇਲਾ ਉਨ੍ਹਾਂ ਨੂੰ ਯਾਦ ਆਉਂਦਾ ਸੀ, ਉਨ੍ਹਾਂ ਦਾ ਨੀਰ ਠਲ੍ਹਿਆ ਨਹੀਂ ਰਹਿ ਸਕਦਾ ਸੀ। ਸੱਚ-ਮੁੱਚ ਉਨ੍ਹਾਂ ਦੇ ਦਿਲਾਂ ਵਿਚ ਦਰਦ ਸੀ, ਪੁਰਾਣੇ ਸਮੇਂ ਨਾਲ ਉਨ੍ਹਾਂ ਦਾ ਪਿਆਰ ਸੀ, ਉਹ ਆਪਣੇ ਦੇਸ ਦੀ ਪੁਰਾਣੀ ਸ਼ਾਨ ਨੂੰ ਮਹਿਸੂਸ ਕਰਦੇ ਸਨ, ਇਸੇ ਕਰਕੇ ਹੰਝੂ ਕੇਰਦੇ ਸਨ। ਜਦ ਤੀਕ ਸਾਡੇ ਦਿਲਾਂ ਦੀ ਅਵਸਥਾ ਐਸੀ ਨਹੀਂ ਹੋ ਜਾਂਦੀ, ਅਤੇ ਪੁਰਾਣੀ ਸ਼ਾਨ ਬਾਬਤ ਸਾਡੇ ਅੰਦਰ ਖੋਹ ਨਹੀਂ ਪੈਂਦੀ, ਤਦ ਤੀਕ ਇਹ ਅਨਹੋਣੀ ਗੱਲ ਹੈ ਕਿ ਅਸੀਂ ਆਪਣੇ ਇਤਿਹਾਸ ਲਈ ਕੋਈ ਕੁਰਬਾਨੀ ਕਰ ਸਕੀਏ।

'ਚੱਠਿਆਂ ਦੀ ਵਾਰ' ਛਪੀ ਹੋਈ ਹੈ। ਇਸ ਵਿਚ ਸਰਦਾਰ ਮਹਾਂ ਸਿੰਘ ਤੇ ਚੱਠਿਆਂ ਦੀਆਂ ਲੜਾਈਆਂ ਦਾ ਹਾਲ ਹੈ। 'ਸੰਧਾਂਵਾਲੀਆਂ ਦੀ ਵਾਰ' ਸੰਤ ਜਵਾਲਾ ਸਿੰਘ ਜੀ ਨੇ ਕਿਸੇ ਪਾਸੋਂ ਲਿਖੀ ਸੀ, ਤੇ ਉਨ੍ਹਾਂ ਪਾਸੋਂ ਲਿਖ ਕੇ ਇਸ ਦਾ ਕੁਝ ਹਿੱਸਾ 'ਖ਼ਾਲਸਾ ਕੁਮਾਰ ਪੱਤਰ' ਵਿਚ ਛਪਵਾ ਦਿੱਤਾ ਸੀ। ਇਹ ਵਾਰ ਕਿਸੇ ਭਰਾਈ ਦੀ ਜੋੜੀ ਹੋਈ ਹੈ, ਜੋ ਪੁਰਾਣੀਆਂ ਵਾਰਾਂ ਵਰਗੀ ਤਾਂ ਨਹੀਂ, ਪਰ ਤਦ ਵੀ ਚੰਗੀ ਹੈ।

ਦਵਾਬੇ ਵਿਚ ਬੰਗਾ ਵਿਚ ਉਘਾ ਪਿੰਡ ਹੈ। ਇਥੋਂ ਦਾ ਕੋਈ ਸਿੰਘ ਹੋਇਆ ਹੈ, ਜਿਸ ਨੇ ਸ਼ਾਹ ਮੁਹੰਮਦ ਵਾਙ ਲਾਹੌਰ ਦਰਬਾਰ ਦੇ ਹਾਲ ਕਵਿਤਾ ਵਿਚ ਲਿਖੇ ਸਨ। ਮੈਂ ਇਸ ਦਾ ਕੁਝ ਹਿੱਸਾ ਇਕ ਆਦਮੀ ਪਾਸੋਂ ਸੁਣਿਆ ਸੀ, ਅਲੀਵਾਲ ਦੀ ਲੜਾਈ ਦੇ ਬਹੁਤ ਸੋਹਣੇ ਹਾਲ ਇਸ ਨੇ ਦਿੱਤੇ ਸਨ। ਕਾਰਨ ਸ਼ਾਇਦ ਇਹ ਹੋਊ ਕਿ ਇਹ ਇਸ ਦੇ ਗਵਾਂਢ ਦੇ ਤੇ ਅੱਖੀਂ-ਡਿੱਠੇ ਹਾਲ ਹੋਣਗੇ। ਮੈਂ ਇਨ੍ਹਾਂ ਕਾਗ਼ਜ਼ਾਂ ਦੀ ਭਾਲ ਲਈ ਬੰਗੀਂ ਗਿਆ ਸਾਂ, ਪਰ ਮੈਨੂੰ ਕੁਝ ਥਹੁ ਨਹੀਂ ਲੱਗਾ ਸੀ। ਜੇਕਰ ਭਾਲ ਕੀਤੀ ਜਾਵੇ, ਤਾਂ ਕਿਤੋਂ ਇਹ ਹਾਲ ਜ਼ਰੂਰ ਲੱਭ ਪੈਣਗੇ।

ਇਸੇ.......ਸਿੰਘ ਨੇ ਸਰਦਾਰ ਹਰੀ ਸਿੰਘ ਨਲੂਏ ਦੀ ਵਾਰ ਵੀ ਲਿਖੀ ਸੀ। ਇਸ ਵਾਰ ਵਿਚ ਸਰਦਾਰ ਹਰੀ ਸਿੰਘ ਜੀ ਦੇ ਪਿਛਲੇ ਦਿਨਾਂ ਤੇ ਜਮਰੌਦ ਦੀ ਲੜਾਈ ਦਾ ਹਾਲ ਹੈ। ਇਹ ਵਾਰ ਸੰਤ ਜਵਾਲਾ ਸਿੰਘ ਜੀ ਨੇ ਕਿਤੋਂ ਲੱਭ ਕੇ ਲਿਖ ਲਈ ਸੀ ਤੇ ਆਪ ਪਾਸੋਂ ਮੈਨੂੰ ਮਿਲੀ ਸੀ। ਇਸ ਵਾਰ ਦਾ ਅੰਤਲਾ ਦੋਹਿਰਾ ਸਰਦਾਰ ਹਰੀ ਸਿੰਘ ਜੀ ਦੀ ਬਹਾਦਰੀ ਨੂੰ ਕਿਸ ਢੰਗ ਨਾਲ ਪਰਗਟ ਕਰਦਾ ਹੈ:

**ਹਰੀ ਸਿੰਘ ਮੁਖ ਨਾਮ ਕਹਿ ਜੋ ਬਾਂਧੇ ਤਲਵਾਰ।**
**ਤੀਨ ਲੋਕ ਜੀਤਤ ਫਿਰੇ, ਕੋਊ ਨ ਸਕਹੈ ਟਾਰ।**

ਰਾਜਿੰਦਰ ਦੇਵ ਲਾਇਬ੍ਰੇਰੀ, ਪਟਿਆਲਾ, ਵਿਚ 'ਮਹਾਰਾਜਾ ਅਮਰ ਸਿੰਘ ਜੀ ਦੀ ਵਾਰ' ਦੀ ਲਿਖਤੀ ਕਾਪੀ ਪਈ ਹੈ। ਇਸ ਦਾ ਕਰਤਾ ਕੋਈ............ਹੈ, ਜ਼ਬਾਨ ਪੰਜਾਬੀ ਨਹੀਂ ਪਰ ਹਾਲ ਸੋਹਣੇ ਹਨ। ਇਸ ਵਾਰ ਵਿਚ ਬੀਘੜਾਂ ਦੀ ਲੜਾਈ ਦਾ ਹਾਲ ਹੈ।

ਜਦ ਸ਼ਾਹਦਾਦ ਖ਼ਾਂ ਨੇ ਤੇ ਬਰਾੜਾਂ ਨੇ ਰਲ ਕੇ ਈਸੇ ਖ਼ਾਂ ਮੰਝ ਨੂੰ ਮਾਰਿਆ ਸੀ, ਉਸ ਸਮੇਂ ਦੀ ਇਕ ਵਾਰ ਬਰਾੜਾਂ ਵਿਚ ਆਮ ਪ੍ਰਚਲਤ ਹੈ। ਬਰਾੜਾਂ ਤੇ ਭੱਟੀਆਂ ਦੀਆਂ ਲੜਾਈਆਂ ਦੀਆਂ ਦੋ ਕੁ ਹੋਰ ਵਾਰਾਂ ਵੀ ਪ੍ਰਚਲਤ ਹਨ, ਜੋ ਜੰਗਲ ਦੀ ਪੰਜਾਬੀ ਦਾ ਸੋਹਣਾ ਨਮੂਨਾ ਹਨ।

੧੯੦੫ ਈ: ਦੀ ਗੱਲ ਹੈ ਕਿ ਮੈਂ ਗੁਜਰਾਤ ਦੀ ਰਣ-ਭੂਮੀ ਨੂੰ ਵੇਖਣ ਗਿਆ ਸਾਂ। ਉਸ ਸਮੇਂ ਮੈਨੂੰ ਕਈ ਆਦਮੀ ਮਿਲੇ ਸਨ ਜੋ ਖ਼ਾਲਸਾ ਜੀ ਦੇ ਹਰ ਇਕ ਮੋਰਚੇ ਦਾ ਪੂਰਾ ਪਤਾ ਦੱਸ ਸਕਦੇ ਸਨ। ਮੈਂ ਸਰਦਾਰ ਰਾਮ ਸਿੰਘ ਛਾਪੇ ਵਾਲੇ ਦੇ ਮੋਰਚੇ ਵੇਖ ਕੇ ਜਦ ਕਾਲਰੇ ਨੂੰ ਆਇਆ ਤਾਂ ਉਥੇ ਮੈਨੂੰ ਇਕ ਆਦਮੀ ਨੇ ਕੁਝ ਕੁ ਬੰਦ ਸੁਣਾਏ ਜੋ ਹੂਬਹੂ ਓਹੋ ਹਾਲ ਸਨ, ਜੋ ਮੈਂ ਫਿਰ ਫਿਰ ਕੇ ਤੇ ਖੋਜ ਖੋਜ ਕੇ ਮਲੂਮ ਕੀਤੇ ਸਨ। ਉਸ ਨੇ ਮੈਨੂੰ ਦਸਿਆ ਕਿ ਸ਼ਾਹ ਮੁਹੰਮਦ ਨੇ ਤਾਂ ਬੜੇ ਸੰਖੇਪ ਹਾਲ ਲਿਖੇ ਹਨ। ਪਰ ਇਸ ਸ਼ਾਇਰ ਨੇ ਬੜੇ ਵਿਸਥਾਰ ਨਾਲ ਹਾਲ ਲਿਖੇ ਹਨ ਅਤੇ ਮੌਂਗ ਰਸੂਲ ਤੇ ਗੁਜਰਾਤ ਦੀਆਂ ਲੜਾਈਆਂ ਦੇ ਹਾਲ ਤਾਂ ਬਹੁਤ ਹੀ ਸੋਹਣੇ ਦਿੱਤੇ ਹਨ। ਮੈਨੂੰ ਉਸ ਨੇ ਗੁਜਰਾਤ ਦੀ ਲੜਾਈ ਦੇ ਕੁਝ ਕੁ ਬੰਦ ਸੁਣਾਏ ਸਨ ਤੇ ਦਸਿਆ ਸੀ ਕਿ ਇਹ ਸਾਰੇ ਹਾਲ ਅੱਜ-ਕੱਲ੍ਹ ਫ਼ਲਾਣੇ ਆਦਮੀ ਪਾਸ ਲਿਖੇ ਪਏ ਹਨ। ਮੈਂ ਉਸ ਦੀ ਸਰਸਰੀ ਜਿਹੀ ਭਾਲ ਕੀਤੀ। ਓਹ ਸਰਕਾਰੀ ਨੌਕਰ ਸੀ ਤੇ ਸਰਕਾਰੀ ਨੌਕਰੀ ਉਤੇ ਕਿਧਰੇ ਦੂਰ ਗਿਆ ਹੋਇਆ ਸੀ, ਇਸ ਲਈ ਮੈਂ ਦੂਜੀ ਵਾਰ ਉਸ ਦੇ ਮਗਰ ਨਾ ਜਾ ਸਕਿਆ। ਪਰ ਜੇ ਭਾਲ ਕੀਤੀ ਜਾਵੇ ਤਾਂ ਇਹ ਹਾਲ ਵੀ ਮਿਲ ਸਕਦੇ ਹਨ।

ਇਸੇ ਤਰ੍ਹਾਂ ਹੋਰ ਵੀ ਕਈ ਵਾਰਾਂ ਤੇ ਕਵਿਤਾਵਾਂ ਹੋਣਗੀਆਂ ਜਿਨ੍ਹਾਂ ਵਿਚ ਸਾਡੇ ਪੁਰਾਣੇ ਹਾਲ ਹੋਣਗੇ ਤੇ ਜਿਨ੍ਹਾਂ ਦੀ ਮੈਨੂੰ ਖ਼ਬਰ ਨਹੀਂ। ਇਸ ਪਾਸੇ ਵਲ ਮੈਂ ਕੋਈ ਖ਼ਾਸ ਧਿਆਨ ਵੀ ਨਹੀਂ ਦਿੱਤਾ ਸੀ, ਪਰ ਜੇਕਰ ਕੋਈ ਆਦਮੀ ਖੋਜ ਕਰੇ ਤਾਂ ਬਹੁਤ ਕੁਝ ਲੱਭ ਸਕਦਾ ਹੈ।

ਲਾਹੌਰ ਦਰਬਾਰ ਦੇ ਰੋਜ਼-ਨਾਮਚਿਆਂ ਵਿਚੋਂ ਸੁਆਦਲੇ ਤੇ ਚੁਣਵੇਂ ਸਮਾਚਾਰ, 'ਲੁਧਿਆਨਾ ਅਖ਼ਬਾਰ' ਵਿਚੋਂ ਉਸ ਸਮੇਂ ਦੀਆਂ ਖ਼ਬਰਾਂ ਅਤੇ ਬਿਰਧ ਬਾਬਿਆਂ ਦੇ ਨਿਹਾਇਤ ਦਰਦ-ਭਰੇ ਬਿਆਨ ਇਸੇ ਭਾਗ ਵਿਚ ਕਿਸੇ ਹੋਰ ਥਾਂ ਅਗੇ ਛਾਪੇ ਗਏ ਹਨ।

*—ਕਰਮ ਸਿੰਘ*

# ਮਹਾਰਾਜਾ ਰਣਜੀਤ ਸਿੰਘ ਤੇ ਖ਼ਾਲਸਾ ਰਾਜ

## [ਸ੍ਰੀ ਮਾਨ ਬਾਬਾ ਪ੍ਰੇਮ ਸਿੰਘ ਜੀ ਹੋਤੀ]

ਸ਼ੇਰ-ਦਿਲ ਮਹਾਰਾਜਾ ਰਣਜੀਤ ਸਿੰਘ ਜੀ ਤੇ ਖ਼ਾਲਸਾ ਸਲਤਨਤ ਦਾ ਸੰਖੇਪ ਹਾਲ ਇਸ ਲੇਖ ਦੁਆਰਾ ਭੇਟਾ ਕਰਦਾ ਹਾਂ। ਕਾਸ਼! ਕੋਈ ਦਿਨ ਆਵੇ ਕਿ ਖ਼ਾਲਸਾ ਕੌਮ ਆਪਣੇ ਇਸ ਮਹਾਂ ਪੁਰਖ ਦੇ ਮਹਾਨ ਗੁਣਾਂ ਤੋਂ ਜਾਣੂ ਹੋ ਕੇ ਉਸ ਲਈ ਦਿਲ ਵਿਚ ਉੱਨਾ ਹੀ ਮਾਣ ਤੇ ਸਤਿਕਾਰ ਪੈਦਾ ਕਰ ਲਏ, ਜਿਸ ਦਾ ਕਿ ਉਹ ਅਧਿਕਾਰੀ ਹੈ। ਸਤਿਕਾਰ ਤੇ ਫ਼ਖ਼ਰ ਕਰਨਾ ਤਾਂ ਇਕ ਪਾਸੇ ਰਿਹਾ, ਮੰਦ ਭਾਗਾਂ ਨਾਲ ਸਾਡੇ ਵਿਚ ਕੁਝ ਅਜਿਹੇ ਆਦਮੀ ਵੀ ਮੌਜੂਦ ਹਨ ਜੋ ਸੰਸਾਰ ਦੇ ਇਸ ਅਦੁੱਤੀ ਹੀਰੋ ਨੂੰ 'ਡਾਕੂ' ਤੇ 'ਲਾਲਚੀ' ਆਦਿ ਕੁਬਚਨਾਂ ਨਾਲ ਯਾਦ ਕਰਦੇ ਹਨ। ਪਰ ਸੰਸਾਰ ਦਾ ਇਤਿਹਾਸ ਵਾਚਿਆਂ ਇਸ ਵੱਡੇ ਮਹਾਰਾਜੇ ਦੇ ਕਦਰਦਾਨਾਂ ਦੀ ਘਬਰਾਹਟ ਤੇ ਨਿਰਾਸਤਾ ਬਹੁਤ ਘਟ ਜਾਂਦੀ ਹੈ। ਮਿਸਾਲ ਲਈ ਅਸੀਂ ਨੈਪੋਲੀਅਨ ਦਾ ਨਾਮ ਪੇਸ਼ ਕਰਦੇ ਹਾਂ। ਇਸ ਬਹਾਦਰ ਜੋਧੇ ਨੂੰ ਲਗਪਗ ਇਕ ਸਦੀ ਤਕ ਸਾਰਾ ਇੰਗਲਿਸਤਾਨ ਤੇ ਕੁਝ ਹਿੱਸਾ ਫ਼ਰਾਂਸ ਦਾ ਵੀ ਬੁਰਾ-ਭਲਾ ਕਹਿੰਦਾ ਰਿਹਾ, ਹੁਣ ਉਹ ਹੀ ਇੰਗਲਿਸਤਾਨ ਉਸ ਨੂੰ ਅਦੁੱਤੀ ਦੇਸ਼-ਭਗਤ ਤੇ ਹੀਰੋ ਮੰਨਦਾ ਹੈ ਤੇ ਜਿੰਨੇ ਜੀਵਨ ਬ੍ਰਿਤਾਂਤ ਇਸ ਦੇ ਅੰਗਰੇਜ਼ਾਂ ਨੇ ਲਿਖੇ ਹਨ, ਸ਼ਾਇਦ ਹੀ ਕਿਸੇ ਹੋਰ ਨੇ ਲਿਖੇ ਹੋਣ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਿਰੋਧੀਆਂ ਦੀ ਤਰ੍ਹਾਂ ਖ਼ਾਸ ਫ਼ਰਾਂਸ ਵਿਚ ਅਜਿਹੇ ਲੋਕਾਂ ਦੀ ਕਮੀ ਨਹੀਂ ਸੀ ਜੋ ਨੈਪੋਲੀਅਨ ਨੂੰ ਸਤਿਕਾਰ ਦੀ ਨਿਗਾਹ ਨਾਲ ਨਹੀਂ ਸਨ ਦੇਖਦੇ, ਤੇ ਸਦਾ ਹੀ ਓਸ ਦੇ ਔਗੁਣ ਪੇਸ਼ ਕਰਦੇ ਰਹਿੰਦੇ ਸਨ। ਛੇਕੜ ਸਮੇਂ ਨੇ ਪਲਟਾ ਖਾਧਾ ਤੇ ਨੈਪੋਲੀਅਨ ਦੀ ਬੇਮਿਸਾਲ ਯਾਦਗਾਰ ਖ਼ਾਸ ਪੈਰਿਸ ਵਿਚ ਬਣੀ। ਉਸ ਬਹਾਦਰ ਜੋਧੇ ਦੀਆਂ ਹੱਡੀਆਂ ਪੁਰ 'ਸੋਲਜਰਜ਼ ਗੇਟ' (ਸਿਪਾਹੀ-ਦਰਵਾਜ਼ਾ) ਬਣਾਇਆ ਗਿਆ ਤੇ ਹੁਣ ਕੋਈ ਫ਼ੌਜੀ ਜਰਨੈਲ ਉਸ ਵਕਤ ਤਕ ਜਰਨੈਲ ਨਹੀਂ ਬਣ ਸਕਦਾ ਜਦ ਤੀਕ ਉਹ 'ਸੋਲਜਰਜ਼ ਗੇਟ' ਦੇ ਵਿਚੋਂ ਨਾ ਗੁਜ਼ਰੇ।

ਇਸੇ ਤਰ੍ਹਾਂ ਮਹਾਰਾਸ਼ਟਰ ਦੇ ਸੂਰਮੇ ਸ਼ਿਵਾ ਜੀ ਦੇ ਕਾਰਨਾਮੇ ਹੁਣ ਸਾਰੇ ਮਰਹੱਟਿਆਂ ਵਿਚ ਬੜੀ ਸਤਿਕਾਰ ਦੀ ਨਿਗਾਹ ਨਾਲ ਦੇਖੇ ਜਾਂਦੇ ਹਨ। ਕੋਲ੍ਹਾਪੁਰ ਤੇ ਪੂਨੇ ਵਿਚ ਲੱਖਾਂ ਰੁਪਏ ਦੇ ਖ਼ਰਚ ਨਾਲ ਉਸ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਗਈਆਂ ਹਨ ਅਤੇ ਕਈ ਲੱਖ ਰੁਪਿਆ ਰੀਸਰਚ-ਕਮੇਟੀ ਦੇ ਹਵਾਲੇ ਕੀਤਾ ਗਿਆ

ਹੈ, ਤਾਕਿ ਇਸ ਜੋਧੇ ਦਾ ਇਤਿਹਾਸ ਤਿਆਰ ਕੀਤਾ ਜਾਵੇ।

ਸਮਾਂ ਆਵੇਗਾ ਕਿ ਖ਼ਾਲਸਾ ਕੌਮ ਵੀ ਅੱਖਾਂ ਖੋਲ੍ਹੇਗੀ ਤੇ ਆਪਣੇ ਬੇ-ਮਿਸਾਲ ਮਹਾਰਾਜੇ ਦੀਆਂ ਯਾਦਗਾਰਾਂ ਪੰਜਾਬ ਦੇ ਸ਼ਹਿਰ ਸ਼ਹਿਰ ਵਿਚ ਕਾਇਮ ਕਰੇਗੀ ਤੇ ਘਰ ਘਰ ਵਿਚ ਸ਼ੇਰਿ-ਪੰਜਾਬ ਦੇ ਇਤਿਹਾਸ ਦੀ ਕਥਾ ਗੁਰੂ ਸਾਹਿਬਾਂ ਦੇ ਬਾਅਦ ਹੋਇਆ ਕਰੇਗੀ, ਜਿਸ ਤੋਂ ਆਉਣ ਵਾਲੀਆਂ ਨਸਲਾਂ ਆਪਣੇ ਮਹਾਂ-ਪੁਰਖ ਦੇ ਨਾਂ 'ਤੇ ਫ਼ਖ਼ਰ ਕਰਦਿਆਂ ਹੋਇਆਂ ਜੀਵਨ ਪ੍ਰਾਪਤ ਕਰਨਗੀਆਂ। ਮੈਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਬੇਗਿਣਤ ਕਾਰਨਾਮਿਆਂ ਵਿਚੋਂ ਕੁਝ ਕੁ ਹੇਠਾਂ ਦੇਂਦਾ ਹਾਂ:

ਸ਼ੇਰਿ-ਪੰਜਾਬ ਦੇ ਪਿਤਾ ਨੇ ਜਦ ਚਲਾਣਾ ਕੀਤਾ ਤਾਂ ਇਕ ਦਸਤਾ ਸਵਾਰਾਂ ਦਾ ਤੇ ਕੁਝ ਕੁ ਪਿੰਡ ਇਸ ਲਈ ਛੱਡੇ। ਇਹ ਸਭ ਕੁਝ ਇਸ ਦੇ ਬਾਹੂ-ਬਲ ਦਾ ਕੰਮ ਸੀ ਕਿ ਇਕ ਪਿੰਡ ਦੇ ਚੌਧਰੱਮੇ ਤੋਂ ਉਠ ਕੇ ਪਾਤਸ਼ਾਹੀ ਕਾਇਮ ਕਰ ਦਿੱਤੀ, ਜਿਸ ਦੀ ਇਕ ਹੱਦ ਤਿੱਬਤ ਤੇ ਹਿੰਦੂ-ਕੁਸ਼ ਦੇ ਪਹਾੜਾਂ ਨਾਲ ਮਿਲਦੀ ਸੀ ਤੇ ਦੂਜਾ ਬੰਨਾ ਸ਼ਿਕਾਰਪੁਰ ਸਿੰਧ ਨਾਲ, ਤੀਜਾ ਸਿਰਾ ਸਤਲੁਜ ਤੋਂ ਚਲ ਕੇ ਅਫ਼ਗਾਨਿਸਤਾਨ ਦੇ ਪਹਾੜਾਂ ਵਿਚ ਦਰਾ ਖ਼ੈਬਰ ਤਕ ਪਹੁੰਚਦਾ ਸੀ। ਇਸੇ ਤਰ੍ਹਾਂ ਚੌਥੀ ਹੱਦ ਕੋਹ ਸੁਲੇਮਾਨ ਤੇ ਪੰਜ ਨਦ ਤਕ ਸੀ, ਜਿਸ ਦਾ ਰਕਬਾ ਇਕ ਲੱਖ ਪੰਜਤਾਲੀ ਹਜ਼ਾਰ ਮੁਰੱਬਾ ਮੀਲ ਸੀ ਤੇ ਜਿਸ ਤੋਂ ਉਸ ਨੂੰ ਤਿੰਨ ਕਰੋੜ ਚੌਵੀ ਲੱਖ ਪਝੱਤਰ ਹਜ਼ਾਰ ਰੁਪਿਆ ਸਾਲਾਨਾ ਆਮਦਨੀ ਹੋਂਦੀ ਸੀ। ਇਸ ਦੀ ਕਲਮੀ ਕਵੈਦਦਾਨ ਫ਼ੌਜ ਵਿਚ ੧,੨੩,੮੦੦ ਜਵਾਨ ਸਵਾਰ ਤੇ ਪੈਦਲ ਸਨ, ੩੮੪ ਵੱਡੀਆਂ ਤੋਪਾਂ ਤੇ ੪੦੦ ਸ਼ੁਤਰੀ ਗੁਬਾਰੇ ਸਨ। ਤੋਪਖ਼ਾਨਾ ਅਜਿਹਾ ਅਦੁੱਤੀ ਸੀ ਕਿ ਜਿਸ ਦੀ ਨਜ਼ੀਰ ਉਸ ਸਮੇਂ ਨਹੀਂ ਸੀ ਮਿਲਦੀ। ਆਨਰੇਬਲ ਆਜ਼ਬਰਨ, ਜਿਸ ਨੇ ਆਪਣੀ ਅੱਖੀਂ ਖ਼ਾਲਸਾ ਤੋਪਖ਼ਾਨੇ ਦੇ ਕਮਾਲ ਡਿੱਠੇ ਸਨ, ਉਹ ੨੪ ਜੂਨ ਸੰਨ ੧੮੩੮ ਦੀ ਡਾਇਰੀ ਵਿਚ ਲਿਖਦਾ ਹੈ ਕਿ 'ਸੰਸਾਰ ਵਿਚ ਜੋ ਤੋਪਖ਼ਾਨਾ ਅਜਿਹੀ ਚੰਗੀ ਚਾਂਦ-ਮਾਰੀ ਕਰ ਸਕੇ ਉਹ ਵਾਕੱਈ ਫ਼ਖ਼ਰਯੋਗ ਹੈ, ਮੈਨੂੰ ਮਹਾਰਾਜੇ ਨੇ ਕੱਲ੍ਹ ਆਪਣੇ ਤੋਪਖ਼ਾਨੇ ਦੀ ਚਾਂਦ-ਮਾਰੀ ਦੱਸੀ ਤੇ ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਜਦ ਕਿ ਪਹਿਲੇ ਨਿਸ਼ਾਨੇ ਮਾਰਨ ਨਾਲ ਹੀ ਚਾਂਦ ਟੁਕੜੇ ਟੁਕੜੇ ਹੋ ਗਿਆ। ਲੰਮੇ ਫ਼ਾਸਲੇ 'ਤੇ ਖ਼ਾਲਸਾ ਤੋਪਾਂ ਦੀ ਗੋਲੰਦਾਜ਼ੀ ਹੋਰ ਵੀ ਵਧੇਰੀ ਠੀਕ ਸੀ।'

ਫ਼ੌਜ ਵਿਚ ਸਿਖ, ਹਿੰਦੂ ਤੇ ਮੁਸਲਮਾਨ ਅਫ਼ਸਰਾਂ ਤੋਂ ਛੁਟ ੪੩ ਯੂਰਪੀਨ ਅਫ਼ਸਰ ਸਨ ਜਿਨ੍ਹਾਂ ਨੂੰ ਪੰਜ ਸੌ ਤੋਂ ਲੈ ਕੇ ਪੈਂਤੀ ਸੌ ਰੁਪਏ ਮਾਹਵਾਰੀ ਤਲਬਾਂ ਮਿਲਦੀਆਂ ਸਨ। ਬੈਰਨ ਹੂਗਲ ਖ਼ਾਲਸਾ ਫ਼ੌਜਾਂ ਦੇ ਕਮਾਲ ਦੇਖ ਕੇ ੨੨ ਜਨਵਰੀ ਸੰਨ ੧੮੩੬ ਦੇ ਪੱਤਰ ਵਿਚ ਲਿਖਦਾ ਹੈ ਕਿ 'ਜਦ ਦਾ ਮੈਂ ਲਾਹੌਰ ਆਇਆ ਹਾਂ, ਮਹਾਰਾਜਾ ਰਣਜੀਤ ਸਿੰਘ ਨੇ ਮੈਨੂੰ ਕਈ ਵਾਰੀ ਆਪਣੀਆਂ ਫ਼ੌਜਾਂ ਦੀ ਕਵੈਦ ਪ੍ਰੇਡ ਦੱਸਣ ਦੀ ਇੱਜ਼ਤ ਬਖ਼ਸ਼ੀ। ਮੈਂ ਖ਼ਾਲਸਾ ਫ਼ੌਜਾਂ ਨੂੰ ਅਜਿਹੀ ਫੁਰਤੀ ਨਾਲ ਬੰਦੂਕਾਂ ਚਲਾਂਦਾ ਤੇ ਸਹੀ ਚਾਂਦ-ਮਾਰੀ ਕਰਦਾ ਦੇਖ ਕੇ ਹੈਰਾਨ ਰਹਿ ਗਿਆ ਹਾਂ। ਮੈਂ ਇਸ ਗੱਲ ਦਾ ਫ਼ੈਸਲਾ ਕਰਨ ਵਿਚ ਹੱਕ-ਬਜਾਨਬ ਹਾਂ ਕਿ ਇਹ ਫ਼ੌਜ ਯੂਰਪ ਦੀ ਫ਼ੌਜ ਤੋਂ ਬਹੁਤ ਬਿਹਤਰ

ਹੈ। ਆਸਟਿਰੀਆ ਦੀਆਂ ਫ਼ੌਜਾਂ ਠੀਕ ਨਿਸ਼ਾਨਾ ਮਾਰਨ ਲਈ ਜਗਤ-ਪਰਸਿੱਧ ਹਨ, ਪਰ ਖ਼ਾਲਸਾ ਫ਼ੌਜਾਂ ਨੂੰ ਮੈਂ ਉਨ੍ਹਾਂ ਤੋਂ ਵੀ ਵੱਧ ਪਾਇਆ ਹੈ', ਆਦਿ। ਇਹ ਖ਼ਾਲਸਾ ਫ਼ੌਜ ਦਾ ਨਮੂਨਾ ਹੈ ਜਿਸ ਨੂੰ ਮਹਾਰਾਜਾ ਨੇ ਆਪਣੀ ਮਿਹਨਤ ਤੇ ਯੋਗਤਾ ਨਾਲ ਤਿਆਰ ਕੀਤਾ ਸੀ। ਬੇਸ਼ੁਮਾਰ ਜੰਗੀ ਸਾਮਾਨ ਤੋਂ ਛੁਟ ੫੬ ਛਾਵਣੀਆਂ ਅਤੇ ੩੪ ਵੱਡੇ ਕਿਲ੍ਹੇ ਸਨ, ਜਿਨ੍ਹਾਂ ਵਿਚ ਫ਼ੌਜਾਂ ਰਹਿੰਦੀਆਂ ਸਨ। ਇਨ੍ਹਾਂ ਦੇ ਬਣਾਣ 'ਤੇ ਕਈ ਕਰੋੜ ਰੁਪਿਆ ਖ਼ਰਚ ਹੋਇਆ ਸੀ।

ਸੰਨ ੧੮੩੮ ਦੇ ਗੋਸ਼ਵਾਰਿਆਂ ਤੋਂ ਪਤਾ ਲਗਦਾ ਹੈ ਕਿ ਪੰਜਤਾਲੀ ਕਰੋੜ ਰੁਪਿਆ ਖ਼ਾਲਸੇ ਦੇ ਖ਼ਜ਼ਾਨਿਆਂ ਵਿਚ ਸੀ। ਇਸ ਤੋਂ ਛੁਟ 'ਕੋਹ ਨੂਰ' ਵਰਗਾ ਅਦੁੱਤੀ ਹੀਰਾ, ਜਿਸ ਦੀ ਕੀਮਤ ਦਾ ਅੰਦਾਜ਼ਾ ਆਨਰੇਬਲ ਆਜ਼ਬਰਨ ਦੀ ਲਿਖਤ ਅਨੁਸਾਰ ੩੦,੦੦,੦੦੦ ਅਸ਼ਰਫ਼ੀ ਜਾਂ ਛੇ ਕਰੋੜ ਰੁਪਏ ਬਣਦਾ ਹੈ, ਖ਼ਾਲਸਾ ਰਾਜ ਦੀ ਮਲਕੀਅਤ ਸੀ। ਮਹਾਰਾਜੇ ਦੇ ਸਾਰੇ ਜਵਾਹਰਾਤ ਤੇ ਕੀਮਤੀ ਸਾਜ਼ੋ-ਸਾਮਾਨ ਦੀ ਪੂਰੀ ਫ਼ਹਿਰਿਸਤ ਤੇ ਕੀਮਤ ਇਥੇ ਲਿਖੀਏ ਤਾਂ ਲੇਖ ਬਹੁਤ ਹੀ ਲੰਮਾ ਹੋ ਜਾਏਗਾ, ਇਥੇ ਅਸੀਂ ਵੰਨਗੀ ਹੀ ਦੇਣੀ ਯੋਗ ਸਮਝਦੇ ਹਾਂ।

ਫ਼ੀਲਖ਼ਾਨਿਆਂ ਵਿਚ ਕਈ ਹਜ਼ਾਰ ਹਾਥੀ ਸਨ, ਜਿਨ੍ਹਾਂ ਵਿਚੋਂ 'ਇੰਦ੍ਰ ਰਾਜ' ਤੇ 'ਸਰਦਾਰ ਜੀ' ਆਪਣੀ ਨਜ਼ੀਰ ਆਪ ਸਨ। ਬੈਰਨ ਹੂਗਲ ਮਹਾਰਾਜਾ ਸਾਹਿਬ ਦੇ ਹਾਥੀਆਂ ਦਾ ਹਾਲ ਲਿਖਦਾ ਹੋਇਆ 'ਸਰਦਾਰ ਜੀ' ਨਾਮੀ ਹਾਥੀ ਬਾਬਤ ਲਿਖਦਾ ਹੈ ਕਿ 'ਇਸ ਦੀ ਉਚਾਈ ਨੂੰ ਦੇਖ ਕੇ ਮੈਂ ਹੈਰਾਨ ਰਹਿ ਗਿਆ। ਇਸ ਦੀਆਂ ਝੁੱਲਾਂ ਤੇ ਹੋਰ ਸੁਹੱਪਣ ਦੇ ਸਾਮਾਨ ਉਤੇ ਇਕ ਲੱਖ ਤੀਹ ਹਜ਼ਾਰ ਰੁਪਿਆ ਖ਼ਰਚ ਹੋਇਆ ਹੈ। ਇਸ ਤਰ੍ਹਾਂ ਦੇ ੧੦੧ ਹਾਥੀ ਖ਼ਾਸ ਮਹਾਰਾਜੇ ਦੀ ਸਵਾਰੀ ਲਈ ਹਨ।'

ਤਬੇਲਿਆਂ ਵਿਚ ਇਕ ਹਜ਼ਾਰ ਚੋਣਵੇਂ ਘੋੜੇ ਸਨ, ਜਿਨ੍ਹਾਂ ਵਿਚੋਂ 'ਲੈਲੀ', 'ਸੁਫ਼ੈਦ ਪਰੀ, 'ਗੋਹਰਿ ਬਾਰ' ਤੇ 'ਦਖਨੀ' ਉਸ ਸਮੇਂ ਲਾਸਾਨੀ ਗਿਣੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਵਿਚ ਇਕ ਉੱਚਾ ਗੁਣ ਅਸੀਂ ਇਹ ਦੇਖਦੇ ਹਾਂ ਕਿ ਐਨੀ ਲੰਮੀ ਚੌੜੀ ਸਲਤਨਤ ਬਣਾਣ ਵਿਚ ਉਸ ਨੇ ਘੱਟ ਤੋਂ ਘੱਟ ਸਖ਼ਤੀ ਤੋਂ ਕੰਮ ਲਿਆ। ਜਿਹੜੇ ਜਿਹੜੇ ਇਲਾਕੇ ਉਸ ਨੇ ਸਿਖ-ਰਾਜ ਨਾਲ ਮਿਲਾਏ ਉਨ੍ਹਾਂ ਦਿਆਂ ਹਾਕਮਾਂ ਨੂੰ ਧੱਕਾ ਦੇ ਕੇ ਨਹੀਂ ਕਢ ਦਿੱਤਾ, ਸਗੋਂ ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਭਾਰੀਆਂ ਜਗੀਰਾਂ ਤੋਂ ਛੁਟ ਫ਼ੌਜ ਅਤੇ ਮੁਲਕੀ ਸੇਵਾ ਲਈ ਬੜੀ ਜ਼ਿੰਮੇਵਾਰੀ ਦੇ ਅਹੁਦੇ ਵੀ ਦਿੱਤੇ। ਇਸ ਦੀ ਤਾਈਦ ਮੇਜਰ ਲਾਰੰਸ ਦੀ ਕਲਮ ਤੋਂ ਇਸ ਤਰ੍ਹਾਂ ਹੁੰਦੀ ਹੈ:

'ਦਿੱਲੀ ਤੇ ਕਾਬਲ ਦੇ ਬਜ਼ਾਰਾਂ ਵਿਚ ਆਪ ਕਈ ਸ਼ਾਹੀ ਘਰਾਣੇ ਦਿਆਂ ਲੋਕਾਂ ਨੂੰ ਦਰ ਦਰ ਭੀਖ ਮੰਗਦੇ ਵੇਖੋਗੇ, ਪਰ ਪੰਜਾਬ ਵਿਚ ਕੋਈ ਅਜਿਹਾ ਘਰਾਣਾ ਜਾਂ ਖ਼ਾਨਦਾਨ ਨਹੀਂ, ਜਿਸ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਹ ਕਰ ਕੇ ਆਪਣੇ ਰਾਜ ਨਾਲ ਮਿਲਾ ਲਿਆ ਹੋਵੇ ਅਤੇ ਉਸ ਨੂੰ ਕਾਫ਼ੀ ਜਗੀਰ ਜਾਂ ਪੈਨਸ਼ਨ ਗੁਜ਼ਾਰੇ ਲਈ ਨਾ ਦਿੱਤੀ ਹੋਵੇ। ਇਹ ਨਿਯਮ ਕੇਵਲ ਸਿੱਖਾਂ ਤਕ ਹੀ ਮਹਿਦੂਦ ਨਹੀਂ,

ਬਲਕਿ ਮੁਸਲਮਾਨਾਂ ਤੇ ਹੋਰ ਹੋਰ ਮਤ ਦੇ ਲੋਕਾਂ ਨਾਲ ਭੀ ਉਹ ਇਸੇ ਤਰ੍ਹਾਂ ਦਰਿਆ-ਦਿਲੀ ਨਾਲ ਪੇਸ਼ ਆਉਂਦਾ ਹੈ। ਨਜ਼ੀਰ ਲਈ, ਨਵਾਬ ਕੁਤਬੋਦੀਨ ਖ਼ਾਨ ਕਸੂਰੀਆ ਤੇ ਨਵਾਬ ਮੁਜ਼ੱਫ਼ਰ ਖ਼ਾਨ ਮੁਲਤਾਨੀ ਅਤੇ ਸਰਦਾਰ ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ ਆਦਿ ਦੇ ਘਰਾਣਿਆਂ ਨੂੰ ਬਹੁਤ ਵੱਡੀਆਂ ਵੱਡੀਆਂ ਜਗੀਰਾਂ ਮਹਾਰਾਜ ਨੇ ਬਖ਼ਸ਼ੀਆਂ ਹੋਈਆਂ ਹਨ। ਇਹ ਕਦੇ ਨਹੀਂ ਸੁਣਿਆ ਗਿਆ ਕਿ ਉਸ ਨੇ ਕਦੇ ਵੀ ਕਿਸੇ ਨੂੰ ਬੇਤਰਸੀ ਨਾਲ ਸਜ਼ਾ ਦਿੱਤੀ ਹੋਵੇ ਜਾਂ ਆਪਣੇ ਵੈਰੀਆਂ ਤੋਂ ਬਦਲੇ ਲੈਣ ਵਿਚ ਉਸ ਨੇ ਕਿਸੇ 'ਤੇ ਅਧਰਮ ਕੀਤਾ ਹੋਵੇ।'

ਇਹ ਸਭ ਕੁਝ ਵਾਹਿਗੁਰੂ ਦੀ ਬਖ਼ਸ਼ੀ ਹੋਈ ਲਿਆਕਤ ਅਤੇ ਉਸ ਦੀ ਕੋਸ਼ਸ਼ ਦਾ ਫਲ ਸੀ ਕਿ ਬਿਖਰੀ ਹੋਈ ਖ਼ਾਲਸਾ ਕੌਮ ਨੂੰ ਜਥੇਬੰਦੀ ਵਿਚ ਲਿਆ ਕੇ ਐਨੀ ਉੱਚਤਾ 'ਤੇ ਪੁਚਾ ਦਿੱਤਾ, ਜਿਸ ਦੀ ਧਾਂਕ ਸਾਰੇ ਸੰਸਾਰ ਵਿਚ ਮੰਨੀ ਜਾਂਦੀ ਸੀ। ਇਸ ਦੀ ਪ੍ਰੋੜ੍ਹਤਾ ਨਵਾਬ ਜ਼ੁਲਫ਼ਕਾਰ ਅਲੀ ਖ਼ਾਨ 'ਦਰਬਾਰ ਵ ਫ਼ਰਦਗਾਹ ਮਹਾਰਾਜਾ ਰਣਜੀਤ ਸਿੰਘ' ਦੇ ਦੀਬਾਚੇ ਵਿਚ ਜ਼ੋਰਦਾਰ ਸ਼ਬਦਾਂ ਵਿਚ ਇਸ ਤਰ੍ਹਾਂ ਲਿਖਦਾ ਹੈ, ਜਿਸ ਨੂੰ ਅਸੀਂ ਇੰਨ-ਬਿੰਨ ਇਥੇ ਦੇਂਦੇ ਹਾਂ :

'ਮਹਾਰਾਜਾ ਰਨਜੀਤ ਸਿੰਘ ਕੀ ਹਮਾਤਨ ਕੋਸ਼ਸ਼ ਕਾ ਯੇ ਨਤੀਜਾ ਹੂਆ ਕਿ ਥੋੜੇ ਹੀ ਅਰਸਾ ਮੇਂ ਉਨ੍ਹੋਂ ਨੇ ਅਪਨੀ ਫ਼ੌਜ ਕੋ ਨਿਹਾਹਿਤ ਆਹਲਾ ਦਰਜੇ ਕੀ ਤਰੱਕੀ ਕੋ ਪਹੁੰਚਾ ਦੀਆ। ਮਹਾਰਾਜਾ ਸਾਹਿਬ ਇਸ ਖ਼ਿਆਲ ਸੇ ਤੋ ਕਾਬਲੇ ਤਾਰੀਫ਼ ਥੇ ਹੀ ਕਿ ਉਨ੍ਹੋਂ ਨੇ ਅਪਨੀ ਨਿਗਰਾਨੀ ਔਰ ਬੇਹੱਦ ਕੋਸ਼ਸ਼ ਸੇ ਏਕ ਬਾਕਾਇਦਾ ਫ਼ੌਜ ਕੋ ਆਰਾਸਤਾ ਕਰ ਲੀਆ, ਮਗਰ ਸਭ ਸੇ ਜ਼ਿਆਦਾ ਹੈਰਤ-ਅੰਗੇਜ਼ ਬਾਤ ਉਨ ਕੀ ਖ਼ੁਦਾਦਾਦ ਸਮਝ ਕੀ ਹੈ ਕਿ ਏਕ ਐਸੇ ਜ਼ਮਾਨੇ ਮੇਂ, ਜਬ ਕਿ ਤਮਾਮ ਇਤ੍ਰਾਫ਼ ਮੇਂ ਉਸ ਕੇ ਹਮਅਸਰ ਕਿਆ ਬਲਕਿ ਉਸ ਸੇ ਜ਼ਿਆਦਾ ਮਜ਼ਬੂਤ ਲੋਗ ਮੌਜੂਦ ਥੇ ਔਰ ਉਸ ਕੋ ਪਾਮਾਲ ਕਰਨੇ ਕੇ ਲੀਏ ਹਰ ਵਕਤ ਕੋਸ਼ਸ਼ ਮੇਂ ਲਗੇ ਹੂਏ ਥੇ, ਅਪਨੇ ਥੋੜੇ ਜਥੇ ਕੇ ਸਾਥ ਸਭ ਕੋ ਮਗ਼ਲੂਬ ਕਰ ਕੇ ਏਕ ਅਜ਼ੀਮੋ-ਸ਼ਾਨ ਸਲਤਨਤ ਕਾਇਮ ਕਰ ਲੀ।'

ਸ਼ੇਰਿ-ਪੰਜਾਬ ਜਿਸ ਤਰ੍ਹਾਂ ਮੁਲਕਾਂ ਦੇ ਫ਼ਤਹ ਕਰਨ ਲਈ ਬਹਾਦਰ ਸੀ, ਉਸੇ ਤਰ੍ਹਾਂ ਫ਼ਤਹ ਕੀਤੇ ਇਲਾਕਿਆਂ ਨੂੰ ਆਪਣੇ ਕਬਜ਼ੇ ਵਿਚ ਰਖਣ ਤੇ ਓਨ੍ਹਾਂ ਦਾ ਵਧੀਆ ਪਰਬੰਧ ਕਰਨ ਲਈ ਅਦੁੱਤੀ ਸੀ। ਫ਼ਤਹ ਕਰਨਾ ਤੇ ਉਸ ਦਾ ਪਰਬੰਧ ਕਰਨਾ ਇਹ ਦੋ ਵੱਖੋ ਵੱਖ ਗੁਣ ਹਨ, ਅਤੇ ਬਹੁਤ ਘਟ ਮਿਲਵੇਂ ਦੇਖੇ ਜਾਂਦੇ ਹਨ, ਪਰ ਸ਼ੇਰਿ-ਪੰਜਾਬ ਵਿਚ ਇਹ ਦੋਵੇਂ ਗੁਣ ਸਮਿਲਤ ਮੌਜੂਦ ਸਨ। ਉਸ ਦਾ ਮੁਲਕੀ ਪਰਬੰਧ ਐਨਾ ਆਹਲਾ ਦੇਖ ਕੇ ਅਕਸਰ ਬਦੇਸ਼ੀ ਯਾਤਰੂ ਹੈਰਾਨ ਰਹਿ ਜਾਂਦੇ ਸਨ ਅਤੇ ਆਪਣਿਆਂ ਸਫ਼ਰਨਾਮਿਆਂ ਵਿਚ ਹੈਰਾਨਗੀ ਨਾਲ ਲਿਖਦੇ ਹਨ ਕਿ ਮਹਾਰਾਜ ਦਾ ਵਧੇਰਾ ਸਮਾਂ ਨਵੇਂ ਨਵੇਂ ਇਲਾਕਿਆਂ ਦੇ ਫ਼ਤਹ ਕਰਨ ਵਿਚ ਗੁਜ਼ਰਦਾ ਸੀ, ਪਰ ਪਤਾ ਨਹੀਂ ਲੱਗਦਾ ਕਿ ਓਹ ਉਨ੍ਹਾਂ ਦੇ ਪਰਬੰਧ ਲਈ ਕਿਹੜਾ ਸਮਾਂ ਕੱਢ ਲੈਂਦਾ ਹੈ। ਮੁਕਦੀ ਗੱਲ ਇਹ ਹੈ ਕਿ ਜਿੰਨਾ ਓਹ ਮੁਲਕਗੀਰੀ ਲਈ ਕਾਮਯਾਬ ਵਿਜੱਈ ਮੰਨਿਆ ਜਾਂਦਾ ਸੀ ਉਸ

ਤੋਂ ਵੱਧ ਓਹ ਮੁਲਕੀ ਪਰਬੰਧ ਲਈ ਚੋਟੀ ਦਾ ਪਰਬੰਧਕ ਗਿਣਿਆ ਜਾਂਦਾ ਸੀ। ਇਹ ਕਹਿਣਾ ਫ਼ਕੀਰ ਅਜ਼ੀਜ਼ੋਦੀਨ ਦੀ ਜ਼ਬਾਨੀ ਹੈ ਕਿ 'ਇਕ ਮਾਮੂਲੀ ਘੋੜੇ ਦੀ ਨਾਲ-ਬੰਦੀ ਤੋਂ ਲੈ ਕੇ ਵਜ਼ੀਰ ਆਜ਼ਮ ਦੀ ਪੁਸ਼ਾਕ ਤਕ ਵੀ ਸ਼ੇਰਿ-ਪੰਜਾਬ ਦੀ ਆਪਣੀ ਨਜ਼ਰ ਤੋਂ ਗੁਜ਼ਰਦੀ ਹੈ।'

ਮਹਾਰਾਜਾ ਰਣਜੀਤ ਸਿੰਘ ਦੇ ਸਾਰੇ ਕਾਰਨਾਮਿਆਂ ਵਿਚੋਂ ਸਭ ਤੋਂ ਮਹਾਨ ਕਾਰਨਾਮਾ ਇਹ ਹੈ ਕਿ ਲਗਪਗ ਅੱਠ ਸੌ ਸਾਲ ਤੋਂ ਧਾਵਿਆਂ ਦਾ ਦਰਿਆ ਉੱਤਰ-ਪੱਛਮ ਉਮਡ ਉਮਡ ਕੇ ਭਾਰਤ 'ਤੇ ਆਉਂਦਾ ਰਿਹਾ, ਜਿਸ ਦੀ ਮਾਰ ਤੋਂ ਨਾ ਪੁਰਸ਼ ਤੇ ਨਾ ਹੀ ਇਸਤ੍ਰੀਆਂ ਬਚ ਸਕੀਆਂ, ਨਾ ਹੀ ਧਰਮੀ ਤੇ ਨਾ ਧਰਮ-ਸਥਾਨ ਮਾਫ਼ੂਜ਼ ਰਹੇ। ਇਸ ਸਮੁੰਦਰ ਦੀ ਇਸ ਜ਼ਬਰਦਸਤ ਲਹਿਰ ਨੂੰ ਸ਼ੇਰਿ-ਪੰਜਾਬ ਨੇ ਮੈਦਾਨ ਵਿਚ ਆ ਕੇ ਨਾ ਕੇਵਲ ਰੋਕ ਹੀ ਪਾ ਦਿੱਤੀ, ਬਲਕਿ ਉਸ ਦਾ ਰੁਖ਼ ਉਲਟੇ ਪਾਸੇ ਪਰਤ ਕੇ ਕਾਬਲ ਤੇ ਗ਼ਜ਼ਨੀ ਵਲ ਵਗਾ ਦਿੱਤਾ। ਮਹਾਰਾਜੇ ਦੇ ਇਸ ਮਹਾਨ ਕੰਮ ਨੂੰ ਇਤਿਹਾਸਕਾਰਾਂ ਨੇ ਇਕ 'ਕਰਾਮਾਤ' ਕਰ ਕੇ ਲਿਖਿਆ ਹੈ। ਹੁਣ ਇਨਸਾਫ਼ ਇਸ ਗੱਲ ਦੀ ਮੰਗ ਕਰਦਾ ਹੈ ਕਿ ਨਾ ਕੇਵਲ ਪੰਜਾਬ ਦੇ ਵਸਨੀਕ ਬਲਕਿ ਸਾਰਾ ਹਿੰਦੁਸਤਾਨ ਸ਼ੇਰਿ-ਪੰਜਾਬ ਦੇ ਇਸ ਅਹਿਸਾਨ ਅੱਗੇ ਆਪਣੀਆਂ ਗਰਦਨਾਂ ਸਦਾ ਝੁਕਾਈ ਰੱਖਣ।

ਅਖ਼ੀਰ ਪਰ ਮੈਂ ਆਪਣੇ ਦੇਸ-ਵਾਸੀਆਂ ਤੇ ਖ਼ਾਸ ਕਰ ਕੇ ਖ਼ਾਲਸੇ ਅਗੇ ਅਪੀਲ ਕਰਦਾ ਹਾਂ ਕਿ ਥਾਉਂ ਥਾਈਂ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ-ਦਿਨ ਮਨਾਇਆ ਕਰਨ ਅਤੇ ਓਸ ਦੀ ਕੋਈ ਪੱਕੀ ਯਾਦਗਾਰ ਬਣਾਣ ਲਈ ਉੱਦਮ ਕਰਨ, ਤਾਕਿ ਮੌਜੂਦਾ ਨਸਲ ਅਹਿਸਾਨ-ਫ਼ਰਾਮੋਸ਼ੀ ਦੇ ਕੋਝੇ ਧੱਬੇ ਤੋਂ ਬਚ ਜਾਏ।

## ਮਹਾਰਾਜਾ ਰਣਜੀਤ ਸਿੰਘ ਜੀ ਸੰਬੰਧੀ

# ਗੁੰਮ ਹੋ ਰਹੀਆਂ ਕਥਾਵਾਂ

**[ਮਾ: ਬੀਰ ਸਿੰਘ ਜੀ, ਸਿਖ ਕੰਨਿਆ ਮਹਾਂ ਵਿਦਿਆਲਾ, ਫ਼ੀਰੋਜ਼ਪੁਰ]**

ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਪਰ ਅਸੀਂ ਜਿਤਨਾ ਫ਼ਖ਼ਰ ਕਰੀਏ, ਥੋੜ੍ਹਾ ਹੈ। ਆਪ ਨੂੰ ਸਿੱਖੀ ਤੇ ਸਿੱਖਾਂ ਨਾਲ ਜਿੰਨਾ ਪਿਆਰ ਸੀ ਉਸ ਦਾ ਅੰਦਾਜ਼ਾ ਨਹੀਂ ਲਗ ਸਕਦਾ। ਧਿਆਨ ਸਿੰਘ ਵਜ਼ੀਰ ਨੇ ਬੇਨਤੀ ਕੀਤੀ, "ਪਾਤਸ਼ਾਹ, ਆਪ ਸਾਡੇ ਸ਼ਹਿਨਸ਼ਾਹ ਹੋ, ਲੱਕ ਨੂੰ ਪਟਕਾ ਤਾਂ ਸਾਨੂੰ, ਆਪ ਦੇ ਸੇਵਕਾਂ ਨੂੰ ਬੰਨ੍ਹਣਾ ਚਾਹੀਦਾ ਹੈ, ਆਪ ਸ਼ਹਿਨਸ਼ਾਹ ਹੋ ਕੇ ਪਟਕਾ ਕਿਉਂ ਬੰਨ੍ਹਦੇ ਹੋ ?" ਮਹਾਰਾਜ ਨੇ ਉੱਤਰ ਦਿੱਤਾ, "ਧਿਆਨ ਸਿੰਘ, ਸਿੱਕਾ ਕਿਸ ਦਾ ਹੈ ?" ਧਿਆਨ ਸਿੰਘ ਨੇ ਕਿਹਾ, "ਸਿੱਕਾ ਤਾਂ ਸਰਕਾਰ ਨੇ ਨਾਨਕ-ਸ਼ਾਹੀ ਚਲਾਇਆ ਹੋਇਆ ਹੈ।" ਸ਼ੇਰਿ-ਪੰਜਾਬ ਹੱਸ ਕੇ ਬੋਲੇ, "ਭਲਿਆ ਲੋਕਾ ! ਜਿਸ ਦਾ ਸਿੱਕਾ ਹੋਵੇ ਓਹੋ ਪਾਤਸ਼ਾਹ ਹੁੰਦਾ ਹੈ, ਮੈਂ ਤਾਂ ਗੁਰੂ ਨਾਨਕ ਸਾਹਿਬ ਦਾ ਅਧਮ ਸੇਵਕ ਹਾਂ ਤੇ ਹਰ ਵੇਲੇ ਉਨ੍ਹਾਂ ਦੇ ਹੁਕਮ ਵਿਚ ਲੱਕ ਬੰਨ੍ਹੀ ਹਾਜ਼ਰ ਰਹਿੰਦਾ ਹਾਂ। ਗੁਰੂ ਮਹਾਰਾਜ ਦੀ ਅਪਾਰ ਕਿਰਪਾਲਤਾ ਹੈ ਕਿ ਓਹ ਮੈਥੋਂ ਪੰਥ ਦੀ ਸੇਵਾ ਕਰਵਾ ਰਹੇ ਹਨ। ਮੈਂ ਗੁਰੂ ਨਾਨਕ ਸਾਹਿਬ ਦੇ ਦਰ ਦਾ ਕੂਕਰ ਹਾਂ, ਪਾਤਿਸ਼ਾਹ ਸਤਿਗੁਰੂ ਆਪ ਹਨ।"

ਉਪਰੋਕਤ ਵਾਰਤਾ ਆਮ ਲੋਕਾਂ ਦੇ ਕੰਨੀਂ ਪਈ ਹੋਈ ਹੈ। ਇਸ ਦੀ ਪ੍ਰੋੜ੍ਹਤਾ ਹੇਠਲੇ ਦੂਜੇ ਪਰਸੰਗ ਤੋਂ ਹੋਰ ਵੀ ਵਧ ਕੇ ਹੁੰਦੀ ਹੈ, ਜੁ ਸ਼ੇਰਿ-ਪੰਜਾਬ ਆਪਣੇ ਆਪ ਨੂੰ ਗੁਰੂ ਮਹਾਰਾਜ ਦਾ ਅਦਨਾ ਜਿਹਾ ਸੇਵਕ ਮੰਨਦੇ ਸਨ। ਆਪ ਦੀ ਇਹ ਨਿਰਮਾਣਤਾ ਅਰ ਸ਼ਰਧਾ ਹੀ ਸੀ ਜਿਸ ਕਰਕੇ ਗੁਰਸਿਖ ਆਪ ਪਰ ਕੁਰਬਾਨ ਜਾਂਦੇ ਸਨ। ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਸੰਮਣ ਬੁਰਜ ਦੇ ਅੱਗੇ ਸ੍ਰੀ ਅੰਮ੍ਰਿਤਸਰ ਜੀ ਦੇ ਪਾਸੇ, ਇਕ ਛੋਟਾ ਜਿਹਾ ਘਾਹ ਦਾ ਕਿੱਤਾ ਸੀ। ਸੰਤ ਨਿਹਾਲ ਸਿੰਘ ਜੀ ਕੇਸਰੀ ਦਸਿਆ ਕਰਦੇ ਸਨ ਕਿ ਉਨ੍ਹਾਂ ਦੇ ਇਕ ਪ੍ਰੇਮੀ ਮਹਾਰਾਜ ਦੇ ਨਫ਼ਰ ਸਨ, ਜਿਹੜੇ ਸੰਤਾਂ ਨੂੰ ਦੱਸਦੇ ਸਨ ਕਿ ਮਹਾਰਾਜਾ ਸਾਹਿਬ ਜਦੋਂ ਲਾਹੌਰ ਹੁੰਦੇ ਤਾਂ ਸ਼ਾਮ ਨੂੰ ਸ੍ਰੀ ਅੰਮ੍ਰਿਤਸਰ ਜੀ ਵਲ ਮੂੰਹ ਕਰ ਕੇ ਉਸ ਘਾਹ ਦੇ ਕਿੱਤੇ ਪਰ ਬੈਠ ਜਾਂਦੇ ਅਰ ਬੇਨਤੀ ਕਰਦੇ—"ਗੁਰੂ ਰਾਮਦਾਸ ਜੀ ! ਤੈਂ ਮੈਂ ਨਾਚੀਜ਼ ਅਨਪੜ੍ਹ ਨੂੰ ਆਪਣੀ ਕੌਮ ਦਾ ਜ਼ਿੰਮੇਵਾਰ ਪਹਿਰੇਦਾਰ ਥਾਪਿਆ

ਹੈ, ਅਥਵਾ ਆਪਣੇ ਵਗ ਦਾ ਅਯਾਲੀ ਬਣਾਇਆ ਹੈ, ਐਸੀ ਮਿਹਰ ਕਰੋ ਤੇ ਬਲ ਬਖ਼ਸ਼ੋ ਕਿ ਇਸ ਸੇਵਾ ਵਿਚ ਕੋਈ ਮਨ-ਮਤਿ ਨਾ ਹੋ ਜਾਵੇ ਤੇ ਆਪ ਦੀ ਨਰਾਜ਼ਗੀ ਦਾ ਕਾਰਨ ਨਾ ਬਣੇ।" ਮੁੜ ਮੁੜ ਬੇਨਤੀਆਂ ਤੇ ਜੋਦੜੀਆਂ ਕਰਦੇ ਅਰ ਜ਼ਾਰ ਜ਼ਾਰ ਰੋਂਦੇ। ਉਨ੍ਹਾਂ ਦੇ ਸਫ਼ੈਦ ਲੰਬੇ ਦਾੜ੍ਹੇ ਪਰ ਅਥਰੂ ਮੋਤੀਆਂ ਵਤ ਚਮਕਦੇ ਹੁੰਦੇ। ਜਿਨ੍ਹਾਂ ਨੇ ਉਸ ਸਮੇਂ ਮਹਾਰਾਜ ਨੂੰ ਦੇਖਿਆ ਓਹ ਕੰਬ ਉਠਦੇ ਤੇ ਮਹਾਰਾਜ ਦੇ ਹਕੀਕੀ ਸਿਦਕ ਦੀ ਸ਼ਲਾਘਾ ਕਰਦੇ। ਅਗਲੀ ਵਾਰਤਾ ਹੋਰ ਵੀ ਦਿਲ-ਖਿੱਚਵੀਂ ਹੈ:

ਸਿਖ-ਰਾਜ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਭਾਈ ਮਨਸਾ ਸਿੰਘ ਜੀ ਰਾਗੀ ਐਨੇ ਗ਼ਰੀਬ ਸਨ ਕਿ ਤਵਾ ਤਕ ਖ਼ਰੀਦਣ ਲਈ ਮਾਇਆ ਨਹੀਂ ਸੀ। ਮਿੱਟੀ ਦਾ ਤਵਾ ਸੀ। ਉਨ੍ਹਾਂ ਦੀ ਗ਼ਰੀਬੀ ਦਾ ਅੰਦਾਜ਼ਾ ਖ਼ੁਦ-ਬਖ਼ੁਦ ਲਗਾ ਸਕੀਦਾ ਹੈ। ਮਹਾਰਾਜ ਐਸੇ ਗੁਰਮੁਖ ਪ੍ਰੇਮੀਆਂ ਦੀ ਵੱਡੀ ਕਦਰ ਕਰਦੇ ਅਰ ਸੇਵਾ ਕਰਨ ਨੂੰ ਧੰਨ ਭਾਗ ਸਮਝਦੇ ਸਨ। ਸੋ ਭਾਈ ਹੁਰਾਂ ਦੀ ਅਤਿ ਗ਼ਰੀਬੀ ਦੀ ਸੋਅ ਕਿਸੇ ਤਰ੍ਹਾਂ ਮਹਾਰਾਜ ਤਕ ਵੀ ਪੁਜ ਗਈ। ਆਪ ਕੰਬ ਉਠੇ ਕਿ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਤੇ ਐਨੇ ਗ਼ਰੀਬ! ਮੇਰੀ ਪਾਤਸ਼ਾਹੀ ਕਿਸ ਕੰਮ? ਉਸੇ ਵੇਲੇ ਹਾਥੀ 'ਤੇ ਸਵਾਰ ਹੋਏ, ਰੁਪਈਆਂ ਦੀਆਂ ਥੈਲੀਆਂ ਨਾਲ ਅੰਬਾਰੀ ਭਰ ਕੇ ਹਾਥੀ ਪਰ ਚਲ ਪਏ। ਉਸ ਸਮੇਂ ਅੱਜ-ਕੱਲ੍ਹ ਜਿੰਨੀ ਵਸੋਂ ਨਹੀਂ ਸੀ। ਹਾਥੀ ਅਕਾਲ ਤਖ਼ਤ ਸਾਹਿਬ ਦੇ ਪਿਛੋਂ ਦੀ ਹੁੰਦਾ ਹੋਇਆ ਭਾਈ ਮਨਸਾ ਸਿੰਘ ਹੁਰਾਂ ਦੇ ਘਰ ਵਲ ਮੁੜ ਪਿਆ। ਭਾਈ ਹੁਰੀਂ ਸਾਹਮਣੇ ਆਪਣੇ ਮਕਾਨ ਦੀ ਤਾਕੀ ਥਾਣੀ ਦੇਖਦੇ ਸਨ। ਜਿਉਂ ਜਿਉਂ ਹਾਥੀ ਉਧਰ ਨੂੰ ਆਉਂਦਾ ਸੀ ਇਨ੍ਹਾਂ ਦੀ ਹੈਰਾਨਗੀ ਵਧਦੀ ਗਈ। ਜਦੋਂ ਬਿਲਕੁਲ ਨਜ਼ਦੀਕ ਹੀ ਆ ਗਿਆ ਤਾਂ ਭਾਈ ਹੁਰਾਂ ਨੇ ਤਾਕੀ ਬੰਦ ਕਰ ਲਈ। ਹਾਥੀ ਬਿਠਾ ਦਿੱਤਾ ਗਿਆ, ਮਹਾਰਾਜ ਦੇ ਨੌਕਰ ਵੱਡੇ ਜ਼ੋਰ ਨਾਲ ਅਵਾਜ਼ਾਂ ਮਾਰਨ ਲੱਗੇ—"ਭਾਈ ਸਾਹਿਬ, ਬੂਹਾ ਖੋਲ੍ਹੋ, ਮਹਾਰਾਜ ਤੁਹਾਨੂੰ ਮਿਲਣ ਆਏ ਹਨ, ਛੇਤੀ ਕਰੋ," ਆਦਿ। ਪਰ ਭਾਈ ਹੁਰੀਂ ਵੱਡੇ ਪ੍ਰੇਮ ਤੇ ਸਤਿਕਾਰ ਨਾਲ ਬੇਨਤੀ ਕਰਦੇ ਹਨ—"ਪ੍ਰੇਮਿਓ! ਨਾ ਬੂਹਾ ਖੋਲ੍ਹਾਂ ਨਾ ਤਾਕੀ! ਮੇਰੇ ਘਰ ਵਿਚ ਮਹਾਰਾਜ ਦੇ ਲਾਇਕ ਬਿਠਾਂਵਣ ਲਈ ਥਾਂ ਨਹੀਂ। ਦੂਜੇ ਇਨ੍ਹਾਂ ਦੇ ਚਰਨਾਂ ਵਿਚ ਲਛਮੀ ਦਾ ਨਿਵਾਸ ਹੈ। ਇਨ੍ਹਾਂ ਦੇ ਚਰਨ ਪੈਂਦੇ ਸਾਰ 'ਗਰੀਬੀ ਗਦਾ' ਜਾਂਦੀ ਰਹੇਗੀ ਤੇ ਮੇਰਾ ਮਿੱਟੀ ਦਾ ਤਵਾ ਨਹੀਂ ਰਹੇਗਾ, ਜੋ ਮੇਰੀ ਸਿੱਖੀ ਦੀ ਜਿੰਦ-ਜਾਨ ਹੈ। ਅਹਿਲਕਾਰਾਂ ਨੇ ਬਥੇਰਾ ਜ਼ੋਰ ਲਾਇਆ, ਪਰ ਭਾਈ ਹੁਰਾਂ ਦਰਵਾਜ਼ਾ ਨਾ ਹੀ ਖੋਲ੍ਹਿਆ। ਬਸ ਇਹੋ ਕਹੀ ਗਏ—"ਗੁਰਮੁਖੋ, ਮੇਰਾ ਮਿੱਟੀ ਦਾ ਤਵਾ ਨਹੀਂ ਰਹੇਗਾ, ਮਾਫ਼ ਕਰੋ। ਮਹਾਰਾਜ ਦਾ ਮੇਰੇ ਦਿਲ ਵਿਚ ਵੱਡਾ ਮਾਣ ਤੇ ਸਤਿਕਾਰ ਹੈ, ਪਰ ਜਿਥੇ ਮਹਾਰਾਜ ਦੇ ਚਰਨ ਪੈ ਜਾਂਦੇ ਹਨ, ਓਹ ਥਾਂ ਹੀਰੇ ਮੋਤੀਆਂ ਨਾਲ ਜੜ੍ਹੀ ਜਾਂਦੀ ਹੈ, ਗ਼ਰੀਬੀ ਉੱਡ ਜਾਂਦੀ ਤੇ ਦੁਨੀਆ ਦੇ ਸ਼ਾਨ ਮਾਨ ਆ ਡੇਰੇ ਲਾਉਂਦੇ ਹਨ। ਤਾਂ ਤੇ ਇਸ ਗ਼ਰੀਬੀ ਅਸਥਾਨ 'ਤੇ ਮਿਹਰਬਾਨੀ ਕਰੋ।" ਅਹਿਲਕਾਰਾਂ ਤੇ ਮਹਾਰਾਜ ਨੇ ਥੈਲੀਆਂ ਦੇਣ ਦੀ ਬਥੇਰੀ ਕੋਸ਼ਸ਼ ਕੀਤੀ, ਪਰ ਭਾਈ ਹੁਰੀ ਨਹੀਂ ਮੰਨੇ। ਅੰਤ ਮਹਾਰਾਜ ਵੱਡੇ ਅਫ਼ਸੋਸ ਵਿਚ ਮੱਥੇ 'ਤੇ ਹੱਥ ਮਾਰ ਕੇ ਬੜੇ ਸ਼ੋਕ ਵਿਚ ਬੋਲੇ—"ਜਿਨ੍ਹਾਂ ਨੂੰ ਮੈਂ ਚਾਹੁੰਦਾ ਹਾਂ ਓਹ

ਮੈਨੂੰ ਨਹੀਂ ਚਾਹੁੰਦੇ, ਜਿਹੜੇ ਮੈਨੂੰ ਚਾਹੁੰਦੇ ਹਨ ਉਨ੍ਹਾਂ ਨੂੰ ਮੈਂ ਨਹੀਂ ਚਾਹੁੰਦਾ।" ਇਹ ਕਹਿ ਕੇ ਅਫ਼ਸੋਸੇ ਹੋਏ ਮੁੜ ਪਏ। ਭਾਈ ਹੋਰਾਂ ਦੀ ਕਦਰ ਆਪ ਦੇ ਦਿਲ ਵਿਚ ਹੋਰ ਵੀ ਵਧ ਗਈ। ਸਾਰੀ ਉਮਰ ਜਦੋਂ ਵੀ ਇਹ ਘਟਨਾ ਯਾਦ ਆਉਂਦੀ, ਆਪ ਦਾ ਹਿਰਦਾ ਠਰ ਜਾਂਦਾ ਤੇ 'ਧੰਨ ਸਿੱਖੀ ! ਧੰਨ ਸਿੱਖੀ ! ਧੰਨ ਗੁਰੂ ਕੇ ਸਿਖ !!' ਆਪ-ਮੁਹਾਰਾ ਆਪ ਦੇ ਮੂੰਹੋਂ ਨਿਕਲ ਜਾਂਦਾ।

ਇੱਦਾਂ ਹੀ ਇਕੇਰਾਂ ਇਕ ਗੁਰਮੁਖ ਸਿਖ ਸ੍ਰੀ ਦਰਬਾਰ ਸਾਹਿਬ ਗੁਰੂ ਕੇ ਬਾਗ਼ ਵਿਚ ਉਤਰੇ ਹੋਏ ਸਨ, ਸਤਸੰਗੀ ਸਨ। ਰਾਤ ਨੂੰ ਸ਼ਾਂਤ ਸਮੇਂ ਸੰਗਤ ਜੁੜਦੀ, ਪ੍ਰੇਮੀ-ਜਨ ਇਕੱਠੇ ਹੁੰਦੇ, ਵਾਰਤਾਲਾਪ ਹੁੰਦੇ। ਇਸ ਦਾ ਪਤਾ ਮਹਾਰਾਜ ਨੂੰ ਵੀ ਲਗ ਗਿਆ, ਆਪ ਇਕ ਦੋ ਸੇਵਕਾਂ ਸਮੇਤ ਦੋ ਥਾਲ ਮੋਹਰਾਂ ਨਾਲ ਭਰੇ ਹੋਏ ਤੇ ਫਲ ਫੁਲ ਆਦਿ ਸਮੇਤ ਪੁੱਜ ਗਏ। ਸਤਸੰਗ ਦਾ ਅਨੰਦ ਲਿਆ। ਆਉਣ ਸਮੇਂ ਓਹ ਤਿਲ ਫੁਲ ਮਹਾਤਮਾ ਗੁਰਮੁਖ ਜੀ ਦੇ ਪੇਸ਼ ਕੀਤਾ। ਮਹਾਤਮਾ ਜੀ ਨੇ ਕਿਹਾ, "ਗੁਰਮੁਖੋ ! ਇਹ ਮਾਇਆ ਸਾਡੇ ਕਿਸੇ ਕੰਮ ਨਹੀਂ, ਲੋੜਵੰਦਾਂ ਨੂੰ ਦਿਓ।" ਮਹਾਰਾਜ ਨੇ ਵੱਡੀ ਅਧੀਨਗੀ ਨਾਲ ਕਿਹਾ, "ਆਪ ਹੀ ਜਿਸ ਨੂੰ ਲੋੜਵੰਦ ਦੇਖੋ, ਦੇ ਦੇਣੀ।" ਪਰ ਮਹਾਤਮਾ ਨੇ ਨਾ ਹੀ ਪਰਵਾਨ ਕੀਤੀ। ਅੰਤ ਮਹਾਰਾਜ ਨੇ ਬੇਨਤੀ ਕੀਤੀ, "ਮੇਰੇ ਲਈ ਕੋਈ ਹੁਕਮ।" ਮਹਾਤਮਾ ਬੋਲੇ, "ਅਗੇ ਨੂੰ ਨਾ ਦਰਸ਼ਨ ਦੇਣੇ ਤੇ ਨਾ ਲੈਣੇ।" ਮਹਾਰਾਜ ਬੜੀ ਵਿਆਕੁਲਤਾ ਵਿਚ ਬੋਲੇ, "ਜਿਨ੍ਹਾਂ ਨੂੰ ਮੈਂ ਚਾਹੁੰਦਾ ਹਾਂ ਓਹ ਮੈਨੂੰ ਨਹੀਂ ਚਾਹੁੰਦੇ, ਜਿਹੜੇ ਮੈਨੂੰ ਚਾਹੁੰਦੇ ਹਨ ਉਨ੍ਹਾਂ ਨੂੰ ਮੈਂ ਨਹੀਂ ਚਾਹੁੰਦਾ।" ਫ਼ਤਹ ਗਜਾ ਕੇ ਅਫ਼ਸੋਸ ਕਰਦੇ ਚਲੇ ਆਏ।

ਇਹ ਗੱਲਾਂ ਦੱਸਦੀਆਂ ਹਨ ਕਿ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਕਿੰਨੇ ਉੱਚੇ ਤੇ ਮਹਾਨ ਭਾਵਾਂ ਵਾਲੇ ਸਨ। ਉਨ੍ਹਾਂ ਦੇ ਐਸੇ ਨੇਕ ਖ਼ਿਆਲ ਹੀ ਸਨ ਕਿ ਆਪ ਦਾ ਪਰਤਾਪ ਐਨਾ ਵਧਦਾ ਗਿਆ ਕਿ ਸੰਸਾਰ ਵਿਚ ਪ੍ਰਕਾਸ਼ਨ ਲਗ ਗਿਆ ਸੀ। ਆਮ ਤਾਂ ਗ੍ਰਿਹਸਥੀ ਸਿੱਖਾਂ ਦੇ ਜੀਵਨ ਹਰ ਥਾਂ ਨਜ਼ਰ ਪੈਂਦੇ ਹਨ, ਪਰ ਇਸ ਤੋਂ ਪਤਾ ਲਗਦਾ ਹੈ ਕਿ ਸਿਖ ਸ਼ਹਿਨਸ਼ਾਹੀ ਪਾ ਕੇ ਵੀ ਗੁਰੂ ਤੇ ਗੁਰ-ਸੰਗਤ ਅਗੇ ਆਪਣੇ ਆਪ ਨੂੰ ਨਾਚੀਜ਼ ਸਮਝਦਾ ਹੈ ਤੇ ਗੁਰਸਿੱਖੀ ਦੇ ਅਗੇ ਸਭ ਕਿਸੇ ਨੂੰ ਤੁਛ ਸਮਝਦਾ ਹੈ।

# ਮਹਾਰਾਜਾ ਰਣਜੀਤ ਸਿੰਘ ਦਾ ਰਾਜ-ਪਰਬੰਧ

[ਸਭ ਪੱਖਾਂ ਵਲੋਂ]

[ਗਿ: ਸੰਤ ਸਿੰਘ ਜੀ ਨਿਰਮਾਣ, ਡੀ.ਐਮ. ਕਾਲਜ, ਮੋਗਾ]

ਰਾਜ-ਪਰਬੰਧ ਇਕ ਅਜਿਹਾ ਅਵੱਸ਼ਕ ਕੰਮ ਹੈ ਕਿ ਪਰਜਾ ਦੀ ਖ਼ੁਸ਼ਹਾਲੀ, ਮੁਲਕ ਦਾ ਅਮਨ-ਅਮਾਨ ਅਤੇ ਰਾਜ ਦੀ ਉੱਨਤੀ ਏਸੇ 'ਤੇ ਹੀ ਨਿਰਭਰ ਹੁੰਦੀ ਹੈ, ਅਤੇ ਰਾਜੇ ਦੀ ਲਿਆਕਤ ਤੇ ਚਾਲ-ਚਲਨ ਦਾ ਅੰਦਾਜ਼ਾ ਭੀ ਇਸ ਤੋਂ ਹੀ ਲੱਗ ਸਕਦਾ ਹੈ। ਪਰ 'ਸ਼ੇਰਿ-ਪੰਜਾਬ' ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਪਰਬੰਧ 'ਤੇ ਕਿਸੇ ਇਤਿਹਾਸਕਾਰ ਨੇ ਭੀ ਚਾਨਣਾ ਨਹੀਂ ਪਾਇਆ। ਉਸ ਵੇਲੇ ਦੀਆਂ ਬਹੁਤ ਸਾਰੀਆਂ ਫ਼ਾਰਸੀ ਲਿਖਤਾਂ ਤਾਂ ਇਸ ਪਾਸਿਓਂ ਬਿਲਕੁਲ ਚੁੱਪ ਹਨ ਅਤੇ ਅੰਗਰੇਜ਼ ਇਤਿਹਾਸਕਾਰਾਂ ਨੇ ਭੀ ਜੇ ਕੁਝ ਲਿਖਿਆ ਹੈ ਤਾਂ ਐਸੇ ਗੜਬੜ ਤਰੀਕੇ ਨਾਲ ਅਤੇ ਅਧੂਰਾ ਲਿਖਿਆ ਹੈ ਕਿ ਜਿਸ ਤੋਂ ਪੂਰਾ ਪਤਾ ਬਿਲਕੁਲ ਨਹੀਂ ਲਗ ਸਕਦਾ। ਇਸ ਲਈ ਮੈਂ ਆਪਣੀ ਸਮਝ ਅਨੁਸਾਰ ਸਰਕਾਰੀ ਰਪੋਟਾਂ, ਪੁਰਾਣੇ ਕਾਗ਼ਜ਼ਾਂ, ਫ਼ਾਰਸੀ ਕਵਿਤਾਵਾਂ ਅਤੇ ਕੁਝ ਅੰਗਰੇਜ਼ ਇਤਿਹਾਸਕਾਰਾਂ ਦੀਆਂ ਪੁਰਾਣੀਆਂ ਲਿਖਤਾਂ ਦੇ ਆਧਾਰ 'ਤੇ ਪੂਰੀ ਤਰਤੀਬ ਨਾਲ ਰਾਜ-ਪਰਬੰਧ ਅਤੇ ਉਸ ਦਾ ਲੋਕਾਂ ਉੱਤੇ ਅਸਰ ਵਰਣਨ ਕਰਨ ਦੀ ਕੋਸ਼ਸ਼ ਕੀਤੀ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ-ਪਰਬੰਧ ਹੇਠ-ਲਿਖੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:

[੧](੧) ਮੁਲਕੀ ਪਰਬੰਧ (Political Administration)

(੨) ਮੁਕਾਮੀ ਪਰਬੰਧ (Local Administration)

(੩) ਅਦਾਲਤੀ ਪਰਬੰਧ (Judicial Administration)

ਤਿੰਨੇ ਪਰਕਾਰ ਦੇ ਰਾਜ-ਪਰਬੰਧ ਲਈ ਮਹਾਰਾਜਾ ਨੂੰ ਤਿੰਨੇ ਪਰਕਾਰ ਦੇ ਆਦਮੀਆਂ ਦੀ ਲੋੜ ਸੀ, ਜਿਹੜੇ ਹੇਠ-ਲਿਖੇ ਅਨੁਸਾਰ ਸਨ:

੧. ਮਾਨਵਰ ਅਤੇ ਚੰਗੇ ਮਾਲਦਾਰ ਆਦਮੀ, ਜਿਹੜੇ ਕਿ ਦੂਰ-ਦੁਰਾਡੇ ਦੇ ਸੂਬਿਆਂ ਵਿਚ ਮਾਮਲਾਤ ਦੇ ਪਰਬੰਧ ਲਈ ਭੇਜੇ ਜਾਂਦੇ ਸਨ, ਜਿਹਾ ਕਿ ਗੁਲਾਬ ਸਿੰਘ,

---

1. Report of the Board of Administration, Lahore.

ਹਰੀ ਸਿੰਘ ਅਤੇ ਸੁਚੇਤ ਸਿੰਘ ਆਦਿਕ।

੨. ਮੌਰੂਸੀ ਜਗਰੀਦਾਰ (ਰਜਵਾੜੇ), ਜਿਨ੍ਹਾਂ ਨੂੰ ਜਗੀਰਾਂ ਇਸ ਸ਼ਰਤ 'ਤੇ ਦਿੱਤੀਆਂ ਹੋਈਆਂ ਸਨ ਕਿ ਲੜਾਈ ਦੇ ਵੇਲੇ ਲੋੜਵੰਦ ਚੀਜ਼ਾਂ ਭੇਜ ਕੇ ਮਹਾਰਾਜਾ ਦੀ ਸਹਾਇਤਾ ਕਰਨ ਅਤੇ ਸਾਲ ਪਿਛੋਂ 'ਅਧੀਨਗੀ ਦਾ ਕਰ' (Subordination Tax) ਭਰਨ। ਇਨ੍ਹਾਂ ਵਿਚ ਦੀਵਾਨ ਸਾਵਣ ਮੱਲ ਮੁਲਤਾਨ ਦਾ ਹਾਕਮ, ਦੀਵਾਨ ਮੁਹਕਮ ਚੰਦ ਜਲੰਧਰ ਵਾਲਾ, ਰਾਜਾ ਸੰਸਾਰ ਚੰਦ ਕਾਂਗੜੇ ਵਾਲਾ, ਸੰਧਾਵਾਲੀਏ ਅਤੇ ਅਟਾਰੀ ਵਾਲੇ ਸਰਦਾਰ ਅਤੇ ਹੋਰ ਬਹੁਤ ਸਾਰੇ ਪਰਸਿੱਧ ਸਨ।

੩. ਕਾਰਦਾਰ ਜਾਂ ਕਰਿੰਦੇ, ਜਿਹੜੇ ਪਿੰਡਾਂ ਵਿਚ ਮਾਮਲੇ ਦੀ ਉਗਰਾਹੀ ਲਈ ਨਿਯਤ ਕੀਤੇ ਜਾਂਦੇ ਸਨ। ਇਨ੍ਹਾਂ ਦੇ ਅਖ਼ਤਿਆਰ ਸਰਕਾਰ ਦੇ ਹੱਥ ਵਿਚ ਸਨ। ਇਨ੍ਹਾਂ ਦੀ ਤਨਖ਼ਾਹ ਕੋਈ ਬੱਧੀ ਹੋਈ ਨਹੀਂ ਸੀ ਅਤੇ ਕੰਮ ਦੇ ਅਨੁਸਾਰ ਮਿਲਦੀ ਸੀ। ਕਈ ਵੇਰਾਂ ਇਹ ਵੱਢੀਆਂ[1] ਭੀ ਲੈਂਦੇ ਸਨ।

## (੧) ਮੁਲਕੀ ਪਰਬੰਧ
## (Political Administration)

ਮੁਲਕੀ ਪਰਬੰਧ ਤੇ ਮਾਲ-ਗੁਜ਼ਾਰੀ ਦਾ ਪਰਬੰਧ ਪਹਿਲਾਂ ਪਹਿਲਾਂ ਤਾਂ ਕੋਈ ਚੰਗਾ ਨਹੀਂ ਸੀ, ਕੇਵਲ ਇਕ ਆਦਮੀ ਰਾਮਾਨੰਦ, ਜਿਹੜਾ ਕਿ ਅੰਮ੍ਰਿਤਸਰ ਦਾ ਇਕ ਸ਼ਾਹੂਕਾਰ ਸੀ, ਮਾਮਲੇ ਦੇ ਹਿਸਾਬ ਕਿਤਾਬ ਲਈ ਰਖਿਆ ਹੋਇਆ ਸੀ ਅਤੇ ਜਾਂ ਮਹਾਰਾਜਾ ਸਾਹਿਬ ਆਪਣੀ ਯਾਦ ਦੇ ਬਲ ਨਾਲ ਹਿਸਾਬ ਕਿਤਾਬ ਜ਼ਬਾਨੀ ਕਰ ਲੈਂਦੇ ਸਨ। ਪਰ ਇਸ ਤਰ੍ਹਾਂ ਕਰਨ ਨਾਲ ਬਹੁਤ ਸਾਰੀਆਂ ਰਕਮਾਂ ਗ਼ਬਨ ਹੋਣ ਦਾ ਡਰ ਸੀ, ਕਿਉਂਕਿ ਇਤਨੇ ਵੱਡੇ ਸੂਬੇ ਦਾ ਹਿਸਾਬ ਜ਼ਬਾਨੀ ਕਿਸ ਤਰ੍ਹਾਂ ਰਹਿ ਸਕਦਾ ਹੈ। ਇਸ ਲਈ ੧੮੦੮ ਈ: ਵਿਚ ਦੀਵਾਨ ਭਵਾਨੀ ਦਾਸ ਮਾਲੀ ਵਜ਼ੀਰ ਨਿਯਤ ਕੀਤਾ ਗਿਆ ਤੇ ਉਸ ਨੇ ਪੂਰੇ ਪਰਬੰਧ ਨਾਲ ਲਾਹੌਰ ਵਿਚ ਹੇਠ-ਲਿਖੇ ਬਾਰ੍ਹਾਂ 'ਦਫ਼ਤਰ' (ਮਹਿਕਮੇ) ਜਾਰੀ ਕੀਤੇ :

੧. ਦਫ਼ਤਰਿ ਜਮ੍ਹਾ ਖ਼ਰਚੀ ਤੱਲਕਾਤ।
੨. ਦਫ਼ਤਰਿ ਆਬਕਾਰੀ।
੩. ਦਫ਼ਤਰਿ ਨਜ਼ਰਾਨਾ।
੪. ਦਫ਼ਤਰਿ ਜ਼ਬਤੀ।
੫. ਦਫ਼ਤਰਿ ਵਜੂਹਾਤ ਮੁਕੱਰਰੀ।
੬. ਦਫ਼ਤਰਿ ਚੌਕੀਆਤ।
੭. ਦਫ਼ਤਰਿ ਅਬਵਾਬੁਲ ਤਾਹਵੀਲ (ਦਫ਼ਤਰ ਤਾਹਵੀਲਾਤ)।
੮. ਦਫ਼ਤਰਿ ਮਵਾਜਿਬ।
੯. ਦਫ਼ਤਰਿ ਜ਼ਨਾਨ-ਖ਼ਾਨਾ।

---
੧. Report of the Board of Administration, Lahore.

੧੦. ਦਫ਼ਤਰਿ ਤੋਸ਼ਾ-ਖ਼ਾਨਾ (Regalia)।
੧੧. ਦਫ਼ਤਰਿ ਖ਼ਿਲਅਤ।
੧੨. ਦਫ਼ਤਰਿ ਰੋਜ਼-ਨਾਮਚਾ।

## ੧. ਦਫ਼ਤਰਿ ਜਮ੍ਹਾ ਖ਼ਰਚੀ ਤੱਲਕਾਤ

ਇਸ ਦਫ਼ਤਰ ਵਿਚ ਜ਼ਮੀਨ ਦੇ ਲਗਾਨ (ਮਾਮਲੇ) ਦਾ ਹਿਸਾਬ-ਕਿਤਾਬ ਪੂਰੀ ਤਰ੍ਹਾਂ ਰੱਖਿਆ ਜਾਂਦਾ ਸੀ।

ਜ਼ਮੀਨ ਦੇ ਮਾਮਲੇ ਲਈ ਪਹਿਲਾਂ ਤਾਂ 'ਬਟਾਈ' ਦਾ ਰਿਵਾਜ ਸੀ, ਜਿਸ ਦਵਾਰਾ ਜ਼ਿਮੀਦਾਰ ਗੌਰਮਿੰਟ ਨੂੰ ਪੈਦਾਵਾਰ ਦਾ ਕੁਝ ਹਿੱਸਾ ਜਿਨਸ (ਅਨਾਜ) ਦੀ ਸ਼ਕਲ ਵਿਚ ਹੀ ਦੇ ਦਿੰਦਾ ਸੀ। ਪਰ ਇਸ ਤਰੀਕੇ ਨਾਲ ਸਰਕਾਰ ਨੂੰ ਦਾਣੇ ਸਾਂਭਣ ਅਤੇ ਵੇਚਣ ਵਿਚ ਤਕਲੀਫ਼ ਹੁੰਦੀ ਵੇਖ ਕੇ ਇਹ ਤਰੀਕਾ ੧੮੨੪ ਈ: ਵਿਚ ਬੰਦ ਕੀਤਾ ਗਿਆ। ਫੇਰ ਇਕ ਹੋਰ ਤਰੀਕਾ ਚੱਲਿਆ, ਜਿਸ ਨੂੰ 'ਕੋਤਾ' ਆਖਦੇ ਸਨ। ਇਸ ਨਾਲ ਖੜੀ ਫ਼ਸਲ ਦਾ ਹੀ ਮੁੱਲ ਪਾ ਕੇ ਜ਼ਿਮੀਦਾਰ ਸਰਕਾਰ ਦਾ ਹਿੱਸਾ ਰੁਪਏ ਦੀ ਸ਼ਕਲ ਵਿਚ ਦੇ ਦਿੰਦਾ ਸੀ। ਇਸ ਤਰ੍ਹਾਂ ਕਾਰਦਾਰਾਂ ਅਤੇ ਅਫ਼ਸਰਾਂ ਲਈ ਬਹੁਤ ਸੌਖਾ ਕੰਮ ਹੋ ਗਿਆ, ਕਿਉਂਕਿ ਉਨ੍ਹਾਂ ਨੂੰ ਇਸ ਖ਼ਿਆਲ ਨਾਲ ਕਿ ਜ਼ਿਮੀਦਾਰ ਵਿਚੋਂ ਖਾ ਨਾ ਜਾਵੇ ਜਾਂ ਚੁਰਾ ਨਾ ਲੈ ਜਾਵੇ, ਕੋਈ ਰਾਖੀ ਜਾਂ ਖ਼ਬਰਦਾਰੀ ਨਹੀਂ ਰਖਣੀ ਪੈਂਦੀ ਸੀ। ਪਰ ਜ਼ਿਮੀਦਾਰਾਂ ਨੂੰ ਇਸ ਵਿਚ ਕਸਾਰਾ ਸੀ ਕਿਉਂਕਿ ਪੱਕਣ ਤੋਂ ਪਹਿਲਾਂ ਖੜੀ ਖੇਤੀ ਦਾ ਮੁੱਲ ਠੀਕ ਨਹੀਂ ਪੈਂਦਾ ਸੀ ਅਤੇ ਵਿਚਾਰੇ ਜ਼ਿਮੀਦਾਰ ਕਈ ਵੇਰ ਆ ਕੇ ਕਾਰਦਾਰਾਂ ਨੂੰ ਵੱਢੀਆਂ ਦਿੰਦੇ ਸਨ ਕਿ ਥੋੜ੍ਹਾ ਮੁੱਲ ਪਾਉਣ। ਇਸ ਲਈ ਇਹ ਤਰੀਕਾ ਭੀ ਸਫਲ ਨਾ ਹੋਇਆ ਅਤੇ ਮਹਾਰਾਜਾ, ਜਿਹੜਾ ਕਿ ਪਰਜਾ ਦਾ ਵੱਡਾ ਸ਼ੁਭਚਿੰਤਕ ਸੀ, ਨੇ ਹੁਣ ਇਕ ਹੋਰ ਤਰੀਕਾ ਜਾਰੀ ਕੀਤਾ, ਜਿਸ ਨਾਲ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਸੀ ਅਤੇ ਵਧ ਕੇ ਬੋਲੀ ਦੇਣ ਵਾਲਾ ਜ਼ਿਮੀਦਾਰ ਲੈ ਜਾਂਦਾ ਸੀ। ਇਸ ਠੇਕੇ ਦੀ ਮੁਨਿਆਦ ਤਿੰਨ ਸਾਲ ਤੋਂ ਛੇ ਸਾਲ ਤਕ ਹੁੰਦੀ ਸੀ। ਕਾਰਦਾਰ ਜਾਂ ਪਿੰਡ ਦੇ ਧਨਾਢ ਆਦਮੀ ਇਸ ਤਰ੍ਹਾਂ ਠੇਕਾ ਲੈ ਕੇ ਅੱਗੇ ਜ਼ਮੀਨ ਜ਼ਿਮੀਦਾਰਾਂ ਨੂੰ ਵਾਹੁਣ ਲਈ ਦਿੰਦੇ ਸਨ; ਪਰ ਅਖ਼ੀਰ ਨੂੰ ਜ਼ਿਮੀਦਾਰਾਂ ਨੂੰ ਹੀ ਸਿੱਧੀਆਂ ਜ਼ਮੀਨਾਂ ਮਿਲਣ ਲੱਗੀਆਂ।

### *ਸਰਕਾਰੀ ਮਾਮਲਾ ਕਿੰਨਾ ਸੀ ?*

ਸਰਕਾਰੀ ਮਾਮਲਾ ਕੋਈ ਖ਼ਾਸ ਬੱਧਾ ਹੋਇਆ ਨਹੀਂ ਸੀ। ਇਸ ਦੀ ਬਾਬਤ ਤਵਾਰੀਖ਼ ਲਿਖਣ ਵਾਲਿਆਂ ਦੀਆਂ ਵੱਖੋ-ਵੱਖ ਰਾਵਾਂ ਹਨ। ਕਈ ਤਾਂ ਲਿਖਦੇ ਹਨ ਕਿ ਸਰਕਾਰੀ ਹਿੱਸਾ ਅੱਧ ਸੀ, ਬਲਕਿ ਕਈ ਥਾਈਂ ਸੌ ਵਿਚੋਂ ਚੁਰੰਜਾ ਲਏ ਜਾਂਦੇ ਸਨ। ਡੋਈ (Douie) ਲਿਖਦਾ ਹੈ ਕਿ ਗੰਨਾ, ਕਪਾਹ ਅਤੇ ਤਮਾਕੂ ਦੀ ਪੈਦਾਵਾਰ ਵਿਚੋਂ ਸਰਕਾਰ ੧/੩[੧] ਤੋਂ ੨/੫ ਤਾਈਂ ਲੈਂਦੀ ਸੀ ਅਤੇ ਜਿਥੇ ਜ਼ਮੀਨ ਚੰਗੀ ਪੈਦਾਵਾਰ ਦੇਣ ਵਾਲੀ ਸੀ ਓਥੇ ੧/੨ (ਅੱਧ) ਭੀ ਲੈਂਦੀ ਸੀ। ਮੁੱਕਦੀ ਗੱਲ ਇਹ ਕਿ ਕਿਤੇ

---

੧. See 'Punjab' by Douie (Latest Edition).

ਅੱਧ, ਕਿਤੇ ੧/੩, ਕਿਤੇ ੧/੪, ਕਿਤੇ ੧/੬ ਅਤੇ ਪਿਸ਼ਾਵਰ ਵਰਗਿਆਂ ਦੂਰ ਇਲਾਕਿਆਂ ਤੋਂ ੧/੮ ਤਕ ਭੀ ਉਗਰਾਹੀ[੧] ਹੋਈ ਹੈ।

ਜਦੋਂ ਮਾਮਲਾ ਦਾਣਿਆਂ ਦੀ ਸ਼ਕਲ ਵਿਚ ਦਿੱਤਾ ਜਾਂਦਾ ਸੀ ਤਾਂ ਸੌ ਮਗਰ ੧੦[੨] ਜਾਂ ੧੫ ਮਣ ਹੋਰ ਵਾਧੂ ਲਿਆ ਜਾਂਦਾ ਸੀ ਕਿ ਦਾਣੇ ਖ਼ਰਾਬ ਨਾ ਹੋ ਜਾਣ ਜਾਂ ਵਿਚੋਂ ਮਿੱਟੀ ਘੱਟਾ ਨਾ ਨਿਕਲੇ। ਸੰ: ੧੮੪੭ ਵਿਚ ਰਾਜਾ ਦੀਨਾ ਨਾਥ ਨੇ ਮਾਮਲੇ ਦੀ ਬਾਬਤ ਹੇਠ-ਲਿਖਿਆ ਚਿੱਠਾ ਤਿਆਰ ਕੀਤਾ ਸੀ। ਦਾਸ ਨੂੰ ਇਕ ਰਸਾਲੇ (Journal) ਵਿਚੋਂ ਪੜ੍ਹਨ ਦਾ ਮੌਕਾ ਮਿਲਿਆ ਸੀ :

| ਨੰ: ਜ਼ਿਲੇ | ਕਿਸ ਪਰਕਾਰ ਦੀ ਉਗਰਾਹੀ ਸੀ | ਰਕਮ ਮਾਮਲੇ ਦੀ |
|---|---|---|
| ੮ | ਕਾਰਦਾਰਾਂ ਨੂੰ ਠੇਕੇ 'ਤੇ ਦਿੱਤੇ ਹੋਏ | ੨੫੪੯੮੭੩ ਰੁਪਏ |
| ੮ | ਜ਼ਿਮੀਦਾਰਾਂ ਨੂੰ ਠੇਕੇ 'ਤੇ ਦਿੱਤੇ ਹੋਏ | ੧੮੨੩੫੫੬ ਰੁਪਏ |
| ੪੩ | ਖੜੀ ਫ਼ਸਲ ਦਾ ਅਟਾ-ਸਟਾ ਲਾ ਕੇ ਉਗਰਾਹਿਆ ਹੋਇਆ | ੮੯੪੪੬੫੮ ਰੁਪਏ |

ਏਨ੍ਹਾਂ ਰਕਮਾਂ ਤੋਂ ਪਤਾ ਲਗਦਾ ਹੈ ਕਿ ਮਾਮਲੇ ਦੀ ਆਮਦਨੀ ਰਣਜੀਤ ਸਿੰਘ ਦੇ ਖ਼ਜ਼ਾਨੇ ਵਿਚ ਕਾਫ਼ੀ ਸੀ।

### *ਮਾਮਲੇ ਦੀ ਉਗਰਾਹੀ*

ਮਾਮਲਾ ਸਾਲ ਵਿਚ ਦੋ ਵਾਰੀ 'ਹਾੜੀ' ਅਤੇ 'ਸਾਉਣੀ' ਦੀ ਫ਼ਸਲ 'ਤੇ ਉਗਰਾਹਿਆ ਜਾਂਦਾ ਸੀ। ਸਭ ਤੋਂ ਉਤਲਾ ਅਫ਼ਸਰ ਕਾਰਦਾਰ ਹੁੰਦਾ ਸੀ ਅਤੇ ਇਸੇ ਦੇ ਮਾਤਹਿਤ ਪਟਵਾਰੀ, ਮੁਕੱਦਮ ਤੇ ਕਾਨੂੰਗੋ ਹੁੰਦੇ ਸਨ। ਮਾਮਲੇ ਦੀ ਉਗਰਾਹੀ ਵਿਚੋਂ (ਸੌ ਵਿਚੋਂ ਪੰਜ) ਕਾਟ ਵੀ ਮਿਲਦੀ ਸੀ, ਜਿਹੜੀ ਹਿੱਸੇ-ਵਾਰ ਇਹ ਆਪੋ ਵਿਚ ਵੰਡ ਲੈਂਦੇ ਸਨ। ਉਗਰਾਹੀ ਦੇ ਸਾਰੇ ਕਾਗ਼ਜ਼ ਲਾਹੌਰ ਵੱਡੇ ਦਫ਼ਤਰ (ਜਮ੍ਹਾ ਖ਼ਰਚੀ ਤੱਲਕਾਤ) ਵਿਚ ਭੇਜਣੇ ਪੈਂਦੇ ਸਨ, ਜਿਥੇ ਓਹ ਕਈ ਸਾਲ ਤਾਈਂ ਰਖੇ ਜਾਂਦੇ ਸਨ।

## ੨. ਦਫ਼ਤਰਿ ਆਬਕਾਰੀ

ਇਸ ਦਫ਼ਤਰ ਵਿਚ ਅਫ਼ੀਮ, ਭੰਗ, ਸ਼ਰਾਬ ਅਤੇ ਹੋਰ ਨਸ਼ੇ ਵਾਲੀਆਂ ਚੀਜ਼ਾਂ ਦੀ ਆਮਦਨੀ ਦਾ ਹਿਸਾਬ ਹੁੰਦਾ ਸੀ, ਇਨ੍ਹਾਂ ਚੀਜ਼ਾਂ ਦਾ ਠੇਕਾ ਬਹੁਤ ਥੋੜ੍ਹਾ ਸੀ ਅਤੇ ਇਸ ਲਈ ਬੜੀਆਂ ਸਸਤੀਆਂ[੩] ਵਿਕਦੀਆਂ ਸਨ ਅਤੇ ਇਸ ਦਫ਼ਤਰ ਨੂੰ ਆਮਦਨੀ ਥੋੜ੍ਹੀ ਹੀ ਸੀ।

---

੧. See *The Administration Report* of 1850.

੨. Ibrat Nama.

੩. ਇਕ ਭਰੋਸੇਯੋਗ ਬਿਰਧ ਸੁਨਿਆਰਾ, ਜਿਸ ਦੀ ਉਮਰ ਇਸ ਵੇਲੇ ੬੦ ਵਰ੍ਹੇ ਦੇ ਕਰੀਬ ਹੈ, ਉਸ ਨੇ ਦਾਸ ਨੂੰ ਦਸਿਆ ਹੈ ਕਿ ਇਕ ਵਾਰੀ ਉਸ ਦਾ ਦਾਦਾ ਲਾਹੌਰ ਦੇ ਜ਼ਿਲੇ ਦੇ ਇਕ ਪਿੰਡ ਵਿਆਹ ਗਿਆ ਸੀ ਅਤੇ ਓਥੇ ਪੰਜ ਸਤ ਆਦਮੀ ਜੰਞ ਦੇ ਰਲ ਕੇ ਠੇਕੇ 'ਤੇ ਜਾ ਬੈਠੇ ਤੇ ਇਕ ਚੰਗਾ ਕਾਫ਼ੀ ਵੱਡਾ ਸ਼ਰਾਬ ਦਾ ਮਟ ਠੇਕੇਦਾਰ ਤੋਂ ਕੇਵਲ ਛੇ ਆਨੇ ਨੂੰ ਖ਼ਰੀਦਿਆ। ਇਹ ਗੱਲ ਉਸ ਸੁਨਿਆਰੇ ਨੂੰ ਉਸ ਦੇ ਦਾਦੇ ਨੇ ਨਿੱਕੇ ਹੁੰਦਿਆਂ ਸੁਣਾਈ ਸੀ। ਇਸ ਤੋਂ ਸਿੱਧ ਹੈ ਕਿ ਇਹ ਚੀਜ਼ਾਂ ਜ਼ਰੂਰ ਸਸਤੀਆਂ ਸਨ।

## ੩. ਦਫ਼ਤਰਿ ਨਜ਼ਰਾਨਾ

ਨਜ਼ਰਾਨਾ ਉਹ ਟੈਕਸ ਸੀ ਜਿਹੜਾ ਛੋਟੇ ਰਜਵਾੜੇ ਮਹਾਰਾਜੇ ਦੇ ਖ਼ਜ਼ਾਨੇ ਵਿਚ ਭੇਜਦੇ ਸਨ। ਕਈ ਵਾਰੀ ਜਿਹੜੇ ਲੋਕ ਮਹਾਰਾਜੇ ਨੂੰ ਮਿਲਣ ਆਉਂਦੇ ਸਨ, ਓਹ ਭੀ ਨਜ਼ਰਾਨਾ ਲੈ ਕੇ ਮਿਲਦੇ ਸਨ। ਇਹ ਨਜ਼ਰਾਨਾ ਨਕਦੀ, ਘੋੜੇ, ਸ਼ਾਲ, ਤਲਵਾਰ ਜਾਂ ਮੇਵਿਆਂ ਦੀ ਸ਼ਕਲ ਵਿਚ ਹੁੰਦਾ ਸੀ। ਇਨ੍ਹਾਂ ਚੀਜ਼ਾਂ ਦਾ ਹਿਸਾਬ ਇਸ ਦਫ਼ਤਰ ਵਿਚ ਰਖਿਆ ਜਾਂਦਾ ਸੀ। ਬਹਾਵਲਪੁਰ ਦੇ ਰਾਜੇ ਤੋਂ ੮੦,੦੦੦[੧] ਰੁਪਏ ਅਤੇ ਮੁਲਤਾਨ ਦੇ ਵਕੀਲ ਦੀ ਰਾਹੀਂ ੮੦,੦੦੦ ਰੁਪਏ ਅਤੇ ਕੁਝ ਘੋੜੇ ਨਜ਼ਰਾਨਾ ਭੇਟਾ ਹੋਏ ਸਨ। ਫੇਰ ਇਕ ਵੇਰ ਪਿਸ਼ਾਵਰ ਤੋਂ ੨੫,੦੦੦[੨] ਰੁਪਏ ਤੇ ੧੬ ਤੋਪਾਂ ਨਜ਼ਰਾਨੇ ਦੇ ਤੌਰ 'ਤੇ ਜਹਾਂਦਾਦ ਖ਼ਾਂ ਵਲੋਂ ਮਿਲੀਆਂ ਸਨ। ਏਸੇ ਸਾਲ ਦਾਮੋਦਰ ਕਾਬਲ ਦੇ ਵਕੀਲ ਨੇ ੫੦,੦੦੦ ਰੁਪਏ ਦੀ ਹੁੰਡੀ ਤੇ ਕੁਝ ਸੋਹਣੇ ਘੋੜੇ ਨਜ਼ਰ ਕੀਤੇ। ਕਸ਼ਮੀਰ ਅਤੇ ਹੋਰ ਪਹਾੜੀ ਇਲਾਕਿਆਂ ਤੋਂ ਕਈ ਵੇਰ ਸ਼ਾਲ ਦੁਸ਼ਾਲੇ ਭੀ ਆਏ। ਇਹ ਹੀ ਨਹੀਂ ਬਲਕਿ ਨਿਤਾ-ਪ੍ਰਤਿ ਨਜ਼ਰਾਨੇ ਵਜੋਂ ਲੱਖਾਂ ਰਕਮਾਂ ਆਉਂਦੀਆਂ ਸਨ, ਜਿਨ੍ਹਾਂ ਦਾ ਹਿਸਾਬ ਰੱਖਣ ਲਈ ਇਸ ਦਫ਼ਤਰ ਦੀ ਡਾਢੀ ਲੋੜ ਸੀ।

## ੪. ਦਫ਼ਤਰਿ ਜ਼ਬਤੀ

ਇਹ ਇਉਂ ਸੀ ਕਿ ਜਦੋਂ ਮਹਾਰਾਜ ਸਾਹਿਬ ਕਿਸੇ ਅਫ਼ਸਰ ਜਾਂ ਸਰਦਾਰ 'ਤੇ ਗੁੱਸੇ ਹੋ ਜਾਂਦੇ ਸਨ ਤਾਂ ਉਸ ਦੀ ਜਾਇਦਾਦ ਜ਼ਬਤ ਕਰ ਲੈਂਦੇ ਸਨ ਤੇ ਉਸ ਨੂੰ ਕੁਝ ਸਜ਼ਾ ਭੀ ਦਿੰਦੇ ਸਨ। ਦੂਜੇ ਜਦੋਂ ਕੋਈ ਲਾ-ਵਲਦ ਮਰਦਾ ਸੀ ਤਾਂ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਂਦੀ ਸੀ। ਇਹ ਇਕ ਭਾਰੀ ਆਮਦਨੀ ਸੀ ਅਤੇ ਇਸ ਦਾ ਹਿਸਾਬ ਇਸ ਦਫ਼ਤਰ ਵਿਚ ਰੱਖਿਆ ਜਾਂਦਾ ਸੀ।

ਇਹ ਹੈਰਾਨੀ ਦੀ ਕੋਈ ਗੱਲ ਨਹੀਂ ਕਿ ਜ਼ਬਤੀ ਦੀ ਆਮਦਨੀ ਐਨੀ ਕਿਥੋਂ ਆਉਂਦੀ ਸ਼ੀ, ਜਿਸ ਲਈ ਅਲਹਿਦਾ ਦਫ਼ਤਰ ਰੱਖਣ ਦੀ ਲੋੜ ਸੀ। ਇਹੋ ਜਿਹੀਆਂ ਵਾਰਤਾਂ ਬਹੁਤ ਹੁੰਦੀਆਂ ਰਹਿੰਦੀਆਂ ਸਨ :

(ੳ) ਭਿੰਬਰ[੩] ਦੇ ਰਈਸ ਸੁਲਤਾਨ ਖ਼ਾਂ ਦਾ ਸਾਰਾ ਇਲਾਕਾ ੧੮੬੮ ਬਿ: ਵਿਚ ਜ਼ਬਤ ਕਰ ਲਿਆ। (ਅ) ਨੂਰਪੁਰ ਦਾ ਇਲਾਕਾ ੫੦ ਹਜ਼ਾਰ ਰੁਪਏ ਬਦਲੇ ਜ਼ਬਤ ਕਰ ਲਿਆ ਗਿਆ ਸੀ। (ੲ) ਹਰੀ ਸਿੰਘ ਨਲੂਏ ਦੀ ਸਭ ਜਾਇਦਾਦ ਜ਼ਬਤ ਕਰ ਲਈ ਸੀ। (ਸ) ਸਦਾ ਕੌਰ ਦਾ ਬਹੁਤ ਸਾਰਾ ਹਿੱਸਾ ਜ਼ਬਤ ਕਰ ਲਿਆ ਗਿਆ ਸੀ। (ਹ) ਮੁਲਤਾਨ ਦੀ ਜਿੱਤ ਮਗਰੋਂ ਓਥੋਂ ਬਹੁਤ ਮਾਲ-ਅਸਬਾਬ ਜ਼ਬਤ ਕੀਤਾ ਸੀ।

ਇਸ ਗੱਲ ਵਿਚ ਕਿਸੇ ਦੀ ਰੋ-ਰਿਆਇਤ ਜ਼ਰਾ ਭਰ ਨਹੀਂ ਹੁੰਦੀ ਸੀ। ਇਥੋਂ ਤਕ ਕਿ ਮਹਾਰਾਜੇ ਨੇ ਆਪਣੇ ਸਕੇ ਪੁੱਤਰ ਖੜਕ ਸਿੰਘ 'ਤੇ ਇਕ ਵੇਰਾਂ ਗੁੱਸੇ ਹੋ

---

੧. ਤਵਾਰੀਖ਼ ਗਿਆਨੀ ਗਿਆਨ ਸਿੰਘ, ਹਿੱਸਾ ਤੀਜਾ, ਪੰਨਾ ੨੦੨।

੨. ਤਵਾਰੀਖ਼ ਗਿਆਨੀ ਗਿਆਨ ਸਿੰਘ, ਹਿੱਸਾ ਤੀਜਾ, ਪੰਨਾ ੨੧੦-੨੧੧।

੩. ਤਵਾਰੀਖ਼ ਗਿਆਨੀ ਗਿਆਨ ਸਿੰਘ, ਹਿੱਸਾ ਤੀਜਾ, ਪੰਨਾ ੧੮੦-੧੮੮।

ਕੇ ਉਸ ਦੀ ਮਾਂ, ਜਿਹੜੀ ਓਦੋਂ ਮਰ ਚੁਕੀ ਸੀ, ਦੇ ੫੦,੦੦,੦੦੦[੧] ਰੁਪਏ ਦੇ ਗਹਿਣੇ ਖੋਹ ਕੇ ਏਸੇ ਫ਼ੰਡ (ਖਾਤੇ) ਵਿਚ ਜਮ੍ਹਾ ਕਰ ਲਏ ਸਨ।

ਇਹ ਜ਼ੁਲਮ ਨਹੀਂ ਸਮਝਣਾ ਚਾਹੀਦਾ। ਮਹਾਰਾਜੇ ਦੇ ਦਿਲ ਵਿਚ ਪਰਜਾ ਦਾ ਭਲਾ ਸਭ ਤੋਂ ਪਹਿਲਾ ਭਾਵ ਸੀ। ਜਦੋਂ ਕਿਤੇ ਕਾਲ ਪੈ ਜਾਂਦਾ ਜਾਂ ਤੰਗੀ ਹੁੰਦੀ ਤਾਂ ਏਸੇ ਫ਼ੰਡ ਵਿਚੋਂ ਲੋਕਾਂ ਦੀ ਬਹੁਤ ਸਾਰੀ ਸਹਾਇਤਾ ਕੀਤੀ ਜਾਂਦੀ ਸੀ। ਇਹ ਇਕ ਹੱਥ ਲੈਣਾ ਤੇ ਦੂਜੇ ਹੱਥ ਦੇਣਾ ਸੀ। ਅਖ਼ੀਰ ਸਾਲਾਂ ਵਿਚ ਕਾਲ ਪੈਣ ਕਰਕੇ ਕਰੋੜਾਂ ਰੁਪਏ ਇਸੇ ਫ਼ੰਡ ਵਿਚੋਂ ਗ਼ਰੀਬਾਂ ਦੀ ਸਹਾਇਤਾ 'ਤੇ ਖ਼ਰਚ ਕੀਤੇ ਗਏ।

## ੫. ਦਫ਼ਤਰਿ ਵਜੂਹਾਤ ਮੁਕੱਰਰੀ

ਇਸ ਦਫ਼ਤਰ ਵਿਚ ਹੇਠ-ਲਿਖੀਆਂ ਆਮਦਨੀਆਂ ਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਸੀ: (ੳ) ਮੁਕੱਦਮਿਆਂ ਦੀ ਆਮਦਨੀ। (ਅ) ਸ਼ਾਹੀ ਟਿਕਟਾਂ[੨] (ਜਿਹੜੀਆਂ ਅਰਜ਼ੀਆਂ 'ਤੇ ਲਗਦੀਆਂ ਸਨ) ਵੇਚਣ ਦੀ ਆਮਦਨੀ। (ੲ) ਕਿਸੇ ਮੁਲਕ ਜਾਂ ਅਫ਼ਸਰ ਤੋਂ ਜੁਰਮਾਨਾ ਵਸੂਲ ਕਰਨ ਦੀ ਆਮਦਨੀ।

## ੬. ਦਫ਼ਤਰਿ ਚੌਕੀਆਤ

ਇਸ ਦਫ਼ਤਰ ਵਿਚ ਸਭ ਪਰਕਾਰ ਦੇ ਮਸੂਲਾਂ ਦਾ ਹਿਸਾਬ ਸੀ। ਮਸੂਲ ਬੇਅੰਤ ਸਨ ਅਤੇ ਕਈ ਪਰਕਾਰ ਦੇ ਸਨ। ਇਥੋਂ ਤਕ ਕਿ ਰੋਜ਼ ਦੀਆਂ ਵਰਤੋਂ ਵਾਲੀਆਂ ਚੀਜ਼ਾਂ 'ਤੇ ਭੀ ਮਸੂਲ ਲਗਦੇ ਸਨ ਅਤੇ ਇਕ ਚੀਜ਼ 'ਤੇ ਕਈ ਵੇਰ ਮਸੂਲ ਦੇਣਾ ਪੈਂਦਾ ਸੀ। ਬਹੁਤ ਸਾਰੇ ਇਤਿਹਾਸ-ਕਰਤਾ ਲਿਖਦੇ ਹਨ ਕਿ ਇਹ ਮਸੂਲ[੩] ਪਰਜਾ ਲਈ ਅਤੀ ਦੁਖਦਾਇਕ ਸੀ ਅਤੇ ਇਕ ਚੀਜ਼ ਲੈ ਕੇ ਜਿਤਨੇ ਪਿੰਡਾਂ ਵਿਚੋਂ ਦੀ ਕੋਈ ਲੰਘਦਾ ਸੀ ਉਨੇ ਪਿੰਡੀਂ ਮਸੂਲ ਦੇਣਾ ਪੈਂਦਾ ਸੀ। ਇਸ ਲਈ ਕਈ ਵਪਾਰੀ ਇਕ ਚੀਜ਼ ਨੂੰ ਦੂਜੇ ਥਾਂ ਲਿਜਾਣ ਲਈ ਕਈ ਵੇਰ ਸਾਰੇ ਰਾਹ ਦਾ ਠੇਕਾ ਹੀ ਕਰ ਲੈਂਦੇ ਸਨ।

ਲੂਣ 'ਤੇ ਕੋਈ ਟੈਕਸ ਨਹੀਂ ਸੀ। ਲੂਣ ਦੀਆਂ ਖਾਣਾਂ ਠੇਕੇ 'ਤੇ ਦਿੱਤੀਆਂ ਜਾਂਦੀਆਂ ਸਨ, ਅਤੇ ਜੋ ਵਪਾਰੀ ਉਥੋਂ ਲੂਣ ਲਿਆਉਂਦੇ ਸਨ ਓਹੋ ਚਾਹੇ ਸੂਬੇ ਦੇ ਅੰਦਰ ਜਾਂ ਬਾਹਰ ਕਿਤੇ ਲੈ ਜਾਣ, ਕੋਈ ਮਸੂਲ ਨਹੀਂ ਸੀ।

ਇਸ ਦਫ਼ਤਰ ਦੀ ਆਮਦਨੀ ਬਕਾਏ (ਉਧਾਰ) ਵਿਚ ਬਹੁਤ ਰਹਿੰਦੀ ਸੀ, ਕਿਉਂਕਿ ਵਪਾਰੀ ਕੋਈ ਸ਼ਖ਼ਸੀ ਜ਼ਮਾਨਤ ਦੇ ਕੇ ਜਾਂ ਇਕਰਾਰ-ਨਾਮਾ (ਪਟਾ) ਲਿਖ

੧. Huegel's Travels.

੨. ਸ਼ਾਹੀ ਟਿਕਟਾਂ ਅੱਜ-ਕੱਲ੍ਹ ਦੀ ਤਰ੍ਹਾਂ ਨਹੀਂ ਸਨ। ਹਰ ਇਕ ਜਗ੍ਹਾ ਲਈ 'ਸ਼ਾਹੀ ਮੋਹਰ' ਪਿੱਤਲ ਜਾਂ ਲੋਹੇ ਦੀ ਬਣੀ ਹੁੰਦੀ ਸੀ, ਜਿਹੜੀ ਇਕ ਆਦਮੀ ਨੂੰ ਠੇਕੇ 'ਤੇ ਦਿੱਤੀ ਜਾਂਦੀ ਸੀ ਅਤੇ ਉਹ ਹਰ ਇਕ ਪਟੇ ਜਾਂ ਕਰਾਰ-ਨਾਮੇ 'ਤੇ ਲਾਉਣੀ ਪੈਂਦੀ ਸੀ। ਇਸ ਲਈ ਉਹ ਆਦਮੀ ਵਾਜਬੀ ਪੈਸੇ ਲੈ ਕੇ ਲਾਉਂਦਾ ਸੀ।

੩. ਸਟੈਨਬਕ (Steinbach) ਇਉਂ ਲਿਖਦਾ ਹੈ: 'The duties were levied at every ten or twelve miles.'

ਕੇ ਲੂਣ ਲੈ ਆਉਂਦੇ ਸਨ ਕਿ ਵੇਚਣ ਤੋਂ ਮਗਰੋਂ ਠੇਕੇਦਾਰ ਨੂੰ ਪੈਸੇ ਦੇਵਾਂਗੇ। ਜਿੰਨਾ ਲੇਟ ਵਪਾਰੀ ਠੇਕੇਦਾਰ ਨੂੰ ਪੈਸੇ ਦਿੰਦੇ ਸਨ, ਉੱਨੀ ਦੇਰ ਨਾਲ ਠੇਕੇਦਾਰ ਸਰਕਾਰ ਨੂੰ ਦਿੰਦੇ ਸਨ। ਇਸ ਲਈ ਆਮਦਨੀ ਬਹੁਤ ਬਹੁਤ ਚਿਰ ਬਕਾਏ ਵਿਚ ਰਹਿੰਦੀ ਸੀ।

ਏਨੇ ਮਸੂਲਾਂ ਤੇ ਟੈਕਸਾਂ ਦੇ ਹੋਣ 'ਤੇ ਭੀ ਲੋਕ ਖ਼ੁਸ਼ਹਾਲੀ ਵਿਚ ਸਨ ਅਤੇ ਵਪਾਰੀਆਂ ਦਾ ਵਪਾਰ ਦਿਨੋ-ਦਿਨ ਵਧਦਾ ਸੀ। ਇਸ ਦੀ ਮਿਸਾਲ ਅੰਮ੍ਰਿਤਸਰ ਸ਼ਹਿਰ ਦੀ ਤਰੱਕੀ ਵੇਖੋ। ਕਾਰਨ ਇਸ ਦਾ ਇਹ ਕਿ ਸਭ ਪਰਕਾਰ ਦੇ ਲੋਕਾਂ ਨੂੰ ਕਮਾਈ ਬਹੁਤ ਸੀ। ਜੱਟਾਂ ਦੇ ਲਗਪਗ ਸਭ ਘਰਾਣਿਆਂ ਦੇ ਆਦਮੀ ਫ਼ੌਜ ਵਿਚ ਨੌਕਰ ਸਨ, ਜਿਸ ਤੋਂ ਉਨ੍ਹਾਂ ਨੂੰ ਕਾਫ਼ੀ ਤਨਖ਼ਾਹ ਮਿਲਦੀ ਸੀ। ਮਹਾਰਾਜਾ ਦੀ ਫ਼ੌਜ ਦੀ ਗਿਣਤੀ ਬਹੁਤ ਹੋਣ ਕਰਕੇ ਕਪੜੇ, ਚਮੜੇ ਦੀਆਂ ਚੀਜ਼ਾਂ (ਕਾਠੀਆਂ, ਲਗਾਮਾਂ ਆਦਿ), ਚਾਰਾ, ਲੱਕੜੀਆਂ ਅਤੇ ਹੋਰ ਸਭ ਚੀਜ਼ਾਂ ਦੀ ਬਹੁਤ ਲੋੜ ਰਹਿੰਦੀ ਸੀ। ਇਹ ਸਭ ਚੀਜ਼ਾਂ ਲੋਕਾਂ ਤੋਂ ਹੀ ਖ਼ਰੀਦੀਆਂ ਜਾਂਦੀਆਂ ਸਨ, ਜਿਸ ਕਰਕੇ ਛੋਟੀਆਂ ਜਾਤਾਂ ਦੇ ਲੋਕ ਜੁਲਾਹੇ, ਮੋਚੀ, ਤੇਲੀ ਆਦਿਕ ਚੰਗੇ ਮਾਲਦਾਰ ਬਣ ਬੈਠੇ ਸਨ, ਅਤੇ ਇਨ੍ਹਾਂ ਮਸੂਲਾਂ ਦੀ ਕੋਈ ਔਖਿਆਈ ਨਹੀਂ ਜਾਣਦੇ ਸਨ।

## ੭. ਦਫ਼ਤਰਿ ਅਬਵਾਬੁਲ ਤਾਹਵੀਲ

ਇਸ ਦਫ਼ਤਰ ਵਿਚ ਕੰਮ ਕਰਨ ਵਾਲੇ ਪੁਰਸ਼ਾਂ ਨੂੰ ਤਹਿਵੀਲਦਾਰ ਆਖਦੇ ਸਨ। ਇਨ੍ਹਾਂ ਪਾਸ ਬਾਹਰਲੇ ਅਫ਼ਸਰਾਂ ਦਾ ਘੱਲਿਆ ਹੋਇਆ ਰੁਪਿਆ ਜਮ੍ਹਾ ਰਹਿੰਦਾ ਸੀ ਅਤੇ ਉਸ ਦੇ ਖ਼ਰਚ ਆਮਦਨੀ ਦੇ ਇਹ ਪੂਰੇ ਜ਼ਿੰਮੇਵਾਰ ਸਨ। ਇਹ ਦਫ਼ਤਰ ਅੱਜ-ਕੱਲ੍ਹ ਦੇ ਖ਼ਜ਼ਾਨਾ ਦਫ਼ਤਰ (Treasury Office) ਦੀ ਤਰ੍ਹਾਂ ਸੀ।

## ੮. ਦਫ਼ਤਰਿ ਮਵਾਜਿਬ

ਇਸ ਦਫ਼ਤਰ ਵਿਚ ਫ਼ੌਜੀ, ਮੁਲਕੀ, ਮੁਨਸ਼ੀਆਂ ਅਤੇ ਹੋਰ ਛੋਟੇ ਵੱਡੇ ਅਫ਼ਸਰਾਂ ਦੀਆਂ ਤਨਖ਼ਾਹਾਂ ਦਾ ਹਿਸਾਬ ਰਖਿਆ ਜਾਂਦਾ ਸੀ। ਸਭ ਮਹਿਕਮਿਆਂ ਵਿਚ ਵੱਡੇ ਤੋਂ ਵੱਡੇ ਅਫ਼ਸਰ ਦੀ ਤਨਖ਼ਾਹ ੨੫,੦੦੦[੧] ਰੁਪਏ ਤੋਂ ਵਧ ਨਹੀਂ ਸੀ ਅਤੇ ਛੋਟੇ ਤੋਂ ਛੋਟੇ ਨੌਕਰ ਦੀ ਤਨਖ਼ਾਹ ਸਾਢੇ ਤਿੰਨ ਰੁਪਏ ਤੋਂ ਘਟ ਨਹੀਂ ਸੀ। ਜਨਰਲ ਵੈਨਤੂਰਾ (General Ventura) ਦੀ ਮਾਸਿਕ ਤਨਖਾਹ ੨੫,੦੦੦ ਰੁਪਏ ਸੀ ਅਤੇ ਮਹਿਕਮਿਆਂ ਵਿਚ ਚੂਹੜੇ ਮਾਛੀ ਆਦਿ ਦੀ ਤਨਖਾਹ ਸਾਢੇ ਤਿੰਨ ਰੁਪਏ ਤੋਂ ਘਟ ਨਹੀਂ ਸੀ। ਕਾਜ਼ੀਆਂ ਅਤੇ ਗ੍ਰੰਥੀਆਂ ਦੀ ਕੋਈ ਬੱਧੀ ਤਨਖ਼ਾਹ ਨਹੀਂ ਸੀ। ਓਹ ਗੁਰਦੁਆਰਿਆਂ ਜਾਂ ਧਰਮਸਾਲਾਂ ਅਤੇ ਮਸੀਤਾਂ ਦੇ ਚੜ੍ਹਾਵੇ 'ਤੇ ਹੀ ਰਹਿੰਦੇ ਸਨ। ਇਹ ਚੜ੍ਹਾਵੇ ਬੇਅੰਤ ਹੁੰਦੇ ਸਨ ਅਤੇ ਕਈ ਧਰਮ-ਅਸਥਾਨਾਂ ਨਾਲ ਸਰਕਾਰ ਵੱਲੋਂ ਜਗੀਰਾਂ ਭੀ ਲਗੀਆਂ ਹੋਈਆਂ ਸਨ।

੧. ਬੂਟੇ ਸ਼ਾਹ ਨੇ ਇਕ ਲਿਖਤ ਵਿਚ ਇਹ ਤਨਖਾਹ ਲਿਖੀ ਹੈ (ਉਹ ਲਿਖਤ ਮੈਂ ਆਪ ਤਾਂ ਨਹੀਂ ਪੜ੍ਹੀ, ਪਰ ਏਸੇ ਤਰ੍ਹਾਂ ਇਕ ਜਰਨਲ ਵਿਚ ਉਸ ਦਾ ਵੇਰਵਾ ਦਿੱਤਾ ਹੋਇਆ ਹੈ)।

ਜਿਹੜੇ ਗ੍ਰੰਥੀ ਸਰਕਾਰੀ ਅਤੇ ਪਲਟਣਾਂ ਨਾਲ ਜਾਂ ਖ਼ਾਸ ਮਹਾਰਾਜਾ ਨਾਲ ਰਹਿੰਦੇ ਸਨ, ਉਨ੍ਹਾਂ ਦੀ ਤਨਖ਼ਾਹ ਦਾ ਵੇਰਵਾ ਭੀ ਕਿਤੇ ਨਹੀਂ ਲਿਖਿਆ। ਉਨ੍ਹਾਂ ਨੂੰ ਚੜ੍ਹਾਵਾ ਬੇਅੰਤ ਹੋ ਜਾਂਦਾ ਸੀ, ਜਿਹੜਾ ਬਗ਼ੈਰ ਕਿਸੇ ਦੀ ਰੁਕਾਵਟ ਤੋਂ ਉਨ੍ਹਾਂ ਦਾ ਹੀ ਮਾਲ ਹੁੰਦਾ ਸੀ।

## ੯. ਦਫ਼ਤਰਿ ਜ਼ਨਾਨ-ਖ਼ਾਨਾ

ਇਸ ਦਫ਼ਤਰ ਵਿਚ ਜ਼ਨਾਨੇ ਮਹਿਲਾਂ ਦੇ ਖ਼ਰਚ ਦਾ ਹਿਸਾਬ ਹੁੰਦਾ ਸੀ। ਜੋ ਕੁਝ ਮਹਾਰਾਜਾ ਦੇ ਘਰਾਣੇ ਵਿਚ ਵਿਆਹ, ਸ਼ਾਦੀ, ਮਰਨੇ ਆਦਿ ਦੇ ਮੌਕੇ 'ਤੇ ਕਪੜੇ ਗਹਿਣੇ ਆਦਿਕ ਆਉਂਦੇ ਸਨ ਤੇ ਖ਼ਰਚ ਹੁੰਦੇ ਸਨ, ਉਸ ਦਾ ਹਿਸਾਬ ਪੂਰਾ ਪੂਰਾ ਇਸ ਦਫ਼ਤਰ ਵਿਚ ਸੀ। ਪਾਠਕ ਇਸ ਗੱਲ ਨੂੰ ਪੜ੍ਹ ਕੇ ਹੈਰਾਨ ਨਾ ਹੋਣ ਕਿ ਇਸ ਲਈ ਦਫ਼ਤਰ ਦੀ ਕੀ ਲੋੜ ਸੀ, ਪਰ ਇਹ ਗੱਲ ਚੇਤੇ ਰੱਖਣਯੋਗ ਹੈ ਕਿ ਜ਼ਨਾਨੇ ਮਹਿਲਾਂ ਦਾ ਖ਼ਰਚ ਬੇਅੰਤ ਸੀ ਤੇ ਆਮਦਨੀ ਵੀ ਬਹੁਤ ਸੀ। ਮਹਾਰਾਜਾ ਖੜਕ ਸਿੰਘ ਦੇ ਵਿਆਹ ਉੱਤੇ ਹੀ ਐਨਾ ਖ਼ਰਚ ਹੋਇਆ ਤੇ ਐਨੀ ਆਮਦਨੀ ਨਿਉਂਦਿਆਂ ਤੇ ਤੋਹਫ਼ਿਆਂ ਵਜੋਂ ਆਈ ਕਿ ਏਸੇ ਦਾ ਹਿਸਾਬ ਹੀ ਇਕ ਦਫ਼ਤਰ ਵਿਚ ਰਖਣ ਜੋਗਾ ਸੀ। ਨਿਉਂਦੇ ਦੀ ਰਕਮ ਦਾ ਜੋੜ ਵੱਖੋ-ਵੱਖ ਅਫ਼ਸਰਾਂ ਅਤੇ ਰਿਸ਼ਤੇਦਾਰਾਂ ਵੱਲੋਂ ੨,੧੩,੪੦੦ ਰੁਪਏ ਸੀ।

## ੧੦. ਦਫ਼ਤਰਿ ਤੋਸ਼ਾਖ਼ਾਨਾ

ਇਸ ਦਫ਼ਤਰ ਵਿਚ ਮਹਾਰਾਜੇ ਦੇ ਮਹਿਕਮਿਆਂ ਦੀਆਂ ਕੁਲ ਚੀਜ਼ਾਂ ਦੀ ਗਿਣਤੀ ਦਾ ਹਿਸਾਬ ਸੀ। ਕੁਲ ਚਿੱਠਾ ਏਥੇ ਰਖਿਆ ਹੁੰਦਾ ਸੀ ਕਿ ਫ਼ਲਾਣੀ ਫ਼ੌਜ ਵਿਚ ਇਤਨੇ ਘੋੜੇ, ਇਤਨੀਆਂ ਗੱਡੀਆਂ, ਇਤਨੀਆਂ ਕਾਠੀਆਂ, ਇਤਨੇ ਤੰਬੂ, ਇਤਨੀਆਂ ਚਾਨਣੀਆਂ, ਇਤਨੀਆਂ ਗੁਰੂ ਗ੍ਰੰਥ ਸਾਹਿਬ[੨] ਦੀਆਂ ਬੀੜਾਂ, ਇਤਨੇ ਧੌਂਸੇ ਆਦਿ ਹਨ। ਏਸੇ ਤਰ੍ਹਾਂ ਦੂਜਿਆਂ ਮਹਿਕਮਿਆਂ ਦੀਆਂ ਕੁਲ ਚੀਜ਼ਾਂ, ਦਰੀਆਂ, ਕੁਰਸੀਆਂ ਅਤੇ ਹੋਰ ਸਾਮਾਨ ਦਾ ਹਿਸਾਬ ਸੀ। ਇਹ ਅੱਜ-ਕੱਲ੍ਹ ਦੇ 'Property Records' ਵਾਙੂ ਸੀ।

## ੧੧. ਦਫ਼ਤਰਿ ਖ਼ਿਲਅਤ

ਇਸ ਦਫ਼ਤਰ ਵਿਚ ਜਿਹੜੇ 'ਸਿਰੋਪਾ' ਜਾਂ ਇਨਾਮ ਅਫ਼ਸਰਾਂ ਨੂੰ ਦਿੱਤੇ ਜਾਂਦੇ ਸਨ, ਓਹਨਾਂ ਦਾ ਹਿਸਾਬ ਹੁੰਦਾ ਸੀ।

---

੨. ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਹਰ ਇਕ ਫ਼ੌਜ ਦੇ ਮੁਹਰੇ ਹੁੰਦੀ ਸੀ ਅਤੇ ਕਈਆਂ ਪੁਰਸ਼ਾਂ ਪਾਸ ਸਫ਼ਰੀ ਬੀੜਾਂ ਭੀ ਸਨ।

### ੧੨. ਦਫ਼ਤਰਿ ਰੋਜ਼-ਨਾਮਚਾ

ਇਸ ਦਫ਼ਤਰ ਵਿਚ ਵੱਖੋ-ਵੱਖ ਮਹਿਕਮਿਆਂ ਦਾ ਰੋਜ਼ ਦੀ ਆਮਦਨੀ ਤੇ ਖ਼ਰਚ ਦਾ ਹਿਸਾਬ ਹੁੰਦਾ ਸੀ। ਇਹ ਵਰਤਮਾਨ ਸਮੇਂ ਦੇ 'Accountant General' ਦੇ ਦਫ਼ਤਰ ਵਾਂਙੂ ਸੀ।

ਇਨ੍ਹਾਂ ਸਭ ਦਫ਼ਤਰਾਂ ਦੇ ਪਰਬੰਧ ਲਈ ਮਾਨਵਰ ਦਰਬਾਰੀ ਨਿਯਤ ਕੀਤੇ ਹੋਏ ਸਨ ਅਤੇ ਓਹ ਹਰ ਰੋਜ਼ ਮਹਾਰਾਜੇ ਨੂੰ ਮਿਲਦੇ ਸਨ ਅਤੇ ਮਹਾਰਾਜਾ[1] ਓਨ੍ਹਾਂ ਨੂੰ ਰੋਜ਼ ਜਿਵੇਂ ਹਦਾਇਤਾਂ ਕਰਦਾ ਸੀ, ਓਨ੍ਹਾਂ ਨੂੰ ਉਸੇ ਤਰ੍ਹਾਂ ਕੰਮ ਚਲਾਉਣਾ ਪੈਂਦਾ ਸੀ।

(ੳ) ਖ਼ਜ਼ਾਨੇ[2] ਅਤੇ ਤੋਸ਼ੇਖ਼ਾਨੇ ਵਾਲੇ ਦੋਵੇਂ ਦਫ਼ਤਰ ਮਿਸਰ ਬੇਲੀ ਰਾਮ ਦੇ ਸਪੁਰਦ ਸਨ।

(ਅ) ਖ਼ੁਸ਼ਾਲ ਸਿੰਘ ਦੇ ਸਪੁਰਦ ਦਫ਼ਤਰ ਜ਼ਨ੍ਹਾਨ-ਖ਼ਾਨਾ ਸੀ।

(ੲ) ਬਾਕੀ ਦੇ ਨੌਂ ਦਫ਼ਤਰ ਤਿੰਨ ਤਿੰਨ ਕਰ ਕੇ ਭਾਈ ਰਾਮ ਸਿੰਘ, ਗੋਬਿੰਦ ਰਾਮ ਅਤੇ ਫ਼ਕੀਰ ਅਜ਼ੀਜ਼ ਦੀਨ ਦੇ ਸਪੁਰਦ ਸਨ।

ਸਭ ਦਫ਼ਤਰਾਂ ਦੇ ਉਤੇ ਪੜਤਾਲ ਕਰਨ ਲਈ ਵੱਡਾ ਅਫ਼ਸਰ (Auditor) ਦੀਵਾਨ ਦੀਨਾ ਨਾਥ ਸੀ।

## (੨) ਮੁਕਾਮੀ ਪਰਬੰਧ
## (Local Administration)

ਮੁਕਾਮੀ ਪਰਬੰਧ ਲਈ ਪੰਜਾਬ ਹੇਠ-ਲਿਖਿਆਂ ਚਾਰ ਸੂਬਿਆਂ ਵਿਚ ਵੰਡਿਆ ਹੋਇਆ ਸੀ : (੧) ਸੂਬਾ ਲਾਹੌਰ, (੨) ਸੂਬਾ ਕਸ਼ਮੀਰ, (੩) ਸੂਬਾ ਪਿਸ਼ਾਵਰ, (੪) ਸੂਬਾ ਮੁਲਤਾਨ।

ਹਰ ਇਕ ਸੂਬੇ ਵਿਚ ਕਈ 'ਪਰਗਣੇ' ਜਾਂ ਜ਼ਿਲੇ ਸਨ। ਹਰ ਇਕ ਪਰਗਣੇ ਵਿਚ ਕਈ 'ਤਲਕੇ' (ਤਸੀਲਾਂ) ਸਨ ਅਤੇ ਹਰ ਇਕ ਤਲਕੇ ਵਿਚ ੫੦ ਤੋਂ ੧੦੦ ਤਕ 'ਪਿੰਡ' ਸਨ। ਹਰ ਇਕ ਸੂਬੇ ਵਿਚ ਇਕ 'ਨਾਜ਼ਮ' ਜਾਂ 'ਗਵਰਨਰ' ਸੀ। ਇਸ ਦੇ ਮਾਤਹਿਤ ਪਰਗਣੇ ਵਿਚ ਇਕ ਇਕ 'ਕਾਰਦਾਰ' ਸੀ। ਜਿਹੜੇ 'ਜ਼ਿਲੇ' (ਪਰਗਣੇ) ਵੱਡੇ ਸਨ ਓਥੇ ਦੋ ਕਾਰਦਾਰ ਭੀ ਹੁੰਦੇ ਸਨ। ਇਹ ਕਾਰਦਾਰ ਸਭ ਮਾਮਲੇ, ਅਦਾਲਤ, ਵਸੂਲੀ ਅਤੇ ਖ਼ਬਰਦਾਰੀ ਦਾ ਕੰਮ ਕਰਦੇ ਸਨ ਅਤੇ ਲੋਕਾਂ ਨਾਲ ਸਭ ਵਿਹਾਰ ਚਲਾਉਂਦੇ ਸਨ। ਪੁਲਸ ਸ਼ਹਿਰਾਂ ਵਿਚ ਕੋਈ ਨਹੀਂ ਸੀ। ਜ਼ਿਲੇ ਵਿਚ ਇਕ ਫ਼ੌਜੀ ਪੁਲਸ ਦਾ ਦਸਤਾ ਹੁੰਦਾ ਸੀ, ਜੋ ਗਸ਼ਤ ਕਰ ਕੇ ਸਭ ਪਰਕਾਰ ਦੇ ਚੋਰੀ ਡਾਕਿਆਂ ਤੋਂ ਪਰਜਾ ਦਾ ਬਚਾਉ ਰਖਦਾ ਸੀ। ਵੱਡੇ ਸ਼ਹਿਰਾਂ ਵਿਚ ਕਿਤੇ ਕਿਤੇ ਇਕ ਕੋਤਵਾਲ ਕਾਰਦਾਰ ਦੇ ਨਾਲ ਹੁੰਦਾ ਸੀ, ਜੋ ਪੁਲਸ ਵਾਙ ਕੰਮ ਕਰਦਾ ਸੀ। ਕਨਿੰਘਮ (Cunningham)

---

੧. *Indian Historical Journal,* Calcutta, Vol IV, No. 1.

੨. *Sikhs & Afghans* by Shamat Ali.

ਲਿਖਦਾ ਹੈ ਕਿ ਸਭ ਪਰਬੰਧ ਅਤੀ ਸ਼ਲਾਘਾਯੋਗ ਸੀ ਅਤੇ ਜੇਕਰ ਕਸ਼ਮੀਰ ਤੇ ਪਿਸ਼ਾਵਰ ਵਿਚ ਕੁਝ ਫ਼ਸਾਦ ਜਾਂ ਬੁਰਾ ਪਰਬੰਧ ਸੀ ਤਾਂ ਰਣਜੀਤ ਸਿੰਘ ਦੀ ਇਸ ਵਿਚ ਕੋਈ ਜ਼ਿੰਮੇਵਾਰੀ ਨਹੀਂ ਸੀ, ਕਿਉਂਕਿ ਇਹ ਸੂਬੇ ਅਫ਼ਗਾਨਾਂ ਦੇ ਰਾਜ ਨਾਲ ਬਿਲਕੁਲ ਉਜੜ ਚੁੱਕੇ ਸਨ ਅਤੇ ਮਹਾਰਾਜਾ ਨੇ ਸਗੋਂ ਹਰੀ ਸਿੰਘ ਨਲੂਏ ਦੀ ਸਹਾਇਤਾ ਨਾਲ ਇਨ੍ਹਾਂ ਦਾ ਪਰਬੰਧ ਬਹੁਤ ਠੀਕ ਕਰ ਦਿੱਤਾ ਸੀ।

## (੩) ਅਦਾਲਤੀ ਪਰਬੰਧ
## (Judicial Administration)

ਨਿਆਂ ਕਰਾਉਣ ਲਈ ਥੋੜ੍ਹੀਆਂ ਬਹੁਤ ਅਦਾਲਤਾਂ ਤਾਂ ਸਨ, ਪਰ ਲਿਖਤੀ ਕਾਨੂੰਨ ਕੋਈ ਨਹੀਂ ਸੀ ਅਤੇ ਦੀਵਾਨੀ ਜਾਂ ਫ਼ੌਜਦਾਰੀ ਦਾ ਕੋਈ ਭੇਦ ਨਹੀਂ ਸੀ। ਸਭ ਮੁਕੱਦਮੇ ਇਕੋ ਜਿਹੇ ਸਮਝੇ ਜਾਂਦੇ ਸਨ।

ਪਿੰਡਾਂ ਵਿਚ ਸਭ ਫ਼ੈਸਲੇ 'ਪੰਚੈਤਾਂ' ਕਰਦੀਆਂ ਸਨ। ਇਹ ਪੰਚੈਤ ਪਿੰਡ ਦੇ ਪੰਜਾਂ ਆਦਮੀਆਂ ਦੀ ਇਕ ਕਮੇਟੀ ਹੁੰਦੀ ਸੀ ਅਤੇ ਇਸ ਦੇ ਮੈਂਬਰ ਪਿੰਡ ਦੇ ਧਨਾਢ, ਮਾਨਵਰ ਅਤੇ ਸਮਝ ਵਾਲੇ ਪੁਰਸ਼ ਹੁੰਦੇ ਸਨ। ਇਨ੍ਹਾਂ ਮੈਂਬਰਾਂ ਦੀ ਕੋਈ ਤਨਖ਼ਾਹ ਨਹੀਂ ਹੁੰਦੀ ਸੀ। ਏਨ੍ਹਾਂ ਦੇ ਫ਼ੈਸਲੇ ਦੀ ਅਪੀਲ 'ਕਾਰਦਾਰ' ਪਾਸ ਹੁੰਦੀ ਸੀ। ਪਰਗਣੇ (ਜ਼ਿਲੇ) ਵਿਚ ਇਨਸਾਫ਼ ਲਈ ਨਾਜ਼ਮ ਨਿਯਤ ਹੁੰਦੇ ਸਨ, ਜੋ ਫ਼ੈਸਲੇ ਕਰਦੇ ਸਨ, ਅਤੇ ਇਨ੍ਹਾਂ ਤੋਂ ਉਤੇ ਹੋਰ ਅਫ਼ਸਰ ਜੋ ਜ਼ਿਲੇ ਵਿਚ ਹੀ ਹੁੰਦੇ ਸਨ, ਉਨ੍ਹਾਂ ਨੂੰ 'ਅਦਾਲਤੀ' ਆਖਦੇ ਸਨ। ਇਸ ਤੋਂ ਉਪਰੰਤ ਲਾਹੌਰ ਵਿਚ ਮਹਾਰਾਜਾ ਦਾ ਦਰਬਾਰ ਸੀ, ਜਿਸ ਨੂੰ 'ਅਦਾਲਤੁਲ ਆਲਾ' (High Court) ਆਖਦੇ ਸਨ। ਮਹਾਰਾਜਾ ਕਿਲ੍ਹੇ ਸਾਮ੍ਹਣੇ ਬਾਰਾਂਦਰੀ ਵਿਚ ਕਚਹਿਰੀ ਲਾ ਕੇ ਆਪ ਫ਼ੈਸਲੇ ਕਰਦਾ ਸੀ। ਏਥੇ ਉਹ ਮੁਕੱਦਮੇ ਆਉਂਦੇ ਸਨ ਜਿਹੜੇ ਕਾਰਦਾਰਾਂ ਜਾਂ ਨਾਜ਼ਮਾਂ ਤੋਂ ਨਾ ਨਿਬੜਨ।

### ਕਾਨੂੰਨ

(੧) ਵਿਆਹ ਸ਼ਾਦੀਆਂ ਦੇ ਮੁਕੱਦਮੇ ਕਾਜ਼ੀਆਂ ਜਾਂ ਪਿੰਡਾਂ ਦੀਆਂ ਸਾਂਝੀਆਂ ਬਣੀਆਂ ਹੋਈਆਂ 'ਵਿਹਾਰੀ ਸਭਾਵਾਂ' ਦੀ ਸਹਾਇਤਾ ਨਾਲ ਪੰਚੈਤਾਂ ਹੀ ਨਿਬੇੜ ਦਿੰਦੀਆਂ ਸਨ।

(੨) ਲੈਣ ਦੇਣ, ਉਧਾਰ ਅਤੇ ਧੋਖੇ ਆਦਿ ਦੇ ਮੁਕੱਦਮੇ ਕੇਵਲ ਉਗਾਹਾਂ ਦੇ ਸੁਗੰਧ ਖ਼ਾਣ 'ਤੇ ਹੀ ਨਿਬੇੜ ਦਿੱਤੇ ਜਾਂਦੇ ਸਨ।

(੩) ਜ਼ਮੀਨਾਂ ਦੀਆਂ ਵੱਟਾਂ (ਹਦਬੰਦੀਆਂ) ਜਾਂ ਹੱਕ-ਸ਼ੁਫ਼ੇ ਦੇ ਮੁਕੱਦਮਿਆਂ ਦੇ ਫ਼ੈਸਲੇ ਲਈ ਪਿਛਲੇ ਰਜਿਸਟਰ, ਜਿਹੜੇ 'ਕਾਜ਼ੀ ਖ਼ਾਨਿਆਂ' ਵਿਚ ਮੁਸਲਮਾਨਾਂ ਦੇ ਵੇਲੇ ਤੋਂ ਹੀ ਰੱਖੇ ਹੋਏ ਸਨ, ਦੇਖੇ ਜਾਂਦੇ ਸਨ ਅਤੇ ਉਨ੍ਹਾਂ ਦੇ ਅਧਾਰ 'ਤੇ ਫ਼ੈਸਲਾ ਕਰ ਦਿੱਤਾ ਜਾਂਦਾ ਸੀ।

## ਕੋਰਟ ਫ਼ੀਸ

ਅਰਜ਼ੀਆਂ ਉਤੇ ਪਹਿਲਾਂ 'ਸ਼ਾਹੀ ਮੋਹਰ' ਅੱਜ-ਕੱਲ੍ਹ ਵਾਙੂ ਲਾਉਣੀ ਪੈਂਦੀ ਸੀ। ਇਹ ਮੋਹਰ ਬਹੁਤ ਮਹਿੰਗੀ ਪੈਂਦੀ ਸੀ, ਕਿਉਂਕਿ 'ਸ਼ਾਹੀ ਮੋਹਰ' ਮਹਾਰਾਜਾ ਸਾਹਿਬ ਠੇਕੇ 'ਤੇ ਦੇ ਦਿੰਦੇ ਸਨ, ਇਸ ਲਈ ਠੇਕੇਦਾਰ ਮੋਹਰ ਲਾਉਣ ਦੇ ਬਹੁਤ ਪੈਸੇ ਲੈਂਦਾ ਸੀ। ਪਹਿਲਾਂ ਲਾਹੌਰ ਦੇ ਵੱਡੇ ਦਫ਼ਤਰ ਦੀ ਸ਼ਾਹੀ ਮੋਹਰ ੧,੮੦,੦੦੦[੧] ਰੁਪਏ ਸਾਲ 'ਤੇ ਕਈ ਸਾਲ ਦੀਵਾਨ ਦਾਸ ਕੋਲ ਰਹੀ। ਫੇਰ ੨੩,੦੦੦ ਰੁਪਏ ਸਾਲ ਵੱਧ ਦੇ ਕੇ ਦੇਵੀ ਸਹਾਇ ਨੇ ਲੈ ਲਈ ਸੀ।

ਜਿਹੜੀ ਧਿਰ ਜਿੱਤ ਜਾਵੇ ਉਸ ਤੋਂ ਕੁਝ ਹੋਰ ਫ਼ੀਸ ਇਨਾਮ ਦੇ ਤੌਰ 'ਤੇ ਲਈ ਜਾਂਦੀ ਸੀ। ਜਦੋਂ ਦਾਵਾ ਖ਼ਾਰਜ ਹੋ ਜਾਵੇ ਤਾਂ ਦੋਹਾਂ ਧਿਰਾਂ ਤੋਂ ਕੁਝ ਫ਼ੀਸ ਲਈ ਜਾਂਦੀ ਸੀ ਅਤੇ ਜੇਕਰ ਮੁੱਦਾਅਲੈਹ ਪਹਿਲੀ ਪੇਸ਼ੀ 'ਤੇ ਹਾਜ਼ਰ ਨਾ ਹੋਵੇ ਤਾਂ ਉਸ ਤੋਂ ਜੁਰਮਾਨਾ ਲਿਆ ਜਾਂਦਾ ਸੀ ਕਿ ਇਸ ਨੇ ਜੱਜ ਦਾ ਵਕਤ ਵਾਧੂ ਗਵਾਇਆ ਹੈ।

## ਸਜ਼ਾਵਾਂ ਜਾਂ ਦੰਡ (Punishments)

ਮੌਤ ਜਾਂ ਫਾਂਸੀ ਦੀ ਸਜ਼ਾ ਤਾਂ ਬਹੁਤ ਹੀ ਘਟ ਸੀ ਅਤੇ ਇਹ ਸਜ਼ਾ ਦੇਣ ਦਾ ਮਹਾਰਾਜਾ ਤੋਂ ਬਿਨਾਂ ਹੋਰ ਕਿਸੇ ਨੂੰ ਅਖ਼ਤਿਆਰ ਨਹੀਂ ਸੀ। ਬਹੁਤ ਮੁਕੱਦਮਿਆਂ ਵਿਚ ਜੁਰਮਾਨਾ ਹੀ ਹੁੰਦਾ ਸੀ, ਕੈਦ ਬਿਲਕੁਲ ਕੋਈ ਨਹੀਂ ਹੁੰਦੀ ਸੀ।

ਮਹਾਰਾਜਾ ਆਪ ਭੀ ਬਹੁਤ ਵਾਰੀ ਗੁਪਤ[੨] ਦੌਰਾ ਕਰਦਾ ਸੀ, ਇਸ ਲਈ ਨਾਜ਼ਮਾਂ ਅਤੇ ਹੋਰ ਸਭ ਅਫ਼ਸਰਾਂ ਨੂੰ ਹਰ ਵੇਲੇ ਡਰ ਰਹਿੰਦਾ ਸੀ, ਜਿਸ ਦੇ ਕਾਰਨ ਓਹ ਆਪਣੇ ਕੰਮ ਵਿਚ ਕਦੇ ਢਿਲੇ ਨਹੀਂ ਹੁੰਦੇ ਸਨ ਅਤੇ ਦਿਆਨਤਦਾਰੀ ਨਾਲ ਕੰਮ ਕਰਦੇ ਸਨ। ਆਪਣੇ ਦੌਰੇ ਸਮੇਂ ਮਹਾਰਾਜਾ ਜੇਕਰ ਕਿਸੇ ਦਾ ਇੰਤਜ਼ਾਮ ਠੀਕ ਨਾ ਦੇਖਦਾ ਤਾਂ ਫਿਰ ਬੁਲਾ ਕੇ ਉਸ ਨੂੰ ਚੰਗੀ ਤਰ੍ਹਾਂ ਡਾਂਟਦਾ।

# ਇਸ ਰਾਜ 'ਤੇ ਇਕ ਦੀਰਘ ਵਿਚਾਰ ਤੇ ਅੰਤਮ ਸਿੱਟਾ

ਭਾਵੇਂ ਇਹ ਰਾਜ-ਪਰਬੰਧ ਇਕ ਸਾਦਾ ਜਿਹਾ ਤੇ ਜਟਕਾ ਮਲੂਮ ਹੁੰਦਾ ਹੈ, ਪਰ ਇਹ ਪੰਜਾਬ ਲਈ ਅਤੀ ਲਾਭਦਾਇਕ ਸੀ। ਉਸ ਵੇਲੇ ਦੇ ਪੰਜਾਬ ਤੇ ਅੱਜ-ਕੱਲ੍ਹ ਦੇ ਪੰਜਾਬ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਉਸ ਸਮੇਂ ਲੋਕ ਬਹੁਤ ਜੋਸ਼ੀਲੇ ਤੇ ਧਾੜਵੀ ਸਨ। ਜੇ ਕੋਈ ਬਹੁਤ ਸਖ਼ਤ ਅਤੇ ਲੋਕਾਂ ਨੂੰ ਤੰਗ ਕਰਨ ਵਾਲਾ ਪਰਬੰਧ ਹੁੰਦਾ ਤਾਂ ਲੋਕਾਂ ਅਤੇ ਮਹਾਰਾਜੇ ਵਿਚ ਬੜੇ ਫ਼ਸਾਦ ਹੋ ਪੈਣ ਦਾ ਡਰ ਸੀ। ਅਸੀਂ ਦੇਖਦੇ ਹਾਂ ਕਿ ਅਜਿਹੇ ਰਾਜ ਵਿਚ ਸਭ ਲੋਕ ਖ਼ੁਸ਼ ਅਤੇ ਅਮਨ-ਅਮਾਨ ਵਿਚ ਸਨ

---

੧. *Tarikhi-i-Ranjit Singh.*

੨. *ਜ਼ਫ਼ਰ-ਨਾਮਾ ਰਣਜੀਤ ਸਿੰਘ,* ਜਿਹੜਾ ਰਾ: ਬਾ: 'ਘਨੱਈਆ ਲਾਲ' ਨੇ ਲਿਖਿਆ ਹੈ, ਉਸ ਦੇ ਪੰਨਾ ੫੨੫ 'ਤੇ ਲਿਖੇ ਕੁਝ ਸ਼ੇਅਰਾਂ ਤੋਂ ਰਣਜੀਤ ਸਿੰਘ ਦਾ ਅਫ਼ਸਰਾਂ ਦੀ ਪੜਤਾਲ ਲਈ ਦੌਰਾ ਕਰਨਾ ਸਾਫ਼ ਪਰਗਟ ਹੈ।

ਅਤੇ ਅਫ਼ਸਰਾਂ ਨੂੰ ਹਰ ਵੇਲੇ ਸਰਕਾਰ ਦਾ ਡਰ ਸਿਰ 'ਤੇ ਹੋਣ ਕਰਕੇ ਉਹ ਕੰਮ ਈਮਾਨਦਾਰੀ ਨਾਲ ਦਿਲ ਲਾ ਕੇ ਕਰਦੇ ਸਨ ਤੇ ਵੱਢੀਆਂ ਦਾ ਰਿਵਾਜ ਭੀ ਬਹੁਤ ਘਟ ਸੀ। ਮੈਲਕਮ (Malcolm) ਆਪ ਲਿਖਦਾ ਹੈ, 'The Sikh System was most congenial to the temper of the people'. ਇਸ ਦੇ ਅਰਥ ਇਹ ਹਨ ਕਿ ਸਿਖ-ਰਾਜ-ਪਰਬੰਧ ਲੋਕਾਂ ਦੇ ਬਿਲਕੁਲ ਮੁਆਫ਼ਕ ਸੀ।

ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਪੰਜਾਬ ਦੇਸ ਫ਼ਸਾਦ ਦੇ ਵੱਡੇ ਘੱਲੂਘਾਰੇ ਤੋਂ ਕਿਸੇ ਤਰ੍ਹਾਂ ਭੀ ਘੱਟ ਨਹੀਂ ਸੀ। ਪਰ ਮਹਾਰਾਜਾ ਨੇ ਇਨ੍ਹਾਂ ਫ਼ਸਾਦ ਦੇ ਪੁਰਜ਼ਿਆਂ ਨੂੰ ਇਕ ਅਜਿਹੀ ਮਸ਼ੀਨ ਦੀ ਸ਼ਕਲ ਵਿਚ ਜੋੜਿਆ ਕਿ ਜਿਸ ਮਸ਼ੀਨ ਦੇ ਚਲਣ ਨਾਲ ਮੁਲਕ ਵਿਚ ਖ਼ੁਸ਼ਹਾਲੀ, ਸ਼ਾਂਤੀ ਅਤੇ ਉੱਨਤੀ ਦਿਨੋ-ਦਿਨ ਚੜ੍ਹਦੀਆਂ ਕਲਾਂ 'ਤੇ ਹੋਣ ਲੱਗੀ। ਇਕ ਦੀਰਘ ਵਿਚਾਰ ਨਾਲ ਵੇਖੀਏ ਕਿ ਮਹਾਰਾਜਾ ਵਿਚ ਕੀ ਕੀ ਗੁਣ ਸਨ ਜਿਨ੍ਹਾਂ ਕਰਕੇ ਇਸ ਸਭ ਕੰਮ ਦਾ ਸਿਹਰਾ ਓਸੇ ਦੇ ਸਿਰ ਬੱਝਾ, ਤਾਂ ਪਤਾ ਲਗਦਾ ਹੈ ਕਿ :

(੧) ਉਸ ਨੇ ਸਭ ਆਦਮੀਆਂ ਨੂੰ ਇੱਕੋ ਜਿਹਾ ਜਾਣਿਆ ਅਤੇ ਸਿਖ, ਹਿੰਦੂ, ਮੁਸਲਮਾਨ[1] ਅਤੇ ਅੰਗਰੇਜ਼ ਦੇ ਇੱਕੋ ਜਿਹੇ ਅਧਿਕਾਰ ਰਖੇ।

(੨) ਉਸ ਨੇ ਲਿਆਕਤ ਨੂੰ ਮੁਖ ਰੱਖਿਆ ਅਤੇ ਕੋਈ ਕੰਮ ਕਿਸੇ ਖ਼ਾਨਦਾਨ ਦਾ ਜੱਦੀ ਨਹੀਂ ਸਮਝਿਆ।

(੩) ਕਿਸੇ ਫ਼ਤਹ ਜਾਂ ਸਫਲਤਾ ਨੂੰ ਆਪਣੇ ਵਲੋਂ ਨਹੀਂ ਸਮਝਿਆ ਸਗੋਂ 'ਖ਼ਾਲਸਾ ਪੰਥ' ਦੀ ਕਿਰਪਾ ਜਾਣੀ।

(੪) ਹਿੰਮਤ ਕਰਨ ਤੋਂ ਕਦੇ ਪਿੱਛੇ ਨਹੀਂ ਹਟਿਆ ਤੇ ਝੂਠੇ ਦਿਖਾਵਿਆਂ ਤੋਂ ਸਦਾ ਮੂੰਹ ਮੋੜਿਆ।

ਭਾਵੇਂ ਕਈ ਇਤਿਹਾਸਕਾਰਾਂ ਨੇ ਇਹ ਲਿਖਿਆ ਹੈ ਕਿ ਇਸ ਪਰਬੰਧ ਵਿਚ ਕਈ ਨੁਕਸ ਸਨ। ਪਰ ਫ਼ਸਾਦਾਂ ਅਤੇ ਫੁਟ (ਨਾ-ਇਤਫ਼ਾਕੀ) ਦੇ ਸਮੁੰਦਰ ਦੇ ਥਲੇ ਡੁੱਬੇ ਪਏ ਪੰਜਾਬ ਨੂੰ ਕਿਸੇ ਕਿਨਾਰੇ 'ਤੇ ਨਹੀਂ, ਤਾਂ ਘਟੋ ਘਟ ਹਿੰਮਤ ਅਤੇ ਤਰਤੀਬ (organisation) ਦੀ ਮਜ਼ਬੂਤ ਸੂਤਰੀ ਨਾਲ ਇਸ ਨੂੰ ਥੱਲਿਓਂ ਕੱਢ ਕੇ ਕਾਨੂੰਨ, ਪਰਬੰਧ, ਖ਼ੁਸ਼ਹਾਲੀ ਅਤੇ ਉੱਨਤੀ ਦੀ ਕਿਸ਼ਤੀ ਵਿਚ ਬਿਠਾਉਣ ਵਾਲਾ ਤਾਂ ਅਸੀਂ ਏਸੇ ਮਹਾਰਾਜਾ ਨੂੰ ਹੀ ਕਹਾਂਗੇ। ਦੂਜੀ ਗੱਲ ਇਹ ਹੈ ਕਿ ਇਸ ਦੇ ਸਾਹਮਣੇ ਕਿਸੇ ਚੰਗੇ ਰਾਜ-ਪਰਬੰਧ ਦਾ ਨਮੂਨਾ ਨਹੀਂ ਸੀ, ਕੋਈ ਚੰਗਾ ਰਾਜਨੀਤਕ ਪੁਰਸ਼ ਸਹਾਇਕ ਨਹੀਂ ਸੀ, ਅਤੇ ਕੋਈ ਦਿਲ ਵਿਚ ਉਤਸ਼ਾਹ ਪੈਦਾ ਕਰਨ ਵਾਲੀ 'ਪਿਛਲੀ ਲਿਖਤ' (Record) ਨਹੀਂ ਸੀ ਅਤੇ ਜੋ ਕੁਝ ਉਸ ਨੇ ਕੀਤਾ ਆਪਣੀ ਅਨਪੜ੍ਹ ਬੁੱਧੀ ਤੇ ਹਿੰਮਤ ਨਾਲ ਕੀਤਾ। ਇਸ ਲਈ ਉਸ ਦਾ ਰਾਜ-ਪਰਬੰਧ ਸਭ ਪੱਖਾਂ ਵੱਲੋਂ ਪਰਜਾ ਲਈ ਲਾਭਦਾਇਕ ਅਤੇ ਉਸ ਲਈ ਜਸ ਦਾ ਤਾਜ ਪਹਿਨਾਉਣ ਦੇ ਯੋਗ ਹੈ।

---

੧. ਮੁਸਲਮਾਨ ਬਹੁਤ ਚੰਗੇ ਅਤੇ ਉੱਚ ਅਹੁਦਿਆਂ 'ਤੇ ਨਿਯਤ ਸਨ, ਜਿਹਾ ਕਿ ਫ਼ਕੀਰ ਅਜ਼ੀਜ਼ ਦੀਨ ਆਦਿਕ।

# ਸੱਯਦ ਅਹਿਮਦ ਬ੍ਰੇਲਵੀ

[ਸੋਢੀ ਹਜ਼ਾਰਾ ਸਿੰਘ, ਪ੍ਰਿੰਸੀਪਲ, ਸਿਖ ਕੰਨਿਆ ਮਹਾਂ ਵਿਦਿਆਲਾ, ਫ਼ੀਰੋਜ਼ਪੁਰ]

ਸਰ ਜਾਨ ਸ਼ੋਰ ਦੇ ਸਮੇਂ ਈਸਟ ਇੰਡੀਆ ਕੰਪਨੀ ਨੇ ਇਕ ਇਹ ਹੁਕਮ ਦਿੱਤਾ ਸੀ ਕਿ ਗਵਰਨਰ ਜਨਰਲ ਕਿਸੇ ਨਵੇਂ ਜੁਧ ਨੂੰ ਆਪ ਅਰੰਭ ਨਾ ਕਰੇ ਤੇ ਨਾ ਹੀ ਦੇਸੀ ਰਾਜਿਆਂ ਦੇ ਝਗੜਿਆਂ ਵਿਚ ਕੋਈ ਦਖ਼ਲ ਦੇਵੇ। ਇਸ ਦਾ ਨਤੀਜਾ 'ਨਾ-ਦਖ਼ਲ-ਦਿਊ ਪਾਲਿਸੀ' (Non Intervention Policy) ਸੀ, ਜਿਸ ਕਰਕੇ ਹਿੰਦੁਸਤਾਨ ਵਿਚ Balance of Power ਅਰਥਾਤ ਤਾਕਤਾਂ ਦੀ ਤੱਕੜੀ ਡਗ-ਮਗਾਣ ਲੱਗ ਪਈ, ਅਤੇ ਛੋਟੇ ਰਾਜੇ ਵੱਡੇ ਰਾਜਿਆਂ ਦੇ ਜ਼ੁਲਮ ਦਾ ਸ਼ਿਕਾਰ ਹੋਣ ਲਗੇ, ਜਿਸ ਤੋਂ ਅੰਗਰੇਜ਼ੀ ਰਾਜ ਨੂੰ ਵੀ ਖ਼ਤਰਾ ਸੀ। ਕਿਉਂਕਿ ਕੋਈ ਰਾਜਾ ਇਤਨਾ ਵੱਡਾ ਵੀ ਹੋ ਸਕਦਾ ਸੀ ਕਿ ਖ਼ੁਦ ਅੰਗਰੇਜ਼ਾਂ ਲਈ ਹੀ ਖ਼ਤਰੇ ਦਾ ਕਾਰਣ ਬਣ ਜਾਵੇ, ਅਤੇ ਈਸਟ ਇੰਡੀਆ ਕੰਪਨੀ (East India Company) ਦੀ ਮੌਤ ਤੇ ਜ਼ਿੰਦਗੀ ਦਾ ਸਵਾਲ ਪੈਦਾ ਹੋ ਜਾਵੇ। ਸੋ ਛੇਤੀ ਹੀ ਉਸ ਦੇ ਫਲ ਪਰਗਟ ਹੋਣੇ ਸ਼ੁਰੂ ਹੋ ਗਏ। ਡਾਕੂਆਂ ਦੀ ਇਕ ਕੌਮ ਬਣ ਗਈ, ਜਿਸ ਵਿਚ ਹਿੰਦੂ, ਮੁਸਲਮਾਨ ਸਭ ਲੁਟੇਰੇ ਸ਼ਾਮਲ ਹੋ ਗਏ ਅਤੇ ਜਿਸ ਤਰ੍ਹਾਂ ਇਕ ਸ਼ੇਰ ਦੇ ਨਾਲ ਚੱਲ ਕੇ ਗਿੱਦੜ ਭੀ ਆਪਣਾ ਪੇਟ ਭਰ ਲੈਂਦੇ ਹਨ, ਠੀਕ ਇਸੇ ਤਰ੍ਹਾਂ ਵੱਡਿਆਂ ਵੱਡਿਆਂ ਰਾਜਿਆਂ ਦੇ ਪਿੱਛੇ ਪਿੱਛੇ ਇਹ ਕੌਮ ਭੀ ਜੰਗ ਵਿਚ ਜਾਣ ਲਗ ਪਈ ਤੇ ਜਦੋਂ ਲੜਾਈ ਦੇ ਅੰਤ ਵਿਚ ਜੋਧੇ ਖੇਤ ਰਹਿੰਦੇ ਤਾਂ ਇਹ ਉਨ੍ਹਾਂ ਦੇ ਕਪੜੇ ਲਾਹ ਕੇ ਅਤੇ ਮਾਲ-ਮਤਾ ਲੁੱਟ ਕੇ ਆਪਣੇ ਖੀਸੇ ਪੁਰ ਕਰਦੇ। ਇਸ ਵੱਡੀ ਬਹਾਦਰ ਕੌਮ ਦਾ ਨਾਂ ਪਿੰਡਾਰ ਸੀ। ਇਨ੍ਹਾਂ ਦੀ ਗਿਣਤੀ ਦੀ ਬਾਬਤ ਇਤਿਹਾਸਕਾਰਾਂ ਦੀ ਵੱਖੋ ਵੱਖਰੀ ਰਾਇ ਹੈ, ਪਰ ਅੱਜ ਦੇ ਲੇਖ ਵਿਚ ਸਾਨੂੰ ਉਨ੍ਹਾਂ ਦੀ ਗਿਣਤੀ ਨਾਲ ਗ਼ਰਜ਼ ਨਹੀਂ, ਕੇਵਲ ਇਹ ਦੱਸਣਾ ਹੀ ਯੋਗ ਸਮਝਦੇ ਹਾਂ ਕਿ ਜਦ ਉਨ੍ਹਾਂ ਦੇ ਸਰਦਾਰ ਲਾਰਡ ਹੈਸਟਿੰਗਜ਼ (Lord Hastings) ਦੇ ਭੇਜੇ ਹੋਏ ਫ਼ੌਜੀ ਦਸਤੇ ਦੇ ਘੇਰੇ ਅੰਦਰ ਆ ਕੇ ਸਮੂਲੋਂ ਨਸ਼ਟ ਹੋਣ ਲਗੇ, ਤਾਂ ਉਨ੍ਹਾਂ ਵਿਚੋਂ ਇਕ ਬੜੇ ਚਲਾਕ ਤੇ ਸਮਝਦਾਰ ਸਰਦਾਰ ਅਮੀਰ ਖ਼ਾਂ ਨੇ ਹਾਰ ਮੰਨ ਲਈ ਤੇ ਅਮਨ ਲਈ ਬੇਨਤੀ ਕੀਤੀ, ਜਿਸ 'ਤੇ ਉਸ ਨੂੰ ਟਾਂਕ ਦੀ ਰਿਆਸਤ ਸਰਕਾਰ ਅੰਗਰੇਜ਼ੀ ਵਲੋਂ ਬਖ਼ਸ਼ੀ ਗਈ। ਸਰਕਾਰ ਅੰਗਰੇਜ਼ੀ ਦੇ ਹਿੰਦੁਸਤਾਨ ਦੇ ਸਾਰੇ ਵੱਡੇ ਵੱਡੇ ਰਾਜਿਆਂ ਨਾਲ ਇਕਰਾਰਨਾਮੇ ਹੋ ਚੁੱਕੇ ਸਨ, ਸੋ ਅੰਗਰੇਜ਼ਾਂ ਨੇ ਸਾਰੇ ਰਾਜਿਆਂ ਨੂੰ ਵੰਗਾਰਿਆ

ਤੇ ਇਸ ਸਾਂਝੇ ਦੁਸ਼ਮਣ ਦਾ ਖੁਰਾ-ਖੋਜ ਮਿਟਾਉਣ ਲਈ ਸਮੂੰਹ ਹਿੰਦੁਸਤਾਨ ਦੀ ਸੈਨਾ ਮੈਦਾਨ ਵਿਚ ਉਤਰ ਆਈ। ਜੋ ਪਿੰਡਾਰੇ ਮਾਰੇ ਗਏ ਉਹ ਨਰਕ ਪੁਜੇ ਤੇ ਰਹਿੰਦਿਆਂ ਦੇ ਜਿਥੇ ਸਿੰਗ ਸਮਾਏ, ਜਾ ਲੁਕੇ। ਇਨ੍ਹਾਂ ਹੀ ਭਗੌੜਿਆਂ ਵਿਚੋਂ ਇਕ ਆਦਮੀ ਸੀ ਜੋ ਕਿ ਸੱਯਦ ਅਹਿਮਦ ਨਾਮ ਕਰਕੇ ਮਸ਼ਹੂਰ ਹੈ। ਇਹ ਥੋੜ੍ਹੇ ਜਿਹੇ ਅਸਵਾਰਾਂ ਦਾ ਅਫ਼ਸਰ ਹੁੰਦਾ ਸੀ। ਜਦ ੧੮੧੮-੧੯ ਵਿਚ ਪਿੰਡਾਰਿਆਂ ਉਤੇ ਇਹ ਰੱਬੀ ਮਾਰ ਪਈ ਤਾਂ ਇਹ ਦਿੱਲੀ ਪੁੱਜਾ ਤੇ ਜਿਵੇਂ ਭਾਦਰੋਂ ਦੀ ਧੁੱਪ ਦਾ ਮਾਰਿਆ ਜੱਟ ਫ਼ਕੀਰ ਹੋ ਜਾਂਦਾ ਹੈ, ਏਹਨੂੰ ਵੀ ਧਾਰਮਕ ਸੁਧਾਰ ਦੀ ਸੁੱਝੀ। ਯਾਦ ਰਹੇ ਕਿ ਹੁਣੇ ਹੀ ਨਹੀਂ, ਹਮੇਸ਼ਾ ਤੋਂ ਹੀ ਹਿੰਦੁਸਤਾਨ ਦੇ ਅਮਨ ਦੇ ਲਾਗੂ ਇਹ ਧਾਰਮਕ ਦੀਵਾਨੇ ਹੀ ਹੁੰਦੇ ਰਹੇ ਹਨ।

ਸੱਯਦ ਅਹਿਮਦ ਦਾ ਜਨਮ ਬਰੇਲੀ ਵਿਚ ੧੭੮੬ ਈ: ਵਿਚ ਹੋਇਆ ਸੀ। ਇਸ ਦੇ ਪਿਤਾ ਦਾ ਨਾਮ ਮੁਹੰਮਦ ਅਰਫ਼ਾਨ ਸੀ, ਇਹ ਨਿੱਕਾ ਹੁੰਦਾ ਬਹੁਤ ਮੋਟੇ ਦਿਮਾਗ਼ ਵਾਲਾ ਸੀ ਤੇ ਕੋਈ ਗੱਲ ਯਾਦ ਨਹੀਂ ਰਖ ਸਕਦਾ ਸੀ, ਤੇ ਜਵਾਨੀ ਵਿਚ ਵੀ ਇਸ ਨੇ ਪੜ੍ਹਨ ਲਿਖਣ ਵਲ ਧਿਆਨ ਨਹੀਂ ਸੀ ਦਿੱਤਾ ਤੇ ਗ਼ਰੀਬੀ ਵੀ ਘਰ ਵਿਚ ਹਦੋਂ ਪਰੇ ਸੀ। ਕਹਿੰਦੇ ਹਨ ਕਿ ਕਰੀਮਾਂ ਦੀ ਪਹਿਲੀ ਤੁਕ (ਕਰੀਮਾਂ ਬਬਖ਼ਸ਼ਾਇਬਰ ਹਾਲਿ ਮਾ) ਇਸ ਨੂੰ ਪੂਰੇ ਤਿੰਨ ਦਿਨਾਂ ਵਿਚ ਯਾਦ ਹੋਈ ਸੀ। ਫਿਰ ਵੀ ਕਦੀ ਕਦੀ 'ਕਰੀਮਾਂ' ਭੁਲ ਜਾਂਦਾ ਸੀ ਤੇ ਕਦੀ ਕਦੀ 'ਹਾਲਿ' ਭੁੱਲ ਜਾਂਦਾ ਸੀ। ਉਸਤਾਦ ਨੇ ਬਥੇਰੀ ਮਾਰ-ਕੁੱਟ ਕੀਤੀ ਪਰ ਦੂਜਾ ਮਿਸਰਾ ਕਦੀ ਵੀ ਯਾਦ ਨਾ ਹੋਇਆ। ਕਈ ਮਹੀਨੇ ਦੀ ਮਾਰ ਖਾ ਕੇ ਲਿੱਸੇ ਪਤਲੇ ਹੋ ਗਏ ਤਾਂ ਪਿਤਾ ਨੇ ਸਕੂਲ ਵਿਚੋਂ ਉਠਾ ਲਿਆ। ਦਿੱਲੀ ਪੁਜ ਕੇ ਇਨ੍ਹਾਂ ਨੇ ਮੌਲਵੀ ਅਬਦੁੱਲ ਅਜ਼ੀਜ਼ ਦੇ ਚਰਨ ਜਾ ਕੇ ਪਕੜੇ, ਤੇ ਆਖਿਓ ਨੇ ਕਿ ਸਾਨੂੰ ਇਲਹਾਮ ਹੋਇਆ ਹੈ। ਤਾਂ ਮੌਲਵੀ ਇਸਮਾਈਲ ਤੇ ਅਬਦੁੱਲ ਹੱਈ ਇਸ ਦੇ ਚੇਲੇ ਬਣ ਗਏ[੧]।

ਮੌਲਵੀ ਇਸਮਾਈਲ ਨੇ ਉਰਦੂ ਵਿਚ *ਤਕਵੀ ਆਤੁੱਲ ਇਮਾਨ* ਦੀ ਪੁਸਤਕ ਲਿਖ ਕੇ ਛਪਵਾਈ, ਜਿਸ ਵਿਚ ਸੱਯਦ ਅਹਿਮਦ ਦੇ ਦਿੱਤੇ ਫ਼ਤਵੇ ਦਰਜ ਹਨ ਕਿ ਮੁਸਲਮਾਨਾਂ ਦੇ ਮਜ਼ਬ ਦੀ ਇਸਲਾਹ ਕਰੋ ਅਤੇ ਵੱਡੀ ਗੱਲ ਜੋ ਇਨ੍ਹਾਂ ਨੇ ਕੀਤੀ ਉਹ ਮੁਸਲਮਾਨਾਂ ਦੀਆਂ ਕਬਰਾਂ ਪੂਜਣੀਆਂ ਤੇ ਹਸਨ-ਹੁਸੈਨ ਦੇ ਦੱਹੇ ਪਿਟਣੇ ਅਤੇ ਹੋਰ ਹੋਰ ਕੁਰੀਤੀਆਂ, ਜੋ ਹਿੰਦੂਆਂ ਦੀ ਦੇਖਾ ਦੇਖੀ ਮੁਸਲਮਾਨਾਂ ਵਿਚ ਪੈ ਗਈਆਂ ਸਨ, ਦੂਰ ਕਰਨ ਦੀ ਕੋਸ਼ਸ਼ ਕੀਤੀ।

੧੮੨੨ ਈ: ਵਿਚ ਉਹ ਕਲਕੱਤੇ ਦੇ ਰਾਹੀਂ ਹੱਜ ਕਰਨ ਗਿਆ, ਤੇ ਵਾਪਸੀ 'ਤੇ ਉਹਨੂੰ ਇਤਨੀ ਤਿੱਖੀ ਪਾਣ ਚੜ੍ਹ ਗਈ ਸੀ ਕਿ ਉਹ ਆਪਣੇ ਆਪ ਨੂੰ ਗ਼ਾਜ਼ੀ ਅਖਵਾਉਣ ਲੱਗ ਪਿਆ ਸੀ। ਹਿੰਦੁਸਤਾਨ ਵਿਚ ਕਈ ਥਾਵੀਂ ਫਿਰ ਕੇ ਉਸ ਨੇ ਆਪਣੇ ਵਰਗੇ ਮਜ਼ਬੀ ਦੀਵਾਨੇ ਪੈਦਾ ਕਰ ਕੇ ਇਕ ਜਥਾ ਕਾਇਮ ਕਰ ਲਿਆ ਅਤੇ ਥਾਂ ਪਰ ਥਾਂ ਜਾ ਕੇ ਅੰਗਰੇਜ਼ੀ ਇਲਾਕੇ ਵਿਚੋਂ ਭੀ ਰੁਪਿਆ ਇਕੱਠਾ ਕੀਤਾ।

ਫਿਰ ਇਹ ਜਥਾ ਚੋਰੀ ਚੋਰੀ ੧੮੨੬ ਵਿਚ ਯੂਸਫ਼ ਜ਼ੱਈ ਪਠਾਣਾਂ ਨਾਲ ਪਿਸ਼ਾਵਰ ਲਾਗੇ ਜਾ ਰਲਿਆ ਤੇ ਯੂਸਫ਼ ਜ਼ੱਈਆਂ ਕੋਲ ਜਾਣ ਤੋਂ ਪਹਿਲਾਂ ਇਹ ਖ਼ੈਰਪੁਰ

---

੧. See Hunter's *The Indian Musalman*, Ed. 1846.

ਸਿੰਧ ਵਿਚ ਰੁਸਤਮ ਖ਼ਾਂ ਪਾਸ ਕੁਝ ਚਿਰ ਠਹਿਰ ਗਿਆ[੧]। ਅਤੇ ਗ਼ਾਜ਼ੀਆਂ ਨੂੰ ਇਕੱਠੇ ਕਰ ਕੇ ਫਿਰ ਕੰਧਾਰ ਨੂੰ ਚਾਲੇ ਪਾਏ, ਪਰ ਬਾਰਕ ਜ਼ੱਈਆਂ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ। ਅਮੀਰ ਖ਼ਾਂ ਦਾ ਪੁੱਤਰ ਭੀ ਉਸ ਦਾ ਚੇਲਾ ਬਣਿਆ ਸੀ ਤੇ ਉਸ ਪਾਸੋਂ ਇਸ ਨੇ ਬਹੁਤ ਸਾਰਾ ਰੁਪਿਆ ਲਿਆ ਸੀ। ਉਥੇ ਇਨ੍ਹਾਂ ਨੇ ਮੁਹੰਮਦੀ ਝੰਡਾ ਖੜਾ ਕੀਤਾ ਅਤੇ ਬਹੁਤ ਸਾਰੇ ਪਠਾਣਾਂ ਨੂੰ ਆਪਣੇ ਨਾਲ ਰਲਾ ਲਿਆ। ਅਟਕ ਦੇ ਇਲਾਕੇ ਵਿਚ ਡਾਕੇ ਮਾਰਨੇ ਵੀ ਸ਼ੁਰੂ ਕਰ ਦਿੱਤੇ ਸਨ, ਪਰੰਤੂ ਜਰਨੈਲ ਬੁੱਧ ਸਿੰਘ ਜੀ ਵੀ ਇਸ ਇਲਾਕੇ ਵਿਚ ਹੀ ਫ਼ੌਜੀ ਅਫ਼ਸਰ ਸਨ।

ਸੋ ਮਾਰਚ ਸੰ: ੧੮੨੭ ਵਿਚ ਸੱਯਦ ਅਹਿਮਦ ਨੇ ਅਣਗਿਣਤ ਤੇ ਬੇ-ਤਰਤੀਬ ਫ਼ੌਜ ਲੈ ਕੇ ਸਰਦਾਰ ਜੀ ਦੀ ਫ਼ੌਜ 'ਤੇ ਹਮਲਾ ਕਰ ਦਿੱਤਾ। ਪਰ ਸਿੱਖਾਂ ਜਿਹੀ ਹਥਿਆਰ-ਬੰਦੀ, ਤੇ ਤਰਤੀਬ ਇਨ੍ਹਾਂ ਗ਼ਰੀਬਾਂ ਪਾਸ ਕਿੱਥੇ ਸੀ। ਸੁੱਕੇ ਘਾਹ ਦੇ ਜੰਗਲਾਂ ਦੀ ਤਰ੍ਹਾਂ ਸਰਦਾਰ ਬੁੱਧ ਸਿੰਘ ਜੀ ਦੀ ਤੇਗ-ਜ਼ਨੀ ਦੀ ਅੱਗ ਨੂੰ ਨਾ ਸਹਾਰ ਸਕਿਆ।

ਗ਼ਰੀਬ ਸੱਯਦ ਪਹਾੜੀਆਂ ਵਿਚ ਜਾ ਲੁੱਕਿਆ, ਜਿੱਥੇ ਕਦੀ ਕਦਾਈਂ ਸਿੱਖਾਂ ਦੀ ਫ਼ੌਜ ਦੇ ਪਿਛੇ ਰਹੇ ਰਾਸ਼ਨ ਦੀ ਲੁਟ-ਮਾਰ ਨਾਲ ਗੁਜ਼ਾਰਾ ਕਰਦਾ ਰਿਹਾ। ਇਹ ਆਦਤ ਉਸ ਨੇ ਪਿੰਡਾਰਿਆਂ ਤੋਂ ਸਿੱਖੀ ਸੀ।

੧੮੨੯ ਦੀਆਂ ਗਰਮੀਆਂ ਵਿਚ ਉਹ ਫਿਰ ਨਿਕਲਿਆ ਅਤੇ ਸਰਦਾਰ ਯਾਰ ਮੁਹੰਮਦ ਖ਼ਾਂ 'ਤੇ ਜਾ ਹਮਲਾ ਕੀਤਾ। ਇਹ ਸਰਦਾਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਅਗੇ ਨਿਉਂ ਕੇ ਉਸ ਦੀ ਈਨ ਮੰਨ ਚੁੱਕਾ ਸੀ। ਸੋ ਪਿਸ਼ਾਵਰ ਪਾਸ ਇਨ੍ਹਾਂ ਦੀ ਲੜਾਈ ਹੋਈ। ਰੱਬ-ਸਬੱਬੀਂ ਇਕ ਲੁਕਵੇਂ ਦੁਸ਼ਮਣ ਦੀ ਗੋਲੀ ਨਾਲ ਯਾਰ ਮੁਹੰਮਦ ਖ਼ਾਂ ਜ਼ਖ਼ਮੀ ਹੋ ਕੇ ਮਰ ਗਿਆ। ਪਰ ਜਨਰਲ ਵੰਤੂਰਾ (General Ventura) (ਜੋ ਥੋੜ੍ਹੀ ਜਿਹੀ ਫ਼ੌਜ ਨਾਲ 'ਲੈਲੀ' ਲੈਣ ਵਾਸਤੇ ਗਿਆ ਹੋਇਆ ਸੀ) ਸੱਯਦ ਅਹਿਮਦ ਨੂੰ ਟੱਕਰ ਪਿਆ, ਮਹਾਰਾਜਾ ਰਣਜੀਤ ਸਿੰਘ ਜੀ ਦਾ ਪਿਛੋਂ ਹੁਕਮ ਪੁੱਜਾ ਕਿ 'ਲੈਲੀ' ਜ਼ਰੂਰ ਲੈ ਲੌ, ਪਰ ਪਿਸ਼ਾਵਰ ਦਾ ਸ਼ਹਿਰ ਮੁਹੰਮਦ ਸੁਲਤਾਨ ਖ਼ਾਂ ਨੂੰ ਦੇ ਦਿਓ। ਕਿਉਂਕਿ ਸੁਲਤਾਨ ਮੁਹੰਮਦ ਖ਼ਾਂ ਮਹਾਰਾਜ ਨੂੰ 'ਬਾਪੂ ਜੀ' ਕਰ ਕੇ ਬੁਲਾਇਆ ਕਰਦਾ ਸੀ ਤੇ ਓਹ ਭੀ ਇਸ ਨੂੰ ਪੁੱਤਰ ਸਮਝਦੇ ਹੁੰਦੇ ਸਨ। ਸੁਲਤਾਨ ਮੁਹੰਮਦ ਖ਼ਾਂ ਨੇ 'ਲੈਲੀ' ਲਿਆ ਦਿੱਤੀ, ਜਿਸ ਨੂੰ ਲੈ ਕੇ ਜਰਨੈਲ ਵੰਤੂਰਾ ਲਾਹੌਰ ਮੁੜ ਆਇਆ। ਪਿਛੋਂ ਸੱਯਦ ਅਹਿਮਦ ਸ਼ਾਹ ਸੁਲਤਾਨ ਮੁਹੰਮਦ 'ਤੇ ਆਣ ਪਿਆ, ਅਤੇ ਉਸ ਦਾ ਨਵਾਂ ਰਾਜ ਹੋਣ ਕਰਕੇ ਉਸ ਨੂੰ ਪਿਸ਼ਾਵਰ ਵਿਚੋਂ ਕੱਢਣ ਵਿਚ ਕਾਮਯਾਬ ਹੋ ਗਿਆ।

ਇਸ 'ਤੇ ੧੮੩੦ ਈ: ਵਿਚ ਮਹਾਰਾਜੇ ਦੀ ਆਪਣੀ ਫ਼ੌਜ ਅਟਕੋਂ ਪਾਰ ਆਈ, ਪਰ ਉਸ ਸੂਰਜ ਦੀ ਗਰਮੀ ਦੀ ਰੌਸ਼ਨੀ ਅਗੇ ਉਹ ਬਰਫ਼ ਦੇ ਵਾਙ ਪਿਘਲ ਚੁੱਕੇ ਸਨ ਤੇ ਕੋਈ ਆਦਮੀ ਅਜਿਹਾ ਨਾ ਦਿਸਿਆ ਜਿਸ ਦਾ ਫ਼ੌਜ ਟਾਕਰਾ ਕਰਦੀ। ਸੋ ਇਹ ਫ਼ੌਜ ਸੁਲਤਾਨ ਮੁਹੰਮਦ ਨੂੰ ਫੇਰ ਤਖ਼ਤ 'ਤੇ ਬਿਠਾਲ ਕੇ ਆਪ ਲਾਹੌਰ ਵਾਪਸ ਆ ਗਈ।

---

੧. See G.T. Princep's *Ranjit Singh,* Ed. 1834.

ਖ਼ਾਲਸਾ ਫ਼ੌਜ ਨੂੰ ਮੁੜਨ ਪਿਛੋਂ ਪਤਾ ਲੱਗਾ ਕਿ ਸੱਯਦ ਅਹਿਮਦ ਫੇਰ ਪਿਸ਼ਾਵਰ ਆ ਪਿਆ ਤੇ ਸੁਲਤਾਨ ਮੁਹੰਮਦ ਕੋਲੋਂ ਤਿੰਨ ਹਜ਼ਾਰ ਰੁਪਿਆ ਲੈਣਾ ਕਰ ਲਿਆ ਹੈ। ਇਨ੍ਹਾਂ ਹੀ ਦਿਨਾਂ ਵਿਚ ਏਸ ਨੇ ਫ਼ਤਵਾ ਦਿੱਤਾ ਕਿ ਜੋ ਮੁਸਲਮਾਨੀ ਵਿਧਵਾ ਹੋਵੇ, ਤਿੰਨਾ ਦਿਨਾਂ ਦੇ ਅੰਦਰ ਅੰਦਰ ਉਸ ਦਾ ਨਿਕਾਹ ਕੀਤਾ ਜਾਵੇ, ਨਹੀਂ ਤਾਂ ਵਿਧਵਾ ਰਖਣ ਵਾਲਿਆਂ ਦਾ ਮਾਲ-ਮਤਾ ਕੁਰਕ ਕਰ ਲੀਤਾ ਜਾਵੇਗਾ।

ਇਸ ਦੇ ਥੋੜ੍ਹੇ ਹੀ ਚਿਰ ਪਿਛੋਂ ਯੂਸਫ਼ ਜ਼ੱਈ, ਜੋ ਕਿ ਭਾੜੇ ਦੇ ਟੱਟੂ ਸਨ, ਆਪਣਾ ਪੇਟ ਨਾ ਭਰਦਾ ਦੇਖ ਕੇ ਸੱਯਦ ਅਹਿਮਦ ਦਾ ਸਾਥ ਛੱਡ ਗਏ। ਨਾ ਕੇਵਲ ਇਹੀ ਸਗੋਂ ਉਨ੍ਹਾਂ ਨੇ ਅਹਿਮਦ ਨੂੰ ਮਜਬੂਰ ਕੀਤਾ ਕਿ ਉਨ੍ਹਾਂ ਦੇ ਪਹਾੜ ਛੱਡ ਕੇ ਕਿਸੇ ਹੋਰ ਥਾਂ ਡੇਰਾ ਜਾ ਲਾਵੇ[੧], ਕਿਉਂਕਿ ਪਠਾਣਾਂ ਨੂੰ ਖ਼ਾਲਸੇ ਦੇ ਹੱਥ ਭੁੱਲੇ ਨਹੀਂ ਸਨ, ਤੇ ਉਹ ਬਿਨਾਂ ਫ਼ਾਇਦੇ ਤੋਂ ਨਿਰੀ ਬਿਪਤਾ ਸਹੇੜਨ ਨੂੰ ਤਿਆਰ ਨਹੀਂ ਸਨ। ਸੱਯਦ ਸਾਹਿਬ ਪਖਲੀ ਤੇ ਧਮਤੋੜ ਦੇ ਇਲਾਕੇ ਵਿਚ ਆਣ ਲੁਕੇ, ਕਿਉਂਕਿ ਇਨ੍ਹਾਂ ਨੂੰ ਬਹੁਤ ਸਾਰੀ ਆਸ ਮੁਜ਼ੱਫਰ ਆਬਾਦ ਦੇ ਖ਼ਾਨ ਪਾਸੋਂ ਸੀ।

ਸੋ ਮਈ ੧੮੩੧ ਵਿਚ ਬਾਲਾ ਕੋਟ ਦੇ ਇਲਾਕੇ ਵਿਚ ਕੰਵਰ ਸ਼ੇਰ ਸਿੰਘ ਦੇ ਮਾਤਹਿਤ ਲੰਘਦੇ ਹੋਏ ਇਕ ਜਥੇ ਨੇ ਉਸ ਦਾ ਖੁਰਾ-ਖੋਜ ਮਿਟਾ ਦਿੱਤਾ। ਉਨ੍ਹਾਂ ਦਾ ਚੇਲਾ ਇਸਮਾਈਲ ਤਲਵਾਰ ਨਾਲ ਮੋਇਆ ਤੇ ਉਹ ਆਪ ਤੋਪ ਦੇ ਗੋਲੇ ਦਾ ਨਿਸ਼ਾਨਾ ਬਣੇ। ਉਨ੍ਹਾਂ ਦੇ ਸਭ ਸਾਥੀ ਉਨ੍ਹਾਂ ਦੇ ਮਰਦਿਆਂ ਹੀ ਨੱਸ ਗਏ। ਸ਼ਾਹਜ਼ਾਦਾ ਸਾਹਿਬ ਨੇ ਉਨ੍ਹਾਂ ਦੋਹਾਂ ਦੀਆਂ ਕਬਰਾਂ ਬਣਵਾ ਦਿੱਤੀਆਂ, ਪਰ ਉਨ੍ਹਾਂ ਦੇ ਕਈ ਮੁਰੀਦ ਅਜੇ ਤਾਈਂ ਵਿਸ਼ਵਾਸ ਰੱਖਦੇ ਹਨ ਕਿ ਕੂਕਿਆਂ ਦੇ ਬਾਬਾ ਰਾਮ ਸਿੰਘ ਜੀ ਦੀ ਤਰ੍ਹਾਂ ਉਹ ਭੀ ਜ਼ਿੰਦਾ ਹਨ, ਅਤੇ ਆਪਣੇ ਮੁਰੀਦਾਂ ਦੀ ਸਹਾਇਤਾ ਵਾਸਤੇ ਫੇਰ ਕਿਸੇ ਦਿਨ ਜ਼ੋਰ ਸ਼ੋਰ ਨਾਲ ਨਿਕਲਣਗੇ। ਇਨ੍ਹਾਂ ਦੀ ਬਾਬਤ ਇਕ ਗੱਲ ਖ਼ਾਸ ਤੌਰ 'ਤੇ ਯਾਦ ਰਖਣ ਵਾਲੀ ਹੈ ਕਿ ਉਨ੍ਹਾਂ ਦਾ ਗੁੱਸਾ ਸਿੱਖਾਂ 'ਤੇ ਇੰਨਾ ਨਹੀਂ ਸੀ ਜਿੰਨਾ ਉਨ੍ਹਾਂ ਮੁਸਲਮਾਨਾਂ 'ਤੇ ਸੀ ਜਿਹੜੇ ਕਿ ਸਿੱਖਾਂ ਦੀ ਨੌਕਰੀ ਕਰਦੇ ਸਨ, ਜਾਂ ਸਿੱਖਾਂ ਦੇ ਅਧੀਨ ਹੋਣਾ ਮੰਨਦੇ ਸਨ। ਇਸ ਦੇ ਪਿਛੋਂ ਕਦੀ ਕਿਸੇ ਅੰਦਰਲੇ ਬਾਗ਼ੀ ਜਾਂ ਗਵਾਂਢੀ ਮੁਸਲਮਾਨ ਰਾਜੇ ਦਾ ਹੀਆ ਨਹੀਂ ਪਿਆ ਕਿ ਉਹ ਸ਼ੇਰਿ-ਪੰਜਾਬ ਦੀ ਸਲਤਨਤ ਵਲ ਅੱਖ ਉਠਾ ਕੇ ਵੀ ਵੇਖ ਸਕੇ[੨]।

ਇਹ ਗੱਲ ਖ਼ਾਸ ਕਰਕੇ ਖ਼ਿਆਲ ਰਖਣ ਵਾਲੀ ਹੈ ਕਿ ਭਾਵੇਂ ਉਹ ਆਦਮੀ ਭਰਤੀ ਤੇ ਰੁਪਿਆ ਇਕੱਠਾ ਕਰਦਾ ਰਿਹਾ, ਪਰ ਅੰਗਰੇਜ਼ਾਂ ਨਾਲ ਉਸ ਦਾ ਕੋਈ ਵਿਰੋਧ ਨਹੀਂ ਸੀ ਹੋਇਆ। *ਡਿਕਸ਼ਨਰੀ ਆਫ਼ ਇਸਲਾਮ* (Dictionary of Islam) ਦਾ ਕਰਤਾ ਹਿਊਗਜ਼ (Hughes) ਲਿਖਦਾ ਹੈ ਕਿ ਇੱਕ ਆਦਮੀ ਸ਼ੇਖ ਗ਼ੁਲਾਮ ਅਲੀ ਨਾਮੀ ਅਲਾਹਾਬਾਦੀ ਦੀ ਰਾਹੀਂ ਸੱਯਦ ਅਹਿਮਦ ਨੇ ਯੂ. ਪੀ. ਦੇ ਉਦੋਂ ਦੇ ਲਾਟ ਪਾਸ ਲਿਖਤ ਦੁਆਰਾ ਪੁੱਛ ਵੀ ਕੀਤੀ ਕਿ ਆਪ ਨੂੰ ਇਸ ਵਿਚ ਕੋਈ ਉਜ਼ਰ ਤਾਂ ਨਹੀਂ।

---

੧. See Murray's *Ranjit Singh,* Ed. 1837.

੨. See Mc-Gregor's *Ranjit Singh,* Ed. 1834.

ਉੱਤਰ ਮਿਲਿਆ ਕਿ ਜੇ ਅੰਗਰੇਜ਼ੀ ਇਲਾਕੇ ਵਿਚ ਫ਼ਸਾਦ ਨਾ ਕਰਨ ਤਾਂ ਨਾ ਰੋਕੋ, ਕਿਉਂਕਿ ਇਨ੍ਹਾਂ ਦੀ ਦੁਸ਼ਮਣੀ ਸਿੱਖਾਂ ਨਾਲ ਹੈ। (ਕੀ ਇਹ ਸਰਕਾਰ ਪੰਜਾਬ ਦੇ ਨਾਲ ਮਿਤ੍ਰਤਾ ਸੀ, ਜਿਸ ਦਾ ਇਕਰਾਰ ਅੰਮ੍ਰਿਤਸਰ ਵਾਲੇ ਅਹਿਦ-ਨਾਮੇ ਵਿਚ ਹੋ ਚੁਕਾ ਸੀ ?)

ਕਈ ਮੁਸਲਮਾਨ ਏਸ ਨੂੰ ਨਬੀਆਂ ਵਰਗਾ ਦਰਜਾ ਦੇਂਦੇ ਰਹੇ, ਜਿਨ੍ਹਾਂ ਵਿਚ ਮੁਨਸ਼ੀ ਸ਼ਹਾਮਿਤ ਅਲੀ ਅਤੇ ਪੀਰ ਇਬਰਾਹੀਮ ਖ਼ਾਂ ਕਸੂਰੀ ਵੀ ਸਨ। ਪਹਿਲੀ ਬੇਗਮ ਭੂਪਾਲ ਵੀ ਇਹੋ ਜਿਹੇ ਹੀ ਖ਼ਿਆਲ ਰਖਦੀ ਸੀ ਤੇ ਇਸ ਦੀ ਰੁਪਏ ਨਾਲ ਸਹਾਇਤਾ ਕਰਦੀ ਰਹੀ ਸੀ। ਟਾਂਕ ਦੇ ਨਵਾਬ ਦਾ ਜ਼ਿਕਰ ਅਸੀਂ ਪਹਿਲਾਂ ਕਰ ਆਏ ਹਾਂ।

ਇਸ ਦੀ ਯੂਸਫ਼ ਜ਼ੱਈਆਂ ਵਿਚ ਕਾਮਯਾਬੀ ਦਾ ਕਾਰਨ ਇਹੋ ਸੀ ਕਿ ਯੂਸਫ਼ ਜ਼ੱਈਆਂ ਦਾ ਸਰਦਾਰ ਯਾਰ ਮੁਹੰਮਦ ਖ਼ਾਂ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਮਿਲ ਜਾਣ ਕਰਕੇ ਆਪਣੇ ਕਬੀਲੇ ਨੂੰ ਦਬਾਈ ਰੱਖਦਾ ਸੀ[1] ਤੇ ਇਸ ਮੌਲਵੀ ਦਾ ਓਥੇ ਪਹੁੰਚਣਾ ਉਨ੍ਹਾਂ ਲੋਕਾਂ ਨੂੰ ਇਕ ਅਕਾਸ਼ ਦੇ ਫ਼ਰਿਸ਼ਤੇ ਦੀ ਤਰ੍ਹਾਂ ਨਜ਼ਰ ਆਇਆ। ਉਹ ਬਗ਼ਾਵਤ ਵਾਸਤੇ ਇਸ ਦੇ ਨਾਲ ਚਲੇ ਗਏ।

੧੮੩੦ ਵਿਚ ਇਸ ਨੇ ਆਪਣੇ ਖ਼ਲੀਫ਼ਾ ਹੋਣ ਦਾ ਐਲਾਨ ਕੀਤਾ ਤੇ ਸਿੱਕਾ ਚਲਾਇਆ, ਜਿਸ ਦੇ ਲਫ਼ਜ਼ਾਂ ਦੇ ਅਰਥ ਇਹ ਹਨ:

"ਅਹਿਮਦ ਆਦਿਲ, ਦੀਨ ਦਾ ਰਾਖਾ, ਜਿਹਦੀ ਤਲਵਾਰ ਦੀ ਚਮਕ ਕਾਫ਼ਰਾਂ ਵਿਚ ਤਬਾਹੀ ਫੈਲਾਉਂਦੀ ਹੈ।"

ਇਸ ਦੀ ਮੌਤ ਪਿਛੋਂ ਇਸ ਦਾ ਖ਼ਾਨਦਾਨ ਵਾਪਸ ਟਾਂਕ ਵਿਚ ਆ ਗਿਆ[2]।

ਇਕ ਛਪੀ ਹੋਈ ਉਰਦੂ ਕਿਤਾਬ *ਹਯਾਤਿ ਤੈਯਬਾ* ਸਾਨੂੰ ਮਿਲੀ ਹੈ, ਉਸ ਦੇ ਕਰਤਾ ਮੌਲਾਨਾ ਮਿਰਜ਼ਾ ਹੈਰਤ ਦਿਹਲਵੀ ਹਨ। ਉਨ੍ਹਾਂ ਨੇ ਸ਼ਾਹ ਇਸਮਾਈਲ ਤੇ ਉਸ ਦੇ ਪੀਰ ਸੱਯਦ ਅਹਿਮਦ ਦਾ ਹਾਲ ਵਿਸਥਾਰ ਨਾਲ ਲਿਖਿਆ ਹੈ। ਇਸ ਲਿਖਤ ਮੂਜਬ ਲੜਾਈ ਤੋਂ ਪਹਿਲਾਂ ਸ਼ਾਹ ਇਸਮਾਈਲ ਚੋਰੀ ਚੋਰੀ ਪੰਜਾਬ ਦਾ ਦੌਰਾ ਕਰ ਕੇ ਪੰਜਾਬ ਵਿਚ ਮੁਸਲਮਾਨਾਂ ਦੀ ਹਾਲਤ ਦਾ ਕੁਝ ਨਕਸ਼ਾ ਆਪਣੀ ਅੱਖੀਂ ਦੇਖ ਆਇਆ ਸੀ, ਪਰ ਜੋ ਖ਼ਾਕਾ ਉਸ ਹਾਲਤ ਦਾ ਉਸ ਮੌਲਾਣੇ ਨੇ ਖਿਚਿਆ ਹੈ, ਓਸ ਦੀ ਪ੍ਰੋੜ੍ਹਤਾ ਵਿਚ ਕੋਈ ਗਵਾਹੀ ਹਿੰਦੂ, ਮੁਸਲਮਾਨ ਜਾਂ ਅੰਗਰੇਜ਼ ਲਿਖਾਰੀ—ਜੋ ਉਸ ਸਮੇਂ ਹੋਇਆ ਹੋਵੇ—ਨਹੀਂ ਦੇਂਦਾ। ਉਸ ਨੇ ਆਮ ਸਿੱਖਾਂ ਨੂੰ ਤਾਂ ਕਿਤੇ ਰਿਹਾ ਖ਼ੁਦ ਮਹਾਰਾਜਾ ਸਾਹਿਬ ਨੂੰ ਭੀ ਤਅੱਸਬ ਦਾ ਭਰਿਆ ਲਿਖਿਆ ਹੈ, ਜੋ ਉੱਕਾ ਹੀ ਝੂਠ ਹੈ। ਕਿਉਂਕਿ ਮਹਾਰਾਜਾ ਸਾਹਿਬ ਨੇ ਆਪਣੇ ਵੱਡੇ ਤੋਂ ਵੱਡੇ ਅਹੁਦੇ ਵੀ ਮੁਸਲਮਾਨਾਂ ਤੇ ਹਿੰਦੂਆਂ ਨੂੰ ਹੀ ਦੇ ਛੱਡੇ ਸਨ। ਸਗੋਂ ਸਿੱਖਾਂ ਨੂੰ ਸ਼ਿਕਾਇਤ ਹੈ ਕਿ ਸਿਵਾਏ ਫ਼ੌਜੀ ਜਰਨੈਲਾਂ ਦੇ ਹੋਰ ਕੋਈ ਸਿਖ ਅਫ਼ਸਰ ਨਹੀਂ ਸੀ।

ਕਹਿੰਦੇ ਹਨ ਕਿ ਇਹ ਸਫ਼ਰ ਅਜਿਹਾ ਚੋਰੀ ਨਾਲ ਕੀਤਾ ਗਿਆ ਸੀ ਕਿ ਖ਼ੁਦ

---

੧. ਦੇਖੋ *ਤਾਰੀਖ਼ ਇਸਮਾਈਲ ਸ਼ਹੀਦ*।

੨. ਦੇਖੋ ਕਪਤਾਨ ਵੇਡ ਸਾਹਿਬ ਦੀ ਰੈਜ਼ੀਡੈਂਟ ਦਿੱਲੀ ਨੂੰ ਚਿੱਠੀ।

ਮੌਲਾਨਾ ਇਸਮਾਈਲ ਦੇ ਘਰ ਦੇ ਕਿਸੇ ਬੰਦੇ ਨੂੰ ਪਤਾ ਨਹੀਂ ਸੀ ਕਿ ਉਹ ਕਿਥੇ ਗਿਆ ਹੈ। ਪਰ ਸਫ਼ਰ ਤੋਂ ਆਉਂਦੇ ਹੀ ਉਸ ਨੇ ਸਾਰਾ ਹਾਲ ਸੱਯਦ ਅਹਿਮਦ ਨੂੰ ਦੱਸ ਦਿੱਤਾ। ਏਸੇ ਕਿਤਾਬ ਤੋਂ ਇਹ ਵੀ ਮਲੂਮ ਹੁੰਦਾ ਹੈ ਕਿ ਸੱਯਦ ਅਹਿਮਦ ਬਹੁਤ ਘੱਟ ਪੜ੍ਹਿਆ ਹੋਇਆ ਸੀ, ਪਰ ਸਿੱਖਾਂ ਤੋਂ ਬਦਲਾ ਲੈਣ ਦਾ ਉਸ ਨੂੰ ਬੜਾ ਪੱਕਾ ਖ਼ਿਆਲ ਸੀ (ਸਫ਼ਾ ੧੪੧), ਇਸ ਗੱਲ ਦੀ ਪ੍ਰੋੜ੍ਹਤਾ (W.W. Hunter) ਹੰਟਰ ਸਾਹਿਬ ਨੇ ਆਪਣੀ ਕਿਤਾਬ *ਦੀ ਇੰਡੀਅਨ ਮੁਸਲਮਾਨ (T*he Indian Musalman) ਦੇ ਸਫ਼ੇ ੧੨ 'ਤੇ ਵੀ ਕੀਤੀ ਹੈ।

ਕਈ ਅਨਪੜ੍ਹ ਮੁਸਲਮਾਨ ਉਸ ਨੂੰ ਇਮਾਮ ਮਹਿਦੀ ਵੀ ਸਮਝਣ ਲੱਗ ਪਏ ਸਨ। ਮੁਸਲਮਾਨ ਹਾਕਮਾਂ ਵਿਚੋਂ ਮਲੇਰ ਕੋਟਲਾ, ਮਮਦੋਟ, ਬਹਾਵਲਪੁਰ ਆਦਿ ਨੂੰ ਸੱਯਦ ਅਹਿਮਦ ਨੇ ਆਪਣੇ ਨਾਲ ਰਲਾਉਣ ਦੀ ਕੋਸ਼ਸ਼ ਕੀਤੀ ਸੀ, ਜੋ ਕਿਸੇ ਹੱਦ ਤਕ ਤਿਆਰ ਵੀ ਹੋ ਗਏ ਸਨ।

# ਡੋਗਰਾ-ਗਰਦੀ

## [ਸ੍ਰੀ ਮਾਨ ਸ: ਗੰਡਾ ਸਿੰਘ ਜੀ 'ਕੇਵਲ']

### ਮ: ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀ ਮੌਤ ਦੇ ਅੱਖੀਂ ਡਿੱਠੇ ਹਾਲ ਡੋਗਰਾ-ਗਰਦੀ ਦੇ ਗੁੱਝੇ ਭੇਤ ਤੇ ਡੂੰਘੀਆਂ ਚਾਲਾਂ ਦੀ ਕਹਾਣੀ ਇਕ ਖ਼ਾਸ ਭੇਤੀ ਦੀ ਆਪਣੀ ਜ਼ਬਾਨੀ

(ਸਰਦਾਰ ਗੰਡਾ ਸਿੰਘ ਜੀ ਦੀ ਬਣਾਈ 'ਸਿਖ ਇਤਿਹਾਸ ਤੇ ਸਿਖ ਧਰਮ ਸੰਬੰਧੀ ਪੁਸਤਕਾਂ ਦੀ ਫ਼ਰਦ' ਕਿਸੇ ਹੋਰਸ ਥਾਂ ਦਿੱਤੀ ਗਈ ਹੈ। ਪਾਠਕ ਉਸ ਨੂੰ ਵੇਖਣ ਤੋਂ ਅਨੁਮਾਨ ਲਾ ਸਕਣਗੇ ਕਿ ਸਰਦਾਰ ਗੰਡਾ ਸਿੰਘ ਜੀ ਨੇ ਕੇਡੀ ਭਾਰੀ ਮਿਹਨਤ ਕਰ ਕੇ ਉਹ ਫ਼ਰਦ ਤਿਆਰ ਕੀਤੀ ਹੈ। ਨਾਲ ਹੀ ਇਸ ਗੱਲ ਦਾ ਵੀ ਪਤਾ ਲੱਗ ਜਾਊ ਕਿ ਆਪ ਨੇ ਇਸ ਮਜ਼ਮੂਨ ਸੰਬੰਧੀ ਕਿਤਨਾ ਮੁਤਾਲਿਆ ਕੀਤਾ ਹੋਇਆ ਹੈ।

ਹੇਠਲੇ ਲੇਖ ਵਿਚ ਆਪ ਨੇ ਲਾਹੌਰ ਦਰਬਾਰ ਦੇ ਉਸ ਸਮੇਂ ਦੇ ਪਾਲਿਟਿਕਸ ਦੀ ਕੁੰਜੀ ਦੇ ਦਿੱਤੀ ਹੈ। ਬਹੁਤ ਘੱਟ ਆਦਮੀਆਂ ਨੂੰ ਪਤਾ ਹੈ ਕਿ ਗਰਦੋਨਾ ਸਾਹਿਬ ਨੇ ਡੋਗਰਾ ਪਾਰਟੀ ਦੇ ਅੰਤਰੀਵ ਭਾਵ ਨੂੰ ਪਰਗਟ ਕਰ ਦਿੱਤਾ ਸੀ। *ਲਾਹੌਰ ਦਾ ਰਾਜਸੀ ਘਰਾਣਾ* ਤੇ *ਗਰਦੋਨਾ ਸਾਹਿਬ ਦੀ ਜੀਵਨ ਕਥਾ*, ਇਹ ਦੋਵੇਂ ਪੁਸਤਕਾਂ ਅੰਗਰੇਜ਼ੀ ਬੋਲੀ ਵਿਚ ਛਪੀਆਂ ਹੋਈਆਂ ਮਿਲਦੀਆਂ ਹਨ। ਇਨ੍ਹਾਂ ਵਿਚ ਗਰਦੋਨਾ ਸਾਹਿਬ ਨੇ ਲਾਹੌਰ ਦਰਬਾਰ ਦੇ ਅੱਖੀਂ ਡਿੱਠੇ ਹਾਲ ਦਰਜ ਕੀਤੇ ਸਨ, ਅਤੇ ਚੂੰਕਿ ਆਪ ਦਾ ਸੰਬੰਧ ਡੋਗਰਾ ਪਾਰਟੀ ਨਾਲ ਸੀ, ਇਸ ਲਈ ਇਸ ਪਾਰਟੀ ਦੀ ਨੀਤ ਨੂੰ ਆਪ ਚੰਗੀ ਤਰ੍ਹਾਂ ਜਾਣਦੇ ਸਨ, ਸੋ ਆਪ ਨੇ ਉਸ ਨੀਤ ਨੂੰ ਵੀ ਸਪੱਸ਼ਟ ਕਰ ਦਿੱਤਾ ਸੀ।

ਰਾਜਾ ਧਿਆਨ ਸਿੰਘ ਬੜਾ ਸਿਆਣਾ ਤੇ ਚਤੁਰ ਆਦਮੀ ਸੀ। ਇਸ ਨੇ ਜੋ ਕੰਮ ਕਰਨਾ ਹੁੰਦਾ ਸੀ, ਉਸ ਦੀ ਨੀਂਹ ਇਹ ਬੜੀ ਡੂੰਘੀ ਰੱਖਦਾ ਸੀ ਅਤੇ ਫੇਰ ਐਸਾ ਪ੍ਰਾਪੇਗੰਡਾ ਕਰਦਾ ਸੀ ਕਿ ਹਾਰੀ ਸਾਰੀ ਨੂੰ ਆਪਣੇ ਖ਼ਿਆਲਾਂ ਦਾ ਕਰ ਲੈਂਦਾ ਸੀ। ਮੈਂ ਲਾਹੌਰ ਦਰਬਾਰ ਸੰਬੰਧੀ ਜੋ ਪੁਰਾਣੇ ਕਾਗ਼ਜ਼ ਵੇਖੇ ਹਨ, ਉਨ੍ਹਾਂ ਵਿਚ ਡੋਗਰਾ ਪਾਰਟੀ ਦਾ ਪ੍ਰਾਪੇਗੰਡਾ ਸਾਫ਼ ਨਜ਼ਰ ਪਿਆ ਆਉਂਦਾ ਹੈ। ਉਨ੍ਹਾਂ ਕਾਗ਼ਜ਼ਾਂ ਵਿਚੋਂ ਜੋ ਨਮੂਨੇ ਮੈਂ ਇਸ ਨੰਬਰ ਵਿਚ ਦਰਜ ਕੀਤੇ ਹਨ ਉਨ੍ਹਾਂ ਵਿਚ ਵੀ ਇਸ ਪ੍ਰਾਪੇਗੰਡਾ ਦੀ ਝਲਕ ਸਾਫ਼ ਨਜ਼ਰ ਪਈ ਆਉਂਦੀ ਹੈ। ਕਈ ਲੇਖਕ ਹੁਣ ਵੀ ਉਸ ਪ੍ਰਾਪੇਗੰਡੇ ਦੇ ਅਸਰ ਹੇਠ ਆ ਕੇ ਭੁੱਲਾਂ ਕਰ ਜਾਂਦੇ ਹਨ।

ਸਰਦਾਰ ਜੀ ਨੇ ਆਪਣੇ ਇਸ ਲੇਖ ਵਿਚ ਭਾਵੇਂ ਜੋ ਕੁਝ ਵੀ ਲਿਖਿਆ ਹੈ ਇਹ ਗਰਦੋਨਾ

ਸਾਹਿਬ ਦੀ ਲਿਖਤ ਦੇ ਆਧਾਰ ਉਤੇ ਹੀ ਹੈ, ਪਰ ਆਪ ਨੇ ਸਾਰੀ ਗੱਲ ਨੂੰ ਵਧੇਰੇ ਸਪੱਸ਼ਟ ਕਰ ਦਿੱਤਾ ਹੈ, ਅਤੇ ਸੱਚ ਇਹ ਹੈ ਕਿ ਆਪ ਨੇ ਉਸ ਸਮੇਂ ਦੀ ਨੀਤੀ ਚਾਲ ਦੀ ਕੁੰਜੀ ਦੇ ਦਿੱਤੀ ਹੈ। ਪਾਠਕ ਇਸ ਲੇਖ ਨੂੰ ਗਹੁ ਨਾਲ ਪੜ੍ਹਨ ਤੇ ਵਾਰ ਵਾਰ ਕਈ ਵਾਰ ਪੜ੍ਹਨ, ਹਰ ਵਾਰ ਨਵਾਂ ਸਵਾਦ ਆਵੇਗਾ, ਤੇ ਵਾਕਫ਼ੀ ਵਿਚ ਵਾਧਾ ਹੁੰਦਾ ਜਾਵੇਗਾ।)

*—ਕਰਮ ਸਿੰਘ*

ਮਹਾਰਾਜਾ ਖੜਕ ਸਿੰਘ ਤੇ ਉਨ੍ਹਾਂ ਦੇ ਸਪੁੱਤਰ ਕੰਵਰ ਨੌ-ਨਿਹਾਲ ਸਿੰਘ ਸੰਬੰਧੀ ਇਤਿਹਾਸਾਂ ਵਿਚ ਬਹੁਤ ਸਾਰੀਆਂ ਗ਼ਲਤ-ਫ਼ਹਿਮੀਆਂ ਪਈਆਂ ਹੋਈਆਂ ਹਨ। ਕਈ ਇਤਿਹਾਸਕਾਰਾਂ ਨੇ ਮਹਾਰਾਜਾ ਖੜਕ ਸਿੰਘ ਨੂੰ ਖ਼ਾਹਮੁਖ਼ਾਹ ਹੀ ਬੁੱਧੂ ਤੇ ਕਮਜ਼ੋਰ ਕਹਿ ਕਹਿ ਕੇ ਬਦਨਾਮ ਕਰ ਰੱਖਿਆ ਹੈ। ਉਨ੍ਹਾਂ ਦੀ ਅਤੇ ਕੰਵਰ ਨੌ-ਨਿਹਾਲ ਸਿੰਘ ਦੀ ਮੌਤ ਸੰਬੰਧੀ ਭੀ ਆਮ ਇਤਿਹਾਸਾਂ ਵਿਚ ਇਤਨੀ ਗੜ-ਬੜ ਹੈ ਕਿ ਸਿਰ ਪੈਰ ਦਾ ਪਤਾ ਹੀ ਨਹੀਂ ਲੱਗਦਾ। ਇਸ ਦਾ ਕਾਰਨ ਇਹ ਹੈ ਕਿ ਆਮ ਇਤਿਹਾਸਾਂ ਵਿਚ ਸਿਰਫ਼ ਉਹ ਹੀ ਗੱਲਾਂ ਲਿਖੀਆਂ ਹੋਈਆਂ ਹਨ, ਜਿਹੜੀਆਂ ਕਿ ਅਸਲੀ ਗੁੱਝੇ ਭੇਦਾਂ ਨੂੰ ਛੁਪਾਣ ਲਈ ਉਸ ਵੇਲੇ ਵਜ਼ੀਰ ਧਿਆਨ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਮਸ਼ਹੂਰ ਕੀਤੀਆਂ ਜਾਂਦੀਆਂ ਸਨ। ਅੰਦਰਲੀਆਂ ਗੋਂਦਾ ਤੇ ਗੁੱਝੇ ਭੇਤ ਧਿਆਨ ਸਿੰਘ ਦੇ ਦੋ-ਚਾਰ ਗੂੜ੍ਹੇ ਯਾਰਾਂ ਨੂੰ ਹੀ ਪਤਾ ਸਨ। ਉਨ੍ਹਾਂ ਭੇਤੀਆਂ ਵਿਚੋਂ ਕਰਨਲ ਅਲੈਗਜ਼ੈਂਡਰਾ ਗਾਰਡਨਰ ਤੋਂ ਬਿਨਾਂ ਜਾਂ ਤਾਂ ਸਾਰੇ ਅਨਪੜ੍ਹ ਸਨ ਤੇ ਜਾਂ ਇਹ ਹਾਲ ਕਿਸੇ ਨੇ ਲਿਖੇ ਨਹੀਂ। ਇਕ ਦੋ ਹੋਰ, ਜਿਨ੍ਹਾਂ ਨੇ ਉਸ ਵੇਲੇ ਸੰਬੰਧੀ ਕੁਝ ਲਿਖਿਆ ਹੈ, ਉਹ ਚੂੰਕਿ ਧਿਆਨ ਸਿੰਘ ਦੀ ਜੁੰਡੀ ਦੇ ਯਾਰ ਨਹੀਂ ਸਨ, ਉਹ ਭੀ ਆਮ ਇਤਿਹਾਸਕਾਰਾਂ ਵਾਂਙੂ ਧੋਖੇ ਵਿਚ ਹੀ ਰਹੇ ਹਨ।

ਕਰਨਲ ਅਲੈਗਜ਼ੈਂਡਰਾ ਗਾਰਡਨਰ ਇਕ ਅਮਰੀਕਾ ਦਾ ਰਹਿਣ ਵਾਲਾ ਸੀ ਅਤੇ ਸਿਖ ਫ਼ੌਜ ਵਿਚ ਤੋਪਖ਼ਾਨੇ ਦਾ ਅਫ਼ਸਰ ਸੀ। ਯੂਰਪੀਨ ਅਫ਼ਸਰਾਂ ਵਿਚੋਂ ਇਕ ਗਾਰਡਨਰ ਹੀ ਸੀ ਜਿਹੜਾ ਕਿ ਧਿਆਨ ਸਿੰਘ ਦਾ ਗੂਹੜਾ ਯਾਰ, ਉਸ ਦੀਆਂ ਚਾਲਾਂ ਦਾ ਭੇਤੀ ਤੇ ਉਸ ਦਾ ਹਰ ਵੇਲੇ ਦਾ ਸਾਥੀ ਸੀ। ਇਸ ਲੇਖ ਨਾਲ ਸੰਬੰਧ ਰੱਖਣ ਵਾਲੇ ਕੰਮ ਗਾਰਡਨਰ ਦੇ ਅੱਖੀਂ ਡਿੱਠੇ ਤੇ ਬਹੁਤ ਸਾਰੇ ਧਿਆਨ ਸਿੰਘ ਦੇ ਸਾਥੀ ਦੀ ਹੈਸੀਅਤ ਵਿਚ ਹੱਥੀਂ ਕੀਤੇ ਹੋਏ ਹਨ।

ਅਸੀਂ ਏਥੇ ਜੋ ਕੁਝ ਪਾਠਕਾਂ ਦੀ ਭੇਟਾ ਕਰਾਂਗੇ ਉਹ *Memories of Col. Alexander Gardner* ('ਮੈਮੋਰੀਜ਼ ਆਫ਼ ਕਰਨਲ ਅਲੈਗਜ਼ੈਂਡਰ ਗਾਰਡਨਰ') ਵਿਚ ਛਪੀ ਗਾਰਡਨਰ ਦੀ ਆਪਣੀ ਲਿਖਤ, ਉਸ ਦੀ ਲਿਖਵਾਈ ਹੋਈ ਤੇ ਉਸ ਦੇ ਨੋਟਾਂ ਤੋਂ ਲਿਖੀ ਹੋਈ Carmichael Smyth's *History of the Reigning Family of Lahore* (ਕਾਰਮਿਸ਼ਲ ਸਮਿਥ ਦੀ 'ਹਿਸਟਰੀ ਆਫ਼ ਰੇਨਿੰਗ ਫ਼ੈਮਿਲੀ ਆਫ਼ ਲਾਹੌਰ') ਦੇ ਆਧਾਰ 'ਤੇ ਹੈ। ਇਸ ਵਿਚ ਕੁਝ ਮਦਦ ਡਾਕਟਰ ਜਾਨ ਮਾਰਟਿਨ ਹੌਨਿਗਬਰਗਰ ਦੀ ਕਿਤਾਬ *੩੫ ਯੀਅਰਜ਼ ਇਨ ਦੀ ਈਸਟ* (35 years in the East) ਵਿਚੋਂ ਲਈ ਗਈ ਹੈ। ਜਾਨ ਮਾਰਟਿਨ ਹੌਨਿਗਬਰਗਰ ਸਿਖ ਰਾਜ ਦਾ ਦਰਬਾਰੀ

ਡਾਕਟਰ ਸੀ। ਇਸ ਨੂੰ ਧਿਆਨ ਸਿੰਘ ਦੀ ਖ਼ਾਸ ਟੋਲੀ ਵਿਚੋਂ ਨਾ ਹੋਣ ਕਰਕੇ ਅੰਦਰਲੇ ਭੇਤਾਂ ਦਾ ਭਾਵੇਂ ਪੂਰਾ ਪੂਰਾ ਹਾਲ ਪਤਾ ਨਹੀਂ ਸੀ, ਪਰ ਇਸ ਨੇ ਚੂੰਕਿ ਕੰਵਰ ਨੌਂ-ਨਿਹਾਲ ਸਿੰਘ ਨੂੰ ਫੱਟੜ ਹੋਣ ਤੋਂ ਬਾਅਦ ਅਤੇ ਮਰਨ ਤੋਂ ਪਹਿਲਾਂ ਦੇਖਿਆ ਸੀ, ਇਸ ਲਈ ਉਸ ਸੰਬੰਧੀ ਇਸ ਦੀ ਲਿਖਤ ਖ਼ਾਸ ਵਜ਼ਨ ਰਖਦੀ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਮਿਹਰਬਾਨੀ ਤੇ ਇਤਬਾਰ ਦਾ ਨਾਜਾਇਜ਼ ਫ਼ਾਇਦਾ ਉਠਾ ਕੇ ਵਜ਼ੀਰ ਧਿਆਨ ਸਿੰਘ ਨੇ ਬਹੁਤ ਸਾਰੀ ਸ਼ਾਹੀ ਤਾਕਤ ਆਪਣੇ ਹੱਥ ਲਈ ਹੋਈ ਸੀ, ਅਰ ਮਹਿਲਾਂ ਵਿਚ ਭੀ ਆਵਾ-ਜਾਈ ਦੀ ਖੁੱਲ੍ਹ ਕਰਕੇ ਖ਼ਾਸ ਰਸੂਖ਼ ਸੀ। ਆਪਣੇ ਨਾਲ ਮਤਭੇਦ ਰਖਣ ਵਾਲੇ ਤੇ ਗੁੱਝੀਆਂ ਚਾਲਾਂ ਨੂੰ ਤਾੜਨ ਤੇ ਉਜਾਗਰ ਕਰਨ ਵਾਲੇ ਸਰਦਾਰਾਂ ਤੇ ਅਫ਼ਸਰਾਂ ਨੂੰ ਜ਼ੋਰ, ਲਾਲਚ ਜਾਂ ਛਲ-ਕਪਟ ਨਾਲ ਆਪਣੇ ਰਸਤੇ ਵਿਚੋਂ ਦੂਰ ਕਰਨ ਵਿਚ ਸਫਲ ਹੋ ਜਾਣ ਕਰਕੇ ਦਰਬਾਰ ਤੇ ਮਹਿਲਾਂ ਵਿਚ ਉਸ ਦਾ ਡਰ ਬੈਠਾ ਹੋਇਆ ਸੀ। ਮਹਾਰਾਜਾ ਸਾਹਿਬ ਤਕ ਬਾਜ਼ੇ ਵੇਲੇ ਸਾਹਿਬਜ਼ਾਦਿਆਂ ਦੀ ਪਹੁੰਚ ਔਖੀ ਹੋ ਜਾਂਦੀ ਸੀ ਅਤੇ ਉਨ੍ਹਾਂ ਨੂੰ (ਖ਼ਾਸ ਕਰਕੇ ਕੰਵਰ ਖੜਕ ਸਿੰਘ ਨੂੰ) ਕਿਸੇ ਨਾ ਕਿਸੇ ਬਹਾਨੇ ਮਹਾਰਾਜਾ ਸਾਹਿਬ ਦੀਆਂ ਅੱਖਾਂ ਤੋਂ ਦੂਰ ਹੀ ਰੱਖਿਆ ਜਾਂਦਾ ਸੀ ਅਤੇ ਆਪਣੇ ਪੁੱਤਰ ਹੀਰਾ ਸਿੰਘ ਨੂੰ ਹਰ ਵੇਲੇ ਮਹਿਲਾਂ ਜਾਂ ਦਰਬਾਰ ਵਿਚ ਹੀ ਰੱਖਿਆ ਜਾਂਦਾ ਸੀ, ਜਿਸ ਕਰਕੇ ਮਹਾਰਾਜਾ ਸਾਹਿਬ ਉਸਨੂੰ ਬਹੁਤ ਚਾਹੁੰਦੇ ਸਨ। ਜਦ ਹੀਰਾ ਸਿੰਘ ਵੱਡਾ ਹੋ ਗਿਆ ਤਾਂ ਆਪਣੇ ਬਾਪ ਦੇ ਰਸੂਖ਼ ਤੇ ਮਹਾਰਾਜਾ ਦੀਆਂ ਮਿਹਰਬਾਨੀਆਂ ਦੇ ਕਾਰਨ ਖ਼ਾਲਸਾ ਫ਼ੌਜ ਵਿਚ ਉਸ ਦੀ ਚੜ੍ਹ ਹੋ ਗਈ ਸੀ। ਇਹ ਦੇਖ ਕੇ ਤੇ ਆਪਣੀ ਤਾਕਤ ਦੇ ਘੁਮੰਡ ਵਿਚ ਵਜ਼ੀਰ ਧਿਆਨ ਸਿੰਘ ਦਾ ਸਿਰ ਫਿਰ ਗਿਆ ਤੇ ਉਹ ਹੀਰਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ 'ਤੇ ਬਿਠਾਣ ਦੇ ਸੁਫਨੇ ਦੇਖਣ ਲਗ ਪਿਆ। ਇਸ ਲਈ ਉਸ ਨੂੰ ਆਪਣੇ ਰਸਤੇ ਵਿਚੋਂ ਸ਼ਾਹੀ ਖ਼ਾਨਦਾਨ ਦੇ ਗੱਦੀ ਦੇ ਵਾਰਸਾਂ, ਤੇ ਓਨ੍ਹਾਂ ਦੇ ਵਜ਼ੀਰਾਂ, ਸਲਾਹਕਾਰਾਂ ਤੇ ਸਰਦਾਰਾਂ ਨੂੰ ਸਾਫ਼ ਕਰਨਾ ਸੀ ਜਿਹੜੇ ਕਿ ਡੋਗਰਾ ਪਾਰਟੀ ਵਿਚ ਸ਼ਾਮਿਲ ਨਹੀਂ ਹੁੰਦੇ ਸਨ।

ਮਹਾਰਾਜਾ ਸਾਹਿਬ ਦੀ ਮੌਤ ਦੇ ਬਾਅਦ ਜਿਤਨਾ ਭੀ ਖ਼ੂਨ-ਖ਼ਰਾਬਾ ਹੋਇਆ ਓਹ ਸਭ ਦਾ ਸਭ ਡੋਗਰਾ ਭਰਾਵਾਂ (ਧਿਆਨ ਸਿੰਘ, ਗੁਲਾਬ ਸਿੰਘ ਤੇ ਸੁਚੇਤ ਸਿੰਘ) ਵਲੋਂ ਹੀਰਾ ਸਿੰਘ ਨੂੰ ਗੱਦੀ ਦੇਣ ਲਈ ਸ਼ਾਹੀ ਘਰਾਣੇ ਤੇ ਉਨ੍ਹਾਂ ਦੇ ਪੱਖੀਆਂ ਦੀ ਸਫ਼ਾਈ ਕਰਨ ਲਈ ਸੀ।

ਸ਼ੁਰੂ ਤੋਂ ਹੀ ਕੰਵਰ ਸਾਹਿਬ ਬੜੇ ਹੁਸ਼ਿਆਰ ਤੇ ਸਮਝ ਵਾਲੇ ਸਨ ਅਤੇ ਓਨ੍ਹਾਂ ਵਿਚ ਉਹ ਸਾਰੀਆਂ ਖ਼ੂਬੀਆਂ ਸਨ ਜਿਹੜੀਆਂ ਪੰਜਾਬ ਦੇ ਬਾਦਸ਼ਾਹ ਵਿਚ ਹੋਣੀਆਂ ਚਾਹੀਦੀਆਂ ਸਨ। ਇਸ ਤੋਂ ਬਿਨਾਂ ਉਹ ਬਹੁਤ ਧਾਰਮਕ ਤੇ ਗੰਭੀਰ ਦਿਲ ਵਾਲੇ ਸਨ। ਇਕ ਇਹ ਹੀ ਸਨ, ਜਿਹੜੇ ਕਿ ਵਜ਼ੀਰ ਧਿਆਨ ਸਿੰਘ ਦੀਆਂ ਕਪਟ ਭਰੀਆਂ ਚਾਲਾਂ ਨੂੰ ਤਾੜ ਤੇ ਸਮਝ ਸਕਦੇ ਸਨ। ਇਹ ਹੀ ਕਾਰਨ ਸੀ ਕਿ ਧਿਆਨ ਸਿੰਘ ਨੂੰ ਓਹ ਜ਼ਿਆਦਾ ਚੁਭਦੇ ਸਨ। ਧਿਆਨ ਸਿੰਘ ਕੰਵਰ ਖੜਕ ਸਿੰਘ ਜੀ ਨੂੰ ਦਰਬਾਰ

ਵਿਚ ਘਟ ਹੀ ਟਿਕਣ ਦਿੰਦਾ ਸੀ ਅਤੇ ਕਿਸੇ ਨਾ ਕਿਸੇ ਮੁਹਿੰਮ ਪੁਰ ਬਾਹਰ ਹੀ ਰਖ ਛੱਡਣ ਦਾ ਢੰਗ ਬਣਾ ਛੱਡਦਾ ਸੀ, ਅਤੇ ਦੂਸਰੇ ਪਾਸੇ ਖ਼ੁਫ਼ੀਆ ਖ਼ੁਫ਼ੀਆ (ਦੁਸ਼ਮਣ ਨੂੰ ਮਦਦ ਦੇ ਕੇ ਜਾਂ ਕੰਵਰ ਸਾਹਿਬ ਨੂੰ ਪਿਛੋਂ ਲੋੜੀਂਦੀ ਮਦਦ ਤੇ ਜੰਗ ਦਾ ਸਾਮਾਨ ਆਦਿ ਨਾ ਭੇਜ ਕੇ) ਉਸ ਮੁਹਿੰਮ ਨੂੰ ਫ਼ੇਲ੍ਹ ਕਰਨ ਦੀ ਬਣਤ ਬਣਾ ਦਿੰਦਾ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦੇ ਕੰਨਾਂ ਵਿਚ ਹਰ ਵੇਲੇ ਇਹ ਗੱਲ ਭਰਦਾ ਰਹਿੰਦਾ ਸੀ ਕਿ ਕੰਵਰ ਖੜਕ ਸਿੰਘ ਫ਼ੌਜ ਦੀ ਕਮਾਨ ਤੇ ਰਾਜ-ਗੱਦੀ ਸੰਭਾਲਣ ਦੇ ਲਾਇਕ ਨਹੀਂ। ਮਲੂਮ ਹੁੰਦਾ ਹੈ ਕਿ ਧਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਜੀਊਂਦੇ-ਜੀ ਹੀ ਕੰਵਰ ਖੜਕ ਸਿੰਘ ਨੂੰ ਰਾਜ-ਗੱਦੀ ਤੋਂ ਬੇਦਖ਼ਲ ਕਰਵਾਣਾ ਚਾਹੁੰਦਾ ਸੀ, ਪਰ ਉਸ ਦੀ ਇਹ ਚਾਲ ਨਾ ਚਲ ਸਕੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਧਿਆਨ ਸਿੰਘ ਉਨ੍ਹਾਂ ਦੇ ਮਰਨ ਵੇਲੇ ਦੇ ਆਖ਼ਰੀ ਹੁਕਮ ਤੇ ਆਪਣੇ ਵਾਹਦੇ ਨੂੰ, ਕਿ ਉਹ ਮਹਾਰਾਜਾ ਖੜਕ ਸਿੰਘ ਦਾ ਰਾਜ-ਭਗਤ ਤੇ ਵਫ਼ਾਦਾਰ ਵਜ਼ੀਰ ਤੇ ਨੌਕਰ ਰਹੇਗਾ, ਜਲਦੀ ਹੀ ਭੁਲ ਗਿਆ ਤੇ ਆਪਣੀਆਂ ਚਾਲਾਂ ਚਲਣ ਲੱਗ ਪਿਆ। ਮਹਾਰਾਜਾ ਖੜਕ ਸਿੰਘ ਜੀ ਨੇ ਇਹ ਵਿਚਾਰ ਕੇ ਕਿ ਧਿਆਨ ਸਿੰਘ ਨੇ ਮਹਿਲਾਂ ਵਿਚ ਬਹੁਤ ਸਾਰਾ ਜਾਲ ਵਿਛਾਇਆ ਹੋਇਆ ਹੈ ਅਤੇ ਬਹੁਤ ਸਾਰੇ ਗੁੱਝੇ ਸ਼ਾਹੀ ਭੇਤ ਉਥੋਂ ਹੀ ਕਢਦਾ ਹੈ, ਉਸ ਦੀ ਮਹਿਲਾਂ ਵਿਚ ਖੁਲ੍ਹੀ ਆਵਾ-ਜਾਈ ਬੰਦ ਕਰ ਦਿੱਤੀ। ਮਹਾਰਾਜਾ ਸਾਹਿਬ ਨੇ ਉਸ ਨੂੰ ਇਕੱਲੇ ਬੁਲਾ ਕੇ ਸਮਝਾਇਆ ਕਿ ਉਨ੍ਹਾਂ ਦਾ ਇਸ ਨਾਲ ਉਸ ਦੀ ਵਜ਼ੀਰੀ ਤਾਕਤ ਘੱਟ ਕਰਨ ਦਾ ਮਨਸ਼ਾ ਨਹੀਂ, ਬਲਕਿ ਸਿਰਫ਼ ਇਸ ਲਈ ਕਿ ਉਹ ਹੁਣ ਇਸ ਖੁੱਲ੍ਹ ਦੀ ਕੋਈ ਖ਼ਾਸ ਲੋੜ ਨਹੀਂ ਸਮਝਦੇ। ਧਿਆਨ ਸਿੰਘ ਅੱਗੇ ਹੀ ਬਹਾਨੇ ਦੀ ਢੂੰਡ ਵਿਚ ਸੀ। ਉਸ ਨੇ ਕਿਹਾ ਕਿ ਇਸ ਖੁਲ੍ਹ ਤੋਂ ਬਿਨਾਂ ਉਹ ਆਪਣਾ ਵਜ਼ੀਰੀ ਕੰਮ ਹੱਛੀ ਤਰ੍ਹਾਂ ਨਹੀਂ ਕਰ ਸਕਦਾ। ਦੂਸਰੇ ਪਾਸੇ ਇਹ ਹੁਕਮ ਸੁਣ ਕੇ ਸਿਖ ਸਰਦਾਰ ਬਹੁਤ ਖ਼ੁਸ਼ ਹੋਏ, ਪਰ ਡੋਗਰਾ ਕੈਂਪ ਵਿਚ ਅੱਗ ਲੱਗ ਗਈ।

ਹੁਣ ਧਿਆਨ ਸਿੰਘ ਨੇ ਆਪਣੇ ਏਜੰਟਾਂ ਰਾਹੀਂ ਮਹਿਲਾਂ, ਦਰਬਾਰ ਅਤੇ ਸ਼ਹਿਰ ਵਿਚ ਇਹ ਹਵਾਈ ਉਡਾ ਦਿੱਤੀ ਕਿ ਮਹਾਰਾਜਾ ਖੜਕ ਸਿੰਘ ਸ: ਚੇਤ ਸਿੰਘ ਨੂੰ (ਜੋ ਧਿਆਨ ਸਿੰਘ ਦੀਆਂ ਡੂੰਘੀਆਂ ਚਾਲਾਂ ਚੰਗੀ ਤਰ੍ਹਾਂ ਸਮਝਦਾ ਸੀ ਤੇ ਮਹਾਰਾਜਾ ਸਾਹਿਬ ਦਾ ਹੱਛਾ ਸਲਾਹ-ਕਾਰ ਸੀ) ਵੱਡਾ ਵਜ਼ੀਰ ਬਣਾ ਕੇ ਉਸ ਦੀ ਸਲਾਹ ਨਾਲ ਪੰਜਾਬ ਨੂੰ ਫ਼ਰੰਗੀਆਂ ਦੇ ਅਧੀਨ ਕਰਨ ਦੀਆਂ ਗੋਂਦਾ ਗੁੰਦ ਰਿਹਾ ਹੈ ਅਤੇ ਆਮਦਨ ਵਿਚੋਂ ਇਕ ਰੁਪਏ ਪਿੱਛੇ ਛੇ ਆਨੇ ਉਨ੍ਹਾਂ ਨੂੰ ਦੇਣ ਦੀ ਸਲਾਹ ਕਰਦਾ ਹੈ, ਜਿਸ ਨਾਲ ਖ਼ਾਲਸਾ ਫ਼ੌਜ ਤੇ ਸਰਦਾਰਾਂ ਦੀ ਥਾਂ ਅੰਗਰੇਜ਼ੀ ਫ਼ੌਜ ਰੱਖੀ ਜਾਏਗੀ। ਇਹ ਅਫ਼ਵਾਹ ਇਸ ਤਰ੍ਹਾਂ ਧੁੰਮੀ ਕਿ ਲਾਹੌਰ ਤੇ ਬਾਹਰ ਹਰ ਜਗ੍ਹਾ ਇਸੇ ਦਾ ਹੀ ਚਰਚਾ ਸੀ। ਕਈ ਸਰਦਾਰ ਤੇ ਫ਼ੌਜ ਦੇ ਕਮਾਨ-ਅਫ਼ਸਰ ਭੀ ਇਸ ਨੂੰ ਸੱਚ ਮੰਨ ਬੈਠੇ। ਧਿਆਨ ਸਿੰਘ ਨੇ ਇਹ ਵੇਲਾ ਤਾੜ ਕੇ ਉਨ੍ਹਾਂ ਨੂੰ ਹੋਰ ਭੜਕਾ ਦਿੱਤਾ ਤੇ ਉਨ੍ਹਾਂ ਨੂੰ ਆਪਣੀ ਤਰਫ਼ ਤੋਂ ਮਹਾਰਾਜਾ ਖੜਕ ਸਿੰਘ ਦੀ ਥਾਂ ਕੰਵਰ ਨੌ-ਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾ

ਕੇ ਰਾਜ ਨੂੰ ਫ਼ਰੰਗੀਆਂ ਤੋਂ ਬਚਾਉਣ ਦਾ ਟਪਲਾ ਦਿੱਤਾ। ਮਹਿਲਾਂ ਵਿਚ ਮਹਾਰਾਜਾ ਸਾਹਿਬ ਤੇ ਕੰਵਰ ਸਾਹਿਬ ਦੀਆਂ ਰਾਣੀਆਂ ਨੂੰ ਭੀ ਇਹ ਅਫ਼ਵਾਹ ਪਹੁੰਚਾ ਦਿੱਤੀ ਗਈ, ਜਿਸ ਕਰਕੇ ਉਹ ਵਿਚਾਰੀਆਂ ਬਹੁਤ ਡਰ ਗਈਆਂ।

ਕੰਵਰ ਨੌ-ਨਿਹਾਲ ਸਿੰਘ ਉਸ ਵੇਲੇ ਪਿਸ਼ਾਵਰ ਸੀ। ਉਨ੍ਹਾਂ ਨੂੰ ਉਥੋਂ ਬਹੁਤ ਜਲਦੀ ਬੁਲਾ ਭੇਜਿਆ। ਉਨ੍ਹਾਂ ਉਥੋਂ ਧਿਆਨ ਸਿੰਘ ਦੀ ਖ਼ੁਫ਼ੀਆ ਚਿੱਠੀ ਅਨੁਸਾਰ, ਜੋ ਉਸ ਨੇ ਆਪਣੇ ਭਰਾ ਗੁਲਾਬ ਸਿੰਘ ਨੂੰ ਲਿਖੀ ਹੋਈ ਸੀ, ਕੁਝ ਦਿਨ ਪਹਿਲੇ ਹੀ ਚਲ ਪੈਣਾ ਸੀ, ਪਰ ਕਪਤਾਨ ਵੇਡ ਨੇ, ਜੋ ਉਸ ਵੇਲੇ ਖ਼ੈਬਰ 'ਤੇ ਕੈਂਪ ਲਾਈ ਬੈਠਾ ਸੀ, ਗੁਲਾਬ ਸਿੰਘ ਨੂੰ ਅਟਕਾ ਲਿਆ। ਕੰਵਰ ਨੌ-ਨਿਹਾਲ ਸਿੰਘ ਛੇ ਦਿਨਾਂ ਵਿਚ ਲਾਹੌਰ ਆ ਪੁੱਜਾ।

ਗੁਲਾਬ ਸਿੰਘ ਨੇ ਰਸਤੇ ਵਿਚ ਤੇ ਪਿਸ਼ਾਵਰ ਵਿਚ ਕੰਵਰ ਨੌ-ਨਿਹਾਲ ਸਿੰਘ ਨੂੰ ਮਨ-ਘੜਤ ਗੱਲਾਂ ਸੁਣਾ ਸੁਣਾ ਕੇ ਇਸ ਤਰ੍ਹਾਂ ਚਕਰਾਇਆ ਕਿ ਉਹ ਵਿਚਾਰਾ ਝੂਠ ਸੱਚ ਦੀ ਪਰਖ ਨਾ ਕਰ ਸਕਿਆ ਤੇ ਗੁਲਾਬ ਸਿੰਘ ਦੀ ਪੱਟੀ ਵਿਚ ਆ ਕੇ ਮਹਾਰਾਜਾ ਖੜਕ ਸਿੰਘ ਦਾ ਦੁਸ਼ਮਣ ਬਣ ਗਿਆ। ਲਾਹੌਰ ਪੁੱਜਦੇ ਹੀ ਧਿਆਨ ਸਿੰਘ ਅਤੇ ਉਸ ਦੇ ਸਾਥੀਆਂ ਪਾਸੋਂ ਕੰਵਰ ਸਾਹਿਬ ਨੂੰ ਗੁਲਾਬ ਸਿੰਘ ਦੀਆਂ ਗੱਲਾਂ ਦੀ ਗਵਾਹੀ ਮਿਲ ਗਈ ਅਤੇ ਉਹ ਸਭ ਕੁਝ ਸੱਚ ਮੰਨ ਬੈਠਾ। ਆਪਣਾ ਪਾਜ ਖੁਲ੍ਹਣ ਦੇ ਡਰ ਕਰਕੇ ਧਿਆਨ ਸਿੰਘ ਨੇ ਮੁਖ਼ਾਲਿਫ਼ ਪਾਰਟੀ ਦੇ ਕਿਸੇ ਭੀ ਆਦਮੀ ਨੂੰ ਕੰਵਰ ਸਾਹਿਬ ਤਕ ਪੁਜਣ ਨਹੀਂ ਦਿੱਤਾ।

ਹੁਣ ਧਿਆਨ ਸਿੰਘ ਨੇ ਕੰਵਰ ਸਾਹਿਬ ਪਰ ਆਪਣਾ ਜਾਦੂ ਚਲ ਗਿਆ ਦੇਖ ਕੇ ਸਮਝ ਲਿਆ ਕਿ ਆਪਣਾ ਕੰਮ ਕਰਨ ਕਾ ਵੇਲਾ ਆ ਪੁੱਜਾ ਹੈ। ਮਲੂਮ ਹੁੰਦਾ ਹੈ ਕਿ ਸਰਦਾਰ ਚੇਤ ਸਿੰਘ ਨੂੰ ਗੁਲਾਬ ਸਿੰਘ ਦੇ ਅੰਗਰੇਜ਼ਾਂ ਨਾਲ ਯਰਾਨੇ ਤੇ ਗੁਪਤ ਚਿੱਠੀ ਪੱਤਰ ਦਾ ਪਤਾ ਸੀ। ਇਹ ਭੇਤ ਖੁਲ੍ਹਣ ਤੇ ਆਪਣੀਆਂ ਚਾਲਾਂ ਦਾ ਭਾਂਡਾ ਫੂਟ ਜਾਣ ਦੇ ਡਰ ਕਰਕੇ ਡੋਗਰਾ-ਭਰਾਵਾਂ ਨੇ ਸਰਦਾਰ ਚੇਤ ਸਿੰਘ ਨੂੰ ਜਾਨੋਂ ਹੀ ਮਾਰ ਮੁਕਾਉਣ ਦੀ ਸੋਚੀ। ਇਕ ਦਿਨ ਵੇਲਾ ਤਾੜ ਕੇ ਧਿਆਨ ਸਿੰਘ ਦਰਬਾਰੋਂ ਉਠਦੇ ਹੀ ਮਹਾਰਾਜਾ ਸਾਹਿਬ ਦੀ ਮਹਿਲੀਂ ਪੁੱਜਾ ਅਤੇ ਮਹਾਰਾਣੀ ਸਾਹਿਬਾ ਨਾਲ ਲਾਹੌਰ ਵਿਚ ਉੱਡ ਰਹੀਆਂ ਅਫ਼ਵਾਹਾਂ ਸੰਬੰਧੀ ਗੱਲ-ਬਾਤ ਜਾ ਛੇੜੀ ਤੇ ਕਹਿਣ ਲੱਗਾ ਕਿ ਸਰਦਾਰ ਚੇਤ ਸਿੰਘ ਇਤਨਾ ਮਹਾਰਾਜਾ ਖੜਕ ਸਿੰਘ ਦੇ ਸਿਰ ਚੜ੍ਹ ਗਿਆ ਹੈ ਕਿ ਉਸ ਦੇ ਸਾਹਮਣੇ ਸ਼ਾਹੀ ਖ਼ਾਨਦਾਨ (ਕੰਵਰ ਸਾਹਿਬ ਤੇ ਦੂਸਰੇ ਸ਼ਾਹਜ਼ਾਦੇ) ਨਾ ਹੋਣ ਦੇ ਬਰਾਬਰ ਹੈ ਅਤੇ ਉਹ ਉਨ੍ਹਾਂ ਨਾਲ ਮਿਲ ਕੇ ਪੰਜਾਬ ਫ਼ਰੰਗੀਆਂ ਪਾਸ ਵੇਚਣ ਨੂੰ ਫਿਰਦਾ ਹੈ। ਮਹਾਰਾਜਾ ਖੜਕ ਸਿੰਘ ਦੀ ਸਭ ਸਲਾਹ ਭੀ ਉਸ ਦੇ ਨਾਲ ਹੈ। ਇਸ ਤਰ੍ਹਾਂ ਕਰਨਾ ਮਹਾਰਾਜਾ ਰਣਜੀਤ ਸਿੰਘ ਤੇ ਵੱਡਿਆਂ ਦੇ ਨਾਮ ਨੂੰ ਵੱਟਾ ਲਗਾਣਾ ਹੈ। ਕਿਉਂ ਨਾ ਕਿਸੇ ਨਾ ਕਿਸੇ ਤਰ੍ਹਾਂ ਚੇਤ ਸਿੰਘ ਨੂੰ ਟਿਕਾਣੇ ਲਾ ਕੇ ਮਹਾਰਾਜਾ ਸਾਹਿਬ ਦੀ ਥਾਂ ਕੰਵਰ ਨੌ-ਨਿਹਾਲ ਸਿੰਘ ਨੂੰ ਗੱਦੀ ਪੁਰ ਬਿਠਾ ਕੇ ਰਾਜ ਨੂੰ ਫ਼ਰੰਗੀਆਂ ਪਾਸੋਂ ਬਚਾਇਆ ਜਾਵੇ। ਕੰਵਰ ਸਾਹਿਬ ਤੋਂ ਬਿਨਾਂ ਰਾਜ ਦੀ ਰੱਖਿਆ ਹੋਰ ਕੌਣ ਕਰੇਗਾ ?

ਉਸੇ ਵੇਲੇ ਕੰਵਰ ਸਾਹਿਬ ਦੀ ਰਾਣੀ ਸਾਹਿਬਾ ਨੂੰ ਸਲਾਹ ਲੈਣ ਲਈ ਸੱਦ ਲਿਆ ਤੇ ਥੋੜ੍ਹੀ ਜਿਹੀ ਗੱਲ-ਬਾਤ ਪਿਛੋਂ ਕੰਵਰ ਸਾਹਿਬ ਨੂੰ ਭੀ ਬੁਲਾ ਲਿਆ। ਕੰਵਰ ਸਾਹਿਬ ਦੇ ਆਉਣ ਪਰ ਧਿਆਨ ਸਿੰਘ ਨੇ ਮਹਾਰਾਜਾ ਖੜਕ ਸਿੰਘ ਤੇ ਸਰਦਾਰ ਚੇਤ ਸਿੰਘ ਦੇ ਦਸਤਖ਼ਤਾਂ ਵਾਲੀਆਂ ਫ਼ਰੰਗੀਆਂ ਵਲ ਚਿੱਠੀਆਂ (ਜੋ ਇਸ ਮਤਲਬ ਲਈ ਜਾਹਲੀ ਬਣਾਈਆਂ ਹੋਈਆਂ ਸਨ) ਰੱਖ ਦਿੱਤੀਆਂ ਤੇ ਆਖਿਆ ਕਿ ਹੁਣ ਰਾਜ ਨੂੰ ਬਚਾਉਣ ਦਾ ਇੱਕੋ ਹੀ ਢੰਗ ਹੈ। ਆਖ਼ਰ ਇਹ ਫ਼ੈਸਲਾ ਹੋਇਆ ਕਿ ਸਰਦਾਰ ਚੇਤ ਸਿੰਘ ਨੂੰ ਤਾਂ ਪਾਰ ਬੁਲਾਇਆ ਜਾਵੇ ਤੇ ਚੂੰਕਿ ਮਹਾਰਾਜਾ ਖੜਕ ਸਿੰਘ ਰਾਜ ਦੇ ਲਾਇਕ ਨਹੀਂ, ਇਸ ਲਈ ਗੱਦੀ 'ਤੇ ਕੰਵਰ ਸਾਹਿਬ ਨੂੰ ਬਿਠਾਇਆ ਜਾਵੇ। ਉਸ ਵੇਲੇ ਕੰਵਰ ਸਾਹਿਬ ਤੇ ਮਹਾਰਾਣੀ ਨੇ ਇਹ ਸ਼ਰਤ ਕਰ ਲਈ ਕਿ ਮਹਾਰਾਜਾ ਸਾਹਿਬ ਨੂੰ ਤਖ਼ਤੋਂ ਉਤਾਰਨ ਤੋਂ ਬਿਨਾਂ ਹੋਰ ਕੋਈ ਤਕਲੀਫ਼ ਨਾ ਦਿੱਤੀ ਜਾਵੇ।

ਇਸ ਕੰਮ ਲਈ ਧਿਆਨ ਸਿੰਘ ਨੇ ਸਿਖ ਸਰਦਾਰਾਂ ਨੂੰ ਟਪਲੇ ਦੇ ਕੇ ਅੱਗੇ ਵੀ ਫਾਹਿਆ ਹੋਇਆ ਸੀ। ਸਿਰਫ਼ ਇਕ ਸੰਧਾਂਵਾਲੀਏ ਹੀ ਬਾਕੀ ਸਨ। ਉਨ੍ਹਾਂ ਨੂੰ ਧਿਆਨ ਸਿੰਘ ਨੇ ਕਿਹਾ ਕਿ ਜੇ ਮੇਰੀ ਨੀਅਤ ਵਿਚ ਫ਼ਰਕ ਹੋਵੇ ਤਾਂ ਮੈਂ ਕੰਵਰ ਨੌਂ-ਨਿਹਾਲ ਸਿੰਘ ਨੂੰ ਗੱਦੀ 'ਤੇ ਬਿਠਾਉਣ ਲਈ ਕਿਉਂ ਜ਼ੋਰ ਲਾਵਾਂ। ਸੰਧਾਂਵਾਲੀਆਂ ਨੂੰ ਇਸ ਦੀ ਡੂੰਘੀ ਚਲਾਕੀ ਦਾ ਕੀ ਪਤਾ ਸੀ ਕਿ ਉਹ ਸਾਰੇ ਖ਼ਾਨਦਾਨ ਦੀ ਇਕੋ ਵਾਰੀ ਇਕੱਠੀ ਹੀ ਸਫ਼ਾਈ ਕਰਨ ਦੇ ਢੰਗ ਬਣਾਉਂਦਾ ਫਿਰਦਾ ਹੈ। ਉਹ ਭੀ ਇਸ ਦੇ ਅੱਡੇ ਲੱਗ ਗਏ।

੮ ਅਕਤੂਬਰ, ੧੮੩੯ ਦੀ ਸ਼ਾਮ ਨੂੰ ਸਭ ਫ਼ੌਜ ਨੂੰ ਹੁਕਮ ਘੱਲ ਦਿੱਤੇ ਕਿ ਉਹ ਸਾਰੀ ਰਾਤ ਚੁੱਪ ਰਹਿਣ ਤੇ ਭਾਵੇਂ ਕੁਝ ਭੀ ਹੋ ਜਾਵੇ ਉਹ ਬਿਲਕੁਲ ਆਪਣੀਆਂ ਬਾਰਕਾਂ ਤੋਂ ਬਾਹਰ ਨਾ ਨਿਕਲਣ। ਕਰਨਲ ਗਾਰਡਨਰ ਨੂੰ ਸ਼ਾਮ ਨੂੰ ਹੀ ਸਾਰੇ ਦਰਵਾਜ਼ਿਆਂ 'ਤੇ ਤੋਪਾਂ ਭਰ ਕੇ ਰਖ ਦੇਣ ਦਾ ਹੁਕਮ ਮਿਲਿਆ ਤੇ ਲੋਕਾਂ ਨੂੰ ਕਿਹਾ ਗਿਆ ਕਿ ਦਰਵਾਜ਼ਿਆਂ ਪਰ ਕਿਤਨਾ ਭੀ ਸ਼ੋਰ ਕਿਉਂ ਨਾ ਹੋਵੇ ਉਹ ਸੁੱਤੇ ਹੀ ਪਏ ਰਹਿਣ। ਧਿਆਨ ਸਿੰਘ ਨੇ ਇਹੋ ਜਿਹੇ ਸਭ ਲੋੜੀਂਦੇ ਪਰਬੰਧ ਕਰ ਕੇ ਚੌਦਾਂ ਪੰਦਰਾਂ ਆਦਮੀਆਂ ਦੀ ਇਕ ਪਾਰਟੀ ਬਣਾਈ, ਜਿਸ ਵਿਚ ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ (ਤਿੰਨੇ ਡੋਗਰਾ ਭਰਾ), ਕੰਵਰ ਨੌਂ-ਨਿਹਾਲ ਸਿੰਘ, ਰਾਉ ਲਾਲ ਸਿੰਘ, ਰਾਉ ਕੇਸਰ ਸਿੰਘ, ਕਰਨਲ ਗਾਰਡਨਰ ਤੇ ਸੰਧਾਂਵਾਲੀਏ ਸਰਦਾਰ ਸ਼ਾਮਲ ਸਨ। ਇਹ ਪਾਰਟੀ ਅੱਧੀ ਰਾਤੀਂ ਮਹਿਲਾਂ ਨੂੰ ਤੁਰ ਪਈ। ਅੰਦਰ ਜਾਣ ਹੀ ਲੱਗੇ ਸਨ ਕਿ ਸੰਤਰੀ ਨੇ ਪੁੱਛਿਆ, "ਕੌਣ ਏ ?" ਧਿਆਨ ਸਿੰਘ ਨੇ ਝੱਟ ਘੜਿਆ ਘੜਾਇਆ ਉੱਤਰ ਦਿਤਾ, "ਮਹਾਰਾਜਾ ਸਾਹਿਬ ਸਵੇਰੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਇਸ਼ਨਾਨ ਕਰਨ ਜਾ ਰਹੇ ਹਨ, ਇਸ ਲਈ ਅਸੀਂ ਕੁਝ ਤਿਆਰੀ ਕਰਨ ਚੱਲੇ ਹਾਂ।" ਇਹ ਕਹਿ ਕੇ ਸਾਰੇ ਅੱਗੇ ਵਧੇ ਤੇ ਡਿਉਢੀ ਲੰਘ ਕੇ ਹਨੇਰੀਆਂ ਪੌੜੀਆਂ ਚੜ੍ਹ ਕੇ ਜਦ 'ਬਾਦਸ਼ਾਹੀ ਤਖ਼ਤ' ਪਾਸ ਪਹੁੰਚੇ ਤਾਂ ਦੋ ਭੱਈਆਂ ਨੇ ਟੋਕਿਆ, ਜਿਨ੍ਹਾਂ ਨੂੰ ਉੱਥੇ ਹੀ ਢੇਰ ਕਰ ਦਿੱਤਾ ਗਿਆ। ਇਥੇ ਧਿਆਨ ਸਿੰਘ ਤੇ ਗੁਲਾਬ ਸਿੰਘ ਨੇ ਇਕ ਦੂਸਰੇ ਦੇ ਕੰਨਾਂ ਵਿਚ ਹੀ

ਕੁਝ ਸਲਾਹ ਕੀਤੀ। ਅਗੋਂ ਗੜਵਈ ਮਹਾਰਾਜਾ ਸਾਹਿਬ ਲਈ ਪਾਠ (ਕੀਰਤਨ ਸੋਹਿਲਾ) ਕਰਨ ਲਈ ਹੱਥ ਮੂੰਹ ਧੋਣ ਵਾਸਤੇ ਜਲ ਛਡ ਕੇ ਆ ਰਿਹਾ ਸੀ। ਉਸ ਨੇ ਜਦ ਇਹ ਟੋਲੀ ਦੇਖੀ ਤਾਂ ਮਹਾਰਾਜ਼ਾ ਸਾਹਿਬ ਨੂੰ ਖ਼ਬਰ ਦੇਣ ਲਈ ਪਿੱਛੇ ਨੂੰ ਦੌੜਿਆ ਕਿ ਸੁਚੇਤ ਸਿੰਘ ਨੇ ਗੋਲੀ ਕੱਢ ਮਾਰੀ, ਵਿਚਾਰਾ ਉਥੇ ਹੀ ਡਿਗ ਪਿਆ। ਉਸ ਵੇਲੇ ਮਹਾਰਾਜਾ ਸਾਹਿਬ ਦੀ ਗਾਰਡ ਦੀਆਂ ਦੋ ਕੰਪਨੀਆਂ ਪਹਿਰੇ ਪਰ ਸਨ। ਧਿਆਨ ਸਿੰਘ ਉਥੇ ਪੁੱਜਾ, ਉਸ ਦੇ ਪਿੱਛੇ ਪਿੱਛੇ ਗਾਰਡਨਰ ਭੀ ਸੀ। ਸੂਬੇਦਾਰ ਦੇ ਪੁੱਛਣ ਪਰ ਕਿ "ਤੁਸੀਂ ਗੋਲੀ ਕਿਉਂ ਚਲਾਈ?" ਧਿਆਨ ਸਿੰਘ ਨੇ ਸਿਰਫ਼ ਆਪਣਾ ਦੋ ਅੰਗੂਠਿਆਂ ਵਾਲਾ ਹੱਥ ਦਿਖਾਇਆ ਤੇ ਇਕ ਉਂਗਲੀ ਆਪਣੇ ਬੁਲ੍ਹਾਂ 'ਤੇ ਰਖ ਕੇ ਚੁਪ ਰਹਿਣ ਦਾ ਇਸ਼ਾਰਾ ਕੀਤਾ। ਇਹ ਇਸ਼ਾਰਾ ਦੇਖ ਕੇ ਸੂਬੇਦਾਰ ਨੇ ਸਭ ਨੂੰ ਲੇਟ ਜਾਣ ਦਾ ਹੁਕਮ ਦੇ ਦਿੱਤਾ ਤੇ ਧਿਆਨ ਸਿੰਘ ਨੂੰ ਮਹਾਰਾਜਾ ਸਾਹਿਬ ਦੇ ਕਮਰੇ ਵੱਲ ਇਸ਼ਾਰਾ ਕੀਤਾ।

ਜਿਸ ਵੇਲੇ ਇਹ ਚੰਡਾਲ-ਪਾਰਟੀ ਅੰਦਰ ਪਹੁੰਚੀ ਤਾਂ ਮਹਾਰਾਜਾ ਸਾਹਿਬ ਕੁਰਲੀ ਕਰ ਰਹੇ ਸਨ। ਸਰਦਾਰ ਚੇਤ ਸਿੰਘ ਦਾ ਪਲੰਘ ਖ਼ਾਲੀ ਸੀ। ਓਹ ਗੋਲੀ ਦਾ ਸ਼ੋਰ ਸੁਣ ਕੇ ਖਿਸਕ ਗਿਆ ਸੀ ਤੇ ਪਰੇ ਇਕ ਅੰਨ੍ਹੇਰੇ ਕਮਰੇ 'ਖ਼ਾਬ-ਗਾਹ' ਵਿਚ ਜਾ ਛੁਪਿਆ ਸੀ। ਜਦ ਮਹਾਰਾਜਾ ਸਾਹਿਬ ਤੋਂ ਪੁਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਗੋਲੀ ਦੀ ਅਵਾਜ਼ ਸੁਣ ਕੇ ਬਾਹਰ ਗਿਆ ਹੈ। ਮਹਾਰਾਜਾ ਸਾਹਿਬ ਉਠਣ ਹੀ ਲਗੇ ਸਨ ਕਿ ਕੁਝ ਆਦਮੀਆਂ ਨੇ ਉਨ੍ਹਾਂ ਨੂੰ ਪਕੜ ਕੇ ਬੰਨ੍ਹ ਦਿੱਤਾ। ਕੋਈ ਵੱਡੀ ਗੱਲ ਨਹੀਂ ਸੀ ਕਿ ਉਸ ਵੇਲੇ ਮਹਾਰਾਜਾ ਸਾਹਿਬ ਨੂੰ ਮਾਰ ਹੀ ਦਿੱਤਾ ਜਾਂਦਾ—ਡੋਗਰੇ ਤਾਂ ਕੋਈ ਅਜਿਹਾ ਮੌਕਾ ਹੀ ਟੋਲਦੇ ਸਨ—ਪਰ ਕੰਵਰ ਸਾਹਿਬ ਦੇ ਸਾਥ ਹੋਣ ਕਰਕੇ ਤੇ ਮਹਾਰਾਣੀ ਚੰਦ ਕੌਰ ਦੇ ਆ ਪੁੱਜਣ 'ਤੇ ਉਹ ਬਚ ਗਏ। ਫਿਰ ਇਹ ਪਾਰਟੀ ਮਸ਼ਾਲਾਂ ਜਗਾ ਕੇ ਸਰਦਾਰ ਚੇਤ ਸਿੰਘ ਨੂੰ ਢੂੰਡਣ ਲੱਗੀ। 'ਖ਼ਾਬ-ਗਾਹ' ਖ਼ਾਲੀ ਹੀ ਮਲੂਮ ਹੋਈ ਅਤੇ ਮੁੜਨ ਹੀ ਲੱਗੇ ਸਨ ਕਿ ਲਾਲ ਸਿੰਘ ਨੂੰ ਅੰਦਰੋਂ ਤਲਵਾਰ ਦੀ ਝਲਕ ਪਈ। ਬਸ ਫੇਰ ਕੀ ਸੀ, ਸਾਰੇ ਚੇਤ ਸਿੰਘ ਵਲ ਹੋ ਪਏ। ਧਿਆਨ ਸਿੰਘ ਆਪਣੇ ਭਰਾ ਗੁਲਾਬ ਸਿੰਘ ਨੂੰ ਪਿੱਛੇ ਹਟਾ ਕੇ ਅੱਗੇ ਵਧਿਆ ਤੇ ਕਹਿਣ ਲੱਗਾ, "ਓਹ ਚਵ੍ਹੀ ਘੰਟੇ ਜੋ ਤੂੰ ਮੈਨੂੰ ਦੱਸਦਾ ਸੀ, ਹਾਲਾਂ ਤਕ ਨਹੀਂ ਗੁਜ਼ਰੇ?" ਇਹ ਕਹਿ ਕੇ ਧਿਆਨ ਸਿੰਘ ਨੇ ਕਟਾਰ ਸਰਦਾਰ ਚੇਤ ਸਿੰਘ ਦੇ ਪੇਟ ਵਿਚ ਕਢ ਮਾਰੀ ਤੇ ਆਖਿਆ, "ਆਹ ਲੈ, ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਵਿਚ!"

ਸਰਦਾਰ ਚੇਤ ਸਿੰਘ ਨੂੰ ਟਿਕਾਣੇ ਲਾ ਕੇ ਮਹਾਰਾਜਾ ਖੜਕ ਸਿੰਘ ਨੂੰ ਤਖ਼ਤੋਂ ਉਤਾਰ ਦੇਣਾ ਕੋਈ ਮੁਸ਼ਕਲ ਗੱਲ ਨਹੀਂ ਸੀ। ਮਹਾਰਾਜਾ ਸਾਹਿਬ ਨੂੰ ਨਜ਼ਰ-ਬੰਦ ਕਰ ਦਿੱਤਾ ਗਿਆ ਤੇ ਗੱਦੀ 'ਤੇ ਕੰਵਰ ਨੌਂ-ਨਿਹਾਲ ਸਿੰਘ ਬਿਠਾਏ ਗਏ। ਕੰਵਰ ਸਾਹਿਬ ਨੂੰ ਮਹਾਰਾਜਾ ਸਾਹਿਬ ਦੇ ਅਸਰ ਤੋਂ ਬਚਾਈ ਰਖਣ ਲਈ ਗੁਲਾਬ ਸਿੰਘ ਜਾਂ ਧਿਆਨ ਸਿੰਘ ਪਰਛਾਵੇਂ ਵਾਙ ਓਨ੍ਹਾਂ ਦੇ ਪਿਛੇ ਰਹਿੰਦੇ ਸਨ। ਕੰਵਰ ਸਾਹਿਬ ਇਕ ਦੋ ਵਾਰੀ ਜਦ ਭੀ ਮਹਾਰਾਜਾ ਸਾਹਿਬ ਨੂੰ ਮਿਲੇ ਤਾਂ ਡੋਗਰਿਆਂ ਦੀ ਸਿਖਲਾਵਟ ਅਨੁਸਾਰ ਬੁਰਾ

ਭਲਾ ਹੀ ਬੋਲੇ। ਇਸ ਵੇਲੇ ਧਿਆਨ ਸਿੰਘ ਬਾਹਰੀ ਦਿਖਲਾਵੇ ਲਈ ਕੰਵਰ ਨੌ-ਨਿਹਾਲ ਸਿੰਘ ਨੂੰ ਨਸੀਹਤਾਂ ਕਰਨ ਲੱਗ ਪੈਂਦਾ ਸੀ। ਇਹ ਉਸ ਦੀ ਦੋ-ਰੰਗੀ ਚਾਲ ਸੀ।

ਨਜ਼ਰ-ਬੰਦੀ ਵਿਚ ਮਹਾਰਾਜਾ ਸਾਹਿਬ ਬੀਮਾਰ ਹੋ ਗਏ। ਪਰ ਧਿਆਨ ਸਿੰਘ ਨੇ ਕੰਵਰ ਸਾਹਿਬ ਨੂੰ ਕਿਹਾ ਕਿ ਅਸਲ ਵਿਚ ਮਹਾਰਾਜਾ ਸਾਹਿਬ ਬੀਮਾਰ ਨਹੀਂ ਹਨ ਬਲਕਿ ਇਕ ਬਹਾਨਾ ਹੈ ਕਿ ਓਹ ਕਿਸੇ ਤਰ੍ਹਾਂ ਨਜ਼ਰ-ਬੰਦੀ ਵਿਚੋਂ ਨਿਕਲ ਕੇ ਅੰਗਰੇਜ਼ਾਂ ਪਾਸ ਚਲੇ ਜਾਣ। ਨਤੀਜਾ ਇਹ ਹੋਇਆ ਕਿ ਇਲਾਜ ਤਾਂ ਕੀ ਕਰਨਾ ਸੀ ਉਨ੍ਹਾਂ ਉਪਰ ਸਗੋਂ ਪਹਿਰਾ ਹੋਰ ਸਖ਼ਤ ਕਰ ਦਿਤਾ ਗਿਆ ਅਤੇ ਹਕੀਮਾਂ ਦੀ ਰਾਹੀਂ 'ਸੁਫ਼ੈਦ ਕਸਕਰੀ' (White Lead or the Acetate of Lead) ਤੇ 'ਰਸ ਕਪੂਰ' (Corrosive Sublimate or the Native Muriate of Mercury) ਆਦਿ ਜ਼ਹਿਰ ਥੋੜ੍ਹੀ ਥੋੜ੍ਹੀ ਦੇਣੀ ਸ਼ੁਰੂ ਕਰ ਦਿੱਤੀ। ਭਾਈ ਗੁਰਮੁਖ ਸਿੰਘ ਜੀ ਦਰਬਾਰੀ ਗ੍ਰੰਥੀ ਨੂੰ ਇਸ ਭੇਤ ਦਾ ਪਤਾ ਲਗ ਗਿਆ ਸੀ ਤੇ ਉਸ ਨੇ ਮਹਾਰਾਜਾ ਸਾਹਿਬ ਨੂੰ ਇਸ਼ਾਰਾ ਹੀ ਨਹੀਂ ਸੀ ਕੀਤਾ, ਬਲਕਿ ਇਨ੍ਹਾਂ ਬੇਈਮਾਨ ਗੱਦਾਰਾਂ ਨੂੰ ਲਾਨ੍ਹਤ ਫਿਟਕਾਰ ਭੀ ਬਹੁਤ ਪਾਈ। ਨੌਂ ਮਹੀਨੇ ਤਕ ਮਹਾਰਾਜਾ ਸਾਹਿਬ ਏਸੇ ਤਰ੍ਹਾਂ ਬੀਮਾਰੀ ਨਾਲ ਰਿੜਕੀਂਦੇ ਰਹੇ, ਪਰ ਰਾਜ ਦੇ ਦਰਬਾਰੀ ਡਾਕਟਰ ਜੇ. ਮਾਰਟਿਨ ਹੌਨਿਗਬਰਗਰ ਨੂੰ ਇਕ ਵਾਰੀ ਭੀ ਨਹੀਂ ਬੁਲਾਇਆ ਗਿਆ। ਉਸ ਨੂੰ ਤੇ ਤਾਂ ਬੁਲਾਂਦੇ ਜੇ ਇਲਾਜ ਕਰਵਾਣਾ ਹੁੰਦਾ; ਓਥੇ ਤਾਂ ਭਾਵ ਹੀ ਕੁਝ ਹੋਰ ਸੀ। ਇਨ੍ਹਾਂ ਦਿਨਾਂ ਵਿਚ ਮਹਾਰਾਜਾ ਸਾਹਿਬ ਨੇ ਕਈ ਵਾਰੀ ਕੰਵਰ ਸਾਹਿਬ ਨੂੰ ਮਿਲਣ ਦੀ ਖ਼ਾਹਸ਼ ਪਰਗਟ ਕੀਤੀ, ਪਰ ਸਿਵਾਏ ਇਕ ਵਾਰੀ ਦੇ—ਉਹ ਭੀ ਮੌਤ ਤੋਂ ਇਕ ਦਿਨ ਪਹਿਲਾਂ ਬੇਹੋਸ਼ੀ ਦੀ ਹਾਲਤ ਵਿਚ—ਕੰਵਰ ਸਾਹਿਬ ਦਾ ਮੇਲ ਨਾ ਹੀ ਹੋਇਆ। ਆਖ਼ਿਰ ੫ ਨਵੰਬਰ, ੧੮੪੦ ਨੂੰ ਜ਼ਹਿਰ ਦੇ ਅਸਰ ਨਾਲ ਮਹਾਰਾਜਾ ਖੜਕ ਸਿੰਘ ਜੀ ਸੁਰਗਵਾਸ ਹੋ ਗਏ।

੫ ਨਵੰਬਰ ਨੂੰ ਲੌਢੇ ਵੇਲੇ ਮਹਾਰਾਜਾ ਸਾਹਿਬ ਦਾ ਸਸਕਾਰ ਸੀ। ਧਿਆਨ ਸਿੰਘ ਇਸ ਦੇ ਨਾਲ ਹੀ ਕੁਝ ਹੋਰ ਭੀ ਬੰਦੋਬਸਤ ਕਰਦਾ ਫਿਰਦਾ ਸੀ। ਕੰਵਰ ਨੌ-ਨਿਹਾਲ ਸਿੰਘ ਨੂੰ ਭੀ ਉਸੇ ਦਿਨ ਹੀ ਮਰਵਾ ਦੇਣ ਦਾ ਅੰਦਰੂਨੀ ਮਤਲਬ ਇਹ ਹੈ ਕਿ ਕੰਵਰ ਸਾਹਿਬ ਦੀ ਮੌਤ ਦੂਸਰੇ ਸ਼ਾਹਜ਼ਾਦਿਆਂ ਦੇ ਮੱਥੇ ਮੜ੍ਹ ਕੇ ਜਾਂ ਕਿਸੇ ਹੋਰ ਬਹਾਨੇ ਉਨ੍ਹਾਂ ਨੂੰ ਖ਼ਾਲਸਾ ਫ਼ੌਜ ਦੀ ਮਦਦ ਨਾਲ ਤਤਕਾਲ ਹੀ ਟਿਕਾਣੇ ਲਗਾ ਸਕੇਗਾ ਤੇ ਬਸ ਫੇਰ ਹੀਰਾ ਸਿੰਘ ਲਈ ਰਾਹ ਸਾਫ਼ ਹੋ ਜਾਊ। ਇਸ ਮਤਲਬ ਲਈ ਉਸ ਨੇ ਹਜ਼ੂਰੀ ਬਾਗ਼ ਦੀ ਡਿਉਢੀ ਉਪਰ ਆਪਣੇ ਆਦਮੀ ਮੁਕੱਰਰ ਕਰ ਦਿੱਤੇ ਕਿ ਜਿਸ ਵੇਲੇ ਕੰਵਰ ਸਾਹਿਬ ਹੇਠੋਂ ਦੀ ਗੁਜ਼ਰਨ ਤਾਂ ਡਿਉਢੀ ਦੀ ਛੱਤ ਉਨ੍ਹਾਂ ਪਰ ਗਿਰਾ ਦਿੱਤੀ ਜਾਵੇ—ਇਸ ਬਾਬਤ ਸਾਰਾ ਪੂਰਾ ਪੂਰਾ ਇੰਤਜ਼ਾਮ ਭੀ ਪਹਿਲਾਂ ਹੀ ਕਰ ਛਡਿਆ।

ਮਹਾਰਾਜਾ ਖੜਕ ਸਿੰਘ ਦੇ ਨਾਲ ਹੀ ਮਹਾਰਾਣੀ ਤੋਂ ਬਿਨਾਂ ਦੂਸਰੀਆਂ ਰਾਣੀਆਂ—ਤੇ ਖ਼ਾਸ ਕਰਕੇ ਸਰਦਾਰ ਮੰਗਲ ਸਿੰਘ ਦੀ ਭੈਣ—ਨੂੰ ਧਿਆਨ ਸਿੰਘ ਵਲੋਂ ਜ਼ੋਰ ਨਾਲ ਮਜਬੂਰ ਕਰ ਕੇ ਸਤੀ ਕੀਤਾ ਗਿਆ।

ਚਿਤਾ ਨੂੰ ਲਾਂਬੂ ਲਾਉਣ ਤੋਂ ਥੋੜ੍ਹੀ ਦੇਰ ਹੀ ਪਿਛੋਂ ਧਿਆਨ ਸਿੰਘ ਨੇ ਕਰਨਲ

ਗਾਰਡਨਰ ਨੂੰ ਆਪਣੇ ਤੋਪਖ਼ਾਨੇ ਦੇ ਚਾਲੀ ਕੁ ਆਦਮੀ ਮਾਮੂਲੀ ਫਟੀਕ ਦੀ ਵਰਦੀ ਵਿਚ ਲਿਆ ਕੇ ਤਿਆਰ ਰੱਖਣ ਲਈ ਭੇਜਿਆ ਤੇ ਆਪਣੇ ਸਾਥੀਆਂ ਨਾਲ ਕੰਨਾਂ ਵਿਚ ਕੁਝ ਸਲਾਹਾਂ ਕਰਨ ਲੱਗ ਪਿਆ। ਮਲੂਮ ਹੁੰਦਾ ਹੈ ਕਿ ਕੰਵਰ ਸਾਹਿਬ ਨੂੰ ਏਸ ਘੁਸਰ-ਮੁਸਰ ਤੇ ਦੌੜ-ਭੱਜ ਤੋਂ ਕੁਝ ਸ਼ੱਕ ਜਿਹਾ ਪੈ ਗਿਆ, ਕਿਉਂਕਿ ਉਹ ਸਸਕਾਰ ਨੂੰ ਅਧੂਰਾ ਛੱਡ ਕੇ ਤਲਾਉ ਵਲ ਇਸ਼ਨਾਨ ਕਰਨ ਲਈ ਤੁਰ ਪਏ। ਭਾਵੇਂ ਧਿਆਨ ਸਿੰਘ ਨੇ ਰੋਕਣਾ ਭੀ ਚਾਹਿਆ, ਪਰ ਉਹ ਨਾ ਮੰਨੇ। ਜਦ ਮੁੜਦੇ ਹੋਏ ਆਏ ਤਾਂ ਉਨ੍ਹਾਂ ਨੇ ਮੀਆਂ ਊਧਮ ਸਿੰਘ ਦਾ ਹੱਥ ਫੜ ਕੇ ਉਸ ਨੂੰ ਭੀ ਨਾਲ ਲੈ ਲਿਆ। ਇਹ ਦੋਵੇਂ ਡਿਉਢੀ ਵਿਚ ਦੀ ਗੁਜ਼ਰੇ ਹੀ ਸਨ ਕਿ ਛੱਤ ਉਨ੍ਹਾਂ ਉਪਰ ਗਿਰ ਗਈ। ਮੀਆਂ ਊਧਮ ਸਿੰਘ ਤਾਂ ਉਥੇ ਹੀ ਚਿੱਤ ਹੋ ਗਿਆ, ਪਰ ਕੰਵਰ ਸਾਹਿਬ ਨੂੰ ਥੋੜ੍ਹੀ ਹੀ ਚੋਟ ਲੱਗੀ, ਪਰ ਉਹ ਗਿਰ ਗਏ ਸਨ। ਉਹ ਉਠਣ ਹੀ ਲੱਗੇ ਸਨ ਕਿ ਧਿਆਨ ਸਿੰਘ ਕੰਵਰ ਸਾਹਿਬ ਨੂੰ ਚਾਰ ਪੰਜ ਡੋਲੀ-ਬਹਿਰਿਆਂ ਦੀ ਮਦਦ ਨਾਲ ਪਾਲਕੀ ਵਿਚ ਪਾ ਕੇ ਕਿਲ੍ਹੇ ਵਿਚ ਲੈ ਗਿਆ (ਮਲੂਮ ਹੁੰਦਾ ਹੈ ਕਿ ਡੋਲੀ-ਬਹਿਰੇ ਤੇ ਪਾਲਕੀ ਉਥੇ ਅੱਗੇ ਹੀ ਮੌਜੂਦ ਰੱਖੇ ਹੋਏ ਸਨ!) ਤੇ ਸਭ ਦਰਵਾਜ਼ੇ ਬੰਦ ਕਰ ਲਏ। ਸਰਦਾਰ ਲਹਿਣਾ ਸਿੰਘ ਮਜੀਠਿਆ ਪਾਲਕੀ ਦੇ ਪਿੱਛੇ ਜਾਣਾ ਚਾਹੁੰਦਾ ਸੀ, ਪਰ ਧਿਆਨ ਸਿੰਘ ਨੇ ਉਸ ਨੂੰ ਧੱਕਾ ਦੇ ਕੇ ਪਿੱਛੇ ਕਰ ਦਿੱਤਾ। ਜਿਸ ਵੇਲੇ ਕਰਨਲ ਗਾਰਡਨਰ ਦੇ ਆਦਮੀ ਪੁਜੇ ਤਾਂ ਕਾਰਾ ਵਰਤ ਚੁੱਕਿਆ ਸੀ। ਧਿਆਨ ਸਿੰਘ ਨੇ ਗਾਰਡਨਰ ਨੂੰ ਕਿਹਾ ਕਿ ਇਨ੍ਹਾਂ ਨੂੰ ਵਾਪਸ ਕਰ ਦਿਓ, ਹੁਣ ਇਨ੍ਹਾਂ ਦੀ ਲੋੜ ਨਹੀਂ ਰਹੀ। ਧਿਆਨ ਸਿੰਘ ਦੇ ਇਕ ਦੋ ਸਾਥੀਆਂ ਤੋਂ ਬਿਨਾਂ ਕਿਸੇ ਨੂੰ ਭੀ ਅੰਦਰ ਜਾਣ ਦੀ ਆਗਿਆ ਨਹੀਂ ਸੀ। ਏਥੋਂ ਤਕ ਕਿ ਕੰਵਰ ਸਾਹਿਬ ਦੀ ਮਾਤਾ ਮਹਾਰਾਣੀ ਚੰਦ ਕੌਰ ਭੀ ਆਪਣੇ ਦੋਹਾਂ ਹੱਥਾਂ ਨਾਲ ਕਿਲ੍ਹੇ ਦੇ ਦਰਵਾਜ਼ੇ ਭੰਨ ਭੰਨ ਕੇ ਥਕ ਗਈ, ਪਰ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਕੰਵਰ ਸਾਹਿਬ ਦੇ ਪਾਸ ਜਾਣਾ ਤਾਂ ਇਕ ਪਾਸੇ ਰਿਹਾ, ਕਿਲ੍ਹੇ ਦੇ ਭੀ ਅੰਦਰ ਜਾਣ ਦਾ ਹੁਕਮ ਨਹੀਂ ਸੀ। ਕੰਵਰ ਸਾਹਿਬ ਨੂੰ ਅੰਦਰ ਲਿਜਾ ਕੇ ਧਿਆਨ ਸਿੰਘ ਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਦੀ ਖੋਪਰੀ ਤੋੜ ਦਿੱਤੀ ਤੇ ਉਨ੍ਹਾਂ ਨੂੰ ਮੁਰਦੇ ਬਰਾਬਰ ਕਰ ਦਿੱਤਾ। (ਕਿਉਂਕਿ ਜਿਸ ਵੇਲੇ ਡਿਉਢੀ ਵਿਚੋਂ ਉਠਾ ਕੇ ਕੰਵਰ ਸਾਹਿਬ ਨੂੰ ਪਾਲਕੀ ਵਿਚ ਪਾਇਆ ਤੇ ਕਿਲ੍ਹੇ ਵਿਚ ਲਿਆਂਦਾ ਸੀ ਤਾਂ ਉਨ੍ਹਾਂ ਦੇ ਸਿਰ ਹੇਠਾਂ ਰਖੇ ਕਪੜੇ ਪਰ ਸਿਰਫ਼ ਰੁਪਏ ਜਿਤਨਾ ਖ਼ੂਨ ਦਾ ਮਾਮੂਲੀ ਦਾਗ਼ ਸੀ। ਪਰ ਜਿਸ ਵੇਲੇ ਥੋੜ੍ਹੀ ਦੇਰ ਪਿੱਛੋਂ ਡਾਕਟਰ ਹੌਨਿਗਬਰਗਰ ਨੇ ਕੰਵਰ ਸਾਹਿਬ ਨੂੰ ਦੇਖਿਆ ਤਾਂ ਉਨ੍ਹਾਂ ਦਾ ਸਿਰ ਬਹੁਤ ਬੁਰੀ ਤਰ੍ਹਾਂ ਫਟਿਆ ਹੋਇਆ ਸੀ ਤੇ ਬਿਸਤਰੇ ਦੇ ਕਪੜੇ ਲਹੂ ਨਾਲ ਭਰੇ ਹੋਏ ਸਨ, ਤੇ ਲਹੂ ਦੀਆਂ ਧਾਰਾਂ ਵਗੀਆਂ ਹੋਈਆਂ ਸਨ)।

ਜਿਸ ਵੇਲੇ ਗੁਪਤ ਕਾਰਵਾਈ ਹੋ ਚੁਕੀ, ਤਾਂ ਲੋਕ-ਦਿਖਾਵੇ ਲਈ ਡਾਕਟਰ ਹੌਨਿਗਬਰਗਰ ਨੂੰ ਬੁਲਾਇਆ ਗਿਆ। ਓਹ ਕੀ ਦੇਖਦਾ ਹੈ ਕਿ ਕੰਵਰ ਸਾਹਿਬ ਇਕ ਤੰਬੂ ਵਿਚ ਲਹੂ-ਲੁਹਾਨ ਬੇ-ਹੋਸ਼ ਪਏ ਹਨ, ਸਿਰ ਬਹੁਤ ਹੀ ਬੁਰੀ ਤਰ੍ਹਾਂ ਟੁਟਿਆ ਹੋਇਆ ਹੈ। ਬਿਸਤਰੇ ਦੇ ਕਪੜਿਆਂ ਪਰ ਖ਼ੂਨ ਦੀਆਂ ਧਾਰਾਂ ਚਲੀਆਂ ਹੋਈਆਂ ਹਨ ਤੇ ਉਨ੍ਹਾਂ

ਦੇ ਬਚਣ ਦੀ ਕੋਈ ਆਸ ਨਹੀਂ। ਧਿਆਨ ਸਿੰਘ ਨੇ ਡਾਕਟਰ ਹੌਨਿਗਬਰਗਰ ਨੂੰ ਪੱਕੀ ਤਰ੍ਹਾਂ ਤਾਕੀਦ ਕੀਤੀ ਕਿ ਇਸ ਬਾਬਤ ਕਿਸੇ ਨਾਲ ਭੀ ਕੋਈ ਗੱਲ ਨਾ ਕਰੇ। ਡਾਕਟਰ ਹੌਨਿਗਬਰਗਰ ਕੰਵਰ ਸਾਹਿਬ ਦਾ ਇਹ ਹਾਲ ਦੇਖ ਕੇ ਨਿਰਾਸ ਹੋ ਕੇ ਤੰਬੂ ਤੋਂ ਬਾਹਰ ਨਿਕਲ ਆਇਆ। ਧਿਆਨ ਸਿੰਘ ਫਿਰ ਤੰਬੂ ਦੇ ਅੰਦਰ ਗਿਆ ਤੇ ਬਾਹਰ ਲੋਕਾਂ ਨੂੰ ਸੁਣਾਉਣ ਲਈ ਡਾਕਟਰ ਸਾਹਿਬ ਨੂੰ ਉੱਚੀ ਅਵਾਜ਼ ਦੇ ਕੇ ਪੁਛਣ ਲੱਗਾ, "ਕੰਵਰ ਸਾਹਿਬ ਕੁਝ ਤਰੀ ਮੰਗਦੇ ਹਨ, ਕੀ ਅਸੀਂ ਉਨ੍ਹਾਂ ਨੂੰ ਦੇਵੀਏ ?" ਡਾਕਟਰ ਹੌਨਿਗਬਰਗਰ ਨੇ ਜਵਾਬ ਦਿੱਤਾ, "ਹਾਂ ਜ਼ਰੂਰ! ਹੁਣ ਉਨ੍ਹਾਂ ਨੂੰ ਤਰੀ ਦੀ ਜ਼ਰੂਰ ਹੀ ਲੋੜ ਹੈ!"

ਜਿਸ ਵੇਲੇ ਦਰਵਾਜ਼ਾ ਖੋਲ੍ਹਿਆ ਗਿਆ ਅਤੇ ਸੰਧਾਂਵਾਲੀਏ ਸਰਦਾਰ ਅੰਦਰ ਗਏ ਤਾਂ ਕੰਵਰ ਸਾਹਿਬ ਮਰ ਚੁੱਕੇ ਸਨ।

ਕੰਵਰ ਨੌ-ਨਿਹਾਲ ਸਿੰਘ ਦੀ ਮੌਤ ਦੇ ਪਿਛੋਂ ਇਸ ਸੰਬੰਧੀ ਸਭ ਗੁਪਤ ਕਾਰਵਾਈਆਂ ਦਾ ਉੱਕਾ ਹੀ ਖੁਰਾ-ਖੋਜ ਮਿਟਾ ਦੇਣ ਲਈ ਸਭ ਪੂਰੇ ਪੂਰੇ ਯਤਨ ਕੀਤੇ, ਇਥੇ ਤਕ ਕਿ ਉਨ੍ਹਾਂ ਪੰਜਾਂ ਡੋਲੀ-ਬਹਿਰੇ ਭੱਈਆਂ—(ਇਹ ਗਾਰਡਨਰ ਦੇ ਤੋਪਖ਼ਾਨੇ ਦੇ ਸਿਪਾਹੀ ਸਨ)—ਵਿਚੋਂ ਦੋ ਨੂੰ (ਜਿਨ੍ਹਾਂ ਦੇ ਸਾਮ੍ਹਣੇ ਤੇ ਮਦਦ ਨਾਲ ਇਹ ਭੈੜਾ ਕੰਮ ਕੀਤਾ ਸੀ) ਖ਼ੁਫ਼ੀਆ ਢੰਗ ਨਾਲ ਮਰਵਾ ਦਿੱਤਾ ਗਿਆ, ਦੋ ਵਿਚਾਰੇ ਮੌਤ ਦੇ ਡਰ ਤੋਂ ਆਪਣੇ ਵਤਨ ਹਿੰਦੁਸਤਾਨ ਨੂੰ ਭੱਜ ਗਏ ਤੇ ਪੰਜਵੇਂ ਦਾ ਕੁਝ ਪਤਾ ਹੀ ਨਹੀਂ ਲੱਗਾ—ਓਹ ਭੀ ਕਿਸੇ ਦੀ ਗੋਲੀ ਦਾ ਨਿਸ਼ਾਨਾ ਬਣ ਗਿਆ ਹੋਵੇਗਾ।

ਤਿੰਨ ਦਿਨ ਤਕ ਕੰਵਰ ਸਾਹਿਬ ਦੀ ਮੌਤ ਦੀ ਖ਼ਬਰ ਖ਼ੁਫ਼ੀਆ ਰਖੀ ਗਈ। ਕਿਉਂਕਿ, ਕਿਸ ਤਰ੍ਹਾਂ ਤੇ ਇਸ ਦੇ ਪਿਛੋਂ ਕੀ ਕੁਝ ਭਾਣਾ ਵਰਤਿਆ, ਇਹ ਸਭ ਹਾਲ ਫੇਰ ਕਦੀ ਆਪ ਦੀ ਸੇਵਾ ਵਿਚ ਭੇਟ ਕਰਾਂਗੇ।

# ਇਕ ਗੁੱਝਾ ਭੇਤ

## ਦੀਵਾਨ ਮੂਲ ਰਾਜ ਤੇ ਰਾਜਾ ਸ਼ੇਰ ਸਿੰਘ ਸਰਕਾਰ ਅੰਗਰੇਜ਼ੀ ਦੇ ਵਿਰੁਧ ਕਿਸ ਤਰ੍ਹਾਂ ਹੋਏ ?

**[ਸ: ਮਾਨ ਸਿੰਘ ਜੀ ਬੀ.ਏ.,ਐਲ-ਐਲ.ਬੀ., ਐਡਵੋਕੇਟ ਹਾਈ ਕੋਰਟ]**

ਦੀਵਾਨ ਮੂਲ ਰਾਜ ਮੁਲਤਾਨ ਦਾ ਹਾਕਮ ਸੀ। ਸਿਖ ਦਰਬਾਰ ਵਿਚ ਪਹਿਲੇ ਸਿਖ ਯੁੱਧ ਮਗਰੋਂ ਜਦ ਸਰਕਾਰ ਅੰਗਰੇਜ਼ੀ ਦਾ ਪੰਜਾਬ ਵਿਚ ਦਖ਼ਲ ਹੋ ਗਿਆ ਤਾਂ ਲਾਹੌਰ ਦਰਬਾਰ ਅਤੇ ਦੀਵਾਨ ਮੂਲ ਰਾਜ ਵਿਚ ਵਿਰੋਧ ਪੈਦਾ ਹੋਇਆ। ਦੀਵਾਨ ਮੂਲ ਰਾਜ ਦੀ ਸੰਮਤੀ ਨਾਲ ਵਾਨਜ਼ ਐਗਨਯੂ ਤੇ ਐਂਡਰਸਨ ਜਦੋਂ ਮੁਲਤਾਨ ਦੇ ਕਿਲ੍ਹੇ ਵਿਚ ਜਾਂਦੇ ਪਏ ਸਨ ਤਾਂ ਉਹ ਦੋਵੇਂ ਅੰਗਰੇਜ਼ ਦੋ ਸਿੰਘਾਂ ਨੇ ਕਿਲ੍ਹੇ ਦੇ ਪੁਲ ਉਤੇ ਅਚਾਨਕ ਮਾਰ ਦਿਤੇ ਸਨ ਅਤੇ ਅੰਗਰੇਜ਼ ਇਤਿਹਾਸਕਾਰ ਲਿਖਦੇ ਹਨ ਕਿ ਇਨ੍ਹਾਂ ਦੋਹਾਂ ਦਾ ਕਤਲ ਦੀਵਾਨ ਮੂਲ ਰਾਜ ਦੀ ਧੋਖੇਬਾਜ਼ੀ ਨਾਲ ਹੋਇਆ ਹੈ। ਥੈਕਵੈੱਲ ਸਾਹਿਬ—ਜਿਸ ਨੇ ਦੂਜੇ ਸਿਖ ਯੁੱਧ ਦਾ ਇਤਿਹਾਸ ਯੁੱਧ ਹੋਣ ਤੋਂ ਇਕ ਵਰ੍ਹੇ ਦੇ ਅੰਦਰ ਅੰਦਰ ਲਿਖਿਆ ਹੈ ਤੇ ਜੋ ਆਪ ਦੂਜੇ ਸਿਖ ਯੁੱਧ ਵਿਚ ਆਪਣੇ ਆਪਣੇ ਚਾਚਾ ਜਨਰਲ ਥੈਕਵੈੱਲ ਨਾਲ ਸ਼ਾਮਲ ਸੀ—ਵੀ ਦੀਵਾਨ ਮੂਲ ਰਾਜ ਉਤੇ ਧੋਖੇਬਾਜ਼ੀ ਦਾ ਦੂਸ਼ਣ ਲਾਉਂਦਾ ਹੈ। ਸਰ ਹੈਨਰੀ ਡੀਯੂਰੈਂਡ ਇਸ ਦੀ ਬਾਬਤ ਹਾਲਾਤ ਰਤਾ ਵਧੀਕ ਦਰੁਸਤ ਸਮਝਦਾ ਜਾਪਦਾ ਹੈ, ਭਾਵੇਂ ਬਿਲਕੁਲ ਠੀਕ ਨਹੀਂ। ਉਸ ਦਾ ਖ਼ਿਆਲ ਹੈ ਕਿ ਅੰਗਰੇਜ਼ ਲਾਹੌਰ ਦਰਬਾਰ ਵਿਚ ਆਪਣੇ ਦਖ਼ਲ ਨੂੰ ਹਰਮਨ-ਪਿਆਰਾ ਨਹੀਂ ਬਣਾ ਸਕੇ ਤੇ ਦੀਵਾਨ ਮੂਲ ਰਾਜ ਨੇ ਫ਼ਰੇਬ ਨਹੀਂ ਕੀਤਾ, ਸਗੋਂ ਇਹ ਕਤਲ ਸਿੰਘਾਂ ਦੇ ਸਾਡੇ (ਅੰਗਰੇਜ਼ਾਂ) ਵਿਰੁਧ ਜੋਸ਼ ਦਾ ਸਮੇਂ ਤੋਂ ਪਹਿਲਾਂ ਜ਼ਾਹਰ ਹੋ ਜਾਣ ਦਾ ਨਿਸ਼ਾਨ ਸੀ। ਇਸ ਨੂੰ ਦੀਵਾਨ ਮੂਲ ਰਾਜ ਨੇ ਵੀ ਆਪਣੀ ਹੱਤਕ ਸਮਝਿਆ, ਪਰ ਉਹ ਜਾਂ ਆਪਣੇ ਸਿਪਾਹੀਆਂ ਨੂੰ ਰੋਕ ਨਹੀਂ ਸੀ ਸਕਦਾ ਜਾਂ ਰੋਕਣਾ ਨਹੀਂ ਚਾਹੁੰਦਾ ਸੀ। ਪਰ ਅਸਲ ਭੇਤ ਸਰ ਹੈਨਰੀ ਡੀਯੂਰੈਂਡ ਨੂੰ ਵੀ ਮਲੂਮ ਹੋਇਆ ਨਹੀਂ ਜਾਪਦਾ।

ਇਸੇ ਤਰ੍ਹਾਂ ਅੰਗਰੇਜ਼ ਇਤਿਹਾਸਕਾਰ ਰਾਜਾ ਸ਼ੇਰ ਸਿੰਘ ਦੇ ਅਚਾਨਕ ਅੰਗਰੇਜ਼ਾਂ ਦੇ ਵਿਰੁੱਧ ਹੋ ਜਾਣ 'ਤੇ ਸਖ਼ਤ ਹੈਰਾਨ ਹਨ। ਰਾਜਾ ਸ਼ੇਰ ਸਿੰਘ ਲਾਹੌਰ ਦਰਬਾਰ ਦੇ ਸੱਚੇ ਹਮਦਰਦ ਤੇ ਮਦਦਗਾਰ ਸਨ। ਅੰਗਰੇਜ਼ਾਂ ਦਾ ਦਖ਼ਲ ਹੋ ਜਾਣ ਤੋਂ ਮਗਰੋਂ ਵੀ

ਉਹ ਓਸੇ ਤਰ੍ਹਾਂ ਲਾਹੌਰ ਦਰਬਾਰ ਦੇ ਸੱਚੇ ਆਗਿਆਕਾਰ ਰਹੇ, ਉਨ੍ਹਾਂ ਦਾ ਅੰਗਰੇਜ਼ਾਂ ਨਾਲ ਖ਼ਾਸ ਕਰਕੇ ਵਧੀਕ ਮੇਲ-ਜੋਲ ਸੀ ਤੇ ਉਹ ਅੰਗਰੇਜ਼ ਅਫ਼ਸਰਾਂ ਨਾਲ ਰਲ ਕੇ ਖੇਡਾਂ ਖੇਡਦੇ ਤੇ ਸ਼ਿਕਾਰ ਜਾਇਆ ਕਰਦੇ ਸਨ ਅਤੇ ਮਿੱਤਰ-ਚਾਰੀ ਰਖਦੇ ਸਨ। ਦੀਵਾਨ ਮੂਲ ਰਾਜ ਦੀ ਲਾਹੌਰ ਦਰਬਾਰ ਨਾਲ ਲੜਾਈ ਛਿੜ ਪੈਣ 'ਤੇ ਉਹ ਦੀਵਾਨ ਮੂਲ ਰਾਜ ਦੇ ਵਿਰੁੱਧ ਸਨ ਤੇ ਫ਼ੌਜ ਸਮੇਤ ਅੰਗਰੇਜ਼ਾਂ ਦੇ ਨਾਲ ਰਹੇ, ਪਰ ਸਾਰੇ ਹੈਰਾਨ ਹਨ ਕਿ ਇਕੋ ਰਾਤ ਪਤਾ ਨਹੀਂ ਕੀ ਹੋਇਆ ਜੋ ਅਗਲੀ ਭਲਕ ਹੀ ਉਹ ਅੰਗਰੇਜ਼ਾਂ ਵਿਰੁੱਧ ਹੋ ਗਏ ਤੇ ਯੁੱਧ ਲਈ ਫ਼ੌਜ ਲੈ ਕੇ ਝਨਾਂ ਦੇ ਕੰਢੇ ਮੈਦਾਨ ਜਾ ਮੱਲਿਆ। ਥੈਕਵੈੱਲ ਸਾਹਿਬ ਵੀ ਰਾਜਾ ਸ਼ੇਰ ਸਿੰਘ ਜ਼ੀ ਦੇ ਅਚਾਨਕ ਅੰਗਰੇਜ਼ਾਂ ਦੇ ਵਿਰੁੱਧ ਹੋ ਜਾਣ ਬਾਬਤ ਹੈਰਾਨੀ ਪਰਗਟ ਕਰਦਾ ਹੈ। ਇਸ ਕਰਕੇ ਕਈ ਵੇਰੀ ਇਹ ਦੂਸ਼ਣ ਵੀ ਦਿੰਦੇ ਹਨ ਕਿ ਪੂਰਬੀ ਰਾਜ-ਕੁਲਾਚਾਰੀਆਂ ਦਾ ਭੇਤ ਨਹੀਂ ਪਾਇਆ ਜਾ ਸਕਦਾ ਕਿ ਉਹ ਪਰਮ ਮਿੱਤਰਤਾ ਦੱਸਦਿਆਂ ਵੀ ਪਤਾ ਨਹੀਂ ਅੰਦਰੋਂ ਕਿੰਨਾ ਕੁ ਵੈਰ ਰਖਦੇ ਹੋਣ।

ਇਨ੍ਹਾਂ ਦੋਹਾਂ ਗੱਲਾਂ ਬਾਬਤ ਕਿਸੇ ਤਰ੍ਹਾਂ ਦੇ ਧੋਖੇ ਦਾ ਇਲਜ਼ਾਮ ਦੇਣ ਦਾ ਕਾਰਨ ਅਸਲ ਵਾਕਿਆਤ ਦਾ ਪਰਗਟ ਨਾ ਹੋਣਾ ਹੈ। ਦਾਸ ਦੇ ਪਿਤਾ ਸਰਦਾਰ ਨੰਦ ਸਿੰਘ ਜੀ ਤੇ ਤਾਇਆ ਸਰਦਾਰ ਸੁੱਚਾ ਸਿੰਘ ਜੀ ਸਿਖ ਫ਼ੌਜ ਵਿਚ ਸਨ ਤੇ ਦੋਵੇਂ ਹੀ ਰਾਜਾ ਸ਼ੇਰ ਸਿੰਘ ਜੀ ਦੇ ਪ੍ਰੇਮ ਦੇ ਪਾਤਰ ਸਨ ਅਤੇ ਦੂਜੇ ਸਿਖ ਯੁੱਧ ਵਿਚ ਲੜਦੇ ਰਹੇ ਸਨ। ਉਹ ਕਈ ਵਾਰੀ ਘਰ ਵਿਚ ਸਿੱਖਾਂ ਦੇ ਰਾਜ ਤੇ ਸਿਖ ਯੁੱਧ ਸੰਬੰਧੀ ਸਮਾਚਾਰ ਵੱਡੇ ਪ੍ਰੇਮ ਤੇ ਜੋਸ਼ ਨਾਲ ਦੱਸਦੇ ਹੁੰਦੇ ਸਨ। ਸ਼ੋਕ ਹੈ ਜੁ ਉਹ ਮੈਨੂੰ ਬਚਪਨ ਵਿਚ ਹੀ ਵਿਛੋੜਾ ਦੇ ਗਏ, ਇਸ ਕਰਕੇ ਵਧੀਕ ਹਾਲਾਤ ਪਤਾ ਨਹੀਂ ਕੀਤੇ ਜਾ ਸਕੇ। ਪਰ ਇਨ੍ਹਾਂ ਦੋਹਾਂ ਘਟਨਾਵਾਂ ਬਾਬਤ ਉਨ੍ਹਾਂ ਜੋ ਕੁਝ ਦੱਸਿਆ ਸੀ, ਉਹ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਤੇ ਅਸਲ ਹਾਲਾਤ ਉਤੇ ਚਾਨਣਾ ਪਾਉਣ ਲਈ ਲਿਖਦਾ ਹਾਂ। ਉਹ ਦੱਸਦੇ ਸਨ ਕਿ ਡੇਰਾ ਇਸਮਾਈਲ ਖ਼ਾਨ ਦੇ ਸਿੰਘਾਂ ਵਿਚ ਅੰਗਰੇਜ਼ਾਂ ਦੇ ਲਾਹੌਰ ਦਰਬਾਰ ਵਿਚ ਦਖ਼ਲ ਹੋਣ ਬਾਬਤ ਸਖ਼ਤ ਅਸ਼ਾਂਤੀ ਸੀ। ਦੋ ਬਹੁਤ ਜੋਸ਼ੀਲੇ ਸਿੰਘਾਂ ਵਿਚ, ਜੋ ਗ਼ਾਲਬਨ ਨਿਹੰਗ ਸਨ, ਗੱਲਾਂ ਹੋ ਰਹੀਆਂ ਸਨ। ਇਕ ਨੇ ਕਿਹਾ ਕਿ "ਅੰਗਰੇਜ਼ ਲਾਹੌਰ ਦਰਬਾਰ ਵਿਚ ਆ ਵੜੇ ਹਨ, ਮੈਂ ਤਾਂ ਜਿਸ ਅੰਗਰੇਜ਼ ਨੂੰ ਪਹਿਲਾਂ ਦੇਖਾਂਗਾ, ਗੋਲੀ ਨਾਲ ਮਾਰ ਦਿਆਂਗਾ।" ਦੂਜੇ ਨੇ ਕਿਹਾ ਕਿ "ਤੂੰ ਤਾਂ ਦੂਰੋਂ ਗੋਲੀ ਮਾਰੇਂਗਾ, ਮੈਂ ਤਲਵਾਰ ਨਾਲ ਜਾ ਕੇ ਸਿਰ ਵੱਢਾਂਗਾ।" ਇਹ ਪ੍ਰਣ ਕਰ ਕੇ ਦੋਵੇਂ ਜਣੇ ਟੁਰ ਪਏ ਤੇ ਦੇਵਨੇਤ ਨਾਲ ਠੀਕ ਉਸੇ ਵੇਲੇ ਮੁਲਤਾਨ ਪਹੁੰਚੇ ਜਿਸ ਵੇਲੇ ਵੈਨਜ਼ ਐਗਨਯੂ ਤੇ ਐਂਡਰਸਨ ਕਿਲ੍ਹੇ ਦੀਆਂ ਚਾਬੀਆਂ ਲੈ ਕੇ ਆਉਂਦੇ ਪਏ ਸਨ। ਉਸ ਵੇਲੇ ਇਕ ਨੇ ਦੂਜੇ ਨੂੰ ਉਸ ਦਾ ਪ੍ਰਣ ਚੇਤੇ ਕਰਾਇਆ ਕਿ ਤੂੰ ਕਹਿੰਦਾ ਸੀ, ਕਿ ਜਦੋਂ ਅੰਗਰੇਜ਼ ਨੂੰ ਪਹਿਲਾਂ ਦੇਖਾਂਗਾ, ਗੋਲੀ ਮਾਰ ਦਿਆਂਗਾ। ਉਸੇ ਵੇਲੇ ਉਨ੍ਹਾਂ ਦੋਹਾਂ ਜੋਸ਼ੀਲੇ ਨਿਹੰਗਾਂ ਸਿੰਘਾਂ ਨੇ ਵੈਨਜ਼ ਐਗਨਯੂ ਤੇ ਐਂਡਰਸਨ ਨੂੰ ਕਤਲ ਕਰ ਦਿੱਤਾ। ਓਹ ਦੋਵੇਂ ਨਾ ਦੀਵਾਨ ਮੂਲ ਰਾਜ ਦੇ ਆਦਮੀ ਸਨ ਤੇ ਨਾ ਹੀ ਦੀਵਾਨ ਮੂਲ ਰਾਜ ਨੂੰ ਉਨ੍ਹਾਂ ਦੀ ਇਸ ਕਾਰਵਾਈ ਦਾ ਸੁਫ਼ਨਾ ਮਾਤਰ ਵੀ ਖ਼ਿਆਲ ਸੀ। ਓਹ ਐਂਡਰਸਨ ਤੇ ਐਗਨਯੂ

ਨੂੰ ਪੂਰੀ ਪੂਰੀ ਨੇਕ-ਨੀਅਤ ਨਾਲ ਲਿਜਾ ਰਿਹਾ ਸੀ ਤੇ ਉਨ੍ਹਾਂ ਦੇ ਕਤਲ ਲਈ ਓਹ ਉਤਨਾ ਹੀ ਨਿਰਦੋਸ਼ ਹੈ ਜਿਤਨਾ ਕਿ ਕੋਈ ਹੋ ਸਕਦਾ ਹੈ।

ਉਨ੍ਹਾਂ ਦੇ ਕਤਲ ਹੋਣ ਤੋਂ ਮਗਰੋਂ ਉਹ ਹੈਰਾਨ ਸੀ ਕਿ ਕੀ ਕਰੇ। ਉਸ ਨੇ ਸੋਚ ਲਿਆ ਕਿ ਹੁਣ ਮੇਰੇ ਲਈ ਯੁੱਧ ਕਰਨ ਤੋਂ ਛੁਟ ਹੋਰ ਕੋਈ ਰਾਹ ਨਹੀਂ। ਮੈਂ ਹਜ਼ਾਰ ਸੌਂਹਾਂ ਖਾਵਾਂ, ਕਿਸੇ ਮੈਨੂੰ ਨਿਰਦੋਸ਼ ਨਹੀਂ ਮੰਨਣਾ, ਇਹ ਵਿਚਾਰ ਕੇ ਓਹ ਆਕੀ ਹੋ ਗਿਆ।

ਰਾਜਾ ਸ਼ੇਰ ਸਿੰਘ ਜੀ ਵੀ ਜਦੋਂ ਅੰਗਰੇਜ਼ਾਂ ਦੇ ਨਾਲ ਸਨ ਤਾਂ ਸੱਚੇ ਦਿਲ ਨਾਲ ਸਨ। ਉਨ੍ਹਾਂ ਦੇ ਪਿਤਾ ਸਰਦਾਰ ਚਤਰ ਸਿੰਘ ਜੀ ਅੰਗਰੇਜ਼ਾਂ ਵੱਲੋਂ ਕੁਝ ਕਾਰਨਾਂ ਕਰਕੇ ਨਰਾਜ਼ ਸਨ। ਉਨ੍ਹਾਂ ਨੇ ਰਾਜਾ ਸ਼ੇਰ ਸਿੰਘ ਨੂੰ ਲਿਖਿਆ ਕਿ 'ਜੇ ਤੂੰ ਮੇਰਾ ਪੁੱਤਰ ਹੈਂ ਤਾਂ ਦੀਵਾਨ ਮੂਲ ਰਾਜ ਨਾਲ ਰਲ ਜਾ ਤੇ ਅੰਗਰੇਜ਼ਾਂ ਨਾਲ ਲੜ, ਤੇ ਜੇ ਮੇਰਾ ਪੁੱਤਰ ਨਹੀਂ, ਕਿਸੇ ਹੋਰ (....) ਦਾ ਪੁੱਤਰ ਹੈਂ ਤਾਂ ਜੋ ਤੇਰਾ ਜੀਅ ਕਰੇ, ਕਰ।' ਅਗਲੀ ਭਲਕ ਹੀ ਰਾਜਾ ਸ਼ੇਰ ਸਿੰਘ ਜੀ ਅੰਗਰੇਜ਼ਾਂ ਤੋਂ ਅੱਡ ਹੋ ਗਏ ਤੇ ਯੁੱਧ ਦਾ ਫ਼ੈਸਲਾ ਕਰ ਲੀਤਾ। ਮੇਰੇ ਪਿਤਾ ਜੀ ਨੇ ਰਾਜ ਸ਼ੇਰ ਸਿੰਘ ਜੀ ਤੋਂ ਇਸ ਤਰ੍ਹਾਂ ਅਚਾਨਕ ਅੰਗਰੇਜ਼ਾਂ ਦੇ ਵਿਰੁੱਧ ਹੋ ਜਾਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਦਸਿਆ ਕਿ ਮੈਂ ਆਪਣੀ ਤੇ ਅੰਗਰੇਜ਼ਾਂ ਦੀ ਤਾਕਤ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ, ਪਰ ਪਿਤਾ ਜੀ ਦੀ ਇਹ ਚਿੱਠੀ ਆਈ ਹੈ। ਹੁਣ ਭਾਵੇਂ ਕੁਝ ਹੋਵੇ, ਰਾਜ ਭਾਗ ਭਾਵੇਂ ਰਹੇ ਤੇ ਭਾਵੇਂ ਜਾਵੇ, ਪਰ ਬਣਾਂਗਾ ਮੈਂ ਪਿਤਾ ਦਾ ਹੀ ਪੁੱਤਰ। ਹੁਣ ਮੇਰੇ ਵਸ ਨਹੀਂ, ਮੈਂ ਪਿਤਾ ਜੀ ਦਾ ਹੁਕਮ ਮੰਨਣ ਲਈ ਮਜਬੂਰ ਹਾਂ।

ਸੋ ਰਾਜਾ ਸ਼ੇਰ ਸਿੰਘ ਜੀ ਬਾਬਤ ਇਹ ਖ਼ਿਆਲ ਕਰਨਾ ਕਿ ਉਨ੍ਹਾਂ ਨੇ ਫ਼ਰੇਬ ਕੀਤਾ ਜਾਂ ਓਹ ਐਨੇ ਮਿੱਤਰ ਹੁੰਦਿਆਂ ਹੋਇਆਂ ਵੀ ਦਿਲੋਂ ਅੰਗਰੇਜ਼ਾਂ ਦੇ ਵੈਰੀ ਸਨ, ਉੱਕਾ ਹੀ ਗ਼ਲਤ ਹੈ। ਜਿਸ ਵੇਲੇ ਓਹ ਮਿੱਤਰਤਾ ਦੱਸਦੇ ਸਨ ਦਿਲੋਂ ਸੱਚੇ ਮਿੱਤਰ ਸਨ, ਤੇ ਜਿਸ ਵੇਲੇ ਮਿੱਤਰਤਾ ਛੱਡੀ ਓਸੇ ਵੇਲੇ ਅਗਲੀ ਭਲਕ ਹੀ ਲੜਾਈ ਦਾ ਐਲਾਨ ਕਰ ਦਿੱਤਾ। ਉਸ ਤੋਂ ਬਾਅਦ ਇਕ ਦਿਨ ਵੀ ਅੰਗਰੇਜ਼ਾਂ ਦੇ ਨਾਲ ਮਿੱਤਰਤਾ ਨਹੀਂ ਦੱਸੀ।

ਇਕ ਦੋ ਹੋਰ ਵਾਕਿਅਤ ਵੀ ਜੋ ਪਿਤਾ ਜੀ ਨੇ ਦੱਸੇ ਸਨ, ਦਿਲਚਸਪੀ ਤੋਂ ਖ਼ਾਲੀ ਨਹੀਂ ਹੋਣਗੇ। ਪਿਤਾ ਜੀ ਜਿਸ ਦਸਤੇ ਵਿਚ ਸਨ, ਉਹ ਗੁਜਰਾਤ ਦੀ ਲੜਾਈ ਵਿਚ ਦੋਸਤ ਮੁਹੰਮਦ ਖ਼ਾਨ ਦੇ ਦਸਤੇ ਦੇ ਨਾਲ ਸੀ ਤੇ ਪਿਤਾ ਜੀ ਦੱਸਦੇ ਸਨ ਕਿ ਸਭ ਤੋਂ ਪਹਿਲਾਂ ਦੋਸਤ ਮੁਹੰਮਦ ਖ਼ਾਂ ਦਾ ਦਸਤਾ ਨੱਸਿਆ ਸੀ, ਤੇ ਉਸ ਤੋਂ ਮਗਰੋਂ ਸਿੱਖਾਂ ਵਿਚ ਹਫੜਾ-ਦਫੜੀ ਪਈ ਸੀ।

ਆਪਣੀ ਜ਼ਾਤੀ ਗੱਲ ਦੱਸਦੇ ਸਨ ਕਿ ਪਹਿਲਾਂ ਜਦੋਂ ਆਮ ਫ਼ੌਜ ਮੂੰਹ ਮੋੜੀ ਜਾਂਦੀ ਸੀ ਤਾਂ ਆਪ ਨੇ ਤੇ ਆਪ ਦੇ ਤ੍ਰੈ ਚਾਰ ਸਾਥੀਆਂ ਨੇ ਇਕ ਚੇਤ ਸਿੰਘ ਨਾਮੀ ਸਿਖ ਦੇ ਪਿਛੇ ਗੋਲੀ ਲੱਗੀ ਡਿੱਠੀ। ਉਹ ਡਾਢਾ ਬਿਹਬਲ ਸੀ, ਉਸ ਨੂੰ ਜਲ ਪਿਲਾਇਆ ਤੇ ਫੇਰ ਸਾਰੇ ਸਾਥੀਆਂ ਨੇ ਵਿਚਾਰ ਕੀਤੀ ਕਿ ਸਿਖ ਦਾ ਧਰਮ ਰਣ

ਵਿਚ ਪਿੱਠ ਦੇ ਕੇ ਜਾਣਾ ਨਹੀਂ। ਜੇ ਪ੍ਰਾਣ ਜਾਣੇ ਹਨ ਤਾਂ ਨੱਠਦਿਆਂ ਵੀ ਚਲੇ ਜਾਣਗੇ, ਪਰ ਸਿਖ ਨੂੰ ਪਿੱਠ ਪਿੱਛੇ ਘਾਓ ਨਹੀਂ ਖਾਣਾ ਚਾਹੀਦਾ। ਸੋ ਸਾਰੇ ਸਾਥੀ ਉਥੇ ਹੀ ਸਨਮੁਖ ਹੋ ਅਰਦਾਸਾ ਕਰ ਕੇ ਖੜੋ ਗਏ ਤੇ ਜਦੋਂ ਤੱਕ ਦਾਰੂ ਸਿੱਕਾ ਕੋਲ ਰਿਹਾ, ਬੰਦੂਕਾਂ ਚਲਾਉਂਦੇ ਰਹੇ ਤੇ ਸੂਰਜ ਛਿਪਣ ਵੇਲੇ ਲੜਾਈ ਬੰਦ ਹੋਣ ਤਕ ਉਥੇ ਹੀ ਖੜੋਤੇ ਰਹੇ ਤੇ ਸਾਰੀ ਫ਼ੌਜ ਤੁਰ ਜਾਣ ਤੇ ਲੜਾਈ ਬੰਦ ਹੋ ਜਾਣ ਉਪਰ ਉਥੋਂ ਹਿੱਲੇ। ਇਹ ਕੁਝ ਰੱਬ ਦੀ ਖੇਡ ਹੀ ਸੀ ਕਿ ਇਸ ਤਰ੍ਹਾਂ ਡੱਟੇ ਹੋਏ ਵੀ ਬਚ ਰਹੇ। ਸੱਚ ਹੈ—'ਜਿਸੁ ਰਾਖੈ ਤਿਸੁ ਕੋਈ ਨ ਮਾਰੈ।'

# ਮਹਾਰਾਜਾ ਨੌ-ਨਿਹਾਲ ਸਿੰਘ ਦੀ ਮੌਤ

## ਅੱਖੀਂ ਡਿੱਠੇ ਹਾਲ

### [ਸ੍ਰੀ ਮਾਨ ਬਾਬਾ ਪ੍ਰੇਮ ਸਿੰਘ ਜੀ ਹੋਤੀ]

ਮਹਾਰਾਜਾ ਨੌ-ਨਿਹਾਲ ਸਿੰਘ ਦੀ ਮੌਤ ਸੰਬੰਧੀ ਅਨੇਕ ਇਤਿਹਾਸਕਾਰਾਂ ਨੇ ਹਾਲਾਤ ਲਿਖੇ ਹਨ, ਪਰ ਸਭ ਤੋਂ ਵਿਸਥਾਰ ਸਹਿਤ ਅਤੇ ਪਰਮਾਣੀਕ ਹਾਲ ਜੋ ਕਰਨਲ ਗਾਰਡਨਰ ਨੇ ਲਿਖੇ, ਉਹ ਇਤਿਹਾਸਕ ਨੁਕਤੇ ਤੋਂ ਬਹੁ-ਮੁੱਲੀ ਲਿਖਤ ਹੈ, ਕਿਉਂਕਿ ਇਸ ਨੇ ਜਿੰਨੇ ਕੁ ਹਾਲ ਅੱਖੀਂ ਡਿੱਠੇ ਸਨ ਓਨੇ ਹੀ ਲਿਖੇ ਹਨ, ਸੁਣੀਆਂ ਸੁਣਾਈਆਂ ਗੱਲਾਂ ਬਹੁਤ ਘਟ ਲਿਖੀਆਂ ਹਨ। ਇਸ ਘਟਨਾ ਸੰਬੰਧੀ ਆਪ ਦੀ ਲਿਖਤ ਦਾ ਸੰਖੇਪ ਭਾਵ ਇਹ ਹੈ :

"ਮੈਂ ਖ਼ੁਦ ਮਹਾਰਾਜਾ ਖੜਗ ਸਿੰਘ ਦੇ ਅੰਤਮ ਸਸਕਾਰ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਲਾਗੇ ਹਾਜ਼ਰ ਸਾਂ। ਜਿਸ ਸਮੇਂ ਮਹਾਰਾਜਾ ਦੀ ਚਿਖਾ ਨੂੰ ਅੱਗ ਲਗਾਈ ਗਈ, ਮੈਂ ਐਨ ਧਿਆਨ ਸਿੰਘ ਦੇ ਨਾਲ ਹੀ ਖੜਾ ਸਾਂ। ਨਵਾਂ ਮਹਾਰਾਜਾ (ਨੌ-ਨਿਹਾਲ ਸਿੰਘ) ਚਿਖਾ ਦੇ ਲਾਗੇ ਹੀ ਖੜਾ ਸੀ। ਇਸ ਸਮੇਂ ਧਿਆਨ ਸਿੰਘ ਨੇ ਮੇਰੇ ਕੰਨ ਵਿਚ ਆਖਿਆ ਕਿ ਛੇਤੀ ਜਾ ਕੇ ਆਪਣੇ ਤੋਪਖ਼ਾਨੇ ਦੇ ਚਾਲੀ ਜਵਾਨ ਬਿਨਾਂ ਵਰਦੀ ਖੁਲ੍ਹੇ ਕਪੜਿਆਂ ਵਿਚ ਲੈ ਕੇ ਇਥੇ ਪਹੁੰਚ ਜਾਓ। ਓਸ ਸਮੇਂ ਨਾ ਤਾਂ ਮੈਨੂੰ ਇਹ ਦਸਿਆ ਗਿਆ ਕਿ ਆਦਮੀ ਕਿਸ ਮਤਲਬ ਲਈ ਬੁਲਾਏ ਗਏ ਹਨ ਅਤੇ ਨਾ ਹੀ ਮੈਂ ਖ਼ੁਦ ਇਸ ਬੁਝਾਰਤ ਨੂੰ ਸਮਝ ਸਕਿਆ, ਜਦ ਤਕ ਕਿ ਇਹ ਘਟਨਾ ਪੇਸ਼ ਨਾ ਆਈ। ਮੈਂ ਛੇਤੀ ਛੇਤੀ ਆਪਣੇ ਆਦਮੀ ਨਾਲ ਲੈ ਕੇ ਇਥੇ ਅਜੇ ਪਹੁੰਚਿਆ ਹੀ ਸਾਂ ਕਿ ਕੀ ਵੇਖਦਾ ਹਾਂ ਕਿ ਉਸੇ ਵਕਤ ਹੀ ਇਹ ਆਫ਼ਤ ਵਾਕਿਆ ਹੋਈ ਸੀ। ਮਹਾਰਾਜਾ ਨੌ-ਨਿਹਾਲ ਸਿੰਘ ਸਮਾਧ ਵਲੋਂ ਕਿਲ੍ਹੇ ਨੂੰ ਆ ਰਿਹਾ ਸੀ ਤੇ ਰਸਤੇ ਵਿਚ ਇਕ ਮਹਿਰਾਬ (ਡਾਟ) ਵਿਚੋਂ ਗੁਜ਼ਰ ਕੇ ਇਧਰ ਆਉਣਾ ਪੈਂਦਾ ਸੀ, ਇਹ (ਮਹਾਰਾਜਾ) ਇਸ ਡਾਟ ਵਿਚੋਂ ਨਿਕਲ ਹੀ ਰਿਹਾ ਸੀ ਕਿ ਉਪਰੋਂ ਇਕ ਭਿਆਨਕ ਅਵਾਜ਼ ਸੁਣੀ ਗਈ ਜਿਸ ਦੇ ਨਾਲ ਹੀ ਦਰਵਾਜ਼ੇ ਦੇ ਉਪਰਲੇ ਹਿੱਸੇ ਦੀਆਂ ਇੱਟਾਂ ਪੱਥਰ ਆਦਿ ਇਸ ਪਰ ਆ ਪਏ; ਜਿਸ ਦੀ ਸੱਟ ਨਾਲ ਮਹਾਰਾਜਾ ਤੇ ਊਧਮ ਸਿੰਘ ਜ਼ਮੀਨ ਉਪਰ ਡਿੱਗ ਪਏ। ਊਧਮ ਸਿੰਘ ਤਾਂ ਉਸੇ ਹੀ ਥਾਂ ਮਰ ਗਿਆ ਤੇ ਮਹਾਰਾਜਾ ਨੌ-ਨਿਹਾਲ

ਸਿੰਘ ਨੇ ਸੱਟ ਦੇ ਬਾਅਦ ਆਪਣੇ ਆਪ ਉੱਠਣ ਦੀ ਹਿੰਮਤ ਕੀਤੀ ਅਤੇ ਨਾਲ ਦੇ ਸਾਥੀਆਂ ਨੂੰ 'ਪਾਣੀ ਦਿਓ' ਦੀ ਅਵਾਜ਼ ਮਾਰੀ। ਇਸ ਸਮੇਂ ਵਜ਼ੀਰ ਧਿਆਨ ਸਿੰਘ ਅਗੇ ਵਧਿਆ ਤੇ ਮਹਾਰਾਜੇ ਨੂੰ ਪਾਲਕੀ ਵਿਚ ਪਵਾ ਕੇ ਮਹਿਲ (ਕਿਲ੍ਹੇ) ਵਿਚ ਲੈ ਗਿਆ ਤੇ ਅੰਦਰੋਂ ਕਿਲ੍ਹੇ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ, ਅਤੇ ਪਹਿਰੇਦਾਰਾਂ ਨੂੰ ਹੁਕਮ ਦੇ ਦਿੱਤਾ ਕਿ ਕਿਸੇ ਨੂੰ ਭੀ ਕਿਲ੍ਹੇ ਅੰਦਰ ਨਾ ਆਉਣ ਦੇਵੋ। ਕਈ ਜ਼ਿੰਮੇਵਾਰ ਸਿਖ ਸਰਦਾਰਾਂ ਨੇ ਮਹਾਰਾਜਾ ਨੌਂ-ਨਿਹਾਲ ਸਿੰਘ ਨੂੰ ਦੇਖਣਾ ਚਾਹਿਆ ਜਿਨ੍ਹਾਂ ਵਿਚ ਮਹਾਰਾਜੇ ਦੇ ਨਜ਼ੀਕੀ ਸੰਬੰਧੀ ਸੰਧਾਂਵਾਲੀਏ ਸਰਦਾਰ ਵੀ ਸਨ, ਪਰ ਧਿਆਨ ਸਿੰਘ ਨੇ ਕਿਸੇ ਨੂੰ ਭੀ ਕਿਲ੍ਹੇ ਵਿਚ ਵੜਨ ਨਾ ਦਿੱਤਾ। ਹੁਣ ਜਦ ਇਹ ਸੁੱਧ ਭੁਲਾ ਦੇਣ ਵਾਲੀ ਖ਼ਬਰ ਮਹਾਰਾਣੀ ਚੰਦ ਕੌਰ ਨੇ ਸੁਣੀ ਤਾਂ ਓਹ ਆਪਣੇ ਲਾਡਲੇ ਤੇ ਇਕਲੌਤੇ ਪੁੱਤਰ ਦੇ ਪਿਆਰ ਵਿਚ ਬੇ-ਸੁਧ, ਚਿੰਤਾ ਦੇ ਸਮੁੰਦਰ ਵਿਚ ਡੁੱਬੀ ਹੋਈ ਡਾਢੀ ਤੇਜ਼ੀ ਨਾਲ ਭਜਦੀ ਹੋਈ ਆਈ, ਪਰ ਅਗੇ ਦਰਵਾਜ਼ੇ ਬੰਦ ਸਨ। ਉਨ੍ਹਾਂ ਦੇ ਖੁਲ੍ਹਾਣ ਲਈ ਉਸ ਨੇ ਬੜੇ ਹੀ ਕੀਰਨੇ ਪਾਏ ਅਤੇ ਆਪਣੇ ਨਾਜ਼ਕ ਹੱਥਾਂ ਨਾਲ ਦੇਰੀ ਤਕ ਕਿਲ੍ਹੇ ਦੇ ਦਰਵਾਜ਼ੇ ਕੁਟਦੀ ਰਹੀ, ਜਿਸ ਨਾਲ ਇਸ ਦੇ ਹੱਥ ਲਹੂ-ਲੁਹਾਨ ਹੋ ਗਏ, ਪਰ ਸ਼ੋਕ ਕਿ ਇਸ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਨਾ-ਕੇਵਲ ਉਸ ਦੀ ਪਿਆਰੀ ਮਾਂ ਨੂੰ ਆਪਣੇ ਪੁੱਤਰ ਦੇ ਛੇਕੜ ਵਾਰੀ ਮੂੰਹ ਦੇਖਣ ਤੋਂ ਵਾਂਜਿਆਂ ਰਖਿਆ ਗਿਆ, ਸਗੋਂ ਉਸ ਦੀਆਂ ਰਾਣੀਆਂ ਨੂੰ ਵੀ ਉਸ ਦੇ ਅੰਤਮ ਦਰਸ਼ਨ ਨਾ ਕਰਨ ਦਿੱਤੇ। ਕਿਲ੍ਹੇ ਦੇ ਅੰਦਰ ਸ਼ਾਹੀ ਮਹਿਲ ਦੇ ਦਰਵਾਜ਼ੇ ਇਸ ਤੋਂ ਭੀ ਵੱਧ ਕਰੜਾਈ ਨਾਲ ਬੰਦ ਰਖੇ ਗਏ ਸਨ, ਜਿਨ੍ਹਾਂ ਦੇ ਨਜ਼ਦੀਕ ਕੋਈ ਭੀ ਨਹੀਂ ਸੀ ਫਟਕ ਸਕਦਾ। ਫ਼ਸੀਲ ਦੇ ਡਿੱਗਣ ਦੇ ਪਿਛੋਂ ਜਿਨ੍ਹਾਂ ਕਹਾਰਾਂ ਨੇ ਮਹਾਰਾਜਾ ਨੌਂ-ਨਿਹਾਲ ਸਿੰਘ ਦੀ ਪਾਲਕੀ ਚੁੱਕ ਕੇ ਕਿਲ੍ਹੇ ਦੇ ਅੰਦਰ ਪਹੁੰਚਾਈ ਸੀ ਓਹ ਮੇਰੇ ਹੀ ਤੋਪਖ਼ਾਨੇ ਦੇ ਜਵਾਨ ਸਨ, ਜਿਨ੍ਹਾਂ ਨੂੰ ਮੈਂ ਧਿਆਨ ਸਿੰਘ ਦੇ ਹੁਕਮ ਨਾਲ ਉਥੇ ਆਂਦਾ ਸੀ। ਪਾਲਕੀ ਨਾਲ ਪੰਜ ਜਵਾਨ ਕਿਲ੍ਹੇ ਵਿਚ ਗਏ ਸਨ, ਜਿਨ੍ਹਾਂ ਵਿਚੋਂ ਦੋ ਤਾਂ ਬਹੁਤ ਛੇਤੀ ਕਤਲ ਕਰਵਾ ਦਿੱਤੇ ਗਏ ਅਤੇ ਦੋ ਹੋਰ ਆਪਣੇ ਆਪ ਨੂੰ ਖ਼ਤਰੇ ਵਿਚ ਦੇਖ ਕੇ ਹਿੰਦੁਸਤਾਨ ਵਲ ਰਾਤੋ ਰਾਤ ਨੱਸ ਗਏ। ਅਤੇ ਪੰਜਵੇਂ ਦਾ ਮੈਨੂੰ ਕੁਝ ਪਤਾ ਨਾ ਲੱਗ ਸਕਿਆ ਕਿ ਓਸ ਨਾਲ ਕੀ ਬੀਤੀ। ਕਹਾਰਾਂ ਦੇ ਕਤਲ ਕਰਾਣ ਦਾ ਸਬੱਬ ਇਹ ਸੀ ਕਿ ਉਨ੍ਹਾਂ ਵਿਚੋਂ ਇਕ ਨੇ ਇਸ ਰਾਜ਼ਦਾਰੀ ਦਾ ਇਕਬਾਲ ਕੀਤਾ ਤੇ ਦੱਸਿਆ ਕਿ ਜਦ ਧਿਆਨ ਸਿੰਘ ਨੇ ਮਹਾਰਾਜਾ ਨੂੰ ਜ਼ਮੀਨ ਤੋਂ ਚੁੱਕ ਕੇ ਪਾਲਕੀ ਵਿਚ ਪਾਇਆ ਤਾਂ ਓਸ ਨੇ (ਕਹਾਰ ਨੇ) ਡਿੱਠਾ ਸੀ ਕਿ ਮਹਾਰਾਜੇ ਦੇ ਸੱਜੇ ਕੰਨ ਤੋਂ ਥੋੜ੍ਹਾ ਉਤਾਹਾਂ ਇਕ ਮਮੂਲੀ ਜਿਹਾ ਫੱਟ ਸੀ, ਜਿਸ ਤੋਂ ਬਹੁਤ ਥੋੜ੍ਹਾ ਖ਼ੂਨ ਸਿਮ ਰਿਹਾ ਸੀ, ਅਰਥਾਤ ਜੋ ਸਿਰਹਾਣਾ ਉਸ ਸਮੇਂ ਮਹਾਰਾਜੇ ਦੇ ਸਿਰ ਹੇਠ ਰਖਿਆ ਗਿਆ ਸੀ ਉਸ ਪਰ ਕੇਵਲ ਨਾਨਕ-ਸ਼ਾਹੀ ਰੁਪਏ ਦੀ ਗੋਲਾਈ ਜਿੰਨਾ ਲਹੂ ਦਾ ਨਿਸ਼ਾਨ ਲਗਾ ਸੀ, ਪਰ ਇਹ ਗੱਲ ਬੜੀ ਹੈਰਾਨ ਕਰ ਦੇਣ ਵਾਲੀ ਸੀ ਕਿ ਜਦ ਕੁਝ ਦੇਰੀ ਦੇ ਬਾਅਦ ਉਸ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਗਿਆ, ਜਿਸ ਵਿਚ ਧਿਆਨ ਸਿੰਘ ਨੇ ਪਹਿਲਾਂ ਮਹਾਰਾਜੇ ਦੀ ਪਾਲਕੀ ਰਖਵਾਈ ਸੀ ਤਾਂ

ਅਸੀਂ ਕੀ ਦੇਖਦੇ ਹਾਂ ਕਿ ਉਸ ਕਮਰੇ ਵਿਚ ਲਹੂ ਦੇ ਤਲਾਅ ਲੱਗੇ ਹੋਏ ਹਨ ਅਤੇ ਭਾਰੀ ਮਿਕਦਾਰ ਵਿਚ ਮਹਾਰਾਜਾ ਦੇ ਫੱਟ ਤੋਂ ਖ਼ੂਨ ਜਾਰੀ ਸੀ[1]। ਧਿਆਨ ਸਿੰਘ ਦੇ ਹੁਕਮ ਨਾਲ ਮਹਾਰਾਜਾ ਨੂੰ ਇਸ ਕਮਰੇ ਤੋਂ ਚੁੱਕ ਕੇ ਦੂਜੇ ਕਮਰੇ ਵਿਚ ਪਹੁੰਚਾ ਦਿੱਤਾ ਤੇ ਇਸ ਦਾ ਦਰਵਾਜ਼ਾ ਭੀ ਬੰਦ ਕਰ ਦਿੱਤਾ ਗਿਆ। ਉਸ ਤੋਂ ਭੀ ਵਧ ਹੈਰਾਨਗੀ ਦੀ ਗੱਲ ਇਹ ਸੀ ਕਿ ਜਦ ਸੰਧਾਂਵਾਲੀਆਂ ਸਰਦਾਰਾਂ ਨੇ ਛੇਕੜ ਮਹਾਰਾਜੇ ਦੇ ਕਮਰੇ ਦਾ ਦਰਵਾਜ਼ਾ ਖੁਲ੍ਹਵਾਇਆ ਤਾਂ ਓਹ (ਮਹਾਰਾਜਾ) ਮੁਰਦਾ ਪਿਆ ਸੀ।”

ਮਹਾਰਾਜਾ ਨੌਂ-ਨਿਹਾਲ ਸਿੰਘ ਦੀ ਮੌਤ ਸੰਬੰਧੀ ਕਰਨਲ ਗਾਰਡਨਰ ਦੇ ਅੱਖੀਂ ਡਿੱਠੇ ਹਾਲਾਤ ਨੂੰ ਵਿਚਾਰਨ ਤੇ ਉਸ ਸਮੇਂ ਦੇ ਇਤਿਹਾਸ ਪੜ੍ਹਨ ਦੇ ਬਾਅਦ ਇੰਨੇ ਕੁ ਵਾਕਿਆਤ ਅੱਖਾਂ ਅੱਗੇ ਆ ਖਲੋਂਦੇ ਹਨ:

੧. ਧਿਆਨ ਸਿੰਘ ਦਾ ਕਰਨਲ ਗਾਰਡਨਰ ਦੀ ਰਾਹੀਂ ਚਾਲੀ ਆਦਮੀ ਮੰਗਵਾ ਕੇ ਦਰਵਾਜ਼ੇ ਦੇ ਲਾਗੇ ਮਹਾਰਾਜਾ ਨੌਂ-ਨਿਹਾਲ ਸਿੰਘ ਪਰ ਦੀਵਾਰ ਗਿਰਨ ਵਾਲੀ ਘਟਨਾ ਤੋਂ ਪਹਿਲਾਂ ਓਸੇ ਥਾਂ ਹਾਜ਼ਰ ਰਖਣਾ।

੨. ਦਰਵਾਜ਼ੇ ਦੀ ਫ਼ਸੀਲ ਗਿਰਨ ਤੋਂ ਪਹਿਲਾਂ ਕਿਸੇ ਨਾ-ਮਲੂਮ ਕੰਮ ਲਈ ਧਿਆਨ ਸਿੰਘ ਦਾ ਓਥੇ ਪਾਲਕੀ ਦਾ ਮੌਜੂਦ ਰਖਣਾ।

੩. ਮਹਾਰਾਜਾ ਨੌਂ-ਨਿਹਾਲ ਸਿੰਘ ਨੂੰ ਧਿਆਨ ਸਿੰਘ ਦਾ ਚੁਕਵਾ ਕੇ ਕਿਲ੍ਹੇ ਵਿਚ ਲੈ ਜਾਣਾ ਤੇ ਕਿਲ੍ਹੇ ਦੇ ਸਭ ਦਰਵਾਜ਼ੇ ਬੰਦ ਕਰਵਾ ਕੇ ਅੰਦਰ ਕਿਸੇ ਸਿਖ ਸਰਦਾਰ ਨੂੰ ਨਾ ਜਾਣ ਦੇਣਾ।

੪. ਮਹਾਰਾਣੀ ਚੰਦ ਕੌਰ ਅਤੇ ਨਾਨਕੀ ਜੀ ਦੇ ਦਰਵਾਜ਼ੇ ਖੁਲ੍ਹਾਣ ਲਈ ਆਪਣੇ ਹੱਥ ਦਰਵਾਜ਼ੇ 'ਤੇ ਮਾਰ ਮਾਰ ਲਹੂ-ਲੁਹਾਨ ਕਰ ਲੈਣਾ, ਪਰ ਧਿਆਨ ਸਿੰਘ ਦਾ ਇਨ੍ਹਾਂ ਨੂੰ ਮਹਾਰਾਜਾ ਦੇ ਨੇੜੇ ਨਾ ਜਾਣ ਦੇਣਾ।

੫. ਮਹਾਰਾਜਾ ਦੀ ਪਾਲਕੀ ਚੁਕਣ ਵਾਲੇ ਕਹਾਰਾਂ ਨੂੰ ਧਿਆਨ ਸਿੰਘ ਦਾ ਕਿਲ੍ਹੇ ਦੇ ਅੰਦਰ ਕੀਤੀ ਕਰਤੂਤ ਦਾ ਪਤਾ ਹੋਣਾ, ਜਿਸ ਦੇ ਬਦਲੇ ਉਨ੍ਹਾਂ ਨੂੰ ਧਿਆਨ ਸਿੰਘ ਵਲੋਂ ਕਤਲ ਕਰਵਾਣਾ।

੬. ਸਰ ਲੈਪਲ ਗ੍ਰਿਫ਼ਨ ਲਿਖਦਾ ਹੈ ਕਿ ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਉਸ ਸਮੇਂ ਅਜਿਹੇ ਬਹੁਤ ਸਾਰੇ ਆਦਮੀ ਮੌਜੂਦ ਸਨ ਜੋ ਬੜੇ ਹੀ ਬਾ-ਖ਼ਬਰ ਅਤੇ ਮੰਨੇ-ਪਰਮੰਨੇ ਲਾਇਕ ਪਰਸਿੱਧ ਸਨ, ਜਿਨ੍ਹਾਂ ਨੂੰ ਐਸੀਆਂ ਸਾਜ਼ਸ਼ਾਂ ਦੀ ਅੰਦਰੂਨੀ ਹਾਲਤ ਦੀ ਵਾਕਫ਼ੀ ਸੀ। ਓਹ ਖੁਲ੍ਹ-ਮਖੁੱਲ੍ਹਾ ਧਿਆਨ ਸਿੰਘ ਨੂੰ ਮਹਾਰਾਜਾ ਨੌਂ-ਨਿਹਾਲ ਸਿੰਘ ਦੇ ਕਤਲ ਦਾ ਦੋਸ਼ੀ ਠਹਿਰਾਂਦੇ ਸਨ।

੭. ਓਹ ਇਹ ਗੱਲ ਦਾਅਵੇ ਨਾਲ ਸਾਬਤ ਕਰਦੇ ਸਨ ਕਿ ਮਹਾਰਾਜਾ ਉਪਰ ਧਿਆਨ ਸਿੰਘ ਦੇ ਹੁਕਮ ਨਾਲ ਦਰਵਾਜ਼ੇ ਦੀ ਫ਼ਸੀਲ ਡੇਗੀ ਗਈ ਸੀ।

---

੧. ਉਸ ਕਮਰੇ ਦੇ ਅੰਦਰ, ਜਿਸ ਵਿਚ ਮਹਾਰਾਜੇ ਦੀ ਪਾਲਕੀ ਪਹਿਲੇ ਰਖੀ ਸੀ, ਕੇਵਲ ਧਿਆਨ ਸਿੰਘ ਤੇ ਉਸ ਦੇ ਦੋ ਪਹਾੜੀਏ ਨੌਕਰ ਉਸ ਦੇ ਨਾਲ ਸਨ। —ਮੇਜਰ ਸਮਾਇਥ, ਸਫ਼ਾ ੩੬

੮. ਓਹ ਇਹ ਭੀ ਕਹਿੰਦੇ ਸਨ ਕਿ ਮਹਾਰਾਜੇ ਦੇ ਨਾਲ ਊਧਮ ਸਿੰਘ, ਆਪਣੇ ਭਤੀਜੇ, ਨੂੰ ਕੁਰਬਾਨ ਕਰ ਦੇਣ ਨਾਲ ਧਿਆਨ ਸਿੰਘ ਲਈ, ਇਸ ਕਤਲ ਪਰ ਪਰਦਾ ਪਾਣਾ ਬਹੁਤ ਸੌਖਾ ਸੀ।

੯. ਓਹਨਾਂ ਦੀ ਇਹ ਭੀ ਖ਼ਬਰ ਸੀ ਕਿ ਜਿਸ ਵਕਤ ਮਹਾਰਾਜਾ ਨੌਂ-ਨਿਹਾਲ ਸਿੰਘ ਹਜ਼ੂਰੀ ਬਾਗ਼ ਦੇ ਉੱਤਰੀ ਦਰਵਾਜ਼ੇ ਵਿਚ ਵੜਿਆ ਤਾਂ ਹੀਰਾ ਸਿੰਘ, ਧਿਆਨ ਸਿੰਘ ਦਾ ਪੁੱਤਰ, ਸਾਮ੍ਹਣੇ ਵਾਲੀ ਬਾਰਾਂਦਰੀ ਦੀ ਉਪਰਲੀ ਛੱਤ ਪੁਰ ਬੈਠਾ ਦੇਖ ਰਿਹਾ ਸੀ। ਜਿਸ ਵਕਤ ਮਹਾਰਾਜਾ ਨਿਸ਼ਾਨੇ (ਡਾਟ) ਹੇਠ ਆਇਆ ਤਾਂ ਉਸ ਵੇਲੇ (ਹੀਰਾ ਸਿੰਘ) ਦੇ ਰੁਮਾਲ ਦਾ ਇਸ਼ਾਰਾ ਦੇਣ ਨਾਲ ਇਕਾ-ਇਕ ਉਪਰਲੀ ਦੀਵਾਰ ਗਿਰਾਈ ਗਈ।

੧੦. ਇਹ ਭੀ ਕਿਹਾ ਜਾਂਦਾ ਹੈ ਕਿ ਦੀਵਾਰ ਦੇ ਡਿੱਗਣ ਨਾਲ ਮਹਾਰਾਜਾ ਬਹੁਤ ਮਮੂਲੀ ਫੱਟੜ ਹੋਇਆ ਸੀ ਅਤੇ ਉਸ ਦੇ ਮੂੰਹ ਤੋਂ 'ਪਾਣੀ' ਦਾ ਮੰਗਣਾ ਕਈਆਂ ਨੇ ਸੁਣਿਆ, ਪਰ ਜਦ ਧਿਆਨ ਸਿੰਘ ਉਸ ਨੂੰ ਛੇਤੀ ਨਾਲ ਕਿਲ੍ਹੇ ਵਿਚ ਲੈ ਗਿਆ ਤਾਂ ਇਕ ਬੰਦ ਕਮਰੇ ਵਿਚ ਇਸ ਨੂੰ ਮਾਰ ਦਿੱਤਾ ਗਿਆ, ਆਦਿ।

ਉਪਰ-ਲਿਖੇ ਇਨ੍ਹਾਂ ਸਾਰੇ ਵਾਕਿਆਤ ਨੂੰ ਦੀਰਘ-ਦ੍ਰਿਸ਼ਟੀ ਨਾਲ ਵਿਚਾਰਿਆਂ ਆਪਣੇ ਆਪ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਮਹਾਰਾਜਾ ਨੌਂ-ਨਿਹਾਲ ਸਿੰਘ ਦੀ ਮੌਤ ਵਿਚ ਧਿਆਨ ਸਿੰਘ ਦਾ ਹੱਥ ਕਿੰਨਾ ਕੁ ਕੰਮ ਕਰਦਾ ਸੀ।

# ਸਿਖ ਦਰਬਾਰ ਦੇ ਰੋਜ਼-ਨਾਮਚੇ
# ਤੇ
# ਚਿੱਠੀਆਂ-ਪੱਤਰ

(ਜਿਹਾ ਕਿ ਮੈਂ ਅਰੰਭ ਵਿਚ ਲਿਖਿਆ ਸੀ ਕਿ ਸਿਖ ਦਰਬਾਰ ਦਿਆਂ ਰੋਜ਼-ਨਾਮਚਿਆਂ ਤੇ ਪੁਰਾਣੀਆਂ ਚਿੱਠੀਆਂ ਤੋਂ ਉਸ ਸਮੇਂ ਦੇ ਹਾਲਾਂ ਉਤੇ ਕਾਫ਼ੀ ਰੌਸ਼ਨੀ ਪੈਂਦੀ ਹੈ, ਸੁ ਹੇਠਾਂ ਕੁਝ ਨਮੂਨੇ ਦਿੱਤੇ ਜਾਂਦੇ ਹਨ। ਇਨ੍ਹਾਂ ਦੇ ਪੜ੍ਹਨ ਤੋਂ ਪਾਠਕ ਖ਼ੁਦ ਅੰਦਾਜ਼ਾ ਲਾ ਲੈਣਗੇ ਕਿ ਇਹ ਕਿਤਨੀ ਬਹੁ-ਮੁੱਲੀ ਇਤਿਹਾਸਕ ਚੀਜ਼ ਹੈ।)

*—ਕਰਮ ਸਿੰਘ*

## ਮਹਾਰਾਜਾ ਸ਼ੇਰ ਸਿੰਘ ਦੇ ਪਹਿਲੇ ਦਿਨਾਂ ਦੇ ਹਾਲ

(ਇਹ ਚਿੱਠੀ ਕਿਸੇ ਸੁਦਾਗਰ ਖ਼ਾਂ ਦੀ ਲਿਖੀ ਹੋਈ ਹੈ, ਜੋ ਲਾਹੌਰ ਨਵਾਂ ਨਵਾਂ ਹੀ ਆਇਆ ਜਾਪਦਾ ਹੈ। ਚਿੱਠੀ ਉਤੇ ਵਿਸਾਖ ਵਦੀ ੯ ਸੰਮਤ ੧੮੯੮ ਬਿਕ੍ਰਮੀ ਦੀ ਤਰੀਕ ਹੈ।) *—ਕਰਮ ਸਿੰਘ*

"ਇਥੋਂ ਦਾ ਹਾਲ ਇਸ ਤਰ੍ਹਾਂ ਹੈ ਕਿ ਜਦ ਸ਼ੇਰ ਸਿੰਘ ਤਖ਼ਤ ਉਤੇ ਬੈਠਾ ਤਾਂ ਉਸ ਨੇ ਸਾਰੀ ਫ਼ੌਜ ਦੀਆਂ ਤਨਖ਼ਾਹਾਂ ਵਧਾ ਦਿੱਤੀਆਂ—ਸਿਪਾਹੀ ਦਾ ਡੇਢ ਰੁਪਿਆ, ਛੋਟੇ ਅਹੁਦੇਦਾਰ ਦੇ ਪੰਜ ਰੁਪਏ ਤੇ ਵੱਡੇ ਅਹੁਦੇਦਾਰ ਦੇ ਉਸ ਦੀ ਹੈਸੀਅਤ ਮੂਜਬ ਵਧਾਏ ਗਏ ਅਤੇ ਹੁਕਮ ਦੇ ਦਿੱਤਾ ਕਿ ਅਠ ਦਿਨ ਨੌਕਰੀ ਤੇ ਪਰੇਟ ਵਲੋਂ ਛੁੱਟੀ ਹੈ, ਬੇਸ਼ਕ ਮੌਜਾਂ ਕਰੋ। ਜਦ ਸਿਪਾਹੀਆਂ ਨੇ ਸ਼ੇਰ ਸਿੰਘ ਨੂੰ ਨਰਮ ਵੇਖਿਆ ਤਾਂ ਉਹ ਲੋਕਾਂ ਨੂੰ ਲੁੱਟਣ ਲਗ ਪਏ, ਬਲਕਣ ਖ਼ੂਨ ਕਰਨੋਂ ਵੀ ਨਹੀਂ ਸੰਗਦੇ ਸਨ। ਲੋਕਾਂ ਨੇ ਰੌਲਾ ਪਾਇਆ, ਤਾਂ ਸ਼ੇਰ ਸਿੰਘ ਨੇ ਫ਼ੌਜਾਂ ਨੂੰ ਇਸ ਬੁਰੇ ਕੰਮੋਂ ਰੁਕ ਜਾਣ ਦਾ ਹੁਕਮ ਦਿੱਤਾ, ਪਰ ਉਨ੍ਹਾਂ ਨੇ ਸ਼ੇਰ ਸਿੰਘ ਦੇ ਹੁਕਮ ਨੂੰ ਟਿੱਚ ਜਾਤਾ, ਅਤੇ ਆਖਿਆ ਕਿ ਅਸਾਂ ਹੀ ਕਾਨੂੰਵਾਨ ਦੇ ਛੰਭ ਦੇ ਇਕ ਜਾਨਵਰ ਨੂੰ ਪਾਤਸ਼ਾਹ ਬਣਾਇਆ ਹੈ, ਨਹੀਂ ਤਾਂ ਉਹ ਹੈ ਕੀ ਸੀ। ਸੋ ਉਹ ਲੁਟ-ਮਾਰ ਤੋਂ ਨਾ ਟਲੇ, ਸਗੋਂ ਏਕਾ ਕਰ ਕੇ ਵਧੇਰੇ ਫ਼ਸਾਦ ਕਰਨ ਲਗ ਪਏ ਅਤੇ ਆਪਣੀਆਂ ਤਨਖ਼ਾਹਾਂ ਧੱਕੇ ਨਾਲ ਵਧੇਰੇ ਵਧੇਰੇ ਲੈਣ ਲਗ ਪਏ, ਅਤੇ ਕੁਝ ਕੁ ਮੁਸੱਦੀਆਂ ਨੂੰ ਮਾਰ ਵੀ ਦਿੱਤਾ।

"ਗੱਲ ਕੀ, ਫ਼ੌਜ ਦਾ ਕੋਈ ਵੀ ਆਦਮੀ ਸ਼ੇਰ ਸਿੰਘ ਦਾ ਹੁਕਮ ਨਹੀਂ ਮੰਨਦਾ

ਅਤੇ ਨਾ ਹੀ ਨੌਕਰੀ ਪਰੇਟ ਦੇਂਦਾ ਹੈ। ਜਦੋਂ ਜੀ ਕਰਦਾ ਹੈ, ਇਕੱਠੇ ਹੋ ਕੇ ਆ ਕੇ ਆਪਣੀ ਤਲਬ ਮੰਗਣ ਲਗ ਪੈਂਦੇ ਹਨ, ਅਤੇ ਕਹਿੰਦੇ ਹਨ ਕਿ ਰਾਜਾ ਧਿਆਨ ਸਿੰਘ ਨੂੰ ਸਾਡੇ ਹਵਾਲੇ ਕਰ ਦੇਵੋ, ਤਾਂ ਜੁ ਅਸੀਂ ਇਸ ਪਾਸੋਂ ਆਪਣੇ ਬਦਲੇ ਲੈ ਲਈਏ ਅਤੇ ਰਾਜਾ ਧਿਆਨ ਸਿੰਘ ਡਰਦਾ ਮਾਰਿਆ ਆਪਣੀ ਹਵੇਲੀ ਤੋਂ ਬਾਹਰ ਨਹੀਂ ਨਿਕਲਦਾ, ਪਰ ਮੁਸਲਮਾਨਾਂ ਦੀ ਫ਼ੌਜ ਅਤੇ ਤੋਪਖ਼ਾਨੇ ਦੇ ਗੋਲੰਦਾਜ਼ ਤੇ ਕੁਮੇਦਾਨ ਓਸੇ ਤਰ੍ਹਾਂ ਸ਼ੇਰ ਸਿੰਘ ਦਾ ਹੁਕਮ ਮੰਨਦੇ ਹਨ, ਜੀਕੂੰ ਓਹ 'ਸਰਕਾਰ' ਦੇ ਸਮੇਂ ਮੰਨਿਆ ਕਰਦੇ ਸਨ।

"ਹੋਰ ਹਾਲ ਇਹ ਹੈ ਕਿ ਦੀਵਾਨ ਸਾਵਣ ਮੱਲ ਪਾਸ ਮੁਢ ਤੋਂ ਪੰਜ ਪਲਟਣਾਂ ਸਨ। ਜਦ ਓਨ੍ਹਾਂ ਨੇ ਲਾਹੌਰ ਦੀਆਂ ਪਲਟਣਾਂ ਦਾ ਸ਼ੋਰ-ਸ਼ਰਾਬਾ ਸੁਣਿਆ, ਤਾਂ ਓਹ ਵੀ ਵਿਗੜ ਬੈਠੇ, ਤੇ ਫ਼ਸਾਦ ਕਰਨ ਲਗ ਪਏ ਤੇ ਦੀਵਾਨ ਪਾਸ ਆ ਕੇ ਧੱਕੇ ਨਾਲ ਆਪਣੀਆਂ ਤਲਬਾਂ ਮੰਗਣ ਲਗੇ। ਦੀਵਾਨ ਨੇ ਜਦ ਵੇਖਿਆ ਕਿ ਇਨ੍ਹਾਂ ਦੀਆਂ ਅੱਖਾਂ ਫਿਰੀਆਂ ਹੋਈਆਂ ਹਨ, ਤਾਂ ਉਸ ਨੇ ਨਰਮਾਈ ਫੜ ਲਈ ਅਤੇ ਓਸੇ ਵੇਲੇ ਪੰਜ ਲੱਖ ਰੁਪਿਆ ਮੰਗਵਾ ਕੇ ਓਨ੍ਹਾਂ ਦੇ ਸਾਹਮਣੇ ਢੇਰ ਕਰ ਦਿੱਤਾ, ਅਤੇ ਆਖਿਆ ਕਿ ਤੁਸੀਂ ਮੇਰੇ ਪੁਰਾਣੇ ਨੌਕਰ ਹੋ ਤੇ ਕਈ ਵਾਰ ਮੇਰੇ ਵੱਡੇ ਵੱਡੇ ਕੰਮ ਕਰ ਚੁਕੇ ਹੋ, ਸੋ ਜਿਸ ਦੀ ਜਿਤਨੀ ਜਿਤਨੀ ਤਲਬ ਬਣਦੀ ਹੈ, ਲੇਖਾ ਕਰ ਕੇ ਲੈ ਲਵੇ, ਤੇ ਮੇਰੇ ਵਲੋਂ ਤੁਸਾਨੂੰ ਦੋ ਮਹੀਨਿਆਂ ਦੀ ਛੁੱਟੀ ਹੈ, ਹਰ ਕੋਈ ਆਪਣੀ ਬੰਦੂਕ ਤੇ ਤੋਸ਼ਦਾਨ ਤੋਸ਼ੇਖ਼ਾਨੇ ਵਿਚ ਰਖਦਾ ਜਾਵੇ, ਤੇ ਇਥੋਂ ਆਪਣੀ ਰਕਮ ਲੈ ਕੇ ਅਨੰਦ ਨਾਲ ਆਪੋ ਆਪਣੇ ਘਰ ਨੂੰ ਚਲਾ ਜਾਵੇ, ਤੇ ਦੋ ਮਹੀਨੇ ਕੱਟ ਕੇ ਫੇਰ ਆ ਜਾਵੇ। ਇਸ ਗੱਲ ਨੂੰ ਸਭ ਨੇ ਮੰਨ ਲਿਆ, ਤੇ ਆਪਣੀਆਂ ਤਲਬਾਂ ਲੈ ਕੇ ਘਰਾਂ ਨੂੰ ਤੁਰ ਗਏ।

"ਫਿਰ ਦੀਵਾਨ ਨੇ ਝੱਟ ਪੱਟ ਆਪਣੇ ਮੁਸੱਦੀ ਸੱਦੇ ਤੇ ਇਲਾਕੇ ਦੇ ਜ਼ਿਮੀਦਾਰਾਂ ਦੇ ਨਾਂ ਹੁਕਮ ਲਿਖਵਾ ਘੱਲੇ ਕਿ ਸਾਡੀਆਂ ਪਲਟਣਾਂ ਦਾ ਜੋ ਆਦਮੀ ਤੁਸਾਨੂੰ ਟਕਰੇ, ਉਸ ਨੂੰ ਫੜ ਕੇ ਤੇ ਕੈਦ ਕਰ ਕੇ ਸਾਡੇ ਪਾਸ ਪੁਚਾ ਦੇਵੋ ਤੇ ਜੇ ਉਹ ਲੜਾਈ ਕਰੇ, ਤਾਂ ਬੇਸ਼ੱਕ ਜਾਨੋਂ ਮਾਰ ਦੇਵੋ, ਉਨ੍ਹਾਂ ਦਾ ਖ਼ੂਨ ਮਾਫ਼ ਹੈ। ਸੋ ਇਸ ਤਰ੍ਹਾਂ ਸਾਰੇ ਸਿਪਾਹੀ ਫੜੇ ਗਏ, ਤੇ ਦੀਵਾਨ ਪਾਸ ਹਾਜ਼ਰ ਕੀਤੇ ਗਏ। ਦੀਵਾਨ ਸਾਵਣ ਮੱਲ ਨੇ ਉਨ੍ਹਾਂ ਦੀਆਂ ਤਲਬਾਂ ਦਾ ਕਾਗ਼ਜ਼ ਕਢਵਾਇਆ, ਤੇ ਅਸਾਮੀ-ਵਾਰ ਹਰ ਇਕ ਨੂੰ ਜੋ ਜੋ ਰਕਮ ਦਿੱਤੀ ਸੀ, ਉਹ ਲੈ ਲਈ, ਤੇ ਆਪਣੇ ਆਦਮੀਆਂ ਪਾਸੋਂ ਜੁੱਤੀਆਂ ਮਰਵਾ ਕੇ ਉਨ੍ਹਾਂ ਨੂੰ ਕਢ ਦਿੱਤਾ, ਤੇ ਕਿਹਾ ਕਿ ਉਹ ਲਾਹੌਰ ਵਾਲੇ ਹੀ ਉੱਲੂ ਸਨ, ਜਿਨ੍ਹਾਂ ਨੇ ਆਪਣੀ ਬੇਇੱਜ਼ਤੀ ਵੀ ਕਰਵਾਈ, ਤੇ ਪਰਜਾ ਵੀ ਲੁਟਵਾਈ। ਫੇਰ ਏਨ੍ਹਾਂ ਦੀ ਥਾਂ ਮੁਸਲਮਾਨਾਂ, ਹਿੰਦੁਸਤਾਨੀਆਂ ਤੇ ਰੁਹੇਲਿਆਂ ਨੂੰ ਨੌਕਰ ਰੱਖ ਲਿਆ।

"ਹੋਰ ਹਾਲ ਇਹ ਹੈ ਕਿ ਡੇਢ ਮਹੀਨਾ ਹੋਇਆ ਹੈ, ਕਿ ਰਾਜਾ ਗੁਲਾਬ ਸਿੰਘ ਨੂੰ ਬਹੁਤ ਸਾਰਾ ਰੁਪਿਆ ਦੇ ਕੇ ਪਿਸ਼ੌਰ ਦੀ ਫ਼ੌਜ ਦੀ ਬਦਲੀ ਲਈ ਤੋਰਿਆ ਸੀ। ਪਿਸ਼ੌਰ ਵਿਚ ਮੁੱਢ ਤੋਂ ਪੰਦਰਾਂ ਵੀਹ ਹਜ਼ਾਰ ਸਵਾਰ ਪਿਆਦੇ ਰਹਿੰਦੇ ਹਨ। ਰਾਜਾ ਗੁਲਾਬ ਸਿੰਘ ਲਾਹੌਰੋਂ ਤੁਰ ਕੇ ਸ਼ਾਹਦਰੇ ਗਿਆ, ਅਤੇ ਆਪਣੀ ਸਾਰੀ ਫ਼ੌਜ ਤੇ ਬਾਰ੍ਹਾਂ

ਤੋਪਾਂ ਸਣੇ ਜੰਮੂ ਨੂੰ ਚਲਿਆ ਗਿਆ। ਰਾਜਾ ਸੁਚੇਤ ਸਿੰਘ ਪਹਿਲਾਂ ਤੋਂ ਹੀ ਜੰਮੂ ਬੈਠਾ ਸੀ। ਜੰਮੂ ਜਾ ਕੇ ਆਪਣੇ ਸਾਰੇ ਸਿੰਘ ਨੌਕਰਾਂ ਨੂੰ ਹਟਾ ਦਿੱਤਾ, ਤੇ ਲਗਪਗ ਚਾਲੀ ਹਜ਼ਾਰ ਪਹਾੜੀਏ, ਰੁਹੇਲੇ, ਪਠਾਣ ਤੇ ਹਿੰਦੁਸਤਾਨੀ ਨੌਕਰ ਰੱਖ ਲਏ, ਤੇ ਆਕੀ ਹੋ ਬੈਠਾ, ਅਤੇ ਆਪਣੇ ਛੋਟੇ ਭਰਾ ਰਾਜਾ ਧਿਆਨ ਸਿੰਘ ਨੂੰ ਲਿਖਦਾ ਹੈ ਕਿ ਮੇਰਾ ਪੁੱਤਰ ਊਧਮ ਸਿੰਘ, ਜੋ ਕੰਵਰ ਨੌਂ-ਨਿਹਾਲ ਸਿੰਘ ਨਾਲ ਮਰਿਆ ਹੈ, ਉਹ ਤੂੰ ਮਾਰਿਆ ਹੈ, ਇਸ ਦਾ ਬਦਲਾ ਮੈਂ ਤੈਥੋਂ ਲਵਾਂਗਾ। ਰਾਜਾ ਗੁਲਾਬ ਸਿੰਘ ਤਾਂ ਚੰਦ ਕੌਰ ਵੱਲ ਸੀ, ਰਾਜਾ ਧਿਆਨ ਸਿੰਘ ਸ਼ੇਰ ਸਿੰਘ ਵੱਲ ਹੈ। ਗੱਲ ਕੀ, ਲਾਹੌਰ ਦੇ ਇਲਾਕੇ ਵਿਚ ਤੇ ਫ਼ੌਜ ਵਿਚ ਤੇ ਸਰਦਾਰਾਂ ਵਿਚ ਬੜਾ ਰੌਲਾ-ਗੌਲਾ ਹੈ, ਤੇ ਪਰਬੰਧ ਕੋਈ ਨਹੀਂ, ਹਰ ਇਕ ਸਰਦਾਰ ਦੂਜੇ ਸਰਦਾਰ ਦੇ ਉਲਟ ਹੈ।

"ਹੋਰ ਹਾਲ ਇਹ ਹੈ ਕਿ ਮੁੱਢ ਤੋਂ ਚਾਰ ਪਲਟਣਾਂ ਕੁਰਸ ਸਾਹਿਬ ਫ਼ਰੰਗੀ ਦੇ ਤਹਿਤ ਸਨ। ਪਲਟਣਾਂ ਨੇ ਸਾਹਿਬ ਨੂੰ ਬੇਇੱਜ਼ਤ ਕਰ ਕੇ ਆਪਣੇ ਡੇਰੇ ਵਿਚੋਂ ਕਢ ਦਿੱਤਾ, ਤੇ ਸਾਹਿਬ ਡਰਦਾ ਮਾਰਾ ਨੱਸ ਕੇ ਫ਼ੀਰੋਜ਼ਪੁਰ ਜਾ ਬੈਠਾ। ਕੁਝ ਦਿਨਾਂ ਮਗਰੋਂ ਸ਼ੇਰ ਸਿੰਘ ਨੇ ਦਿਲਾਸਾ ਦੇ ਕੇ ਕੁਰਸ ਸਾਹਿਬ ਨੂੰ ਮੰਗਵਾ ਲਿਆ, ਤੇ ਪਲਟਣਾਂ ਦੇ ਅਹੁਦੇਦਾਰਾਂ ਤੇ ਕੁਮੇਦਾਨਾਂ ਵਲ ਇਸ ਪਰਕਾਰ ਦਾ ਪਰਵਾਨਾ ਘੱਲਿਆ ਕਿ ਪਹਿਲਾਂ ਵਾਙ ਹੀ ਕੁਰਸ ਸਾਹਿਬ ਦੀ ਈਨ ਮੰਨੋ; ਜੇ ਨਾ ਮੰਨੋਗੇ ਤਾਂ ਤੁਸਾਡੇ ਲਈ ਚੰਗਾ ਨਹੀਂ ਹੋਵੇਗਾ। ਪਲਟਣਾਂ ਵਾਲਿਆਂ ਨੇ ਪਰਵਾਨਾ ਲਿਆਉਣ ਵਾਲੇ ਨੂੰ ਪਹਿਲਾਂ ਤਾਂ ਚੰਗਾ ਜੁਤਆਇਆ, ਫੇਰ ਉਸ ਦੀ ਦਾੜ੍ਹੀ ਤੇ ਸਿਰ ਮੁੰਨ ਕੇ ਤੇ ਮੂੰਹ ਕਾਲਾ ਕਰ ਕੇ ਅਤੇ ਖੋਤੇ ਉਤੇ ਚੜ੍ਹਾ ਕੇ ਆਪਣੇ ਡੇਰੇ ਵਿਚ ਫੇਰਿਆ, ਤੇ ਫੇਰ ਛਡ ਕੇ ਉਸ ਨੂੰ ਆਖਿਆ ਕਿ ਸ਼ੇਰ ਸਿੰਘ ਕੌਣ ਹੈ? ਅਸਾਂ ਫ਼ਰੰਗੀ ਦੀ ਤਾਬੇਦਾਰੀ ਨਹੀਂ ਕਰਨੀ।

"ਹੋਰ ਹਾਲ ਇਹ ਹੈ ਕਿ ਵਿਸਾਖੀ ਦੇ ਇਸ਼ਨਾਨ ਲਈ ਸ਼ੇਰ ਸਿੰਘ ਅੰਮ੍ਰਿਤਸਰ ਨੂੰ ਜਾਣ ਲਈ ਤਿਆਰ ਹੋਇਆ ਸੀ। ਪਰ ਫਿਰ ਸੋਚ ਫੁਰੀ ਕਿ ਜਦ ਮੈਂ ਲਾਹੌਰੋਂ ਅੰਮ੍ਰਿਤਸਰ ਨੂੰ ਗਿਆ, ਪਿਛੋਂ ਫ਼ੌਜਾਂ ਬਲਵਾ ਕਰ ਕੇ ਕਿਤੇ ਲਾਹੌਰ ਉਤੇ ਹੀ ਕਬਜ਼ਾ ਨਾ ਕਰ ਲੈਣ, ਇਸ ਲਈ ਅੰਮ੍ਰਿਤਸਰ ਨੂੰ ਨਾ ਗਿਆ।

"ਹੋਰ ਹਾਲ ਇਹ ਹੈ ਕਿ ਖੜਕ ਸਿੰਘ ਦੇ ਸਮੇਂ ਚੇਤ ਸਿੰਘ ਨੇ ਇਕ ਕਾਗ਼ਜ਼ ਅੰਗਰੇਜ਼ਾਂ ਵਲ ਲਿਖਿਆ ਸੀ ਕਿ ਜਗੀਰਦਾਰਾਂ ਪਾਸ ਜਿਤਨਾ ਮੁਲਕ ਹੈ ਓਹ ਸਾਨੂੰ ਛੁਡਵਾ ਦੇਵੋ, ਤੇ ਛਿਆਨੀ ਸਾਥੋਂ ਲੈ ਲਵੋ। ਇਸ ਬਾਬਤ ਖੜਕ ਸਿੰਘ ਨੂੰ ਕੁਝ ਪਤਾ ਨਹੀਂ ਸੀ, ਪਰ ਕਾਗ਼ਜ਼ ਉਤੇ ਮੋਹਰ ਖੜਕ ਸਿੰਘ ਦੀ ਲਾ ਦਿੱਤੀ ਗਈ ਸੀ। ਇਸੇ ਗੱਲ ਕਰਕੇ ਰਾਜਾ ਧਿਆਨ ਸਿੰਘ ਤੇ ਕੰਵਰ ਨੌਂ-ਨਿਹਾਲ ਸਿੰਘ ਨੇ ਚੇਤ ਸਿੰਘ ਨੂੰ ਮਾਰ ਦਿੱਤਾ ਸੀ। ਜਦ ਖੜਕ ਸਿੰਘ ਤੇ ਕੰਵਰ ਨੌਂ-ਨਿਹਾਲ ਸਿੰਘ ਗੁਜ਼ਰ ਗਏ ਅਤੇ ਸ਼ੇਰ ਸਿੰਘ ਅਜੇ ਲਾਹੌਰ ਨਹੀਂ ਆਇਆ ਸੀ ਕਿ ਇਹ ਕਾਗ਼ਜ਼ ਚੰਦ ਕੌਰ ਨੂੰ ਲੱਭ ਪਿਆ, ਇਸ ਨੇ ਸਲਾਹ ਕਰ ਕੇ ਇਹ ਕਾਗ਼ਜ਼ ਅਜੀਤ ਸਿੰਘ ਸੰਧਾਂਵਾਲੀਏ ਨੂੰ ਦੇ ਦਿੱਤਾ, ਅਤੇ ਅਜੀਤ ਸਿੰਘ ਇਹ ਕਾਗ਼ਜ਼ ਲੈ ਕੇ ਅੰਗਰੇਜ਼ਾਂ ਪਾਸ ਗਿਆ ਤੇ ਗੱਲ-ਕਥ ਕੀਤੀ। ਇਸੇ ਕਾਗ਼ਜ਼ ਦੇ ਆਸਰੇ ਅੰਗਰੇਜ਼ਾਂ ਨੇ ਛਿਆਨੀ, ਤੇ ਲੁਧਿਆਣੇ,

ਫ਼ਿਲੌਰ, ਜਲੰਧਰ, ਕਪੂਰਥਲੇ, ਅੰਮ੍ਰਿਤਸਰ, ਵਜ਼ੀਰਾਬਾਦ ਤੇ ਗੁਜਰਾਤ ਥਾਣੀ ਕਾਬਲ ਦਾ ਰਾਹ ਮੰਗਿਆ ਸੀ, ਪਰ ਫੇਰ ਗੱਲ ਵਿਚੇ ਹੀ ਰਹਿ ਗਈ।

"ਸੰਧਾਂਵਾਲੀਆਂ ਦਾ ਜਿਤਨਾ ਮੁਲਕ ਸੀ, ਉਸ ਨੂੰ ਤੇ ਉਨ੍ਹਾਂ ਦੇ ਸਾਰੇ ਕਿਲ੍ਹਿਆਂ ਨੂੰ ਆਪਣੀ ਨਵੀਂ ਫ਼ੌਜ ਤੇ ਪੁਰਾਣੀ ਹੁਕਮ ਮੰਨਣ ਵਾਲੀ ਫ਼ੌਜ ਘੱਲ ਕੇ ਸਰ ਕਰ ਲਿਆ ਹੈ, ਤੇ ਉਸ ਉਤੇ ਕਬਜ਼ਾ ਕਰ ਲਿਆ ਹੈ। ਅਤੇ ਅਤਰ ਸਿੰਘ ਸੰਧਾਂਵਾਲੀਆ ਨੱਸ ਕੇ ਸਤਲੁਜੋਂ ਪਾਰ ਕਾਦੀਆਂ ਲਾਦੀਆਂ ਪਿੰਡ ਬੈਠਾ ਹੈ, ਜੋ ਲੁਧਿਆਣੇ ਦੇ ਪਾਸ ਹੈ। ਅਤੇ ਅਤਰ ਸਿੰਘ ਦਾ ਛੋਟਾ ਭਰਾ ਲਹਿਣਾ ਸਿੰਘ ਸੰਧਾਂਵਾਲੀਆ ਤੇ ਉਸ ਦਾ ਲੜਕਾ ਜੋ ਕਮਲਾਗੜ੍ਹ ਵਲ ਗਏ ਹੋਏ ਸਨ, ਉਹ ਵੀ ਆਪਣੀ ਫ਼ੌਜ ਲੈ ਕੇ ਨੱਸ ਗਏ ਸਨ, ਤੇ ਕੁਲੂ ਜਾ ਕੇ ਆਕੀ ਹੋ ਗਏ ਸਨ, ਪਰ ਸੌਂਹਾਂ-ਸੁਗੰਧਾਂ ਨਾਲ ਉਹ ਪਹਾੜੋਂ ਉਤਰ ਆਏ ਸਨ, ਤੇ ਵਿਸਾਖ ਵਦੀ ਛੇ ਨੂੰ ਅੰਮ੍ਰਿਤਸਰ ਅੱਪੜ ਪਏ ਸਨ, ਸੱਤੇਂ ਨੂੰ ਉਥੋਂ ਲਾਹੌਰ ਵੱਲ ਤੁਰ ਪਏ ਸਨ, ਵੇਖੀਏ ਉਨ੍ਹਾਂ ਨਾਲ ਕੀ ਵਾਪਰਦੀ ਹੈ। ਸੰਧਾਂਵਾਲੀਆਂ ਪਾਸ ਛੇ ਲੱਖ ਰੁਪਏ ਦਾ ਇਲਾਕਾ ਸੀ, ਇਸ ਵਿਚੋਂ ਪੰਜ ਲੱਖ ਦਾ ਇਲਾਕਾ ਤਾਂ ਅਤਰ ਸਿੰਘ ਤੇ ਅਜੀਤ ਸਿੰਘ ਪਾਸ ਸੀ, ਅਤੇ ਇਕ ਲੱਖ ਦਾ ਇਲਾਕਾ ਲਹਿਣਾ ਸਿੰਘ ਪਾਸ।

"ਜਮਾਦਾਰ ਖ਼ੁਸ਼ਹਾਲ ਸਿੰਘ ਤੇ ਤੇਜਾ ਸਿੰਘ ਦਾ ਕੰਮ ਵੀ ਬੜਾ ਖ਼ਰਾਬ ਹੈ। ਸ਼ੇਰ ਸਿੰਘ ਨੇ ਉਨ੍ਹਾਂ ਦਾ ਸਾਰਾ ਮੁਲਕ ਤੇ ਫ਼ੌਜ ਤੇ ਰਹਿਣ ਦੀ ਹਵੇਲੀ ਵੀ ਖੋਹ ਲਈ ਹੈ। ਭਾਈ ਰਾਮ ਸਿੰਘ ਤੇ ਗੋਬਿੰਦ ਰਾਮ ਨੂੰ ਵੀ ਕੋਈ ਨਹੀਂ ਪੁਛਦਾ ਕਿ ਤੁਸੀਂ ਕੌਣ ਹੋ, ਇਨ੍ਹਾਂ ਦਾ ਕੰਮ ਵੀ ਖ਼ਰਾਬ ਹੈ।

"ਹੋਰ ਹਾਲ ਇਹ ਹੈ, ਕਿ ਮੇਰੇ ਲਾਹੌਰ ਆਉਣ ਤੋਂ ਕੁਝ ਦਿਨ ਪਹਿਲਾਂ ਸ਼ਾਹ ਜ਼ਮਾਨ ਪਾਤਸ਼ਾਹ ਕਾਬਲ ਵੱਲ ਨੂੰ ਤੁਰ ਗਿਆ ਹੈ। ਉਸ ਨਾਲ ਇਕ ਪਲਟਨ ਧੌਂਕਲ ਸਿੰਘ ਕੁਮੇਦਾਨ ਦੀ, ਦੂਜੀ ਪਲਟਨ ਚੰਡਕਾ ਪ੍ਰਸ਼ਾਦਿ ਕੁਮੇਦਾਨ ਦੀ, ਤੇ ਇਕ ਪਲਟਨ ਅੰਗਰੇਜ਼ਾਂ ਦੀ ਸੀ।"

## ਧੰਨਾ ਸਿੰਘ ਮੌੜ ਦੀ ਚਿੱਠੀ

(ਇਹ ਚਿੱਠੀ ਸਰਦਾਰ ਧੰਨਾ ਸਿੰਘ ਮੌੜ ਦੀ ਲਿਖੀ ਹੋਈ ਹੈ, ਜੋ ਮਹਾਰਾਜਾ ਸ਼ੇਰ ਸਿੰਘ ਜੀ ਦੇ ਤਖ਼ਤ ਉੱਤੇ ਬੈਠਣ ਤੋਂ ਥੋੜ੍ਹਾ ਹੀ ਚਿਰ ਪਿਛੋਂ ਦੀ ਲਿਖੀ ਹੋਈ ਜਾਪਦੀ ਹੈ। ਲਿਖਣ ਦੀ ਤਰੀਕ ਇਸ ਉਤੇ ਕੋਈ ਨਹੀਂ।) —*ਕਰਮ ਸਿੰਘ*

"ਸਰਕਾਰ ਸ਼ੇਰ ਸਿੰਘ ਦੀ ਬਹੁਤ ਮਿਹਰਵਾਨਗੀ ਹੈ ਜੀ, ਸਤਾਰਾਂ ਸੈ ਦਾ ਸਿਰੋ-ਪਾਉ ਸਰਕਾਰ ਨੇ ਦੀਆ। ਹੋਰ ਜੀ ਬਧਣੀ ਦੇ ਤਲਕੇ ਬਾਰਾਂ ਪਿੰਡ ਇਸ ਗ਼ੁਲਾਮ ਨੂੰ ਦਿਤੇ ਸਰਕਾਰ ਨੇ। ਹੋਰ ਸੰਧਾਂਵਾਲੀਏ ਫੜੇ ਹੋਏ ਹਨ ਜੀ। ਹੋਰ ਭਾਈ ਰਾਮ ਸਿੰਘ, ਬਸਤੀ ਰਾਮ ਕਾ ਬੇਟਾ, ਨਜ਼ਰਬੰਦ ਫੜਿਆ ਹੋਇਆ ਹੈ ਜੀ। ਜਮਾਦਾਰ ਕੁਸ਼ਿਯਾਲ ਸਿੰਘ, ਤੇਜਾ ਸਿੰਘ ਨਜ਼ਰਬੰਦ ਫੜੇ ਹੋਏ ਹਨ ਜੀ। ਹੋਰ ਜੀ ਰਾਜਾ ਗੁਲਾਬ ਸਿੰਘ, ਰਾਜਾ ਸੁਚੇਤ ਸਿੰਘ, ਰਾਜਾ ਹੀਰਾ ਸਿੰਘ ਰਾਜੇ ਧਿਆਨ ਸਿੰਘ ਕਾ ਬੇਟਾ, ਤਿੰਨੇ ਕੈਦ

ਹਨ ਜੀ। ਦੇਸਾ ਸਿੰਘ ਮਜੀਠੀਏ ਦਾ ਪੁਤ ਲਹਿਣਾ ਸਿੰਘ ਕੈਦ। ਇਸ ਦੇ ਬੇੜੀ ਪਈ ਹੈ ਜੀ। ਜੰਬੂਰਚੀਆਂ ਦੇ ਹਵਾਲੇ ਕਰ ਦਿਤਾ। ਏਨਾ ਕੀ ਗੁਲਾਮ ਅਰਜ ਕਰਦਾ ਹੈ, ਸਰਕਾਰ ਮੰਨਦੀ ਨਹੀਂ।"

## ਲਾਹੌਰ ਦਰਬਾਰ ਦੀਆਂ ਖ਼ਬਰਾਂ

(ਅੰਤੂਰਾ ਸਾਹਿਬ ਨੇ ਲਾਹੌਰ ਦਰਬਾਰ ਦੀਆਂ ਖ਼ਬਰਾਂ ਲਈ ਜਵਾਲਾ ਨਾਥ ਨੂੰ ਨੌਕਰ ਰਖਿਆ ਹੋਇਆ ਸੀ। ਇਹ ਰੋਜ਼ ਰੋਜ਼ ਦੀਆਂ ਖ਼ਬਰਾਂ ਲਿਖ ਘੱਲਿਆ ਕਰਦਾ ਸੀ। ਇਸ ਨੇ ਵਿਸਾਖ ਵਦੀ ੧੫ ਤੋਂ ਵਿਸਾਖ ਸੁਦੀ ੯ ਤੀਕ ਦਸਾਂ ਦਿਨਾਂ ਦੇ ਜੋ ਸਮਾਚਾਰ ਲਿਖੇ ਸਨ, ਉਨ੍ਹਾਂ ਦਾ ਸੰਖੇਪ ਹੇਠਾਂ ਦਿੱਤਾ ਜਾਂਦਾ ਹੈ।) —*ਕਰਮ ਸਿੰਘ*

ਵਿਸਾਖ ਵਦੀ ੧੫ ਤੋਂ ਵਿਸਾਖ ਵਦੀ ੩ ਤੀਕ—ਸਰਦਾਰ ਗੰਡਾ ਸਿੰਘ ਨੂੰ ਇਕ ਹਾਥੀ ਬਖ਼ਸ਼ਿਆ। ਲੱਧਾ ਸਿੰਘ ਦੇ ਨਾਮ ਹੁਕਮ ਹੋਇਆ ਕਿ ਇਕ ਤੋਪ ਮਿਸਰ ਬੇਲੀ ਰਾਮ ਦੇ ਆਦਮੀਆਂ ਨੂੰ ਦੇ ਦਿਤੀ ਜਾਵੇ। ਸਰਦਾਰ ਜਵਾਲਾ ਸਿੰਘ ਮਹਿਰੇ ਦੀ ਅਰਜ਼ੀ ਆਈ ਕਿ ਹਜ਼ੂਰ ਦੇ ਪ੍ਰਤਾਪ ਨਾਲ ਬਹਿਰਾਮ-ਪੁਰ ਦਾ ਕਿਲ੍ਹਾ ਸੰਧਾਂਵਾਲੀਆਂ ਦੇ ਆਦਮੀਆਂ ਪਾਸੋਂ ਖ਼ਾਲੀ ਕਰਵਾ ਲਿਆ ਹੈ। ਜਰਨੈਲ ਬਹਾਦਰ ਕੁਰਟ ਸਾਹਿਬ ਸਰਦਾਰ ਗੰਡਾ ਸਿੰਘ ਦੀ ਮਾਰਫ਼ਤ ਗੱਲ-ਬਾਤ ਕਰ ਕੇ ਇਕ ਘੜੀ ਦਰਬਾਰ ਵਿਚ ਹਾਜ਼ਰ ਹੋਇਆ, ਤੇ ਫੇਰ ਫ਼ੀਰੋਜ਼ਪੁਰ ਨੂੰ ਚਲਿਆ ਗਿਆ। ਸਰਦਾਰ ਕਿਸ਼ਨ ਸਿੰਘ ਤੇ ਸਰਦਾਰ ਸਦਾ ਸਿੰਘ ਨੂੰ ਹੁਕਮ ਹੋਇਆ ਕਿ ਸਰਦਾਰ ਫ਼ਤਹ ਸਿੰਘ ਮਾਨ ਦੇ ਨਾਲ ਬੰਨੂੰ ਟਾਂਕ ਨੂੰ ਜਾਣ। ਧੌਂਕਲ ਸਿੰਘ ਦੀ ਪਲਟਣ ਨੂੰ ਹੁਕਮ ਹੋਇਆ ਸੀ ਕਿ ਟਾਂਕ ਨੂੰ ਜਾਵੇ। ਉਨ੍ਹਾਂ ਉੱਤਰ ਦਿਤਾ ਕਿ ਚਾਰ ਮਹੀਨਿਆਂ ਦੀ ਤਲਬ ਇਥੇ ਦੇ ਦੇਵੋ ਤੇ ਚਾਰ ਮਹੀਨਿਆਂ ਦੀ ਤਲਬ ਦਾ ਰੁਪਿਆ ਪੇਟੀਆਂ ਵਿਚ ਸਾਡੇ ਨਾਲ ਕਰ ਦੇਵੋ, ਤਦ ਅਸੀਂ ਤੁਰਦੇ ਹਾਂ। ਜਮਾਦਰ ਖ਼ੁਸ਼ਹਾਲ ਸਿੰਘ ਨੇ ਰਾਣੀ ਗਿਲਵਾਲਣ ਦੀ ਬੰਦ-ਖਲਾਸੀ ਲਈ ਅਰਜ਼ ਕੀਤੀ। ਹੁਕਮ ਹੋਇਆ ਕਿ ਖਲਾਸੀ ਬਾਬਤ ਮਾਈ ਦਾਸੀ ਪਾਸੋਂ ਪੁਛਿਆ ਜਾਵੇ। ਸ਼ੇਖ ਅਮਾਮ ਦੀਨ ਜੋ ਅੱਜ-ਕੱਲ੍ਹ ਲਗਪਗ ਕਰੋੜ ਰੁਪਏ ਦੇ ਪਰਗਣਿਆਂ ਦਾ ਆਮਲ ਹੈ, ਉਸ ਦੇ ਨਾਮ ਹੁਕਮ ਹੋਇਆ ਕਿ ਫ਼ੌਜ ਦੇ ਖ਼ਰਚ ਲਈ ਪੰਜੀ ਹਜ਼ਾਰ ਰੁਪਿਆ ਘੱਲੇ। ਸ਼ਾਹ ਸ਼ੁਜਾਹ ਦੇ ਕਬੀਲੇ ਜੋਗੀਆਂ ਪਿੰਡ ਅਪੜ ਪਏ ਹਨ। ਚਾਰ ਹਜ਼ਾਰ ਊਠ ਤੇ ਅੱਸੀ ਪੀਨਸਾਂ ਜ਼ਮਾਨ ਸ਼ਾਹ ਨਾਲ ਹਨ। ਜਵਾਹਰ ਸਿੰਘ ਬਸਤਣੀ ਨੇ ਆ ਕੇ ਅਰਜ਼ ਕੀਤੀ ਕਿ ਬਾਰਕਜ਼ਈ ਪਠਾਣਾਂ ਦੇ ਕਬੀਲੇ ਮਾਹਦ ਲੋਹ ਉਤਾਰ ਕੇ ਆਇਆ ਹਾਂ। ਸਰਦਾਰ ਨਿਹਾਲ ਸਿੰਘ ਆਹਲੂਵਾਲੀਏ ਦੇ ਨਾਮ ਹੁਕਮ ਹੋਇਆ ਕਿ ਚਾਰ ਤੋਪਾਂ ਤੇ ਇਕ ਗੁਬਾਰਾ ਦੁਆਬੇ ਦੇ ਕਾਰਦਾਰ ਸ਼ੇਖ ਨੂਰ ਅਹਿਮਦ ਵਲ ਘੱਲ ਦਿਤਾ ਜਾਵੇ ਕਿ ਉਹ ਦੁਆਬੇ ਵਿਚਲੇ ਸੰਧਾਂਵਾਲੀਏ ਸਰਦਾਰਾਂ ਦੇ ਇਲਾਕੇ ਨੂੰ ਸਰ ਕਰ ਲਵੇ।

ਵਿਸਾਖ ਸੁਦੀ ੪ ਤੋਂ ਵਿਸਾਖ ਸੁਦੀ ੯ ਤੀਕ—ਸਵੇਰੇ ਸੈਰ ਨੂੰ ਜਾਂਦਿਆਂ ਦੋ ਨਫ਼ਰਾਂ ਪਾਸ ਕਰਾਬੀਨਾਂ ਵੇਖੀਆਂ ਤੇ ਪਸੰਦ ਕੀਤੀਆਂ। ਰਾਜਾ ਸਾਹਿਬ ਨੂੰ ਬੇਨਤੀ

ਕੀਤੀ ਕਿ ਐਸੀਆਂ ੩੧ ਕਰਾਬੀਨਾਂ ਰਾਜਾ ਗੁਲਾਬ ਸਿੰਘ ਪਾਸ ਹਨ, ਜੇ ਹੁਕਮ ਹੋਵੇ ਤਾਂ ਮੰਗਵਾ ਲਈਏ। ਹੁਕਮ ਹੋਇਆ ਕਿ ਜੇ ਅਜਿਹੀਆਂ ਹੀ ਹੋਣ ਤਾਂ ਪਲੰਘ ਦੇ ਪਹਿਰੇ ਲਈ ਚਾਹੀਦੀਆਂ ਹਨ। ਕੁਰਟ ਸਾਹਿਬ ਦੀਆਂ ਪਲਟਣਾਂ ਦੀ ਕਵੈਦ ਵੇਖੀ ਤੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਪਿਛੇ ਦੀ ਪਿਛੇ ਨਾਲ ਗਈ, ਅਗੇ ਨੂੰ ਜੋ ਹੁਕਮ ਨਾ ਮੰਨੂ, ਉਹ ਖਤਾ ਖਾਊ। ਜੋ ਰੁਪਏ ਅਫ਼ਸਰਾਂ ਪਾਸੋਂ ਤੁਸਾਂ ਜ਼ੋਰੋ-ਜ਼ੋਰੀ ਖੋਹੇ ਹੋਏ ਹਨ, ਓਹ ਮੋੜ ਦੇਵੋ, ਤੇ ਅਗੇ ਨੂੰ ਉਨ੍ਹਾਂ ਨੂੰ ਹੀ ਆਪਣੇ ਅਫ਼ਸਰ ਬਣਾਵੋ। ਬਹੁਤ ਕੁਝ ਸਮਝਾਉਣ ਬੁਝਾਉਣ ਮਗਰੋਂ ਸਿਪਾਹੀ ਸਿੱਧੇ ਹੋਏ, ਅਤੇ ਅਠ ਸੌ ਰੁਪਿਆ ਜੋ ਅਫ਼ਸਰਾਂ ਪਾਸੋਂ ਲਿਆ ਸੀ, ਉਹ ਲਿਆ ਦਿਤਾ, ਤੇ ਜਿਸ ਜਿਸ ਪਾਸੋਂ ਜਿਤਨੇ ਜਿਤਨੇ ਰੁਪਏ ਲਏ ਸਨ ਉਨ੍ਹਾਂ ਨੂੰ ਮੋੜ ਦਿਤੇ। ਫਿਰ ਪੰਜ ਸੌ ਰੁਪਿਆ ਸਿਪਾਹੀਆਂ ਨੂੰ ਇਨਾਮ ਦਿਤਾ ਗਿਆ, ਤੇ ਉਨ੍ਹਾਂ ਕਿਹਾ ਕਿ ਅਗੇ ਨੂੰ ਅਸੀਂ ਪਹਿਲਾਂ ਵਾਙ ਹੀ ਤਾਬੇਦਾਰੀ ਕਰਾਂਗੇ।

ਜਰਨੈਲ ਕਾਹਨ ਸਿੰਘ ਮਾਨ ਦੇ ਨਾਮ ਪਰਵਾਨਾ ਜਾਰੀ ਹੋਇਆ ਕਿ ਰਤਨ ਸਿੰਘ ਮਾਨ ਦੀਆਂ ਪਲਟਣਾਂ ਜੋ ਕੁਲੂ ਵਲ ਸਨ, ਓਹ ਸਰਦਾਰ ਲਹਿਣਾ ਸਿੰਘ ਸੰਧਾਂਵਾਲੀਏ ਤੇ ਕੇਹਰ ਸਿੰਘ ਸੰਧਾਂਵਾਲੀਏ ਨੂੰ ਲੈ ਕੇ ਇਧਰ ਨੂੰ ਆਈਆਂ ਹਨ। ਇਹ ਪਰਵਾਨਾ ਅਪੜਦਿਆਂ ਹੀ ਸ਼ਾਮ ਸਿੰਘ ਵਾਲੀ, ਜਮਾਦਾਰ ਜੀ ਵਾਲੀ ਤੇ ਕਰਨੈਲ ਬਾਜਾ ਸਿੰਘ ਵਾਲੀ ਪਲਟਣ ਸਣੇ ਕੁਲੂ ਨੂੰ ਚਲੇ ਜਾਵੋ, ਤੇ ਉਜਲ ਦੀਦਾਰ ਸਰਦਾਰ ਹੁਕਮ ਸਿੰਘ ਦੀ ਮਰਜ਼ੀ ਅਨੁਸਾਰ ਕੰਮ ਕਰੋ।

ਫ਼ਤਹ ਪਲਟਣ ਦੀ ਕਵੈਦ ਵੇਖੀ, ਤੇ ਚਾਰ ਸੌ ਰੁਪਿਆ ਇਨਾਮ ਦਿੱਤਾ। ਰਾਜਾ ਗੁਲਾਬ ਸਿੰਘ ਦੇ ਨਾਮ ਪਰਵਾਨਾ ਜਾਰੀ ਹੋਇਆ ਕਿ ਇਕ ਮਹੀਨੇ ਲਈ ਕਹਿ ਕੇ ਗਏ ਸੀ ਪਰ ਦੋ ਮਹੀਨਿਆਂ ਤੋਂ ਵਧੇਰੇ ਹੋ ਗਿਆ, ਹਾਜ਼ਰ ਨਹੀਂ ਹੋਏ। ਮੰਡੀ, ਪਿਸ਼ੌਰ ਤੇ ਹਜ਼ਾਰੇ ਦੇ ਕੰਮ ਤੁਸਾਥੋਂ ਹੀ ਕਰਵਾਉਣੇ ਹਨ। ਲੂਣ ਮੰਡੀ ਦੀ ਆਮਦਨ ਦਾ ਸਤ ਲੱਖ ਦਾ ਤੁਸਾਡਾ ਇਕਰਾਰ ਹੈ, ਉਸ ਵਿਚੋਂ ਇਕ ਲੱਖ ਹੀ ਆਇਆ ਹੈ, ਬਾਕੀ ਰਕਮ ਛੇਤੀ ਪੁਚਾਵੋ, ਤੇ ਛੇਤੀ ਹਾਜ਼ਰ ਹੋਵੋ।

ਅਮੀਰ ਸਿੰਘ ਮਾਨ ਦੀ ਜਗੀਰ ਮਿਸਰ ਲਾਲ ਸਿੰਘ ਦੇ ਸਪੁਰਦ ਕੀਤੀ ਗਈ। ਸੁਲਤਾਨ ਮਹਿਮੂਦ ਦੇ ਪੁੱਤਰ ਪਾਸੋਂ ਠੀਕ ਪਰੇਟ ਨਹੀਂ ਹੋਈ ਸੀ, ਉਸ ਨੂੰ ਦਲੇਲ ਦਾ ਹੁਕਮ ਹੋਇਆ। ਜਰਨੈਲ ਅਬੂਤਬੇਲਾ ਦੇ ਨਾਮ ਹੁਕਮ ਹੋਇਆ ਕਿ ਪਿਛਲੇ ਸਾਲਾਂ ਦਾ ਪਿਸ਼ਾਵਰ ਦਾ ਹਿਸਾਬ ਠੀਕ ਕਰ ਕੇ ਆਪਣੇ ਮਾਤਬਰ ਹੱਥ ਘੱਲ ਦੇਵੋ। ਦੀਵਾਨ ਸਾਵਣ ਮੱਲ ਦੇ ਨਾਮ ਪਰਵਾਨਾ ਗਿਆ ਕਿ ਮੁਲਤਾਨ ਦਾ ਹਿਸਾਬ ਠੀਕ ਕਰ ਕੇ ਪਤਾ ਦੇਵੋ। ਜਰਨੈਲ ਮੀਹਾਂ ਸਿੰਘ ਦੇ ਨਾਮ ਹੁਕਮ ਹੋਇਆ ਕਿ ਆਪਣੀ ਥਾਂ ਕਸ਼ਮੀਰ ਵਿਚ ਆਪਣੇ ਲੜਕੇ ਨੂੰ ਛਡ ਕੇ ਕਸ਼ਮੀਰ ਦਾ ਸਾਰਾ ਹਿਸਾਬ ਤਿਆਰ ਕਰ ਕੇ ਛੇਤੀ ਹਾਜ਼ਰ ਹੋਵੋ, ਤੇ ਪੰਡਤ ਗਣੇਸ਼ ਦਾਸ ਨੂੰ ਆਪਣੇ ਤੋਂ ਪਹਿਲਾਂ ਘੱਲ ਦੇਵੋ। ਸ਼ੇਖ਼ ਅਮਾਮ ਦੀਨ ਦੇ ਨਾਮ ਹੁਕਮ ਹੋਇਆ ਕਿ ਆਪਣੇ ਇਲਾਕੇ ਦਾ ਹਿਸਾਬ ਸ਼ੇਖ਼ ਗ਼ੁਲਾਮ ਮੁਹੀਯੁਦੀਨ ਹੱਥ ਛੇਤੀ ਘੱਲੋ। ਏਸੇ ਤਰ੍ਹਾਂ ਰਾਜਾ ਗੁਲਾਬ ਸਿੰਘ ਦੇ ਨਾਮ ਤੇ ਸਰਦਾਰ ਲਹਿਣਾ ਸਿੰਘ ਮਜੀਠੀਏ ਦੇ ਨਾਮ ਹੁਕਮ ਹੋਇਆ ਕਿ ਆਪਣੇ ਇਲਾਕੇ ਦਾ ਹਿਸਾਬ

ਛੇਤੀ ਘੱਲੋ।

ਰਾਜਾ ਹੀਰਾ ਸਿੰਘ ਨੂੰ ਰਾਜਾ ਸਾਂਸੀ ਗਿਰਦਿਓਂ ਸੰਧਾਂਵਾਲੀਆਂ ਦੇ ਇਲਾਕੇ ਵਿਚੋਂ ਇੱਕੀ ਹਜ਼ਾਰ ਦੀ ਜਗੀਰ ਤੇ ਦੋ ਦੁਸ਼ਾਲੇ ਤੇ ਸਠ ਪਾਰਚੇ ਦਾ ਖ਼ਿਲਤ ਦਿੱਤਾ ਗਿਆ, ਅਤੇ ਸਰਦਾਰ ਜਵਾਲਾ ਸਿੰਘ ਮਹਿਰੇ ਨੂੰ ਹੁਕਮ ਹੋਇਆ ਕਿ ਇੱਕੀ ਹਜ਼ਾਰ ਆਮਦਨੀ ਦੇ ਪਿੰਡ ਅੱਡ ਕਰ ਕੇ ਰਾਜਾ ਹੀਰਾ ਸਿੰਘ ਨੂੰ ਦਿਤੇ ਜਾਣ।

## ਰਾਣੀ ਗਿਲਵਾਲਣ

(ਇਹ ਇਕ ਪੁਰਾਣੀ ਲਿਖਤ ਹੈ, ਜੋ ਕਿਸੇ ਚਿੱਠੀ ਦਾ ਹਿੱਸਾ ਹੈ। ਤਰੀਕ ਕੋਈ ਨਹੀਂ।)

*—ਕਰਮ ਸਿੰਘ*

"ਕੰਵਰ ਨੌਂ-ਨਿਹਾਲ ਸਿੰਘ ਜੀ ਦੀ ਰਾਣੀ ਗਿਲਵਾਲਣ ਦੀ ਗੱਲ ਇਉਂ ਹੈ ਕਿ ਕੰਵਰ ਸਾਹਿਬ ਦੇ ਗੁਜ਼ਰਨ ਤੋਂ ਮਗਰੋਂ ਰਾਣੀ ਚੰਦ ਕੌਰ ਨੇ ਮਸ਼ਹੂਰ ਕਰ ਦਿਤਾ ਸੀ ਕਿ ਰਾਣੀ ਗਿਲਵਾਲਣ ਦੇ ਪੈਰ ਭਾਰੇ ਹਨ। ਜਦ ਸ਼ੇਰ ਸਿੰਘ ਜੀ ਨੇ ਇਹ ਗੱਲ ਸੁਣੀ, ਤਾਂ ਉਸ ਨੂੰ 'ਦਾਸੀ' ਪਾਸ ਜੋ ਬਹੁਤ ਪੁਰਾਣੀ ਸੇਵਕਾ ਹੈ, ਕੈਦ ਕਰ ਦਿੱਤਾ। ਕੋਈ ਤਾਂ ਕਹਿੰਦਾ ਹੈ ਹਮਲ ਗਿਰਵਾ ਦਿੱਤਾ, ਤੇ ਕੋਈ ਕਹਿੰਦਾ ਹੈ ਕਿ ਕੁਝ ਸੀ ਹੀ ਨਹੀਂ। ਦਰਬਾਰ ਹੋਇਆ, ਅਤੇ ਪੈਂਚ ਤੇ ਹੋਰ ਛੋਟੇ ਵਡੇ ਸਾਰੇ ਦਰਬਾਰ ਵਿਚ ਸੱਦੇ ਗਏ, ਤੇ ਕੁਝ ਕਸ਼ਮੀਰਨਾਂ ਨੂੰ ਦਰਬਾਰ ਵਿਚ ਹਾਜ਼ਰ ਕੀਤਾ ਗਿਆ। ਓਨ੍ਹਾਂ ਨੇ ਭਰੇ ਦਰਬਾਰ ਵਿਚ ਦਸਿਆ ਕਿ ਸਾਨੂੰ ਰਾਣੀ ਚੰਦ ਕੌਰ ਨੇ ਰੁਪਏ ਤੇ ਜਗੀਰ ਦਾ ਲਾਲਚ ਦੇ ਕੇ ਆਪਣੇ ਪਾਸ ਰਖਿਆ ਹੋਇਆ ਸੀ ਕਿ ਜਿਸ ਵੇਲੇ ਸਾਡੇ ਵਿਚੋਂ ਕਿਸੇ ਨੂੰ ਪੁੱਤਰ ਹੋਵੇ, ਓਹ ਬਾਲਕ ਰਾਣੀ ਗਿਲਵਾਲਣ ਦੀ ਗੋਦੀ ਪਾ ਕੇ ਕਹਿ ਦਿੱਤਾ ਜਾਵੇ ਕਿ ਇਹ ਰਾਣੀ ਗਿਲਵਾਲਣ ਦੇ ਹੋਇਆ ਹੈ। ਇਹ ਕਾਰਾ ਜਮਾਦਾਰ ਖ਼ੁਸ਼ਹਾਲ ਸਿੰਘ ਤੇ ਭਾਈ ਰਾਮ ਸਿੰਘ ਦਾ ਸੀ।

"ਰਾਜਾ ਸ਼ੇਰ ਸਿੰਘ ਜੀ ਨੇ ਰਾਣੀ ਚੰਦ ਕੌਰ ਨੂੰ ਖ਼ਰਚਾਂ ਲਈ ਸਤ ਲੱਖ ਦੀ ਜਗੀਰ ਦਿੱਤੀ ਹੈ, ਅਤੇ ਸਿੰਘ ਸਾਹਿਬ ਖੜਕ ਸਿੰਘ ਜੀ ਦਾ ਜੋ ਚੌਦਾਂ ਲੱਖ ਦਾ ਇਲਾਕਾ ਆਪ ਦੇ ਸਾਲੇ ਸਰਦਾਰ ਮੰਗਲ ਸਿੰਘ ਦੇ ਸਪੁਰਦ ਸੀ, ਓਹ ਸ਼ੇਰ ਸਿੰਘ ਜੀ ਨੇ ਲੈ ਲਿਆ ਹੈ, ਤੇ ਸਿਰਾਂਵਾਲੀ ਤੇ ਸਾਹੀਵਾਲ ਦੇ ਦੋ ਪਰਗਣੇ ਦੇ ਦਿਤੇ ਹਨ।"

## ਲਾਹੌਰ ਦੇ ਹਾਲ

(ਇਹ ਚਿੱਠੀ ਸੁਦਾਗਰ ਖ਼ਾਂ ਦੀ ਲਿਖੀ ਹੋਈ ਹੈ, ਲਿਖਣ ਦੀ ਤਰੀਕ ਵਿਸਾਖ ਸੁਦੀ ੧੦ ਹੈ।)

*—ਕਰਮ ਸਿੰਘ*

"ਜਵਾਲਾ ਸਿੰਘ ਭੜਾਣੀਏ ਦੇ ਇਕ ਨੌਕਰ ਨੇ ਕਿਸੇ ਗੱਲੋਂ ਉਸ ਦੇ ਪੁੱਤਰ ਨਾਲ ਗੁੱਸੇ ਹੋ ਕੇ ਸਰਕਾਰੇ ਮੁਖ਼ਬਰੀ ਕੀਤੀ ਕਿ ਸਵੇਰ ਵੇਲੇ ਜਿਥੇ ਜਵਾਲਾ ਸਿੰਘ ਇਸ਼ਨਾਨ ਕੀਤਾ ਕਰਦਾ ਸੀ, ਉਥੇ ਚਾਰ ਲੱਖ ਰੁਪਿਆ ਦੱਬਿਆ ਹੋਇਆ ਹੈ। ਸੋ

ਸਚ-ਮੁਚ ਉਥੋਂ ਲੱਭ ਪਿਆ।"

"ਵਿਸਾਖ ਸੁਦੀ ਛੇ ਨੂੰ ਲਹਿਣਾ ਸਿੰਘ ਤੇ ਕੇਹਰ ਸਿੰਘ ਪੁੱਤਰ ਅਤਰ ਸਿੰਘ ਸੰਧਾਂਵਾਲੀਏ ਨੂੰ ਲਾਲ ਕਿਲ੍ਹੇ ਵਿਚ ਕੈਦ ਕਰ ਦਿੱਤਾ ਹੈ। ਸੱਤੇਂ ਨੂੰ ਤੀਜੇ ਪਹਿਰ ਸ਼ੇਰ ਸਿੰਘ ਦੀ ਤਿਆਰੀ ਹੋਈ ਸੀ ਕਿ ਘੋੜੇ ਤੇ ਬੱਘੀ ਦੀ ਸਵਾਰੀ ਅੰਮ੍ਰਿਤਸਰ ਵਟਾਲੇ ਦੇ ਰਾਹ ਦੀਨਾ ਨਗਰ ਨੂੰ ਜਾਈਏ। ਰਾਤ ਨੂੰ ਰਾਜਾ ਧਿਆਨ ਸਿੰਘ ਨੇ ਕਿਹਾ ਕਿ ਲਾਲ ਕਿਲ੍ਹੇ ਤੇ ਲਾਹੌਰ ਦੇ ਦਰਵਾਜ਼ਿਆਂ ਤੇ ਖ਼ਜ਼ਾਨਿਆਂ ਦੀਆਂ ਕੁੰਜੀਆਂ ਜਿਸ ਨੂੰ ਮਰਜ਼ੀ ਹੈ, ਦੇ ਜਾਵੋ। ਫ਼ੌਜ ਸਿਰਖ਼ੁਦ ਹੈ, ਤੇ ਹਜ਼ੂਰ ਦਾ ਹੁਕਮ ਨਹੀਂ ਮੰਨਦੀ। ਐਵੇਂ ਜੁ ਲਾਹੌਰ ਹੱਥੋਂ ਗਵਾਉਣਾ ਹੈ, ਆਪ ਹੀ ਕਿਸੇ ਨੂੰ ਕਿਉਂ ਨਾ ਦੇ ਦਿਤਾ ਜਾਵੇ। ਸੋ ਇਸ ਕਰਕੇ ਦੀਨਾ ਨਗਰ ਜਾਣ ਦੀ ਸਲਾਹ ਰਹਿ ਗਈ।"

"ਕੁਝ ਲੱਖ ਰੁਪਿਆ ਪੇਟੀਆਂ ਵਿਚ ਬੰਦ ਕਰ ਕੇ ਤੇ ਗੱਡਿਆਂ ਉਤੇ ਲੱਦ ਕੇ ਪਿਸ਼ੌਰ ਦੀ ਫ਼ੌਜ ਦੀ ਤਨਖ਼ਾਹ ਲਈ ਘੱਲਿਆ ਸੀ। ਜਦ ਅਟਕ ਕੰਢੇ ਪੁਜੇ, ਤਾਂ ਰਾਖੀ ਫ਼ੌਜ ਨੇ ਬਲਵਾ ਕਰ ਕੇ ਸਭ ਲੁੱਟ ਲਿਆ, ਪਰ ਅਜੇ ਤੀਕ ਆਪੋ ਵਿਚ ਵੰਡਿਆ ਨਹੀਂ, ਇਕੱਠਾ ਹੀ ਰੱਖਿਆ ਹੋਇਆ ਹੈ।"

"ਵਿਸਾਖ ਸੁਦੀ ਅਸ਼ਟਮੀ ਨੂੰ ਕਸ਼ਮੀਰੋਂ ਖ਼ਬਰ ਆਈ ਕਿ ਕਸ਼ਮੀਰ ਦੇ ਸੂਬੇ ਜਰਨੈਲ ਮੀਹਾਂ ਸਿੰਘ ਨੂੰ ਫ਼ੌਜ ਨੇ ਬਲਵਾ ਕਰ ਕੇ ਮਾਰ ਦਿੱਤਾ ਹੈ, ਅਤੇ ਉਸ ਦੇ ਪੁੱਤਰ ਨੂੰ ਕੈਦ ਕਰ ਕੇ ਲੋਕਾਂ ਨੂੰ ਲੁਟਣ ਲੱਗ ਪਏ ਹਨ। ਇਹ ਖ਼ਬਰ ਤੀਜੇ ਪਹਿਰ ਲਾਹੌਰ ਪੁਜੀ ਸੀ, ਇਸ ਲਈ ਨੌਮੀ ਦੇ ਦਿਨ ਸ਼ੇਖ਼ ਗ਼ੁਲਾਮ ਮੁਹੀਯੁਦੀਨ ਹੁਸ਼ਿਆਰਪੁਰੀਏ ਲਈ ਸੂਬੇਦਾਰੀ ਦਾ ਲਿਖਤ ਤਿਆਰ ਹੋ ਗਿਆ, ਤੇ ਸ਼ੇਰ ਸਿੰਘ ਦਾ ਪੁੱਤਰ ਕੰਵਰ ਪਰਤਾਪ ਸਿੰਘ ਸਣੇ ਭਾਈ ਗੁਰਮੁਖ ਸਿੰਘ ਤੇ ਸ਼ੇਖ਼ ਦੇ ਅੱਜ ਭਲਕ ਕਸ਼ਮੀਰ ਵਲ ਨੂੰ ਤੁਰ ਪੈਣਗੇ।"

"ਫ਼ੌਜ ਨਾਲ ਰਾਜਾ ਧਿਆਨ ਸਿੰਘ ਨੇ ਲਲੋ-ਪਤੋ ਕਰ ਕੇ ਗੰਢ-ਤੁਪ ਕਰ ਲਿਆ ਹੈ, ਤੇ ਹੁਣ ਬਾਹਰ ਅੰਦਰ ਆਉਣ ਜਾਣ ਲੱਗ ਪਿਆ ਹੈ। ਜਮਾਦਾਰ ਦਾ ਕੰਮ ਵੀ ਕੁਝ ਅੱਗੇ ਨਾਲੋਂ ਚੰਗਾ ਹੋ ਗਿਆ ਹੈ। ਪਰ ਪ੍ਰਬੰਧ ਅਜੇ ਵੀ ਕੋਈ ਨਹੀਂ। ਲਾਹੌਰ ਦੇ ਲੋਕਾਂ ਨੂੰ ਅਜੇ ਵੀ ਡਰ ਹੈ ਕਿ ਕਿਤੇ ਫ਼ੌਜ ਫੇਰ ਨਾ ਲੁਟਣ ਲੱਗ ਪਏ। ਅੱਜ-ਕੱਲ੍ਹ ਲਾਹੌਰ ਵਿਚ ਰਹਿਣਾ ਜਾਨ ਦਾ ਧੋਖਾ ਹੈ, ਕਿਉਂ ਜੁ ਇਥੇ ਗ਼ਦਰ ਪਿਆ ਹੋਇਆ ਹੈ, ਜੇਕਰ ਕੋਈ ਕਿਸੇ ਨੂੰ ਮਾਰ ਦੇਵੇ, ਤਾਂ ਕੋਈ ਨਹੀਂ ਪੁੱਛਦਾ।"

"ਕਸ਼ਮੀਰ ਵਿਚ ਮੀਹਾਂ ਸਿੰਘ ਨੂੰ ਮਾਰ ਕੇ ਫ਼ੌਜ ਲੋਕਾਂ ਨੂੰ ਲੁੱਟਣ ਲਗ ਪਈ ਸੀ। ਲੋਕਾਂ ਨੇ ਏਕਾ ਕਰ ਕੇ ਪੱਥਰਾਂ, ਸੋਟਿਆਂ ਤੇ ਤਲਵਾਰਾਂ ਨਾਲ ਹੀ ਬਹੁਤ ਸਾਰੀ ਫ਼ੌਜ ਮਾਰ ਦਿੱਤੀ।"

"ਭਾਈ ਰਾਮ ਸਿੰਘ ਤੇ ਗੋਬਿੰਦ ਰਾਮ ਦੀ ਕਿਸੇ ਗੱਲੇ ਪੁਛ-ਗਿਛ ਨਹੀਂ, ਪਰ ਜਦ ਉਹ ਦਰਬਾਰ ਵਿਚ ਜਾਂਦੇ ਹਨ, ਤਾਂ ਅੱਗੇ ਵਾਙ ਹੀ ਉਨ੍ਹਾਂ ਨੂੰ ਕੁਰਸੀ ਮਿਲਦੀ ਹੈ। ਸਭ ਕੰਮਾਂ ਵਿਚ ਅਸਲ ਅਖ਼ਤਿਆਰ ਰਾਜਾ ਧਿਆਨ ਸਿੰਘ ਦਾ ਹੈ, ਅਤੇ ਵੱਡਿਆਂ ਮੁਸਾਹਬਾਂ ਵਿਚੋਂ ਭਾ: ਗੁਰਮੁਖ ਸਿੰਘ ਤੇ ਸਰਦਾਰ ਜਵਾਲਾ ਸਿੰਘ ਸ਼ੇਰ ਸਿੰਘ ਦਾ ਪੁਰਾਣਾ

ਮੁਸਾਹਬਾਂ ਵਿਚੋਂ ਭਾ: ਗੁਰਮੁਖ ਸਿੰਘ ਤੇ ਸਰਦਾਰ ਜਵਾਲਾ ਸਿੰਘ ਸ਼ੇਰ ਸਿੰਘ ਦਾ ਪੁਰਾਣਾ ਮਾਤਬਰ ਹੈ, ਤੇ ਇਸ ਵੇਲੇ ਚਾਰ-ਯਾਰੀ ਫ਼ੌਜ, ਜਿਸ ਵਿਚ ਪੰਜ ਪੰਜ ਹਜ਼ਾਰ ਸਵਾਰ ਹਨ, ਜਵਾਲਾ ਸਿੰਘ ਦੇ ਤਹਿਤ ਹੈ ਤੇ ਦਲ ਸਿੰਘ ਨਹੇਰਨੇ ਦਾ ਪੁੱਤਰ ਅਤਰ ਸਿੰਘ ਨਹੇਰਨਾ ਲਾਹੌਰ ਦਾ ਅਦਾਲਤੀ ਹੈ।"

"ਪਲਟਣਾਂ ਪਾਸ ਜਿਹੜੀਆਂ ਤੋਪਾਂ ਸਨ, ਪਲਟਣਾਂ ਦੇ ਫ਼ਸਾਦ ਕਰਕੇ ਰਾਜਾ ਧਿਆਨ ਸਿੰਘ ਨੇ ਇਨ੍ਹਾਂ ਸਾਰੀਆਂ ਨੂੰ ਇਕ ਥਾਂ ਜਮ੍ਹਾ ਕਰ ਦਿੱਤਾ ਹੈ।"

## ਜਰਨੈਲ ਮੀਹਾਂ ਸਿੰਘ ਦਾ ਮਾਰਿਆ ਜਾਣਾ

(ਹਰ ਸਰਨ ਦਾਸ ਅੰਗਰੇਜ਼ੀ ਨੌਕਰ ਸੀ; ਜੋ ਲਾਹੌਰ ਦਰਬਾਰ ਦੀਆਂ ਖ਼ਬਰਾਂ ਰੋਜ਼ ਦੇ ਰੋਜ਼ 'ਲੁਧਿਆਨੇ' ਨੂੰ ਘਲਿਆ ਕਰਦਾ ਸੀ। ਹੇਠਾਂ ਉਸ ਦੀਆਂ ਖ਼ਬਰਾਂ ਦਾ ਇਕ ਹਿੱਸਾ ਦਿੱਤਾ ਜਾਂਦਾ ਹੈ। ਇਹ ੨੮ ਅਪ੍ਰੈਲ ਸੰ: ੧੮੪੧ ਈ: ਦੀ ਅਖ਼ਬਾਰ ਵਿਚੋਂ ਹਨ।)

*—ਕਰਮ ਸਿੰਘ*

"ਕਸ਼ਮੀਰੋਂ ਖ਼ਬਰ ਆਈ ਹੈ ਕਿ ਕਸ਼ਮੀਰ ਦੇ ਨਾਜ਼ਮ ਜਰਨੈਲ ਮੀਹਾਂ ਸਿੰਘ ਨੇ ਸਦਾ ਵਾਙ ੧੧ ਵਿਸਾਖ ਸੰਮਤ ੧੮੯੮ ਨੂੰ ਸਵੇਰੇ ਪ੍ਰਸ਼ਾਦ ਛਕ ਕੇ ਜਦ ਦਰਬਾਰ ਕੀਤਾ ਅਤੇ ਸਦਾ ਵਾਙ ਚੌਧਰੀ ਤੇ ਜ਼ਿਮੀਦਾਰ ਹਾਜ਼ਰ ਹੋਏ, ਤਾਂ ਸਿੱਖਾਂ ਦੀਆਂ ਦੋਵੇਂ ਪਲਟਣਾਂ ਕਚਹਿਰੀ ਵਿਚ ਆ ਵੜੀਆਂ ਅਤੇ ਕਿਹਾ ਕਿ ਸਾਡੀ ਤਲਬ ਤੇ ਇਨਾਮ ਦੇ ਦੇਵੋ, ਅਤੇ ਲਾਹੌਰ ਦੀਆਂ ਫ਼ੌਜਾਂ ਵਾਙ ਸਾਡੀ ਤਨਖ਼ਾਹ ਵਧਾ ਦੇਵੋ। ਨਾਜ਼ਮ ਨੇ ਕਿਹਾ ਕਿ ਜੋ ਦਸਤੂਰ ਕਸ਼ਮੀਰ ਦਾ ਹੈ ਇਹੋ ਹੀ ਮਿਲੇਗਾ, ਤੁਸਾਡਾ ਬਲਵਾ ਕਰਨਾ ਕਿਸੇ ਅਰਥ ਨਹੀਂ। ਸਿਪਾਹੀਆਂ ਨੇ ਉਸੇ ਵੇਲੇ ਨਾਜ਼ਮ ਨੂੰ ਫੜ ਲਿਆ ਅਤੇ ਤਲਵਾਰ ਤੇ ਬੰਦੂਕ ਦੀਆਂ ਹੁੱਜਾਂ ਮਾਰ ਮਾਰ ਕੇ ਜਾਨੋਂ ਮਾਰ ਦਿੱਤਾ।

"ਜਰਨੈਲ ਦਾ ਪੁੱਤਰ ਸੰਤ ਸਿੰਘ ਨੱਸ ਗਿਆ, ਤੇ ਹਰੀ ਪਰਬਤ ਦੇ ਕਿਲ੍ਹੇ ਵਿਚ ਜਾ ਕੇ ਲੁਕ ਗਿਆ।"

## ਰੋਜ਼-ਨਾਮਚਾ ਲਾਹੌਰ

(ਇਹ ਪਤਾ ਨਹੀਂ ਕਿ ਇਹ ਖ਼ਬਰਾਂ ਕਿਸ ਦੀਆਂ ਲਿਖੀਆਂ ਹੋਈਆਂ ਹਨ, ਕੇਵਲ ਜ਼ਰੂਰੀ ਸਾਰ ਹੇਠਾਂ ਦਿੱਤਾ ਗਿਆ ਹੈ।) *—ਕਰਮ ਸਿੰਘ*

ਵਿਸਾਖ ਸੁਦੀ ੧੧—ਸਰਦਾਰ ਫ਼ਤਹ ਸਿੰਘ ਮਾਨ ਨੂੰ ਪੰਜ ਸੌ ਸਵਾਰ ਦੇ ਕੇ ਫ਼ੀਰੋਜ਼ਪੁਰ ਵੱਲ ਜਾਣ ਲਈ ਹੁਕਮ ਹੋਇਆ ਕਿ ਅੰਗਰੇਜ਼ਾਂ ਦੇ ਦਸ ਲੱਖ ਰੁਪਏ ਨਕਦ ਤੇ ਗਿਆਰਾਂ ਲੱਖ ਦੀਆਂ ਹੁੰਡੀਆਂ ਨੂੰ ਫ਼ੀਰੋਜ਼ਪੁਰੋਂ ਪਿਸ਼ੌਰ ਪੁਚਾ ਦੇਵੇ। ਜਲੰਧਰ ਦੇ ਕਾਰਦਾਰ ਸ਼ੇਖ਼ ਕਰੀਮ ਬਖ਼ਸ਼ ਦੀ ਅਰਜ਼ੀ ਸ਼ੇਖ਼ ਗ਼ੁਲਾਮ ਮੁਹੀਯੁਦੀਨ ਦੀ ਮਾਰਫ਼ਤ ਆਈ ਕਿ ਨਕੋਦਰ ਦਾ ਕਿਲ੍ਹਾ ਬੜਾ ਤਕੜਾ ਸੀ, ਪਰ ਸਰਕਾਰ ਦੇ ਪਰਤਾਪ ਨਾਲ ਜਲੰਧਰੋਂ ਇਕ ਸੌ ਸਿਪਾਹੀ ਲਿਜਾ ਕੇ ਹੀ ਖ਼ਾਲੀ ਕਰਵਾ ਲਿਆ ਹੈ। ਇਹ ਸਰਦਾਰ ਅਤਰ ਸਿੰਘ ਸੰਧਾਂਵਾਲੀਏ ਪਾਸ ਸੀ। ਸੋ ਸਰਕਾਰ ਨੇ ਸ਼ੇਖ਼ ਨੂੰ ਦੋ ਹਜ਼ਾਰ ਦੀ ਜਗੀਰ ਤੇ ਕਰੀਮ ਬਖ਼ਸ਼ ਨੂੰ ਪੰਜ ਸੌ ਰੁਪਏ ਦੀ ਜਗੀਰ ਦਿੱਤੀ, ਅਤੇ ਸਿਪਾਹੀਆਂ ਨੂੰ ਇਕ

ਹਜ਼ਾਰ ਰੁਪਿਆ ਇਨਾਮ ਵਜੋਂ ਦਿੱਤਾ। ਰਾਣੀ ਚੰਦ ਕੌਰ ਦੀ ਜਗੀਰ, ਜੋ ਲਗਪਗ ਸੱਤ ਲੱਖ ਰੁਪਏ ਦੀ ਸੀ, ਪਹਿਲਾਂ ਵਾਂਗ ਉਸੇ ਪਾਸ ਰਹਿਣ ਦਿੱਤੀ ਗਈ।

ਵਿਸਾਖ ਸੁਦੀ ੧੨—ਪਿਸ਼ੌਰੋਂ ਖ਼ਬਰ ਆਈ ਕਿ ਉਥੋਂ ਦੀ ਫ਼ੌਜ ਨੇ ਲੋਕਾਂ ਦੀ ਫ਼ਸਲ-ਵਾੜੀ ਦਾ ਛੇ ਹਜ਼ਾਰ ਰੁਪਏ ਦਾ ਨੁਕਸਾਨ ਕਰ ਦਿੱਤਾ ਹੈ। ਆਹਲੂਵਾਲੀਆਂ ਦੀ ਫ਼ੌਜ ਨੇ ਚਾਰ ਹਜ਼ਾਰ ਦਾ, ਤੇ ਸਰਕਾਰੀ ਫ਼ੌਜ ਨੇ ਦੋ ਹਜ਼ਾਰ ਦਾ। ਹੁਕਮ ਹੋਇਆ ਕਿ ਸਰਕਾਰੀ ਫ਼ੌਜ ਵਾਲਾ ਹਿੱਸਾ ਸਰਕਾਰੀ ਪੇਟੀ ਵਿਚੋਂ ਦਿੱਤਾ ਜਾਵੇ, ਅਤੇ ਆਹਲੂਵਾਲੀਆਂ ਦੀ ਫ਼ੌਜ ਵਾਲਾ ਹਿੱਸਾ ਸਰਕਾਰ ਆਪ ਉਨ੍ਹਾਂ ਪਾਸੋਂ ਸਮਝ ਲਊ। ਕੁਲੂ ਵਾਲੀਆਂ ਫ਼ੌਜਾਂ ਦਾ ਮੁਲਾਹਜ਼ਾ ਕੀਤਾ। ਫ਼ਤਹ ਸਿੰਘ ਮਾਨ ਦੇ ਨਾਲ ਸਵਾਰ ਨਹੀਂ ਜਾਂਦੇ ਸਨ, ਇਸ ਲਈ ਓਹ ਤੁਰ ਨਾ ਸਕਿਆ। ਹੁਕਮ ਹੋਇਆ ਕਿ ਫ਼ੀਰੋਜ਼ਪੁਰ ਨੂੰ ਤੁਰ ਪਵੇ। ਉਸ ਨੇ ਅਰਜ਼ ਕੀਤੀ ਕਿ ਸਵਾਰ ਤਾਂ ਮੇਰੇ ਨਾਲ ਜਾਂਦੇ ਨਹੀਂ। ਜਵਾਲਾ ਸਿੰਘ ਮਹਿਰੇ ਦੇ ਭਰਾ ਬੁਧ ਸਿੰਘ ਨੂੰ ਇਕ ਹਾਥੀ ਬਖ਼ਸ਼ਿਆ। ਕੇਹਰ ਸਿੰਘ ਦੀ ਮਾਈ ਅਰਥਾਤ ਸ: ਅਤਰ ਸਿੰਘ ਸੰਧਾਂਵਾਲੀਏ ਦੀ ਸਰਦਾਰਨੀ ਨੇ ਅਰਜ਼ ਕਰਵਾਈ ਕਿ ਮੇਰੇ ਪੁੱਤਰ ਨੂੰ ਆਪਣੇ ਭਰਾਵਾਂ ਵਾਙ ਸਮਝਣਾ। ਉੱਤਰ ਲਿਖਿਆ ਗਿਆ ਕਿ ਕੋਈ ਫ਼ਰਕ ਦੀ ਗੱਲ ਨਹੀਂ। ਸ਼ਕਰ ਗੜ੍ਹ ਦੇ ਕਿਲ੍ਹੇ ਵਿਚੋਂ, ਜੋ ਸੰਧਾਂਵਾਲੀਆਂ ਪਾਸ ਸੀ, ੪੫ ਘੋੜੀਆਂ, ੨੫ ਘੋੜੇ ਤੇ ੧੦੦ ਊਠ ਮਿਲੇ ਸਨ, ਸੋ ਹਾਜ਼ਰ ਕੀਤੇ ਗਏ। ਤੀਜੇ ਪਹਿਰ ਸਰਕਾਰ ਤੇ ਰਾਜਾ ਜੀ ਹਾਥੀ ਦੀ ਸਵਾਰੀ ਸ਼ਾਹ ਬਿਲਾਵਲ ਤੀਕ ਗਏ। ਰਾਜਾ ਜੀ ਨੇ ਬੰਦੂਕ ਚਲਾਈ, ਸੰਜੋਗ ਨਾਲ ਬੰਦੂਕ ਪਾਟ ਗਈ, ਤੇ ਕੰਕਰੀਆਂ ਰਾਜਾ ਜੀ ਦੇ ਹੱਥ ਵਿਚ ਵੜ ਗਈਆਂ, ਪਰ ਸੁਖ ਰਹੀ। ਸਰਕਾਰ ਨੇ ਉਸੇ ਵੇਲੇ ਪੰਜ ਹਜ਼ਾਰ ਨਕਦ ਤੇ ਹਥੀਂ ਪਾਏ ਜੜਾਊ ਸੋਨੇ ਦੇ ਕੜਿਆਂ ਦਾ ਸਰ-ਵਾਰਨਾ ਕਰ ਦਿੱਤਾ।

ਵਿਸਾਖ ਸੁਦੀ ੧੩—ਦੀਵਾਨ ਸਾਵਣ ਮੱਲ ਦੇ ਨਾਮ ਹੁਕਮ ਹੋਇਆ ਕਿ ਸਰਦਾਰ ਲਹਿਣਾ ਸਿੰਘ ਸੰਧਾਂਵਾਲੀਏ ਦਾ ਜੋ ਦੋ ਹਜ਼ਾਰ ਮਾਣੀ ਅਨਾਜ ਕਲੇਰ ਦੇ ਕਿਲ੍ਹੇ ਵਿਚ ਪਿਆ ਹੈ, ਉਸ ਨੂੰ ਵੇਚ ਦਿੱਤਾ ਜਾਵੇ (ਇਕ ਮਾਣੀ ਅਠਾਰਾਂ ਮਣ ਦੀ ਹੁੰਦੀ ਹੈ)। ਸਰਦਾਰ ਬੁਧ ਸਿੰਘ ਨੂੰ ਹੁਕਮ ਹੋਇਆ ਕਿ ਚਾਰ ਪਲਟਣਾਂ ਨਵੀਆਂ ਨੌਕਰ ਰੱਖੇ। ਦੋ ਲੱਖ ਰੁਪਿਆ ਤਲਬ ਤਾਰਨ ਲਈ ਦਿੱਤਾ ਗਿਆ ਕਿ ਕੰਵਰ ਪ੍ਰਤਾਪ ਸਿੰਘ ਦੀ ਪਲਟਣ ਦੀਆਂ ਦੋ ਕੰਪਨੀਆਂ ਦੀ ਤਲਬ ਤਾਰੀ ਜਾਵੇ। ਸਰਦਾਰ ਫ਼ਤਹ ਸਿੰਘ ਮਾਨ ਫ਼ੀਰੋਜ਼ਪੁਰ ਨੂੰ ਤੁਰ ਗਿਆ। ਦੀਵਾਨ ਅਜੁਧਿਆ ਪ੍ਰਸ਼ਾਦ ਹਾਜ਼ਰ ਹੋਇਆ, ਤੇ ਨਜ਼ਰ ਪੇਸ਼ ਕੀਤੀ। ਭਾਈ ਰਾਮ ਸਿੰਘ ਤੇ ਹੋਰ ਸਰਦਾਰਾਂ ਨੇ ਸਰਵਾਰਨੇ ਪੇਸ਼ ਕੀਤੇ ਕਿ ਕਲ੍ਹ ਰਾਤੀਂ ਰਾਜਾ ਜੀ ਨਾਲ ਸੁਖ ਵਰਤੀ ਸੀ। ਫਿਰ ਭਾਈ ਸਾਹਿਬ ਰਾਮ ਸਿੰਘ ਤੇ ਗੁਰਮੁਖ ਸਿੰਘ ਸਰਕਾਰ ਦੇ ਕੰਨਾਂ ਵਿਚ ਕੁਝ ਗੱਲਾਂ ਕਰਦੇ ਰਹੇ। ਵੀਹ ਹਜ਼ਾਰ ਰੁਪਏ ਦਾ ਕਠੂਹੇ ਦਾ ਇਲਾਕਾ ਰਾਜਾ ਹੀਰਾ ਸਿੰਘ ਨੂੰ ਜਗੀਰ ਵਜੋਂ ਦਿੱਤਾ ਗਿਆ।

ਵਿਸਾਖ ਸੁਦੀ ੧੪—ਖ਼ਬਰ ਆਈ ਕਿ ਕੁਲੂ ਵਾਲੀਆਂ ਪਲਟਣਾਂ ਅੰਬ ਧਤੂਰੇ ਪਾਸ ਆ ਕੇ ਫ਼ਸਾਦ ਕਰਨ ਨੂੰ ਤਿਆਰ ਹਨ। ਓਸੇ ਵੇਲੇ ਪਰੇਟ ਦੇ ਮੈਦਾਨ ਵਿਚ ਤੋਪਾਂ ਲੈ ਗਏ ਕਿ ਫ਼ਸਾਦ ਨਾ ਹੋਣ ਦਿੱਤਾ ਜਾਵੇ। ਅੰਤ ਫ਼ਸਾਦ ਹਟਾ ਦਿੱਤਾ ਗਿਆ।

ਤੀਜੇ ਪਹਿਰ ਦੋਸਤ ਮੁਹੰਮਦ ਖ਼ਾਂ ਦੇ ਭਾਈ ਸੁਲਤਾਨ ਮੁਹੰਮਦ ਖ਼ਾਂ ਨੇ ਸੱਤ ਘੋੜੇ ਸਰਕਾਰ ਦੇ ਪੇਸ਼ ਕੀਤੇ, ਜਿਨ੍ਹਾਂ ਵਿਚੋਂ ਦੋ ਬਹੁਤ ਹੀ ਸੋਹਣੇ ਤੇ ਚੰਗੇ ਸਨ। ਸਰਕਾਰ ਨੇ ਪਰਵਾਨ ਕਰ ਲਏ। ਫੇਰ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਂਵਾਲੀਏ ਹਾਜ਼ਰ ਹੋਏ, ਨਜ਼ਰ ਤੇ ਸਰ-ਵਾਰਨੇ ਵਜੋਂ ਸਤ ਸੌ ਰੁਪਿਆ ਸਰਦਾਰ ਲਹਿਣਾ ਸਿੰਘ ਨੇ, ਸਵਾ ਸੌ ਰੁਪਿਆ ਕੇਹਰ ਸਿੰਘ ਨੇ ਤੇ ਇੱਕੀ ਰੁਪਏ ਵਜ਼ੀਰ ਸ਼ਾਮਾਂ ਤੇ ਹੋਰਨਾਂ ਨੇ ਪੇਸ਼ ਕੀਤੇ। ਸਰਦਾਰ ਲਹਿਣਾ ਸਿੰਘ ਪਾਸੋਂ ਸਰਕਾਰ ਨੇ ਪੁਛਿਆ ਕਿ ਸਵਾਰ ਤੇ ਸਿਪਾਹੀ ਕੀਕੂੰ ਮਾਰੇ ਗਏ ? ਅਰਜ਼ ਕੀਤੀ ਕਿ ਬਰਫ਼ ਪੈਣ ਕਰਕੇ ਮਰ ਗਏ।

ਵਿਸਾਖ ਸੁਦੀ ੧੫—ਫ਼ੌਜ ਖ਼ਾਸ ਦੀਆਂ ਪਲਟਣਾਂ ਪਰੇਟ ਵਿਚ ਹਾਜ਼ਰ ਹੋਈਆਂ, ਕਵੈਦ ਵੇਖ ਕੇ ਤਿੰਨ ਹਜ਼ਾਰ ਰੁਪਿਆ ਇਨਾਮ ਵਜੋਂ ਦਿੱਤਾ ਗਿਆ। ਫੇਰ ਲਾਲ ਕਿਲ੍ਹੇ ਵਿਚ ਆ ਕੇ ਧਰਮਕੋਟ ਦਾ ਹਿਸਾਬ ਸੁਣਿਆ ਤੇ ਇਲਾਕੇ ਕਸ਼ਮੀਰ ਦਾ ਮਾਹਵਾਰਾ ਪੇਸ਼ ਹੋਇਆ।

## ਲਾਹੌਰ ਦੀਆਂ ਖ਼ਬਰਾਂ

(ਪਤਾ ਨਹੀਂ, ਇਹ ਖ਼ਬਰਾਂ ਕਿਸ ਦੀਆਂ ਲਿਖੀਆਂ ਹੋਈਆਂ ਹਨ। ਬਿਨਾਂ ਤਰੀਕ ਤੇ ਬਿਨਾਂ ਨਾਮ ਦੇ ਇਕ ਪੁਰਾਣੇ ਕਾਗ਼ਜ਼ ਉਤੇ ਸਨ। ਐਸਾ ਮਲੂਮ ਹੁੰਦਾ ਹੈ ਕਿ ਇਹ ਖ਼ਬਰਾਂ ਵਿਸਾਖ ਸੁਦੀ ੧੫ ਤੋਂ ਮਗਰੋਂ ਦੀਆਂ ਹੀ ਹਨ। ਇਹ ਕਈ ਦਿਨਾਂ ਦੀਆਂ ਖ਼ਬਰਾਂ ਇੱਕੋ ਥਾਂ ਕਰ ਦਿੱਤੀਆਂ ਜਾਪਦੀਆਂ ਹਨ।) *—ਕਰਮ ਸਿੰਘ*

ਸਰਕਾਰ ਸਵੇਰੇ ਉਠਦੇ ਹੀ ਸਵਾਰ ਹੋ ਗਏ, ਤੇ ਰਾਹ ਵਿਚ ਪਰੇਟ ਦੇ ਮੈਦਾਨ ਵਿਚ ਫ਼ਤਹ ਪਲਟਨ ਨੂੰ ਵੇਖਿਆ। ਫੇਰ ਰਵਾਂ-ਰਵੀਂ ਸ਼ਾਲਾ ਬਾਗ਼ ਚਲੇ ਗਏ। ਜਮਾਦਾਰ ਖ਼ੁਸ਼ਹਾਲ ਸਿੰਘ ਨੇ ਅਰਜ਼ ਕੀਤੀ ਕਿ ਦਾਸ ਪਾਸ ਇਕ ਗੁਬਾਰਾ ਹੈ, ਸਰਕਾਰ ਮੁਲਾਹਜ਼ਾ ਕਰੇ। ਵੇਖ ਕੇ ਰੱਖ ਲਿਆ ਗਿਆ। ਸਰਕਾਰ ਤੇ ਜਮਾਦਾਰ, ਤੇ ਤੇਜਾ ਸਿੰਘ ਤੇ ਸਰਦਾਰ ਲਹਿਣਾ ਸਿੰਘ ਮਜੀਠਿਆ ਇਕੋ ਹਾਥੀ ਉਤੇ ਸਵਾਰ ਬਦਾਨੇ ਦੇ ਦਰੱਖ਼ਤਾਂ ਹੇਠ ਖੜੋਤੇ ਸਨ ਤੇ ਸਰਕਾਰ ਆਪਣੇ ਹੱਥ ਨਾਲ ਬਦਾਨਾ ਤੋੜ ਤੋੜ ਖਾਂਦੇ ਸਨ। ਇਸ ਤੋਂ ਮਗਰੋਂ ਦਰਬਾਰ ਲੱਗਾ। ਜਿਹੜੇ ਬਾਗ਼ ਤੇ ਖ਼ੂਹ ਤੇ ਵਟਾਲੇ ਵਾਲਾ ਬਾਗ਼, ਜਮਾਦਾਰ ਦੇ ਜ਼ਬਤ ਹੋਏ ਹੋਏ ਸਨ, ਉਹ ਮਾਫ਼ ਕਰ ਦਿੱਤੇ ਗਏ, ਤੇ ਸਰਕਾਰ ਨੇ ਵੀ ਇਹ ਫ਼ਰਮਾਇਆ, ਤੇ ਜਮਾਦਾਰ ਜੀ ਹੌਲੀ ਹੌਲੀ ਆਪਣਾ ਇਲਾਕਾ ਛਡਾਈ ਜਾਂਦੇ ਹਨ। ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਇਕ ਚੰਮ ਦੀ ਤੋਪ, ਜੋ ਬੜੀ ਹੀ ਅਜੀਬ ਸੀ, ਪੇਸ਼ ਕੀਤੀ। ਸਰਕਾਰ ਨੇ ਉਸ ਨੂੰ ਬਹੁਤ ਸਲਾਹਿਆ ਤੇ ਸਰਦਾਰ ਦੀ ਅਕਲ ਸਮਝ ਦੀ ਉਪਮਾ ਕੀਤੀ। ਤੀਜੇ ਪਹਿਰ ਕੁਲੂ ਵਾਲੀਆਂ ਪਲਟਣਾਂ ਵੇਖੀਆਂ ਤੇ ਹੁਕਮ ਦਿੱਤਾ ਕਿ ਕੁਲੂ ਜਾ ਕੇ ਥਾਣਾ ਪਾ ਲਵੋ, ਤੇ ਤਲਬ ਵਿਚ ਵਾਧਾ ਵੀ ਕਰ ਦਿੱਤਾ। ਫਿਰ ਖ਼ੂੰਨਣ ਪਲਟਣਾਂ ਹਾਜ਼ਰ ਹੋਈਆਂ ਜਿਨ੍ਹਾਂ ਨੇ ਫੁਕਸ ਸਾਹਿਬ ਨੂੰ ਮਾਰਿਆ ਸੀ। ਸਰਕਾਰ ਨੇ ਕਿਹਾ ਕਿ ਜਿਸ ਜਿਸ ਨੇ ਸਾਹਿਬ ਨੂੰ ਮਾਰਿਆ ਸੀ, ਉਸ ਉਸ ਦਾ ਅੱਡੋ-ਅੱਡ ਪਤਾ ਦੇਵੋ। ਉਨ੍ਹਾਂ ਉੱਤਰ ਦਿੱਤਾ ਕਿ ਰੌਲੇ-ਗੌਲੇ ਵਿਚ ਕੀ ਪਤਾ

ਲੱਗ ਸਕਦਾ ਹੈ ਕਿ ਮਾਰਨ ਵਾਲੇ ਕੌਣ ਕੌਣ ਸਨ ? ਸੋ ਸਰਕਾਰ ਨੇ ਉਨ੍ਹਾਂ ਨੂੰ ਕੈਦ ਕਰ ਦਿੱਤਾ।

ਰਜਬਣ ਫ਼ੌਜ ਭਾਟੀ ਦਰਵਾਜ਼ੇ ਵੱਲ, ਰਸਾਲਦਾਰ ਭਾਗ ਸਿੰਘ ਸੁਰਸਿੰਘੀਏ ਨੂੰ ਜ਼ੋਰੋ-ਜ਼ੋਰੀ ਵੱਢ ਗਈ ਸੀ। ਸਿਰ ਬਹੁਤ ਜ਼ਖ਼ਮੀ ਤੇ ਧੜ ਨਾਲੋਂ ਅੱਡ ਸੀ, ਢਿੱਡ ਵਿਚ ਕਰਾਬੀਨ ਦੀ ਗੋਲੀ ਵੱਜੀ ਹੋਈ ਸੀ, ਦੋਵੇਂ ਮੋਢੇ ਜ਼ਖ਼ਮੀ ਸਨ, ਸੱਜੇ ਹੱਥ ਦੀਆਂ ਉਂਗਲਾਂ ਤੇ ਖੱਬੀ ਵੀਣੀ ਵੱਢੀ ਹੋਈ ਸੀ। ਸਵਾਰਾਂ ਨੂੰ ਹੁਕਮ ਹੋਇਆ ਕਿ ਸਾਰੀ ਰਜਬਣ ਨੂੰ ਗਰਿਫ਼ਤਾਰ ਕਰ ਲਵੋ। ਰਤਨਾ ਪੰਡਤ ਤੇ ਨਰੈਣ ਦਾਸ ਕੁਲੂ ਵਾਲੀਆਂ ਪਲਟਣਾਂ ਨੂੰ ਸਮਝਾਉਣ ਲਈ ਘੱਲੇ ਗਏ ਸਨ, ਉਨ੍ਹਾਂ ਕਿਹਾ ਕਿ ਬੇਦਿਲ ਨੌਕਰ ਪਾਸੋਂ ਸੇਵਾ ਨਹੀਂ ਹੋ ਸਕਦੀ, ਜੋ ਕੋਈ ਓਧਰ ਜਾਣ ਨੂੰ ਰਾਜ਼ੀ ਹੋਵੇ, ਉਸ ਨੂੰ ਘੱਲਿਆ ਜਾਵੇ। ਰਾਮ ਸਿੰਘ ਸੰਗਤਪੁਰੀਏ, ਮੰਗਲ ਸਿੰਘ ਕੁਮੇਦਾਨ, ਕੇਸਰਾ ਸਿੰਘ ਨਕਈ, ਗੁਲਾਬ ਸਿੰਘ ਕੁਮੇਦਾਨ ਤੇ ਸੰਤ ਸਿੰਘ ਕੁਮੇਦਾਨ ਨੂੰ ਅੜਦਲੀ ਰਸਾਲੇ ਵਿਚ ਕੈਦ ਕੀਤਾ ਗਿਆ। ਭਾਵੇਂ ਏਨ੍ਹਾਂ ਦੀ ਤਕਸੀਰ ਕੋਈ ਨਹੀਂ ਸੀ, ਪਰ ਨੀਤੀ ਵਜੋਂ ਕੈਦ ਕਰ ਦਿੱਤੇ ਗਏ ਹਨ। ਸਾਹਿਬ ਸਿੰਘ ਰਸਾਲਦਾਰ, ਸੋਭਾ ਸਿੰਘ ਜਮਾਦਾਰ, ਚਨੂੰ ਨਿਸ਼ਾਨਚੀ, ਸੰਗਤ ਸਿੰਘ ਨਿਸ਼ਾਨਚੀ ਮਨਿਹਾਲੀਆ ਤੇ ਧੰਨਾ ਸਿੰਘ ਜਮਾਦਾਰ ਨਕਈ ਵੀ ਤੋਪਖ਼ਾਨੇ ਵਿਚ ਕੈਦ ਕਰ ਦਿੱਤੇ ਗਏ।

ਸਰਕਾਰ ਦੀ ਤਿਆਰੀ ਅੰਮ੍ਰਿਤਸਰ ਜਾਣ ਦੀ ਸੀ। ਰਾਜਾ ਜੀ ਨੇ ਅਰਜ਼ ਕੀਤੀ ਕਿ ਸਰਕਾਰ ਅਜੇ ਕੁਝ ਕੁ ਦਿਨ ਲਾਹੌਰੋਂ ਬਾਹਰ ਨਾ ਜਾਣ, ਜਦ ਪਰਬੰਧ ਹੋ ਜਾਊ, ਫੇਰ ਅੰਮ੍ਰਿਤਸਰ ਨੂੰ ਜਾਣਾ। ਸਰਕਾਰ ਨੇ ਮੰਨ ਲਿਆ। ਫੇਰ ਦੁਰਾਗੋਂ ਰਜਬਣ ਦੇ ਅਫ਼ਸਰਾਂ ਨੂੰ ਸਦਿਆ ਤੇ ਹੁਕਮ ਦਿਤਾ ਕਿ ਸਰਕਾਰ ਕਿਲ੍ਹੇ ਨੂੰ ਜਾਂਦੀ ਹੈ, ਤੁਸੀਂ ਵੀ ਓਥੇ ਆਓ, ਉਥੇ ਅਦਾਲਤ ਹੋਊ। ਸੋ ਸ਼ਾਮ ਵੇਲੇ ਕਿਲ੍ਹੇ ਪੁੱਜੇ ਤੇ ਪੁੱਛਿਆ ਕਿ ਫੁਕਸ ਸਾਹਿਬ ਨੂੰ ਕਿਉਂ ਮਾਰਿਆ, ਤੁਸਾਨੂੰ ਸਰਕਾਰ ਦਾ ਡਰ ਨਹੀਂ ਸੀ ? ਕਿਸ ਦੀ ਮਜਾਲ ਸੀ ਕਿ ਬੋਲ ਸਕਦਾ। ਸਰਕਾਰ ਨੇ ਹੁਕਮ ਦਿਤਾ ਕਿ ਸਭ ਨੂੰ ਕੈਦ ਕਰ ਦੇਵੋ, ਜੇਕਰ ਖ਼ੂਨੀਆਂ ਦੇ ਨਾਮ ਨਹੀਂ ਦੱਸਣਗੇ, ਤਾਂ ਸਭ ਨੂੰ ਸਜ਼ਾ ਹੋਵੇਗੀ।

ਫੁਕਸ ਸਾਹਿਬ ਇਕ ਫ਼ਰੰਗੀ ਸੀ, ਤੇ ਫ਼ੌਜ ਵਿਚ ਅਹੁਦੇਦਾਰ। ਜਿਹੜੀਆਂ ਪਲਟਣਾਂ ਕਮਲਾ ਗੜ੍ਹ ਵੱਲ ਗਈਆਂ ਹੋਈਆਂ ਸਨ, ਓਨ੍ਹਾਂ ਨੇ ਉਸ ਦੇ ਉਦਾਲੇ ਉਦਾਲੇ ਲੱਕੜਾਂ ਚਿਣ ਕੇ ਜੀਊਂਦੇ ਨੂੰ ਹੀ ਮਾਰ ਦਿੱਤਾ ਸੀ।

## ਲਾਹੌਰ ਦੀਆਂ ਖ਼ਬਰਾਂ

(ਇਹ ਖ਼ਬਰਾਂ ਡੋਗਰਾਂ ਪਾਰਟੀ ਦੇ ਕਿਸੇ ਪੱਖੀ ਦੀਆਂ ਲਿਖੀਆਂ ਹੋਈਆਂ ਹਨ, ਜੋ ਸੰਧਾਂਵਾਲੀਆਂ ਦੇ ਉਲਟ ਹਨ, ਨਾਮ ਦਾ ਪਤਾ ਨਹੀਂ।) —*ਕਰਮ ਸਿੰਘ*

ਤਾਜ਼ਾ ਹਾਲ ਇਹ ਹੈ ਕਿ ਚਾਰ-ਯਾਰੀ ਦੇ ਡੇਰੇ ਵਿਚ ਪੰਜ ਹਜ਼ਾਰ ਸਵਾਰ ਹਨ। ਕੰਵਰ ਨੌ-ਨਿਹਾਲ ਸਿੰਘ ਦੇ ਹੁਕਮ ਨਾਲ ਅੰਤੂਰਾ ਸਾਹਿਬ ਚਾਰ-ਯਾਰੀ ਦੇ ਡੇਰੇ ਨੂੰ

ਲੈ ਕੇ ਕਮਲਾ ਗੜ੍ਹ ਦੇ ਕਿਲ੍ਹੇ ਨੂੰ ਸਰ ਕਰਨ ਲਈ ਮੰਡੀ ਵੱਲ ਗਿਆ ਸੀ, ਤੇ ਇਕ ਸਾਲ ਤਿੰਨ ਚਾਰ ਮਹੀਨੇ ਤੋਂ ਓਧਰ ਹੀ ਸੀ। ਵੱਡੀ ਸਰਕਾਰ ਦੇ ਸਮੇਂ ਤੋਂ ਕੰਵਰ ਨੌਨਿਹਾਲ ਸਿੰਘ ਦੇ ਸਮੇਂ ਤੀਕ ਚਾਰ-ਯਾਰੀ ਡੇਰੇ ਦੀ ਬਹਾਲੀ-ਬਰਤਰਫ਼ੀ, ਤਲਬ ਤਨਖ਼ਾਹ, ਹੁਕਮ ਹੁਕਾਮ ਆਦਿ ਦਾ ਸੰਬੰਧ ਰਾਜਾ ਸੁਚੇਤ ਸਿੰਘ ਦੇ ਹੱਥ ਸੀ। ਰਾਜਾ ਸੁਚੇਤ ਸਿੰਘ ਜੰਮੂ ਨੂੰ ਗਿਆ ਹੋਇਆ ਸੀ। ਉਸ ਦੇ ਪਿਛੋਂ ਸ਼ੇਰ ਸਿੰਘ ਨੇ ਤਿੰਨ ਚਾਰ ਮਹੀਨੇ ਤੋਂ ਆਪਣੇ ਪੁਰਾਣੇ ਮੁਸਾਹਿਬ ਜਵਾਲਾ ਸਿੰਘ ਮਹਿਰੇ ਨੂੰ ਰਾਜਾ ਸੁਚੇਤ ਸਿੰਘ ਦੀ ਥਾਂ ਥਾਪ ਕੇ ਮੰਡੀ ਵੱਲ ਘੱਲ ਦਿਤਾ ਸੀ। ਜਦ ਇਹ ਫ਼ੌਜ ਓਧਰ ਦੇ ਕੰਮ ਤੋਂ ਵਿਹਲੀ ਹੋ ਗਈ, ਤਾਂ ਸ਼ੇਰ ਸਿੰਘ ਜੀ ਨੇ ਇਸ ਡੇਰੇ ਨੂੰ ਸੱਦ ਲਿਆ।

ਡੇਰੇ ਦੇ ਅਫ਼ਸਰਾਂ ਤੇ ਜਵਾਲਾ ਸਿੰਘ ਆਦਿ ਫ਼ੌਜ ਦੇ ਆਦਮੀਆਂ ਨੇ ਰਾਹ ਵਿਚ ਸਲਾਹ ਕਰ ਲਈ ਕਿ ਰਾਜਾ ਧਿਆਨ ਸਿੰਘ ਨੂੰ ਮਾਰ ਦੇਈਏ ਤੇ ਜਵਾਲਾ ਸਿੰਘ ਨੂੰ ਉਸ ਦੀ ਥਾਂ ਰਾਜਾ ਬਣਾਈਏ। ਇਹ ਸਲਾਹ ਪੱਕੀ ਕਰ ਕੇ ਉਹ ਅੰਮ੍ਰਿਤਸਰ ਪੁੱਜੇ ਤੇ ਦੋ ਤਿੰਨ ਦਿਨ ਉਥੇ ਠਹਿਰੇ ਰਹੇ, ਤੇ ਫੇਰ ਜਵਾਲਾ ਸਿੰਘ ਸਣੇ ਦਰਬਾਰ ਸਾਹਿਬ ਜਾ ਕੇ ਸੌਹਾਂ-ਸੁਗੰਧਾਂ ਖਾਧੀਆਂ ਤੇ ਅਕਾਲ ਬੁੰਗੇ ਤੋਂ ਜਵਾਲਾ ਸਿੰਘ ਨੂੰ ਰਾਜਗੀ ਦਾ ਖ਼ਿਲਤ ਵੀ ਦਿਵਾ ਦਿੱਤਾ। ਫੇਰ ਤਿੰਨ ਚਾਰ ਦਿਨਾਂ ਮਗਰੋਂ ਲਾਹੌਰ ਪੁੱਜ ਕੇ ਸ਼ਾਲਾ ਬਾਗ਼ ਪਾਸ ਡੇਰਾ ਕਰ ਦਿੱਤਾ, ਅਤੇ ਪੁਲ ਕੰਜਰੀ ਪਾਸ ਜੋ ਚਾਰ ਪਿੰਡ ਰਾਜਾ ਧਿਆਨ ਸਿੰਘ ਦੇ ਸਨ, ਉਹ ਲੁੱਟ ਲਏ ਤੇ ਅੰਮ੍ਰਿਤਸਰੋਂ ਲਾਹੌਰ ਦੇ ਰਾਹ ਵਿਚ ਵੀ ਵੇਲੇ-ਕੁਵੇਲੇ ਖੋਹਾ-ਮਾਹੀ ਕਰਦੇ ਆਏ।

ਸ਼ੇਰ ਸਿੰਘ ਜੀ ਨੇ ਬਥੇਰਾ ਸਮਝਾਇਆ ਪਰ ਉਹ ਸਿੱਧੇ ਨਾ ਹੋਏ, ਸਗੋਂ ਲੜਾਈ ਲਈ ਤਿਆਰ ਹੋ ਪਏ ਅਤੇ ਕਹਿੰਦੇ ਸਨ ਕਿ ਜਦ ਤੀਕ ਸਰੀਰ ਵਿਚ ਜਾਨ ਹੈ ਰਾਜਾ ਧਿਆਨ ਸਿੰਘ ਨੂੰ ਮਾਰ ਕੇ ਛੱਡਾਂਗੇ। ਜਦ ਇਹ ਝਗੜਾ ਹੱਦੋਂ ਵੱਧ ਗਿਆ ਤਾਂ ਵਿਸਾਖ ਸੁਦੀ ਦਸਵੀਂ ਦੀ ਰਾਤ ਨੂੰ ਸ਼ੇਰ ਸਿੰਘ ਦਾ ਹੁਕਮ ਸਭ ਡੇਰਿਆਂ ਦੇ ਨਾਮ ਪੁਜ ਪਿਆ ਕਿ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਸਾਰੇ ਡੇਰੇ ਜੰਗ ਦਾ ਸਾਮਾਨ ਕਰ ਕੇ ਹਾਜ਼ਰ ਹੋ ਜਾਣ ਕਿ ਚਾਰ-ਯਾਰੀ ਡੇਰੇ ਨਾਲ ਜੰਗ ਕਰਨਾ ਹੈ। ਅਤੇ ਪਹਿਰ ਰਾਤ ਰਹਿੰਦੀ ਤੋਂ ਹਰ ਇਕ ਪਲਟਣ ਵਿਚੋਂ ਇਕ ਇਕ ਤੋਪ ਤੇ ਇਕ ਇਕ ਕੰਪਨੀ ਮੰਗਵਾ ਕੇ ਸ਼ਹਿਰ ਦਿਆਂ ਦਰਵਾਜ਼ਿਆਂ ਉਤੇ ਤਾਇਨਾਤ ਕਰ ਦਿੱਤੀ।

ਵਿਸਾਖ ਸੁਦੀ ਇਕਾਦਸ਼ੀ ਨੂੰ ਸੂਰਜ ਦੀ ਟਿੱਕੀ ਨਿਕਲਣ ਦੇ ਨਾਲ ਸ਼ੇਰ ਸਿੰਘ ਜੀ ਚਾਰ-ਯਾਰੀ ਦੇ ਡੇਰੇ ਪਾਸ ਪੁੱਜ ਗਏ। ਸਭ ਤੋਪਖ਼ਾਨਾ ਤੇ ਜੰਬੂਰ-ਖ਼ਾਨਾ ਆਪ ਦੇ ਨਾਲ ਸੀ। ਕੇਵਲ ਸੁਲਤਾਨ ਮਹਿਮੂਦ ਵਾਲਾ ਵੱਡਾ ਤੋਪਖ਼ਾਨਾ ਨਹੀਂ ਲੈ ਗਏ ਸਨ, ਤੇ ਅਮਾਮ ਸ਼ਾਹ ਵਾਲੇ ਤੋਪਖ਼ਾਨੇ ਨੂੰ ਲਾਲ ਕਿਲ੍ਹੇ ਦੀ ਰਾਖੀ ਲਈ ਛੱਡ ਗਏ ਸਨ। ਸ਼ੇਰ ਸਿੰਘ ਜੀ ਹਾਥੀ ਉਤੇ ਸਵਾਰ ਸਨ ਤੇ ਰਾਜਾ ਧਿਆਨ ਸਿੰਘ ਆਪ ਦੇ ਪਿੱਛੇ ਬੈਠਾ ਸੀ। ਸਾਰੀ ਫ਼ੌਜ ਉੱਚੀ ਉੱਚੀ ਸ਼ੇਰ ਸਿੰਘ ਨੂੰ ਕਹਿ ਰਹੀ ਸੀ ਕਿ ਆਪ ਦੀ ਖ਼ਾਤਰ ਅਸੀਂ ਚੜ੍ਹ ਆਏ ਹਾਂ, ਪਰ ਚਾਰ-ਯਾਰੀ ਡੇਰੇ ਨਾਲ ਲੜਾਈ ਅਸਾਂ ਨਹੀਂ ਕਰਨੀ ਤੇ ਜੇ ਲੜਾਈ ਹੋਈ ਤਾਂ ਅਸੀਂ ਚਾਰ-ਯਾਰੀ ਨਾਲ ਰਲ ਕੇ ਰਾਜਾ ਧਿਆਨ

ਸਿੰਘ ਨੂੰ ਮਾਰ ਦੇਵਾਂਗੇ।

ਗੱਲ ਕੀ, ਸਾਰੀ ਫ਼ੌਜ ਇਕ-ਮੁੱਠ ਸੀ, ਪਰ ਸਾਰਾ ਤੋਪਖ਼ਾਨਾ, ਜਿਸ ਦੇ ਸਾਰੇ ਅਫ਼ਸਰ ਕੁਮੇਦਾਨ ਤੇ ਗੋਲੰਦਾਜ਼ ਮੁਸਲਮਾਨ ਸਨ; ਸਾਰਾ ਜੰਬੂਰ-ਖ਼ਾਨਾ ਤੇ ਅੰਤੂਰਾ ਸਾਹਿਬ ਦੀ ਫ਼ੌਜ, ਜਿਸ ਵਿਚ ਤਿੰਨ ਪਲਟਣਾਂ ਸਿੱਖਾਂ ਦੀਆਂ ਤੇ ਦੋ ਰਜਬਣਾਂ ਸਨ, ਇਹ ਈਨ ਵਿਚ ਸਨ। ਇਨ੍ਹਾਂ ਨੇ ਚਾਰ-ਯਾਰੀ ਦੇ ਡੇਰੇ ਨੂੰ ਘੇਰ ਲਿਆ, ਤੇ ਲੜਾਈ ਲਈ ਹੁਕਮ ਦੀ ਉਡੀਕ ਵਿਚ ਸਨ। ਸ਼ੇਰ ਸਿੰਘ ਜੀ ਦੀ ਸਲਾਹ ਸੀ ਕਿ ਹੁਕਮ ਦੇ ਦੇਵੇ, ਪਰ ਰਾਜਾ ਧਿਆਨ ਸਿੰਘ ਨੇ ਪਿੱਛੋਂ ਉਠ ਕੇ ਹੱਥ ਜੋੜ ਕੇ ਅਰਜ਼ ਕੀਤੀ ਕਿ ਮਹਾਰਾਜ ਜੀ, ਇਕ ਘੜੀ ਹੋਰ ਉਡੀਕ ਲਵੋ, ਕਿ ਕੀ ਹੁੰਦਾ ਹੈ।

ਫਿਰ ਰਾਜਾ ਧਿਆਨ ਸਿੰਘ ਨੇ ਬਾਵਾ ਮੀਹਾਂ ਸਿੰਘ ਡੇਰੇ ਬਾਬੇ ਨਾਨਕ ਵਾਲੇ ਨੂੰ ਸੱਦਿਆ, ਤੇ ਸ਼ੇਰ ਸਿੰਘ ਜੀ ਨੂੰ ਸਮਝਾ ਕੇ ਚਾਰ-ਯਾਰੀ ਡੇਰੇ ਵਲ ਘੱਲਿਆ, ਕਿ ਫ਼ੌਜ ਨੂੰ ਸਮਝਾ ਕੇ ਜਵਾਲਾ ਸਿੰਘ ਨੂੰ ਲੈ ਆਵੇ। ਸੋ ਬੜੀ ਖਹਿ-ਮਖਹਿ ਤੇ ਝੇੜੇ-ਝਾਂਜੇ ਤੋਂ ਮਗਰੋਂ ਦੁਪਹਿਰ ਪਿਛੋਂ ਬਾਵਾ ਮੀਹਾਂ ਸਿੰਘ ਜਵਾਲਾ ਸਿੰਘ ਨੂੰ ਆਪਣੇ ਨਾਲ ਲੈ ਆਇਆ ਅਤੇ ਢਾਲ-ਤਲਵਾਰ ਉਤਰਵਾ ਕੇ ਸ਼ੇਰ ਸਿੰਘ ਜੀ ਦੇ ਪੇਸ਼ ਕਰ ਦਿੱਤਾ। ਸ਼ੇਰ ਸਿੰਘ ਜੀ ਨੇ ਉਸ ਨੂੰ ਕਿਹਾ ਕਿ ਹੁਣ ਤੇਰੀ ਨੀਅਤ ਰਾਜਾ ਬਣਨ ਦੀ ਹੈ? ਤੈਨੂੰ ਪਤਾ ਤਦ ਲੱਗੂ ਜਦ ਤੈਨੂੰ ਫੇਰ ਮਹਿਰੇ ਦਾ ਮਹਿਰਾ ਬਣਾ ਦੇਵਾਂਗੇ। ਫਿਰ ਇਕ ਹਾਥੀ ਉਤੇ ਬਿਠਾ ਕੇ ਲਾਲ ਕਿਲ੍ਹੇ ਨੂੰ ਲੈ ਆਏ। ਵੇਖੇ ਡਿਠੇ ਦਾ ਬੜਾ ਫ਼ਰਕ ਹੈ। ਓਹ ਕੁਝ ਲਿਖਿਆ ਹੀ ਨਹੀਂ ਜਾ ਸਕਦਾ, ਜੋ ਕੁਝ ਉਥੇ ਬੀਤਿਆ ਸੀ।

ਵਿਸਾਖ ਸੁਦੀ ਦੁਆਦਸ਼ੀ ਨੂੰ ਅੰਤੂਰਾ ਸਾਹਿਬ ਦੀਆਂ ਤਿੰਨਾਂ ਪਲਟਣਾਂ ਤੇ ਦੋਹਾਂ ਰਜਬਣਾਂ ਅਤੇ ਅਲਾਹੀ ਬਖ਼ਸ਼ ਦੇ ਤੋਪਖ਼ਾਨੇ ਨੂੰ ਜੋ ਚਾਰ-ਯਾਰੀ ਨਾਲ ਲੜਨ ਲਈ ਤਿਆਰ ਹੋਏ ਸਨ, ਦਸ ਹਜ਼ਾਰ ਰੁਪਿਆ ਇਨਾਮ ਦਿਤਾ ਗਿਆ ਤੇ ਪੰਦਰਾਂ ਹਜ਼ਾਰ ਰੁਪਿਆ ਹੋਰ ਫ਼ੌਜ ਨੂੰ ਇਨਾਮ ਦਿੱਤਾ ਗਿਆ[੧]।

ਲਾਹੌਰ ਦੀ ਪਾਤਸ਼ਾਹੀ ਤਾਂ ਰਾਜਾ ਸਾਹਿਬ ਨਾਲ ਹੀ ਹੈ। ਰਾਜਾ ਧਿਆਨ ਸਿੰਘ ਵਰਗੇ ਨਮਕ-ਹਲਾਲ ਨੌਕਰ ਅੱਗੇ ਕਿਸੇ ਪਾਤਸ਼ਾਹੀ ਵਿਚ ਨਹੀਂ ਹੋਏ, ਤੇ ਨਾ ਹੀ ਅੱਗੇ ਨੂੰ ਕਦੇ ਹੋਣਗੇ। ਰਾਜਾ ਜੀ ਪਾਸ ਫ਼ੌਜ, ਖ਼ਜ਼ਾਨੇ ਤੇ ਤੋਪਖ਼ਾਨੇ ਦੀ ਐਤਨੀ ਤਾਕਤ ਹੈ ਕਿ ਜੇਕਰ ਚਾਹੁੰਦੇ, ਤਾਂ ਸਿੰਘ ਸਾਹਿਬ ਦੇ ਮੁਲਕ ਦੇ ਮਾਲਕ ਬਣ ਜਾਂਦੇ, ਪਰ ਆਪ ਦੀ ਨੀਤ ਵਿਚ ਇਹੋ ਹੀ ਹੈ ਕਿ ਸੁਰਗਵਾਸੀ ਸਿੰਘ ਸਾਹਿਬ ਦੀ ਔਲਾਦ ਵਿਚੋਂ ਭਾਵੇਂ ਕੋਈ ਲਾਇਕ ਭਾਵੇਂ ਨਾਲਾਇਕ, ਜੋ ਵੀ ਤਖ਼ਤ ਉਤੇ ਬੈਠੇ, ਉਸ ਦੇ ਪੈਰਾਂ ਵਿਚ ਸਿਰ ਦੇਈਂ ਰੱਖਾਂ। ਅਤੇ ਸੰਧਾਂਵਾਲੀਆਂ ਦੇ ਬਰਾਬਰ ਜਹਾਨ ਵਿਚ ਕੋਈ ਨਮਕ-ਹਰਾਮ ਨਹੀਂ ਜੰਮੇਗਾ, ਜੋ ਵੱਡੀ ਸਰਕਾਰ ਦੇ ਵੇਲੇ ਤੋਂ ਹੁਣ ਤੀਕ ਫ਼ਸਾਦ ਹੀ ਕਰਦੇ

---

੧. ਪੁਰਾਣੇ ਕਾਗ਼ਜ਼ਾਂ ਤੋਂ ਇਉਂ ਮਲੂਮ ਹੋਇਆ ਹੈ ਕਿ ਰਾਜਾ ਧਿਆਨ ਸਿੰਘ ਦੇ ਹੁਕਮ ਨਾਲ ਸਰਦਾਰ ਜਵਾਲਾ ਸਿੰਘ ਨੂੰ ਮੂੰਹ ਵਿਚ ਪਾਣੀ ਪਾ ਪਾ ਕੇ ਕੁਟਵਾਇਆ ਜਾਂਦਾ ਸੀ। ਇਸ ਕੁਟ ਕਰਕੇ ਇਹ ਕਈ ਵਾਰ ਮਰਨ ਕਿਨਾਰੇ ਹੋ ਗਿਆ ਸੀ। ਫਿਰ ਇਸ ਨੂੰ ਤੇ ਇਸ ਦੇ ਪੁੱਤਰ ਗੰਡਾ ਸਿੰਘ ਨੂੰ ਲਾਹੌਰ ਦੇ ਕਿਲ੍ਹੇ ਵਿਚੋਂ ਕਢ ਕੇ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ। —ਕਰਮ ਸਿੰਘ

ਆਏ ਹਨ, ਅਤੇ ਭਾਵੇਂ ਜ਼ੋਰ ਕੱਖ ਦਾ ਨਹੀਂ, ਪਰ ਚਾਹੁੰਦੇ ਹਨ ਕਿ ਸਿੰਘ ਸਾਹਿਬ ਦੀ ਥਾਂ ਤਖ਼ਤ ਉਤੇ ਬੈਠੀਏ, ਅਤੇ ਜੋ ਕੁਝ ਅਜੀਤ ਸਿੰਘ ਸੰਧਾਂਵਾਲੀਏ ਨੇ ਕਾਰਾ ਕੀਤਾ ਹੈ, ਉਸ ਨੂੰ ਤਾਂ ਲਿਖਦਿਆਂ ਵੀ ਸ਼ਰਮ ਆਉਂਦੀ ਹੈ।

ਲਹਿਣਾ ਸਿੰਘ ਤੇ ਕੇਹਰ ਸਿੰਘ ਜਿਹੜੇ ਅਤਰ ਸਿੰਘ ਸੰਧਾਂਵਾਲੀਏ ਦੇ ਭਰਾ ਤੇ ਪੁੱਤਰ ਹਨ, ਤੇ ਲਾਲ ਕਿਲ੍ਹੇ ਵਿਚ ਕੈਦ ਹਨ, ਉਨ੍ਹਾਂ ਪਾਸ ਵਿਸਾਖ ਸੁਦੀ ਚੌਦਸ ਨੂੰ ਅਤਰ ਸਿੰਘ ਦੀ ਚਿੱਠੀ ਚੋਰੀ ਚੋਰੀ ਪੁਜੀ ਸੀ, ਕਿ ਮੈਂ ਅੰਗਰੇਜ਼ਾਂ ਨਾਲ ਸਾਰੀ ਗੱਲ-ਬਾਤ ਪੱਕੀ ਕਰ ਲਈ ਹੈ, ਤੁਸਾਂ ਹੌਸਲਾ ਰੱਖਣਾ, ਵੇਖੋ ਥੋੜ੍ਹੇ ਹੀ ਚਿਰ ਵਿਚ ਲਾਹੌਰ ਵਿਚ ਕੀ ਕੁਝ ਹੁੰਦਾ ਹੈ।

ਜਮਾਦਾਰ ਖ਼ੁਸ਼ਹਾਲ ਸਿੰਘ ਪਾਸ ਮੌਲਵੀ ਖ਼ੈਰ ਦੀਨ ਨੌਕਰ ਹੈ। ਉਸ ਦੀ ਜ਼ਬਾਨੀ ਪਤਾ ਲੱਗਾ ਹੈ ਕਿ ਜੇਠ ਵਦੀ ਪਹਿਲੀ ਨੂੰ ਲੁਧਿਆਣੇ ਤੋਂ ਖ਼ਬਰ ਆਈ ਹੈ ਕਿ ਅਤਰ ਸਿੰਘ ਸੰਧਾਂਵਾਲੀਏ ਨੇ ਕਲਾਰਕ ਸਾਹਿਬ ਪਾਸ ਅਰਜ਼ ਕੀਤੀ ਕਿ ਅਸੀਂ ਵੱਡੀ ਸਰਕਾਰ ਦੇ ਨਜ਼ੀਕੀ ਹਾਂ, ਪਰ ਸਿੰਘ ਸਾਹਿਬ ਸ਼ੇਰ ਸਿੰਘ ਜੀ ਨੇ ਸਾਡਾ ਸਾਰਾ ਮੁਲਕ ਜੋ ਮੁਢ ਤੋਂ ਸਾਡੀ ਜਗੀਰ ਸੀ, ਅਤੇ ਚਾਲੀ ਲੱਖ ਰੁਪਏ ਦਾ ਮਾਲ-ਮਤਾਹ, ਨਕਦੀ, ਘੋੜੇ ਊਠ, ਤੋਪਾਂ ਤੇ ਜੰਬੂਰੇ ਕੁਰਕ ਕਰ ਲਏ ਹਨ। ਸਾਹਿਬ ਨੇ ਉੱਤਰ ਦਿਤਾ ਕਿ ਤੁਸਾਡੀ ਗੱਲ ਝੂਠੀ ਹੈ, ਜੋ ਕੁਝ ਤੁਸਾਡਾ ਕੁਰਕ ਹੋਇਆ ਹੈ, ਉਸ ਦੀ ਫ਼ਰਦ ਸਾਡੇ ਪਾਸ ਤਿਆਰ ਹੈ, ਕੁਲ ਮਾਲ-ਮਤਾਹ ਚੌਦਾਂ ਲੱਖ ਰੁਪਏ ਦਾ ਸੀ। ਫਿਰ ਅਤਰ ਸਿੰਘ ਨੇ ਕਿਹਾ ਕਿ ਤੁਸਾਨੂੰ ਕੀਕੂੰ ਪਤਾ ਹੈ ? ਤਾਂ ਸਾਹਿਬ ਨੇ ਦਸਿਆ ਕਿ ਇਸ ਕਾਗ਼ਜ਼ ਦੀ ਤਿਆਰੀ ਉਤੇ ਸਾਢੇ ਛੇ ਹਜ਼ਾਰ ਰੁਪਏ ਖ਼ਰਚ ਆਏ ਹਨ। ਜਿਸ ਜਿਸ ਇਲਾਕੇ ਤੇ ਕਿਲ੍ਹੇ ਦੇ ਸਰ ਕਰਨ ਲਈ ਸਿੰਘ ਸਾਹਿਬ ਦੀ ਫ਼ੌਜ ਜਾਂਦੀ ਸੀ, ਉਥੇ ਉਥੇ ਸਾਡਾ ਇਕ ਮੁਨਸ਼ੀ ਅੱਪੜ ਪੈਂਦਾ ਸੀ, ਜੋ ਲੁਕ ਕੇ ਸਭ ਕੁਝ ਲਿਖੀ ਜਾਂਦਾ ਸੀ, ਇਸ ਤਰ੍ਹਾਂ ਇਹ ਇਕ ਕਾਗ਼ਜ਼ ਤਿਆਰ ਹੋਇਆ ਹੈ।

ਫਿਰ ਅਤਰ ਸਿੰਘ ਨੇ ਕਿਹਾ ਕਿ ਸਾਡਾ ਅਸਬਾਬ ਤੇ ਜਗੀਰ ਸ਼ੇਰ ਸਿੰਘ ਜੀ ਪਾਸੋਂ ਮੁੜਵਾ ਦੇਵੋ, ਨਹੀਂ ਤਾਂ ਮੈਂ ਕਲਕੱਤੇ ਜਾ ਕੇ ਦਾਅਵਾ ਕਰਾਂਗਾ। ਸਾਹਿਬ ਨੇ ਉੱਤਰ ਦਿਤਾ ਕਿ ਤੁਸਾਡੀ ਖ਼ਾਤਰ ਅਸੀਂ ਸ਼ੇਰ ਸਿੰਘ ਜੀ ਨਾਲ ਲੜਾਈ ਨਹੀਂ ਕਰ ਸਕਦੇ, ਤੇ ਨਾ ਹੀ ਤੁਸਾਨੂੰ ਜਗੀਰ ਜਾਂ ਅਸਬਾਬ ਮਿਲ ਸਕਦਾ ਹੈ। ਕਿਉਂ ਜੁ ਇਹ ਵੱਡੀ ਸਰਕਾਰ ਦੀ ਬਖ਼ਸ਼ੀਸ਼ ਹੈ, ਤੁਸਾਡਾ ਆਪਣਾ ਤਾਂ ਇਸ ਵਿਚ ਕੁਝ ਨਹੀਂ। ਹਾਂ, ਖਾਣ ਪੀਣ ਦੇ ਗੁਜ਼ਾਰੇ ਜੋਗਾ ਕੁਝ ਮਿਲ ਜਾਊ। ਅਤੇ ਇਹ ਜੁ ਕਹਿੰਦੇ ਹੋ ਕਿ ਕਲਕੱਤੇ ਨੂੰ ਜਾਵਾਂਗੇ, ਸੋ ਕੰਨ ਖੋਲ੍ਹ ਕੇ ਸੁਣ ਲਵੋ ਕਿ ਤੁਸਾਨੂੰ ਅੰਬਾਲੇ ਤੋਂ ਅਗੇ ਜਾਣ ਦਾ ਹੁਕਮ ਨਹੀਂ, ਤੇ ਨਾ ਹੀ ਅਸੀਂ ਅਗੇ ਜਾਣ ਦੇਣਾ ਹੈ।

ਜੇਠ ਵਦੀ ਚੌਥ ਨੂੰ ਕੰਵਰ ਪਰਤਾਪ ਸਿੰਘ ਸਣੇ ਭਾਈ ਗੁਰਮੁਖ ਸਿੰਘ, ਸ਼ੇਖ਼ ਗ਼ੁਲਾਮ ਮੁਹੀਯੁਦੀਨ, ਦੀਵਾਨ ਮੂਲਰਾਜ ਤੇ ਹੋਰ ਅਫ਼ਸਰਾਂ ਤੇ ਪੰਜ ਪਲਟਣਾਂ ਦੇ, ਕਸ਼ਮੀਰ ਵਲ ਨੂੰ ਤੁਰ ਪਏ, ਸਭ ਨੂੰ ਖ਼ਿਲਤ ਤੇ ਸੋਨੇ ਦੇ ਕੜੇ ਦਿਤੇ ਗਏ। ਕਸ਼ਮੀਰ ਦੀ ਫ਼ੌਜ ਨੇ ਮੀਹਾਂ ਸਿੰਘ ਨੂੰ ਮਾਰ ਕੇ ਉਸ ਦੇ ਲੜਕੇ ਨੂੰ ਕੈਦ ਕਰ ਲਿਆ ਸੀ, ਜਦ

ਉਸ ਪਾਸੋਂ ਆਪਣੀਆਂ ਤਲਬਾਂ ਲੈ ਲਈਆਂ, ਤਾਂ ਫੇਰ ਉਸ ਨੂੰ ਹਾਕਮ ਬਣਾ ਕੇ ਉਸ ਦੀ ਤਾਬੇਦਾਰੀ ਕਰਨ ਲੱਗ ਪਏ, ਤੇ ਨਜ਼ਰਾਂ ਪੇਸ਼ ਕਰ ਦਿਤੀਆਂ ਸਨ। ਰਾਜਾ ਗੁਲਾਬ ਸਿੰਘ ਦੇ ਨਾਮ ਪਰਵਾਨਾ ਜਾਰੀ ਹੋ ਗਿਆ ਹੈ ਕਿ ਓਹ ਵੀ ਆਪਣੀ ਫ਼ੌਜ ਲੈ ਕੇ ਕੰਵਰ ਸਾਹਿਬ ਨਾਲ ਕਸ਼ਮੀਰ ਨੂੰ ਜਾਵੇ।

ਅੰਮ੍ਰਿਤਸਰੋਂ ਖ਼ਬਰ ਆਈ ਹੈ ਕਿ ਗੁਰਦੁਆਰੇ ਦਾ ਝੰਡਾ ਸਾਹਿਬ ਡਿਗ ਪਿਆ ਹੈ। ਸਰਕਾਰ ਨੇ ਕਿਹਾ ਕਿ ਜਦ ਅੰਮ੍ਰਿਤਸਰ ਜੀ ਜਾਵਾਂਗੇ, ਤਾਂ ਚੜ੍ਹਾਵਾ ਚਾੜ੍ਹ ਦੇਵਾਂਗੇ।

ਜਦ ਦਾ ਚਾਰ-ਯਾਰੀ ਦੇ ਡੇਰੇ ਦਾ ਫ਼ੈਸਲਾ ਹੋਇਆ ਹੈ, ਤੇ ਫ਼ੌਜਾਂ ਨੂੰ ਇਨਾਮ ਮਿਲੇ ਹਨ, ਤਦ ਤੋਂ ਫ਼ੌਜਾਂ ਉਤੇ ਕੁਝ ਤਹਿਤ ਹੋ ਗਿਆ ਹੈ, ਪਰ ਜੈਸਾ ਤਹਿਤ ਚਾਹੀਦਾ ਹੈ, ਵੈਸਾ ਅਜੇ ਨਹੀਂ ਹੋਇਆ।

## ਰਾਣੀ ਚੰਦ ਕੌਰ ਦਾ ਚਲਾਣਾ

(ਇਹ ਕਿਸੇ ਦੀ ਚਿੱਠੀ ਹੈ ਜਿਸ ਉਤੇ ਚਿੱਠੀ ਲਿਖਣ ਵਾਲੇ ਦਾ ਨਾਮ ਨਹੀਂ ਤੇ ਨਾ ਹੀ ਲਿਖਣ ਦੀ ਤਰੀਕ ਦਿਤੀ ਹੈ, ਪਰ ਅੱਖੀਂ ਡਿੱਠੇ ਤੇ ਮੌਕੇ ਦੇ ਹਾਲ ਹਨ।)

*—ਕਰਮ ਸਿੰਘ*

ਮੁੱਢ ਤੋਂ ਰਾਣੀ ਚੰਦ ਕੌਰ ਦਾ ਇਹ ਨੇਮ ਸੀ ਕਿ ਆਪ ਪੰਜ ਛੇ ਘੜੀ ਰਾਤ ਰਹਿੰਦੀ ਉਠ ਬੈਠਦੇ ਅਤੇ ਥੋੜ੍ਹੀ ਜਿਹੀ ਅਫ਼ੀਮ ਖਾ ਕੇ ਤੇ ਸੌਚ ਇਸ਼ਨਾਨ ਕਰ ਕੇ ਫਿਰ ਕਰਤਾਰ ਦਾ ਨਾਮ ਜਪਦੇ ਅਤੇ ਫਿਰ ਗੁਜਰਦਮ ਵੇਲੇ ਇਕ ਢੌਂਕਾ ਲਾ ਲੈਂਦੇ। ਆਪ ਦੀਆਂ ਚਾਰ ਖ਼ਾਸ ਬਾਂਦੀਆਂ ਸਨ—ਆਸੋ, ਭਾਗੀ, ਬਦਾਮੋ ਤੇ ਪੇਰੋ। ਏਨ੍ਹਾਂ ਵਿਚੋਂ ਆਸੋ ਦੇ ਸਪੁਰਦ ਤੋਸ਼ੇਖ਼ਾਨਾ ਵੀ ਸੀ।

ਰਾਣੀ ਚੰਦ ਕੌਰ ਇਨ੍ਹਾਂ ਨੂੰ ਮਾਰਦੀ ਕੁਟਦੀ ਰਹਿੰਦੀ ਤੇ ਇਨ੍ਹਾਂ ਦੇ ਮਾਲਕਾਂ ਨੂੰ ਕੈਦੀਆਂ ਵਾਂਗ ਰੱਖਦੀ ਸੀ, ਇਸ ਕਰਕੇ ਇਨ੍ਹਾਂ ਨੇ ਰਲ ਕੇ ਸਲਾਹ ਕਰ ਕੇ ਸ਼ਰਬਤ ਵਿਚ ਜ਼ਹਿਰ ਘੋਲ ਦਿੱਤਾ। ਜ਼ਹਿਰ ਦੇ ਕਾਰਨ ਸ਼ਰਬਤ ਦਾ ਸਵਾਦ ਬੇ-ਸਵਾਦਾ ਹੋ ਗਿਆ ਸੀ, ਇਸ ਲਈ ਰਾਣੀ ਨੇ ਇਕ ਘੁੱਟ ਪੀ ਕੇ ਹੀ ਛੱਡ ਦਿੱਤਾ, ਪਰ ਇਸ ਇਕ ਘੁੱਟ ਨਾਲ ਵੀ ਆਪ ਕੁਝ ਦਿਨ ਬੀਮਾਰ ਰਹੇ। ਰਾਣੀ ਨੂੰ ਜ਼ਹਿਰ ਦਾ ਕੋਈ ਭਰਮ ਨਹੀਂ ਹੋਇਆ ਤੇ ਬਾਂਦੀਆਂ ਨੇ ਇਹ ਮਸ਼ਹੂਰ ਕਰ ਦਿੱਤਾ ਕਿ ਹੈਜ਼ਾ ਹੋ ਗਿਆ ਸੀ।

ਇਸ ਤੋਂ ਮਗਰੋਂ ਫੇਰ ਬੁਧਵਾਰ ੨੮ ਜੇਠ ਸੰਮਤ ੧੮੯੯ ਬਿ: ਨੂੰ ਇਨ੍ਹਾਂ ਬਾਂਦੀਆਂ ਨੇ ਸੂਰਜ ਚੜ੍ਹਨ ਤੋਂ ਪਹਿਲਾਂ ਤਿੰਨੇ ਦਰਵਾਜ਼ੇ ਬੰਦ ਕਰ ਲਏ, ਇਸ ਖ਼ਿਆਲ ਨਾਲ ਕਿ ਰਾਣੀ ਨੂੰ ਮਾਰ ਕੇ ਨਸ ਜਾਵਾਂਗੀਆਂ। ਫਿਰ ਇਕ ਪੱਥਰ ਲੈ ਕੇ ਜਿਸ ਦਾ ਭਾਰ ਬਾਰਾਂ ਸੇਰ ਕੱਚਾ ਸੀ, ਰਾਣੀ ਦੇ ਸਿਰ ਉਤੇ ਮਾਰਿਆ, ਅਤੇ ਚੁੱਕ ਕੇ ਦੂਜੀ ਵਾਰ ਫੇਰ ਛੇਤੀ ਨਾਲ ਮਾਰਿਆ। ਇਸ ਨਾਲ ਰਾਣੀ ਦਾ ਇਕ ਕੰਨ ਤਾਂ ਮੂਲੋਂ ਹੀ ਝੜ ਪਿਆ ਤੇ ਮਗ਼ਜ਼ ਪਾਟ ਗਿਆ। ਇਕ ਬੁੱਢੀ ਤੀਵੀਂ ਉਥੇ ਸੁੱਤੀ ਹੋਈ ਸੀ, ਉਹ ਜਾਗ ਪਈ ਤੇ ਹਾਲ-ਪਾਹਰਿਆ ਕਰਨ ਲੱਗ ਪਈ ਤੇ ਰਾਣੀ ਨੂੰ ਇਨ੍ਹਾਂ ਦੇ ਹੱਥੋਂ ਛੁਡਾਇਆ। ਇਸ ਦਾ ਰੌਲਾ ਸੁਣ ਕੇ ਹੋਰ ਆਦਮੀਆਂ ਨੂੰ ਵੀ ਪਤਾ ਲੱਗ ਗਿਆ।

ਕਿਲ੍ਹੇ ਦੀ ਰਾਖੀ ਦਾ ਕੰਮ ਸਰਦਾਰ ਮੀਹਾਂ ਸਿੰਘ ਦੇ ਸਪੁਰਦ ਸੀ, ਤੇ ਸਭ ਤੋਂ ਪਹਿਲਾਂ ਇਹ ਰਾਣੀ ਪਾਸ ਪੁੱਜਾ, ਤੇ ਦਵਾ-ਦਰਮਲ ਕਰਵਾਉਣ ਲੱਗਾ, ਤੇ ਕਪੜਾ ਸਾੜ ਸਾੜ ਕੇ ਜ਼ਖ਼ਮਾਂ ਵਿਚ ਦੇਂਦਾ ਗਿਆ। ਫਿਰ ਇਹ ਖ਼ਬਰ ਸੁਣ ਕੇ ਰਾਜਾ ਧਿਆਨ ਸਿੰਘ ਵੀ ਆ ਗਿਆ, ਤੇ ਜ਼ਖ਼ਮਾਂ ਵਿਚ ਦਰਿਆਈ ਆਪਣੇ ਹੱਥ ਨਾਲ ਦੇਂਦਾ ਰਿਹਾ, ਤੇ ਖੋਪੇ ਬਦਾਮਾਂ ਦੀ ਟਕੋਰ ਕਰਵਾਉਂਦਾ ਰਿਹਾ। ਖਾਣ ਲਈ ਬਟੇਰਿਆਂ ਦੀ ਤਰੀ ਬਣਵਾ ਕੇ ਦਿੱਤੀ, ਪਰ ਉਹ ਖਾਧੀ ਹੀ ਨਾ ਗਈ। ਚੌਹਾਂ ਬਾਂਦੀਆਂ ਨੂੰ ਬੇੜੀਆਂ ਪਾ ਕੇ ਕੈਦ ਕਰ ਦਿੱਤਾ ਗਿਆ।

ਸਨਿਚਰਵਾਰ ੩੧ ਜੇਠ ਨੂੰ ਤਿੰਨ ਘੜੀ ਰਾਤ ਅਜੇ ਰਹਿੰਦੀ ਸੀ ਕਿ ਰਾਣੀ ਜੀ ਗੁਜ਼ਰ ਗਏ। ਐਤਵਾਰ ੩੨ ਜੇਠ ਨੂੰ ਰਾਜਾ ਜੀ ਨੇ ਆਪ ਦਾ ਸਸਕਾਰ ਚੰਗੀ ਤਰ੍ਹਾਂ ਕਰਵਾਇਆ, ਤੇ ਚਾਰ ਹਜ਼ਾਰ ਰੁਪਿਆ ਬਬਾਣ ਉੱਤੋਂ ਦੀ ਸੁਟਿਆ। ਸੋਮਵਾਰ ਹਾੜ ਦੀ ਸੰਗਰਾਂਦ ਨੂੰ ਚੌਹਾਂ ਬਾਂਦੀਆਂ ਨੂੰ ਸਜ਼ਾ ਦਿੱਤੀ ਗਈ। ਭਾਗੀ, ਜਿਸ ਨੇ ਪੱਥਰ ਮਾਰਿਆ ਸੀ, ਉਸ ਦੇ ਦੋਵੇਂ ਹੱਥ, ਦੋਵੇਂ ਕੰਨ ਤੇ ਨੱਕ ਵੱਢ ਦਿੱਤੇ ਗਏ। ਆਸੋ, ਜਿਸ ਨੇ ਰਾਣੀ ਜੀ ਦੀਆਂ ਦੋਵੇਂ ਲੱਤਾਂ ਫੜੀ ਰੱਖੀਆਂ ਸਨ, ਉਸ ਦਾ ਇਕ ਹੱਥ, ਦੋਵੇਂ ਕੰਨ, ਤੇ ਨੱਕ ਵੱਢ ਦਿੱਤੇ ਗਏ। ਬਦਾਮੋ, ਜਿਸ ਨੇ ਪੱਥਰ ਚੁੱਕ ਕੇ ਭਾਗੀ ਨੂੰ ਫੜਾਇਆ ਸੀ, ਇਸ ਦੇ ਦੋਵੇਂ ਕੰਨ ਤੇ ਨੱਕ ਵੱਢ ਦਿੱਤੇ ਗਏ। ਪੇਰੋ ਦੇ ਦੋਵੇਂ ਕੰਨ ਵੱਢੇ ਗਏ, ਕਿਉਂਜੁ ਉਹ ਇਨ੍ਹਾਂ ਦੇ ਨਾਲ ਨਹੀਂ ਸੀ, ਪਰ ਇਸ ਨੂੰ ਸਾਰੀ ਗੱਲ ਦਾ ਪਤਾ ਸੀ, ਤੇ ਇਸ ਨੇ ਰਾਣੀ ਜੀ ਨੂੰ ਖ਼ਬਰ ਨਹੀਂ ਕੀਤੀ ਸੀ, ਸਗੋਂ ਰਾਣੀ ਜੀ ਦੇ ਮਰਨ ਵਿਚ ਦਿਲੋਂ ਰਾਜ਼ੀ ਸੀ।

ਰਾਣੀ ਜੀ ਦੇ ਚਲਾਣੇ ਦਾ ਰਾਜਾ ਧਿਆਨ ਸਿੰਘ ਨੇ ਬੜਾ ਗ਼ਮ ਕੀਤਾ, ਤੇ ਚਾਰ ਦਿਨ ਲਾਹੌਰ ਸ਼ਹਿਰ ਦੀਆਂ ਦੁਕਾਨਾਂ ਬੰਦ ਰਹੀਆਂ। ਇਹ ਖ਼ਬਰ ਓਸੇ ਦਿਨ ਸਿੰਘ ਸਾਹਿਬ ਸ਼ੇਰ ਸਿੰਘ ਜੀ ਪਾਸ ਸਿਆਲਕੋਟ ਘੱਲੀ ਗਈ, ਜਿਥੇ ਆਪ ਸੈਰ ਸ਼ਿਕਾਰ ਲਈ ਗਏ ਹੋਏ ਸਨ।

ਹੁਣ ਉਹ ਬਾਂਦੀਆਂ ਕਸ਼ਮੀਰੀ ਦਰਵਾਜ਼ਿਓਂ ਬਾਹਰ ਪਿੱਪਲ ਦੇ ਰੁੱਖ ਹੇਠ ਪਈਆਂ ਹਨ, ਤੇ ਜੋ ਕੋਈ ਉਨ੍ਹਾਂ ਨੂੰ ਵੇਖਣ ਜਾਂਦਾ ਹੈ ਸਭਸ ਨੂੰ ਇਹੋ ਗੱਲ ਕਹਿੰਦਿਆਂ ਹਨ ਕਿ ਸ਼ੇਰ ਸਿੰਘ ਤੇ ਰਾਜਾ ਧਿਆਨ ਸਿੰਘ ਨੇ ਜਗੀਰਾਂ ਤੇ ਇਨਾਮਾਂ ਦਾ ਲਾਲਚ ਦੇ ਕੇ ਸਾਥੋਂ ਇਹ ਕਾਰਾ ਕਰਵਾਇਆ ਹੈ, ਨਹੀਂ ਤਾਂ ਸਾਨੂੰ ਕੀ ਲੋੜ ਸੀ ਕਿ ਆਪਣੇ ਅੰਨ-ਦਾਤਾ ਨੂੰ ਅਸੀਂ ਮਾਰਦੀਆਂ। ਤੇ ਹੁਣ ਆਪਣੇ ਬਚਾਓ ਲਈ ਸਾਰੀ ਗੱਲ ਸਾਡੇ ਜ਼ਿੰਮੇ ਲਾਉਂਦੇ ਹਨ, ਅੰਤ ਸਾਡਾ ਨਿਆਂ ਸਾਡਾ ਰੱਬ ਕਰੇਗਾ।

ਮੁੱਕਦੀ ਗੱਲ ਇਹ ਕਿ ਇਹ ਕਾਰਾ ਸਿੰਘ ਸਾਹਿਬ ਤੇ ਰਾਜਾ ਧਿਆਨ ਸਿੰਘ ਨੇ ਕਰਵਾਇਆ ਹੈ। ਨਹੀਂ ਤਾਂ ਬਾਂਦੀਆਂ ਦੀ ਕੀ ਪਾਯਾਂ ਸੀ ਕਿ ਇਉਂ ਕਰਦੀਆਂ। ਮੈਂ ਚੰਗੀ ਤਰ੍ਹਾਂ ਪੁੱਛ-ਪੜਤਾਲ ਕਰ ਕੇ ਇਹ ਗੱਲ ਲਿਖੀ ਹੈ।

ਹਾੜ ਦੀ ਸੰਗਰਾਂਦ ਨੂੰ ਹੀ ਆਸੋ ਤੇ ਭਾਗੀ ਨੂੰ ਗੱਡੇ ਵਿਚ ਪਾ ਕੇ ਪਿੰਡ ਬਾਬੂ ਸਾਬੂ ਵੱਲ ਲੈ ਗਏ, ਜਿਹੜਾ ਰਾਵੀ ਦੇ ਕੰਢੇ ਹੈ। ਉਥੇ ਇਨ੍ਹਾਂ ਦੇ ਬੰਦ-ਬੰਦ ਅੱਡ

ਕਰ ਕੇ ਦਰਿਆ ਵਿਚ ਰੋੜ੍ਹ ਦਿਤੀਆਂ।

ਜੇਠ ਸੁਦੀ ਦਸਵੀਂ ਨੂੰ ਰਾਣੀ ਜੀ ਦੇ ਫੁੱਲ ਲਾਹੌਰੋਂ ਗੰਗਾ ਜੀ ਵੱਲ ਤੋਰ ਦਿੱਤੇ ਗਏ।

## ਅਜੋੜ ਦਾ ਮੁੱਢ

(ਇਹ ਚਿੱਠੀ ਕਿਸੇ ਡੋਗਰਾ ਪਾਰਟੀ ਦੇ ਆਦਮੀ ਦੀ ਲਿਖੀ ਹੋਈ ਹੈ। ਇਸੇ ਭਾਵ ਦੀਆਂ ਤਿੰਨ ਚਿੱਠੀਆਂ ਮੈਂ ਵੇਖੀਆਂ ਹਨ। ਤਰੀਕ ਕਿਸੇ ਉਤੇ ਕੋਈ ਨਹੀਂ ਦਿੱਤੀ ਹੋਈ, ਪਰ ਅਗਲੇ ਪਿਛਲੇ ਹਾਲਾਂ ਤੋਂ ਇਉਂ ਜਾਪਦਾ ਹੈ ਕਿ ਇਹ ਚਿੱਠੀਆਂ ਸਾਵਣ ਸੰਮਤ ੧੮੯੯ ਬਿ: ਦੀਆਂ ਲਿਖੀਆਂ ਹੋਈਆਂ ਹਨ। ਉਨ੍ਹਾਂ ਦਾ ਸਾਰ ਤੱਤ ਇਸ ਪਰਕਾਰ ਹੈ।)

*—ਕਰਮ ਸਿੰਘ*

ਤਿੰਨ ਚਾਰ ਮਹੀਨਿਆਂ ਤੋਂ ਅੰਦਰੋ-ਅੰਦਰ ਮਹਾਰਾਜਾ ਸ਼ੇਰ ਸਿੰਘ ਤੇ ਰਾਜਾ ਧਿਆਨ ਸਿੰਘ ਵਿਚ ਵਿਰੋਧ ਵਧਦਾ ਜਾਂਦਾ ਹੈ। ਗੱਲ ਇਉਂ ਹੈ ਕਿ ਭਾਈ ਗੁਰਮੁਖ ਸਿੰਘ, ਮਿਸਰ ਬੇਲੀ ਰਾਮ ਤੋਸ਼ੇਖ਼ਾਨੀਆਂ, ਦੀਵਾਨ ਵਸਾਖਾ ਸਿੰਘ, ਬੁਧ ਸਿੰਘ ਮਹਿਰਾ ਜੋ ਕਿ ਮਹਾਰਾਜਾ ਸਾਹਿਬ ਦਾ ਸਲਾਹਕਾਰ ਹੈ, ਬੁੱਧ ਸਿੰਘ ਦਾ ਭਰਾ ਚੌੜਾ ਸਿੰਘ ਤੇ ਸਜ਼ਾਵਾਰ ਫਰਾਸ, ਕਿਉਂਕਿ ਫ਼ੌਜ ਨੂੰ ਤਲਬ ਤਾਰਨ ਵਾਲੇ ਖ਼ਜ਼ਾਨੇ ਦੀਆਂ ਕੁੰਜੀਆਂ ਇਸ ਪਾਸ ਹਨ, ਇਹੋ ਸੱਤੇ ਫ਼ਸਾਦ ਦੀ ਜੜ੍ਹ ਹਨ। ਏਨ੍ਹਾਂ ਨੇ ਚੁਗਲੀਆਂ ਕਰ ਕਰ ਕੇ ਤੇ ਝੂਠੀਆਂ ਸੱਚੀਆਂ ਲਾ ਕੇ ਆਪੋ ਵਿਚ ਅਜੋੜ ਪਾ ਦਿੱਤਾ ਹੈ।

ਪਰ ਸਾਰੀ ਫ਼ੌਜ ਤੇ ਹੋਰ ਕਰਤੇ-ਧਰਤੇ ਸਾਰੇ ਹੀ ਰਾਜਾ ਧਿਆਨ ਸਿੰਘ ਦੇ ਵੱਲ ਹਨ, ਕਿਉਂਜੁ ਰਾਜਾ ਪੁਰਾਣਾ ਵਜ਼ੀਰ ਅਤੇ ਹੰਢਿਆ ਹੋਇਆ ਸਿਆਣਾ ਆਦਮੀ ਹੈ ਅਤੇ ਜ਼ਬਾਨ ਦਾ ਪੱਕਾ ਤੇ ਤਖ਼ਤ ਦਾ ਨਮਕ-ਹਲਾਲ ਹੈ। ਭਾਵੇਂ ਓਹ ਸਭ ਕੁਝ ਸੁਣ ਲੈਂਦਾ ਹੈ ਜੋ ਕੁਝ ਮਹਾਰਾਜਾ ਸ਼ੇਰ ਸਿੰਘ ਆਪਣੀ ਸੱਤਾਂ ਮੁਸਾਹਬਾਂ ਦੀ ਕੌਂਸਲ ਵਿਚ ਕਰਦਾ ਹੈ, ਪਰ ਤਦ ਵੀ ਓਹ ਕੁਝ ਨਹੀਂ ਉਭਾਸਰਦਾ ਤੇ ਮਹਾਰਾਜਾ ਸਾਹਿਬ ਦੀ ਤਾਬੇਦਾਰੀ ਤੋਂ ਰਤਾ ਮੂੰਹ ਨਹੀਂ ਮੋੜਦਾ।

ਮਹਾਰਾਜਾ ਸ਼ੇਰ ਸਿੰਘ ਦਾ ਵਤੀਰਾ ਇਹ ਹੈ ਕਿ ਦਿਨੇ ਰਾਤ ਸ਼ਰਾਬੀ ਰਹਿੰਦਾ ਹੈ, ਅਤੇ ਮਸਖ਼ਰਿਆਂ ਨਾਲ ਮਸਖ਼ਰੀਆਂ ਕਰਦਾ, ਕੰਜਰੀਆਂ ਨਾਲ ਖੇਡਦਾ ਤੇ ਮਰਾਸੀਆਂ ਨਾਲ ਚੋਹਲ ਕਰਦਾ ਰਹਿੰਦਾ ਹੈ। ਤੇ ਰਾਜਾ ਧਿਆਨ ਸਿੰਘ ਤੋਂ ਅੱਡ ਰਹਿ ਕੇ ਜੰਗਲ ਕੱਛਦਾ ਫਿਰਦਾ ਹੈ, ਜਿਸ ਦਾ ਨਾਮ ਸ਼ਿਕਾਰ ਖੇਡਣਾ ਰਖਿਆ ਹੋਇਆ ਹੈ। ਆਮ ਲੋਕੀ ਮਹਾਰਾਜਾ ਸ਼ੇਰ ਸਿੰਘ ਵੱਲ ਇਸ ਲਈ ਨਹੀਂ ਝੁਕਦੇ ਕਿ ਇਸ ਦੀ ਜ਼ਬਾਨ ਦਾ ਕੋਈ ਇਤਬਾਰ ਨਹੀਂ, ਕਹਿੰਦਾ ਕੁਝ ਤੇ ਕਰਦਾ ਕੁਝ ਹੈ, ਅਤੇ ਜ਼ਾਲਮ ਵੀ ਪੁੱਜ ਕੇ ਹੈ, ਜਦ ਦਾ ਤਖ਼ਤ ਉਤੇ ਬੈਠਾ ਹੈ ਕੁਝ ਕੁ ਹਜ਼ਾਰ ਆਦਮੀਆਂ ਨੂੰ ਫਾਹੇ ਦੇ ਚੁੱਕਾ ਹੈ, ਜਾਂ ਓਨ੍ਹਾਂ ਦੇ ਹੱਥ ਪੈਰ ਵੱਢ ਚੁੱਕਾ ਹੈ, ਹਾਲਾਂਕਿ ਓਨ੍ਹਾਂ ਦਾ ਕਸੂਰ ਐਤਨਾ ਸਖ਼ਤ ਨਹੀਂ ਸੀ। ਇਸ ਤੋਂ ਬਿਨਾਂ ਲੋਹੇ ਦਾ ਇਕ ਪਿੰਜਰਾ ਬਣਵਾ ਰਖਿਆ ਹੋਇਆ ਹੈ, ਹਰ ਰੋਜ਼ ਸੈਂਕੜੇ ਚਿੜੀਆਂ ਉਸ ਪਿੰਜਰੇ ਵਿਚ ਪਾ ਕੇ ਅਤੇ ਅੱਗ ਬਾਲ ਕੇ, ਆਪਣੇ

ਹੱਥ ਨਾਲ ਉਸ ਪਿੰਜਰੇ ਨੂੰ ਅੱਗ ਵਿਚ ਰਖ ਦੇਂਦਾ ਹੈ, ਤੇ ਚਿੜੀਆਂ ਨੂੰ ਭੁੰਨਦਾ ਹੈ। ਇਸ ਦਾ ਨਾਮ ਉਸ ਨੇ 'ਹੋਲਾਂ' ਰਖਿਆ ਹੋਇਆ ਹੈ। ਅਤੇ ਕੰਜੂਸ ਐਸਾ ਹੈ ਕਿ ਤਖ਼ਤ ਉੱਤੇ ਬੈਠਣ ਸਮੇਂ ਜੋ ਕੁਝ ਫ਼ੌਜੀਆਂ ਨੂੰ ਦਿੱਤਾ ਸੀ, ਉਹ ਹੁਣ ਬਹਾਨੋ-ਬਹਾਨੀਂ ਵਾਪਸ ਲਈ ਜਾਂਦਾ ਹੈ।

ਦੁਵੱਲੀਓਂ ਅੰਦਰੋ-ਅੰਦਰ ਅੱਗ ਧੁੱਖ ਰਹੀ ਹੈ, ਅਤੇ ਛੇਤੀ ਹੀ ਭਾਂਬੜ ਬਲਣ ਦਾ ਡਰ ਹੈ। ਰਾਜਾ ਧਿਆਨ ਸਿੰਘ ਹੁਣ ਪਛਤਾਉਂਦਾ ਹੈ ਕਿ ਮੈਂ ਸ਼ੇਰ ਸਿੰਘ ਨੂੰ ਤਖ਼ਤ ਉਤੇ ਕਿਉਂ ਬਿਠਾਇਆ, ਜੇਕਰ ਓਦੋਂ ਕੰਵਰ ਦਲੀਪ ਸਿੰਘ ਨੂੰ ਤਖ਼ਤ ਉਤੇ ਬਿਠਾ ਦੇਂਦਾ, ਤਾਂ ਚੰਗਾ ਰਹਿੰਦਾ। ਜੇਕਰ ਕੋਈ ਗੱਲ ਹੋ ਗਈ, ਤਾਂ ਮਹਾਰਾਜਾ ਸ਼ੇਰ ਸਿੰਘ ਦਾ ਅੰਤ ਰਾਣੀ ਚੰਦ ਕੌਰ ਵਰਗਾ ਹੀ ਹੋਵੇਗਾ।

## ਸੰਧਾਂਵਾਲੀਏ

ਸੰਧਾਂਵਾਲੀਏ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੱਦੀ ਸਨ, ਅਤੇ ਲਾਹੌਰ ਦਰਬਾਰ ਵਿਚ ਇਹ ਸਭ ਤੋਂ ਵੱਡੇ ਅਹਿਲਕਾਰ ਸਨ। ਸਰਦਾਰ ਅਤਰ ਸਿੰਘ ਸੰਧਾਂਵਾਲੀਆ ਰਾਣੀ ਚੰਦ ਕੌਰ ਦਾ ਹਮਾਇਤੀ ਸੀ, ਇਸ ਲਈ ਮਹਾਰਾਜਾ ਸ਼ੇਰ ਸਿੰਘ ਦੇ ਉਲਟ। ਸੁ ਜਦ ਮਹਾਰਾਜਾ ਸ਼ੇਰ ਸਿੰਘ ਜੀ ਤਖ਼ਤ ਉਤੇ ਬੈਠੇ, ਤਾਂ ਇਸ ਖ਼ਾਨਦਾਨ ਨੂੰ ਪੰਜਾਬ ਛੱਡ ਕੇ ਨੱਸਣਾ ਪਿਆ। ਸਰਦਾਰ ਅਤਰ ਸਿੰਘ ਤੇ ਅਜੀਤ ਸਿੰਘ ਤਾਂ ਨੱਸ ਕੇ ਸਤਲੁਜੋਂ ਪਾਰ ਹੋ ਗਏ, ਅਤੇ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਜੋ ਮੰਡੀ ਵਲ ਸਨ, ਉਹ ਫੜੇ ਗਏ, ਤੇ ਲਾਹੌਰ ਆਂਦੇ ਗਏ। ਇਹ ਭਾਜੜ ਏਸੇ ਟੱਬਰ ਨੂੰ ਪਈ ਸੀ। ਸਰਦਾਰ ਬੁਧ ਸਿੰਘ ਸੰਧਾਂਵਾਲੀਏ ਦੇ ਪੁੱਤਰ ਸਰਦਾਰ ਸ਼ਮਸ਼ੇਰ ਸਿੰਘ ਸੰਧਾਂਵਾਲੀਏ ਨੂੰ ਕਿਸੇ ਨੇ ਕੁਝ ਨਹੀਂ ਕਿਹਾ ਸੀ।

ਸਰਦਾਰ ਅਜੀਤ ਸਿੰਘ ਪਹਿਲਾਂ ਲੁਧਿਆਣੇ ਕਲਾਰਕ ਸਾਹਿਬ ਪਾਸ ਗਿਆ, ਫੇਰ ਕਲਕੱਤੇ ਗਵਰਨਰ ਜਨਰਲ ਪਾਸ ਅਪੜਿਆ, ਪਰ ਕੋਈ ਕੀ ਕਰ ਸਕਦਾ ਸੀ, ਲਾਹੌਰ ਦਰਬਾਰ ਦੇ ਮਾਮਲਿਆਂ ਵਿਚ ਸਰਕਾਰ ਅੰਗਰੇਜ਼ੀ ਦਖ਼ਲ ਨਹੀਂ ਦੇ ਸਕਦੀ ਸੀ। ਪਰ ਮਹਾਰਾਜਾ ਸਾਹਿਬ ਨੂੰ ਸੰਧਾਂਵਾਲੀਏ ਦਾ ਬਹੁਤ ਫ਼ਿਕਰ ਸੀ, ਕਿਉਂਜੁ ਸਰਦਾਰ ਅਜੀਤ ਸਿੰਘ ਰਾਣੀ ਚੰਦ ਕੌਰ ਦਾ ਵਕੀਲ ਹੋ ਕੇ ਫਿਰ ਰਿਹਾ ਸੀ, ਅਤੇ ਕਹਿੰਦਾ ਸੀ ਕਿ ਜੇ ਸਰਕਾਰ ਅੰਗਰੇਜ਼ੀ ਰਾਣੀ ਚੰਦ ਕੌਰ ਨੂੰ ਮੁੜ ਤਖ਼ਤ ਦਿਵਾ ਦੇਵੇ, ਤਾਂ ਆਹ ਆਹ ਸਲੂਕ ਸਰਕਾਰ ਅੰਗਰੇਜ਼ੀ ਨਾਲ ਕੀਤਾ ਜਾਵੇਗਾ।

ਸੰਧਾਂਵਾਲੀਆਂ ਦੀ ਸਾਰੀ ਜਗੀਰ ਜ਼ਬਤ ਕੀਤੀ ਜਾ ਚੁੱਕੀ ਸੀ, ਸਾਰੇ ਕਿਲ੍ਹੇ ਖੋਹੇ ਜਾ ਚੁਕੇ ਸਨ, ਸਭ ਮਾਲ-ਅਸਬਾਬ ਜ਼ਬਤ ਹੋ ਚੁੱਕਾ ਸੀ, ਡੌਂਡੀ ਪਿਟਵਾਈ ਗਈ ਸੀ ਕਿ ਜਿਸ ਜਿਸ ਪਾਸ ਸੰਧਾਂਵਾਲੀਆਂ ਦਾ ਕੋਈ ਮਾਲ ਜਾਂ ਅਮਾਨਤ ਹੋਵੇ ਉਹ ਸਰਕਾਰੇ ਜਮ੍ਹਾ ਕਰਵਾ ਦੇਵੇ। ਕਿਸੇ ਅਹਿਲਕਾਰ ਨੂੰ ਹੌਸਲਾ ਨਹੀਂ ਪੈਂਦਾ ਸੀ ਕਿ ਸੰਧਾਂਵਾਲੀਆਂ ਬਾਬਤ ਇਕ ਅੱਖਰ ਵੀ ਸਰਕਾਰ ਨੂੰ ਕਹਿ ਸਕੇ। ਭਾਈ ਗੁਰਮੁਖ ਸਿੰਘ ਸੰਧਾਂਵਾਲੀਆਂ ਦਾ ਗੂੜ੍ਹਾ ਬੇਲੀ ਸੀ, ਜਦ ਕੰਵਰ ਪਰਤਾਪ ਸਿੰਘ ਦੇ ਨਾਲ ਭਾਈ ਜੀ

ਕਸ਼ਮੀਰ ਨੂੰ ਜਾਣ ਲੱਗੇ, ਤਾਂ ਆਪ ਨੇ ਕੈਦੀ ਸੰਧਾਂਵਾਲੀਆਂ ਬਾਬਤ ਸਰਕਾਰ ਨੂੰ ਕੁਝ ਕਿਹਾ, ਪਰ ਸਰਕਾਰ ਨੇ ਐਸੀਆਂ ਸ਼ਰਤਾਂ ਪੇਸ਼ ਕੀਤੀਆਂ, ਜੋ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਸਨ। ਓਦੋਂ ਹੀ ਰਾਜਾ ਸੁਚੇਤ ਸਿੰਘ ਨੇ ਇਕ ਕਾਗ਼ਜ਼ ਆਪਣੇ ਦਸਤਖ਼ਤ ਕਰ ਕੇ ਸਰਕਾਰ ਪਾਸ ਘੱਲਿਆ ਕਿ ਸਰਕਾਰ ਜੋ ਸ਼ਰਤਾਂ ਚਾਹੇ, ਲਿਖ ਲਵੇ, ਮੈਨੂੰ ਮਨਜ਼ੂਰ ਹਨ, ਮੇਰੀ ਜ਼ਾਮਨੀ ਉਤੇ ਦੋਹਾਂ ਕੈਦੀ ਸੰਧਾਂਵਾਲੀਏ ਸਰਦਾਰਾਂ ਨੂੰ ਛੱਡ ਦਿੱਤਾ ਜਾਵੇ। ਪਰ ਸਰਕਾਰ ਨੇ ਇਹ ਗੱਲ ਵੀ ਨਾ ਮੰਨੀ, ਸਗੋਂ ਇਸ ਤੋਂ ਪਿਛੋਂ ਦੋਹਾਂ ਸਰਦਾਰਾਂ ਦੇ ਬੇੜੀਆਂ ਪਾ ਦਿੱਤੀਆਂ।

(ਸੰਧਾਂਵਾਲੀਆਂ ਸੰਬੰਧੀ ਕੁਝ ਕੁ ਮੋਟੀਆਂ ਮੋਟੀਆਂ ਗੱਲਾਂ ਇਸ ਤੋਂ ਪਹਿਲਾਂ ਦੀਆਂ ਚਿੱਠੀਆਂ ਵਿਚ ਆ ਚੁੱਕੀਆਂ ਹਨ, ਹੋਰ ਕੁਝ ਕੁ ਮੋਟੀਆਂ ਮੋਟੀਆਂ ਗੱਲਾਂ ਉਸ ਸਮੇਂ ਦੀਆਂ ਚਿੱਠੀਆਂ ਵਿਚ ਚੁਣ ਕੇ ਅੱਗੇ ਲਿਖੀਆਂ ਜਾਂਦੀਆਂ ਹਨ। ਨਿੱਕੀਆਂ ਨਿੱਕੀਆਂ ਗੱਲਾਂ ਜਾਣ ਕੇ ਛੱਡ ਦਿਤੀਆਂ ਗਈਆਂ ਹਨ।) —*ਕਰਮ ਸਿੰਘ*

ਜੇਠ ਸੰਮਤ ੧੮੯੮ ਬਿ:—ਕਸ਼ਮੀਰ ਦੇ ਬੰਦੋਬਸਤ ਲਈ ਕੰਵਰ ਪਰਤਾਪ ਸਿੰਘ ਜੀ ਖ਼ਿੱਲਤ ਹਾਥੀ, ਘੋੜੇ, ਜ਼ੇਵਰ, ਜਵਾਹਰਾਤ ਲੈ ਕੇ ਤੁਰ ਗਏ ਹਨ। ਆਪ ਨਾਲ ਹੋਰਨਾਂ ਅਹਿਲਕਾਰਾਂ ਸਰਦਾਰਾਂ ਬਿਨਾਂ ਇਕ ਤਾਂ ਮੀਆਂ ਵਾਰਸ ਖ਼ਾਂ ਨੂੰ ਕਰ ਦਿੱਤਾ ਗਿਆ ਹੈ, ਜੋ ਰਾਣੀ ਸਦਾ ਕੌਰ ਦਾ ਪੁਰਾਣਾ ਨੌਕਰ ਹੈ, ਦੂਜੇ ਭਾਈ ਗੁਰਮੁਖ ਸਿੰਘ ਜੀ ਆਪ ਦੇ ਨਾਲ ਕਰ ਦਿੱਤੇ ਗਏ ਹਨ, ਅਤੇ ਅਰੰਭ ਜੇਠ ਤੋਂ ਹਜ਼ਾਰੇ ਦਾ ਇਲਾਕਾ ਆਪ ਦੀ ਜਗੀਰ ਵਿਚ ਕਰ ਦਿੱਤਾ ਗਿਆ ਹੈ।

ਤੁਰਨ ਲਗਿਆਂ ਭਾਈ ਗੁਰਮੁਖ ਸਿੰਘ ਨੇ ਅਰਜ਼ ਕੀਤੀ ਕਿ ਸਰਦਾਰ ਲਹਿਣਾ ਸਿੰਘ, ਕੇਹਰ ਸਿੰਘ ਸੰਧਾਂਵਾਲੀਆਂ ਨੂੰ ਛੱਡ ਦਿੱਤਾ ਜਾਵੇ। ਸਰਕਾਰ ਨੇ ਕਿਹਾ ਕਿ ਸਰਦਾਰ ਲਹਿਣਾ ਸਿੰਘ ਇਸ ਪਰਕਾਰ ਦੀ ਲਿਖਤ ਕਰ ਦੇਵੇ, ਬਾਕੀ ਫੇਰ ਵੇਖਿਆ ਜਾਊ—ਪਹਿਲਾਂ ਤਾਂ ਰਾਜਾ ਧਿਆਨ ਸਿੰਘ ਦਾ ਰਾਜ਼ੀ-ਨਾਮਾ ਦੇਵੇ। ਫੇਰ ਰਾਜਾ ਅਜੀਤ ਸਿੰਘ ਲਾਡਵੇ ਵਾਲੇ ਦੀ ਜ਼ਾਮਨੀ ਦੇਵੇ ਕਿ ਮੈਂ ਸਤਲੁਜੋਂ ਪਾਰ ਨਹੀਂ ਜਾਵਾਂਗਾ। ਇਹ ਵੀ ਲਿਖ ਦੇਵੇ ਕਿ ਸਰਦਾਰ ਅਜੀਤ ਸਿੰਘ ਨੂੰ, ਜੋ ਕਲਕੱਤੇ ਵਲ ਗਿਆ ਹੋਇਆ ਹੈ, ਸਦਵਾ ਦੇਵਾਂਗਾ, ਅਤੇ ਸਰਕਾਰ ਜੋ ਕੁਝ ਮੈਨੂੰ ਦੇਊ, ਉਸੇ ਵਿਚ ਗੁਜ਼ਾਰਾ ਕਰਾਂਗਾ।

ਸਰਦਾਰ ਲਹਿਣਾ ਸਿੰਘ ਨੇ ਕਿਹਾ ਕਿ ਇਸ ਵੇਲੇ ਤਾਂ ਕੋਈ ਵੀ ਸਾਡਾ ਜ਼ਾਮਨ ਨਹੀਂ ਬਣਦਾ, ਲਾਹੌਰ ਦਾ ਕੋਈ ਸਰਦਾਰ ਜ਼ਾਮਨੀ ਨਹੀਂ ਦੇਂਦਾ, ਸਤਲੁਜੋਂ ਪਾਰ ਲਾਡਵੇ ਵਾਲੇ ਜਾਂ ਕਿਸੇ ਹੋਰਸ ਨੇ ਤਾਂ ਕੀ ਦੇਣੀ ਹੈ। ਅਤੇ ਅਜੀਤ ਸਿੰਘ ਮੇਰੇ ਲਿਖਿਆਂ ਕਦ ਮੁੜਦਾ ਹੈ। ਹਾਂ, ਸਰਕਾਰ ਜੋ ਕੁਝ ਮੈਨੂੰ ਦੇਊ, ਮੈਂ ਉਸੇ ਵਿਚ ਗੁਜ਼ਾਰਾ ਕਰ ਲਵਾਂਗਾ, ਅਤੇ ਸਤਲੁਜੋਂ ਪਾਰ ਜਾਂ ਕਿਸੇ ਹੋਰਸ ਪਾਸੇ ਨਹੀਂ ਜਾਵਾਂਗਾ।

ਰਾਜਾ ਸੁਚੇਤ ਸਿੰਘ ਨੇ ਸਰਕਾਰੇ ਅਰਜ਼ੀ ਘੱਲੀ ਸੀ ਕਿ ਮੇਰੀ ਜ਼ਿੰਮੇਵਾਰੀ ਉਤੇ ਸਰਦਾਰ ਲਹਿਣਾ ਸਿੰਘ ਨੂੰ ਛੱਡ ਦਿੱਤਾ ਜਾਵੇ। ਇਸ ਦੇ ਨਾਲ ਹੀ ਆਪਣੀ ਮੋਹਰ ਲਾ ਕੇ ਇਕ ਕੋਰਾ ਕਾਗ਼ਜ਼ ਘੱਲ ਦਿਤਾ ਸੀ ਕਿ ਸਰਕਾਰ ਦੀ ਜੋ ਮਰਜ਼ੀ ਹੋਵੇ, ਲਿਖ ਲਵੇ, ਮੈਨੂੰ ਸਭ ਕੁਝ ਮਨਜ਼ੂਰ ਹੈ। ਸਰਕਾਰ ਇਸ ਗੱਲ ਨੂੰ ਮੰਨਦੀ ਕਿ ਨਾ ਮੰਨਦੀ,

ਪਰ ਰਾਜਾ ਧਿਆਨ ਸਿੰਘ ਨੇ ਇਹ ਗੱਲ ਨਾ ਮੰਨੀ। ਉਸ ਕਿਹਾ ਕਿ ਸਤਲੁਜ ਪਾਰ ਕੇ ਮੁਕਦਮਿਆਂ ਦੇ ਫ਼ੈਸਲੇ ਤੋਂ ਬਿਨਾਂ ਸਰਦਾਰ ਨੂੰ ਛੱਡਣਾ ਠੀਕ ਨਹੀਂ।

ਲਹਿਣਾ ਸਿੰਘ ਸੰਧਾਂਵਾਲੀਆ ਅੱਗੇ ਵਾਂਙ ਹੀ ਕੈਦ ਹੈ। ਅੱਗੇ ਤਾਂ ਨਜ਼ਰ-ਬੰਦ ਸੀ, ਹੁਣ ਬੇੜੀ ਪੈ ਜਾਊ। ਭਾਈ ਗੁਰਮੁਖ ਸਿੰਘ ਦਾ ਕੁਝ ਵਸੀਲਾ ਸੀ, ਸੁ ਉਹ ਕਸ਼ਮੀਰ ਨੂੰ ਚਲਿਆ ਗਿਆ ਹੈ, ਹੋਰ ਕੋਈ ਸਰਦਾਰ ਇਨ੍ਹਾਂ ਦੀ ਹਮਾਇਤ ਨਹੀਂ ਕਰਦਾ। ਜਮਾਦਾਰ ਖ਼ੁਸ਼ਹਾਲ ਸਿੰਘ ਤੇ ਤੇਜ ਸਿੰਘ ਨੂੰ ਮਹਾਰਾਜਾ ਨੇ ਕਿਹਾ ਸੀ ਕਿ ਤੁਸੀਂ ਸੰਧਾਂਵਾਲੀਆਂ ਨਾਲ ਲਿਖਾ-ਪੜ੍ਹੀ ਕਰਦੇ ਹੋ, ਇਹ ਗੱਲ ਤੁਸਾਡੇ ਲਈ ਠੀਕ ਨਹੀਂ। ਜਮਾਦਾਰ ਖ਼ੁਸ਼ਹਾਲ ਸਿੰਘ ਇਸ ਗੱਲੋਂ ਬੜਾ ਡਰ ਗਿਆ, ਤੇ ਅਰਜ਼ ਕੀਤੀ ਕਿ ਅਸੀਂ ਕਦੇ ਵੀ ਸਤਲੁਜੋਂ ਪਾਰ ਕੋਈ ਚਿੱਠੀ ਨਹੀਂ ਘੱਲੀ। ਮਹਾਰਾਜਾ ਸਾਹਿਬ ਦਿਲੋਂ ਜਮਾਦਾਰ ਤੇ ਤੇਜ ਸਿੰਘ ਦੇ ਉਲਟ ਹਨ, ਤੇ ਏਨ੍ਹਾਂ ਦੀ ਬੇ-ਇੱਜ਼ਤੀ ਕਰਨੀ ਚਾਹੁੰਦੇ ਹਨ। ਜਮਾਦਾਰ ਦਾ ਨਜ਼ੀਕੀ ਅਥਰਮਲ ਅੜਦਲੀਆਂ ਦੀ ਫ਼ੌਜ ਵਿਚ ਲੱਗਾ ਹੋਇਆ ਸੀ, ਉਸ ਨੂੰ ਕੈਦ ਕਰ ਕੇ ਉਸ ਦਾ ਸਭ ਘਰ-ਬਾਰ ਜ਼ਬਤ ਕਰ ਲਿਆ ਹੈ, ਤੇ ਉਸ ਦੇ ਜ਼ਿੰਮੇ ਕਸ਼ਮੀਰ ਦੀ ਖੁਰਦ-ਬੁਰਦ ਦਾ ਇਕ ਲੱਖ ਰੁਪਿਆ ਸਾਬਤ ਕੀਤਾ ਗਿਆ ਹੈ।

੧੨ ਫੱਗਣ ੧੮੯੯ ਬਿ:—ਸੰਧਾਂਵਾਲੀਏ ਸਰਦਾਰਾਂ ਦਾ ੫੫ ਹਜ਼ਾਰ ਰੁਪਿਆ ਭਾਈ ਰਾਮ ਸਿੰਘ ਪਾਸ ਅਮਾਨਤ ਜਮ੍ਹਾ ਸੀ। ਲਾਹੌਰ ਦਾ ਵਸਨੀਕ ਹਫ਼ੀਜ਼ ਚਾਬਕ-ਸਵਾਰ ਸੰਧਾਂਵਾਲੀਆਂ ਦਾ ਨੌਕਰ ਸੀ। ਉਸ ਨੇ ਭਾਈ ਰਾਮ ਸਿੰਘ ਪਾਸੋਂ ਵੀਹ ਹਜ਼ਾਰ ਰੁਪਿਆ ਲੈ ਕੇ ਸਰਦਾਰ ਅਤਰ ਸਿੰਘ ਸੰਧਾਂਵਾਲੀਏ ਵੱਲ ਹੁੰਡੀ ਕਰਵਾ ਕੇ ਘੱਲ ਦਿੱਤਾ ਸੀ। ਇਸ ਗੱਲ ਦਾ ਪਤਾ ਸਰਕਾਰ ਨੂੰ ਵੀ ਲੱਗ ਗਿਆ। ਮਹਾਰਾਜਾ ਸਾਹਿਬ ਨੇ ਹਫ਼ੀਜ਼ ਦਾ ਹੱਥ ਵਢਵਾ ਦਿੱਤਾ, ਤੇ ਕਿਹਾ ਕਿ ਤੂੰ ਇਸ ਅਮਾਨਤ ਦਾ ਪਤਾ ਸਰਕਾਰ ਨੂੰ ਕਿਉਂ ਨਹੀਂ ਸੀ ਦਿੱਤਾ ਤੇ ਚੋਰੀਂ ਹੁੰਡੀ ਕਿਉਂ ਘੱਲੀ ? ਫਿਰ ਭਾਈ ਰਾਮ ਸਿੰਘ ਨੂੰ ਤਾੜ ਕੇ ਕਿਹਾ ਕਿ ਸੰਧਾਂਵਾਲੀਆਂ ਵਾਲਾ ੫੫ ਹਜ਼ਾਰ ਰੁਪਿਆ ਸਰਕਾਰ ਵਿਚ ਜਮ੍ਹਾ ਕਰਵਾਓ।

ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਂਵਾਲੀਏ ਲਾਲ ਕਿਲ੍ਹੇ ਵਿਚ ਕੈਦ ਸਨ ਤੇ ਇਨ੍ਹਾਂ ਉਤੇ ਪਲਟਣ ਦਾ ਪਹਿਰਾ ਸੀ। ਇਨ੍ਹਾਂ ਨੇ ਪਲਟਣ ਦੇ ਸੂਬੇਦਾਰ ਨੂੰ ਕਿਹਾ ਕਿ ਜੇਕਰ ਨੂੰ ਫ਼ਲਾਣੇ ਦਿਨ ਪਹਿਰ ਰਾਤ ਗਈ ਸਾਨੂੰ ਚੋਰੀਂ ਕਿਲ੍ਹੇ ਵਿਚੋਂ ਬਾਹਰ ਕੱਢ ਦੇਵੇਂ ਤਾਂ ਅਸੀਂ ਤੈਨੂੰ ੨੪ ਸੌ ਰੁਪਿਆ ਨਕਦ ਅਤੇ ਛੇ ਸੌ ਰੁਪਏ ਦੀ ਕੰਗਣਾਂ ਦੀ ਜੋੜੀ ਦੇਵਾਂਗੇ। ਸੂਬੇਦਾਰ ਨੇ ਇਹ ਗੱਲ ਸਰਕਾਰ ਨੂੰ ਆ ਦੱਸੀ। ਸਰਕਾਰ ਨੇ ਕਿਹਾ ਕਿ ਇਸ ਗੱਲ ਦਾ ਕਿਸੇ ਨੂੰ ਪਤਾ ਨਾ ਦੇਈਂ ਅਤੇ ਧਿਆਨ ਰੱਖੀਂ ਕਿ ਓਹ ਇਹ ਮਾਲ ਕਿਥੋਂ ਦੇਂਦੇ ਹਨ ਅਤੇ ਜਦ ਉਹ ਤੈਨੂੰ ਦੇ ਦੇਣ ਤਾਂ ਸਰਕਾਰ ਨੂੰ ਖ਼ਬਰ ਕਰ ਦੇਈਂ, ਫਿਰ ਪਰਬੰਧ ਕਰ ਦੇਵਾਂਗੇ।

ਸੂਬੇਦਾਰ ਨੇ ਇਕਰਾਰ ਮੂਜਬ ਰੁਪਿਆ ਤੇ ਕੰਗਣਾਂ ਦੀ ਜੋੜੀ ਲੈ ਲਈ ਅਤੇ ਸਰਕਾਰ ਨੂੰ ਖ਼ਬਰ ਕਰ ਦਿੱਤੀ। ਸਰਕਾਰ ਨੇ ਦੋਹਾਂ ਸੰਧਾਂਵਾਲੀਆਂ ਦੇ ਬੇੜੀਆਂ ਪਵਾ ਕੇ ਪਹਿਰ ਰਾਤ ਗਈ ਦੋਹਾਂ ਨੂੰ ਮੁਕੇਰੀਆਂ ਦੇ ਕਿਲ੍ਹੇ ਵੱਲ ਘੱਲ ਦਿੱਤਾ, ਅਤੇ ਰਾਖੀ

ਲਈ ਇਕ ਪਲਟਣ ਤੇ ਇਕ ਸੌ ਸਵਾਰ ਉਨ੍ਹਾਂ ਦੇ ਨਾਲ ਕਰ ਦਿੱਤੇ, ਅਤੇ ਤੁਰਨ ਲਗਿਆਂ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਕਿ ਲਓ, ਤੁਸਾਡੀ ਚਾਹ ਸੀ ਕਿ ਪਹਿਰ ਰਾਤ ਗਈ ਕਿਲ੍ਹੇ ਵਿਚੋਂ ਨਿਕਲੀਏ, ਸੋ ਇਸੇ ਕਰਕੇ ਅਸਾਂ ਤੁਸਾਨੂੰ ਪਹਿਰ ਰਾਤ ਗਈ ਕਿਲ੍ਹੇ ਵਿਚੋਂ ਕਢਿਆ ਹੈ। ਰੁਪਏ ਤੇ ਕੰਗਣਾਂ ਦੀ ਜੋੜੀ ਭਾਈ ਰਾਮ ਸਿੰਘ ਪਾਸੋਂ ਦਿਵਾਈ ਗਈ ਸੀ। ਜੋ ਉਹ ਉਸੇ ਸੂਬੇਦਾਰ ਨੂੰ ਬਖ਼ਸ਼ ਦਿੱਤੀ ਗਈ।

ਹੁਣ ਤੀਕ ਤਾਂ ਕਲਾਰਕ ਸਾਹਿਬ ਦੀ ਇਹ ਪਾਲਿਸੀ ਰਹੀ ਸੀ ਕਿ ਉਹ ਸੰਧਾਂਵਾਲੀਆਂ ਨੂੰ ਅੰਗਰੇਜ਼ੀ ਇਲਾਕੇ ਵਿਚ ਬਿਠਾਈ ਬੈਠੇ ਸਨ, ਤੇ ਕਦੇ ਕਦੇ ਮਹਾਰਾਜਾ ਸ਼ੇਰ ਸਿੰਘ ਸਾਹਿਬ ਨੂੰ ਧਮਕਾ ਵੀ ਦੇਂਦੇ ਸਨ ਕਿ ਤੁਸਾਂ ਨੇ ਰਾਣੀ ਚੰਦ ਕੌਰ ਨੂੰ ਕੈਦ ਕਰ ਕੇ ਤੇ ਸੰਧਾਂਵਾਲੀਆਂ ਨੂੰ ਦੇਸ-ਨਿਕਾਲਾ ਦੇ ਕੇ ਤੇ ਉਨ੍ਹਾਂ ਦਾ ਸੱਭੋ ਕੁਝ ਜ਼ਬਤ ਕਰ ਕੇ ਚੰਗਾ ਕੰਮ ਨਹੀਂ ਕੀਤਾ। ਸੰਜੋਗ ਐਸਾ ਹੋਇਆ ਕਿ ਕਾਬਲ ਵਲ ਰੌਲਾ ਪੈ ਗਿਆ, ਅਤੇ ਸਾਰੀ ਅੰਗਰੇਜ਼ ਸੈਨਾ ਮਾਰੀ ਗਈ, ਅਤੇ ਜੋ ਫ਼ੌਜ ਪਾਲਕ ਸਾਹਿਬ ਪਾਸ ਜਲਾਲਾਬਾਦ ਦੇ ਕਿਲ੍ਹੇ ਵਿਚ ਸੀ, ਓਹ ਘੇਰੀ ਗਈ। ਮੇਕਸਨ ਸਾਹਿਬ ਕੁਝ ਫ਼ੌਜ ਲਈ ਪਿਸ਼ੌਰ ਪਏ ਸਨ। ਓਹ ਜਲਾਲਾਬਾਦ ਦੀ ਫ਼ੌਜ ਦੀ ਸਹਾਇਤਾ ਲਈ ਅੱਗੇ ਵਧੇ, ਪਰ ਖ਼ੈਬਰੀਆਂ ਨੇ ਇਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਹੁਣ ਜਲਾਲਾਬਾਦ ਦੀ ਫ਼ੌਜ ਬੜੇ ਖ਼ਤਰੇ ਵਿਚ ਸੀ, ਸੁ ਸਰਕਾਰ ਅੰਗਰੇਜ਼ੀ ਨੂੰ ਸਰਕਾਰ ਲਾਹੌਰ ਪਾਸ ਸਹਾਇਤਾ ਦੀ ਯਾਚਨਾ ਕਰਨੀ ਪਈ। ਇਸੇ ਮਤਲਬ ਲਈ ੨੦ ਫੱਗਣ ਸੰਮਤ ੧੮੯੮ ਬਿ: ਨੂੰ ਕਲਾਰਕ ਸਾਹਿਬ ਅੰਮ੍ਰਿਤਸਰ ਅਪੜੇ, ਅਤੇ ਮਹਾਰਾਜਾ ਸਾਹਿਬ ਨਾਲ ਮਿਲ-ਗਿਲ ਕੇ ਅਰੰਭ ਚੇਤ ਵਿਚ ਲਾਹੌਰ ਆ ਗਏ। ਮਹਾਰਾਜਾ ਸਾਹਿਬ ਸਹਾਇਤਾ ਦੇਣੀ ਮੰਨ ਗਏ, ਅਤੇ ਖ਼ਾਲਸਈ ਸੈਨਾ ਦੀ ਸਹਾਇਤਾ ਨਾਲ ਅੰਗਰੇਜ਼ੀ ਫ਼ੌਜ ਜਲਾਲਾਬਾਦ ਤੀਕ ਅੱਪੜ ਪਈ।

ਸਰਕਾਰ ਅੰਗਰੇਜ਼ੀ ਨੂੰ ਲਾਹੌਰ ਦਰਬਾਰ ਦੀ ਸਹਾਇਤਾ ਦੀ ਅਜੇ ਬੜੀ ਲੋੜ ਸੀ, ਸੁ ਜਦ ਮਹਾਰਾਜਾ ਸਾਹਿਬ ਨੇ ਕਲਾਰਕ ਸਾਹਿਬ ਨੂੰ ਕਿਹਾ ਕਿ ਸੰਧਾਂਵਾਲੀਆਂ ਦੀ ਬਾਂਹ ਸਾਨੂੰ ਦੇ ਦੇਵੇ, ਤਾਂ ਆਪ ਨੇ ਉਪਰੋਂ ਉਪਰੋਂ ਤਾਂ ਇਹ ਕਿਹਾ ਕਿ ਘਰ ਆਏ ਨੂੰ ਫੜਾਉਣਾ ਅੰਗਰੇਜ਼ੀ ਨੇਮ-ਧਰਮ ਦੇ ਉਲਟ ਹੈ; ਪਰ ਉਵ ਸਮਝਾ ਦਿੱਤਾ ਕਿ ਕੋਈ ਆਦਮੀ ਘੱਲ ਕੇ ਮੰਗਵਾ ਲਵੋ। ਸੰਧਾਂਵਾਲੀਏ ਵੀ ਕਿਹੜੇ ਅਨਜਾਣ ਸਨ, ਉਹ ਵੀ ਸਭ ਕੁਝ ਜਾਣਦੇ ਸਨ ਕਿ ਹੁਣ ਗੌਂ ਪਏ ਦੇ ਕਾਰਨ ਸਰਕਾਰ ਅੰਗਰੇਜ਼ੀ ਲਾਹੌਰ ਦਰਬਾਰ ਦੀ ਮੁੱਠ ਵਿਚ ਹੈ। ਸੁ ਉਨ੍ਹਾਂ ਦੀ ਜ਼ਿੱਦ ਵੀ ਢਿੱਲੀ ਹੋ ਗਈ, ਅਤੇ ਉਹ ਵੀ ਪੰਜਾਬ ਨੂੰ ਵਾਪਸ ਮੁੜ ਆਉਣ ਦਾ ਬਹਾਨਾ ਟੋਲਣ ਲੱਗ ਪਏ।

ਸਾਰੀ ਗੱਲ-ਬਾਤ ਗਿਣ ਕੇ ੧੦ ਵਿਸਾਖ ਸੰ: ੧੮੯੯ ਨੂੰ ਕਲਾਰਕ ਸਾਹਿਬ ਲਾਹੌਰੋਂ ਤੁਰ ਪਏ, ਅਤੇ ਆਪਣੇ ਮੀਰ ਮੁਨਸ਼ੀ ਰਜਬ ਅਲੀ ਨੂੰ ਲਾਹੌਰ ਛੱਡ ਗਏ।

(ਇਸ ਤੋਂ ਮਗਰੋਂ ਜਿਸ ਤਰ੍ਹਾਂ ਸੰਧਾਂਵਾਲੀਏ ਲਾਹੌਰ ਵਾਪਸ ਆਏ, ਉਹ ਹਾਲ ਉਸ ਸਮੇਂ ਦੀਆਂ ਚਿੱਠੀਆਂ ਤੇ ਲਾਹੌਰ ਦਰਬਾਰ ਦੀਆਂ ਖ਼ਬਰਾਂ ਵਿਚੋਂ ਚੁਣ ਕੇ ਹੇਠਾਂ ਦਿਤੇ ਜਾਂਦੇ ਹਨ।) *—ਕਰਮ ਸਿੰਘ*

੧੯ ਵਿਸਾਖ—ਸਰਦਾਰ ਅਤਰ ਸਿੰਘ ਸੰਧਾਂਵਾਲੀਏ ਦੇ ਮਾਤਬਰ ਬਾਵਾ ਅਤਰ ਸਿੰਘ ਤੇ ਬਾਵਾ ਸੁਜਾਨ ਸਿੰਘ ਹਾਜ਼ਰ ਹੋਏ, ਤੇ ਅਰਜ਼ ਕੀਤੀ ਕਿ ਸਰਦਾਰ ਅਤਰ ਸਿੰਘ ਸੰਧਾਂਵਾਲੀਆ ਬਸੀਆ ਪਿੰਡ ਉਤਰਿਆ ਹੋਇਆ ਹੈ। ਸਿੰਘ ਸਾਹਿਬ ਨੇ ਕਿਹਾ ਕਿ ਨਾ-ਹੱਕ ਖ਼ਰਾਬ ਹੁੰਦਾ ਹੈ। ਉਨ੍ਹਾਂ ਅਰਜ਼ ਕੀਤੀ ਕਿ ਸਰਕਾਰ ਆਪਣਾ ਆਦਮੀ ਘੱਲ ਕੇ ਮੰਗਵਾ ਕਿਉਂ ਨਹੀਂ ਲੈਂਦੇ।

੯ ਹਾੜ—ਫ਼ਕੀਰ ਅਜ਼ੀਜ਼ ਦੀਨ ਤਿੰਨਾਂ ਗੱਲਾਂ ਵਾਸਤੇ ਕਲਾਰਕ ਸਾਹਿਬ ਪਾਸ ਗਿਆ ਹੋਇਆ ਹੈ। ਇਕ ਤਾਂ ਸ਼ਿਕਾਰਪੁਰ ਵਾਲੇ ਦਸ ਲੱਖ ਰੁਪਏ ਲਈ, ਦੂਜੇ ਪਠਾਣਾਂ ਦੇ ਇਲਾਕੇ ਦੇ ਹਿੱਸੇ ਲਈ, ਤੀਜੇ ਸੰਧਾਂਵਾਲੀਆਂ ਨੂੰ ਲਿਆਉਣ ਲਈ.........ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਨੂੰ ਕਲਾਰਕ ਸਾਹਿਬ ਨੇ ਆਪਣੇ ਪਾਸ ਸੱਦ ਕੇ ਕਿਹਾ ਸੀ ਕਿ ਤੁਸੀਂ ਸਿੰਘ ਸਾਹਿਬ ਪਾਸ ਚਲੇ ਜਾਵੋ, ਤੁਸਾਡਾ ਮੁਲਕ ਅੱਗੇ ਵਾਙ ਤੁਸਾਨੂੰ ਦੇ ਦਿੱਤਾ ਜਾਵੇਗਾ। ਅਜੀਤ ਸਿੰਘ ਨੇ ਕਿਹਾ ਕਿ ਪਹਿਲਾਂ ਤੁਸੀਂ ਮਹਾਰਾਜਾ ਸਾਹਿਬ ਨਾਲ ਸਾਡਾ ਪੱਕਾ ਅਹਿਦ ਲਿਖਵਾ ਦੇਵੋ, ਤੇ ਉਹ ਕੇਹਰ ਸਿੰਘ ਤੇ ਲਹਿਣਾ ਸਿੰਘ ਨੂੰ ਕੈਦੋਂ ਛੱਡ ਦੇਣ, ਫੇਰ ਤੁਸਾਡੀ ਪਕਿਆਈ ਨਾਲ ਅਸੀਂ ਲਾਹੌਰ ਜਾਵਾਂਗੇ।

ਸਿੰਘ ਸਾਹਿਬ ਦੀ ਮਰਜ਼ੀ ਇਹ ਹੈ ਕਿ ਸੰਧਾਂਵਾਲੀਏ ਸਾਹਿਬ ਬਹਾਦਰ ਦੇ ਵਸੀਲੇ ਤੋਂ ਬਿਨਾਂ ਇਥੇ ਆਉਣ। ਜੇ ਕਿਸੇ ਵਸੀਲੇ ਨਾਲ ਹੀ ਆਉਣਾ ਹੈ, ਤਾਂ ਕਿਸੇ ਸੋਢੀ ਬੇਦੀ ਦੇ ਵਸੀਲੇ ਨਾਲ ਆਉਣ।

੪ ਸਾਵਣ—ਸੁਧੂਰਨ ਸਿੰਘ ਜਮਾਦਾਰ ਬਾਵਾ ਬਿਕ੍ਰਮਾ ਸਿੰਘ ਪਾਸ ਘੱਲਿਆ ਗਿਆ ਸੀ ਕਿ ਬਾਵਾ ਜੀ ਸੰਧਾਂਵਾਲੀਆਂ ਨੂੰ ਲਾਹੌਰ ਲੈ ਆਉਣ। ਸੋ ਚਾਰ ਸਾਵਣ ਨੂੰ ਜਮਾਦਾਰ ਸੁਧੂਰਨ ਸਿੰਘ, ਬਾਵਾ ਬਿਕ੍ਰਮਾ ਸਿੰਘ ਦੇ ਵਕੀਲ ਖ਼ਜ਼ਾਨ ਸਿੰਘ ਨੂੰ ਲੈ ਕੇ ਸਰਕਾਰੇ ਹਾਜ਼ਰ ਹੋ ਗਿਆ। ਖ਼ਜ਼ਾਨ ਸਿੰਘ ਨੇ ਕੁਝ ਗੱਲਾਂ ਤਾਂ ਜ਼ਬਾਨੀ ਅਰਜ਼ ਕੀਤੀਆਂ ਅਤੇ ਬਾਕੀ ਲਈ ਬਾਵਾ ਜੀ ਦੀ ਅਰਦਾਸ ਪੇਸ਼ ਕਰ ਦਿੱਤੀ।

ਅਰਦਾਸ ਦਾ ਭਾਵ ਇਹ ਸੀ ਕਿ ਪਹਿਲਾਂ ਅਸੀਂ ਅਤਰ ਸਿੰਘ ਸੰਧਾਂਵਾਲੀਏ ਨੂੰ ਲੈ ਕੇ ਲਾਹੌਰ ਆਏ ਸਾਂ ਅਤੇ ਦੋਹਾਂ ਦੇ ਵਿਚਕਾਰ ਪਏ ਸਾਂ, ਪਰ ਤੁਸਾਂ ਸਾਡੇ ਕਹੇ ਉਤੇ ਕੋਈ ਅਮਲ ਨਾ ਕੀਤਾ, ਇਸ ਲਈ ਅਤਰ ਸਿੰਘ ਸਾਡੇ ਨਾਲ ਹੀ ਮੁੜ ਗਿਆ। ਅਤੇ ਕੁਝ ਦਿਨਾਂ ਤੋਂ ਉਹ ਸਾਡੇ ਪਾਸੋਂ ਵੀ ਚੋਰੀਂ ਕਿਧਰੇ ਚਲਾ ਗਿਆ ਹੈ। ਤੁਸਾਂ ਜੁ ਪਹਿਲਾਂ ਸਾਡੀ ਗੱਲ ਨਹੀਂ ਮੰਨੀ ਸੀ, ਇਸ ਲਈ ਅਸੀਂ ਤੁਸਾਡੇ ਤੇ ਸੰਧਾਂਵਾਲੀਆਂ ਦੇ ਵਿਚ ਨਹੀਂ ਪੈਂਦੇ।

ਸਿੰਘ ਸਾਹਿਬ ਨੇ ਬਾਵਾ ਮੀਹਾਂ ਸਿੰਘ ਨੂੰ ਆਪਣੀ ਮਰਜ਼ੀ ਸਮਝਾ ਕੇ ਫੇਰ ਬਾਵਾ ਬਿਕ੍ਰਮਾ ਸਿੰਘ ਵੱਲ ਘੱਲਿਆ ਹੈ ਅਤੇ ਕਿਹਾ ਹੈ ਕਿ ਜਿਸ ਤਰ੍ਹਾਂ ਦੋਵੇਂ ਬਾਵਾ ਸਾਹਿਬ ਸੰਧਾਂਵਾਲੀਆਂ ਦਾ ਫ਼ੈਸਲਾ ਕਰ ਦੇਣ, ਸਾਨੂੰ ਮਨਜ਼ੂਰ ਹੈ।

੧੬ ਭਾਦਰੋਂ—ਰਾਏ ਕਿਸ਼ਨ ਚੰਦ ਦੀ ਅਰਜ਼ੀ ਆਈ ਕਿ ਕਲਾਰਕ ਸਾਹਿਬ ਨੇ ਮੈਨੂੰ ਕਿਹਾ ਹੈ ਕਿ ਅਸੀਂ ਮਹਾਰਾਜਾ ਸਾਹਿਬ ਨਾਲ ਇਹ ਇਕਰਾਰ ਕਰ ਕੇ ਆਏ

ਸਾਂ ਕਿ ਸਤਲੁਜੋਂ ਪਾਰ ਜਾ ਕੇ ਅਜੀਤ ਸਿੰਘ ਸੰਧਾਂਵਾਲੀਏ ਨੂੰ ਮਹਾਰਾਜਾ ਸਾਹਿਬ ਵੱਲ ਘੱਲ ਦੇਵਾਂਗੇ ਅਤੇ ਸਾਡੀ ਵਲੋਂ ਮਹਾਰਾਜਾ ਸਾਹਿਬ ਨੂੰ ਖੁਲ੍ਹ ਹੈ ਕਿ ਉਹ ਅਜੀਤ ਸਿੰਘ ਨੂੰ ਲੈ ਜਾਣ ਜਾਂ ਮੰਗਵਾ ਲੈਣ। ਸੋ ਚਾਹੀਦਾ ਹੈ ਕਿ ਕਿਸੇ ਆਪਣੇ ਆਦਮੀ ਨੂੰ ਸਤਲੁਜ ਦੇ ਇਸ ਪਾਸੇ ਘੱਲਿਆ ਜਾਵੇ ਜੋ ਸਰਦਾਰ ਨੂੰ ਆਪਣੇ ਨਾਲ ਲੈ ਕੇ ਹਾਜ਼ਰ ਹੋ ਜਾਵੇ।

ਇਸ ਅਰਜ਼ੀ ਅਨੁਸਾਰ ਬਾਵਾ ਮੀਹਾਂ ਸਿੰਘ ਨੂੰ ਲਿਖਿਆ ਗਿਆ ਕਿ ਬਾਵਾ ਕਾਹਨ ਸਿੰਘ ਜੀ ਪਹਿਲਾਂ ਆਪਣਾ ਕੋਈ ਆਦਮੀ ਸਤਲੁਜੋਂ ਪਾਰ ਘੱਲਣ, ਜੋ ਸਰਦਾਰ ਅਜੀਤ ਸਿੰਘ ਨੂੰ ਲੈ ਆਵੇ। ਜਦ ਸਰਦਾਰ ਦਰਿਆ ਦੇ ਪੱਤਣ ਉੱਤੇ ਆਵੇ ਤਾਂ ਬਾਵਾ ਕਾਹਨ ਸਿੰਘ ਸਾਹਿਬ ਆਪ ਜਾ ਕੇ ਉਸ ਨੂੰ ਆਪਣੇ ਨਾਲ ਸਰਕਾਰੇ ਲੈ ਆਉਣ।

੮ ਅਸੂ—ਸਰਦਾਰ ਅਜੀਤ ਸਿੰਘ ਸੰਧਾਂਵਾਲੀਆ ਬਾਵਾ ਬਿਕ੍ਰਮਾ ਸਿੰਘ ਤੇ ਕਾਹਨ ਸਿੰਘ ਦੀ ਮਾਰਫ਼ਤ ਸਰਾਏ ਦੱਖਣੀ ਅੱਪੜ ਪਿਆ ਹੈ, ਜੋ ਦਵਾਬੇ ਵਿਚ ਬਾਵਾ ਸਾਹਿਬਾਂ ਦੀ ਜਗੀਰ ਹੈ। ਸਾਹਿਬਾਂ ਦਾ ਮੁਰਾਸਲਾ ਇਸ ਭਾਵ ਦਾ ਆਇਆ ਹੈ ਕਿ ਜੇ ਮਹਾਰਾਜਾ ਸਾਹਿਬ ਸੰਧਾਂਵਾਲੀਆਂ ਦਾ ਸਾਰਾ ਇਲਾਕਾ ਇਨ੍ਹਾਂ ਨੂੰ ਵਾਪਸ ਦੇ ਦੇਣ, ਅਤੇ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਨੂੰ ਛੱਡ ਦੇਣ, ਤਦ ਤਾਂ ਸਰਦਾਰ ਅਤਰ ਸਿੰਘ ਵੀ ਮਹਾਰਾਜਾ ਸਾਹਿਬ ਪਾਸ ਹਾਜ਼ਰ ਹੋ ਜਾਏਗਾ; ਜੇ ਮਹਾਰਾਜਾ ਸਾਹਿਬ ਅਜਿਹਾ ਨਾ ਕਰਨਾ ਚਾਹੁਣ ਤਾਂ ਇਨ੍ਹਾਂ ਨੂੰ ਸਤਲੁਜੋਂ ਪਾਰ ਕਰ ਕੇ ਸਾਡੀ ਵਲ ਘੱਲ ਦੇਣ।

੧੦ ਅੱਸੂ—ਬਾਵਾ ਮੀਹਾਂ ਸਿੰਘ ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਨੂੰ ਸਰਾਏ ਦੱਖਣੀ ਛੱਡ ਕੇ ਸਰਕਾਰੇ ਹਾਜ਼ਰ ਹੋਇਆ ਅਤੇ ਸਰਕਾਰ ਵਲੋਂ ਦੋ ਮਾਤਬਰ ਉਸ ਦੇ ਨਾਲ ਹੋਰ ਕਰ ਦਿੱਤੇ ਗਏ—ਇਕ ਮਹਿਰ ਘਸੀਟਾ ਜੋ ਪਹਿਲਾਂ ਸੰਧਾਂਵਾਲੀਆਂ ਵਲੋਂ ਸਰਕਾਰ ਦੇ ਦਰਬਾਰ ਵਿਚ ਵਕੀਲ ਸੀ, ਦੂਜਾ ਨਿਧਾਨ ਸਿੰਘ ਜੋ ਸਰਦਾਰ ਲਹਿਣਾ ਸਿੰਘ ਸੰਧਾਂਵਾਲੀਏ ਦਾ ਨੌਕਰ ਸੀ। ਬਾਵਾ ਮੀਹਾਂ ਸਿੰਘ ਨੇ ਕਲਾਰਕ ਸਾਹਿਬ ਦੀ ਜ਼ਬਾਨੀ ਕਿਹਾ ਸੀ ਕਿ ਇਨ੍ਹਾਂ ਦੀ ਸਾਰੀ ਜਗੀਰ ਪਹਿਲਾਂ ਵਾਂਗ ਹੀ ਬਹਾਲ ਕਰ ਦਿੱਤੀ ਜਾਵੇ, ਸਾਰੇ ਕਾਰਖ਼ਾਨੇ ਪਹਿਲਾਂ ਵਾਂਗ ਹੀ ਦੇ ਦਿੱਤੇ ਜਾਣ, ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਨੂੰ ਛੱਡ ਦਿੱਤਾ ਜਾਵੇ ਅਤੇ ਜ਼ਬਤ ਕੀਤਾ ਮਾਲ-ਅਸਬਾਬ ਮੋੜ ਦਿੱਤਾ ਜਾਵੇ। ਮਹਾਰਾਜਾ ਸਾਹਿਬ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੰਨ ਲਿਆ ਹੈ। ਸੋ ਚਾਰ ਪੰਜ ਦਿਨਾਂ ਤੀਕ ਸਰਦਾਰ ਅਜੀਤ ਸਿੰਘ ਸੰਧਾਂਵਾਲੀਆ ਸਰਕਾਰੇ ਹਾਜ਼ਰ ਹੋ ਜਾਵੇਗਾ ਤੇ ਉਸ ਦੇ ਚਾਚੇ ਤੇ ਭਾਈ ਨੂੰ ਛੱਡ ਦਿਤਾ ਜਾਵੇਗਾ।

੩੦ ਅੱਸੂ—ਬਾਵਾ ਬਿਕ੍ਰਮਾ ਸਿੰਘ, ਬਾਵਾ ਕਾਹਨ ਸਿੰਘ ਤੇ ਬਾਵਾ ਮੀਹਾਂ ਸਿੰਘ ਸਣੇ ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਦੇ ਲਾਹੌਰ ਅੱਪੜ ਪਏ ਹਨ। ਸਰਦਾਰ ਲਹਿਣਾ ਸਿੰਘ ਮਜੀਠਿਆ ਅਗਵਾਈ ਲਈ ਗਿਆ ਸੀ। ਮਹਾਰਾਜਾ ਸਾਹਿਬ ਨਾਲ ਅਜੇ ਤੀਕ ਮੁਲਾਕਾਤ ਨਹੀਂ ਹੋਈ।

੧੨ ਕੱਤਕ—ਮਹਾਰਾਜਾ ਸਾਹਿਬ ਸ਼ਾਹ ਬਿਲਾਵਲ ਗਏ ਅਤੇ ਸਰਦਾਰ ਅਜੀਤ

ਸਿੰਘ (?) ਨੂੰ ਬਾਵਾ ਬਿਕ੍ਰਮਾ ਸਿੰਘ ਤੇ ਸਰਦਾਰ ਅਜੀਤ ਸਿੰਘ ਦੇ ਲਿਆਉਣ ਲਈ ਘੱਲਿਆ। ਸਰਦਾਰ ਅਜੀਤ ਸਿੰਘ ਸਣੇ ਬਾਵਾ ਜੀ ਦੇ ਆਇਆ, ਤੇ ਇਹ ਨਜ਼ਰ ਪੇਸ਼ ਕੀਤੀ—੧੧ ਬੁਤਕੀਆਂ, ਇਕ ਘੋੜਾ ਸਣੇ ਸੁਨਹਿਰੀ ਜ਼ੀਨ ਦੇ, ਅਤੇ ਇਕ ਹਜ਼ਾਰ (?) ਨਕਦ, ਤੇ ਦੋਵੇਂ ਹੱਥ ਮਹਾਰਾਜਾ ਸਾਹਿਬ ਦੇ ਚਰਨਾਂ ਨੂੰ ਲਾ ਕੇ ਮੱਥਾ ਟੇਕਿਆ। ਮਹਾਰਾਜਾ ਸਾਹਿਬ ਨੇ ਦੋਵੇਂ ਹੱਥ ਫੜ ਕੇ ਖ਼ਾਤਰ ਕੀਤੀ, ਅਤੇ ਪੰਜ ਸੌ ਰੁਪਿਆ ਬਾਵਾ ਬਿਕ੍ਰਮਾ ਸਿੰਘ ਨੂੰ ਅਰਦਾਸ ਕਰਵਾਇਆ। ਪਿਛੋਂ ਬਾਵਾ ਜੀ ਨੇ ਮਹਾਰਾਜਾ ਸਾਹਿਬ ਨੂੰ ਕਿਹਾ ਕਿ ਸੰਧਾਂਵਾਲੀਏ ਸਰਦਾਰਾਂ ਦੀ ਤਕਸੀਰ ਮਾਫ਼ ਕਰ ਦੇਵੋ। ਮਹਾਰਾਜਾ ਸਾਹਿਬ ਨੇ ਕਿਹਾ ਕਿ ਇਨ੍ਹਾਂ ਦੀ ਕੋਈ ਤਕਸੀਰ ਨਹੀਂ, ਇਹ ਸਮੇਂ ਦਾ ਚੱਕਰ ਸੀ। ਜਿਹੜਾ ਰਾਹ ਭੁੱਲ ਕੇ ਸੰਞ ਨੂੰ ਵੀ ਘਰ ਆ ਜਾਵੇ, ਉਸ ਨੂੰ ਭੁੱਲਾ ਨਾ ਜਾਣੋ। ਫਿਰ ਬਾਵਾ ਜੀ ਨੇ ਸਰਦਾਰ ਅਜੀਤ ਸਿੰਘ ਦੀਆਂ ਬਾਹਾਂ ਫੜ ਕੇ ਮਹਾਰਾਜਾ ਸਾਹਿਬ ਨੂੰ ਫੜਾਈਆਂ। ਮਹਾਰਾਜਾ ਸਾਹਿਬ ਨੇ ਬਾਹਾਂ ਫੜ ਕੇ ਸਿਰ ਉੱਤੇ ਰੱਖ ਲਈਆਂ ਅਤੇ ਕਿਹਾ ਕਿ ਇਹ ਤਾਂ ਸਾਡੀ ਦੇਹ-ਜਾਨ ਹਨ, ਸਾਨੂੰ ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਫ਼ਰਕ ਨਹੀਂ। ਫੇਰ ਸਰਦਾਰ ਅਜੀਤ ਸਿੰਘ ਨੇ ਆਪਣੀ ਢਾਲ ਤਲਵਾਰ ਮੰਗਵਾ ਕੇ ਮਹਾਰਾਜਾ ਸਾਹਿਬ ਦੇ ਪੇਸ਼ ਕਰ ਦਿੱਤੀ, ਅਤੇ ਕਿਹਾ ਕਿ ਹੁਣ ਮੈਂ ਮਾਲਾ ਫੜ ਕੇ ਪਰਮੇਸ਼ਰ ਦਾ ਭਜਨ ਕੀਤਾ ਕਰਾਂਗਾ, ਅਤੇ ਜਦ ਆਪਣੇ ਹੱਥ ਨਾਲ ਮਹਾਰਾਜਾ ਸਾਹਿਬ ਮੈਨੂੰ ਢਾਲ ਤਲਵਾਰ ਦੇਣਗੇ, ਤਦ ਹੀ ਢਾਲ ਤਲਵਾਰ ਨੂੰ ਹੱਥ ਲਾਵਾਂਗਾ। ਮਹਾਰਾਜਾ ਸਾਹਿਬ ਨੇ ਆਪਣੇ ਹੱਥ ਨਾਲ ਢਾਲ ਤਲਵਾਰ ਸਰਦਾਰ ਅਜੀਤ ਸਿੰਘ ਨੂੰ ਪਹਿਨਾਈ......

(ਇਸ ਤੋਂ ਅੱਗੇ ਅਸਲ ਚਿੱਠੀ ਨੂੰ ਚੂਹੇ ਖਾ ਗਏ ਹੋਏ ਸਨ, ਕੇਵਲ ਦੋ ਦੋ ਉਂਗਲ ਕਾਗਜ਼ ਬਚਿਆ ਸੀ, ਜਿਸ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਹੋਰ ਵੀ ਬਹੁਤ ਗੱਲਾਂ-ਕਥਾਂ ਹੋਈਆਂ ਸਨ।) *—ਕਰਮ ਸਿੰਘ*

੯ ਮੱਘਰ—ਸਰਦਾਰ ਅਜੀਤ ਸਿੰਘ ਸੰਧਾਂਵਾਲੀਏ ਨੇ ਹਾਜ਼ਰ ਹੋ ਕੇ ਅਰਜ਼ ਕੀਤੀ ਕਿ ਆਪਣਾ ਗਹਿਣਾ ਤੀਹ ਹਜ਼ਾਰ ਰੁਪਏ ਵਿਚ ਗਹਿਣੇ ਰਖਿਆ ਹੋਇਆ ਹੈ, ਜੇ ਸਰਕਾਰ ਤੀਹ ਹਜ਼ਾਰ ਰੁਪਿਆ ਦੇਵੇ ਤਾਂ ਗਹਿਣਾ ਛੁਡਾ ਲਿਆ ਜਾਵੇ। ਜਗੀਰ ਦਾ ਮਾਮਲਾ ਜਦ ਉਗਰ ਕੇ ਆਊ, ਤਾਂ ਇਹ ਰੁਪਿਆ ਸਰਕਾਰੇ ਤਾਰ ਦਿਤਾ ਜਾਊ। ਸਰਕਾਰ ਨੇ ਤੀਹ ਹਜ਼ਾਰ ਰੁਪਿਆ ਦਿਤੇ ਜਾਣ ਦਾ ਹੁਕਮ ਦੇ ਦਿਤਾ ਅਤੇ ਪੁਸ਼ਾਕ ਵਜੋਂ ਪੰਜ ਹਜ਼ਾਰ ਰੁਪਿਆ ਹੋਰ ਦਿੱਤਾ।

੧੨ ਮੱਘਰ—ਬੁਧ ਸਿੰਘ ਤੇ ਭਾਈ ਚੂੜ੍ਹ ਸਿੰਘ ਨੇ ਹਜ਼ਾਰ ਹੋ ਕੇ ਅਰਜ਼ ਕੀਤੀ ਕਿ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਂਵਾਲੀਏ ਸ਼ਾਲਾ ਬਾਗ ਆ ਗਏ ਹਨ। ਮਹਾਰਾਜਾ ਸਾਹਿਬ ਨੇ ਸਰਦਾਰ ਬੁਧ ਸਿੰਘ ਨੂੰ ਸਭ ਗੱਲਾਂ ਸਮਝਾ ਕੇ ਓਨ੍ਹਾਂ ਦੀ ਤਸੱਲੀ ਲਈ ਘੱਲਿਆ, ਅਤੇ ਕਿਹਾ ਕਿ ਇਹ ਸਮੇਂ ਦਾ ਗੇੜ ਸੀ, ਜੋ ਐਤਨੀ ਖ਼ਰਾਬੀ ਹੋਈ, ਨਹੀਂ ਤਾਂ ਸਰਕਾਰ ਵਲੋਂ ਕਿਸੇ ਤਰ੍ਹਾਂ ਦਾ ਫ਼ਰਕ ਨਹੀਂ ਸੀ। ਜੇ ਤਸੱਲੀ ਕਰਨੀ ਹੋਵੇ ਤਾਂ ਬਾਵਾ ਬਿਕ੍ਰਮਾ ਸਿੰਘ ਤੇ ਸਰਦਾਰ ਅਜੀਤ ਸਿੰਘ ਦੀ ਰਾਹੀਂ ਕਰ

ਲਈ ਜਾਵੇ। ਸਰਕਾਰ ਨੂੰ ਨਾ ਅੱਗੇ ਕੁਝ ਫ਼ਰਕ ਸੀ, ਨਾ ਅਗਾਹਾਂ ਨੂੰ ਹੋਵੇਗਾ। ਉਨ੍ਹਾਂ ਨੇ ਅੱਗੋਂ ਕਿਹਾ ਕਿ ਸਰਕਾਰ ਦਾ ਕੀ ਕਸੂਰ ਹੈ, ਜੋ ਕਸੂਰ ਹੋਇਆ ਹੈ, ਸਾਥੋਂ ਹੀ ਹੋਇਆ ਹੈ।

੧੪ ਮੱਘਰ—ਭਾਈ ਗੁਰਮੁਖ ਸਿੰਘ, ਰਾਜੇ ਸੁਚੇਤ ਸਿੰਘ, ਸਰਦਾਰ ਬੁਧ ਸਿੰਘ ਮਹਿਰੇ ਤੇ ਸਰਕਾਰ ਅਜੀਤ ਸਿੰਘ ਸੰਧਾਂਵਾਲੀਏ ਨੂੰ ਹੁਕਮ ਹੋਇਆ ਕਿ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਸੰਧਾਂਵਾਲੀਏ ਦੀ ਅਗਵਾਈ ਲਈ ਜਾਣ ਅਤੇ ਦੋਹਾਂ ਸਰਦਾਰਾਂ ਨੂੰ ਸ਼ਾਲਾ ਬਾਗੋਂ ਸਵਾਰ ਕਰਵਾ ਕੇ ਰਾਵੀ ਕੇ ਕੰਢੇ ਲੈ ਆਉਣ, ਜਿੱਧਰ ਸਰਕਾਰ ਸ਼ਿਕਾਰ ਖੇਡਣ ਜਾਂਦੀ ਹੈ। ਇਨ੍ਹਾਂ ਚੌਹਾਂ ਸਰਦਾਰਾਂ ਨੇ ਜਾ ਕੇ ਦੋਵੇਂ ਸਰਦਾਰਾਂ ਨੂੰ ਇਕੋਤਰ ਸੌ ਰੁਪਿਆ ਸਿਰ-ਵਾਰਨੇ ਵਜੋਂ ਪੇਸ਼ ਕੀਤਾ। ਜਦ ਇਹ ਸਰਦਾਰ ਸਾਹਮਣੇ ਆਏ ਤਾਂ ਮਹਾਰਾਜਾ ਸਾਹਿਬ ਓਸ ਵੇਲੇ ਉਠ ਖੜੋਤੇ, ਅਤੇ ਜੱਫੀ ਪਾ ਕੇ ਗੱਲਾਂ ਕਰਦੇ ਰਹੇ, ਤੇ ਉਨ੍ਹਾਂ ਦੀ ਹਰ ਪਰਕਾਰ ਤਸੱਲੀ ਕੀਤੀ। ਫਿਰ ਜ਼ਿਆਫ਼ਤ ਵਜੋਂ ਗਿਆਰਾਂ ਸੌ ਰੁਪਿਆ ਸਰਦਾਰ ਲਹਿਣਾ ਸਿੰਘ ਨੂੰ ਤੇ ਸਤ ਸੌ ਰੁਪਿਆ ਸਰਦਾਰ ਕੇਹਰ ਸਿੰਘ ਨੂੰ ਦਿਤਾ ਗਿਆ।

# ਬਿਰਧਾਂ ਦੇ ਬਿਆਨ

(ਪਿੱਛੇ ਜ਼ਿਕਰ ਕੀਤਾ ਗਿਆ ਸੀ ਕਿ ੧੯੦੫ ਵਿਚ ਮੈਂ ਕਾਲਜ ਛੱਡ ਕੇ ਬਿਰਧਾਂ ਦੇ ਬਿਆਨ ਲਿਖਣ ਲਈ ਨਿਕਲ ਤੁਰਿਆ ਸਾਂ। ਕਈ ਬਿਰਧ ਬਾਬੇ ਤਾਂ ਮੈਨੂੰ ਮਿਲ ਨਾ ਸਕੇ, ਮੇਰੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ, ਪਰ ਬਹੁਤ ਸਾਰੇ ਮਿਲੇ, ਜਿਨ੍ਹਾਂ ਤੋਂ ਨਿਹਾਇਤ ਬਹੁ-ਮੁੱਲੀ ਵਾਕਫ਼ੀ ਪ੍ਰਾਪਤ ਹੋਈ। ਇਹ ਬਿਆਨ ਬੜੀ ਮਿਹਨਤ ਨਾਲ ਇਕੱਠੇ ਕੀਤੇ ਗਏ ਹਨ ਤੇ ਬੜੇ ਸੁਆਦਲੇ, ਵਾਕਫ਼ੀ ਨਾਲ ਭਰੇ ਹੋਏ ਹਨ। ਨਮੂਨੇ ਮਾਤਰ ਕੁਝ ਅੱਗੇ ਦਿੱਤੇ ਜਾਂਦੇ ਹਨ। ਆਸ ਹੈ ਪਾਠਕ-ਜਨ ਇਨ੍ਹਾਂ ਨੂੰ ਪੜ੍ਹ ਕੇ ਜ਼ਰੂਰ ਲਾਭ ਉਠਾਉਣਗੇ।) *—ਕਰਮ ਸਿੰਘ*

## ਬਾਬਾ ਨਰੈਣ ਸਿੰਘ ਜੀ ਦਾ ਬਿਆਨ

ਬਾਬਾ ਹੁਰੀਂ ਤਰਨ ਤਾਰਨ ਦੇ ਸਨ। ਮਹਾਰਾਜਾ ਦਲੀਪ ਸਿੰਘ ਦੇ ਅੜਦਲੀ ਸਨ। ਪਹਿਲਾਂ ਥਾਨੇਸਰ ਵਲ ਪੜ੍ਹਦੇ ਰਹੇ, ਫੇਰ ਨੌਕਰ ਹੋਏ ਤੇ ਸਭਰਾਉਂ ਦੀ ਲੜਾਈ ਲੜੇ। ਜਦ ਦਲੀਪ ਸਿੰਘ ਨੂੰ ਵਲੈਤ ਲੈ ਗਏ ਤਾਂ ਇਹ ਸਾਧ ਹੋ ਗਏ। ਇਨ੍ਹਾਂ ਨਾਲ ੫ ਮਾਰਚ, ੧੯੦੫ ਨੂੰ ਮੁਲਾਕਾਤ ਹੋਈ ਤਾਂ ਇਨ੍ਹਾਂ ਹੇਠਾਂ ਲਿਖਿਆ ਬਿਆਨ ਲਿਖਾਇਆ :

### ਜਵਾਹਰ ਸਿੰਘ ਦੀ ਵਜ਼ੀਰੀ

"ਜਵਾਹਰ ਸਿੰਘ ਨੇ ਵਜ਼ੀਰ ਹੋ ਕੇ ਸੋਚਿਆ ਕਿ ਅਜੇ ਪਿਸ਼ੌਰਾ ਸਿੰਘ ਰਣਜੀਤ ਸਿੰਘ ਦਾ ਪੁੱਤਰ ਜੀਉਂਦਾ ਹੈ। ਹੋ ਸਕਦਾ ਹੈ ਕਿ ਉਹ ਮੇਰੇ ਭਾਣਜੇ ਦੀ ਥਾਂ ਤਖ਼ਤ ਉਤੇ ਬੈਠਣ ਲਈ ਦਲੀਪ ਸਿੰਘ ਨੂੰ ਮਰਵਾ ਦੇਵੇ। ਇਸ ਤਰ੍ਹਾਂ ਸਾਡੇ ਹੱਥੋਂ ਬਾਦਸ਼ਾਹੀ ਹੀ ਜਾਂਦੀ ਹੋਵੇ। ਇਹ ਸੋਚ ਕੇ ਕੁਝ ਅੜਦਲੀ ਮੁਕੱਰਰ ਕੀਤੇ, ਜਿਨ੍ਹਾਂ ਨੇ ਉਸ ਦਾ ਸਿਰ ਵੱਢ ਲਿਆਂਦਾ। ਜਵਾਹਰ ਸਿੰਘ ਨੂੰ ਤਾਂ ਖ਼ੁਸ਼ੀ ਹੋਈ, ਪਰ ਫ਼ੌਜਾਂ ਨੂੰ ਬੜਾ ਹੀ ਰੰਜ ਹੋਇਆ ਕਿ ਨੇਂ-ਜਾਣੀਏ, ਅੱਜ ਦਲੀਪ ਸਿੰਘ ਮਰ ਜਾਵੇ ਤਦ ਰਾਜ ਦਾ ਕੀ ਹਾਲ ਹੋਵੇ। ਇਕ ਪੁੱਤਰ ਮਹਾਰਾਜੇ ਦਾ ਬਾਕੀ ਸੀ ਉਹ ਭੀ ਮਰਵਾ ਦਿੱਤਾ। ਅਜਿਹੇ ਗੁੱਸੇ ਵਿਚ ਆ ਕੇ ਸਲਾਹ ਕੀਤੀ ਕਿ ਜਵਾਹਰ ਸਿੰਘ ਨੂੰ ਪਾਰ ਬੁਲਾਈਏ। ਫ਼ੌਜਾਂ ਦੇ ਪਰ੍ਹੇ ਮੀਆਂ ਮੀਰ ਦੀ ਛਾਉਣੀ ਵਿਚ ਬੱਝ ਗਏ ਅਤੇ ਜਵਾਹਰ ਸਿੰਘ ਨੂੰ ਕਿਲ੍ਹੇ

ਵਿਚ ਅਖਵਾ ਘੱਲਿਆ ਕਿ ਜਾਂ ਤਾਂ ਖ਼ਾਲੀ ਹੱਥ ਖ਼ਾਲਸਾ ਜੀ ਪਾਸ ਆ ਹਾਜ਼ਰ ਹੋਵੇ ਜਾਂ ਲੜਾਈ ਲਈ ਤਿਆਰੀ ਕਰੇ। ਜਵਾਹਰ ਸਿੰਘ ਨੇ ਆਪਣਾ ਅਖ਼ੀਰੀ ਵੇਲਾ ਵੇਖ ਕੇ ਕੁਮੇਦਾਨ ਦੇਵਾ ਸਿੰਘ ਸਰਾਈਏ ਖੱਤਰੀ ਸਿਖ ਨੂੰ, ਜੋ ਅਮਾਨਤ ਖ਼ਾਂ ਦੀ ਸਰਾਂ ਦਾ ਰਹਿਣ ਵਾਲਾ ਸੀ, ਸੱਦ ਕੇ ਕਿਹਾ ਕਿ ਮੇਰੀ ਸਲਾਹ ਜੀਵਨ ਸਿੰਘ ਵਾਲੀ ਪਲਟਣ, ਛੋਟੀ ਪਲਟਣ, ਬਾਹਰ ਦੇ ਰਸਾਲੇ ਅਤੇ ਆਪਣੀ ਅੜਦਲ ਦੇ ਸਵਾਰਾਂ ਨੂੰ ਇਕ ਇਕ ਜੋੜੀ ਕੜਿਆਂ ਦੀ ਦੇਣ ਦੀ ਹੈ। ਕੁਮੇਦਾਨ ਨੇ ਉੱਤਰ ਦਿੱਤਾ, "ਮਹਾਰਾਜ ਜੀ, ਅਜੇ ਖੜੋ ਜਾਓ, ਕੀ ਪਤਾ ਹੈ ਕਿ ਕੀ ਹੋਣਾ ਹੈ, ਇਹ ਟੰਟਾ ਮੁੱਕ ਲੈਣ ਦਿਓ, ਮਗਰੋਂ ਇਨਾਮ ਵੀ ਦਿੱਤਾ ਜਾਵੇਗਾ।" ਇਸ ਤਰ੍ਹਾਂ ਵਜ਼ੀਰ ਦੇ ਹੱਥੋਂ ਇਨਾਮ ਮਿਲਣਾ ਹਟਾਇਆ। ਕੁਮੇਦਾਨ ਦੇ ਅੜਦਲੀ ਨੇ ਸਿਪਾਹੀਆਂ ਨੂੰ ਇਹ ਖ਼ਬਰ ਆ ਦਿੱਤੀ, ਜਿਨ੍ਹਾਂ ਨੇ ਮੰਜੀ ਉਤੇ ਬੈਠੇ ਕੁਮੇਦਾਨ ਨੂੰ ਘੇਰ ਲਿਆ ਅਤੇ ਮੰਜੀ ਮੂਧੀ ਕਰ ਉੱਤੇ ਸਲੀਤੇ ਸੁੱਟ, ਬੰਦੂਕਾਂ ਦੇ ਦਮੂਸਿਆਂ ਨਾਲ ਮਾਰ ਮਾਰ ਕੇ ਅੱਧ-ਮੋਇਆ ਕਰ ਦਿੱਤਾ ਕਿ ਸਾਡਾ ਇਨਾਮ ਕਿਉਂ ਗਵਾਇਆ ? ਅੜਦਲ ਵਿਚ ਪੰਜ ਸੌ ਭਰਵਾਂ ਜਵਾਨ ਸੀ, ਜਿਨ੍ਹਾਂ ਪਾਸ ਰਫ਼ਲਾਂ ਹੁੰਦੀਆਂ ਸਨ, ਜਿਨ੍ਹਾਂ ਵਿਚ ਬਹੁਤ ਸਾਰੀਆਂ ਗੋਲੀਆਂ ਪੈਂਦੀਆਂ ਅਤੇ ਛੇਤੀ ਛੇਤੀ ਵਾਰੋ ਵਾਰੀ ਚਲਦੀਆਂ ਜਾਂਦੀਆਂ ਸਨ। ਉਨ੍ਹਾਂ ਨੇ ਜਵਾਹਰ ਸਿੰਘ ਨੂੰ ਕਿਹਾ ਕਿ ਆਪ ਹਿੰਮਤ ਨਾ ਹਾਰੋ, ਅਸੀਂ ਅੰਤ ਦਮ ਤੀਕ ਆਪ ਦੇ ਨਾਲ ਹਾਂ, ਕਿਲ੍ਹਾ ਬੰਦ ਕਰ ਕੇ ਲੜੋ। ਅਸੀਂ ਹਾਂ, ਕਿਲ੍ਹੇ ਦੇ ਬਾਹਰ ਦਾ ਰਸਾਲਾ ਹੈ, ਜੀਵਨ ਸਿੰਘ ਵਾਲੀ ਪਲਟਣ ਹੈ, ਅਤੇ ਅੱਠ ਕੰਪਨੀਆਂ ਹੀ ਦਲੀਪ ਸਿੰਘ ਵਾਲੀ ਅੜਦਲ ਦੀਆਂ ਹਨ ਜੋ ਗਿਣਤੀ ਵਿਚ ਅੱਠ ਸੌ ਅਤੇ ਪੰਝੀ ਤੋਪਾਂ ਸਣੇ ਹਨ, ਹੋਰ ਤੋਪਾਂ ਕਿਲ੍ਹੇ ਉੱਤੇ ਹਨ, ਆਪ ਮੁਕਾਬਲਾ ਕਰੋ। ਪਰ ਜਵਾਹਰ ਸਿੰਘ ਨੇ ਇਕ ਨਾ ਮੰਨੀ, ਓਹ ਜਾਣ ਲਈ ਹੀ ਤਿਆਰ ਹੋਇਆ।

## ਜਵਾਹਰ ਸਿੰਘ ਦਾ ਕਤਲ

ਜਵਾਹਰ ਸਿੰਘ ਨੇ ਇਕ ਹਾਥੀ ਉਤੇ ਚੜ੍ਹ ਕੇ ਦਲੀਪ ਸਿੰਘ ਭਾਣਜੇ ਨੂੰ ਗੋਦ ਵਿਚ ਲਿਆ, ਨਾਲ ਦੀ ਛੋਟੀ ਪਲਟਣ ਵਿਚੋਂ, ਦੇਵਾ ਸਿੰਘ ਦੀ ਪਲਟਣ ਵਿਚੋਂ ਅਤੇ ਪੰਜਾਹ ਕੁ ਆਪਣੇ ਅੜਦਲੀ ਲੈ ਕੇ ਹੁਕਮ ਦਿਤਾ ਕਿ ਗੋਲੀ ਬਰੂਦ ਸਭ ਰੱਖ ਜਾਓ ਅਤੇ ਬੰਦੂਕਾਂ ਰਫ਼ਲਾਂ ਖ਼ਾਲੀ ਲੈ ਕੇ ਤੁਰੋ। ਬਾਵਾ ਰਤਨ ਸਿੰਘ ਅਤੇ ਛੱਤਾ ਭਈਆ ਪੂਰਬੀ ਜਵਾਹਰ ਸਿੰਘ ਦੇ ਦੋਵੇਂ ਮੁਖ਼ਤਾਰ ਵੀ, ਸੋਹਣੇ ਸੁਰਖ਼ ਘੋੜਿਆਂ ਉੱਤੇ ਸਵਾਰ ਸਨ, ਅਤੇ ਮਗਰ ਮਗਰ ਹਾਥੀ ਦੇ, ਇਕ ਪਾਲਕੀ ਵਿਚ ਜਿੰਦ ਕੌਰ ਅਤੇ ਦੂਜੀ ਵਿਚ ਮੰਗਲਾਂ ਟਹਿਲਣ ਚੜ੍ਹੀਆਂ ਆਉਂਦੀਆਂ ਸਨ। ਇਹ ਸਭ ਸਿਖ ਕੰਪੂ ਵਲ ਤੁਰੇ।

ਕਿਲ੍ਹਿਓਂ ਡੇਢ ਕੁ ਕੋਹ ਉਤੇ ਮੀਆਂ ਮੀਰ ਦੀ ਛਾਉਣੀ ਵਿਚ ਫ਼ੌਜਾਂ ਤਿਆਰ-ਬਰ-ਤਿਆਰ ਖੜੀਆਂ ਸਨ ਅਤੇ ਸਾਹਮਣੇ ਮੈਦਾਨ ਵਿਚ ਇਕ ਵੱਡਾ ਤੰਬੂ ਸੀ, ਜਿਸ ਵਿਚ ਮੰਜਾ ਆਦਿ ਸਭ ਸਾਮਾਨ ਪਿਆ ਸੀ। ਜਿਸ ਵੇਲੇ ਅਸੀਂ ਡਰਦੇ ਡਰਦੇ ਕੰਪੂ ਦੇ ਸਾਹਮਣੇ ਆਏ ਤਾਂ ਕੰਪੂ ਵਿਚ ਇਕ ਬੰਨਿਓਂ ਤਿੜ ਤਿੜ ਦੀ ਆਵਾਜ਼ ਆਈ

ਅਤੇ ਤੜੱਕ ਹੀ ਕੁਰਟਾਂ ਦੀ ਇਕ ਰਜਮੈਂਟ ਨੇ ਆ ਕੇ ਹਾਥੀ, ਪਾਲਕੀ ਅਤੇ ਦੋਹਾਂ ਮੁਖ਼ਤਾਰਾਂ ਦੇ ਉਦਾਲੇ ਘੇਰਾ ਪਾ ਲਿਆ ਅਤੇ ਸਾਨੂੰ ਇਕ ਲਾਂਭੇ ਕਰ ਦਿੱਤਾ। ਮਹਾਵਤ ਨੂੰ ਹਾਥੀ ਬਿਠਾਉਣ ਵਾਸਤੇ ਕਿਹਾ। ਉਸ ਨੇ ਬਿਠਾ ਦਿਤਾ। ਫੇਰ ਦਲੀਪ ਸਿੰਘ ਨੂੰ ਮੰਗਿਆ, ਜੋ ਉਸ ਵੇਲੇ ੧੧ ਕੁ ਵਰ੍ਹਿਆਂ ਦਾ ਸੀ। ਜਦ ਮਹਾਵਤ ਨੇ ਲੈਣ ਵਾਸਤੇ ਪਿੱਛੇ ਮੂੰਹ ਕੀਤਾ ਤਾਂ ਵਜ਼ੀਰ ਦੰਦੀਆਂ ਵਿਲਕਣ ਲੱਗ ਪਿਆ ਅਤੇ ਪੈਰ ਫੜ ਕੇ ਆਖਿਆ ਕਿ ਖ਼ਾਲਸਾ ਜੀ, ਮੈਂ ਗਊ ਹਾਂ, ਮੈਨੂੰ ਬਖ਼ਸ਼ੋ। ਇਕ ਇਕ ਸਿਪਾਹੀ ਨੂੰ ਬੁਘਤੀ ਦਿਆਂਗਾ ਅਤੇ ਇਕ ਇਕ ਅਫ਼ਸਰ ਨੂੰ ਕੈਂਠਾ। ਜੇ ਹੋਰ ਆਖੋ ਤਾਂ ਮੈਂ ਤੀਰਥਾਂ ਨੂੰ ਚਲਿਆ ਜਾਂਦਾ ਹਾਂ, ਖ਼ਾਲੀ ਹੱਥੀਂ। ਜਿਸ ਨੂੰ ਜੀ ਕਰੇ, ਵਜ਼ੀਰ ਬਣਾਓ। ਕਿਵੇਂ ਮੈਨੂੰ ਬਖ਼ਸ਼ ਦਿਓ। ਪਰ ਸੁਣੇ ਕੌਣ ? ਦਲੀਪ ਸਿੰਘ ਲੈ ਕੇ ਇਕ ਦੇ ਹਵਾਲੇ ਕੀਤਾ, ਅਤੇ ਦੁਵੱਲੀਓਂ ਦੋਹਾਂ ਸਿੰਘਾਂ ਨੇ ਸੰਗੀਨਾਂ ਢਿੱਡ ਵਿਚ ਖੋਭ ਦਿਤੀਆਂ। ਜਵਾਹਰ ਸਿੰਘ ਉਲਰ ਪਿਆ। ਓਸੇ ਵੇਲੇ ਦੋਹਾਂ ਨੇ ਬੰਦੂਕਾਂ ਸਰ ਕਰ ਦਿਤੀਆਂ ਅਤੇ ਜਵਾਹਰ ਸਿੰਘ ਮਾਰਿਆ ਗਿਆ। ਬਾਵਾ ਰਤਨ ਸਿੰਘ ਤੇ ਛੱਤਾ ਭਈਆ ਪੂਰਬੀਏ ਨੂੰ ਭੀ ਇਕਾ ਇਕ ਗੋਲੀ ਨਾਲ ਪਾਰ ਬੁਲਾਇਆ। ਬੇ-ਅਕਲ ਜੇ ਭੱਜ ਉਠਦੇ ਤੇ ਸ਼ਾਇਦ ਬਚ ਹੀ ਜਾਂਦੇ, ਕਿਉਂਕਿ ਕਿਲ੍ਹਾ ਖੱਬੇ ਹੱਥ ਸੀ ਅਤੇ ਫ਼ੌਜਾਂ ਸਾਹਮਣੇ ਸਨ, ਪਿੱਛਾ ਬਿਲਕੁਲ ਸਾਫ਼ ਸੀ। ਜਵਾਹਰ ਸਿੰਘ ਦੇ ਮਰਦਿਆਂ ਹੀ ਇਕ ਇਕ ਬੰਦੂਕ ਤੇ ਤੋਪ ਦੇ ਯਾਰਾਂ ਯਾਰਾਂ ਫ਼ੈਰ ਹੋਏ। ਪੰਜ ਛੇ ਮੀਲ ਵਿਚ ਖਿਲਰੀ ਹੋਈ ਫ਼ੌਜ ਦੀ ਤਿੜ-ਤਿੜ-ਧੈਂਹ, ਤਿੜ-ਤਿੜ-ਧੈਂਹ ਨਾਲ ਅਸਮਾਨ ਗੂੰਜ ਉਠਿਆ। ਹੱਥਣੀ ਆਵਾਜ਼ ਸੁਣ ਕੇ ਫ਼ੌਜ ਸਾਹਮਣੇ ਨੱਸਦੀ ਫਿਰੇ। ਹਵਾ ਨਾਲ ਜਵਾਹਰ ਸਿੰਘ ਦਾ ਕੁੜਤਾ ਉੱਡੇ ਤਾਂ ਲੋਕਾਂ ਖ਼ੌਫ਼ ਖਾਧਾ ਕਿ ਕਿਤੇ ਜੀਊਂਦਾ ਹੀ ਨਾ ਹੋਵੇ। ਇਕ ਸਿਪਾਹੀ ਭੱਜੀ ਜਾਂਦੀ ਹੱਥਣੀ ਦੀ ਪੂਛ ਥਾਣੀ ਚੜ੍ਹ ਗਿਆ ਅਤੇ ਜਵਾਹਰ ਸਿੰਘ ਦੀ ਸੋਨੇ ਦੀ ਗਿਲਟ ਹੋਈ ਚਕਰੀ ਹੱਥੋਂ ਲਾਹ ਅਤੇ ਮੋਠਾਂ ਦੇ ਦਾਣਿਆਂ ਜੇਡੇ ਜੇਡੇ ਸੋਹਣੇ ਮੋਤੀਆਂ ਦੀ ਗਾਨੀ ਗਲੋਂ ਤੋੜ ਪਤਲੂਣ ਦੇ ਬੋਝੇ ਵਿਚ ਪਾਈ, ਅਤੇ ਲੋਥ ਨੂੰ ਜ਼ਮੀਨ ਉਤੇ ਸੁੱਟ ਪਹਿਲੇ ਰਾਹੋਂ ਹੀ ਉਤਰ ਆਇਆ। ਦੂਜੇ ਸਿਪਾਹੀਆਂ ਨੂੰ ਕੁਝ ਲੁੱਟ ਦਾ ਸ਼ਕ ਪਿਆ, ਆ ਕੇ ਇਸ ਦੇ ਕਪੜੇ ਪਾੜਨ ਲੱਗ ਪਏ। ਸਾਰੇ ਮੋਤੀ ਘੱਟੇ ਵਿਚ ਡਿੱਗ ਪਏ, ਜਿਨ੍ਹਾਂ ਨੂੰ ਅਗਲੇ ਭਲਕ ਲੋਕੀਂ ਛਾਨਣੀਆਂ ਨਾਲ ਘੱਟਾ ਛਾਣ ਛਾਣ ਕੇ ਲੱਭਦੇ ਸਨ।

ਜਿੰਦਾਂ ਅਤੇ ਮੰਗਲਾਂ ਨੂੰ ਵੱਡੇ ਤੰਬੂ ਵਿਚ ਉਤਾਰਿਆ ਗਿਆ, ਨਾਲ ਹੀ ਦਲੀਪ ਸਿੰਘ ਸੀ। ਕਈਆਂ ਦੀ ਸਲਾਹ ਹੋਈ ਕਿ ਦੋਹਾਂ ਬੁੱਢੀਆਂ ਨੂੰ ਪਾਰ ਬੁਲਾਇਆ ਜਾਵੇ, ਪਰ ਬੁੱਢੀ ਜਾਤ ਵੇਖ ਕੇ ਖ਼ੈਰ ਕੀਤੀ। ਜੇ ਮਾਰ ਦੇਂਦੇ ਤਾਂ ਕਦੀ ਵੀ ਐਤਨਾ ਪਥਾੜਾ ਨਾ ਪੈਂਦਾ। ਸਾਰੀ ਰਾਤ ਉਹ ਤੰਬੂ ਵਿਚ ਵੈਣ ਪਾਉਂਦੀ ਰਹੀ ਅਤੇ ਅਸੀਂ ਸਾਰੀ ਰਾਤ ਪਹਿਰੇ ਉਤੇ ਰਹੇ। ਆਖੇ : ਅਜ ਸਰਕਾਰ ਮਰੀ ਮੇਰੇ ਭਾਣੇ, ਇਕ ਭਰਾ ਦਾ ਪੜਦਾ ਸੀ, ਸੁ ਉਹ ਭੀ ਮਾਰਿਆ ਗਿਆ। ਅੱਜ ਮੇਰਾ ਭੀ ਪੜਦਾ ਪਾਟਾ, ਆਦਿ।

ਇਹ ਗੱਲ ਲੋਢੇ ਵੇਲੇ ਹੋਈ ਸੀ। ਜਦੋਂ ਸ਼ੇਰ ਸਿੰਘ ਮਾਰਿਆ ਗਿਆ ਸੀ ਤਾਂ ਉਸ ਦੀ ਕੋਈ ਇਸਤ੍ਰੀ ਵੀ ਉਸ ਨਾਲ ਸਤੀ ਨਹੀਂ ਹੋਈ ਸੀ। ਜਦੋਂ ਜਵਾਹਰ ਸਿੰਘ

ਵਜ਼ੀਰ ਹੋਇਆ, ਤਾਂ ਇਸ ਦੁਸ਼ਟ ਨੇ ਸਾਰੀਆਂ ਦਾ ਜ਼ਬਰਦਸਤੀ ਸਤਰ ਪਾੜਿਆ, ਅਤੇ ਰੱਬ ਦਾ ਕੋਈ ਖ਼ੌਫ਼ ਨਾ ਕਰ ਕੇ ਬੁਰੇ ਕੰਮ ਕੀਤੇ। ਜਿੰਦਾਂ ਹਤਿਆਰੀ ਨੂੰ ਸਭ ਪਤਾ ਸੀ, ਪਰ ਭਰਾ ਨੂੰ ਕੁਝ ਆਖਦੀ ਨਹੀਂ ਸੀ। ਹੁਣ ਜਦ ਓਹ ਮਰ ਗਿਆ, ਤਾਂ ਉਸ ਦੀਆਂ ਸੱਤਾਂ ਔਰਤਾਂ ਨੂੰ ਆਖਿਆ ਕਿ ਕੀ ਪਤਾ ਹੈ ਭਲਕੇ ਤੁਹਾਡੇ ਵੀ ਕੋਈ ਪੜਦੇ ਪਾੜੇ, ਤੁਸੀਂ ਪਤੀ ਨਾਲ ਸਤੀ ਹੋ ਜਾਵੋ। ਉਹ ਨਾ ਮੰਨੀਆਂ, ਜਿੰਦਾਂ ਨੇ ਡਰ ਦਿੱਤਾ ਕਿ ਮੈਂ ਦੂਜੀ ਤਰ੍ਹਾਂ ਇਕ ਦਿਨ ਦੇ ਅੰਦਰ ਅੰਦਰ ਮਰਵਾ ਦੇਵਾਂਗੀ, ਆਹ ਕਰਾਂਗੀ। ਅੰਤ ਨੂੰ ਮੰਨ ਗਈਆਂ। ਮੋਤੀ ਮੰਦਰ ਖੋਲ੍ਹ ਦਿੱਤਾ ਗਿਆ, ਅਤੇ ਸੱਤੇ ਔਰਤਾਂ ਭਾਂਤ ਭਾਂਤ ਦੇ ਭੂਸ਼ਣਾਂ ਨਾਲ ਸੁਸ਼ੋਭਿਤ ਹੋਈਆਂ। ਜਦੋਂ ਬਦਾਮੀ ਬਾਗ਼ ਨੂੰ ਪਾਲਕੀਆਂ ਲੈ ਗਏ, ਤਾਂ ਸਿੱਖਾਂ ਨੇ ਰਾਹ ਵਿਚ ਹੀ ਸਭ ਚੀਜ਼ਾਂ ਧੂਹ ਲਈਆਂ। ਵਿਚਾਰੀਆਂ ਦੇ ਕੰਨਾਂ ਨੱਕਾਂ ਤੋਂ ਲਹੂ ਦੀਆਂ ਧਾਰਾਂ ਵਗਣ ਅਤੇ ਉਨ੍ਹਾਂ ਦੇ ਮੂੰਹੋਂ ਨਿਕਲੇ ਕਿ ਭਾਈ ਵੀਰ ਸਿੰਘ ਨੇ ਚੁ-ਬਲਦਾ ਸੁਹਾਗਾ ਫੇਰਿਆ ਹੈ, ਹੁਣ ਅੱਠ-ਬਲਦਾ ਸੁਹਾਗਾ ਫਿਰੇਗਾ। ਲਾਹੌਰ ਵਿਚ ਸਿੱਖਾਂ ਦੀ ਇਕ ਢੀਮ ਨਹੀਂ ਰਹੇਗੀ।

ਬਦਾਮੀ ਬਾਗ਼ ਵਿਚ ਲੋਥ ਚਿਖਾ ਉਤੇ ਧਰੀ ਗਈ, ਸਰਹਾਣੇ ਪਵਾਂਦੀ ਔਰਤਾਂ ਬੈਠ ਗਈਆਂ ਅਤੇ ਉਨ੍ਹਾਂ ਉਤੇ ਛੱਪਰ ਪਾਇਆ ਗਿਆ। ਚੁਤਰਫ਼ੀ ਤਲਵਾਰਾਂ ਸੂਤੀ ਸਿਪਾਹੀ ਖੜੇ ਸਨ ਕਿ ਕੋਈ ਉਛਲ ਕੇ ਬਾਹਰ ਨਾ ਆ ਪਵੇ। ਅਫ਼ਸੋਸ ! ਜਵਾਹਰ ਸਿੰਘ ਦੇ ਪਾਪ ਨੇ ਕਿੰਨਿਆਂ ਨੂੰ ਦੁੱਖ ਦਿੱਤਾ।

## ਅੰਗਰੇਜ਼ਾਂ ਨਾਲ ਲੜਾਈ

ਇਸ ਤੋਂ ਮਗਰੋਂ ਜਿੰਦਾਂ ਨੇ ਸਭ ਸਰਦਾਰਾਂ ਅਤੇ ਫ਼ੌਜ ਦੇ ਅਫ਼ਸਰਾਂ ਨੂੰ ਸੱਦ ਕੇ ਆਖਿਆ ਕਿ ਫ਼ੌਜ ਦਾ ਬੰਦੋਬਸਤ ਕੀਤਾ ਜਾਵੇ। ਸਲਾਹ ਅੰਗਰੇਜ਼ਾਂ ਨਾਲ ਲੜਾਉਣ ਦੀ ਹੋਈ। ਫ਼ੌਜਾਂ ਦੇ ਅਫ਼ਸਰ ਵੀ ਮੰਨ ਗਏ। ਕਾਰਨ ਇਹ ਸੀ ਕਿ ਫ਼ੌਜਾਂ ਆਪਣੇ ਅਫ਼ਸਰਾਂ ਦਾ ਕਿਹਾ ਨਹੀਂ ਮੰਨਦੀਆਂ ਸਨ, ਆਪਣੇ ਪੰਚਾਂ ਦਾ ਆਖਿਆ ਹੀ ਮੰਨਦੀਆਂ ਸਨ। ਅਫ਼ਸਰਾਂ ਦੀਆਂ ਜਾਨਾਂ ਤਾਂ ਸਦਾ ਹੀ ਖ਼ਤਰੇ ਵਿਚ ਸਨ; ਸਭ ਨੇ ਹਾਂ ਕੀਤੀ। ਪਰ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਨਾਂਹ ਕੀਤੀ।

ਫ਼ੌਜਾਂ ਨੇ ਚਾਰ ਮਹੀਨਿਆਂ ਦੀ ਤਨਖ਼ਾਹ ਮੰਗੀ, ਪਰ ਰਾਣੀ ਨੇ ਜਵਾਬ ਦਿਤਾ ਕਿ ਰੁਪਿਆ ਕੋਈ ਨਹੀਂ, ਅੰਗਰੇਜ਼ ਦਾ ਮੁਲਕ ਲੁੱਟੋ ਤੇ ਖਾਓ ਆਦਿ। ਫ਼ੌਜਾਂ ਕਸੂਰ ਦੇ ਰਾਹ ਲੰਘ ਕੇ ਦੋ ਵਾਰ ਹਾਰ ਗਈਆਂ।

ਲੋਕਾਂ ਕਿਹਾ, ਜੇਕਰ ਦਲੀਪ ਸਿੰਘ ਦੀ ਅੜਦਲ ਦੀ ਫ਼ੌਜ ਜਾਵੇ, ਤਾਂ ਜ਼ਰੂਰ ਹੀ ਜਿੱਤ ਹੋਵੇਗੀ। ਕਿਲ੍ਹੇ ਵਿਚ ਆ ਕੇ ਸਾਨੂੰ ਕਿਹਾ ਗਿਆ, ਕੋਈ ਲੜਾਈ ਉਤੇ ਜਾਣਾ ਚਾਹੁੰਦਾ ਹੈ ? ਅਸੀਂ ਜਵਾਨਾਂ ਦੀ ਰਜਮੈਂਟ ਸਾਂ, ਤੜੱਕ ਅੱਗੇ ਹੋ ਖਲੋਤੇ। ਦੋ ਤੋਪਾਂ ਅਤੇ ਗੋਲੰਦਾਜ਼ ਦੇ ਕੇ ਸਾਡੀ ਕੰਪਨੀ ਦੇ ਸੌ ਆਦਮੀਆਂ ਨੂੰ ਸਭਰਾਵੀਂ ਘੱਲ ਦਿੱਤਾ।

ਸਿੰਘਾਂ ਨੇ ਪਾਣੀ ਦਾ ਲਵਾ ਤੱਕ ਕੇ ਦਰਿਆ ਦੇ ਕੰਢੇ ਹੀ ਅੱਧੇ ਚੰਦ ਵਾਂਗੂੰ

ਮੋਰਚੇ ਲਾ ਲਏ, ਅਤੇ ਕੰਪੂ ਦੀ ਲਾਂਭੀ ਪਿਲਛੀ (ਜੋ ਬਹੁਤੀ ਸੀ) ਵੱਢ ਕੇ ਹੇਠਾਂ ਸੁੱਟ, ਉਤੇ ਰੇਤ ਪਾ ਕੇ ਡੂਢ ਡੂਢ ਗਜ਼ ਉੱਚਾ ਮਰੁੜਾ ਬਣਾਇਆ ਹੋਇਆ ਸੀ। ਵਿਚ ਵਿਚ ਤੋਪਾਂ ਦੇ ਰਾਹ ਵੀ ਰੱਖੇ ਹੋਏ ਸਨ। ਅੰਦਰਲੇ ਬੰਨੇ ਵਲ ਖੂਹੀਆਂ ਪੁੱਟੀਆਂ ਹੋਈਆਂ ਸਨ, ਅਤੇ ਪਿਲਛੀ ਦੇ ਮਜੂਲੇ ਦੇ ਹੀ ਚੱਕ ਸੁੱਟੇ ਹੋਏ ਸਨ। ਸਾਡੇ ਆਉਣ ਤੋਂ ਪਹਿਲਾਂ ਇਕ ਛੋਟੀ ਜਿਹੀ ਲੜਾਈ ਹੋ ਚੁਕੀ ਸੀ, ਜਿਸ ਵਿਚ ਮਰੇ ਹੋਏ ਗੋਰੇ ਖੜੇ ਕਰ ਕੇ ਇਕ ਟੋਏ ਵਿਚ ਦੱਬੇ ਹੋਏ ਸਨ ਅਤੇ ਸਿਰ ਉਤੇ ਮਿੱਟੀ ਪਾਈ ਹੋਈ ਸੀ। ਅਸੀਂ ਖੇਡਦੇ ਖੇਡਦੇ ਕੰਪੂ ਤੋਂ ਪਰੇ ਗੋਰਿਆਂ ਤੀਕ ਚਲੇ ਜਾਂਦੇ ਅਤੇ ਸੋਟੀਆਂ ਨਾਲ ਮਿੱਟੀ ਹਿਲਾ ਕੇ ਉਨ੍ਹਾਂ ਦੀ ਝੰਡ ਹਿਲਾਉਂਦੇ ਅਤੇ ਮੂੰਹ ਵਿਚ ਸੋਟੀਆਂ ਦੇਂਦੇ। ਸਾਡੇ ਆਦਮੀ ਅੰਗਰੇਜ਼ਾਂ ਵਿਚ ਅਤੇ ਅੰਗਰੇਜ਼ਾਂ ਦੇ ਸਾਡੇ ਵਿਚ ਫਿਰਦੇ ਰਹਿੰਦੇ ਸਨ, ਕੋਈ ਕਿਸੇ ਨੂੰ ਕੁਝ ਨਹੀਂ ਕਹਿੰਦਾ ਸੀ।

ਫ਼ੌਜਾਂ ਇਕ ਡਾਢੀ ਤਰਤੀਬ ਨਾਲ ਖੜੀਆਂ ਕੀਤੀਆਂ ਸਨ। ਜਿਨਸੀ ਤੋਪਾਂ ਬੜੀਆਂ ਭਾਰੀਆਂ ਭਾਰੀਆਂ ਸਨ, ਜੋ ਤਿੰਨ ਤਿੰਨ ਮੀਲ ਤਕ ਮਾਰ ਕਰਦੀਆਂ ਸਨ। ਇਹ ਕੰਪੂ ਦੇ ਕੰਢੇ ਤੋਂ ਅੱਧ ਮੀਲ ਦੂਰ ਸਨ। ਦਰਿਆਓਂ ਉਰਾਰ ਤੇਜਾ ਸਿੰਘ ਦਾ ਡੇਰਾ ਅਤੇ ੧੨ ਤੋਪਾਂ ਸਨ, ਕੇਵਲ ਇਸ ਲਈ ਕਿ ਜੋ ਪੁਲ ਥਾਣੀਂ ਭੱਜ ਕੇ ਆਵੇ, ਮਾਰ ਦਿੱਤਾ ਜਾਵੇ। ਐਨ ਅੱਧ ਵਿਚ ਸਰਦਾਰ ਸ਼ਾਮ ਸਿੰਘ ਸੀ, ਉਸ ਦੇ ਕੋਲ ਮਤਾਬ ਸਿੰਘ ਲੰਡੀ ਦੀਆਂ ਤੋਪਾਂ, ਉਸ ਦੇ ਅੱਗੇ ਨਾਲ ਅਲਾਹੀ ਬਖ਼ਸ਼ ਦੀਆਂ, ਪਾਸ ਸਾਡੀਆਂ ਦੋ ਤੋਪਾਂ ਅਤੇ ਸਾਡੇ ਨਾਲ ਦੋ ਸੌ ਖੁਲ੍ਹੇ ਘੋੜ-ਚੜ੍ਹੇ ਸਨ। ਸਾਡੇ ਸਾਹਮਣੇ ਪਿਲਛੀ ਬੜੀ ਬੜੀ ਸੀ ਅਤੇ ਕੁਝ ਪਤਾ ਨਹੀਂ ਲਗਦਾ ਸੀ ਕਿ ਦੁਸ਼ਮਣ ਆਉਂਦਾ ਹੈ ਕਿ ਨਹੀਂ।

ਪਹਿਲੋਂ ਪਹਿਲ ਜਿਨਸੀ ਤੋਪਾਂ ਦੇ ਬੰਨੇ ਗੋਲਾ ਪਿਆ, ਦੋ-ਕੁ ਗੋਲੇ ਹੀ ਪਏ, ਸਭ ਦੇ ਧਿਆਨ ਓਧਰ ਹੋ ਗਏ ਕਿ ਚਾਣਚਕ ਹੀ ਪਿਲਛੀ ਦੇ ਪਿਛੋਂ ਖੁਲ੍ਹੇ ਘੋੜ-ਚੜ੍ਹਿਆਂ ਉਤੇ ਗੋਲੇ ਪਏ ਜੋ ਤੜੱਕ ਭੱਜ ਗਏ। ਸਾਡੀਆਂ ਪੇਟੀਆਂ ਉਤੇ ਗੋਲਾ ਪਿਆ, ਜਿਨ੍ਹਾਂ ਨੂੰ ਅੱਗ ਲਗ ਗਈ, ਅਤੇ ਬਾਰਾਂ ਗੋਲੰਦਾਜ਼ ਬਰੂਦ ਨਾਲ ਝੁਲਸੇ ਗਏ। ਸਾਡੇ ਬਾਕੀ ਆਦਮੀ ਉਰਾਰ ਹੀ ਸਨ, ਗੋਲੰਦਾਜ਼ਾਂ ਨੂੰ ਗੱਡੇ ਉਤੇ ਪਾ ਕੇ ਅਸੀਂ ਉਰਾਰ ਆ ਗਏ। ਸਾਡਾ ਬੰਨਾ ਖ਼ਾਲੀ ਵੇਖ ਕੇ ਦੁਸ਼ਮਣ ਏਸ ਰਾਹੋਂ ਆ ਵੜਿਆ ਅਤੇ ਲੱਗੇ ਤੋਪਾਂ ਮਾਰਨ। ਸ਼ਾਮ ਸਿੰਘ ਸਰਦਾਰ ਨੇ ਕਿਹਾ ਕਿ ਦੁਸ਼ਮਣ ਤਾਂ ਪਿਛੇ ਹੈ, ਤੋਪਾਂ ਮੋੜੋ। ਘੁੜਨੈਲ ਤੋਪਾਂ ਨੇ ਬੜੀ ਅੱਗ ਵਰ੍ਹਾਈ। ਆਪਣੀ ਬਾਰਬਰਦਾਰੀ ਦੇ ਪਸ਼ੂ ਦੁਵੱਲੀਂ ਤੋਪਾਂ ਨਾਲ ਮਰਦੇ ਸਨ, ਅਤੇ ਸਾਹਮਣੇ ਮਰੁੜਾ ਵੇਖ ਕੇ ਦਰਿਆ ਵਿਚ ਪੈਂਦੇ ਜਾਂਦੇ ਸਨ, ਮੈਂ ਇਕ ਘੋੜੀ ਬੜੀ ਸੁੰਦਰ ਫੜੀ, ਜਿਹੜੀ ਤਰ ਕੇ ਉਰਾਰ ਆ ਗਈ ਸੀ। ਗਾਨੀਓਂ ਫੜ ਕੇ ਲੈ ਆਇਆ, ਪਰ ਕੁਮੇਦਾਨ ਨੇ ਕਿਹਾ ਕਿ ਸਭ ਸਰਕਾਰੀ ਮਾਲ ਹੈ, ਮੈਂ ਛੱਡ ਦਿੱਤੀ।

ਓਦੋਂ ਤੇਜਾ ਸਿੰਘ ਨੇ ਮਲਾਹਾਂ ਨੂੰ ਹੁਕਮ ਦਿਤਾ ਕਿ ਪੁਲ ਤੋੜ ਦਿਓ, ਵਿਚਲੀਆਂ ਬੇੜੀਆਂ ਅੱਡ ਕੀਤੀਆਂ ਗਈਆਂ। ਫ਼ੌਜ ਨੂੰ ਭਾਂਜ ਪਈ ਅਤੇ ਸ਼ਾਮ ਸਿੰਘ

ਲੜ ਕੇ ਸ਼ਹੀਦ ਹੋਇਆ। ਇਕ ਬਿਗਲਚੀ ਘੋੜੇ ਉਤੇ ਕੁਕੜੀ ਹੋਇਆ ਮੇਰੇ ਪਾਸ ਦੀ ਗਿਆ। ਮੈਂ ਸ਼ਿਸਤ ਬੰਨ੍ਹ ਕੇ ਆਖਿਆ : ਮੁੜਨ ਦਾ ਤੁਰਮ ਵਜਾ, ਨਹੀਂ ਤਾਂ ਗੋਲੀ ਮਾਰਦਾ ਹਾਂ। ਓਸ ਨੇ ਤਿਰੜ ਤਿਰੜ ਤਾਂ ਕੀਤੀ, ਪਰ ਸਿਪਾਹੀ ਪਿਛਾਂ ਵੇਖ ਕੇ ਫੇਰ ਨੱਠ ਉੱਠੇ।

ਬਚੀ ਹੋਈ ਫ਼ੌਜ ਉਰਾਰ ਆ ਉਤਰੀ ਅਤੇ ਸਲਾਹ ਸੀ ਕਿ ਸਵੇਰੇ ਫੇਰ ਲੜਾਈ ਕੀਤੀ ਜਾਵੇ, ਜਾਂ ਦਰਿਆ ਲੰਘਣ ਲੱਗੇ ਦੁਸ਼ਮਣ ਨੂੰ ਹੀ ਰੋਕਿਆ ਜਾਵੇ। ਰਾਤ ਨੂੰ ਇਕ ਦੋ ਊਠ ਖੁਲ੍ਹ ਗਏ ਅਤੇ ਐਧਰ ਓਧਰ ਭੱਜਣ ਲਗ ਪਏ। ਸਾਰਿਆਂ ਊਠਾਂ ਵਿਚ ਖਿਲ-ਬਿਲੀ ਮਚ ਗਈ, ਅਤੇ ਬਲੋਚਾਂ ਨੇ (ਜੋ ਊਠਾਂ ਨੂੰ ਸਾਂਭਣ ਵਾਲੇ ਸਨ) ਰੌਲਾ ਪਾ ਦਿਤਾ ਕਿ ਦੁਸ਼ਮਣ ਆ ਪਿਆ। ਜੀ-ਭਿਆਣੇ ਲੋਕੀਂ ਨੱਠੇ ਅਤੇ ਕੋਹਾਂ ਉਤੇ ਜਾ ਕੇ ਸਾਹ ਲਿਆ।

ਅਸੀਂ ਦਿਨ ਚੜ੍ਹੇ ਆਪਣਿਆਂ ਜ਼ਖ਼ਮੀਆਂ ਅਤੇ ਕੁਝ ਹੋਰ ਜ਼ਖ਼ਮੀਆਂ ਨੂੰ ਗੱਡੀ ਵਿਚ ਪਾ ਕੇ ਪੱਟੀ ਆਏ, ਅਤੇ ਜਰਾਹਾਂ ਨੇ ਕਿਸੇ ਨੂੰ ਐਵੇਂ, ਕਿਸੇ ਨੂੰ ਸ਼ਰਾਬ ਪਿਆ ਕੇ ਗੋਲੀਆਂ ਕੱਢੀਆਂ, ਅਤੇ ਫੱਟ ਬੰਨ੍ਹ ਕੇ ਲਾਹੌਰ ਅਪੜੇ। ਫੇਰ ਅਸੀਂ ਦਲੀਪ ਸਿੰਘ ਨਾਲ ਸੁਰਖ਼ਪੁਰ ਗਗੜਵਾਲ ਦੇ ਪਤਣ 'ਤੇ ਅਲਾਰੰਸ ਸਾਹਿਬ ਨੂੰ ਜਾ ਮਿਲੇ ਅਤੇ ਲਾਹੌਰ ਆ ਕੇ ਸਭ ਫ਼ੌਜ ਦਾ ਡੇਰਾ ਅਨਾਰਕਲੀ ਕਰਾਇਆ। ਤੇਜਾ ਸਿੰਘ ਅਤੇ ਦੀਨਾ ਨਾਥ ਨੇ ਤਾਂ ਕਹਿ ਦਿੱਤਾ ਸੀ ਕਿ ਦਲੀਪ ਸਿੰਘ ਨੂੰ ਲੈ ਜਾਵੋ, ਪਰ ਅਜਿਹਾ ਨਾ ਹੋਇਆ। ਜਿੰਦਾਂ ਨੇ ਅੰਗਰੇਜ਼ਾਂ ਨੂੰ ਜ਼ਹਿਰ ਦੇਣਾ ਚਾਹਿਆ ਪਰ ਪਤਾ ਲਗ ਗਿਆ ਅਤੇ ਜਦੋਂ ਕੁੱਤੇ ਨੂੰ ਪਾਇਆ ਤਾਂ ਓਹ ਮਰ ਗਿਆ, ਇਸ ਲਈ ਉਹ ਕੈਦ ਕੀਤੀ ਗਈ।

ਸਿੱਖਾਂ ਦਾ ਪਿਛਲਾ ਡੇਰਾ ਸਭ ਸਭਰਾਵਾਂ ਵਾਲਿਆਂ ਨੇ ਲੁੱਟਿਆ। ਓਹ ਨੇਜ਼ੇ ਦੀ ਕੁੰਡੀ ਬਣਾ ਕੇ ਦਰਿਆ ਵਿਚੋਂ ਗਠੜੀਆਂ ਅਤੇ ਲੋਥਾਂ ਕੱਢਦੇ ਸਨ, ਅਤੇ ਕੀਮਤੀ ਚੀਜ਼ਾਂ ਕਾਬੂ ਕਰਦੇ ਸਨ। ਲਾਹੌਰੋਂ ਉਨ੍ਹਾਂ ਨੂੰ ਅਠਾਰਾਂ ਹਜ਼ਾਰ (੧੮੦੦੦/-) ਜੁਰਮਾਨਾ ਹੋਇਆ, ਪਰ ਓਨ੍ਹਾਂ ਨੂੰ ਰਤਾ ਵੀ ਮਲੂਮ ਨਾ ਹੋਇਆ, ਕਿਉਂਕਿ ਹਰ ਇਕ ਦੇ ਗਲ ਕੈਂਠਾ ਸੀ ਅਤੇ ਬਹੁਤਿਆਂ ਦੇ ਲੱਕੋਂ ਰੁਪਿਆਂ ਦੀਆਂ ਵਾਸਲੀਆਂ ਨਿਕਲੀਆਂ ਸਨ।

## ਮੁਲਤਾਨ ਦੀ ਲੜਾਈ

ਇਸ ਤੋਂ ਮਗਰੋਂ ਮੁਲਤਾਨ ਦਾ ਯੁੱਧ ਹੋਇਆ। ਸ਼ੇਰ ਸਿੰਘ ਨਾਮੀ ਮੇਰਾ ਇਕ ਮਿੱਤਰ ਸੀ, ਜਦੋਂ ਅਖ਼ੀਰੀ ਵੇਲੇ ਨਿਕਲਣ ਦੀ ਕੋਈ ਉਮੈਦ ਨਾ ਰਹੀ ਤਾਂ ਦੋ ਰੋਟੀਆਂ ਪਕਾਈਆਂ ਅਤੇ ਓਨ੍ਹਾਂ ਵਿਚ ਹੀ ਛੇ ਛੇ ਮਾਸੇ ਦੇ ਸੋਨੇ ਦੇ ਰੁਪਏ ਪਕਾ ਲਏ। ਕੁਲ ਪੰਦਰਾਂ ਰੁਪਏ ਅਜਿਹੇ ਸਨ। ਫ਼ਕੀਰ ਜਿਹਾ ਬਣ ਕੇ ਬਾਹਰ ਆ ਕੇ ਆਖਿਆ ਕਿ ਮੈਂ ਤਾਂ ਭੁੱਖਾ ਫ਼ਕੀਰ ਹਾਂ, ਆਹ ਦੋ ਰੋਟੀਆਂ ਹਨ। ਓਹਨਾਂ ਸਾਫ਼ ਲੰਘ ਜਾਣ ਦਿੱਤਾ।

ਇਸ ਤੋਂ ਮਗਰੋਂ ਸ਼ੇਰ ਸਿੰਘ ਦੀਆਂ ਲੜਾਈਆਂ ਹੋਈਆਂ। ਅੰਤਮ ਵੇਲੇ ਰਾਮ ਸਿੰਘ ਜਲ੍ਹੇਵਾਲੀਏ ਨੇ ਸਿੰਘਾਂ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਹੱਥ ਧਰ ਕੇ ਆਖਿਆ ਕਿ ਮੈਂ ਤੁਹਾਡੀ ਅੰਗਰੇਜ਼ਾਂ ਨਾਲ ਸੁਲਹ ਕਰਾ ਦਿੰਦਾ ਹਾਂ ਅਤੇ ਤੁਹਾਡੇ

ਨਾਲ ਕੋਈ ਧੋਖਾ ਨਹੀਂ ਕਰਦਾ। ਅੰਗਰੇਜ਼ ਨੇ ਹੁਕਮ ਦੇ ਦਿਤਾ ਹੈ ਕਿ ਜੋ ਕੋਈ ਆਦਮੀ ਆਪਣੀ ਤਲਵਾਰ ਦਾ ਫਲ ਸੁੱਟ ਜਾਵੇ, ਚਲਿਆ ਜਾਵੇ। ਲੋਕਾਂ ਨੇ ਸੋਨੇ ਦੇ ਦਸਤੇ ਅਤੇ ਕਬਜ਼ੇ ਤਾਂ ਲਾਹ ਲਏ ਅਤੇ ਫਲ ਦੇ ਦੇ ਕੇ ਛੁਟਕਾਰਾ ਕੀਤਾ। (ਪਹਿਲੇ ਅਜਿਹੀ ਤੰਗੀ ਸੀ ਕਿ ਗਾਜਰਾਂ ਖਾਂਦੇ ਸਨ)।

## ਬਾਬਾ ਮਸਤਾਨ ਸਿੰਘ ਜ਼ੈਲਦਾਰ ਮੁੱਦਕੀ ਦਾ ਬਿਆਨ

ਇਹ ਬਿਰਧ ਬਾਬੇ ਹੁਰੀਂ ਮੁੱਦਕੀ ਦੇ ਸਨ ਜਿਥੇ ਕਿ ਖ਼ਾਸ ਲੜਾਈਆਂ ਹੋਈਆਂ ਸਨ। ਇਨ੍ਹਾਂ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦੇ ਅੱਖੀਂ ਡਿੱਠੇ ਹਾਲ ਦੱਸੇ ਹਨ:

ਸਿਖ ਪਹਿਲੋਂ ਦਰਿਆਓਂ ਪਾਰ ਆ ਕੇ ਅਟਾਰੀ ਡੋਗਰਾਂ ਦੀ ਉਤਰੇ ਅਤੇ ਫ਼ੀਰੋਜ਼ਪੁਰ ਦੇ ਲਾਗੇ ਤੀਕ ਮਾਰਾਂ ਧਾੜਾਂ ਕਰ ਆਇਆ ਕਰਨ। ਸਿੱਖਾਂ ਨੇ ਫ਼ੀਰੋਜ਼ਪੁਰ ਮਾਰਨ ਵਾਸਤੇ ਕਿਹਾ, ਪਰ ਲਾਲ ਸਿੰਘ ਨੇ ਆਖਿਆ ਕਿ ਫ਼ਸੀਲ ਦੇ ਲਾਂਭੇ ਲਾਂਭੇ ਬਰੂਦ ਦੇ ਕੁੱਪੇ ਦੱਬੇ ਹੋਏ ਹਨ, ਇਸ ਕਰਕੇ ਖ਼ਾਲਸੇ ਦਾ ਨੁਕਸਾਨ ਹੋਵੇਗਾ।

ਇਕ ਦਿਨ ਸ਼ਾਮ ਵੇਲੇ ਲਾਲ ਸਿੰਘ ਦੇ ਦੋ ਸਵਾਰ ਸਾਡੇ ਪਿਤਾ ਚੌਧਰੀ ਮੋਹਰ ਸਿੰਘ ਜੀ ਨੂੰ ਲੈ ਗਏ। ਓਦਣ ਹੀ ਇਕ ਅੰਗਰੇਜ਼ ਵੀਹਾਂ ਕੁ ਸਵਾਰਾਂ ਸਣੇ ਮੁੱਦਕੀ ਆਇਆ ਸੀ, ਪਿਤਾ ਜੀ ਨੇ ਲੋਕਾਂ ਨੂੰ ਕਿਹਾ ਕਿ ਇਸ ਦਾ ਖ਼ਿਆਲ ਰਖਣਾ, ਕੋਈ ਇਸ ਨੂੰ ਲੁੱਟ ਪੁੱਟ ਨਾ ਲਏ। ਫਿਰ ਲਾਲ ਸਿੰਘ ਪਾਸ ਅੱਪੜੇ ਤਾਂ ਉਸ ਨੇ ਪਾਣੀ ਅਤੇ ਦਾਣੇ ਪੱਠੇ ਆਦਿਕ ਦੀ ਮਦਦ ਦਾ ਹਾਲ ਪੁੱਛਿਆ, ਜੋ ਤਸੱਲੀ-ਬਖ਼ਸ਼ ਹੋਇਆ। ਰੇਸ਼ਮੀ ਖੇਸ ਸਿਰੋਪਾ ਵਿਚ ਦੇ ਕੇ ਤੋਰਿਆ ਅਤੇ ਕਿਹਾ ਕਿ ਆਵਾਂਗੇ। ਜਾਂ ਪਿਤਾ ਜੀ ਬਾਰ੍ਹਾਂ ਕੁ ਵਜੇ ਮੁੜ ਕੇ ਪਿੰਡ ਆਏ ਤਾਂ ਕੀ ਸੁਣਦੇ ਹਨ ਕਿ ਰਾਮ ਰਖੇ ਥਾਣੇਦਾਰ ਨੇ ਅੰਗਰੇਜ਼ ਨੂੰ ਬੰਨ੍ਹ ਲਿਆ ਹੈ (ਉਥੇ ਸਿੱਖਾਂ ਦਾ ਥਾਣਾ ਸੀ) ਅਤੇ ਫੇਰੂ ਸ਼ਹਿਰ ਡੇਰੇ ਘੱਲ ਦਿੱਤਾ ਹੈ। ਪਿਤਾ ਜੀ ਨੇ ਪੁਛਿਆ ਕਿ ਤੂੰ ਅਜਿਹਾ ਕਿਉਂ ਕੀਤਾ ? ਉਸ ਨੇ ਕਿਹ ਕਿ ਮੈਂ ਸਿੱਖਾਂ ਦਾ ਨੌਕਰ ਹਾਂ, ਜੇ ਉਸ ਨੂੰ ਫੜ ਕੇ ਨਾ ਭੇਜਦਾ ਤਾਂ ਘਾਣ ਬੱਚਾ ਪੀੜਿਆ ਜਾਂਦਾ। ਤੂੰ ਕਿਉਂ ਉਸ ਦੀ ਰਈ ਕਰਦਾ ਹੈਂ ? ਉਹ ਉਲਟਾ ਸਗੋਂ ਉਨ੍ਹਾਂ ਦੇ ਗਲ ਪੈ ਗਿਆ।

ਗੰਡਾ ਸਿੰਘ ਨਰੰਗ ਦਸ ਕੁ ਵਜੇ ਆਪਣੇ ਸੌ ਘੋੜ-ਚੜ੍ਹੇ ਲੈ ਕੇ ਆਇਆ। ਉਸੇ ਦੇ ਹਵਾਲੇ ਹੀ ਸਵੇਰ ਦਾ ਫੜਿਆ ਹੋਇਆ ਅੰਗਰੇਜ਼ ਕੀਤਾ ਗਿਆ, ਜੋ ਲਾਲ ਸਿੰਘ ਵਲ ਭੇਜ ਦਿਤਾ, ਜਿਸ ਨੇ ਉਸ ਨੂੰ ਮਾਰਿਆ ਨਹੀਂ। ਸਿੰਘ ਪ੍ਰਸ਼ਾਦ ਕਰਨ ਲਗ ਪਏ ਅਤੇ ਭੇਰਾ ਜਮਾ ਲਿਆ ਕਿ ਯਾਰਾਂ ਕੁ ਵਜੇ ਲਹਿਣਾ ਬਲੋਚ ਇਥੋਂ ਦਾ ਹੀ, ਜੋ ਲੁਧਿਆਣੇ ਵਲ ਵਗਾਰ ਫੜਿਆ ਗਿਆ ਸੀ, ਆਪਣੇ ਊਠਾਂ ਤੋਂ ਪਹਿਲਾਂ ਪਿੰਡ ਆ ਗਿਆ, ਅਤੇ ਆ ਖ਼ਬਰ ਦਿਤੀ ਕਿ ਪਿੰਡੋਂ ਭੱਜ ਜਾਓ, ਅੰਗਰੇਜ਼ਾਂ ਦੀ ਫ਼ੌਜ ਆਉਂਦੀ ਪਈ ਹੈ। ਜਾਂ ਲੋਕਾਂ ਨੇ ਕੋਠੇ ਚੜ੍ਹ ਕੇ ਵੇਖਿਆ ਤਾਂ ਸੱਚ-ਮੁੱਚ ਹੀ ਧੂੜ ਉੱਡਦੀ ਅਤੇ ਤੋਪਾਂ ਤੇ ਸੰਗੀਨਾਂ ਦੀ ਲਿਸ਼ਕ ਵੇਖੀ। ਪਰ ਹੁਣ ਭੱਜਣ ਦਾ ਸਮਾਂ ਨਹੀਂ ਸੀ, ਇਸ ਕਰਕੇ ਅੰਦਰ ਹੀ ਵੜ ਗਏ।

ਰਾਤ ਜੀਤ ਸਿੰਘ ਦਦੇਹਰ ਵਾਲਾ, ਜੋ ਆਗੂ ਸੀ, ਏਥੋਂ ਪਤਾ ਲੈ ਗਿਆ ਸੀ ਕਿ ਅਜੇ ਤੀਕ ਕੋਈ ਸਿਖ ਇਥੇ ਨਹੀਂ ਆਇਆ, ਪਰ ਫੇਰ ਵੀ ਅੰਗਰੇਜ਼ ਲੜਾਈ ਦੇ ਢੰਗ ਨਾਲ ਹੀ ਅੱਧ ਕੁ ਮੀਲ ਦਾ ਪਰ੍ਹਾ ਬੰਨ੍ਹੀਂ ਪਏ ਆਉਂਦੇ ਸਨ। ਇਸ ਲਈ ਇਸ ਦਾ ਪਤਾ ਸਿੱਖਾਂ ਨੂੰ ਲੱਗ ਗਿਆ। ਪਹਿਲੋਂ ਤਾਂ ਹਥਿਆਰ ਲਿਸ਼ਕਾ ਕੇ ਓਹਨਾਂ ਦੇ ਸਾਹਮਣੇ ਹੋਏ, ਪਰ ਫੇਰ ਵਾਗਾਂ ਮੋੜ ਕੇ ਫੇਰੂ ਸ਼ਹਿਰ ਵਲ ਸਿਰ-ਤੋੜ ਨੱਠੇ।

ਅੰਗਰੇਜ਼ ਆ ਗਏ ਅਤੇ ਓਨ੍ਹਾਂ ਦੇ ਤਿਹਾਏ ਘੋੜੇ ਬੇ-ਸਬਰੇ ਹੋਏ ਹੋਏ ਬਦੋ-ਬਦੀ ਢਾਬ ਵਿਚ ਵੜ ਗਏ। ਢਾਬ ਪਿਛੇ ਛਡ ਕੇ ਫ਼ੌਜਾਂ ਨੇ ਅੱਗੇ ਡੇਰੇ ਜਾ ਕੀਤੇ। ਇਸ ਵੇਲੇ ਇਹ ਬਹੁਤ ਹੀ ਥੱਕੇ ਟੁੱਟੇ ਹੋਏ ਸਨ, ਜੇ ਥੋੜ੍ਹੀ ਜਿਹੀ ਫ਼ੌਜ ਵੀ ਇਥੇ ਤਿਆਰ ਹੁੰਦੀ ਤਾਂ ਤਿਹਾਇਆਂ ਨੂੰ ਐਵੇਂ ਹੀ ਮਾਰ ਲੈਂਦੀ। ਦੋਵੇਂ ਵੱਡੇ ਸਾਹਿਬ ਇਕ ਟਾਹਲੀ ਹੇਠ ਲੰਮੇ ਪਏ ਇਕ ਅਰਕ ਦੇ ਭਾਰ ਖਾਣਾ ਖਾਂਦੇ ਸਨ। ਉਨ੍ਹਾਂ ਪਿੰਡ ਦੇ ਤੁਰਦੇ ਤੁਰਦੇ ਆਦਮੀ ਸੱਦੇ ਅਤੇ ਪੁਛਿਆ ਕਿ ਦਾਣੇ ਪਠੇ ਦੀ ਕਿੰਨੀ ਕੁ ਮਦਦ ਦਿਓਗੇ ? ਪਾਸੋਂ ਰਜਬ ਅਲੀ ਮੁਨਸ਼ੀ ਨੇ ਆਖਿਆ, ਹਜ਼ੂਰ, ਇਹ ਬੜੇ ਚੰਗੇ ਆਦਮੀ ਹਨ, ਇਨ੍ਹਾਂ ਨੇ ਪਿਛਲੇ ਪਠਾਣਾਂ ਦੇ ਵੇਲੇ ਤੁਰੀ ਜਾਂਦੀ ਫ਼ੌਜ ਨੂੰ ਬਹੁਤ ਮਦਦ ਦਿੱਤੀ ਸੀ। ਹੁਣ ਇਹ ਬਹੁਤ ਮਦਦ ਕਰਨਗੇ, ਇਨ੍ਹਾਂ ਦੀ ਕੀ ਗੱਲ ਪੁਛਦੇ ਹੋ। ਗੱਲ ਕੀ, ਹਾਂ ਕਰ ਆਏ।

ਸਿਖ ਵੀ ਪਾਣੀ ਮੱਲਣ ਵਾਸਤੇ ਆਉਂਦੇ ਸਨ, ਅਤੇ ਉਨ੍ਹਾਂ ਵਿਚ ਹਰ ਪੜਤਲ ਦੇ ਚੁਣੇ ਹੋਏ ਆਦਮੀ ਸਨ। ਸਰਦਾਰ ਦੁੱਨਾ ਸਿੰਘ ਬਾਰ੍ਹਾਂ ਤੋਪਾਂ ਦਾ ਅਫ਼ਸਰ ਸੀ, ਅਤੇ ਉਸ ਦੇ ਤਹਿਤ ਵਿਚ ਨੱਥਾ ਸਿੰਘ ਗੋਲੰਦਾਜ਼ ਮੁੱਦਕੀ ਦਾ ਹੀ ਸੀ। ਸਿੱਖਾਂ ਦੀਆਂ ਤੋਪਾਂ ਅਜੇ ਨੀਵੀਂ ਥਾਂ ਇਕ ਛਪੜੀ ਵਿਚ ਹੀ ਸਨ ਕਿ ਅੰਗਰੇਜ਼ਾਂ ਦੀਆਂ ਤੋਪਾਂ ਸਾਹਮਣੇ ਉੱਚੇ ਥਾਉਂ ਚਲਣ ਲਗ ਪਈਆਂ, ਇਸ ਕਰਕੇ ਏਹਨਾਂ ਦਾ ਨਿਸ਼ਾਨਾ ਖ਼ੂਬ ਬੈਠਦਾ ਸੀ ਅਤੇ ਸਿੱਖਾਂ ਦਾ ਨੀਵਾਂ ਥਾਂ ਹੋਣ ਕਰਕੇ ਅਜਿਹਾ ਨਹੀਂ ਸੀ ਬੈਠਦਾ। ਇਕ ਰਸਾਲਾ ਸਿੱਖਾਂ ਦੇ ਖੱਬੇ ਹੱਥ ਥਾਣੀ ਹੋ ਕੇ ਢਾਬ ਵਲ ਹੋਇਆ, ਇਹ ਵੇਖ ਅੰਗਰੇਜ਼ਾਂ ਦਾ ਰਸਾਲਾ ਅੱਗੇ ਵਧਿਆ। ਅੱਗੇ ਅੱਗੇ ਸਿਖ ਤੇ ਮਗਰ ਮਗਰ ਅੰਗਰੇਜ਼, ਪਰ ਕਿਸੇ ਗੋਲੀ ਨਾ ਦਾਗੀ। ਦੋ ਸਵਾਰਾਂ ਦੇ ਘੋੜੇ ਮਰੇੜੇ ਸਨ, ਨਵੇਂ ਪਿੰਡ ਪਾਸ ਜਾ ਕੇ ਉਹ ਰਹਿ ਗਏ। ਓਨ੍ਹਾਂ ਨੂੰ ਜਾ ਕੇ ਗੋਰਿਆਂ ਸਵਾਰਾਂ ਨੇ ਮਾਰ ਲਿਆ, ਹੋਰ ਕੋਈ ਨਾ ਮਾਰਿਆ। ਫੇਰ ਭੌਂ ਕੇ ਸਿੱਖਾਂ ਦੇ ਮਗਰ ਹੋ ਖਲੋਤੇ ਅਤੇ ਲੱਗੇ ਬੰਦੂਕਾਂ ਚਲਾਣ। ਸਿਖ ਵਿਚਾਲੇ ਫਸ ਗਏ ਅਤੇ ਬਹੁਤ ਨੁਕਸਾਨ ਝਲਿਆ। ਰਾਤ ਦੇ ਨੌਂ ਵਜੇ ਤਕ ਲੜਾਈ ਹੁੰਦੀ ਰਹੀ। ਫੇਰ ਤੋਖ ਦਾ ਖੜਾਕ ਬੰਦ ਹੋਇਆ। ਦੁੱਨਾ ਸਿੰਘ ਮਾਰਿਆ ਗਿਆ। ਉਸ ਦੀ ਪੇਟੀ ਵਿਚ, ਜਿਸ ਨੂੰ ਤੋਪ ਦੀ ਠੋਕਰ ਬਣਾਇਆ ਹੋਇਆ ਸੀ, ਫ਼ੌਜ ਦੀ ਤਨਖ਼ਾਹ ਅਤੇ ਖ਼ਰਚ ਵਾਸਤੇ ਦਸ ਹਜ਼ਾਰ ਰੁਪਿਆ ਸੀ। ਗਲ ਵਿਚ ਕੈਂਠਾ ਅਤੇ ਹੱਥੀਂ ਕੜੇ ਵੀ ਸਨ। ਨੱਥਾ ਸਿੰਘ ਗੋਲੰਦਾਜ਼ ਦਾ ਜੀ ਚਾਹੇ ਕਿ ਜਾ ਕੇ ਸਭ ਕੁਝ ਸਾਂਭ ਲਵਾਂ, ਪਰ ਗੋਲੀਆਂ ਦਾ ਮੀਂਹ ਅਜਿਹਾ ਵਰ੍ਹਦਾ ਸੀ ਕਿ ਚੌਥੀ ਤੋਪ ਤੀਕ, ਜਿਥੇ ਇਸ ਦੀ ਲੋਥ ਸੀ, ਜਾਣਾ ਮੁਸ਼ਕਲ ਸੀ। ਸਭ ਘੋੜੇ ਮਾਰੇ ਗਏ ਸਨ, ਇਸੇ

ਕਰਕੇ ਤੋਪਾਂ ਘਸੀਟੀਆਂ ਨਾ ਗਈਆਂ ਅਤੇ ਰਹਿ ਗਈਆਂ। ਲਾਗੇ ਦੇ ਮੁਰਦਿਆਂ ਦੀਆਂ ਵਾਂਸਲੀਆਂ ਟੋਹੀਆਂ ਤਾਂ ਸੱਤ ਸੌ ਹੱਥ ਲੱਗਾ, ਓਹੋ ਹੀ ਲੈ ਕੇ ਉਹ ਸੱਜੇ ਹੱਥ ਹੋ ਪਿਆ ਅਤੇ ਫ਼ੌਜ ਦੀ ਮਾਰ ਤੋਂ ਬਾਹਰ ਨਿਕਲ ਕੇ ਉੱਤਰ ਦੇ ਪਿੰਡ ਵਲ ਵਧਿਆ।

ਰਾਹ ਵਿਚ ਉਸ ਨੂੰ ਘੋੜਿਆਂ ਦੇ ਸੁੰਮਾਂ ਦੀ ਅਤੇ ਤਲਵਾਰਾਂ ਦੇ ਛਣਕਣ ਦੀ ਅਵਾਜ਼ ਆਈ। ਮੈਰੇਵਾਲ ਛਪੜੀ ਵਿਚ ਖੜਾ ਸੀ, ਓਥੇ ਹੀ ਛਹਿ ਗਿਆ। ਸਵਾਰ ਲਾਂਭ ਲਾਂਭ ਦੀ ਲੰਘ ਗਏ, ਅਤੇ ਉਹ ਫ਼ੌਜਾਂ ਤੋਂ ਬਚਦਾ ਬਚਦਾ 'ਚੰਦੇੜ' ਅੱਪੜ ਪਿਆ। ਮਾਮੇ ਨੂੰ ਖ਼ਬਰ ਜਾ ਦਿੱਤੀ ਕਿ ਸਿਖ ਤਾਂ ਭੱਜ ਗਏ ਹਨ, ਤੂੰ ਜਾ ਕੇ ਮੁੱਦਕੀ ਵਾਲਿਆਂ ਨੂੰ ਆਖ ਕੇ ਪਿੰਡ ਛੱਡ ਜਾਣ, ਨਹੀਂ ਤਾਂ ਮਾਰੇ ਜਾਣਗੇ; ਲੋਕੀ ਛਾਪੇ ਦੇ ਦੇ ਕੇ ਘਰਾਂ ਨੂੰ, ਪਿੰਡ ਛੱਡ ਗਏ, ਅਗਲੇ ਦਿਨ।

ਬ੍ਰਾਡ ਫ਼ੁਟ ਦਾ ਹੁਕਮ ਸੀ ਕਿ ਸਾਰੇ ਵਕੀਲ ਮੇਰੇ ਡੇਰੇ ਰਹਿਣ, ਹੋਰ ਕਿਤੇ ਨਾ ਰਹਿਣ। ਸੁ ਅਜਿਹਾ ਹੀ ਹੋਇਆ। ਉਹ ਬਾਰ੍ਹਾਂ ਵਜੇ ਲੜਾਈ ਵੱਲੋਂ ਆਇਆ ਅਤੇ ਖਾਣਾ ਖਾਧਾ; ਅਤੇ ਕਿਹਾ ਕਿ ਕੋਈ ਖ਼ਬਰ ਲਿਆਵੇ ਜੋ ਸਿਖ ਭੱਜ ਗਏ ਹਨ ਜਾਂ ਅਜੇ ਲੜਾਈ ਲਈ ਤਿਆਰ ਹਨ। ਅੰਗਰੇਜ਼ਾਂ ਨੂੰ ਸਿੱਖਾਂ ਦੇ ਨਾ ਭੱਜਣ ਦਾ ਐਤਨਾ ਯਕੀਨ ਸੀ ਕਿ ਸਭ ਫ਼ੌਜਾਂ ਮੈਦਾਨ-ਜੰਗ ਵਿਚ ਹੀ ਰਹੀਆਂ ਸਨ, ਕੋਈ ਵਾਪਸ ਨਹੀਂ ਆਇਆ ਸੀ। ਅੱਗਾਂ ਬਾਲ ਬਾਲ ਕੇ ਪਏ ਸੇਕਦੇ ਸਨ, ਤੋਪਾਂ ਵੀ ਰਾਤ ਨਹੀਂ ਸਨ ਸਾਂਭੀਆਂ, ਦਿਨੇ ਜਾ ਕੇ ਕਬਜ਼ਾ ਕੀਤਾ ਜਦੋਂ ਅੱਗੋਂ ਕੋਈ ਦੁਸ਼ਮਣ ਨਜ਼ਰ ਨਾ ਆਇਆ।

ਘੁਮੰਡਾ ਸਿੰਘ ਨੇ ਜੋ ਸਾਡਾ ਰਿਸ਼ਤੇਦਾਰ ਸੀ, ਸਾਨੂੰ ਆਖਿਆ, ਜੋ ਜਾ ਕੇ ਖ਼ਬਰ ਲਿਆਵੇਗਾ ਉਸ ਨੂੰ ਮੈਂ ਪੰਜ ਸੌ ਦੇਵਾਂਗਾ। ਸਾਡਾ ਚਾਚਾ ਦਲ ਸਿੰਘ ਤਿਆਰ ਹੋਇਆ ਅਤੇ ਘੁਮੰਡਾ ਸਿੰਘ ਨੇ ਆਪਣਾ ਨਫ਼ਰ ਨਾਲ ਕੀਤਾ। ਦੋਵੇਂ ਜਣੇ ਚੰਦੇੜ ਨੂੰ ਰਵਾਨਾ ਹੋਏ। ਅੱਗੋਂ ਨੱਥਾ ਸਿੰਘ ਮਿਲ ਪਿਆ, ਜਿਸ ਨੇ ਦੱਸਿਆ ਕਿ ਸਿਖ ਭੱਜ ਕੇ ਮੈਦਾਨ ਛੱਡ ਗਏ ਹਨ। ਓਹ ਉਥੋਂ ਹੀ ਮੁੜ ਪਏ ਅਤੇ ਆ ਖ਼ਬਰ ਦਿਤੀ ਕਿ ਮੈਦਾਨ ਵਿਚ ਕੋਈ ਦੁਸ਼ਮਣ ਨਹੀਂ ਹੈ। ਬ੍ਰਾਡ ਫ਼ੁਟ ਨੇ ਫੇਰ ਵੀ ਸਿਰ ਫੇਰਿਆ, ਕਿਹਾ: "ਸ਼ੈਦ", ਪਰ ਵਕੀਲ ਲੱਗੇ ਤਰੀਫ਼ਾਂ ਕਰਨ। ਬ੍ਰਾਡ ਫ਼ੁਟ ਨੇ ਕਿਹਾ, ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਸਿਖ ਅਜੇ ਤਿੰਨ ਚਾਰ ਲੜਾਈਆਂ ਦਰਿਆਓਂ ਉਰਾਰ ਕਰਨਗੇ, ਤਦ ਪਾਰ ਜਾਣਗੇ, ਐਵੇਂ ਨਹੀਂ।

ਸਾਰੀ ਰਾਤ ਫ਼ੌਜ ਮੈਦਾਨ-ਜੰਗ ਵਿਚ ਹੀ ਰਹੀ ਅਤੇ ਉਥੇ ਹੀ ਡਬਲ ਰੋਟੀ ਵਰਤੀ, ਅੱਗਾਂ ਬਾਲ ਕੇ ਸੇਕਦੇ ਰਹੇ ਅਤੇ ਆਪਣੇ ਥਾਵਾਂ ਉਤੇ ਜੰਮੇ ਰਹੇ। ਸਰਦਾਰ ਪਹਾੜਾ ਸਿੰਘ ਤਾਂ ਆਪਣੀ ਰਿਆਸਤ ਦੇ ਪਿੰਡ 'ਚੰਦ' ਵਿਚ ਹੀ ਰਿਹਾ ਸੀ। ਪਰ ਆਪਣੇ ਪੁੱਤਰ ਵਜ਼ੀਰ ਸਿੰਘ ਅਤੇ ਘੁਮੰਡਾ ਸਿੰਘ ਵਕੀਲ ਨੂੰ ਡੇਰਾ ਦੇ ਕੇ ਘੱਲ ਦਿਤਾ ਸੀ, ਜਿਨ੍ਹਾਂ ਨੇ ਪਿੰਡ ਦੇ ਲਹਿੰਦੇ ਬੰਨੇ ਵਲ ਡੇਰਾ ਕੀਤਾ ਸੀ। ਦਿਨ ਚੜ੍ਹੇ ਪਹਾੜਾ ਸਿੰਘ ਆਪ ਆਇਆ ਅਤੇ ਸਾਹਿਬ ਨੇ ਖ਼ੁਸ਼ ਹੋ ਕੇ ਕਿਹਾ ਕਿ ਤੇਰੇ ਵਕੀਲ ਨੇ ਦਾਣੇ ਪੱਠੇ ਦੀ ਖ਼ੂਬ ਮੱਦਦ ਕੀਤੀ ਹੈ ਅਤੇ ਰਾਤ ਖ਼ਬਰ ਵੀ ਮੰਗਵਾ ਦਿੱਤੀ ਸੀ। ਫਿਰ ਕਿਹਾ

ਕਿ ਤੈਨੂੰ ਰਾਜਗੀ ਦਾ ਖ਼ਿਤਾਬ ਅਤੇ ੩੫੦੦੦/- ਦਾ ਕੋਟ ਕਪੂਰੇ ਦਾ ਇਲਾਕਾ ਵੀ ਦਿੱਤਾ ਜਾਵੇਗਾ। (ਇਹ ਭਰੋਸਾ ਲਾਹੌਰ ਜਾਣ ਤੋਂ ਮਗਰੋਂ ਪੂਰਾ ਕੀਤਾ ਗਿਆ)।

ਵੱਡੇ ਵੱਡੇ ਗੋਰੇ ਸੰਦੂਕਾਂ ਵਿਚ ਪਾ ਕੇ ਰੁੱਖਾਂ ਹੇਠਾਂ ਦੱਬ ਕੇ, ਰੁੱਖਾਂ 'ਤੇ ਨਾਮ ਲਿਖ ਕੇ ਤਾਂਬੇ ਦੇ ਪੱਤਰੇ ਜੜ ਦਿਤੇ ਕਿ ਲੜਾਈ ਤੋਂ ਮਗਰੋਂ ਵੇਖਿਆ ਜਾਵੇਗਾ। ਪੂਰਬੀਆਂ ਨੇ ਆਪਣੇ ਸਿਪਾਹੀ ਸਾੜੇ ਅਤੇ ਜ਼ਖ਼ਮੀ ਮੁੱਦਕੀ ਲਿਆਂਦੇ ਗਏ, ਜਿਨ੍ਹਾਂ ਵਿਚੋਂ ਬਹੁਤੇ ਮਰ ਗਏ। ਸਵੇਰੇ ਹੀ ਜਾ ਕੇ ਤੋਪਾਂ ਲਿਆਂਦੀਆਂ ਅਤੇ ਤਖ਼ਤੇ ਤੋੜ ਕੇ ਸਿੱਖਾਂ ਦੇ ਕਿਲ੍ਹੇ ਦੇ ਦਰਵਾਜ਼ੇ ਦੇ ਅਗਲੇ ਖੂਹ ਵਿਚ ਸੁੱਟ ਦਿੱਤੀਆਂ। ਜਦੋਂ ਸਭਰਾਵਾਂ ਦੀ ਲੜਾਈ ਹੋਈ ਹੈ ਉਸ ਤੋਂ ਪਹਿਲਾਂ ਇਹ ਕੱਢ ਕੇ ਫ਼ੀਰੋਜ਼ਪੁਰ ਘੱਲੀਆਂ ਗਈਆਂ ਸਨ। ਇਕ ਤੋਪ ਬੰਦੋ-ਬਸਤ ਦੇ ਵੇਲੇ ੧੯੫੨ ਈ: ਵਿਚ ਮਿੱਟੀ ਕੱਢਣ ਲਗਿਆਂ ਲੱਭੀ ਸੀ, ਜਿਸ ਨੂੰ ਗੰਗਾ ਰਾਮ ਤਸੀਲਦਾਰ ਨੇ ਫ਼ੀਰੋਜ਼ਪੁਰ ਘਲਵਾ ਦਿੱਤਾ ਸੀ। ਸਿਖ ਚਾਰ ਕੁ ਸੌ ਕਤਲ ਹੋਏ ਸਨ ਅਤੇ ਉਹ ਦੋ ਥਾਈਂ ਹੀ ਸਨ—ਇਕ ਬੰਨੇ ਤੋਪਾਂ ਲਾਗੇ ਅਤੇ ਦੂਜੇ ਬੰਨੇ ਪੜਤਾਲਾਂ ਲਾਗੇ। ਕਈ ਮਹੀਨੇ ਕੁਰੰਗ ਉਥੇ ਪਏ ਰਹੇ, ਜਦੋਂ ਲੁਹਾਮਿਆਂ ਦੇ ਆਦਮੀ ਆਏ ਅਤੇ ਪੈਲੀਆਂ ਸਾਫ਼ ਕੀਤੀਆਂ ਤਾਂ ਕੁਰੰਗਾਂ ਨੂੰ ਕੱਢ ਕੇ ਇਕੱਠਾ ਕਰ ਕੇ ਅੱਗ ਲਾ ਦਿੱਤੀ। ਸੁੱਕੇ ਹੋਏ ਕੁਰੰਗ ਲਟ ਲਟ ਬਲਣ, ਦੋ ਵੱਡੇ ਵੱਡੇ ਸਿਵੇ ਕੀਤੇ ਸਨ, ਜਿਨ੍ਹਾਂ ਦੀਆਂ ਵੱਡੀਆਂ ਵੱਡੀਆਂ ਹੱਡੀਆਂ ਫੇਰ ਅਜਾਇਬ ਘਰ ਘੱਲੀਆਂ ਗਈਆਂ ਸਨ।

ਅੰਗਰੇਜ਼ਾਂ ਨੇ ਫ਼ੀਰੋਜ਼ਪੁਰ ਦੀ ਫ਼ੌਜ ਨੂੰ ਖ਼ਬਰ ਘੱਲਣੀ ਸੀ, ਪਰ ਰਾਹ ਵਿਚ ਸਿਖ ਸਨ, ਘੁਮੰਡਾ ਸਿੰਘ ਦਾ ਆਦਮੀ ਚਿੱਠੀ ਲੈ ਕੇ ਆਪਣੇ ਰਾਜ ਥਾਣੀ, ਜੋ ਨਾਲ ਨਾਲ ਹੀ ਸੀ, ਫ਼ੀਰੋਜ਼ਪੁਰ ਅੱਪੜਿਆ, ਅਤੇ ਜਾ ਕੇ ਖ਼ਬਰ ਕੀਤੀ ਕਿ ਫਲਾਣੇ ਦਿਨ ਮਿਸਰੀ ਵਾਲੇ, ਰਤੇ ਖੇੜੇ ਅਤੇ ਸ਼ਕੂਰ ਦੇ ਵਿਚਕਾਰਲੇ ਜੰਗਲ ਵਿਚ ਇਕੱਠ ਹੋਣਾ ਹੈ। ਸੋ ਅਜਿਹਾ ਹੀ ਹੋਇਆ।

ਵਕੀਲਾਂ ਨੂੰ ਚਿੱਠੀਆਂ ਦੇ ਕੇ ਲੜਾਈ ਤੋਂ ਦੂਰ ਖੜਾ ਕਰ ਛਡਿਆ ਸੀ ਕਿ ਜਦੋਂ ਕੋਈ ਗੋਰਾ ਆਦਿ ਸਿਖ ਸਮਝ ਕੇ ਮਾਰਨ ਲਈ ਆਵੇ ਤਾਂ ਚਿੱਠੀ ਵਿਖਾ ਦੇਣੀ, ਪਰ ਅਜਿਹਾ ਮੌਕਾ ਹੀ ਨਾ ਮਿਲਿਆ। ਰਾਤ ਹਨੇਰੀ ਸੀ ਅਤੇ ਮਤਾਬੀਆਂ ਬਾਲੀਆਂ ਹੋਈਆਂ ਸਨ। ਬ੍ਰਾਡ ਫ਼ੁਟ ਤਿੰਨ ਵਾਰ ਮੁੜ ਕੇ ਸਾਡੇ ਪਾਸ ਆਇਆ, ਹਰ ਵੇਰ ਘੋੜਾ ਮਰਵਾ ਆਉਂਦਾ ਸੀ, ਪਰ ਚੌਥੀ ਵਾਰ ਅਜਿਹਾ ਗਿਆ ਕਿ ਮੁੜ ਆਪ ਵੀ ਨਾ ਆਇਆ, ਮੈਦਾਨ ਵਿਚ ਹੀ ਰਿਹਾ।

ਅਗਲੇ ਭਲਕ ਤੇਜਾ ਸਿੰਘ ਦੀਆਂ ਤੋਪਾਂ ਦੀ ਸੁਲਕ ਨਾਲ ਅੰਗਰੇਜ਼ ਭੱਜ ਉਠੇ, ਪਰ ਪ੍ਰਹਾੜਾ ਸਿੰਘ ਦੇ ਕੁਝ ਸਵਾਰ ਇਕ ਲਾਂਭੇ ਖੜੇ ਵੇਖਦੇ ਰਹੇ, ਓਵੇਂ ਹੀ ਤੇਜਾ ਸਿੰਘ ਇਹ ਆਖ ਕੇ ਕਿ ਜ਼ਮੀਨ ਉਤੇ ਮੁਰਦੇ, ਲਹੂ ਅਤੇ ਮਹੋਂ ਪਏ ਹੋਏ ਹਨ, ਸੁਲਤਾਨ ਖ਼ਾਂ ਵਲ ਨੂੰ ਮੁੜ ਗਿਆ। ਸਵਾਰਾਂ ਨੇ ਇਹ ਹਾਲ ਵੇਖ ਕੇ ਅੰਗਰੇਜ਼ਾਂ ਨੂੰ ਜਾ ਦਸਿਆ, ਜੋ ਮੁੜ ਕੇ ਮੈਦਾਨ ਦੇ ਮਾਲਕ ਆ ਬਣੇ।

## ਚੇਲੀਆਂ ਵਾਲੀ ਦੀ ਲੜਾਈ

ਗੁਲਾਬ ਸਿੰਘ ਪਹੂਵਿੰਡੀਏ ਨੂੰ ਅਸੀਂ ਰਿਸ਼ਤੇਦਾਰੀ ਦੇ ਕਾਰਨ ਪਿਸ਼ੌਰ ਮਿਲਣ ਚਲੇ ਸਾਂ, ਪਰ ਇਹ ਚਤਰ ਸਿੰਘ ਦੇ ਨਾਲ ਕੈਦ ਕੀਤਾ ਹੋਇਆ ਰਾਹ ਵਿਚ ਹੀ ਮਿਲ ਪਿਆ। ਅਸੀਂ ਚੇਲੀਆਂ ਵਾਲੀ ਲੜਾਈ ਵੇਲੇ ਪਹਾੜੀ ਉਤੇ ਖੜੇ ਵੇਖਦੇ ਸਾਂ। ਪਹਿਲੋਂ ਅਸੀਂ ਪੰਜਾਹ ਕੁ ਆਦਮੀ ਅੱਗੇ ਨੂੰ ਵਧੇ, ਅੰਗਰੇਜ਼ਾਂ ਦੀ ਲਾਂਭ ਨੂੰ ਉਤੇ ਉਤੇ ਹੀ। ਫੇਰ ਲੜਾਈ ਮਠੀ ਹੋਈ, ਤਾਂ ਛਛਰਿਆਂ ਦੇ ਜੰਗਲ ਵਲ ਹੋ ਪਏ। ਕਣੀਆਂ ਪੈਂਦੀਆਂ ਸਨ। ਅਸੀਂ ਰਾਹ ਭੁੱਲ ਗਏ ਸਾਂ। ਅੰਤ ਨੂੰ ਸਭਰਾਵੀਆਂ ਦੇ ਨਾਲ ਰਲ ਕੇ ਡੇਰੇ ਅੱਪੜੇ। ਫੇਰ ਕੁਝ ਕਾਲ ਮਗਰੋਂ ਡੇਰਾ ਗੁਜਰਾਤ ਆਇਆ। ਠੇਰੀ ਉਤੇ ਖੜੇ ਲੜਾਈ ਵੇਖਦੇ ਸਾਂ ਕਿ ਪਹਿਲੇ ਪਠਾਣ ਹੀ ਭੱਜੇ, ਅੰਗਰੇਜ਼ਾਂ ਦਾ ਰਸਾਲਾ ਮਗਰ ਹੋ ਪਿਆ। ਅਸੀਂ ਪਹੂਵਿੰਡੀਏ ਨਾਲ, ਜੋ ਹਾਥੀ ਉਤੇ ਚੜ੍ਹਿਆ ਹੋਇਆ ਸੀ, ਪੰਜਾਹ ਕੁ ਨਫ਼ਰਾਂ ਸਣੇ ਮਾੜੀ ਦੇ ਪਤਣੋਂ, ਜੋ ਬਾਰ੍ਹਾਂ ਕੋਹ ਦੇ ਫ਼ਾਸਲੇ ਉਤੇ ਹੈ, ਰਾਤ ਗਾਹਣ ਲੰਘੇ ਅਤੇ ਲਾਹੌਰ ਵਲ ਹੋ ਪਏ।

ਆਲਾ ਸਿੰਘ ਪੁੱਤਰ ਗੁਲਾਬ ਸਿੰਘ ਦਾ ਤੋਪਾਂ ਦਾ ਕੁਮੇਦਾਨ ਸੀ। ਜਦੋਂ ਸਿੱਖਾਂ ਦੇ ਬਾਗ਼ੀ ਹੋਣ ਦੇ ਲੱਛਣ ਵੇਖੇ ਸਨ, ਤਾਂ ਇਹ ਅੰਗਰੇਜ਼ਾਂ ਦੇ ਬੱਚਿਆਂ ਨੂੰ ਪਠਾਣਾਂ ਦੀ ਗੜ੍ਹੀ ਵਿਚ ਲੈ ਗਿਆ ਸੀ, ਇਸ ਕਰਕੇ ਸਿੱਖਾਂ ਦਾ ਏਹਨਾਂ ਉਤੇ ਭਾਰਾ ਸ਼ਕ ਹੋ ਗਿਆ ਸੀ ਕਿ ਇਹ ਅੰਗਰੇਜ਼ਾਂ ਦੇ ਹਮਾਇਤੀ ਹਨ ਅਤੇ ਸਾਡੇ ਦੁਸ਼ਮਨ ਹਨ, ਇਸ ਕਰਕੇ ਕੈਦ ਰਖਦੇ ਸਨ।

ਇਹ ਸਾਰਾ ਹਾਲ ਆਪਣੀ ਅੱਖੀਂ ਵੇਖਿਆ, ਘੁਮੰਡਾ ਸਿੰਘ ਜੋ ਤਨੀ ਰਿਸ਼ਤੇਦਾਰ ਸੀ, ਉਸ ਦੀ ਜ਼ਬਾਨੀ ਸੁਣਿਆ। ਘੁਮੰਡਾ ਸਿੰਘ ਦੇ ਸਵਾਰਾਂ ਦੀ ਜ਼ਬਾਨੀ ਸੁਣਿਆ ਅਤੇ ਨੱਥਾ ਸਿੰਘ ਦੀ ਜ਼ਬਾਨੀ ਸੁਣਿਆ ਹੈ, ਆਪੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਕਿਸ ਦਾ ਹੈ।

# ਬਾਬਾ ਸ਼ਾਮ ਸਿੰਘ ਜੀ ਆਸਲਾ ਦਾ ਬਿਆਨ

ਬਾਬੇ ਹੁਰੀਂ ਆਸਲੇ ਦੇ ਸਨ ਤੇ ਮੁਲਤਾਨ ਦੀ ਲੜਾਈ ਵਿਚ ਇਨ੍ਹਾਂ ਨੇ ਖ਼ਾਸ ਹਿੱਸਾ ਲਿਆ ਹੈ। ਇਨ੍ਹਾਂ ਨੇ ਜੋ ਕੁਝ ਅੱਖੀਂ ਵੇਖਿਆ ਤੇ ਸੁਣਿਆ ਓਹ ਇਸ ਤਰ੍ਹਾਂ ਬਿਆਨ ਕੀਤਾ :

## ਸਿਖ ਦਰਬਾਰ ਵਿਚ ਫੁੱਟ

ਜਦੋਂ ਸ਼ੇਰ ਸਿੰਘ ਗੱਦੀ ਉਤੇ ਬੈਠਾ ਸੀ, ਮਗਰੋਂ ਲਹਿਣਾ ਸਿੰਘ ਅਤੇ ਅਜੀਤ ਸਿੰਘ ਕੈਦ ਸਨ ਅਤੇ ਅਤਰ ਸਿੰਘ ਪਾਰ ਚਲੇ ਜਾਣ ਕਰਕੇ ਬਚਿਆ ਹੋਇਆ ਸੀ, ਤੇ ਜਿਸ ਵੇਲੇ ਫੇਰ ਏਨ੍ਹਾਂ ਨੂੰ ਜਗੀਰਾਂ ਮਿਲ ਗਈਆਂ ਤਾਂ ਸ਼ੇਰ ਸਿੰਘ ਅਤੇ ਵਜ਼ੀਰ ਵਿਚ ਅਣ-ਬਣ ਹੋ ਗਈ। ਸ਼ੇਰ ਸਿੰਘ, ਧਿਆਨ ਸਿੰਘ ਦੀ ਅਲਖ ਮੁਕਾਉਣੀ ਚਾਹੇ ਅਤੇ ਧਿਆਨ ਸਿੰਘ ਸ਼ੇਰ ਸਿੰਘ ਦੀ, ਪਰ ਇਹ ਦੋਵੇਂ ਭਰਾ ਦੋਹਾਂ ਦੀ। ਇਹੋ ਕਾਰਨ

ਸੀ ਕਿ ਓਹ ਆਪਣੇ ਨੌਕਰ ਢਾਹੇ ਦੇ ਲਾਗੇ ਦੇ ਪਿੰਡਾਂ ਦੇ ਰਖਦੇ ਸਨ, ਜੋ ਲੜਨ ਵਿਚ ਬਹਾਦਰ ਅਤੇ ਲਾਹੌਰ ਦੇ ਹਸਾਨ ਤੋਂ ਦੂਰ ਸਨ। ਇਸ ਦੀ ਸਾਰੀ ਫ਼ੌਜ ਸਾਡੇ ਪਿੰਡਾਂ ਵਲ ਦੀ ਹੀ ਸੀ। ਦੋਹਾਂ ਭਰਾਵਾਂ ਨੇ ਬਹੁਤ ਦੇਰ ਦਾ ਨੇਮ ਕੀਤਾ ਹੋਇਆ ਸੀ ਕਿ ਦੋਵੇਂ ਧਿਰਾਂ ਪਾਰ ਕਰਨੀਆਂ ਚਾਹੀਦੀਆਂ ਹਨ। ਜਿੰਨਾ ਚਿਰ ਇਹ ਕੰਮ ਨਾ ਕੀਤਾ, ਓਹਨਾਂ ਦੋਹਾਂ ਨੇ ਅਤੇ ਖ਼ਾਸ ਕਰ ਅਜੀਤ ਸਿੰਘ ਨੇ ਖੱਬੇ ਹੱਥ ਤੋਂ ਛੁਟ ਢਾਈ ਵਰ੍ਹੇ ਸੱਜੇ ਹੱਥ ਨਾਲ ਰੋਟੀ ਨਹੀਂ ਖਾਧੀ, ਅਤੇ ਸਾਡੀਆਂ ਬੰਦੂਕਾਂ ਦੇ ਫੀਤੇ ਤਾਂ ਮਹੀਨਾ ਭਰ ਪਹਿਲਾਂ ਤੋਂ ਤਿਆਰ ਸਨ ਕਿ ਜਦੋਂ ਦਾਓ ਲਗੇ, ਪਾਰ ਬੁਲਾਈਏ।

## ਸ਼ੇਰ ਸਿੰਘ ਦਾ ਸੰਧਾਂਵਾਲੀਆਂ ਦੇ ਹੱਥੋਂ ਕਤਲ

ਪੈਦਲ ਸਵਾਰ ਰਲੇ-ਮਿਲੇ ਹਜ਼ਾਰ ਅਜੀਤ ਸਿੰਘ ਦੇ ਅਤੇ ਪੰਜ ਸੌ ਲਹਿਣਾ ਸਿੰਘ ਦੇ ਆਦਮੀ ਸਨ, ਜਿਨ੍ਹਾਂ ਦੀ ਹਾਜ਼ਰੀ ਦੇਣੀ ਸੀ। ਅਸੀਂ ਵੀ ਵਿਚ ਸਾਂ। ਅਜੀਤ ਸਿੰਘ ਨੇ ਅਗੇ ਵੱਧ ਕੇ ਮਹਾਰਾਜਾ ਸ਼ੇਰ ਸਿੰਘ ਨੂੰ ਕਰਾਬੀਨ ਵਿਖਾਈ, ਪਰ ਕਲਾ ਦਾ ਪਤਾ ਨਾ ਲਗਣ ਕਰਕੇ (ਜੋ ਅਨਜਾਣ ਨੂੰ ਨਹੀਂ ਸੀ ਲੱਭਦੀ) ਸ਼ੇਰ ਸਿੰਘ ਨੇ ਕਿਹਾ, ਤੂੰ ਹੀ ਦੱਸ ਦੇ ਇਸ ਦੀ ਕਲਾ। ਅਜੀਤ ਸਿੰਘ ਨੇ ਮਗਰੋਂ ਹੀ ਘੋੜਾ ਨੱਪ ਦਿੱਤਾ ਅਤੇ ਗੋਲੀ ਸ਼ੇਰ ਸਿੰਘ ਦੇ ਸੱਜੇ ਮੱਮੇ ਉਤੇ ਵੱਜੀ, ਜੀ-ਭਿਆਣਾ ਉਠ ਕੇ ਖ਼ਾਬਗਾਹ ਵਲ ਉੱਤੇ ਭੱਜ ਗਿਆ, ਪਰ ਸ਼ੇਰ ਸਿੰਘ ਭੂਰਿਆਂ ਵਾਲਾ ਮਗਰ ਹੀ ਗਿਆ ਅਤੇ ਸਿਰ ਵੱਢ ਕੇ ਲੈ ਆਇਆ।

ਸ਼ੇਰ ਸਿੰਘ ਦੇ ਪਾਸ ਖੜੇ ਮਹਿਰੇ ਨੇ ਤਲਵਾਰ ਖਿੱਚੀ ਸੀ, ਪਰ ਓਹ ਤੜੱਕ ਹੀ ਮਾਰਿਆ ਗਿਆ। ਸ਼ੇਰ ਸਿੰਘ ਦੀ ਅੜਦਲ ਵਿਚ ਤੋਪਾਂ ਵੀ ਸਨ, ਪਰ ਅਜੀਤ ਸਿੰਘ ਨੇ ਉਹਨਾਂ ਦਾ ਬੰਦੋਬਸਤ ਵੀ ਪਹਿਲਾਂ ਹੀ ਕਰ ਛਡਿਆ ਸੀ। ਤੋਪਾਂ ਉਤੇ ਪੰਜ ਸੌ ਕਰਾਬੀਨਾਂ ਵਾਲੇ ਖੜੇ ਕਰ ਛਡੇ ਸਨ। ਇਹ ਤਾਂ ਪਤਾ ਹੀ ਸੀ ਕਿ ਸ਼ੇਰ ਸਿੰਘ ਨੇ ਬਾਹਰ ਆ ਕੇ ਹਾਜ਼ਰੀ ਲੈਣੀ ਹੀ ਨਹੀਂ, ਅੰਦਰੋਂ ਹੀ ਵੇਖ ਕੇ ਕਹਿ ਛਡੇਗਾ ਕਿ ਬਹੁਤ ਚੰਗੇ ਜਵਾਨ ਅਤੇ ਸੁੰਦਰ ਫ਼ੌਜ ਹੈ, ਸ਼ਾਬਾਸ਼ ਹੈ ਤੇਰੇ ! ਸੋ ਅਜਿਹਾ ਹੀ ਹੋਇਆ। ਇਸ ਕਰਕੇ ਤੋਪਾਂ ਨੂੰ ਘੇਰ ਛਡਣਾ ਕੋਈ ਸ਼ੱਕ ਨਹੀਂ ਪਾ ਸਕਦਾ ਸੀ, ਜਦੋਂ ਗੋਲੀ ਸਰ ਹੋਈ ਤਾਂ ਗੋਲੰਦਾਜ਼ ਭੱਜ ਕੇ ਤੋਪਾਂ ਵਲ ਹੋਏ, ਪਰ ਕਰਾਬੀਨਾਂ ਵੇਖ ਕੇ ਹਟ ਗਏ।

ਫੇਰ ਸਭ ਕਿਲ੍ਹੇ ਵਲ ਗਏ ਅਤੇ ਦਰਵਾਜ਼ਿਓਂ ਨਿਕਲਦੇ ਹੀ ਧਿਆਨ ਸਿੰਘ ਲੈ ਲਿਆ। ਪਹਿਲੀ ਡਿਉਢੀ ਪਾਸ ਹੀ ਸਭ ਉਸ ਦੇ ਹਮ-ਰਾਹੀ ਡੱਕੇ ਗਏ, ਅਤੇ ਦੂਜੀ ਡਿਉਢੀ ਵਿਚ ਚੰਦ ਕੌਰ ਦੇ ਮਾਰਨ ਦਾ ਕਥਨ ਕਹਿ ਕੇ ਅਜੀਤ ਸਿੰਘ ਨੇ ਪਿੱਠ ਵਿਚ ਗੋਲੀ ਮਾਰੀ ਅਤੇ ਥਾਂ ਹੀ ਰਖਿਆ। ਦਲੀਪ ਸਿੰਘ ਨੂੰ ਲਹੂ ਦਾ ਤਿਲਕ ਦਿੱਤਾ ਅਤੇ ਸਲਾਹ ਹੋਈ ਕਿ ਫ਼ੌਜ ਵਿਚ ਫਿਰ ਆਈਏ, ਪਰ ਗਿਆਨੀ ਨੇ ਆਖਿਆ ਕਿ ਆਪੇ ਹੀ ਗੂੰਹ ਖਾ ਕੇ ਆ ਮਿਲਣਗੇ, ਫ਼ੌਜ ਦਾ ਕੀ ਹੈ। ਇਸ ਕਰਕੇ ਨਾ ਗਏ, ਅਤੇ ਸ਼ਰਾਬਾਂ ਪੀਣ ਲਗ ਪਏ।

ਅੱਜ ਪਹਿਲਾ ਦਿਨ ਹੈ ਕਿ (ਅਜੀਤ ਸਿੰਘ ਤੇ ਲਹਿਣਾ ਸਿੰਘ ਨੇ) ਖ਼ੁਸ਼ੀ ਨਾਲ

ਸੱਜੇ ਹਥ ਨਾਲ ਸ਼ਰਾਬ ਪੀਤੀ। ਕੰਜਰੀ ਕੋਈ ਨਹੀਂ ਮੰਗਵਾਈ ਸੀ, ਇਹ ਝੂਠੀ ਤੋਹਮਤ ਹੈ। ਹੀਰਾ ਸਿੰਘ ਨੇ ਫ਼ੌਜ ਨੂੰ ਜਾ ਕੇ ਬਹਿਕਾਇਆ ਅਤੇ ਖ਼ਾਸ ਕਰਕੇ ਕਿਹਾ ਕਿ ਅਤਰ ਸਿੰਘ ਅੰਗਰੇਜ਼ਾਂ ਨੂੰ ਲੈਣ ਗਿਆ ਹੈ। ਜੇ ਸੰਧਾਂਵਾਲੀਏ ਰਹੇ ਤਾਂ ਅੰਗਰੇਜ਼ ਆ ਜਾਣਗੇ; ਨਾਲ ਹੀ ਇਕ ਇਕ ਬੁਤਕੀ ਦਾ ਲਾਲਚ ਦਿੱਤਾ। ਸਾਰੀ ਫ਼ੌਜ ਖਾਊ-ਪੀਏ ਕਿਲ੍ਹੇ ਨੂੰ ਘੇਰ ਖੜੋਤੀ, ਅਤੇ ਅਸੀਂ ਅੰਦਰ ਤਤਪਰ ਹੋ ਗਏ। ਸਾਰੀ ਰਾਤ ਲੜਾਈ ਹੁੰਦੀ ਰਹੀ ਅਤੇ ਅਜੀਤ ਸਿੰਘ ਤੇ ਲਹਿਣਾ ਸਿੰਘ ਮੋਰਚੇ ਬਿਠਾਉਂਦੇ ਫਿਰਦੇ ਸਨ। ਐਨ ਅੱਧੀ ਰਾਤ ਮੋਰਚੇ ਬਿਠਾਉਂਦੇ ਲਹਿਣਾ ਸਿੰਘ ਨੂੰ ਹਿੱਕ ਵਿਚ ਗੋਲੀ ਵੱਜੀ ਅਤੇ ਨੌਕਰ ਝਟਪਟ ਹੀ ਉਠਾ ਕੇ ਖ਼ਾਬਗਾਹ ਵਿਚ ਲੈ ਗਏ। ਦੂਜੇ ਬੰਨੇ ਵਲ ਅਜੀਤ ਸਿੰਘ ਵੀ ਇਹੋ ਕੁਝ ਕਰ ਰਿਹਾ ਸੀ। ਜਦੋਂ ਚਾਚੇ ਨੂੰ ਗੋਲੀ ਲਗਣ ਦੀ ਖ਼ਬਰ ਲਗੀ, ਤਾਂ ਉਹ ਉਸ ਦੇ ਪਾਸ ਜਾ ਕੇ ਰੋਣ ਲਗ ਪਿਆ। ਲਹਿਣਾ ਸਿੰਘ ਬਹੁਤ ਗੁੱਸੇ ਹੋਇਆ ਅਤੇ ਕਿਹਾ ਕਿ "ਮਾਰਨਾ ਰਾਜਿਆਂ ਅਤੇ ਵਜ਼ੀਰਾਂ ਨੂੰ, ਅਤੇ ਫੇਰ ਰੋਣਾ ਤੀਵੀਂਆਂ ਵਾਂਗ! ਇਹ ਕੀ ਗੱਲ ਹੈ ? ਹੋਵੇਂ ਭਤੀਜਾ ਮੇਰਾ, ਅਤੇ ਫੇਰ ਰੋਵੇਂ ? ਇਹ ਕੀ ਗੱਲ! ਜੇ ਮੈਂ ਜੀਊਂਦਾ ਰਹਿੰਦਾ ਤਾਂ ਸਵੇਰੇ ਕੰਧ ਟਪ ਕੇ ਤਲਵਾਰ ਦੀ ਲੜਾਈ ਕਰਦਾ, ਪਰ ਕਰਾਂ ਕੀ ਬੇ-ਬਸ ਹਾਂ; ਜਾ! ਸਵੇਰੇ ਲੜ ਕੇ ਮਰੀਂ, ਰੋਇਆਂ ਕੁਝ ਨਹੀਂ ਬਣਦਾ।"

ਅਜਿਹਾ ਹੀ ਹੋਇਆ; ਸਵੇਰੇ ਅਜੀਤ ਸਿੰਘ ਫ਼ਸੀਲੋਂ ਟਪਿਆ, ਪਰ ਨੌਕਰ ਨੇ ਢਾਲ ਤਲਵਾਰ ਨਾ ਦਿੱਤੀ; ਖ਼ਾਲੀ ਹਥ ਹੀ ਪਿਆ, ਅਤੇ ਤਿੰਨ ਸੰਗੀਨਾਂ ਖਾ ਕੇ ਮਾਰਿਆ ਗਿਆ। ਦੋਹਾਂ (ਸੰਧਾਂਵਾਲੀਆਂ) ਦਾ ਖ਼ਾਤਮਾ ਹੋ ਗਿਆ। ਅਤਰ ਸਿੰਘ ਤਾਂ ਸ਼ੇਰ ਸਿੰਘ ਦੇ ਮਰਨ ਵੇਲੇ ਏਥੇ ਹੀ ਨਹੀਂ ਸੀ; ਕੁਝ ਉਸ ਨੂੰ ਬੁਲਾਉਣ ਲਈ ਅਤੇ ਕੁਝ ਫ਼ੌਜ ਦੇ ਗੁੱਸੇ ਤੋਂ ਡਰਦਿਆਂ ਨੇ ਕਿ ਉਹ ਸ਼ੇਰ ਸਿੰਘ ਦੇ ਕਾਤਲ ਨੂੰ ਜ਼ਰੂਰ ਕਤਲ ਕਰੇਗੀ, ਪੰਜਾਬ ਸਿੰਘ ਭੂਰਿਆਂ ਵਾਲੇ ਨੂੰ ਭਾਈ ਵੀਰ ਸਿੰਘ ਜੀ ਵਲ ਘੱਲਿਆ ਸੀ, ਪਰ ਭਾਈ ਵੀਰ ਸਿੰਘ ਜੀ ਨੇ ਅਤਰ ਸਿੰਘ ਨੂੰ ਕਹਿ ਦਿੱਤਾ ਸੀ ਕਿ ਬਸ ਨਾ ਜਾ, ਕੰਮ ਹੋ ਚੁੱਕਾ ਹੈ।

## ਹੀਰਾ ਸਿੰਘ ਦਾ ਕਤਲ

ਜਿਸ ਵੇਲੇ ਹੀਰਾ ਸਿੰਘ ਅੰਦਰ ਵੜਿਆ ਤਾਂ ਸੰਧਾਂਵਾਲੀਆਂ ਦੀ ਫ਼ੌਜ ਦੇ ਆਦਮੀ ਉਸ ਦੀ ਫ਼ੌਜ ਨਾਲ ਜਾ ਰਲੇ, ਕਿਉਂਕਿ ਸਕੀਰੀ ਹਰ ਇਕ ਦੀ ਕਿਸੇ ਨਾ ਕਿਸੇ ਪਲਟਣ ਵਿਚ ਸੀ ਹੀ। ਕਈ ਬਚ ਵੀ ਗਏ। ਪਰ ਜੋ ਹੱਥ ਆਇਆ, ਹੀਰਾ ਸਿੰਘ ਨੇ ਉਸ ਨੂੰ ਜਸਰੋਟੇ ਦੇ ਕਿਲ੍ਹੇ ਵਿਚ ਕੈਦ ਕਰ ਕੇ ਘੱਲ ਦਿੱਤਾ। ਲਹਿਣਾ ਸਿੰਘ ਦਾ ਥਾਣੇਦਾਰ ਭਾਨ ਸਿੰਘ ਵੀ ਜਸਰੋਟੇ ਹੀ ਘੱਲਿਆ ਗਿਆ। ਅਸੀਂ ਤਾਂ ਬਚ ਕੇ ਪਾਰ ਚਲੇ ਗਏ ਅਤੇ ਜਦੋਂ ਤੀਕ ਹੀਰਾ ਸਿੰਘ ਰਿਹਾ, ਮੁੜ ਕੇ ਨਾ ਆਏ। ਕੈਦੀ ਵੀ ਉਸ ਦੇ ਮਾਰੇ ਜਾਣ ਦੇ ਮਗਰੋਂ ਹੀ ਛੁੱਟੇ ਅਤੇ ਅਸੀਂ ਫੇਰ ਆ ਨੌਕਰ ਹੋਏ।

ਹੀਰਾ ਸਿੰਘ ਨੂੰ ਪੜਤਲਾਂ ਨੇ ਬਾਹਮਣਾਵਾਦ ਜਾ ਘੇਰਿਆ ਸੀ; ਅਤੇ ਓਨ੍ਹਾਂ ਡੋਗਰਿਆਂ ਨੇ ਆਪਣਾ ਸਾਰਾ ਵਲੇਵਾਂ ਰਤਨੋਂ ਰਾਜਪੂਤਨੀ ਨੂੰ ਦੇ ਦਿੱਤਾ ਸੀ। ਜਵਾਹਰ

ਸਿੰਘ ਨੇ ਹੀਰਾ ਸਿੰਘ ਦੇ ਮਾਰਨ ਦੇ ਸਿਲ੍ਹੇ ਵਿਚ ਫ਼ੌਜ ਨੂੰ ਕੈਂਠੇ ਦਿੱਤੇ।

ਲਹਿਣਾ ਸਿੰਘ ਬੜਾ ਸੂਰਬੀਰ ਅਤੇ ਜੋਧਾ ਸੀ ਅਤੇ ਸਰਕਾਰ ਵੀ ਇਸ ਪਾਸੋਂ ਖ਼ੌਫ਼ ਖਾਇਆ ਕਰਦੀ ਸੀ। ਓਹ ਸਦਾ ਅਤਰ ਸਿੰਘ ਨੂੰ ਨਾਲ ਲੈ ਕੇ ਹਾਥੀ ਉਤੇ ਚੜ੍ਹਦੀ, ਪਰ ਲਹਿਣਾ ਸਿੰਘ ਨੂੰ ਕਦੀ ਵੀ ਆਪਣੇ ਪਾਸ ਨਾ ਬਿਠਾਉਂਦੀ। ਖ਼ੌਫ਼ ਦੇ ਮਾਰੇ ਸਦਾ ਹੀ ਮੁਹਿੰਮਾਂ ਉਤੇ ਉਸ ਨੂੰ ਘਲ ਛਡਦੀ, ਜੋ ਮੁਸ਼ਕਲ ਤੋਂ ਮੁਸ਼ਕਲ ਹੋਵੇ, ਪਰ ਫਿਰ ਭੀ ਓਹ ਸਰ ਕਰ ਲੈਂਦਾ। ਜੇਕਰ ਓਹ ਜੀਊਂਦਾ ਰਹਿੰਦਾ ਤਾਂ ਹੀਰਾ ਸਿੰਘ ਸਿੰਘ ਦੀ ਕੀ ਮਜਾਲ ਸੀ ਜੋ ਕਿਲ੍ਹਾ ਲੈ ਲੈਂਦਾ, ਓਹ ਇਕੱਲਾ ਹੀ ਸਭਸ ਨੂੰ ਭਜਾ ਦੇਂਦਾ।

ਅਜੀਤ ਸਿੰਘ ਦਾ ਕੋਈ ਪੁੱਤਰ ਨਹੀਂ ਸੀ, ਇਸ ਕਰਕੇ ਲਹਿਣਾ ਸਿੰਘ ਦੇ ਦੋਹਾਂ ਪੁੱਤਰਾਂ ਪਰਤਾਪ ਸਿੰਘ ਅਤੇ ਠਾਕਰ ਸਿੰਘ ਨੇ ਹੀ ਆਪਣੀ ਸਾਰੀ ਫ਼ੌਜ ਆਪਣੇ ਜ਼ਿੰਮੇ ਲੈ ਲਈ। ਪਰਤਾਪ ਸਿੰਘ ਤਾਂ ਜਦੋਂ ਲਾਹੌਰ ਪੂਰਬੀਆਂ ਨੂੰ ਖਲ੍ਹਵਾ ਖਲ੍ਹਵਾ ਕੇ ਮਰਵਾਈ ਜਾਂਦਾ ਸੀ, ਉਸ ਤੋਂ ਪੰਦਰਾਂ ਕੁ ਦਿਨਾਂ ਮਗਰੋਂ ਢਿਡ ਪੀੜ ਨਾਲ ਮਰ ਗਿਆ ਅਤੇ ਠਾਕੁਰ ਸਿੰਘ ਦਲੀਪ ਸਿੰਘ ਵਾਲੀ ਗੱਲ ਵਿਚ ਫਸ ਗਿਆ।

## ਅੰਗਰੇਜ਼ਾਂ ਨਾਲ ਲੜਾਈ

ਜਦੋਂ ਫ਼ੌਜਾਂ ਲੜਾਈ ਵਾਸਤੇ ਤਿਆਰ ਹੋਈਆਂ ਤਾਂ ਰਾਣੀ ਨੇ ਫ਼ਰਾਂਸੀਸੀ ਫ਼ੌਜ ਨੂੰ, ਜਿਸ ਵਿਚ ਚਾਰ ਪੜਤਲਾਂ ਅਤੇ ਦੋ ਰਜਬਣਾਂ ਸਨ, ਹੁਕਮ ਦਿਤਾ ਕਿ ਪਿਸ਼ੌਰ ਜਾਓ, ਪਰ ਓਹ ਵੇਹਰ ਪਏ, ਕਹਿਣ : ਲੜਾਈ ਛਡ ਕੇ ਅਸੀਂ ਕਿਉਂ ਜਾਈਏ, ਪਿਸ਼ੌਰ ਵਿਚ ਰਹਿ ਕੇ ਖ਼ਾਲਸੇ ਵਿਚ ਕਾਇਰ ਅਖਵਾਈਏ ? ਬਿਨਾਂ ਹੁਕਮ ਹੀ ਸਤਲੁਜ ਨੂੰ ਤੁਰ ਪਈਆਂ ਅਤੇ ਸਭ ਤੋਂ ਪਹਿਲਾਂ ਪਾਰ ਹੋਈਆਂ। ਮਗਰੋਂ ਤਾਂ ਫੇਰ ਵਹੀਰ ਹੀ ਪੈ ਗਿਆ। ਇਹੋ ਹੀ ਪੜਤਲਾਂ ਸਨ, ਜਿਨ੍ਹਾਂ ਪਾਸ ਕਾਫ਼ੀ ਗੋਲਾ ਬਾਰੂਦ ਸੀ, ਨਹੀਂ ਤਾਂ ਹੋਰ ਸਭ ਇਸ ਗੱਲ ਲਈ ਰਾਣੀ ਦੇ ਅਧੀਨ ਸਨ।

ਇਸ ਗੱਲ ਲਈ ਲੁਹਾਮੀ ਤਾਂ ਬਹੁਤ ਖੁੱਲੇ ਘੋੜ-ਚੜ੍ਹੇ ਹੀ ਸਨ, ਜਿਨ੍ਹਾਂ ਵਿਚ ਨਿਹੰਗ ਅਤੇ ਸਿੰਘ ਰਲੇ-ਮਿਲੇ ਸਨ। ਫੇਰੂ ਸ਼ਹਿਰ ਵਿਚ ਫ਼ਰਾਂਸੀਸੀ ਫ਼ੌਜਾਂ ਅਤੇ ਖੁਲ੍ਹੇ ਘੋੜ-ਚੜ੍ਹੇ ਸਨ। ਰਾਤ ਨੂੰ ਤੇਜਾ ਸਿੰਘ ਨੂੰ ਸਿੰਘ ਆਖਦੇ ਰਹੇ ਕਿ ਚਲੋ ਲੜੀਏ, ਪਰ ਇਹ ਬਾਈ ਬੇੜੇ ਰੋਕੀ ਟਾਲਦਾ ਹੀ ਰਿਹਾ। ਏਥੇ ਬਾਰੂਦ ਦੀ ਥਾਂ ਸਰ੍ਹੋਂ ਦੇ ਬੋਰੇ ਮਿਲੇ, ਅਤੇ ਸੁਲਤਾਨ ਖ਼ਾਂ ਤੋਪਾਂ ਦੇ ਅਫ਼ਸਰ ਦੇ ਮੂੰਹ ਵਿਚ ਸੂਰ ਦੀ ਹੱਡੀ ਦਿੱਤੀ ਸਿੰਘਾਂ ਨੇ, ਕਿਉਂਕਿ ਉਸ ਨੇ ਤੋਪਾਂ ਨੂੰ ਪਲੀਤਾ ਨਾ ਲਾਇਆ। ਉਸ ਨੇ ਅਥਰੂੰ ਭਰ ਕੇ ਕਿਹਾ, ਜੇ ਮੈਨੂੰ ਖ਼ਬਰ ਹੁੰਦੀ ਕਿ ਤੁਸਾਂ ਮੈਨੂੰ ਬੇਦੀਨ ਕਰਨਾ ਹੈ ਤਾਂ ਮੈਂ ਇਕ ਪਲੀਤੇ ਨਾਲ ਹੀ ਗੋਰਿਆਂ ਦਾ ਖੋਜ ਮਿਟਾ ਦੇਂਦਾ।

ਏਸੇ ਗੱਲ ਦੇ ਮਾਰੇ ਵਿਚਾਰੇ ਨੇ ਸਭਰਾਵਾਂ ਇਕ ਤੋਪ ਸਾਂਭੀ ਅਤੇ ਅਖ਼ੀਰ ਤਕ ਗੋਲੇ ਮਾਰਦਾ ਰਿਹਾ, ਅਤੇ ਅਖ਼ੀਰ ਨੂੰ ਓਥੇ ਹੀ ਮਾਰਿਆ ਗਿਆ। ਸਰਦਾਰ ਸ਼ਾਮ ਸਿੰਘ ਦਾ ਤੰਬੂ, ਮੇਵਾ ਸਿੰਘ ਦੀਆਂ ਪੜਤਲਾਂ ਦੇ ਪਿੱਛੇ ਸੀ। ਸਭ ਸਰਦਾਰਾਂ ਦੇ ਲਾਲ ਤੰਬੂ ਸਨ। ਸਭ ਸਰਦਾਰ ਅੰਗਰੇਜ਼ਾਂ ਨਾਲ ਮਿਲੇ ਹੋਏ ਸਨ, ਕੇਵਲ ਸੱਚੇ ਮੇਵਾ ਸਿੰਘ ਅਤੇ

ਸ਼ਾਮ ਸਿੰਘ ਹੀ ਸਨ, ਜੋ ਟੋਟੇ ਟੋਟੇ ਹੋ ਕੇ ਲੜੇ ਸਨ। ਮੇਵਾ ਸਿੰਘ ਦੀਆਂ ਪੜਤਲਾਂ ਨੇ ਸ਼ਾਮ ਸਿੰਘ ਦੀਆਂ ਪੜਤਲਾਂ ਨਾਲੋਂ ਘਟ ਬਹਾਦਰੀ ਨਹੀਂ ਕੀਤੀ, ਪਰ ਸਰਦਾਰ ਹੋਣ ਕਰਕੇ ਸ਼ਾਮ ਸਿੰਘ ਦਾ ਨਾਮ ਵੱਜ ਗਿਆ, ਨਹੀਂ ਤਾਂ ਅਸਲ ਵਿਚ ਇਹ ਗੋਲੀ ਖਾ ਕੇ ਬਰੇਤੀ ਵਿਚ ਮੋਇਆ ਹੈ।

ਸਰਦਾਰਾਂ ਦੀ ਸਲਾਹ ਫ਼ੌਜ ਨੂੰ ਮਰਵਾਉਣ ਦੀ ਸੀ, ਲੜਾਈ ਤੋਂ ਪਹਿਲੀ ਸ਼ਾਮ ਸ਼ਮਸ਼ੇਰ ਸਿੰਘ ਸੰਧਾਂਵਾਲੀਏ ਨੇ, ਜੋ ਸਾਡਾ ਅਫ਼ਸਰ ਸੀ, ਆਪਣੇ ਢਾਈ ਹਜ਼ਾਰ ਘੋੜ-ਚੜ੍ਹੇ ਨੂੰ ਹੁਕਮ ਦਿੱਤਾ ਕਿ ਮੇਰੇ ਨਾਲ ਮੋਰਚੇ ਵਿਚੋਂ ਉਠ ਕੇ, ਜੋ ਸੱਜੇ ਬੰਨ੍ਹੇ ਅਖ਼ੀਰ ਉਤੇ ਸੀ, ਹਰੀ ਕੇ ਪੱਤਣ ਚਲੇ ਆਓ। ਬਹੁਤੇਰਾ ਆਖਿਆ, ਪਰ ਉਸ ਨੇ ਕੁਝ ਨਾ ਸੁਣਿਆ। ਪਰਤਾਪ ਸਿੰਘ ਭੂਰਿਆਂ ਵਾਲਾ ਸੰਧਾਂਵਾਲੀਆਂ ਦਾ ਕਾਰ ਮੁਖ਼ਤਾਰ ਸੀ। ਉਸ ਨੂੰ ਸਭ ਗੱਲ ਦਾ ਭੇਦ ਸੀ, ਪਰ ਉਸ ਨੇ ਵੀ ਨਾ ਦੱਸਿਆ। ਹਾਂ ਅਸਾਂ ਸਾਰਿਆਂ ਅਸਲ ਭੇਤ ਜਾਚ ਹੀ ਲਿਆ ਤੇ ਮਸ਼ਹੂਰ ਇਹ ਕੀਤਾ ਕਿ ਅਸੀਂ ਪੱਤਣ ਥਾਣੀਂ ਗੋਰਿਆਂ ਦੇ ਮਗਰ ਪਵਾਂਗੇ, ਪਰ ਪੈਣਾ ਕਿਨ ਸੀ ਜਾ ਕੇ, ਡੇਰੇ ਹੀ ਲਾ ਛੱਡੇ, ਅਤੇ ਲੜਾਈ ਵਿਚ ਕੁਝ ਹਿੱਸਾ ਨਾ ਲਿਆ।

'ਨਵੀਂ ਪੜਤਲ', ਜੋ ਜਮਾਦਾਰ ਖ਼ੁਸ਼ਹਾਲ ਸਿੰਘ ਨੇ ਬਣਾਈ ਸੀ, ਦਰਿਆ ਦੇ ਉਪਰ ਉਰਾਰ ਪੁਲ ਦੀ ਸੋਘਾਂ ਵਾਸਤੇ ਸੀ, ਪਰ ਅੰਦਰੋਂ ਤੇਜਾ ਸਿੰਘ ਦੀ ਪੜ੍ਹਾਈ ਹੋਈ ਸੀ। ਜਦੋਂ ਸਿੰਘ ਪੁਲ ਥਾਣੀਂ ਮੁੜਨ ਲੱਗੇ, ਤਾਂ ਇਸ ਪੜਤਲ ਨੇ ਬੰਦੂਕਾਂ ਮਾਰੀਆਂ ਅਤੇ ਬਹੁਤਿਆਂ ਨੂੰ ਥਾਂ ਹੀ ਰਖਿਆ। ਇਸ ਪੜਤਲ ਵਿਚ ਪਰਤਾਪ ਸਿੰਘ ਭੂਰਿਆਂ ਵਾਲੇ ਦੇ ਦੋ ਪੁੱਤਰ ਜਮੀਤ ਸਿੰਘ ਅਤੇ ਜੀਤ ਸਿੰਘ ਕੁਮੇਦਾਨ ਅਤੇ ਜਮਾਦਾਰ ਸਨ। ਜਦੋਂ ਬੰਦੂਕਾਂ ਮਾਰਨ ਦੀ ਖ਼ਬਰ ਹਰੀ ਕੇ ਪੱਤਣ ਪਰਤਾਪ ਸਿੰਘ ਨੂੰ ਅੱਪੜੀ ਤਾਂ ਸਾਡੇ ਸਾਹਮਣੇ ਘੋੜੇ ਨੂੰ ਅੱਡੀ ਲਾ ਕੇ ਪੁੱਤਰਾਂ ਵਲ ਆਇਆ ਅਤੇ ਦੋਹਾਂ ਨੂੰ ਕੋਟੜੇ ਮਾਰੇ ਤੇ ਗਾਲ੍ਹੀਆਂ ਦੇ ਕੇ ਕਿਹਾ ਕਿ ਜਿਨ੍ਹਾਂ ਨੂੰ ਮਾਰਦੇ ਹੋ, ਇਹ ਸਭ ਆਸਲੇ, ਭੂਰਿਆਂ, ਵਲਟੋਹੇ ਆਦਿ ਪਿੰਡਾਂ ਦੇ ਸਾਡੇ ਹੀ ਭਰਾ ਹਨ। ਇਸ ਤੋਂ ਮਗਰੋਂ ਓਹਨਾਂ ਕੋਈ ਫ਼ੈਰ ਨਾ ਕੀਤਾ।

## ਮੂਲ ਰਾਜ ਨਾਲ ਲੜਾਈ

ਜਦੋਂ ਅੰਗਰੇਜ਼ ਮੁਲਤਾਨ ਗਏ, ਤਾਂ ਕਿਲ੍ਹੇ ਦੀ ਪਕਿਆਈ ਵੇਖ ਕੇ ਆਖਿਆ : ਥੂਕ ਹੈ ਐਸੇ ਆਦਮੀ ਉਤੇ ਜੋ ਐਸਾ ਪੱਕਾ ਕਿਲ੍ਹਾ ਰਖ਼ਦਿਆਂ ਹੋਇਆਂ ਵੀ ਬਿਨਾਂ ਮੁਕਾਬਲਾ ਕੀਤੇ ਕਿਲ੍ਹਾ ਦੇ ਦੇਵੇ। ਇਕ ਨਿਹੰਗ ਸਿੰਘ ਪੁਰਾਣਾ ਨੌਕਰ ਮੂਲ ਰਾਜ ਦਾ ਸੀ, ਉਹ ਇਹ ਗੱਲ ਜਰ ਨਾ ਸਕਿਆ। ਉਸ ਬਾਹਰ ਆਉਂਦਿਆਂ ਹੀ ਅੰਗਰੇਜ਼ਾਂ ਨੂੰ ਡਿਉਢੀ ਵਿਚ ਹੀ ਘਾਇਲ ਕਰ ਦਿੱਤਾ, ਫ਼ੌਜ ਸਭ ਆਕੀ ਹੋ ਗਈ, ਮੂਲ ਰਾਜ ਦੀ ਫ਼ੌਜ ਨੇ ਪਹਿਲੋਂ ਅੰਗਰੇਜ਼ਾਂ ਦੀ ਫ਼ੌਜ 'ਤੇ ਘੁਸਾਵੇਂ ਗੋਲੇ ਮਾਰੇ ਕਿ ਨੁਕਸਾਨ ਕੁਝ ਨਾ ਹੋਵੇ, ਪਰ ਆਦਮੀ ਆ ਵੀ ਮਿਲਣ। ਸੋ ਅਜਿਹਾ ਹੀ ਹੋਇਆ।

ਮੂਲ ਰਾਜ ਨੇ ਮਾਝੇ ਵਿਚ ਪਰਵਾਨੇ ਘੱਲੇ ਕਿ ਹੁਣ ਵੇਲਾ ਹੈ। ਜੇਕਰ ਤੁਹਾਨੂੰ

ਆਇਆਂ ਨੂੰ ਮੈਂ ਨਾ ਰਖਾਂ, ਤਾਂ ਮੇਰੇ ਥੂਕ, ਅਤੇ ਜੇ ਤੁਸੀਂ ਹੁਣ ਨਾ ਆਓ ਤਾਂ ਤੁਹਾਡੇ ਥੂਕ। ਸਾਡੇ ਪਿੰਡ ਪਰਵਾਨਾ ਨੰਬਰਦਾਰ ਨੱਥਾ ਸਿੰਘ ਪਾਸ ਤਿਕਾਲਾਂ ਪਈ ਆਇਆ। ਉਸ ਨੇ ਸਭ ਗਭਰੂਟਾਂ ਨੂੰ ਦਿਨੇ ਖ਼ਬਰ ਕਰ ਦਿੱਤੀ ਕਿ ਤਿਆਰ ਹੋ ਜਾਓ। ਫੇਰ ਲਾਗੇ ਦੇ ਵੱਡੇ ਵੱਡੇ ਪਿੰਡਾਂ ਜਿਹਾ ਕਿ ਵਲਟੋਹਾ, ਸਰਹਾਲੀ ਵੱਡੀ, ਸਭਰਾਂ, ਜ਼ਾਮਣ ਆਦਿਕ ਵਿਚ ਖ਼ਬਰਾਂ ਘਲ ਦਿੱਤੀਆਂ ਕਿ 'ਕਾਲੀਏ' ਪਿੰਡ ਤਿਕਾਲੀਂ ਪਈ ਇਕੱਠ ਹੋਵੇਗਾ। ਸਭ ਗਭਰੂਟ ਆਵਣ। ਅੱਠ ਭਾਦਰੋਂ ਨੂੰ ਰਾਤ ਇਕੱਠ ਹੋਇਆ, ਪੰਜ ਸੌ ਜਵਾਨ ਤਿਆਰ ਸਨ। ਦੋ ਬਲੋਚ ਸੂਹੀਏ ਲਏ। ਜਿਹੜਾ ਪਹਿਲੋਂ ਆਇਆ ਸੀ, ਉਸ ਨੇ ਤਾਂ ਇਕਰਾਰ ਕੀਤਾ ਸੀ ਕਿ ਮੈਂ ਜੰਗਲੋ-ਜੰਗਲ ਮੁਲਤਾਨ ਲੈ ਜਾਵਾਂਗਾਂ ਅਤੇ ਬਾਗ਼ੀਂ ਬਾਗ਼ੀਂ ਕੋਹੀਂ ਪਾਣੀ ਦਾ ਖੂਹ ਵੀ ਮਿਲਵਾਈ ਜਾਵਾਂਗਾ। ਜੋ ਮਗਰੋਂ ਆਇਆ ਉਸ ਕਿਹਾ ਕਿ ਮੈਂ ਜੰਗਲੋ-ਜੰਗਲ ਬੜੇ ਸਿੱਧੇ ਰਾਹ ਬਗ਼ੈਰ ਕਿਸੇ ਖ਼ਤਰੇ ਤੋਂ ਮੁਲਤਾਨ ਲੈ ਜਾਵਾਂਗਾ। ਪਹਿਲੇ ਨੂੰ ਤਾਂ ਅਸਾਂ ਚੰਦਾ ਇਕੱਠਾ ਕਰ ਕੇ ਸੌ ਰੁਪਿਆ ਦੇ ਦਿੱਤਾ, ਪਰ ਦੂਜੇ ਨਾਲ ਇਕਰਾਰ ਕੀਤਾ ਕਿ ਮੁਲਤਾਨ ਅਪੜਿਆਂ ਮੂਲ ਰਾਜ ਪਾਸੋਂ ਪੰਜ ਸੌ ਰੁਪਿਆ ਦਿਵਾ ਦੇਵਾਂਗੇ।

ਇਹ ਬੰਦੋਬਸਤ ਕਰ ਕੇ ਅਸਾਂ ਰਾਤੋ-ਰਾਤ ਹੀ ਕੂਚ ਕੀਤਾ। ਦਿਨੇ ਕਿਸੇ ਖੂਹ ਉਤੇ ਉਤਾਰਾ ਜਾ ਕਰੀਏ, ਨਹੀਂ ਤਾਂ ਤੁਰੇ ਹੀ ਜਾਈਏ। ਸਾਨੂੰ ਕਿਤੇ ਰੱਜ ਕੇ ਸੌਣਾ ਨਹੀਂ ਮਿਲਿਆ। ਜਿਥੇ ਜਾਈਏ, ਲਾਗੇ ਦੇ ਪਿੰਡਾਂ ਵਿਚ ਢੋਲ ਵਜਾ ਕੇ ਆਦਮੀ ਇਕੱਠੇ ਹੋ ਜਾਣ ਅਤੇ ਸਾਨੂੰ ਘੇਰ ਕੇ ਕਹਿਣ ਕਿ ਪਿਛੇ ਮੁੜ ਜਾਓ, ਨਹੀਂ ਤਾਂ ਲੜੋ। ਉਤਲਿਆਂ ਅਫ਼ਸਰਾਂ ਦੇ ਉਕਸਾਏ ਹੋਏ ਇਹ ਕੰਮ ਕਰਦੇ ਸਨ। ਪੰਜਾਹ ਸੱਠ ਸਵਾਰ ਅੱਗੇ ਹੁੰਦੇ ਅਤੇ ਏਤਨੇ ਹੀ ਪਿਛੇ, ਬੰਦੂਕਾਂ ਵਾਲੇ ਲਾਂਭੇ ਅਤੇ ਤਲਵਾਰਾਂ ਵਾਲੇ ਵਿਚਕਾਰ। ਇਸ ਤਰਕੀਬ ਨਾਲ ਅਸੀਂ ਕੂਚ ਕਰ ਦੇਵੀਏ ਅਤੇ ਖੂਹ ਉਤੋਂ ਲੜਦੇ-ਭਿੜਦੇ ਤੁਰ ਪਵੀਏ। ਸਾਰਾ ਰਾਹ ਇਹੋ ਹਾਲ ਰਿਹਾ, ਪਰ ਸਾਡਾ ਕੋਈ ਲੰਮਾ ਨੁਕਸਾਨ ਨਹੀਂ ਹੋਇਆ, ਦੁਖ ਹੀ ਦੁਖ ਮਿਲਿਆ, ਆਦਮੀ ਕੋਈ ਨਾ ਮਰਿਆ।

ਹਰ ਇਕ ਦੇ ਪਾਸ ਕੁੰਨੇ ਸਨ, ਜੋ ਖੂਹ ਉਤੋਂ ਪਾਣੀ ਨਾਲ ਭਰ ਲਈਦੇ ਸਨ। ਅਖ਼ੀਰੀ ਦਿਨ ਪਾਣੀ ਕੁੰਨਿਆਂ ਵਿਚੋਂ ਮੁੱਕ ਗਿਆ ਅਤੇ ਆਦਮੀ ਤੇਹ ਨਾਲ ਬਹੁਤ ਵਿਆਕੁਲ ਹੋ ਗਏ। ਖੂਹ ਵੀ ਕੋਈ ਨਾ ਲੱਭਾ, ਇਸ ਕਰਕੇ ਚਾਰ ਆਦਮੀ ਤੇਹ ਦੇ ਮਾਰੇ ਮਰ ਗਏ। ਬਾਕੀ ਵੀ ਹੌਲੀ ਹੌਲੀ ਕਿਰਨ ਲੱਗ ਪੈਂਦੇ, ਪਰ ਕੁਦਰਤ ਨਾਲ ਇਕ ਬਦਲੀ ਖ਼ੂਬ ਜ਼ੋਰ ਨਾ ਵਰ੍ਹੀ, ਅਤੇ ਹਰ ਇਕ ਨੇ ਰੱਜ ਰੱਜ ਕੇ ਪਾਣੀ ਪੀਤਾ। ਐਨ ਚੌਥੀ ਰਾਤ ਦੇ ਅਰੰਭ ਹਨੇਰਾ ਹੁੰਦਿਆਂ ਹੀ ਅਸੀਂ ਮੁਲਤਾਨ ਦੇ ਕਿਲ੍ਹੇ ਦੇ ਪਾਸ ਇਕ ਜੰਗਲ ਵਿਚ ਲੁਕ ਬੈਠੇ। ਵੇਖਿਆ ਕਿ ਬਾਹਰ ਅੰਗਰੇਜ਼ ਹਨ ਅਤੇ ਆਪਣੇ ਆਦਮੀ ਅੰਦਰ ਹਨ। ਉਨ੍ਹਾਂ ਨੂੰ ਖ਼ਬਰ ਕਰਨ ਅਤੇ ਅੰਦਰ ਵੜਨ ਦੀ ਤਦਬੀਰ ਕਰਨ ਲੱਗੇ। ਹੋਰ ਤਾਂ ਸਭ ਸੌਂ ਗਏ, ਕਿਉਂਕਿ ਥਾਣੇਦਾਰਾਂ ਨੇ ਰਾਹ ਵਿਚ ਬਹੁਤ ਸਤਾਇਆ ਸੀ ਅਤੇ ਮੁਤਲਕ ਸੌਣਾ ਨਹੀਂ ਮਿਲਿਆ ਸੀ, ਅਤੇ ਮੈਂ, ਸੁਹੇਲ ਸਿੰਘ ਤੂਤਾਂ ਪਿੰਡ ਦਾ, ਜਿਸ ਨੂੰ ਗਨਾਰਾ ਕਰਕੇ ਸੱਦਦੇ ਸਨ, ਅਤੇ ਤੀਜਾ ਸੂਹਾ, ਲੁਕ ਕੇ ਕਿਲ੍ਹੇ ਦੀ ਫ਼ੌਜ ਨੂੰ ਖ਼ਬਰ ਦੇਣ ਲਈ ਅੱਗੇ ਵਧੇ।

ਜਦੋਂ ਅੰਗਰੇਜ਼ਾਂ ਦਾ ਤੌਰ ਲੰਘ ਗਿਆ, ਤਾਂ ਅਸੀਂ ਬੇ-ਖਟਕੇ ਹੋ ਕੇ ਕਿਲ੍ਹੇ ਵਲ ਵਧੇ। ਤਾਹੀਏਂ ਖ਼ਬਰ ਹੋਈ, ਜੋ ਅੱਗੋਂ ਮੂਲ-ਰਾਜੀ ਫ਼ੌਜ ਦੀ ਪਿਕਟ ਦੇ ਇਕ ਆਦਮੀ ਨੇ ਉੱਚੀ ਜਿਹੀ ਕਿਹਾ, ਕੌਣ ਆਉਂਦਾ ਹੈ ? ਮੈਂ ਉਸ ਦੀ ਅਵਾਜ਼ ਪਛਾਣ ਲਈ ਕਿ ਇਹ ਤਾਂ ਭੰਮਾ ਸਿੰਘ ਸਾਡੇ ਪਿੰਡ ਦਾ ਹੀ ਹੈ, ਜੋ ਰਮਜਨ ਵਿਚ ਅਸਵਾਰ ਹੈ। ਉੱਚੀ ਉੱਤਰ ਦਿੱਤਾ ਕਿ ਤੂੰ ਭੰਮਾ ਸਿੰਘ ਹੈਂ ? ਉਸ ਫੇਰ ਕਿਹਾ, ਤੂੰ ਕੌਣ ਹੈਂ ? (ਉੱਤਰ) ਮੈਂ ਸ਼ਾਮ ਸਿੰਘ ਆਸਲਾਂ ਦਾ। ਦੋ ਚਾਰ ਹੋਰ ਸਵਾਲ ਕਰ ਕੇ ਪਾਸ ਬੁਲਾ ਲਿਆ ਅਤੇ ਸਾਡੇ ਆਉਣ ਦਾ ਕਾਰਨ ਪੁੱਛਿਆ। ਅਸਾਂ ਕਿਹਾ ਕਿ ਮਾਝਿਓਂ ਪੰਜ ਸੌ ਜਵਾਨ ਆਇਆ ਹੈ, ਅੰਦਰ ਲੰਘਾਉਣ ਦੀ ਕੋਈ ਸਬੀਲ ਕਰੋ। ਬੜਾ ਪਰਸੰਨ ਹੋਇਆ ਅਤੇ ਸਭ ਹਾਲ ਪੁੱਛਿਆ। ਫੇਰ ਅੰਦਰ ਖ਼ਬਰ ਕਰ ਦਿੱਤੀ, ਅਤੇ ਤੁਰਤ ਹੀ ਤੋਪਾਂ ਤਿਆਰ ਹੋਣ ਲੱਗ ਪਈਆਂ। ਸਾਨੂੰ ਕਿਹਾ ਗਿਆ ਕਿ ਬੇ-ਖਟਕੇ ਆ ਜਾਓ। ਅਸਾਂ ਜਾ ਕੇ ਸਾਥੀ ਸੁਰਜੀਤ ਕੀਤੇ ਅਤੇ ਤਿਆਰ ਹੋ ਕੇ ਤੁਰੇ। ਘੋੜਿਆਂ ਦੀ ਹਿਣ-ਹਿਣਾਹਟ ਅਤੇ ਸਾਡੇ ਖ਼ੁਸ਼ੀ ਦੇ ਜੈਕਾਰਿਆਂ ਨੇ, ਜੋ ਚਲਣ ਲੱਗਿਆਂ ਸਭ ਨੇ ਮਿਲਾ ਕੇ ਗਜਾਏ ਸੀ, ਅੰਗਰੇਜ਼ਾਂ ਨੂੰ ਭਰਮ ਪਾ ਦਿੱਤਾ ਕਿ ਦੁਸ਼ਮਨ ਆ ਪਿਆ। ਪਿਕਟਾਂ ਪਿੱਛੇ ਹਟ ਗਈਆਂ ਅਤੇ ਅਸੀਂ ਅੱਗੇ ਵਧੇ। ਅੰਦਰੋਂ ਗੋਲੇ ਚੱਲਣ ਲਗ ਪਏ, ਇਸ ਕਰਕੇ ਅਸੀਂ ਮੂਲੋਂ ਹੀ ਸੁਖੀ ਹੋ ਗਏ ਅਤੇ ਕਿਲ੍ਹੇ ਦੇ ਅੰਦਰ ਜਾ ਵੜੇ।

ਏਨੇ ਚਿਰ ਨੂੰ ਸਵੇਰ ਵੀ ਹੋ ਗਈ ਅਤੇ ਅੰਗਰੇਜ਼ ਕਚੀਚੀ ਖਾ ਕੇ ਸਾਡੇ ਉਤੇ ਆ ਪਿਆ। ਖ਼ੂਬ ਲੜਾਈ ਹੋਈ, ਅੰਗਰੇਜ਼ ਕਚੀਚੀਆਂ ਵੱਟ ਵੱਟ ਕੇ ਗੁਰਦੁਆਰੇ ਜਿਹੇ ਉਤੇ ਪਏ, ਪਰ ਕੋਈ ਪੇਸ਼ ਨਾ ਜਾਵੇ। ਸਾਨੂੰ ਢਿੱਡ ਵਿਚ ਸੰਗੀਨ ਲੱਗੀ, ਪਰ ਪੇਟੀ ਨੇ ਬਚਾ ਲਿਆ। ਇਕ ਗੋਲੀ ਹੱਥ ਚੱਟਦੀ ਮੋਢੇ ਤੀਕ ਚਲੀ ਗਈ। ਇਹ ਵੇਖ ਕੇ ਮੇਰਾ ਸਾਲਾ ਦਾਨ ਸਿੰਘ, ਮਾਛੀ-ਕਿਆਂ ਦਾ ਰੋਣ ਲਗ ਪਿਆ ਕਿ ਨਾ ਕੁਝ ਖਾਧਾ ਹੈ ਨਾ ਪੀਤਾ ਹੈ, ਆ ਮਰਵਾਇਆ ਈ। ਪਰ ਮੈਂ ਉੱਤਰ ਦਿੱਤਾ ਕਿ ਇਹੋ ਹੀ ਹਾਲ ਹੈ ਏਥੇ। ਮੈਨੂੰ ਤਾਂ ਅਜੇ ਕੁਝ ਨਹੀਂ ਹੋਇਆ, ਓਹ ਵੀ ਤਾਂ ਹਨ ਜੋ ਅੱਜ ਆਉਂਦੇ ਹੀ ਚੜ੍ਹ ਗਏ ਹਨ।

ਅੰਗਰੇਜ਼ ਤਾਂ ਹੱਟ ਕੇ ਸੂਰਜ ਕੁੰਡ ਜਾ ਉਤਰੇ ਅਤੇ ਦਿਨ ਚੜ੍ਹੇ ਸਾਡੇ ਨਾਵੇਂ ਲੱਗ ਗਏ (ਲੜਾਈ ਹਨੇਰੇ ਜਿਹੇ ਹੀ ਹੋਈ ਸੀ ਅਤੇ ਹੱਲਾ ਦਰਬਾਰ ਜਿਹੇ ਉਤੇ ਹੋਇਆ ਸੀ)। ਸਾਡੀ ਪੜਤਲ ਹੀ ਅੱਡ ਬਣਾਈ ਗਈ, ਬਹਾਦਰ ਸਿੰਘ ਵਲਟੋਹੀਆ ਕੁਮੇਦਾਨ ਹੋਇਆ ਅਤੇ ਹੇਮ ਸਿੰਘ ਸਾਡੇ ਪਿੰਡ ਦਾ ਜਮਾਦਾਰ, ਚਤਰ ਸਿੰਘ ਇਥੋਂ ਦਾ ਨਿਸ਼ਾਨਚੀ, ਅਤੇ ਸੂਬਾ ਬਾਹਮਣ ਸਾਡੇ ਪਿੰਡ ਦਾ ਮੁਨਸ਼ੀ। ਦੂਏ ਤੀਏ ਸੂਰਜ ਕੁੰਡ ਜਾ ਕੇ ਲੜਾਈਆਂ ਹੁੰਦੀਆਂ ਹੀ ਰਹਿਣ, ਪਰ ਫ਼ੈਸਲਾ ਕੁਝ ਨਾ ਹੋਵੇ।

ਪੋਹ ਵਿਚ ਇਕ ਹੱਲਾ ਕਰਨ ਦੀ ਤਿਆਰੀ ਹੋਈ। ਚਤਰ ਸਿੰਘ ਨਿਸ਼ਾਨਚੀ ਨੇ ਸਵੇਰੇ ਹੀ ਕੇਸੀਂ ਇਸ਼ਨਾਨ ਕੀਤਾ, ਕੇਸਰੀ ਬਾਣਾ ਪਹਿਨਿਆ ਅਤੇ ਜੁੱਤੀ ਲਾਹ ਕੇ ਸ਼ਹੀਦ ਹੋਣ ਦੀ ਤਿਆਰੀ ਕੀਤੀ। ਖ਼ਬਰਾਂ ਵੀ ਕਰਵਾ ਦਿੱਤੀਆਂ ਕਿ ਜਿੰਨ ਅੱਜ ਸ਼ਹੀਦ ਹੋਣਾ ਹੈ, ਉਹ ਮੇਰੇ ਨਾਲ ਆ ਰਲੇ। ਪੰਜ ਸੌ ਆਦਮੀ ਉਸ ਮਗਰ ਲੱਗੇ।

ਦੀਦਾਰ ਸਿੰਘ ਕਰਨੈਲ ਚਾਰ ਪੜਤਲਾਂ ਦਾ ਚੜ੍ਹਦੇ ਬੰਨਿਓਂ ਪਿਆ ਅਤੇ ਸ਼ਹੀਦੀ ਜਥਾ ਲਹਿੰਦੇ ਬੰਨਿਓਂ। ਚਤਰ ਸਿੰਘ ਅੱਗੇ ਅੱਗੇ ਤਲਵਾਰ ਚਮਕਾਉਂਦਾ ਅਤੇ ਲਲਕਾਰਦਾ ਦੁਸ਼ਮਨ ਦੇ ਵਿਚ ਵੜ ਗਿਆ। ਮੁੜ ਪਤਾ ਨਹੀਂ ਲੱਗਾ ਕਿ ਕੀ ਹੋਇਆ, ਬੁਰੀ ਲੜਾਈ ਹੋਈ। ਗੰਗਾ ਰਾਮ ਮਿਲ ਗਿਆ ਸੀ ਅੰਗਰੇਜ਼ ਨਾਲ। ਉਸ ਨੇ ਮਗਰੋਂ ਮੈਗਜ਼ੀਨ ਨੂੰ ਅੱਗ ਲਵਾ ਦਿੱਤੀ, ਸਭ ਬਰੂਦ ਉੱਡ ਗਿਆ ਅਤੇ ਸਭ ਗੋਲੰਦਾਜ਼ ਵੀ ਉੱਡ ਗਏ, ਸਿਵਾਏ ਕਿਸ਼ਨ ਸਿੰਘ ਕੰਬੋ ਖੇਮਕਰਨੀਏ ਦੇ, ਕਿਉਂਕਿ ਓਹ ਦਰਵਾਜ਼ੇ ਵਾਲੀ ਤੋਪ ਉਤੇ ਸੀ। ਕਣਕ ਦਾਣਾ ਸਭ ਉੱਡ ਗਿਆ, ਅਤੇ ਕਣਕ ਤਾਂ ਫੇਰ ਕਿਰਦੀ ਵੀ ਰਹੀ। ਭੂਰਿਆਂ ਵਾਲਾ ਕੁਮੇਦਾਨ ਅਤੇ ਕੁਮੇਦਾਨ ਰਾਮ ਸਿੰਘ ਭੰਗਾਲੀਆ ਬਿਨਾ ਤਲਵਾਰ ਚਲਾਏ ਭੱਜ ਆਏ ਸਨ, ਪਰ ਫੜੇ ਗਏ ਸਨ ਅਤੇ ਲਾਹੌਰ ਆ ਕੇ ਹੀਰਾ ਚਟ ਕੇ ਮਰ ਗਏ ਸਨ ਕਿ ਮਤਾਂ ਕੋਈ ਬੇਇੱਜ਼ਤੀ ਹੀ ਨਾ ਕੀਤੀ ਜਾਵੇ। ਜਦੋਂ ਬਰੂਦ ਉੱਡਿਆ ਤਾਂ ਹਨੇਰਾ ਹੀ ਹੋ ਗਿਆ, ਓਦੋਂ ਅਸੀਂ ਸ਼ਹਿਰ ਵਿਚ ਸਾਂ, ਮੇਰੇ ਪੈਰ ਵਿਚ ਗੋਲੀ ਲੱਗੀ ਸੀ। ਅੱਜ ਪਿੰਡ ਦੇ ਬਾਹਮਣ ਨੇ ਬੜੀ ਬਹਾਦਰੀ ਕੀਤੀ। ਭਾਜੜ ਪੈ ਚੁੱਕੀ ਸੀ, ਮੈਂ ਆਪਣੇ ਵਾਸਤੇ, ਵਾਸਤੇ ਪਾਵਾਂ, ਪਰ ਕੋਈ ਨਾ ਮੰਨੇ, ਸਭ ਭੱਜੇ ਜਾਣ। ਅੰਤ ਨੂੰ ਕੁਝ ਸਿੰਘਾਂ ਨੇ ਮੈਨੂੰ ਧੂਹ ਕੇ ਕਿਲ੍ਹੇ ਦੇ ਬੂਹੇ ਅੱਗੇ ਲਿਆ ਸੁਟਿਆ। ਖੇਮਕਰਨੀਏ ਗੋਲੰਦਾਜ਼ ਨੇ ਅਵਾਜ਼ ਦੇ ਕੇ ਪੁੱਛਿਆ ਕਿ ਕੌਣ ਹੈ ? ਮੈਂ ਉਸ ਦੇ ਸਭ ਸਵਾਲਾਂ ਦਾ ਉੱਤਰ ਦਿੱਤਾ, ਆਪਣਾ ਅਤੇ ਪਿੰਡ ਦਾ ਨਾਮ ਦੱਸਿਆ, ਅਤੇ ਦੱਸਿਆ ਕਿ ਭਾਨ ਸਿੰਘ ਦਾ ਭਤੀਜਾ ਹਾਂ। ਓਹ ਮੈਨੂੰ ਅੰਦਰ ਲੈ ਗਿਆ ਅਤੇ ਬਹੁਤ ਹੌਸਲਾ ਦਿੱਤਾ। ਅੰਦਰ ਗੁੜ ਘਿਓ ਤਾਂ ਆਮ ਸੀ, ਪਰ ਆਟਾ ਉਡ ਗਿਆ ਹੋਇਆ ਸੀ। ਸਤਵੇਂ ਦਿਨ ਗੋਲੰਦਾਜ਼ ਨੂੰ ਗੋਲੀ ਲੱਗੀ। ਮਗਰੋਂ ਮੂਲ ਰਾਜ ਨੇ ਦੋ ਤਿੰਨ ਹੱਲੇ ਕੀਤੇ, ਪਰ ਕੀ ਕਰਦਾ ਫੇਰ ਤਾਂ ਸਿੰਘਾਂ ਹੀ ਆਖ ਦਿੱਤਾ ਕਿ ਆਪ ਹੀ ਮਿਲ ਪਵੋਂ, ਨਹੀਂ ਤਾਂ ਅਸੀਂ ਹੀ ਤੈਨੂੰ ਫੜ ਕੇ ਫ਼ਰੰਗੀ ਪਾਸ ਲੈ ਜਾਵਾਂਗੇ। ਗੱਲ-ਬਾਤ ਹੋ ਗਈ, ਜ਼ਖ਼ਮੀ 'ਕੱਠੇ ਕੀਤੇ ਗਏ, ਜੋ ਪੰਜ ਹਜ਼ਾਰ ਸਨ, ਅੰਗਰੇਜ਼ਾਂ ਨੇ ਟਹਿਲਾਂ ਕੀਤੀਆਂ, ਜਿਉਂ ਜਿਉਂ ਰਾਜ਼ੀ ਹੋਣ, ਨੌਕਰੀ ਦੇਣ। ਜੋ ਨਾ ਮੰਨੇ, ਘਰ ਨੂੰ ਤੋਰ ਦੇਣ। ਬਾਹਮਣ ਮੈਨੂੰ ਬੜਾ ਦਿਲਾਸਾ ਦਿਆ ਕਰੇ ਕਿ ਮੈਂ ਰਾਜ਼ੀ ਹੋ ਕੇ ਤੈਨੂੰ ਘੋੜੀ ਉਤੇ ਪਾ ਕੇ ਲੈ ਜਾਵਾਂਗਾ। ਪਰ ਹੌਲੀ ਹੌਲੀ ਉਸ ਦੀ ਆਪਣੀ ਹਾਲਤ ਵਿਗੜਨ ਲੱਗੀ। ਉਸ ਨੂੰ ਸੰਗੀਨ ਸੱਜੇ ਪੱਟ ਦੇ ਦੁਸੱਰ ਅਤੇ ਢਿੱਡ ਵਿਚ ਲੱਗੀ ਸੀ, ਇਕ ਗੋਲੀ ਹੱਥ ਚੱਟਦੀ ਮੋਢੇ ਤੀਕ ਗਈ ਹੋਈ ਸੀ। ਦਵਾ ਦੇਣ ਤਾਂ ਢਿੱਡ ਵਧ ਜਾਵੇ, ਜੇ ਢਿੱਡ ਦੀ ਦੇਣ ਤਾਂ ਅਤੀਸਾਰ ਲੱਗ ਜਾਣ। ਹਾੜ ਵਿਚ ਪਿੰਡ ਆ ਕੇ ਉਸ ਦੇ ਪਿਤਾ ਨੂੰ ਉਸ ਪਾਸ ਘੱਲਿਆ, ਪਰ ਅੱਠ ਸਾਵਣ ਨੂੰ ਓਹ ਮਰ ਗਿਆ।

## ਬਾਬਾ ਖੜਕ ਸਿੰਘ ਦਾ ਬਿਆਨ

ਬਾਬਾ ਜੀ ਪੱਤੀ ਮਹਿਲਾਂ ਵਾਲੀ, ਪਿੰਡ ਬੂਏ, ਤਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ਦੇ ਸਨ। ਉਨ੍ਹਾਂ ਤੋਂ ਮਿਲ ਕੇ ਪੁੱਛਿਆ ਤਾਂ ਆਪ ਨੇ ਇਹ ਬਿਆਨ ਦਿਤਾ :

"ਅਸੀਂ ਗੁਰੂ ਹਰਿ ਰਾਇ ਜੀ ਦੇ ਡੇਰੇ ਵਿਚ ਸਾਂ। ਪਹਿਲੇ ਖ਼ਿਆਲ ਉਤੇ ਹੀ ਬਾਈ ਸੌ ਖੁਲ੍ਹੇ ਘੋੜ-ਚੜ੍ਹੇ ਹੋਏ ਰਖੇ ਸਨ। ਇਨ੍ਹਾਂ ਨੂੰ ਤਕਲੀਫ਼ ਕੋਈ ਨਹੀਂ ਦਿੱਤੀ ਜਾਂਦੀ ਸੀ। ਸੌ ਸੌ ਸਵਾਰ ਸਦਾ ਹੀ ਮਹਾਰਾਜੇ ਨਾਲ ਰੋਟੀ ਖਾਂਦਾ ਹੁੰਦਾ ਸੀ, ਹੋਰਨਾਂ ਦੇ ਝੰਡਿਆਂ ਉਤੇ ਤਾਂ ਫੁੰਮਣ ਹੁੰਦੇ ਸਨ, ਪਰ ਸਾਡੇ ਉਤੇ ਸੁਨਹਿਰੀ ਕਲਸ ਸੀ। ਪਹਿਲਾ ਅਫ਼ਸਰ ਗੁਲਾਬ ਸਿੰਘ ਲਾਹੌਰ ਦਾ ਖੱਤਰੀ ਸੀ, ਅਤੇ ਮੇਜਰ ਬਿਲੂ ਸਿੰਘ (ਛੀਂਬਾ) ਸੀ।

## ਸ਼ੇਰ ਸਿੰਘ ਦਾ ਲਾਹੌਰ 'ਤੇ ਕਬਜ਼ਾ

ਸ਼ੇਰ ਸਿੰਘ ਨੇ ਪਹਿਲੋਂ ਬੁਧੂ ਸ਼ਾਹ ਦੇ ਆਵੇ ਆ ਕੇ ਗੰਗਈ ਰਜਮੈਂਟ ਨੂੰ ਸੱਦ ਕੇ ਕੜੇ ਕੈਂਠੇ ਦਿੱਤੇ, ਗੱਦੀ ਬੈਠ ਕੇ ਕਿਹਾ ਕਿ ਖਰਾ ਖੋਟਾ ਪਛਾਣ ਲਵੋ। ਸੱਤ ਦਿਨ ਇਹੋ ਹਾਲ ਰਿਹਾ, ਅਠਵੇਂ ਦਿਨ ਕੜਾਹ ਪ੍ਰਸ਼ਾਦ ਕਰਵਾ ਕੇ ਖਰਮਸਤੀ ਬੰਦ ਕਰਨ ਦਾ ਹੁਕਮ ਦਿੱਤਾ। ਉਹ ਬੜਾ ਕਰੜਾ ਸੀ; ਚੋਰੀ ਆਦਿ ਸਭ ਬੰਦ ਹੋ ਗਈ।

## ਸ਼ੇਰ ਸਿੰਘ ਦਾ ਮਾਰਿਆ ਜਾਣਾ

ਅਜੀਤ ਸਿੰਘ ਨੇ ਅਲੂੰਏ ਨੌਕਰ ਰੱਖੇ। ਹਵੇਲੀ ਵਿਚ ਹੀ ਕਵੈਦ ਸਿਖਾਵੇ, ਬਾਹਰ ਨਾ ਕੱਢੇ। ਅਠਵੇਂ ਦਿਨ ਕੜਾਹ ਵੀ ਛਕਾਵੇ। ਸ਼ੇਰ ਸਿੰਘ ਨੇ ਨਹਿਰ ਵਿਚੋਂ ਇਕ ਨਾਲਾ ਕਢਵਾਇਆ ਹੋਇਆ ਸੀ, ਜੋ ਅੱਗੋਂ ਬੰਦ ਸੀ। ਚੌੜਾ ਵੀ ਖਾਸਾ ਸੀ, ਹਾਜ਼ਰੀ ਵੇਲੇ ਰਸਾਲੇ ਨੂੰ ਆਖਦਾ ਕਿ ਇਸ ਨੂੰ ਟੱਪੋ। ਜੋ ਟਪਦਾ, ਉਸ ਦਾ ਘੋੜਾ ਹੀ ਪਸੰਦ ਕਰਦਾ, ਦੂਜੇ ਦਾ ਨਾਕਸ ਕਰ ਦੇਂਦਾ। ਜੋ ਵਿਚ ਡਿੱਗੇ, ਉਸ 'ਤੇ ਹੱਸ ਕੇ ਤਾੜੀ ਵੀ ਲਾਉਂਦਾ। ਉਸੇ ਨਾਲੇ ਦੇ ਕੰਢੇ ਅਜੀਤ ਸਿੰਘ ਦੀ ਫ਼ੌਜ ਖੜੋ ਗਈ। ਉਸ ਨੇ ੭੦੦/- ਨੂੰ ਬੰਦੂਕ ਲਈ ਸੀ, ਜਦੋਂ ਵੱਜੀ ਤਾਂ ਖ਼ਾਬਗਾਹ ਨੂੰ ਉਠ ਨੱਠਾ, ਪਰ ਸਿਰ ਓਥੋਂ ਵੀ ਵੱਢ ਲਿਆਂਦਾ ਗਿਆ। ਬੁਧ ਸਿੰਘ ਮਹਿਰਾ ਵੀ ਮਾਰਿਆ ਗਿਆ। ਹੀਰਾ ਸਿੰਘ ਨੇ ਗਲ ਵਿਚ ਲੀੜਾ ਪਾਇਆ ਅਤੇ ਨੰਗੀਂ ਪੈਰੀਂ ਸਭਸ ਦੀ ਮਿੰਨਤ ਕੀਤੀ। ਬਦਲਾ ਲੈ ਕੇ ਪਾਣੀ ਪੀਤਾ, ਨਹੀਂ ਬੁੱਲ੍ਹਾਂ ਉੱਤੇ ਬਾਂਹ ਹੀ ਫੇਰਦਾ ਰਿਹਾ ਸੀ। ਫੇਰ ਹੀਰਾ ਸਿੰਘ ਨੂੰ ਲੁਬਾਣਿਆਂ ਵਾਲੇ ਮਾਰਿਆ। ਇਸ ਨੇ ਭਾਈ ਵੀਰ ਸਿੰਘ ਜੀ ਨੂੰ ਮਾਰਨ ਵਾਸਤੇ ਗੁਲਾਬ ਸਿੰਘ ਮਨਿਆਲੀਏ ਨੂੰ, ਜੋ ਚਾਰ ਪੜਤਲਾਂ ਦਾ ਸਰਦਾਰ ਸੀ, ਸਾਢੇ ੨੨ ਸੌ ਖੁਲ੍ਹੇ ਘੋੜ-ਚੜ੍ਹਿਆਂ ਦੇ ਨਾਲ ਘੱਲਿਆ ਸੀ। ਓਧਰ ਮੀਆਂ ਲਾਭ ਸਿੰਘ ਨੂੰ, ਜੋ ਅੰਮ੍ਰਿਤਸਰ ਸੀ, ਤੋਪਖ਼ਾਨਾ ਲਈ, ਖ਼ਾਸ ਹੁਕਮ ਦੇ ਘੱਲਿਆ ਕਿ ਜਲਦੀ ਜਾ ਕੇ ਬਗ਼ੈਰ ਹੁਕਮ ਦੇ ਹੀ ਵੇਲਾ ਵੇਖ ਕੇ ਤੋਪ ਦਾਗ ਦੇਵੋ। ਲੁਲਿਆਣੀਓਂ ਹੋ ਕੇ ਮੁਠਿਆਂ ਵਾਲੇ ਅਪੜੇ। ਗੁਲਾਬ ਸਿੰਘ ਨੇ ਮੱਥਾ ਟੇਕਿਆ ਅਤੇ ਅਤਰ ਸਿੰਘ ਨੂੰ ਕਿਹਾ ਕਿ ਤੈਨੂੰ ਜਗੀਰ ਲੈ ਦੇਂਦੇ ਹਾਂ, ਤੂੰ ਲੜਾਈ ਝਗੜੇ ਨਾ ਕਰ। ਓਹ ਇਸ ਦੀ ਗੁਸਤਾਖ਼ੀ ਸੁਣ ਕੇ ਕਿ ਸਾਨੂੰ ਜਗੀਰਾਂ ਦਿਵਾਉਂਦਾ ਹੈ, ਮਾਰਨ ਲੱਗਾ, ਪਰ ਭਾਈ ਜੀ ਨੇ ਬੰਦੂਕ ਫੜ ਲਈ। ਕਸ਼ਮੀਰਾ ਸਿੰਘ ਨੇ ਬੰਦੂਕ ਨਾਲ ਮਾਰ ਦਿੱਤਾ ਅਤੇ ਲੜਾਈ ਹੋ ਪਈ।

## ਅੰਗਰੇਜ਼ਾਂ ਨਾਲ ਲੜਾਈ

ਜਦੋਂ ਫ਼ੌਜਾਂ ਲੜਾਈ ਲਈ ਤਿਆਰ ਹੋਈਆਂ, ਤਾਂ ਪਹਿਲ ਫ਼ਰਾਂਸੀਸੀ ਪੜਤਲਾਂ ਨੇ ਕੀਤੀ। ਬੇ-ਹੁਕਮੇ ਹੀ ਤੁਰ ਪਏ। ਮਗਰ ਹੀ ਦੂਜੀਆਂ ਲਗ ਪਈਆਂ, ਦਾਰੂ ਸਿੱਕਾ ਸਰਕਾਰੋਂ ਕੋਈ ਨਹੀਂ ਮਿਲਿਆ, ਜਿੰਨਾ ਜਿੰਨਾ ਪਾਸ ਸੀ ਓਹੋ ਹੀ ਰਿਹਾ।

ਫੇਰੂ ਸ਼ਹਿਰ ਦੀ ਲੜਾਈ ਮਗਰੋਂ ਸਾਡੇ ਡੇਰੇ ਵਿਚੋਂ ਬੁਧ ਸਿੰਘ ਦਾ ਭਾਈ ਜੇਮਲ ਸਿੰਘ ਨਿਹੰਗ ਆਪਣੇ ਸੌ ਸਵਾਰ ਲੈ ਕੇ ਸ: ਸ਼ਾਮ ਸਿੰਘ ਦੇ ਨਾਲ ਜਾ ਮਰਿਆ। ਓਨ੍ਹਾਂ ਦੇ ਪੁੱਤਰ ਈਸ਼ਰ ਸਿੰਘ ਨੇ ਦੋਵੇਂ ਲੋਥਾਂ ਹਾਥੀ ਦੇ ਹੌਦੇ ਵਿਚ ਪਾ ਕੇ ਅੰਮ੍ਰਿਤਸਰ ਆ ਕੇ ਸਸਕਾਰ ਕਰ ਦਿੱਤਾ। ਫ਼ਤੇ ਸਿੰਘ ਮਾਨ ਹੋਰਨਾਂ ਸਣੇ ਗੁਲਾਬ ਸਿੰਘ ਨੂੰ ਲੈਣ ਗਿਆ ਸੀ, ਪਰ ਆਪੋ ਵਿਚ ਅਜਿਹੀ ਦੁਸ਼ਮਨੀ ਸੀ ਓਹ ਇਸ ਨੂੰ ਵੇਖਣਾ ਵੀ ਨਹੀਂ ਚਾਹੁੰਦਾ ਸੀ, ਏਸੇ ਕਰਕੇ ਮਰਵਾ ਦਿੱਤਾ।

## ਅੰਗਰੇਜ਼ਾਂ ਨਾਲ ਅਹਿਦਨਾਮਾ

ਜਦੋਂ ਅੰਗਰੇਜ਼ ਕਸੂਰ ਆ ਗਏ, ਅਤੇ ਫੇਰ ਅਗੇ ਵਧੇ, ਤਾਂ ਮਹਾਰਾਜਾ ਓਨ੍ਹਾਂ ਨੂੰ ਮਿਲਣ ਗਿਆ, ਤਾਂ ਓਦੋ ਅਸੀਂ ਵੀ ਨਾਲ ਸਾਂ। ਲੁਲਿਆਣੀਓਂ ਦੋ ਕੋਹ ਪਰੇ ਜਾ ਉਤਰੇ। ਗੁਲਾਬ ਸਿੰਘ ਅੰਗਰੇਜ਼ਾਂ ਵੱਲ ਗਿਆ, ਪਰ ਤਿਕਾਲਾਂ ਤੀਕ ਮੁੜ ਕੇ ਨਾ ਆਇਆ। ਡੇਰੇ ਵਿਚ ਬੜਾ ਫ਼ਿਕਰ ਪੈ ਗਿਆ ਕਿ ਅਜੇ ਤਕ ਕਿਉਂ ਰਾਜਾ ਨਹੀਂ ਮੁੜਿਆ, ਸੁਖ ਹੋਵੇ ਸਹੀ। ਠੀਕ ਅੱਧੀ ਰਾਤ ਘੋੜੇ ਦੀਆਂ ਟਾਪਾਂ ਦੀ ਅਵਾਜ਼ ਆਈ। ਪਤਾ ਕੀਤਾ ਤਾਂ ਗੁਲਾਬ ਸਿੰਘ ਹੀ ਨਿਕਲਿਆ। ਜੀ ਵਿਚ ਜੀ ਆਇਆ। ਫੇਰ ਸਭ ਨੂੰ 'ਕੱਠੇ ਕਰ ਕੇ ਉੱਚੇ ਖੜੋ ਕੇ ਉੱਚੀ ਉੱਚੀ ਟਾਹਰਾਂ ਮਾਰ ਕੇ ਉਸ ਨੇ ਅਹਿਦਨਾਮਾ ਸੁਣਾਇਆ ਅਤੇ ਕਿਹਾ : "ਖ਼ਾਲਸਾ ਜੀ, ਸਾਡੇ ਵਾਸਤੇ ਇਤਨਾ ਹੀ ਚੰਗਾ ਹੈ। ਫੇਰ ਰੁਪਿਆ ਦੇਣ ਦੀ ਕਮੇਟੀ ਹੋਈ, ਅਸੀਂ ਓਦੋਂ ਪਹਿਰੇ ਉਤੇ ਸਾਂ ਅਤੇ ਸਭ ਕੁਝ ਕੰਨੀਂ ਸੁਣਦੇ ਸਾਂ। ਗੁਲਾਬ ਸਿੰਘ ਨੇ ਕਿਹਾ, ਰੁਪਿਆ ਖ਼ਜ਼ਾਨਿਓਂ ਨਹੀਂ ਦੇਣਾ, ਪੜਤਲਾਂ ਅਤੇ ਸਰਦਾਰ ਆਪਣੇ ਪਾਸੋਂ ਦੇਣ, ਜਿਨ੍ਹਾਂ ਜਿਨ੍ਹਾਂ ਦਾ ਕਸੂਰ ਹੈ। ਬਹੁਤਾ ਚਿਰ ਝਗੜਾ ਰਿਹਾ। ਅੰਤ ਨੂੰ ਸਰਦਾਰਾਂ ਕਿਹਾ, ਤੂੰ ਕੀ ਦਿੰਦਾ ਹੈਂ ? ਉਸ ਨੇ ਕਿਹਾ, ਪੰਜਾਹ ਲੱਖ। ਉਨ੍ਹਾਂ ਕਿਹਾ, ਚੰਗਾ ਪੰਜਾਹ ਲੱਖ ਤੂੰ; ਮੂਲ ਰਾਜ ਵੀ ਤੇਰੇ ਬਰਾਬਰ ਹੈ, ਪੰਜਾਹ ਲੱਖ ਓਹ। ਬਾਕੀ ਦਾ ਅਸੀਂ ਭਰ ਦਿਆਂਗੇ। ਪਰ ਮੂਲ ਰਾਜ ਨੇ ਇਕ ਨਾ ਮੰਨੀ, ਅਤੇ ਕੰਮ ਉੱਤੇ ਹੇਠਾਂ ਹੋ ਗਿਆ। ਗੁਲਾਬ ਸਿੰਘ ਨੇ ਕਿਹਾ, ਜੇ ਨਹੀਂ ਮੰਨਦੇ ਤਾਂ ਨਾ ਮੰਨੋ, ਮੈਂ ਪੰਜਾਹ ਲੱਖ ਦੇ ਕੇ ਕਸ਼ਮੀਰ ਸਾਂਭ ਲਵਾਂਗਾ, ਜਿਸ ਵਿਚ ਤਾਕਤ ਹੋਵੇ, ਦੂਜੇ ਇਲਾਕੇ ਵੀ ਸਾਂਭ ਲਵੇ। ਤੁਸਾਂ ਲਾਹੌਰ, ਮੁਲਤਾਨ ਅਤੇ ਪਿਸ਼ੌਰ ਸਾਂਭ ਲੈਣਾ।

## ਅੰਗਰੇਜ਼ਾਂ ਦਾ ਲਾਹੌਰ ਦਾਖ਼ਲ ਹੋਣਾ

ਕਾਹਨੇ ਕਾਛੇ ਦੇ ਥੇਹ ਉਤੇ ਮੁਲਾਕਾਤ ਹੋਈ। ਰਾਣੀ ਤਾਂ ਨਹੀਂ ਸੀ ਪਰ ਮੰਗਲਾਂ ਨਾਲ ਸੀ, ਜਿਸ ਨੇ ਮਹਾਰਾਜੇ ਨੂੰ ਸਿਖਾ ਛਡਿਆ ਸੀ ਕਿ ਓਹ ਵਜ਼ੀਰ ਗੁਲਾਬ ਸਿੰਘ

ਨੂੰ ਹੀ ਆਖੇ। ਸੋ ਉਸ ਸਿਖਾਏ ਹੋਏ ਬਾਲਕ ਨੇ ਵੈਸਾ ਹੀ ਕੀਤਾ। ਸਿਰੋਪਾ ਮਹਾਰਾਜੇ ਨੂੰ ਦਿੱਤਾ। ਇਸ ਖ਼ੁਸ਼ੀ ਵਿਚ ਜਿੰਦਾਂ ਨੇ ਤੋਪਾਂ ਦੀ ਸ਼ਲਕ ਕੀਤੀ। ਫ਼ਰੰਗੀਆਂ ਨੂੰ ਸ਼ਕ ਪੈ ਗਿਆ ਕਿ ਅਜੇ ਵੀ ਇਨ੍ਹਾਂ ਵਿਚ ਜਾਨ ਹੈ। ਓਹ ਤਾਬੜ-ਤੋੜ ਲਾਹੌਰ ਆਏ ਅਤੇ ਆਉਂਦਿਆਂ ਹੀ ਖ਼ਜ਼ਾਨੇ ਦੀਆਂ ਕੁੰਜੀਆਂ ਲੈ ਲਈਆਂ।

## ਜਿੰਦ ਕੌਰ ਦਾ ਰਾਜ

ਜਿੰਦ ਕੌਰ ਨੇ ਗੁਲਾਬ ਸਿੰਘ ਨੂੰ ਵਜ਼ੀਰ ਨਾ ਮੰਨਿਆ, ਲਾਲ ਸਿੰਘ ਨੂੰ ਵਜ਼ੀਰ ਬਣਾਇਆ। ਫ਼ੌਜਾਂ ਦੀ ਸਫ਼ਾਈ ਹੋਈ, ਮਾਲਵੇ ਦੇ ਸਭ ਆਦਮੀ ਕੱਢੇ ਗਏ ਅਤੇ ਬਾਕੀ ਦੀਆਂ ਫ਼ੌਜਾਂ ਘਟਾਈਆਂ ਗਈਆਂ। ਹੋਰਨਾਂ ਵਾਂਗ ਖੁਲ੍ਹੇ ਘੋੜ-ਚੜ੍ਹੇ ਵੀ ਅੱਧੇ ਕੀਤੇ ਗਏ।

ਮਜੀਠੀਏ ਦੀਆਂ ਚਾਰ ਪੜਤਲਾਂ ਅਤੇ ਸਾਨੂੰ ਲੈ ਕੇ ਇਟ-ਮਿਟ ਸਾਹਿਬ ਨੇ ਬੰਨੂੰ ਜਾ ਕੇ ਟਕੇ ਵਸੂਲ ਕੀਤੇ, ਮੁੜ ਕੇ ਆਇਆਂ ਨੂੰ ਦਰਿਆ ਦੇ ਪਾਰ ਹੀ ਰਖਿਆ, ਲਾਹੌਰ ਨਾ ਆਉਣ ਦਿੱਤਾ। ਮੁੜ ਮਘਿਆਣੇ ਘੱਲ ਦਿਤਾ, ਰਲਾ ਮਿਸਰ ਤਾਂ ਓਦੋਂ ਸਰਦਾਰ ਸੀ। ਫ਼ੌਜ ਤਾਂ ਉਥੇ ਹੀ ਰਹੀ, ਪਰ ਸਾਨੂੰ ਪਾਕ ਪਟਨ ਘੱਲ ਦਿਤਾ। ਲੀਹੇ ਦਾ ਕਾਰਦਾਰ ਨਾਸਰ ਖ਼ਾਂ, ਜੋ ਮੂਲ ਰਾਜ ਵਲੋਂ ਸੀ, ਖ਼ਜ਼ਾਨ ਸਿੰਘ ਝਬਾਲੀਏ ਨੂੰ ਟਕੇ ਨਹੀਂ ਦੇਂਦਾ ਸੀ, ਇਸ ਕਰਕੇ ਚਾਰ ਪੜਤਲਾਂ ਵਿਚ ਦੋ ਤੋਪਾਂ ਅਤੇ ਦੋ ਕੰਪਨੀਆਂ ਦੇ ਕੇ ਵਸਾਵਾ ਸਿੰਘ ਸੂਬੇਦਾਰ ਨੂੰ ਓਧਰ ਘੱਲਿਆ। ਪਠਾਣ ਕਾਰਦਾਰ ਨੇ ਕਿਹਾ, ਸਭ ਕੁਝ ਲੈ ਲਵੋ, ਪਰ ਝਬਾਲੀਆ ਸਾਨੂੰ ਦੇ ਦਿਓ। ਪਠਾਣ ਦੇ ਸਿਪਾਹੀਆਂ ਨੂੰ ਭੁਲੇਖਾ ਪੈ ਗਿਆ, ਝਬਾਲੀਏ ਦੀ ਥਾਂ ਸੂਬੇਦਾਰ ਨੂੰ ਹੀ ਕਤਲ ਕਰ ਦਿੱਤਾ। ਨਾਸਰ ਖ਼ਾਂ ਦੇ ਨਾਂਹ ਨਾਂਹ ਕਰਦਿਆਂ ਵੀ ਸਾਡਾ ਭਾਈ ਅਤਰ ਸਿੰਘ ਪਾਕ ਪਟਨੋਂ ਮੁਲਤਾਨ ਗਿਆ ਅਤੇ ਸਿਰ ਲੈ ਕੇ ਲੀਹੇ ਜਾ ਸਸਕਾਰ ਕੀਤਾ।

## ਮੁਲਤਾਨ ਦੀ ਲੜਾਈ

ਜਦੋਂ ਸ਼ੇਰ ਸਿੰਘ ਮੂਲ ਰਾਜ ਨਾਲੋਂ ਅੱਡ ਹੋ ਕੇ ਦਰਿਆ ਦੇ ਕੰਢੇ ਤੁਰ ਪਿਆ ਤਾਂ ਅਸੀਂ ਵੀ ਨਾਲ ਸਾਂ। ਲਾਹੌਰੋਂ ਮੁਲਤਾਨੀ ਫ਼ੌਜ ਦੀ ਮਦਦ ਲਈ। ਦਰਿਆਓ ਦਰਿਆ ਦੋ ਲੱਖ ਖ਼ਜ਼ਾਨਾ ਬੇੜੀਆਂ ਵਿਚ ਆਉਂਦਾ ਸੀ, ਅਸਾਂ ਲੁਟ ਲਿਆ ਤੇ ਸ਼ੇਰ ਸਿੰਘ ਨੇ ਕਾਦਰਾਬਾਦ ਮਰੜ੍ਹੇ ਜਾ ਬੰਨ੍ਹੇ। ਸਵੇਰ ਵੇਲੇ ਲੜਾਈ ਹੋਈ, ਫ਼ਰੰਗੀਆਂ ਦੀ ਇਕ ਤੋਪ ਹੱਥ ਆ ਗਈ। ਸ਼ੇਰ ਸਿੰਘ ਨੇ ਲਿਖ ਘੱਲਿਆ ਕਿ ਜੋ ਜੋ ਬੇ-ਨੌਕਰ ਕੀਤਾ ਹੋਇਆ ਹੈ, ਬੇਸ਼ਕ ਆ ਜਾਵੇ, ਨੌਕਰ ਕੀਤਾ ਜਾਵੇਗਾ, ਆਪਣੇ ਨਾਲ ਵੀ ਭਾਵੇਂ ਕਈਆਂ ਨੂੰ ਲੈ ਆਵੇ, ਸਭ ਨੌਕਰ ਰੱਖੇ ਜਾਣਗੇ।

ਅੰਗਰੇਜ਼ ਗੜ੍ਹੀ ਦੇ ਪਤਣੋਂ ਲੰਘ ਪਏ, ਸਿੰਘ ਧਾ ਕੇ ਪਏ ਅਤੇ ਤੋਪ ਚੱਲਣ ਲੱਗੀ। ਸ਼ੇਰ ਸਿੰਘ ਜਗ੍ਹਾ ਜਗ੍ਹਾ ਹੌਸਲਾ ਦੇਂਦੇ ਫਿਰਦਾ ਸੀ। ਓਸ ਨੇ ਵੇਖਿਆ ਕਿ ਅਲਾਹੀ ਬਖ਼ਸ਼ ਦੋ ਤੋਪਾਂ ਖ਼ਾਲੀ ਹੀ ਚਲਾਈ ਜਾਂਦਾ ਹੈ। ਗੋਲੇ ਦੁਸ਼ਮਨ ਵਿਚ ਨਹੀਂ

ਘੱਲਦਾ, ਕਮਾਦ ਵਿਚ ਸਿੱਟੀ ਜਾਂਦਾ ਹੈ, ਤਾਂ ਰਾਜਾ ਡੋਲ ਗਿਆ। ਕਹਿਓ ਸੂ ਕਿ ਜਦ ਘਰ ਹੀ ਪਾਟ ਗਿਆ ਤਾਂ ਲੜਨਾ ਹੀ ਕੀ ਹੈ। ਪਿਛੇ ਨੂੰ ਮੁੜ ਪਿਆ ਅਤੇ ਡੇਰੇ ਆ ਕੇ ਸ਼ਲਕ ਕੀਤੀ। ਮੁੜ ਵਾਸੂ ਸੁਹਾਵੇ ਨੂੰ ਤੁਰ ਪਏ। ਇਸ ਲੜਾਈ ਵਿਚ ਪੰਜ ਸੌ ਖੁੱਲ੍ਹਾ ਘੋੜ-ਚੜ੍ਹਾ ਸਾਡਾ ਅਤੇ ਇਕ ਰਸਾਲਾ ਖੱਬੇ ਹੱਥ ਸੀ। ਵਾਸੂ ਸੁਹਾਵੇ ਟਿੰਡਾਂ ਵਿਚ ਦਾਲ ਸਾਗ ਰਿੰਨਿਆ ਕਰੀਏ, ਕਿਉਂਕਿ ਭਾਂਡੇ ਤਾਂ ਪਿੱਛੇ ਰਹਿ ਗਏ ਸਨ। ਅੰਗਰੇਜ਼ ਰੌਂਦ ਕਰਨ ਆਉਣ ਅਤੇ ਵੇਖ-ਚਾਖ ਕੇ ਮੁੜ ਜਾਣ। ਤਿੰਨ ਦਿਨ ਰਹਿ ਕੇ ਚੌਥੇ ਦਿਨ ਬਾਰ ਵਿਚ ਜਾ ਉਤਰੇ। ਜਦੋਂ ਤੁਰੇ, ਤਾਂ ਮਗਰਲਿਆਂ ਦੀਆਂ ਟਿੰਡਾਂ ਦਾਲ ਸਾਗ ਦੀਆਂ ਰਿੜਦੀਆਂ ਫਿਰਨ। ਓਨ੍ਹਾਂ ਸਮਝਿਆ ਸੀ ਕਿ ਫ਼ਰੰਗੀ ਆ ਪਿਆ ਹੈ ਅਤੇ ਭਾਂਜ ਪੈ ਗਈ ਹੈ। ਅਜਿਹੀ ਹੱਥਾਂ ਪੈਰਾਂ ਦੀ ਪਈ ਹੋਈ ਸੀ ਅਤੇ ਬੁਰੀ ਹਫੜਾ-ਦਫੜੀ ਵਿਚ ਫਿਰਦੇ ਸਨ।

## ਚੇਲਿਆਂ ਵਾਲੀ ਦੀ ਲੜਾਈ

ਫ਼ੌਜ ਤੋਂ ਅੱਗੇ ਡੂਢ ਡੂਢ ਕੋਹ ਉਤੇ ਬਿਕਟ ਸੀ, ਚਾਰ ਪੰਜ ਸੌ ਨੇ ਹੀ ਇਕ ਚਾਨਣੀ ਚਿਲੀਆਂ ਵਾਲੀ ਦੇ ਟਿੱਬੇ ਉਤੇ ਲਾ ਰੱਖੀ ਅਤੇ ਪਿਪਲੀ ਉਤੇ ਰਾਤ ਨੂੰ ਪਹਿਰੇ ਵਾਸਤੇ ਇਕ ਆਦਮੀ ਕੁਝ ਕੁ ਘੰਟਿਆਂ ਦੀ ਵਾਰੀ ਨਾਲ ਚੜ੍ਹਾ ਛੱਡਦੇ, ਕਿ ਫ਼ੌਜ ਦੀ ਬਿੜਕ ਲੈਂਦਾ ਰਿਹਾ ਕਰੇ। ਇਕ ਦਿਨ ਪਹਿਰ ਰਾਤ ਰਹਿੰਦੀ ਹੀ ਵਧਾਵਾ ਸਿੰਘ ਨੇ ਕਿਹਾ ਕਿ ਡਿੰਗਿਆਂ ਵੱਲੋਂ ਤੋਪਾਂ ਦੇ ਤੁਰਦਿਆਂ ਠੋਕਰ ਦੀ ਅਵਾਜ਼ ਆਉਂਦੀ ਹੈ। ਇਕ ਹੋਰ ਨੇ ਉਤੇ ਜਾ ਕੇ ਏਸੇ ਗੱਲ ਦੀ ਤਾਈਦ ਕੀਤੀ। ਉਸੇ ਵੇਲੇ ਪੰਜ ਸਵਾਰ ਰਾਜਾ ਸ਼ੇਰ ਸਿੰਘ ਅਤੇ ਲਾਲ ਸਿੰਘ ਵੱਲ ਦੌੜਾ ਦਿੱਤੇ ਕਿ ਤਿਆਰ ਹੋ ਜਾਓ।

ਸ਼ੇਰ ਸਿੰਘ ਨੇ ਲਾਮ ਲਾ ਲਈ, ਸੱਤ ਕੋਹ ਵਿਚ ਤਿੰਨ ਸੌ ਤੋਪ ਲੈਸ ਕਰ ਲਈ। ਅਸੀਂ ਆਪਣੇ ਅਫ਼ਸਰ ਖ਼ੁਸ਼ਹਾਲ ਸਿੰਘ ਮਰਾੜੀਏ (ਵੱਡਾ ਭਰਾ ਲਾਲ ਸਿੰਘ ਮਰਾੜੀਏ ਦਾ) ਸਣੇ ਪਹਾੜੀ ਵੱਲ ਚਲੇ ਗਏ, ਪੰਜ ਸੱਤ ਪਿਛੇ ਬੈਠੇ ਰਹੇ। ਅੰਗਰੇਜ਼ਾਂ ਆਉਂਦਿਆਂ ਹੀ ਤੋਪ ਛੋਲਦਾਰੀ ਦੇ ਵਿਚ ਮਾਰੀ, ਸਾਡੇ ਪਿੰਡ ਦਾ ਮਾਹੀ ਸਿੰਘ ਦਾ ਪੁੱਤਰ ਖੜਕ ਸਿੰਘ ਮਾਰਿਆ ਗਿਆ। ਨਿਹਾਲ ਸਿੰਘ ਇਥੋਂ ਦਾ, ਰਾਮ ਸਿੰਘ ਰਟੌਲਾਂ ਦਾ ਅਤੇ ਪਰਤਾਬ ਸਿੰਘ ਸ਼ਬਾਜ਼ਪੁਰੇ ਦਾ (ਜੋ ਪੈਦਲ ਸਨ) ਭੱਜ ਕੇ ਸਾਨੂੰ ਆ ਮਿਲੇ।

ਲੜਾਈ ਲੱਗ ਪਈ ਅਤੇ ਅਸੀਂ ਉੱਚੀ ਥਾਂ ਪਹਾੜੀ ਉਤੇ ਖੜੇ ਸਭ ਕੁਝ ਵੇਖੀਏ। ਸਾਡਾ ਗੋਲਾ ਤਾਂ ਅੰਗਰੇਜ਼ਾਂ ਦੇ ਵਿਚ ਪੈਂਦਾ ਸੀ, ਪਰ ਅੰਗਰੇਜ਼ਾਂ ਦਾ ਟੱਪਾ ਖਾ ਕੇ ਸਾਡੀਆਂ ਤੋਪਾਂ ਤੀਕ ਹੀ ਅਪੜਦਾ ਸੀ। ਕੁਝ ਕੁ ਚਿਰ ਮਗਰੋਂ ਅੰਗਰੇਜ਼ਾਂ ਨੇ ਚਾਲ੍ਹੀ ਕੁ ਕਰਮਾਂ ਤੋਪਾਂ ਅਗੇ ਝਾੜ ਦੀ ਵਟ ਪਾਸ ਕਰ ਦਿੱਤੀਆਂ। ਫੇਰ ਗੋਲਾ ਠੀਕ ਪੈਣ ਲੱਗ ਪਿਆ, ਗੋਲੰਦਾਜ਼ ਅਤੇ ਘੋੜਾ ਦੁਵੱਲੀਓਂ ਹੀ ਕੋਈ ਨਾ ਰਿਹਾ, ਫੇਰ ਬੰਦੂਕਾਂ ਦੀ ਵਾਰੀ ਆਈ। ਅਸੀਂ ਵੇਖਦੇ ਸਾਂ ਕਿ ਕਈ ਸਿਖ ਭੱਜ ਕੇ ਦਰਿਆਓਂ ਪਾਰ ਹੁੰਦੇ ਜਾਂਦੇ ਸਨ। ਓਸੇ ਵੇਲੇ ਰਾਜਾ ਸ਼ੇਰ ਸਿੰਘ ਸਾਡੇ ਪਾਸ ਆਇਆ ਅਤੇ ਕਿਹਾ ਕਿ ਸਤਰ ਤਲਵਾਰ ਦੀ ਬਾਦਸ਼ਾਹੀ ਹੁੰਦੀ ਹੈ। ਤੁਸੀਂ ਸਵੇਰ ਦੇ ਵਿਸਮੇ ਹੋਏ ਹੋ, ਰਲ ਕੇ ਇਕ

ਹੱਲਾ ਕਰੋ। ਰੱਸੇ ਲਾਹ ਦਿੱਤੇ ਅਤੇ ਤਲਵਾਰਾਂ ਧੂਹ ਲਈਆਂ। ਅਗੇ ਆਪ ਹੋਇਆ, ਮਗਰ ਮਰਾੜੀਏ। ਜਵਾਹਰ ਸਿੰਘ ਅਤੇ ਸੂਰਤ ਸਿੰਘ ਅਗੇ, ਮਗਰ ਅਸੀਂ, ਬੱਸ ਫੇਰ ਤਾਂ ਵਾਢ ਹੀ ਹੁੰਦੀ ਗਈ। ਅਸੀਂ ਲਾਟ ਦੀ ਪੀਨਸ ਪਾਸ ਆ ਗਏ। ਉਹ ਤੜੱਕ ਵਿਚੋਂ ਨਿਕਲ ਕੇ ਘੋੜੇ ਉਤੇ ਚੜ੍ਹ ਕੇ ਨੱਠ ਗਿਆ। ਪੀਨਸ ਵਿਚੋਂ ਦੋ ਪਸਤੌਲ, ਦੋ ਬਰਾਂਡੀ ਦੀਆਂ ਬੋਤਲਾਂ ਅਤੇ ਇਕ ਬਹੁ-ਮੁੱਲਾ ਕਾਲਾ ਚੋਗਾ ਨਿਕਲਿਆ। ਦੋ ਕੁ ਕਹਾਰ ਮਾਰ ਸੁੱਟੇ ਅਤੇ ਲਾਟ ਦੇ ਮਗਰ ਪਏ। ਇਕ ਅੜਦਲੀ ਨੇ ਭੌਂ ਕੇ ਵਧਾਵਾ ਸਿੰਘ ਨੂੰ ਤਲਵਾਰ ਮਾਰੀ, ਪਰ ਕਾਠੀ ਹੀ ਵੱਢੀ ਗਈ। ਫੇਰ ਵਧਾਵਾ ਸਿੰਘ ਨੇ ਮਾਰੀ, ਮੋਢੇ ਉਤੇ ਵੱਜੀ, ਪਰ ਲੌਸਾਂ ਕਰਕੇ ਬਚਾ ਹੀ ਰਿਹਾ। ਇਸ ਵੇਲੇ ਅੰਗਰੇਜ਼ੀ ਫ਼ੌਜ ਨੂੰ ਅਸਾਂ ਅੱਗੇ ਧਰ ਲਿਆ ਸੀ, ਪਰ ਐਨ ਇਸ ਵੇਲੇ ਸਾਡੇ ਉਤੇ ਦੋ ਗੋਲੇ ਆ ਕੇ ਪਏ। ਪਿੱਛੇ ਹਟ ਕੇ ਵੇਖਿਆ ਤਾਂ ਓਹ ਅਲਾਹੀ ਬਖ਼ਸ਼ ਦੀਆਂ ਦੋ ਤੋਪਾਂ ਸਨ, ਜੋ ਖੱਬੇ ਸਿਰੇ ਉਤੇ ਸਨ। ਘਰ ਪਾਟਾ ਵੇਖ ਰਾਜਾ ਸ਼ੇਰ ਸਿੰਘ ਅੱਗੇ ਨਾ ਵਧਿਆ। ਪਾਸ ਹੀ ਫ਼ਰੰਗੀ ਦੀਆਂ ਤੋਪਾਂ ਪਈਆਂ ਸਨ, ਸੂਰਤ ਸਿੰਘ ਨੇ ਕਿਹਾ ਕਿ ਰੇੜ੍ਹ ਲਿਚੱਲੀਏ, ਪਰ ਉਹ ਰਿੜ੍ਹਨ ਨਾਹ। ਤਿੰਨ ਊਠ ਬੰਦੂਕਾਂ ਦੇ ਲੱਦੇ ਹੋਏ ਹੱਥ ਆ ਗਏ, ਓਹੋ ਹੀ ਸਾਂਭ ਲਏ ਅਤੇ ਡੇਰਾ ਓਥੇ ਹੀ ਲਾ ਦਿੱਤਾ। ਰਾਤ ਬੜਾ ਮੀਂਹ ਵਰ੍ਹਿਆ। ਅਸੀਂ ਸਣੇ ਸਰਦਾਰਾਂ ਦੇ ਝੁਬਾਂ ਮਾਰ ਕੇ ਬੈਠ ਰਹੇ, ਦਿਨ ਚੜ੍ਹੇ ਡੇਰਿਆਂ ਨੂੰ ਆ ਗਏ ਅਤੇ ਤੋਪਾਂ ਉਥੇ ਹੀ ਰਹਿਣ ਦਿੱਤੀਆਂ। ਡੇਰੇ ਵਿਚ ਅੰਗਰੇਜ਼ਾਂ ਦਾ ਖ਼ਤ ਆਇਆ ਕਿ ਸਾਡਾ ਧਰਮ-ਯੁਧ ਹੋਇਆ ਹੈ, ਇਸ ਕਰਕੇ ਤੁਸੀਂ ਆਪਣੇ ਮੁਰਦੇ ਅਤੇ ਤੋਪਾਂ ਲੈ ਜਾਓ, ਅਸੀਂ ਆਪਣੇ ਚੁੱਕ ਲੈ ਜਾਂਦੇ ਹਾਂ, ਕੋਈ ਕਿਸੇ ਨੂੰ ਕੁਝ ਨਾ ਆਖੇ। ਸੋ ਅਜਿਹਾ ਹੀ ਹੋਇਆ, ਪਰ ਸਿੱਖਾਂ ਨੇ ਆਪਣਾ ਮੁਰਦਾ ਕੋਈ ਨਹੀਂ ਲਿਆਂਦਾ, ਰਾਤ ਨੂੰ ਲਾਂਭੇ ਦੇ ਪਿੰਡਾਂ ਦੇ ਲੋਕੀ ਮੁਰਦਿਆਂ ਦੇ ਲੱਕਾਂ ਨੂੰ ਟੋਂਹਦੇ ਫਿਰਨ, ਉਨ੍ਹਾਂ ਨੂੰ ਬਹੁਤ ਮਾਲ ਹੱਥ ਆਇਆ।

## ਗੁਜਰਾਤ ਦੀ ਲੜਾਈ

ਅਗਲੇ ਦਿਨ ਸਾਡੇ ਪਾਸ ਮਹਾਰਾਜ ਸਿੰਘ ਅਤੇ ਬਾਬਾ ਬਿਕ੍ਰਮਾ ਸਿੰਘ ਆ ਗਏ ਅਤੇ ਡੇਰੇ ਲਾ ਦਿੱਤੇ। ਰਾਮ ਸਿੰਘ ਜਲ੍ਹੇਵਾਲੀਏ ਦਾ ਖ਼ਤ ਆਇਆ ਕਿ ਗੁਜਰਾਤ ਦੇ ਖ਼ਜ਼ਾਨੇ ਦੋ ਲੱਖ ਰੁਪਿਆ ਪਿਆ ਹੈ, ਸੱਤ ਕੋਠੇ ਗੁਦਾਮ ਦੇ ਵੀ ਹਨ, ਆ ਕੇ ਲੈ ਲਵੋ। ਇਸ ਵੇਲੇ ਪੈਸਾ ਕੋਈ ਨਹੀਂ ਸੀ ਅਤੇ ਗੁਦਾਮ ਖੁਣੋਂ ਭੁੱਖੇ ਮਰਦੇ ਸਾਂ। ਓਨ੍ਹੀਂ ਦਿਨੀਂ ਲਾਲ ਸਿੰਘ ਨੇ ਕਿਹਾ ਸੀ ਕਿ ਦਲੀਪਗੜ੍ਹ ਬਣਨ ਵਾਲਾ ਰੁਪਿਆ ਗੋਬਿੰਦਗੜ੍ਹੋਂ ਜਾਂਦਾ ਹੁੰਦਾ ਸੀ, ਮੈਂ ਇਕ ਟਿੱਬੇ ਵਿਚ ਦੋ ਲੱਖ ਦਬਿਆ ਹੋਇਆ ਹੈ, ਜਾ ਕੇ ਲੈ ਲਵੋ (ਇਹ ਓਦੋਂ ਮਾਲਕ ਸੀ, ਸਭ ਰੁਪਿਆ ਇਸ ਦੇ ਹੱਥੋਂ ਹੀ ਜਾਂਦਾ ਸੀ)। ਪਰ ਜਾਵੇ ਕੌਣ ? ਲਾਗਿਓਂ ਗੁਜਰਾਤ ਦੀ ਹੀ ਗੱਲ ਪਸੰਦ ਆਈ। ਇਹ ਲਾਲ ਸਿੰਘ ਬੜਾ ਬਹਾਦਰ ਅਤੇ ਜੋਤਸ਼ੀ ਸੀ। ਇਸ ਨੇ ਵੇਖਿਆ ਸੀ ਕਿ ਮੇਰੀ ਅਜੇ ਮੌਤ ਨਹੀਂ ਹੈ, ਇਸ ਕਰਕੇ ਇਹ ਤੋਪਾਂ ਨੂੰ ਸਿੱਧਾ ਹੀ ਜਾਇਆ ਕਰਦਾ ਅਤੇ ਕਹਿੰਦਾ ਸੀ ਕਿ ਮੈਂ ਕਦੇ ਵੀ ਇਸ ਯੁਧ ਵਿਚ ਨਹੀਂ ਮਰਾਂਗਾ।

ਤੁਰਨ ਤੋਂ ਪਹਿਲਾਂ ਅਵਾਜ਼ ਲਈ ਤਾਂ ਇਹ ਸ਼ਬਦ ਨਿਕਲਿਆ, "ਕਾਢ ਕੁਠਾਰ ਖਸਮ ਸਿਰ ਕਾਟਿਆ ਖਿਨ....."। ਮਹਾਰਾਜ ਸਿੰਘ ਜੀ ਨੇ ਕਿਹਾ ਕਿ ਕੂਚ ਨਾ ਕਰੋ, ਆਗਿਆ ਨਹੀਂ ਹੈ; ਪਰ ਸਿੰਘਾਂ ਨੇ ਕਿਹਾ ਕਿ ਸਾਡੇ ਭਰਾ ਨੇ ਸਾਨੂੰ ਲਿਖਿਆ ਹੈ, ਕਿਉਂ ਨਾ ਮੰਨੀਏ; ਗਲੇ ਥਾਣੀ ਲੁਕਦੇ ਲੁਕਦੇ ਚੁੱਪ ਕੀਤੇ ਹੀ ਤੁਰ ਪਏ। ਅੱਗੇ ਰਾਮ ਸਿੰਘ ਧੋਖਾ ਕਰ ਗਿਆ। ਗੁਦਾਮ ਤਾਂ ਰਹਿ ਗਿਆ, ਪਰ ਰੁਪਿਆ ਲੈ ਕੇ ਵਜ਼ੀਰਾਬਾਦ ਚਲਿਆ ਗਿਆ। ਖ਼ੈਰ ਗੁਦਾਮ ਹੀ ਸਹੀ। ਤੀਜੇ ਦਿਨ ਚਤਰ ਸਿੰਘ ਆਇਆ। ਕੈਦੀ ਪਹਿਲੋਂ ਹੀ ਘੱਲ ਦਿੱਤੇ ਸਨ, ਓਹ ਸਾਡੇ ਹੀ ਪਹਿਰੇ ਵਿਚ ਸਨ। ਇਕ ਅੰਗਰੇਜ਼ ਸਾਡੇ ਪੰਜ ਸਵਾਰ ਲੈ ਕੇ ਸੁਲਹ ਵਾਸਤੇ ਫ਼ਰੰਗੀ ਵਲ ਗਿਆ ਅਤੇ ਜਾਂਦਾ ਹੋਇਆ ਸ਼ੇਰ ਸਿੰਘ ਨੂੰ ਆਖ ਗਿਆ ਕਿ ਤੂੰ ਤੋਪ ਪਹਿਲੋਂ ਨਾ ਚਲਾਈਂ, ਮੈਂ ਰਾਜ਼ੀ-ਨਾਵਾਂ ਜ਼ਰੂਰ ਕਰਵਾ ਦਿਆਂਗਾ। ਫ਼ਰੰਗੀ ਆਵਣ ਅਤੇ ਡਟ ਜਾਣ, ਸਾਡੇ ਵੱਲੋਂ ਵੀ ਤਿਆਰੀ ਹੋ ਜਾਵੇ, ਪਰ ਲੜਾਈ ਨਾ ਹੋਵੇ। ਫ਼ਰੰਗੀ ਫੇਰ ਹੱਟ ਜਾਣ, ਤਿੰਨ ਦਿਨ ਇਹੋ ਹਾਲ ਰਿਹਾ। ਚੌਥੇ ਦਿਨ ਇਹ ਬੁੱਢਾ ਬਾਹਮਣ ਆਇਆ ਅਤੇ ਪੱਤਰੀ ਵੇਖ ਕੇ ਮੂੰਹ 'ਤੇ ਹੱਥ ਫੇਰਿਆ ਅਤੇ ਕਿਹਾ ਸੂ ਕਿ ਰਾਜਾ ਜੀ, ਅੱਜ ਤੇਰੀ ਜਿੱਤ ਹੈ, ਅੱਜ ਜ਼ਰੂਰੀ ਲੜਾਈ ਕਰ। ਜਦੋਂ ਅੰਗਰੇਜ਼ਾਂ ਦੀ ਫ਼ੌਜ ਆਈ ਤਾਂ ਸ਼ੇਰ ਸਿੰਘ ਨੇ ਬਿਗਲਚੀ ਨੂੰ, ਜੋ ਗੁਜਰਾਤ ਦੀ ਉੱਚੀ ਅਟਾਰੀ 'ਤੇ ਸੀ, ਹੱਲੇ ਦਾ ਹੁਕਮ ਦਿੱਤਾ। ਦੁਵੱਲੀਓਂ ਤੋਪਾਂ ਚੱਲੀਆਂ। ਅੰਗਰੇਜ਼ ਤੋਪਾਂ ਵਿਚ ਲੈ, ਕਿਲ੍ਹਾ ਬਣਾ ਕੇ ਵਧਦੇ ਆਏ। ਅਸੀਂ ਦੁਰਾਨੀਆਂ ਦੇ ਨਾਲ ਖੱਬੇ ਹੱਥ ਸਾਂ। ਓਹਨਾਂ ਦਾ ਹਜ਼ਾਰ ਸਵਾਰ ਅਤੇ ਹਜ਼ਾਰ ਹੀ ਪੈਦਲ ਸੀ। ਇਕ ਗੋਰਾ ਪਰਵਾਨਾ ਲੈ ਕੇ ਕਾਬਲੀਏ ਪਾਸ ਆਇਆ। ਜਾਂ ਦੇ ਕੇ ਮੁੜਿਆ ਤਾਂ ਸੂਰਤ ਸਿੰਘ ਨੇ, ਜੋ ਸਾਡੇ ਪਾਸ ਖੜਾ ਸੀ, ਬੰਦੂਕ ਮਾਰ ਕੇ ਓਥੇ ਹੀ ਰਖਿਆ। ਲੜਾਈ ਜ਼ੋਰ ਉਤੇ ਸੀ, ਕਾਬਲੀਏ ਮੁੜ ਨੱਠੇ। ਓਧਰੋਂ ਵਜ਼ੀਰਾਬਾਦ ਵੱਲ ਦੀ ਸਾਡੀ ਫ਼ੌਜ ਭੱਜੀ ਆਵੇ। ਸਭ ਸਰਦਾਰ ਇਕੱਠੇ ਹੋਏ ਅਤੇ ਕੰਮ ਬਣਦਾ ਨਾ ਵੇਖ ਕੇ ਸਲਾਹ ਨਾਲ ਜੇਹਲਮ ਨੂੰ ਪਰਤੇ। ਅਸੀਂ ਭੱਜ ਕੇ ਆਪਣੇ ਅਫ਼ਸਰ ਦੇ ਡੇਰੇ ਗਏ ਅਤੇ ਜਾਮਦਾਨੀਆਂ ਦੀਆਂ ਦੋ ਖ਼ਚਰਾਂ ਲੱਦੀਆਂ। ਜੇਹਲਮ ਤੀਕ ਨੱਠੇ ਹੀ ਗਏ, ਗਾਹਣ ਪਾਰ ਹੋ ਕੇ ਸਲਾਹ ਹੋਈ। ਕੁਝ ਫ਼ੌਜ ਅਤੇ ਤੋਪਾਂ ਤਾਂ ਪਾਸ ਸਨ, ਪਰ ਖ਼ਰਚ ਪੱਲੇ ਕੋਈ ਨਹੀਂ ਸੀ, ਇਸ ਕਰਕੇ ਸਲਾਹ ਹੋਈ ਕਿ ਹੁਣ ਲੜਾਈ ਕੋਈ ਨਹੀਂ ਹੁੰਦੀ। ਅਗਲੇ ਦਿਨ ਅੰਗਰੇਜ਼ ਵੀ, ਜੋ ਸਲਾਹ ਲਈ ਗਏ ਸਨ, ਬੇੜੀ ਚੜ੍ਹ ਕੇ ਗੋਰਿਆਂ ਨਾਲ ਸਾਡੇ ਪਾਸ ਆ ਗਏ। ਬਥੇਰਾ ਕਿਹਾ ਕਿ ਮੁੜ ਜਾਓ, ਪਰ ਨਾ ਮੁੜੇ। ਰਾਜੇ ਨੂੰ ਕਹਿਣ, ਤੂੰ ਤੋਪ ਪਹਿਲੋਂ ਕਿਸ ਲਈ ਦਾਗਣੀ ਸੀ।

## ਰਾਵਲਪਿੰਡੀ ਵਿਚ ਹਥਿਆਰ ਦੇਣੇ

ਲੁਟਦੇ ਪੁਟਦੇ ਰਾਵਲਪਿੰਡੀ ਅੱਪੜੇ। ਸਾਡੇ ਨਾਲ ਪੰਜਾਹ ਕੁ ਹਾਥੀ ਸਨ। ਓਥੇ ਸ਼ਾਹੂਕਾਰਾਂ ਪਾਸ ਸੋਨੇ ਦੇ ਦੋ ਹੌਦੇ ਵੇਚੇ, ਖ਼ਰਚ ਦੀ ਤੰਗੀ ਕਰਕੇ। ਅੰਗਰੇਜ਼ 'ਸਵਾਂ' ਵਿਚ ਉਤਰੇ ਹੋਏ ਸਨ, ਵਿਥ ਤਿੰਨ ਚਾਰ ਕੋਹ ਦੀ ਸੀ। ਰਾਤ ਸਲਾਹ ਹੋਈ ਕਿ ਕੀ

ਕੀਤਾ ਜਾਵੇ, ਕੋਈ ਸਰਦਾਰ ਸਾਨੂੰ ਨਹੀਂ ਝੱਲਦਾ, ਰੁਪਿਆ ਪੈਸਾ ਪਾਸ ਨਹੀਂ, ਜੋ ਝੱਟ ਹੀ ਲੰਘਦਾ ਜਾਵੇ। ਖ਼ੈਬਰ ਰੋਕਿਆ ਹੋਇਆ ਹੈ, ਓਧਰ ਜਾਣ ਦੀ ਵੀ ਕੋਈ ਉਮੈਦ ਨਹੀਂ, ਕੀ ਕੀਤਾ ਜਾਵੇ। ਆਖ ਵੇਖ ਕੇ ਸਭ ਸੌਂ ਰਹੇ। ਰਾਜਾ ਸ਼ੇਰ ਸਿੰਘ ਅਤਿ ਨਾ-ਉਮੈਦ ਹੋ ਕੇ ਇਕੱਲਾ ਹੀ ਰਾਤ ਅੰਗਰੇਜ਼ ਦੇ ਡੇਰੇ ਚਲਿਆ ਗਿਆ ਅਤੇ ਤਲਵਾਰ ਮਿਆਨੋਂ ਕੱਢ ਮੇਜ਼ ਉਤੇ ਧਰ ਦਿੱਤੀ। ਲਾਟ ਨੂੰ ਇਤਬਾਰ ਨਾ ਆਇਆ, ਇਕ ਸੂਹੀਆ ਸਾਡੇ ਡੇਰੇ ਪਤਾ ਲੈਣ ਵਾਸਤੇ ਘੱਲਿਆ। ਲਾਟ ਨੇ ਕਾਰਨ ਪੁੱਛਿਆ ਤਾਂ ਕਿਹਾ ਕਿ ਹੁਣ ਲੜਨ ਦੀ ਹਿੰਮਤ ਨਹੀਂ ਰਹੀ। ਸਵੇਰੇ ਆ ਕੇ ਫ਼ੌਜ ਨੂੰ ਹਥਿਆਰ ਦੇਣ ਵਾਸਤੇ ਕਿਹਾ। ਚਾਰ ਸਰਦਾਰ ਲਾਟ ਪਾਸ ਖੜੋਤੇ ਰਹੇ, ਰੁਪਿਆਂ ਦੀ ਮੁੱਠ ਭਰੀ ਖੜਾ ਥੈਲੀ ਵਾਲਾ ਪਾਸ ਸੀ, ਜੋ ਆਵੇ ਤਲਵਾਰ ਦਾ ਫਲ ਸੁਟ ਦੇਵੇ ਅਤੇ ਰੁਪਿਆ ਲੈ ਕੇ ਵਿਦਿਆ ਹੋ ਜਾਵੇ। ਅੰਤ ਨੂੰ ਅਸੀਂ ਅਤੇ ਸਰਦਾਰ ਰਹਿ ਗਏ। ਸਾਨੂੰ ਆਉਣ ਨਾ ਦਿੱਤਾ, ਪਹਿਰੇ ਅੰਦਰ ਲਾਹੌਰ ਤੀਕ ਆਏ, ਪਰ ਰਹੇ ਅਸੀਂ ਪਾਰ ਹੀ, ਫੇਰ ਖ਼ਰਚ ਵਾਸਤੇ ਚੁਆਨੀ ਰੋਜ਼ ਮਿਲਨ ਲੱਗੀ। ਵਿਸਾਖ ਵਿਚ ਸਭ ਸਰਦਾਰਾਂ ਨੂੰ ਬੰਨ੍ਹ ਕੇ ਤੋਰ ਦਿੱਤਾ। ਖ਼ੁਸ਼ਹਾਲ ਸਿੰਘ ਕਾਂਸ਼ੀ ਘੱਲਿਆ ਗਿਆ, ਪਰ ਸਾਨੂੰ ਅਜੇ ਵੀ ਨਾ ਛਡਿਆ। ਚੌਥੇ ਦਿਨ ਇਕ ਇਕ ਨੂੰ ਸੱਦ ਕੇ ਨਾਂ-ਥੇਹ ਲਿਖ ਕੇ ਖ਼ਾਲੀ ਹੱਥ ਹੀ ਘਰਾਂ ਨੂੰ ਤੋਰ ਦਿੱਤਾ। ਅਤਰ ਸਿੰਘ ਕਾਲਿਆਂ ਵਾਲੇ ਅਤੇ ਤੇਜਾ ਸਿੰਘ ਨੇ, ਜੋ ਕਾਰ-ਮੁਖ਼ਤਾਰ ਸੀ, ਕਿਹਾ ਕਿ ਸਿੱਖਾਂ ਦੀ ਕੀ ਪਾਯਾਂ ਸੀ ਜੋ ਲੜਦੇ, ਇਹ ਤਾਂ ਸਰਦਾਰਾਂ ਦਾ ਹੀ ਕਸੂਰ ਸੀ। ਪੰਜ ਸੌ ਸਵਾਰ ਨੇ ਬਹਾਦਰੀ ਕੀਤੀ ਹੈ, ਇਨ੍ਹਾਂ ਦੀ ਪਿਨਸ਼ਨ ਚਾਹੀਏ। ੩/- ਮਹੀਨਾ ਮਨਜ਼ੂਰ ਹੋਏ, ਚਪੜਾਸੀ ਵਰੰਟ ਲੈ ਕੇ ਸਾਡੇ ਪਾਸ ਆਇਆ ਕਿ ਸਹੀ ਪਾਓ, ਅਸੀਂ ਜਾਤਾ ਕਿ ਕਿਤੇ ਕਾਲਿਆਂ ਪਾਣੀਆਂ ਨੂੰ ਹੀ ਨਾ ਘੱਲਣ ਵਾਲੇ ਹੋਣ, ਰੁਪਿਆ ਉਸਦੀ ਮੁੱਠੇ ਪਾਇਆ ਅਤੇ ਮੋੜ ਦਿੱਤਾ। ਸਾਨੂੰ ਕੀ ਪਤਾ ਸੀ ਕਿ ਪਿਨਸ਼ਨ ਮਿਲਣੀ ਹੈ, ਕਿਸੇ ਦਸਿਆ ਵੀ ਨਾ। ਜਿੰਨੀ ਵਾਰ ਚਪੜਾਸੀ ਆਇਆ, ਅਸਾਂ ਮੋੜ ਛਡਿਆ। ਤਿੰਨ ਵਰ੍ਹੇ ਮਗਰੋਂ ਜਦੋਂ ਜ਼ਮੀਨਾਂ ਕਛੀਆਂ ਗਈਆਂ ਅਤੇ ਅਸੀਂ ਖਤੌਨੀਆਂ ਲੈਣ ਅੰਮ੍ਰਿਤਸਰ ਗਏ ਤਾਂ ਪਿਨਸ਼ਨ ਦੀ ਖ਼ਬਰ ਸਾਨੂੰ ਤੇਜਾ ਸਿੰਘ ਦੇ ਮੁਨਸ਼ੀ ਨੇ ਦਿੱਤੀ। ਅਸੀਂ ਤੇਜਾ ਸਿੰਘ ਪਾਸ ਗਏ ਜੋ ਓਦੋਂ ਅਦਾਲਤੀ ਸੀ, ਪਰ ਉਸ ਕਿਹਾ ਕਿ ਹੁਣ ਬਹੁਤ ਚਿਰ ਚੋ ਚੁੱਕਾ ਹੈ, ਕੁਝ ਨਹੀਂ ਬਣਦਾ। ਖ਼ੈਰ ਅਸੀਂ ਐਵੇਂ ਹੀ ਰਹੇ, ਹੋਰ ਅੱਜ ਤੀਕ ੩/- ਖਾਂਦੇ ਹਨ।

# ਸਿਖ ਇਤਿਹਾਸ ਦੇ ਖ਼ੂਨੀ ਵਰਕੇ

## [ਬਾਵਾ ਬੁਧ ਸਿੰਘ ਜੀ]

ਜੂਨ ਸੰਨ ੧੮੩੯ ਈ: ਦੀ ੨੭ ਤਰੀਕ ਹੈ। ਲਾਹੌਰ ਦੇ ਸ਼ਾਹੀ ਮਹਿਲ ਦੇ ਵਿਹੜੇ ਵਿਚ ਮਹਾਰਾਜਾ ਰਣਜੀਤ ਸਿੰਘ, ਸਿੰਘ ਬਹਾਦਰ, ਸ਼ੇਰਿ-ਪੰਜਾਬ ਹਮੇਸ਼ ਲਈ ਅਰਸ਼ੀ ਨੀਂਦਰ ਸੁੱਤੇ, ਆਖ਼ਰੀ ਸੇਜੇ (ਅਰਥ) 'ਤੇ ਲੇਟੇ ਹਨ। ਚਾਰ-ਚੁਫੇਰੇ ਰੋਣਾ ਪਿਟਣਾ ਤੇ ਹਾਹਾਕਾਰ ਮਚ ਰਿਹਾ ਹੈ—ਸਰਕਾਰ ! ਹਾਏ ਸਰਕਾਰ ! ਸਾਰੇ ਪੰਜਾਬੀਆਂ ਦੀ ਪਿਆਰੀ ਸਰਕਾਰ ! ਹੁਣ ਹਮੇਸ਼ਾ ਲਈ ਲੋਪ ਹੋ ਗਈ। ਉਹ ਸ਼ੇਰ ਜਿਸ ਦੀ ਗਰਜ ਪਠਾਣਾਂ ਦੇ ਹਿਰਦੇ ਕੰਬਾਂਦੀ ਸੀ, ਹਮੇਸ਼ ਲਈ ਚੁੱਪ !

ਅਰਥੀ ਚਿਖਾ 'ਤੇ ਲਿਜਾਣ ਲਈ ਤਿਆਰ ਹੈ। ਮਹਾਰਾਜੇ ਦੀਆਂ ਚਾਰ ਰਾਣੀਆਂ ਤੇ ਸੱਤ ਗੋਲੀਆਂ ਸਤੀ ਹੋਣ ਲਈ ਤਿਆਰ ਹਨ। ਉਹ ਆਪਣੇ ਪਿਆਰੇ ਪਤੀ ਦੇ ਵਿਛੋੜੇ ਨੂੰ ਇਕ ਛਿਨ ਪਲ ਲਈ ਸਹਾਰ ਨਹੀਂ ਸਕਦੀਆਂ। ਇਹ ਅਚਰਜ ਸਮਾਂ ਹੈ। ਉਹ ਮਹਾਰਾਣੀਆਂ, ਜਿਨ੍ਹਾਂ ਦੇ ਪਰਛਾਵੇਂ ਨੂੰ ਵੀ ਕਿਸੇ ਮਰਦ ਨੇ ਨਹੀਂ ਡਿੱਠਾ, ਅੱਜ ਬਿਨਾਂ ਪਰਦੇ ਆਪਣੇ ਜੋਬਨ ਦੀ ਭਰ ਲਾਲੀ ਵਿਚ ਆਪਣੇ ਪਤੀ ਦੀ ਮੁਰਦਾ ਦੇਹ ਦੇ ਸਰਹਾਣੇ ਖੜੀਆਂ ਹਨ। ਰੋਂਦੀਆਂ ਨਹੀਂ, ਮੁਖੜੇ 'ਤੇ ਜਲਾਲ ਵੱਸਦਾ ਹੈ। ਪਹਾੜੀ ਮਹਾਰਾਣੀ ਅੱਗੇ ਵਧਦੀ ਹੈ ਤੇ ਮਹਾਰਾਜਾ ਦੇ ਪਿੰਡੇ 'ਤੇ ਗੀਤਾ ਦੀ ਪੋਥੀ ਰੱਖ ਕੇ ਰਾਜਾ ਧਿਆਨ ਸਿੰਘ ਵਜ਼ੀਰ ਨੂੰ ਪੁਕਾਰ ਕੇ ਸੱਦਦੀ ਹੈ, ਤੇ ਗੀਤਾ ਤੇ ਮਹਾਰਾਜਾ ਦੇ ਪਿੰਡੇ 'ਤੇ ਹੱਥ ਲਵਾ ਕੇ ਤੇ ਸੁਗੰਧ ਦਿਵਾ ਕੇ ਵਜ਼ੀਰ ਕੋਲੋਂ ਇਕਰਾਰ ਕਰਾਂਦੀ ਹੈ। ਵਜ਼ੀਰ ਇਕਰਾਰ ਕਰਦਾ ਹੈ, ਸੁਗੰਧ ਚੁੱਕ ਕੇ ਇਕਰਾਰ ਕਰਦਾ ਹੈ:

(੧) ਮੈਂ ਹਮੇਸ਼ ਸਰਕਾਰ ਦੇ ਟਿੱਕੇ ਖੜਕ ਸਿੰਘ ਨੂੰ ਮਹਾਰਾਜਾ ਮੰਨਾਂਗਾ, ਅਰ ਹਮੇਸ਼ ਉਸ ਦੀ ਤਾਬਿਆ ਰਹਾਂਗਾ।

(੨) ਮੈਂ ਮਹਾਰਾਜਾ ਖੜਕ ਸਿੰਘ ਅਰ ਉਨ੍ਹਾਂ ਦੇ ਸਪੁੱਤਰ ਕੰਵਰ ਨੌ-ਨਿਹਾਲ ਸਿੰਘ ਦੀ ਆਪਸ ਵਿਚ ਸੁਲਹ-ਸਫ਼ਾਈ ਕਰਾ ਦੇਵਾਂਗਾ ਅਰ ਮਹਾਰਾਜਾ ਦੀ ਔਲਾਦ ਦੇ ਵਿਰੁੱਧ ਸਾਜ਼ਸ਼ ਨਹੀਂ ਕਰਾਂਗਾ।

ਇਸ ਸੁਗੰਧ ਤੇ ਇਕਰਾਰ ਦੀ ਲੋੜ ਦੱਸਦੀ ਹੈ ਕਿ ਰਾਜਾ ਧਿਆਨ ਸਿੰਘ ਸਰਕਾਰ ਦੇ ਜੀਊਂਦਿਆਂ ਹੀ ਟਿੱਕੇ ਖੜਕ ਸਿੰਘ ਦੇ ਵਿਰੁੱਧ ਸੀ ਤੇ ਪਿਉ ਪੁੱਤਰ ਵਿਚ ਫ਼ਸਾਦ ਪਵਾਈ ਰੱਖਦਾ ਸੀ। ਬਿਰਧ ਸਰਕਾਰ ਹੁਣ ਕਮਜ਼ੋਰ ਸੀ।

ਇਹ ਇਕਰਾਰ ਕਰਾ ਕੇ ਮਹਾਰਾਣੀਆਂ ਤਾਂ ਸਤੀ ਹੋ ਗਈਆਂ, ਪਰ ਰਾਜਾ ਧਿਆਨ ਸਿੰਘ ਮਹਾਰਾਜਾ ਦੇ ਸਸਕਾਰ ਪਿਛੋਂ ਸਭ ਇਕਰਾਰ ਭੁੱਲ ਗਿਆ।

[2]

ਸਿਧ ਸੁਭਾਅ, ਸਾਧੂ ਰੂਪ ਮਹਾਰਾਜਾ ਖੜਕ ਸਿੰਘ ਹੁਣ ਪੰਜਾਬ ਦੀ ਰਾਜ-ਗੱਦੀ 'ਤੇ ਹਨ। ਪਰ ਇਨ੍ਹਾਂ ਵਿਚ ਨਾ ਤੇ ਰਾਜ-ਨੀਤੀ ਦੀ ਡੂੰਘੀ ਵਿਚਾਰ ਹੈ ਤੇ ਨਾ ਹੀ ਰਾਜ-ਉਤਸ਼ਾਹ। ਇਹ ਅਫ਼ੀਮ ਦੇ ਅਮਲੀ, ਤੇ ਗੁਰ ਮਹਿਮਾ ਦੇ ਸ੍ਰੋਤਾ ਈ ਸਨ। ਇਨ੍ਹਾਂ ਦਾ ਗੂੜ੍ਹ-ਮੰਤਰੀ ਸਰਦਾਰ ਚੇਤ ਸਿੰਘ ਸੀ। ਰਾਜ-ਗੱਦੀ 'ਤੇ ਬੈਠ ਕੇ ਇਨ੍ਹਾਂ ਨੇ ਹੁਕਮ ਦਿੱਤਾ ਕਿ ਰਾਜਾ ਧਿਆਨ ਸਿੰਘ ਤੇ ਉਸ ਦਾ ਪੁੱਤਰ ਰਾਜਾ ਹੀਰਾ ਸਿੰਘ ਬਿਨਾਂ ਪੁੱਛੇ ਮਹਿਲਾਂ ਵਿਚ ਨਾ ਆਇਆ ਕਰਨ। ਇਹ ਹੁਕਮ ਕੋਈ ਬੁਰਾ ਨਹੀਂ ਸੀ, ਪਰ ਰਾਜਾ ਧਿਆਨ ਸਿੰਘ ਨੇ ਇਸ ਨੂੰ ਆਪਣੀ ਖੁੱਲ੍ਹੀ ਤਾਕਤ ਤੇ ਦਬ-ਦਬੇ ਵਿਚ ਰੁਕਾਵਟ ਸਮਝਿਆ। ਗੱਲ ਕੀ ਸੀ, ਗੋਂਦਾ ਸ਼ੁਰੂ ਹੋ ਗਈਆਂ। ਫ਼ੌਜ ਤੇ ਪਰਜਾ ਦੇ ਵਿਚ ਮਹਾਰਾਜਾ ਦੇ ਬਰ-ਖ਼ਿਲਾਫ਼ ਪਰਚਾਰ ਸ਼ੁਰੂ ਹੋ ਗਿਆ ਕਿ ਮਹਾਰਾਜਾ ਆਪਣੇ ਗੂੜ੍ਹ-ਮੰਤਰੀ ਚੇਤ ਸਿੰਘ ਰਾਹੀਂ ਅੰਗਰੇਜ਼ਾਂ ਨਾਲ ਮਿਲ ਗਿਆ ਹੈ। ਅਰ ਅੰਗਰੇਜ਼ਾਂ ਨੂੰ ਪੰਜਾਬ ਦੀ ਆਮਦਨੀ ਵਿਚੋਂ ਛੇ ਆਨੇ ਹਿੱਸਾ ਦੇਣਾ ਪਰਵਾਨ ਕਰ ਚੁੱਕਾ ਹੈ। ਇਹ ਸਭ ਝੂਠੀ ਗੱਲ ਸੀ। ਪਹਾੜੀ ਰਾਜਿਆਂ ਦੀ ਸਾਜ਼ਸ਼ ਐਨੀ ਜ਼ਬਰਦਸਤ ਸੀ ਕਿ ਮਹਾਰਾਣੀ ਚੰਦ ਕੌਰ ਤੇ ਟਿੱਕਾ ਨੌ-ਨਿਹਾਲ ਸਿੰਘ ਵੀ ਇਨ੍ਹਾਂ ਦੇ ਨਾਲ ਹੋ ਗਏ ਸਨ। ਇਹ ਮਤਾ ਪੱਕ ਚੁੱਕਾ ਸੀ ਕਿ ਚੇਤ ਸਿੰਘ ਨੂੰ ਮਾਰ ਮੁਕਾਇਆ ਜਾਏ ਤੇ ਮਹਾਰਾਜ ਨੂੰ ਗੱਦੀ ਤੋਂ ਉਤਾਰ ਕੇ ਟਿੱਕਾ ਨੌ-ਨਿਹਾਲ ਸਿੰਘ ਨੂੰ ਰਾਜ-ਤਿਲਕ ਦਿੱਤਾ ਜਾਵੇ।

[3]

ਅੱਠ ਅਕਤੂਬਰ ਸੰਨ ੧੮੩੯ ਈ: ਨੂੰ ਮਹਾਰਾਜ ਆਪਣੇ ਮਹਿਲ ਵਿਚ ਬਿਰਾਜ ਰਹੇ ਹਨ। ਰਾਜਾ ਧਿਆਨ ਸਿੰਘ ਤੇ ਰਾਜਾ ਗੁਲਾਬ ਸਿੰਘ ਹੋਰ ਆਪਣੇ ਹਮਾਇਤੀ ਸਰਦਾਰਾਂ ਸਮੇਤ ਮਨ ਵਿਚ ਬੁਰੀ ਚਿਤਵਨੀ ਧਾਰ ਕੇ ਕਿਲ੍ਹੇ ਵਿਚ ਦਾਖ਼ਲ ਹੁੰਦੇ ਹਨ। ਸ਼ੈਤਾਨੀ ਗੋਂਦਾਂ ਨੂੰ ਅੱਜ ਪੂਰਾ ਕਰਨ ਦਾ ਠਾਣ ਕੇ ਆਏ ਹਨ। ਮਹਿਲ ਦੇ ਦਰਵਾਜ਼ੇ ਕੋਲ ਦੋ ਭਾਈ ਮਿਲਦੇ ਹੈਨ। ਬਸ ਦੋਹਾਂ ਨੂੰ ਤਲਵਾਰ ਦੇ ਇਕੋ ਵਾਰ ਨਾਲ ਪਾਰ ਬੁਲਾਂਦੇ ਹਨ, ਤਲਵਾਰ ਧੂਹੀ ਤੇ ਅੰਦਰ ਮਹਾਰਾਜਾ ਦੇ ਸਨਮੁਖ ਆ ਜਾਂਦੇ ਹਨ। ਮਹਾਰਾਣੀ ਚੰਦ ਕੌਰ ਮਹਾਰਾਜਾ ਦੀ ਜਾਨ-ਬਖ਼ਸ਼ੀ ਕਰਾਂਦੀ ਹੈ। ਸਰਦਾਰ ਚੇਤ ਸਿੰਘ ਦੌੜ ਕੇ ਲੁਕਦਾ ਹੈ, ਜਾਨ-ਬਖ਼ਸ਼ੀ ਮੰਗਦਾ ਹੈ। ਪਰ ਰਾਜਾ ਧਿਆਨ ਸਿੰਘ ਆਪਣੇ ਹੱਥੀਂ ਚੇਤ ਸਿੰਘ ਨੂੰ ਮਾਰ ਕੇ ਆਪਣਾ ਰਸਤਾ ਵੈਰੀਆਂ ਤੋਂ ਸਾਫ਼ ਕਰਦਾ ਹੈ। ਮਹਾਰਾਜਾ ਪਾਗ਼ਲ ਬਣਾ ਕੇ ਤਖ਼ਤੋਂ ਉਤਾਰ ਦਿੱਤਾ ਜਾਂਦਾ ਹੈ ਅਤੇ ਨੌ-ਨਿਹਾਲ ਸਿੰਘ ਵਲੀ ਬਣਦਾ ਹੈ। ਇਹ ਪਹਿਲੀ ਬਗ਼ਾਵਤ ਸਿਖ ਰਾਜ ਦੇ ਨਾਸ ਕਰਨ ਦੀ ਸੀ। ਸਾਧੂ ਸੁਭਾਅ ਮਹਾਰਾਜਾ ਵਾਹਿਗੁਰੂ ਦਾ ਭਾਣਾ ਮੰਨ ਕੇ ਸ਼ਹਿਰ ਦੀ ਹਵੇਲੀ ਵਿਚ ਚਲੇ ਜਾਂਦੇ ਹਨ, ਪਰ ਸਰਾਪ ਦਿੰਦੇ ਹਨ ਕਿ ਓਨ੍ਹਾਂ ਦਾ ਪੁੱਤਰ ਓਨ੍ਹਾਂ ਦੇ ਪਿਛੇ ਇਕ ਦਿਨ ਵੀ ਰਾਜ

ਨਾ ਕਰੇਗਾ। ਸਾਧੂ ਦਾ ਬਚਨ ਬਿਰਥਾ ਨਹੀਂ ਜਾਂਦਾ।

[4]

## ਦਰਬਾਰ ਖ਼ਾਲਸਾ ਵਿਚ ਪਹਿਲਾ ਖ਼ੂਨ

ਮਹਾਰਾਜਾ ਖੜਕ ਸਿੰਘ ਹੁਣ ਆਪਣੀ ਹਵੇਲੀ ਵਿਚ ਨਜ਼ਰਬੰਦ ਹੈ, ਅਰ ਰਾਜ ਦਾ ਪਰਬੰਧ ਟਿੱਕਾ ਨੌ-ਨਿਹਾਲ ਸਿੰਘ ਵਜ਼ੀਰ ਧਿਆਨ ਸਿੰਘ ਦੀ ਮਦਦ ਨਾਲ ਕਰਦਾ ਹੈ। ਨੌ-ਨਿਹਾਲ ਸਿੰਘ ਬੜਾ ਹੁਸ਼ਿਆਰ, ਸਿਆਣਾ, ਦਾਨਾ ਤੇ ਪਰਜਾ ਦਾ ਮਨ-ਪਿਆਰਾ ਹੈ। ਸਾਰਿਆਂ ਦੀਆਂ ਆਸਾਂ ਇਸੇ ਗਭਰੂ 'ਤੇ ਟਿਕੀਆਂ ਹਨ ਕਿ ਇਹ ਸਰਕਾਰ ਦਾ ਰੂਪ ਹੈ। ਇਹ ਖ਼ਾਲਸੇ ਦੇ ਝੰਡੇ ਚਾਰ-ਚੁਫੇਰੇ ਝੁਲਾਏਗਾ। ਨੌ-ਨਿਹਾਲ ਸਿੰਘ ਵੀ ਦਿਲ ਵਿਚ ਪਹਾੜੀ ਰਾਜਿਆਂ ਦੇ ਧ੍ਰੋਹ ਤੋਂ ਵਾਕਫ਼ ਹੈ ਅਰ ਓਨ੍ਹਾਂ ਦਾ ਜ਼ੋਰ ਘਟਾਣ ਦੇ ਫ਼ਿਕਰ ਵਿਚ ਹੈ। ਆਪਣੇ ਦਾਦਾ ਮਹਾਰਾਜਾ ਦੇ ਨੇਮ ਅਨੁਸਾਰ ਫ਼ੌਜਾਂ ਦਾ ਪਰਬੰਧ ਆਪਣੇ ਹੱਥ ਰੱਖਦਾ ਹੈ। ਰੋਜ਼ ਕਵੈਦ ਵੇਖਣੀ, ਫ਼ੌਜੀ ਸਰਦਾਰਾਂ ਨਾਲ ਮੇਲ-ਜੋਲ ਰਖਣਾ ਆਪਣਾ ਫ਼ਰਜ਼ ਸਮਝਦਾ ਹੈ। ਫ਼ੌਜਾਂ ਵੀ ਇਸ 'ਤੇ ਆਸ਼ਕ ਹਨ। ਫ਼ੌਜਾਂ ਦੀ ਬਦਲੀ ਕਰਦਿਆਂ ਕਰਦਿਆਂ ਟਿੱਕਾ ਸਾਹਿਬ ਨੇ ਢੇਰ ਸਾਰੀ ਫ਼ੌਜ ਸਿਆਲਕੋਟ ਦੀ ਛਾਉਣੀ ਤੇ ਪਹਾੜੀ ਇਲਾਕੇ ਦੇ ਕੋਲ ਕੋਲ ਰੱਖ ਦਿੱਤੀ ਤੇ ਉਸ ਫ਼ੌਜ ਦੀ ਕਮਾਨ ਜਰਨੈਲ ਵੰਤੂਰਾ ਤੇ ਸਰਦਾਰ ਅਜੀਤ ਸਿੰਘ ਸੰਧਾਂਵਾਲੀਆ ਨੂੰ ਦਿੱਤੀ। ਇਹ ਦੋਵੇਂ ਜਰਨੈਲ ਰਾਜਾ ਧਿਆਨ ਸਿੰਘ ਦੇ ਪਿਆਰੇ ਨਹੀਂ ਸਨ ਤੇ ਜਦ ਕਾਂਗੜੇ ਤੇ ਮੰਡੀ ਦੇ ਰਾਜਿਆਂ ਵੱਲੋਂ ਖ਼ਿਰਾਜ ਨਾ ਆਇਆ ਤਾਂ ਫ਼ੌਜਾਂ ਘੱਲ ਕੇ ਉਨ੍ਹਾਂ ਨੂੰ ਸੋਧਿਆ। ਜੰਮੂ ਦੇ ਇਲਾਕੇ ਵਿਚ, ਜਿਥੇ ਰਾਜਾ ਗੁਲਾਬ ਸਿੰਘ ਖ਼ੁਦ-ਸਰ ਈ ਬਣ ਬੈਠਾ ਸੀ, ਫੇਰ ਖ਼ਾਲਸਈ ਦਬਦਬਾ ਬਿਠਾਇਆ। ਡੋਗਰੇ ਰਾਜਿਆਂ ਨੂੰ ਇਹ ਗੱਲ ਚੰਗੀ ਨਾ ਲੱਗੀ। ਬਸ, ਓਹ ਨੌ-ਨਿਹਾਲ ਸਿੰਘ ਦੇ ਵਿਰੁੱਧ ਗੋਂਦਾਂ ਗੁੰਦਣ ਲੱਗੇ ਕਿ ਹੁਣ ਇਸ ਨੂੰ ਦੂਰ ਕਰੀਏ, ਤੇ ਕੋਈ ਆਪਣਾ ਮਨ-ਭਾਉਂਦਾ ਕੌਰ ਰਾਜ ਬਹਾਲੀਏ। ਰਾਜਾ ਸ਼ੇਰ ਸਿੰਘ ਨੂੰ ਇਨ੍ਹਾਂ ਨੇ ਆਪਣੇ ਹੱਥ ਵਿਚ ਲੈ ਲਿਤਾ, ਡੂੰਘੀ ਚਾਲ ਚੱਲੀ, ਘਰ ਪਾੜ ਦਿੱਤਾ, ਭਰਾ ਨਾਲ ਭਰਾ ਭਿੜਾ ਦਿੱਤਾ, ਪਰ ਨੌ-ਨਿਹਾਲ ਸਿੰਘ ਵੀ ਹੁਸ਼ਿਆਰ ਸੀ। ਓਹ ਇਨ੍ਹਾਂ ਪਹਾੜੀਆਂ ਦੀਆਂ ਚਾਲਾਂ ਦਾ ਜਾਣੂੰ ਸੀ, ਉਤੋਂ ਵਿਗਾੜਦਾ ਨਹੀਂ ਸੀ। ਪਰ ਰਾਜੇ ਵੀ ਸਨ ਪੁਰਾਣੇ ਤਜਰਬਾ-ਕਾਰ। ਕਾਬਲ ਦੀ ਪਹਿਲੀ ਲੜਾਈ ਸ਼ੁਰੂ ਸੀ, ਅੰਗਰੇਜ਼ਾਂ ਦੀ ਫ਼ੌਜ ਦਾ ਰਾਹ ਪੰਜਾਬ ਵਿਚੋਂ ਸੀ। ਡੋਗਰੇ ਰਾਜਿਆਂ ਨੇ ਟਿੱਕੇ ਨੂੰ ਤੜ੍ਹੀ ਦਿੱਤੀ ਕਿ ਅੰਗਰੇਜ਼ੀ ਫ਼ੌਜ ਨੂੰ ਪੰਜਾਬ ਵਿਚੋਂ ਲੰਘਣੋਂ ਬੰਦ ਕਰਨਾ ਚਾਹੀਏ, ਪੰਜਾਬ ਦੀ ਕਾਬਲ ਨਾਲ ਕੋਈ ਲੜਾਈ ਨਹੀਂ, ਪੰਜਾਬ ਸੁਤੰਤਰ ਹੈ। ਗੱਲ ਹੈ ਵੀ ਠੀਕ ਸੀ, ਪਰ ਲੰਘਣ ਦੀ ਆਗਿਆ ਵੱਡੀ ਸਰਕਾਰ ਦੇ ਵੇਲੇ ਦੀ ਮਿਲੀ ਸੀ। ਨੌ-ਨਿਹਾਲ ਸਿੰਘ ਇਸ ਚਾਲ ਨੂੰ ਨਾ ਸਮਝਿਆ, ਅਰ ਅੰਗਰੇਜ਼ਾਂ ਦੇ ਦਾਰੂ-ਸਿੱਕੇ ਦੇ ਲੰਘਣ ਵਿਚ ਕੁਝ ਰੁਕਾਵਟ ਕਰਨੀ ਸ਼ੁਰੂ ਕੀਤੀ। ਅੰਗਰੇਜ਼ਾਂ ਨਾਲ ਵਿਗੜ ਚੱਲੀ ਸੀ, ਪਰ ਫੇਰ ਸੰਭਾਲੀ ਗਈ। ਅੰਗਰੇਜ਼ਾਂ ਨੇ ਕੁਝ ਚਿੱਠੀਆਂ ਫੜੀਆਂ ਸਨ, ਜਿਨ੍ਹਾਂ ਵਿਚ ਅਮੀਰ ਦੋਸਤ ਮੁਹੰਮਦ ਨੂੰ ਮਦਦ

ਦਾ ਇਕਰਾਰ ਸੀ, ਪਰ ਇਹ ਚਿੱਠੀਆਂ ਅੰਤ ਨੂੰ ਝੂਠੀਆਂ ਸਾਬਤ ਹੋਈਆਂ। ਇਸ ਕੁੜਿੱਕੀ ਵਿਚੋਂ ਤਾਂ ਨੌ-ਨਿਹਾਲ ਸਿੰਘ ਬਚ ਗਿਆ; ਪਰ ਇਸ ਵਿਚਾਰੇ ਨੂੰ ਰਾਜ-ਪਰਬੰਧ ਡੋਗਰੇ ਰਾਜਿਆਂ ਦੀ ਪਰਧਾਨਗੀ ਵਿਚੋਂ ਕੱਢ ਕੇ ਪੱਕੀ ਨੀਂਹ 'ਤੇ ਰੱਖਣ ਦਾ ਵਿਹਲ ਵਿਧਾਤਾ ਵੱਲੋਂ ਨਾ ਮਿਲਿਆ। ਮਹਾਰਾਜਾ ਖੜਕ ਸਿੰਘ ਆਪਣੀ ਕੈਦ ਵਿਚ, ਬਿਨਾਂ ਟਿੱਕੇ ਦੇ ਮਿਲਿਆਂ ੫ ਨਵੰਬਰ ੧੮੪੦ ਨੂੰ ਸਚਖੰਡ ਚੜ੍ਹਾਈ ਕਰ ਗਏ। ਮਹਾਰਾਜਾ ਦੀ ਅੰਤਮ ਖ਼ਾਹਸ਼ ਸੀ ਕਿ ਓਹ ਆਪਣੇ ਇਕਲੌਤੇ ਪੁੱਤਰ ਦੇ ਦਰਸ਼ਨ ਕਰੇ, ਪਰ ਰਾਜਿਆਂ ਨੇ ਮਿਲਣ ਨਾ ਈ ਦਿੱਤਾ।

ਇਹ ਵੀ ਆਖਿਆ ਜਾਂਦਾ ਹੈ ਕਿ ਮਹਾਰਾਜਾ ਖੜਕ ਸਿੰਘ ਨੂੰ ਦਵਾਈ ਦੇ ਨਾਲ ਹੌਲੀ ਹੌਲੀ ਸਫ਼ੈਦਾ ਕਸਕਰੀ ਤੇ ਰਸ-ਕਪੂਰ ਦਾ ਜ਼ਹਿਰ ਦਿੱਤਾ ਗਿਆ ਸੀ। ਕੁਝ ਈ ਹੋਇਆ, ਪਰ ਮਹਾਰਾਜਾ ਖੜਕ ਸਿੰਘ ਜੀ ਟੁੱਟੇ ਦਿਲ ਨਾਲ ਨਿਰਾਸ ਤੇ ਅਭਾਗ ਈ ਇਸ ਸੰਸਾਰ ਤੋਂ ਤੁਰ ਗਏ।

[5]

ਮਹਾਰਾਜਾ ਖੜਕ ਸਿੰਘ ਦੀ ਚਿਖਾ ਦਰਿਆ ਦੇ ਕੰਢੇ 'ਤੇ ਤਿਆਰ ਹੈ। ਟਿੱਕਾ ਨੌ-ਨਿਹਾਲ ਸਿੰਘ ਹੁਣ ਪੂਰਾ ਮਹਾਰਾਜਾ ਹੈ। ਮਨ ਵਿਚ ਚਾਅ ਹੈ। ਵਜ਼ੀਰ ਧਿਆਨ ਸਿੰਘ ਤੇ ਰਾਜਾ ਗੁਲਾਬ ਸਿੰਘ ਦੀਆਂ ਗੋਂਦਾਂ ਪੂਰੀਆਂ ਟਿਕਾਣੇ ਸਿਰ ਪੁੱਜਣ ਵਾਲੀਆਂ ਹਨ। ਕਿਲ੍ਹੇ ਦੀ ਡਿਓਢੀ 'ਤੇ ਡੋਗਰੇ ਸਿਪਾਹੀਆਂ ਦਾ ਪਹਿਰਾ ਹੈ। ਚਿਖਾ ਨੂੰ ਲੰਬੂ ਲੱਗਾ, ਕਿਲ੍ਹੇ 'ਤੇ ਸ਼ੋਕ-ਮਈ ਤੋਪਾਂ ਦੀ ਸ਼ਲਕ ਹੋਈ। ਇਸ ਦੇ ਪਿੱਛੋਂ ਨਵੇਂ ਮਹਾਰਾਜਾ ਦੀ ਸਲਾਮੀ ਦੀ ਸ਼ਲਕ ਹੋਈ। ਅਸਮਾਨ ਇਕੋਤਰ ਸੌ ਤੋਪਾਂ ਦੀ ਗਰਜ ਨਾਲ ਗੂੰਜ ਰਿਹਾ ਸੀ। ਧੂੰਏਂ ਨੇ ਇਕ ਕਾਲੀ ਘਟਾ ਬਣਾਈ ਹੋਈ ਸੀ। ਸਸਕਾਰ ਤੋਂ ਵਿਹਲੇ ਹੋ ਕੇ ਮਹਾਰਾਜਾ ਨੌ-ਨਿਹਾਲ ਸਿੰਘ ਆਪਣੇ ਹਮ-ਉਮਰ ਮਿੱਤਰ ਮੀਆਂ ਊਧਮ ਸਿੰਘ, ਜੋ ਰਾਜਾ ਗੁਲਾਬ ਸਿੰਘ ਦਾ ਪੁੱਤਰ ਸੀ, ਦੇ ਹੱਥ ਵਿਚ ਦਸਤ-ਪੰਜਾ ਪਾਈ ਕਿਲ੍ਹੇ ਨੂੰ ਜਾ ਰਿਹਾ ਹੈ। ਦਰਵਾਜ਼ੇ ਵੜਦਿਆਂ ਉਪਰੋਂ ਛੱਜਾ ਤੇ ਬੰਨਾ ਡਿਗਦੇ ਹਨ। ਮਹਾਰਾਜਾ ਤੇ ਰਾਜ ਕੁਮਾਰ ਊਧਮ ਸਿੰਘ ਦੇ ਸਿਰ ਸੱਟ ਵੱਜਦੀ ਹੈ। ਰਾਜ ਕੁਮਾਰ ਊਧਮ ਸਿੰਘ ਤਾਂ ਉਥੇ ਹੀ ਚਿੱਤ ਹੋ ਜਾਂਦਾ ਹੈ, ਪਰ ਨੌ-ਨਿਹਾਲ ਸਿੰਘ ਬੇਹੋਸ਼ ਨੂੰ ਅੰਦਰ ਲੈ ਜਾਂਦੇ ਹਨ। ਕਿਲ੍ਹੇ ਦੇ ਦਰਵਾਜ਼ੇ ਬੰਦ ਹੋ ਜਾਂਦੇ ਹਨ। ਕਿਸੇ ਨੂੰ ਅੰਦਰ ਜਾਣ ਦਾ ਹੁਕਮ ਨਹੀਂ। ਕਿਲ੍ਹਾ ਵਜ਼ੀਰਾਂ ਦੇ ਕਾਬੂ ਵਿਚ ਹੈ। ਮਹਾਰਾਣੀ ਚੰਦ ਕੌਰ ਪਿੱਟਦੀ ਕਿਲ੍ਹੇ ਅੱਗੇ ਆਉਂਦੀ ਹੈ, ਪਰ ਅੰਦਰ ਵੜਨਾ ਨਹੀਂ ਮਿਲਦਾ। ਮਾਂ ਪੁੱਤਰ ਦਾ ਮੂੰਹ ਨਹੀਂ ਵੇਖ ਸਕਦੀ, ਉਸ ਨੂੰ ਵੜਨ ਨਾ ਦਿੱਤਾ। ਸਰਦਾਰ ਲਹਿਣਾ ਸਿੰਘ ਮਜੀਠਿਆ ਤੇ ਹੋਰ ਸਿੰਘ ਸਰਦਾਰ, ਜੋ ਮਹਾਰਾਜੇ ਦੀ ਪਾਲਕੀ ਨਾਲ ਸਨ, ਸਭਨਾਂ ਨੂੰ ਬਾਹਰ ਹੀ ਰੋਕ ਦਿੱਤਾ ਜਾਂਦਾ ਹੈ। ਇਹ ਅਜਬ ਨਜ਼ਾਰਾ ਹੈ। ਹੋਰ ਸੁਣੋ, ਕੌਰ ਸ਼ੇਰ ਸਿੰਘ ਨੂੰ ਫੌਰਨ ਵਟਾਲੇ ਖ਼ਬਰ ਕੀਤੀ ਗਈ ਤੇ ਤੀਸਰੇ ਦਿਨ ਉਸ ਦੇ ਡੇਰੇ ਲਾਹੌਰ ਆ ਲੱਗੇ। ਤਦ ਮਹਾਰਾਜਾ ਨੌ-ਨਿਹਾਲ ਸਿੰਘ ਦੀ ਮੌਤ ਦੀ ਖ਼ਬਰ ਸ਼ਹਿਰ ਤੇ ਦੇਸ ਵਿਚ ਦੱਸੀ ਗਈ।

ਮਹਾਰਾਜਾ ਨੌ-ਨਿਹਾਲ ਸਿੰਘ ਦਾ ਮਰਨਾ ਖ਼ਾਲਸਾ ਜੀ ਦੀਆਂ ਆਸਾਂ ਦਾ ਮਰਨਾ ਸੀ। ਜਦ ਰਾਜਾ ਧਿਆਨ ਸਿੰਘ ਕੌਰ ਸ਼ੇਰ ਸਿੰਘ ਨੂੰ ਗੱਦੀ 'ਤੇ ਬੈਠਾਣ ਦੀ ਕੋਸ਼ਸ਼ ਕਰਦਾ ਸੀ, ਤਦ ਸੰਧਾਂਵਾਲੀਏ ਸਰਦਾਰ, ਜੋ ਮਹਾਰਾਣੀ ਚੰਦ ਕੌਰ ਦੇ ਹਮਾਇਤੀ ਸਨ, ਫ਼ੌਜ ਸਮੇਤ ਰਾਜਾ ਧਿਆਨ ਸਿੰਘ ਦੇ ਮੁਕਾਬਲੇ 'ਕੱਠੇ ਹੋ ਗਏ। ਅੰਤ ਸ਼ੇਰ ਸਿੰਘ ਨੂੰ ਮੁੜ ਬਟਾਲੇ ਜਾਣਾ ਪਿਆ। ਇਹ ਵੀ ਆਖਿਆ ਜਾਂਦਾ ਹੈ ਕਿ ਜਦ ਮਹਾਰਾਣੀ ਚੰਦ ਕੌਰ ਨੂੰ ਪਤਾ ਲੱਗਾ ਕਿ ਰਾਜਾ ਧਿਆਨ ਸਿੰਘ ਵੀ ਉਸ ਦਾ ਵਿਰੋਧੀ ਹੈ, ਤਾਂ ਉਸ ਨੇ ਇਹ ਮਸ਼ਹੂਰ ਕੀਤਾ ਕਿ ਨੌ-ਨਿਹਾਲ ਸਿੰਘ ਦੀ ਮਹਾਰਾਣੀ ਦੇ ਪੇਟ ਵਿਚ ਬੱਚਾ ਹੈ, ਜਦ ਤਕ ਉਹ ਜੰਮ ਨਾ ਲਵੇ, ਰਾਜ-ਗੱਦੀ ਅਟੱਲ ਰਹੇ, ਤੇ ਆਪ ਉਸ ਅਣ-ਜੰਮੇ ਬੱਚੇ ਦੀ ਵਲੀ ਬਣੀ। ਸਭ ਸਰਦਾਰ ਮਹਾਰਾਣੀ ਨਾਲ ਸਨ। ਰਾਜਾ ਧਿਆਨ ਸਿੰਘ ਪਹਾੜੀਂ ਟੁਰ ਗਿਆ, ਪਰ ਰਾਜਾ ਗੁਲਾਬ ਸਿੰਘ ਮਹਾਰਾਣੀ ਨਾਲ ਈ ਰਿਹਾ। ਭਲਾ ਰਾਜਧਾਨੀ ਨੂੰ 'ਕੱਲਾ ਕੀਕਣ ਛੱਡਦੇ। ਸਰਦਾਰ ਅਤਰ ਸਿੰਘ ਸੰਧਾਂਵਾਲੀਆ ਵਜ਼ੀਰ ਬਣਿਆ। ਸਿਖ ਰਾਜ ਦਾ ਇਹ ਪਹਿਲਾ ਸਿਖ ਵਜ਼ੀਰ ਸੀ। ਪਰ ਅਫ਼ਸੋਸ, ਇਹ ਕੇਵਲ ਜੁਧ-ਭੂਮੀ ਵਿਚ ਲੜਨਾ ਈ ਜਾਣਦਾ ਸੀ। ਰਾਜ-ਪਰਬੰਧ ਦਾ ਜਾਣੂੰ ਨਹੀਂ ਸੀ, ਇਸ ਕਰਕੇ ਰਾਜ ਨਾ ਸੰਭਾਲਿਆ ਗਿਆ।

[6]

ਹੁਣ ਵਿਚਾਰ ਇਸ ਗੱਲ 'ਤੇ ਹੈ ਕਿ ਮਹਾਰਾਜਾ ਨੌ-ਨਿਹਾਲ ਸਿੰਘ ਦੀ ਮੌਤ ਅਚਨਚੇਤ ਛੱਜੇ ਦੇ ਡਿੱਗਣ ਕਰਕੇ ਹੋਈ ਸੀ ਜਾਂ ਇਹ ਕਿਸੇ ਮਨੁੱਖ ਸਾਜ਼ਸ਼ ਦਾ ਸਿੱਟਾ ਸੀ। ਮੌਤ ਦਾ ਮੁੱਢ ਕਾਰਨ ਜਾਂ ਬਹਾਨਾ ਤਾਂ ਛੱਜੇ ਤੇ ਬੰਨੇ ਦਾ ਡਿੱਗਣਾ ਸੀ, ਇਸ ਦੇ ਡਿੱਗਣ ਦੇ ਕਾਰਨ ਬਾਬਤ ਤਿੰਨ ਵੱਖੋ-ਵੱਖ ਖ਼ਿਆਲ ਹਨ:

(ੳ) ਕੀ ਛੱਜਾ ਅਚਨਚੇਤ ਆਪ ਹੀ ਡਿੱਗ ਪਿਆ ?

(ਅ) ਕੀ ਛੱਜੇ ਦਾ ਡਿੱਗਣਾ ਚੇਤ ਸਿੰਘ ਦੇ ਹਮਾਇਤੀਆਂ ਦੀ ਸਾਜ਼ਸ਼ ਦਾ ਨਤੀਜਾ ਸੀ ?

(ੲ) ਕੀ ਛੱਜੇ ਦਾ ਡਿੱਗਣਾ ਡੋਗਰੇ ਵਜ਼ੀਰਾਂ ਦੀ ਸਾਜ਼ਸ਼ ਦਾ ਨਤੀਜਾ ਸੀ ?

ਇਹਨਾਂ ਦੀ ਪੜਤਾਲ ਹੇਠਾਂ ਕਰਦੇ ਹਾਂ:

ਇਹ ਗੱਲ ਪਰਤੱਖ ਹੈ ਕਿ ਨੌ-ਨਿਹਾਲ ਸਿੰਘ ਆਪਣੇ ਆਪ ਨੂੰ ਡੋਗਰਾ-ਸ਼ਾਹੀ ਦੇ ਜ਼ੋਰ ਹੇਠੋਂ ਕੱਢਣਾ ਚਾਹੁੰਦਾ ਸੀ ਅਰ ਉਹ ਗੁਪਤ ਕੋਸ਼ਸ਼ ਕਰਦਾ ਸੀ ਕਿ ਕਿਸੇ ਤਰ੍ਹਾਂ ਰਾਜਾ ਧਿਆਨ ਸਿੰਘ ਦੀ ਵਜ਼ੀਰੀ ਤੋਂ ਛੁਟਕਾਰਾ ਹੋਵੇ। ਇਸ ਕਰਕੇ ਡੋਗਰੇ ਵਜ਼ੀਰ ਵੀ ਚਾਹੁੰਦੇ ਸਨ ਕਿ ਨੌ-ਨਿਹਾਲ ਸਿੰਘ ਨੂੰ ਪਾਰ ਬੁਲਾ ਕੇ ਸ਼ੇਰ ਸਿੰਘ ਨੂੰ ਗੱਦੀ 'ਤੇ ਬਿਠਾਈਏ ਤੇ ਨਿਸਚਿੰਤ ਵਜ਼ੀਰੀ ਕਮਾਈਏ। ਡੋਗਰਿਆਂ ਦਾ ਜ਼ੋਰ ਸੀ। ਮਕਰ ਤੇ ਕੂਟ ਨੀਤੀ (Diplomacy) ਵਿਚ ਇਹ ਡੋਗਰੇ ਵਜ਼ੀਰ ਨਿਪੁੰਨ ਸਨ। ਇਸ ਕਰਕੇ ਇਨ੍ਹਾਂ ਦੇ ਕਰਤੱਬਾਂ ਦਾ ਕੋਈ ਜਾਣੂੰ ਨਹੀਂ ਸੀ। ਇਨ੍ਹਾਂ ਦੀਆਂ ਡੂੰਘੀਆਂ ਚਾਲਾਂ ਲੋਕਾਂ ਨੂੰ ਭੁਲੇਖੇ ਵਿਚ ਪਾ ਦਿੰਦੀਆਂ ਸਨ, ਤਦੇ ਤੇ ਮਹਾਰਾਣੀ ਚੰਦ ਕੌਰ ਵੀ ਰਾਜਾ ਗੁਲਾਬ

ਸਿੰਘ 'ਤੇ ਵਿਛ ਪਈ। ਇਸ ਕਰਕੇ ਮਹਾਰਾਜਾ ਨੌ-ਨਿਹਾਲ ਸਿੰਘ ਦੀ ਮੌਤ ਦਾ ਇਨ੍ਹਾਂ ਡੋਗਰਾ ਰਾਜਿਆਂ ਦੀ ਸਾਜ਼ਸ਼ ਦਾ ਨਤੀਜਾ ਹੋਣਾ ਕੋਈ ਅਨੋਖੀ ਗੱਲ ਨਹੀਂ।

ਮਹਾਰਾਜਾ ਨੌ-ਨਿਹਾਲ ਸਿੰਘ ਦੀ ਅਚਨਚੇਤ ਮੌਤ ਤੋਂ ਪਿਛੋਂ ਸ਼ਹਿਰੀ ਪਰਜਾ ਦਾ ਇਹੀ ਖ਼ਿਆਲ ਸੀ ਕਿ ਇਹ ਪਹਾੜੀ ਰਾਜਿਆਂ ਦਾ ਕਾਰਾ ਹੈ। ਗੱਲ ਵੀ ਸੱਚ ਸੀ, ਜੇ ਉਹ ਸੱਚੇ ਸਨ ਤਾਂ ਕਿਲ੍ਹੇ ਦੇ ਦਰਵਾਜ਼ੇ ਕਿਉਂ ਬੰਦ ਕੀਤੇ ? ਮਾਤਾ ਮਹਾਰਾਣੀ ਤੇ ਵੱਡੇ ਸਰਦਾਰਾਂ ਨੂੰ ਅੰਦਰ ਕਿਉਂ ਨਾ ਜਾਣ ਦਿੱਤਾ ? ਇਹ ਸਭ ਗੱਲਾਂ ਤੇ ਕੰਵਰ ਸ਼ੇਰ ਸਿੰਘ ਦੇ ਲਾਹੌਰ ਪੁੱਜਣ ਦੇ ਮਗਰੋਂ ਮੌਤ ਦੀ ਖ਼ਬਰ ਦਾ ਦੱਸਣਾ ਸਿੱਧ ਕਰਦਾ ਹੈ ਕਿ ਇਸ ਮੌਤ ਦੀ ਜ਼ਿੰਮੇਵਾਰੀ ਤੋਂ ਡੋਗਰੇ ਰਾਜੇ ਆਪਣੇ ਆਪ ਨੂੰ ਛੁਡਾ ਨਹੀਂ ਸਕਦੇ। *ਖ਼ਾਲਸਾ ਤਵਾਰੀਖ਼* ਦਾ ਕਰਤਾ ਗਿਆਨੀ ਗਿਆਨ ਸਿੰਘ ਤਾਂ ਸਾਫ਼ ਲਿਖਦਾ ਹੈ ਕਿ ਬੰਨਾ ਤੇ ਛੱਜਾ, ਡੋਗਰੇ ਸਿਪਾਹੀਆਂ ਨੇ ਡੋਗਰੇ ਰਾਜਿਆਂ ਦੇ ਹੁਕਮ ਅੰਦਰ ਵੇਲੇ ਸਿਰ ਸੁਟਿਆ। ਇਤਿਹਾਸਕਾਰ ਲਿਖਦਾ ਹੈ ਕਿ ਜਦ ਕਰਨੈਲ ਬਿਜੈ ਸਿੰਘ ਨੇ ਵੇਖਿਆ ਕਿ ਮਹਾਰਾਜਾ ਨੌ-ਨਿਹਾਲ ਸਿੰਘ ਦੇ ਨਾਲ ਮੀਆਂ ਊਧਮ ਸਿੰਘ, ਰਾਜਾ ਗੁਲਾਬ ਦਾ ਪੁੱਤਰ ਹੈ, ਤਾਂ ਉਸ ਨੇ ਰਾਜਾ ਧਿਆਨ ਸਿੰਘ ਨੂੰ ਪੁੱਛਿਆ ਕਿ ਓਹ ਢਾਹੁਣ ਦਾ ਇਸ਼ਾਰਾ ਦੇਵੇ ਕਿ ਨਾ ? ਰਾਜਾ ਨੇ ਕਿਹਾ, ਬੇਸ਼ਕ ਢਾਹੁਣ ਦਾ ਇਸ਼ਾਰਾ ਦੇਵੋ, ਵੇਲਾ ਨਾ ਖੁੱਸੇ। ਊਧਮ ਸਿੰਘ ਜੇ ਮਰ ਜਾਏ ਤਾਂ ਕੀ ਡਰ! ਉਸ ਦੇ ਹੋਰ ਪੁੱਤਰ ਹਨ। ਤਦ ਬਿਜੈ ਸਿੰਘ ਨੇ ਇਸ਼ਾਰਾ ਦਿੱਤਾ। ਬੰਨਾ ਢੱਠਾ ਤੇ ਦੋਵੇਂ ਗਭਰੂ ਹੇਠਾਂ ਆ ਗਏ। ਇਹ ਪਤਾ ਨਹੀਂ ਕਿ *ਖ਼ਾਲਸਾ ਤਵਾਰੀਖ਼* ਦੇ ਕਰਤਾ ਨੇ ਇਸ ਗੱਲ ਦੀ ਗਵਾਹੀ ਕਿਥੋਂ ਲਿੱਤੀ। ਪਰ ਸਿੱਖਾਂ ਦੇ ਵੇਲੇ ਲਾਹੌਰ ਦੇ ਸਿੱਖਾਂ ਵਿਚ ਇਹ ਆਮ ਪਰਚਲਤ ਸੀ ਕਿ ਰਾਜਿਆਂ ਨੇ ਮਹਾਰਾਜਾ ਨੌ-ਨਿਹਾਲ ਸਿੰਘ ਮਰਵਾਇਆ।

ਚਾਹੇ ਬੰਨਾ ਕਿਸੇ ਤਰ੍ਹਾਂ ਡਿੱਗਾ, ਪਰ ਮਹਾਰਾਜਾ ਨੌ-ਨਿਹਾਲ ਸਿੰਘ ਉਸ ਸੱਟ ਨਾਲ ਨਹੀਂ ਮੋਇਆ। ਉਸ ਵੇਲੇ ਬੇਹੋਸ਼ ਜ਼ਰੂਰ ਹੋ ਗਿਆ। ਕਿਲ੍ਹੇ ਵਿਚ ਬੰਦ ਕਰਨ ਤੋਂ ਮਗਰੋਂ ਮਹਾਰਾਜੇ ਦੀ ਅਲਖ ਮੁਕਾਈ ਗਈ, ਕਤਲ ਕੀਤਾ ਗਿਆ।

ਇਸ ਗੱਲ ਦੀ ਪੁਸ਼ਟੀ ਕਿ ਮਹਾਰਾਜਾ ਕਿਲ੍ਹੇ ਅੰਦਰ ਲਿਜਾਣ ਤੋਂ ਪਿਛੋਂ ਕਤਲ ਕੀਤਾ ਗਿਆ, ਕਪਤਾਨ ਗਾਰਡਨਰ, ਜੋ ਓਦੋਂ ਲਾਹੌਰ ਸਨ, ਦੀ ਲਿਖਤ ਤੋਂ ਹੁੰਦੀ ਹੈ। ਕਪਤਾਨ ਸਾਹਿਬ ਲਿਖਦੇ ਹਨ ਕਿ ਓਹਨਾਂ ਕਹਾਰਾਂ ਵਿਚੋਂ ਜਿਨ੍ਹਾਂ ਨੇ ਫਟੜ ਮਹਾਰਾਜੇ ਦੀ ਪਾਲਕੀ ਚੁੱਕ ਕੇ ਕਿਲ੍ਹੇ ਅੰਦਰ ਪੁਚਾਈ, ਇਕ ਦੀ ਗਵਾਹੀ ਹੈ ਕਿ ਜਦ ਨੌ-ਨਿਹਾਲ ਸਿੰਘ ਨੂੰ ਪਾਲਕੀ ਵਿਚ ਪਾਇਆ ਤਾਂ ਉਸ ਦੀ ਸੱਜੀ ਪੁੜਪੁੜੀ 'ਤੇ ਇਕ ਛੋਟਾ ਜਿਹਾ ਜ਼ਖ਼ਮ ਸੀ, ਜਿਸ ਦੇ ਵਗਣ ਨਾਲ ਸਰਹਾਣੇ 'ਤੇ ਰੁਪਏ ਜਿੰਨਾ ਲਹੂ ਦਾ ਦਾਗ਼ ਲੱਗ ਗਿਆ ਸੀ। ਜਦ ਪਾਲਕੀ ਵਿਚੋਂ ਨੌ-ਨਿਹਾਲ ਨੂੰ ਕੱਢਿਆ ਤਾਂ ਨਾ ਲਹੂ ਵਗਦਾ ਸੀ ਤੇ ਨਾ ਈ ਟਪਕਦਾ ਸੀ। ਕਪਤਾਨ ਸਾਹਿਬ ਲਿਖਦੇ ਹਨ ਕਿ ਹੈਰਾਨੀ ਦੀ ਗੱਲ ਹੈ ਕਿ ਜਾਂ ਤਿੰਨਾਂ ਦਿਨਾਂ ਪਿਛੋਂ ਉਹ ਕਮਰਾ, ਜਿਸ ਵਿਚ ਨੌ-ਨਿਹਾਲ ਸਿੰਘ ਦੀ ਲੋਥ ਸੀ, ਖੋਲ੍ਹਿਆ ਤਾਂ ਉਸ ਕਮਰੇ ਵਿਚ ਢੇਰ ਸਾਰੇ ਜੰਮੇ ਹੋਏ ਤੇ ਸੱਜਰੇ ਲਹੂ ਦੀਆਂ ਛਪੜੀਆਂ ਸਨ। ਤੇ ਜਿਨ੍ਹਾਂ ਕਪੜਿਆਂ 'ਤੇ ਲੋਥ ਪਈ ਸੀ,

ਉਹ ਸਭ ਲਹੂ ਵਿਚ ਲਿਬੜੇ ਸਨ। ਐਨਾ ਲਹੂ ਕਿਥੋਂ ਆ ਗਿਆ ? ਜੇ ਸੱਟ ਨਾਲ ਨੌ-ਨਿਹਾਲ ਸਿੰਘ ਦੇ ਦਿਮਾਗ਼ ਨੂੰ ਸੱਟ ਵੱਜੀ ਸੀ ਤਾਂ ਉਹ ਬੇਹੋਸ਼ ਹੀ ਮਰ ਜਾਂਦਾ।

ਕਪਤਾਨ ਗਾਰਡਨਰ ਦੀ ਗਵਾਹੀ ਸੁੱਟ ਪਾਉਣ ਵਾਲੀ ਨਹੀਂ, ਕਿਉਂਕਿ ਉਹ ਲਿਖਦੇ ਹਨ ਕਿ ਫ਼ੌਜੀ ਪਾਲਕੀ-ਬਰਦਾਰ ਉਨ੍ਹਾਂ ਦੇ ਕੰਪੂ ਦੇ ਸਨ। ਇਸ ਕਰਕੇ ਉਨ੍ਹਾਂ ਕਪਤਾਨ ਸਾਹਿਬ ਨੂੰ ਜ਼ਰੂਰ ਸੱਚ ਆਖਣਾ ਸੀ। ਹੋਰ ਅਸਚਰਜ ਹਾਲ ਇਹ ਹੈ ਕਿ ਪਹਾੜੀ ਰਾਜਿਆਂ ਨੂੰ ਬੰਨੇ ਦੇ ਡਿੱਗਣ ਦਾ ਯਕੀਨ ਨਹੀਂ ਸੀ ਤਾਂ ਪਾਲਕੀ ਤੇ ਪਾਲਕੀ-ਬਰਦਾਰ ਕਿਉਂ ਦਰਵਾਜ਼ੇ ਦੇ ਕੋਲ ਰੱਖੇ ਸਨ।

ਹੋਰ ਸੁਣੋ—ਕਪਤਾਨ ਸਾਹਿਬ ਲਿਖਦੇ ਹਨ ਕਿ ਪਾਲਕੀ-ਬਰਦਾਰ ਪੰਜ ਸਨ, ਜਿਨ੍ਹਾਂ ਵਿਚੋਂ ਦੋ ਨੂੰ ਤੇ ਗੁਪਤ ਕਤਲ ਕਰ ਦਿੱਤਾ ਗਿਆ, ਤੇ ਦੋ ਚੋਰੀ ਹਿੰਦੁਸਤਾਨ ਨੂੰ ਨੱਠ ਗਏ।

ਇਸ ਤੋਂ ਸਿੱਧ ਹੈ ਕਿ ਨੌ-ਨਿਹਾਲ ਸਿੰਘ ਕਿਲ੍ਹੇ ਦੇ ਅੰਦਰ ਲਿਜਾ ਕੇ ਕਿਸੇ ਤਰ੍ਹਾਂ ਪਾਰ ਬੁਲਾਇਆ ਗਿਆ, ਅਰ ਇਸ ਕਤਲ ਦੇ ਜੁਰਮ ਤੋਂ ਪਹਾੜੀ ਰਾਜੇ ਬਰੀ ਨਹੀਂ ਹੋ ਸਕਦੇ।

ਸਿਖ ਇਤਿਹਾਸ ਦਾ ਮਸ਼ਹੂਰ ਨਿਰਪੱਖ ਲਿਖਾਰੀ ਕਨਿੰਘਮ ਲਿਖਦਾ ਹੈ ਕਿ ਨੌ-ਨਿਹਾਲ ਸਿੰਘ ਵੀਹ ਵਰ੍ਹੇ ਦੀ ਉਮਰ ਵਿਚ ਕਤਲ ਕੀਤਾ ਗਿਆ। ਨੌ-ਨਿਹਾਲ ਸਿੰਘ ਵਿਚ ਇਕ ਲਾਇਕ ਤੇ ਜ਼ਬਰਦਸਤ ਰਾਜਾ ਬਣਨ ਦੇ ਹੋਣਹਾਰ ਨਿਸ਼ਾਨ ਸਨ, ਅਰ ਜੇ ਉਸ ਦੀ ਉਮਰ ਦਗ਼ਾ ਨਾ ਦਿੰਦੀ ਤੇ ਜੇ ਕੂਟ-ਨੀਤੀ ਦੀਆਂ ਚਾਲਾਂ ਉਸ ਤੋਂ ਪਹਿਲੇ ਹੀ ਆਪਣਾ ਜਾਲ ਨਾ ਵਿਛਾ ਲੈਂਦੀਆਂ ਤਾਂ ਨੌ-ਨਿਹਾਲ ਸਿੰਘ ਦੀ ਖ਼ਾਹਸ਼ ਸਿੱਖਾਂ ਦੇ ਰਾਜ ਨੂੰ ਸਿੰਧ, ਅਫ਼ਗਾਨਿਸਤਾਨ ਤੇ ਹਿੰਦੂ-ਕੁਸ਼ ਤੋਂ ਵੀ ਪਰੇ ਪੁਚਾਣ ਦੀ ਪੂਰੀ ਹੋ ਜਾਂਦੀ ਤੇ ਨੌ-ਨਿਹਾਲ ਸਿੰਘ ਨੂੰ ਇਸ ਗੱਲ ਦੀ ਖ਼ੁਸ਼ੀ ਹੁੰਦੀ ਕਿ ਤੈਮੂਰ ਤੇ ਮਹਿਮੂਦ ਦੇ ਹਮਲਿਆਂ ਦਾ ਬਦਲਾ ਪੰਜਾਬ ਤੇ ਹਿੰਦੁਸਤਾਨ ਦੇ ਜੱਟਾਂ ਨੇ ਲੈ ਲਿਆ। ਇਸ ਤੋਂ ਵਧ ਹੋਰ ਕੀ ਵਡਿਆਈ ਗਭਰੂ ਮਹਾਰਾਜੇ ਦੀ ਹੋ ਸਕਦੀ ਹੈ! ਇਸ ਦੇ ਪਰਤਾਪ ਦੇ ਵਧਣ ਤੋਂ ਪਹਿਲੇ ਹੀ ਰਾਜਿਆਂ ਨੇ ਸਾਜਸ਼ ਕਰ ਕੇ ਇਸ ਨੂੰ ਪਾਰ ਬੁਲਾਇਆ ਤੇ ਨਿਮਕ-ਹਰਾਮੀ ਤੇ ਦਗ਼ੇ ਦਾ ਸਬੂਤ ਦਿੱਤਾ।

(ੳ) ਕੀ ਬੰਨਾ ਆਪੇ ਈ ਡਿਗ ਪਿਆ ?

ਸੱਯਦ ਮੁਹੰਮਦ ਲਤੀਫ਼ *ਤਵਾਰੀਖ਼ ਪੰਜਾਬ* ਦਾ ਕਰਤਾ ਤਾਂ ਲਿਖਦਾ ਹੈ ਕਿ ਬੰਨਾ ਪੁਰਾਣਾ ਸੀ, ਤੋਪਾਂ ਦੀ ਸ਼ਲਕ ਦੀ ਧਮਕ ਨਾਲ ਡਿੱਗ ਪਿਆ। ਇਹ ਨਾ-ਮੁਮਕਿਨ ਨਹੀਂ, ਪਰ ਮੰਨਣ-ਜੋਗ ਵੀ ਨਹੀਂ। ਧਮਕ ਨਾਲ ਪਹਿਲੋਂ ਉੱਚੀਆਂ ਮਮਟੀਆਂ ਮਾੜੀਆਂ ਡਿਗਦੀਆਂ ਨੇ, ਨਾ ਕਿ ਬੰਨੇ। ਕਿਲ੍ਹੇ ਦਾ ਵੱਡਾ ਦਰਵਾਜ਼ਾ ਜਿਥੇ ਨਿਤ ਪਹਿਰਾ ਹੁੰਦਾ ਸੀ, ਜ਼ਰੂਰ ਚੰਗੀ ਮੁਰੰਮਤ ਵਿਚ ਹੋਣਾ ਹੈ। ਇਹ ਖ਼ਿਆਲ ਮੁਹੰਮਦ ਲਤੀਫ਼ ਦਾ ਆਪਣਾ ਖ਼ਿਆਲ ਹੈ। ਸਿੱਖਾਂ ਦੇ ਵੇਲੇ ਕਿਸੇ ਨੇ ਇਸ ਗੱਲ ਦੀ ਸੋਅ ਹੀ ਨਹੀਂ ਸੁਣੀ, ਤੇ ਨਾ ਈ ਕਿਸੇ ਹੋਰ ਉਸਾਰੀ ਦੇ ਡਿੱਗਣ ਦਾ ਕਿਧਰੇ ਨਾਂ ਆਇਆ ਹੈ। ਸਮਨ-ਬੁਰਜ ਸੀ, ਸ਼ਾਹੀ ਮਸੀਤ ਦੇ ਮੁਨਾਰੇ ਸਨ।

(ਅ) ਕੀ ਬੰਨਾ ਚੇਤ ਸਿੰਘ ਦੇ ਆਦਮੀਆਂ ਨੇ ਢਾਹਿਆ ?

ਇਹ ਗੱਲ ਕੇਵਲ ਡੋਗਰਿਆਂ ਦੀ ਧੁਮਾਈ ਹੋਈ ਸੀ। ਚੇਤ ਸਿੰਘ ਮਰ ਚੁੱਕਾ ਸੀ। ਉਸ ਦੇ ਆਦਮੀਆਂ ਨੂੰ ਕਿਲ੍ਹੇ ਵਿਚ ਕੌਣ ਢੁਕਣ ਦੇਂਦਾ ਸੀ। ਫਿਰ ਚੇਤ ਸਿੰਘ ਦਾ ਕਾਤਲ ਰਾਜਾ ਧਿਆਨ ਸਿੰਘ ਸੀ। ਜੇ ਓਹਨਾਂ ਵੈਰ ਦਾ ਬਦਲਾ ਲੈਣਾ ਸੀ ਤਾਂ ਧਿਆਨ ਸਿੰਘ ਤੋਂ ਲੈਣਾ ਸੀ, ਨਾ ਕਿ ਮਹਾਰਾਜ਼ਾ ਨੌਂ-ਨਿਹਾਲ ਸਿੰਘ ਤੋਂ।

ਮੁੱਕਦੀ ਗੱਲ ਕੀ, ਮਹਾਰਾਜਾ ਨੌਂ-ਨਿਹਾਲ ਸਿੰਘ ਦੇ ਕਤਲ ਨਾਲ ਖ਼ਾਲਸਾਈ ਰਾਜ ਹੀ ਕਤਲ ਹੋ ਗਿਆ। ਪੰਜਾਬੀ ਸ੍ਵਰਾਜ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸੱਤ ਅੱਠ ਸੌ ਵਰ੍ਹੇ ਪਿਛੋਂ ਸੁਰਜੀਤ ਕੀਤਾ ਸੀ, ਜੁਆਨ ਹੋਣ ਤੋਂ ਪਹਿਲੇ ਈ, ਆਪਣੇ ਨਿਮਕ-ਹਰਾਮ ਸਾਥੀਆਂ ਦੇ ਹੱਥੋਂ ਕਤਲ ਹੋ ਕੇ ਸੌਂ ਗਿਆ।

# ਇਕ ਸਿਖ ਸਰਦਾਰ ਦੀ ਬਸਤਨੀ

## A Sikh Sardar's Ward-robe

**[ਸਰਦੂਲ ਸਿੰਘ ਜੀ ਕਵੀਸ਼ਰ]**

ਪੰਜਾਬ ਵਿਚ ਕਪੜਿਆਂ ਦੀ ਸ਼ੁਕੀਨੀ ਦਾ ਰਿਵਾਜ ਦਿਨੋ-ਦਿਨ ਵਧ ਰਿਹਾ ਹੈ। ਭਾਵੇਂ ਗਾਂਧੀ ਜੀ ਦੀ ਕੋਸ਼ਿਸ਼ ਨਾਲ ਪੁਲੀਟੀਕਲ ਲਹਿਰ ਵਿਚ ਹਿੱਸਾ ਲੈਣ ਵਾਲੇ ਕੁਝ, ਖੱਦਰ ਪ੍ਰਚਾਰ ਦੇ ਕਾਰਨ ਸਾਦੇ ਕਪੜੇ ਪਹਿਨਣ ਲੱਗ ਪਏ ਹਨ, ਪਰ ਆਮ ਪੰਜਾਬੀ, ਕਪੜੇ ਦੇ ਮਾਮਲੇ ਵਿਚ ਸ਼ੁਕੀਨ ਮਸ਼ਹੂਰ ਹੁੰਦੇ ਜਾਂਦੇ ਹਨ। ਪਿਛਲੇ ਦਸਾਂ ਸਾਲਾਂ ਵਿਚ ਪੰਜਾਬ ਦੇ ਅੰਦਰ ਰੇਸ਼ਮ ਤੇ ਦੂਜੇ ਕੀਮਤੀ ਕਪੜੇ ਦਾ ਰਿਵਾਜ ਬਹੁਤ ਵਧ ਗਿਆ ਹੈ। ਜਿੰਨਾ ਰੇਸ਼ਮ ਸਾਰੇ ਹਿੰਦੁਸਤਾਨ ਵਿਚ ਹਰ ਸਾਲ ਆਉਂਦਾ ਹੈ ਉਸ ਦਾ ਤੀਜਾ ਹਿੱਸਾ, ਬਲਕਿ ਇਸ ਤੋਂ ਵੀ ਵਧ ਪੰਜਾਬ ਵਿਚ ਵਰਤਿਆ ਜਾਂਦਾ ਹੈ।

ਪੰਜਾਬ ਦੀ ਇਹ ਕਪੜੇ ਦੀ ਸ਼ੁਕੀਨੀ ਕੋਈ ਨਵੀਂ ਨਹੀਂ, 'ਦਾਲ ਅਲੂਣੀ ਤੇ ਕਪੜੇ ਸਬੂਣੀ' ਇਹ ਸਾਡੀ ਪੁਰਾਣੀ ਕਹਾਵਤ ਹੈ। ਜਿਥੇ ਅੱਜ ਪੰਜਾਬ ਵਿਚ ਡੋਰੇ-ਦਾਰ ਸਾਫ਼ੇ, ਫ਼ੈਲਟ ਟੋਪੀਆਂ, ਕਾਲਰ, ਨਕਟਾਈਆਂ, ਛੋਟੇ ਤੇ ਵੱਡੇ ਬੂਟ, ਪਤਲੂਣਾਂ, ਤੰਗ ਪਜਾਮਿਆਂ ਤੇ ਖੁੱਲ੍ਹੀਆਂ ਤੰਬੀਆਂ ਉਤੇ ਖ਼ੂਬ ਵਧੀਆ ਕਪੜਾ ਖ਼ਰਚਿਆ ਜਾਂਦਾ ਹੈ, ਓਥੇ ਸਿੱਖਾਂ ਦੇ ਰਾਜ਼ ਵੇਲੇ ਵੀ ਸਿਖ ਅਤੇ ਦੂਜੇ ਸਰਦਾਰ ਸ਼ੁਕੀਨੀ ਵਿਚ ਕਿਸੇ ਨਾਲੋਂ ਘੱਟ ਨਹੀਂ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰ ਨੂੰ ਜੋ ਕੋਈ ਭੀ ਬਦੇਸ਼ੀ ਦੇਖਦਾ ਸੀ, ਸਿਖ ਸਰਦਾਰਾਂ ਦੇ ਕਪੜੇ ਦੇਖ ਕੇ ਦੰਗ ਰਹਿ ਜਾਂਦਾ ਸੀ। ਉਦੋਂ ਦਾ ਤੇ ਹੁਣ ਦਾ ਫ਼ਰਕ ਸਿਰਫ਼ ਇਤਨਾ ਹੈ ਕਿ ਸਾਡੇ ਸਿਖ ਸਰਦਾਰ ਆਪਣੇ ਦੇਸ ਦਿਆਂ ਕਪੜਿਆਂ ਵਿਚ ਇਤਨੀ ਸ਼ੁਕੀਨੀ ਕਰ ਲੈਂਦੇ ਸਨ ਕਿ ਦੂਸਰੇ ਦੇਸਾਂ ਦੇ ਆਦਮੀ ਓਹਨਾਂ ਦੇ ਇਸ ਦਿਲ ਤੇ ਦਿਮਾਗ਼ ਦੀ ਤਾਰੀਫ਼ ਕਰਦੇ ਸਨ। ਸਿਖ ਸਰਦਾਰਾਂ ਦਾ ਸਾਰਾ ਰੁਪਇਆ ਉਨ੍ਹਾਂ ਦੇ ਆਪਣੇ ਦੇਸ ਵਿਚ ਰਹਿੰਦਾ ਸੀ ਅਤੇ ਦੇਸੀ ਫ਼ੈਸ਼ਨ ਹੀ ਉਨ੍ਹਾਂ ਨੂੰ ਦੁਨੀਆ ਵਿਚ ਉੱਘਾ ਕਰਦਾ ਸੀ। ਅੱਜ-ਕੱਲ੍ਹ ਅਸੀਂ ਬਦੇਸ਼ੀ ਕਪੜੇ ਤੇ ਬਦੇਸ਼ੀ ਫ਼ੈਸ਼ਨ ਪਿਛੇ ਹੀ ਦਿਲ ਦੇ ਦਿੰਦੇ ਹਾਂ। ਨਤੀਜਾ ਇਹ ਹੈ ਕਿ ਬਾਹਰ-ਵਾਸੀ ਜਦ ਕਿਸੇ ਅੱਜ-ਕੱਲ੍ਹ ਦੇ ਹਿੰਦੁਸਤਾਨੀ ਗਭਰੂ ਨੂੰ ਦੇਖਦਾ ਹੈ ਤਾਂ ਉਸ ਦੀ ਇਜ਼ਤ ਇਕ ਚਰਕੱਟੇ ਤੋਂ ਵਧ ਨਹੀਂ ਕਰਦਾ।

ਹੇਠਾਂ ਮੈਂ ਇਕ ਫ਼ਹਿਰਿਸਤ ਇਕ ਸਿਖ ਸਰਦਾਰ ਦੀ ਬਸਤਨੀ ਅਥਵਾ ਵਾਰਡ ਰੋਬ (Ward-robe) ਦੀ ਦਿੰਦਾ ਹਾਂ। ਇਸ ਤੋਂ ਪਤਾ ਲਗ ਜਾਵੇਗਾ ਕਿ ਸਿਖ ਸਰਦਾਰ ਸ਼ੁਕੀਨੀ ਵਿਚ ਅੱਜ-ਕੱਲ ਦੇ ਜਵਾਨਾਂ ਨਾਲੋਂ ਘੱਟ ਨਹੀਂ ਸਨ, ਪਰ ਇਹ ਸਭ ਸ਼ੁਕੀਨੀ ਦੇਸੀ ਫ਼ੈਸ਼ਨ ਤੇ ਸੁਦੇਸ਼ੀ ਕਪੜਿਆਂ ਨਾਲ ਸੀ। ਕੋਈ ਬਦੇਸ਼ੀ ਚੀਜ਼ ਉਨ੍ਹਾਂ ਦੇ ਨੇੜੇ ਵੀ ਨਹੀਂ ਆਉਂਦੀ ਸੀ।

ਇਹ ਹਿਸਾਬ ਦੀਵਾਨ ਬੂਟਾ ਸਿੰਘ ਜੀ ਦੀ ਬਸਤਨੀ ਦਾ ਹੈ। ਦੀਵਾਨ ਸਾਹਿਬ ਰਾਜਾ ਜਵਾਹਰ ਸਿੰਘ ਜੀ, ਮਹਾਰਾਣੀ ਜਿੰਦਾਂ ਦੇ ਭਰਾ, ਦੀ ਮੁੱਛ ਦਾ ਵਾਲ ਸਨ। ਜਦ ਰਾਜਾ ਜਵਾਹਰ ਸਿੰਘ, ਰਾਜਾ ਹੀਰਾ ਸਿੰਘ ਤੇ ਜੱਲੇ ਮਿਸਰ ਦੇ ਕਤਲ ਪਿਛੋਂ, ਲਾਹੌਰ ਦਰਬਾਰ ਦਾ ਵਜ਼ੀਰ ਥਾਪਿਆ ਗਿਆ ਤਾਂ ਸਰਦਾਰ ਬੂਟਾ ਸਿੰਘ ਜੀ ਨੂੰ ਦੀਵਾਨੀ ਪਰਾਪਤ ਹੋਈ। ਦੀਵਾਨ ਸਾਹਿਬ ਤੇ ਰਾਜਾ ਸਾਹਿਬ ਤਕਰੀਬਨ ਹਰ ਵੇਲੇ ਇਕੱਠੇ ਰਹਿੰਦੇ ਸਨ। ਜਿਸ ਦਿਨ ਰਾਜਾ ਜਵਾਹਰ ਸਿੰਘ ਨੂੰ ਖ਼ਾਲਸਾ ਫ਼ੌਜ ਦੇ ਪੰਚਾਂ ਨੇ ਕਤਲ ਕੀਤਾ, ਉਸ ਤੋਂ ਕੁਝ ਚਿਰ ਪਹਿਲੇ ਦੀਵਾਨ ਸਾਹਿਬ ਰਾਜਾ ਸਾਹਿਬ ਦੇ ਨਾਲ ਹਾਥੀ 'ਤੇ ਸਵਾਰ ਸਨ। ਆਪਣੀ ਰੋਜ਼ ਦੀ ਆਦਤ ਅਨੁਸਾਰ ਜਦ ਰਾਜਾ ਸਾਹਿਬ ਦਾ ਹਾਥੀ ਫ਼ੌਜ ਵੱਲ ਜਾਂਦਿਆਂ ਸ਼ਹੀਦਗੰਜ ਕੋਲੋਂ ਦੀ ਲੰਘਿਆ ਤਾਂ ਦੀਵਾਨ ਸਾਹਿਬ ਇਕ ਮਸਤ ਨੂੰ, ਜਿਹੜਾ ਨੇੜੇ ਹੀ ਰਹਿੰਦਾ ਸੀ, ਮੱਥਾ ਟੇਕਣ ਚਲੇ ਗਏ। ਜਦ ਮੱਥਾ ਟੇਕ ਕੇ ਆਉਣ ਲੱਗੇ ਤਾਂ ਮਸਤ ਨੇ ਆਉਣ ਨਾ ਦਿੱਤਾ ਤੇ ਕਿਹਾ, ਅੱਜ ਉਪਦ੍ਰੱਵ ਹੋਣ ਵਾਲਾ ਹੈ, ਤੂੰ ਇਸ ਥਾਂ ਹੀ ਬੈਠਾ ਰਹੁ। ਦੀਵਾਨ ਜੀ ਅਜੇ ਉਠ-ਬੈਠ ਹੀ ਕਰਦੇ ਸਨ ਕਿ ਖ਼ਬਰ ਆਈ ਕਿ ਰਾਜਾ ਜਵਾਹਰ ਸਿੰਘ ਮਾਰਿਆ ਗਿਆ ਹੈ। ਦੀਵਾਨ ਸਾਹਿਬ ਭੱਜ ਕੇ ਘਰ ਆ ਵੜੇ ਤੇ ਮਸਾਂ ਜਾਨ ਬਚਾਈ।

ਦੀਵਾਨ ਸਾਹਿਬ ਬੜੇ ਇਲਮ-ਦੋਸਤ ਸਨ ਤੇ ਅੰਗਰੇਜ਼ਾਂ ਵੇਲੇ ਆਪ ਨੇ ਆਪਣਾ ਸ਼ੌਂਕ ਪੂਰਾ ਕਰਨ ਵਾਸਤੇ ਇਕ ਛਾਪਾਖ਼ਾਨਾ ਵੀ ਜਾਰੀ ਕੀਤਾ ਤੇ ਬਹੁਤ ਸਾਰੀਆਂ ਉਰਦੂ ਗੁਰਮੁਖੀ ਕਿਤਾਬਾਂ ਛਾਪੀਆਂ। ਆਪ ਦੇ ਘਰ ਅਜੇ ਵੀ ਬਹੁਤ ਸਾਰੇ ਪੁਰਾਣੇ ਕਾਗ਼ਜ਼ ਪਏ ਹਨ, ਪਰ ਔਲਾਦ ਦੀ ਅਣਗਹਿਲੀ ਕਰਕੇ ਇਨ੍ਹਾਂ ਕਾਗ਼ਜ਼ਾਂ ਦੀ ਕੋਈ ਪੁਛ-ਪੜਤਾਲ ਨਹੀਂ। ਕੁਝ ਦਿਨ ਹੋਏ, ਇਸ ਖ਼ਾਨਦਾਨ ਦੇ ਇਕ ਨੌਜਵਾਨ ਨੇ ਕੁਝ ਕਾਗ਼ਜ਼ ਮੈਨੂੰ ਦਿੱਤੇ। ਇਹ ਬਸਤਨੀ ਦਾ ਹਿਸਾਬ ਉਨ੍ਹਾਂ ਕਾਗ਼ਜ਼ਾਂ ਵਿਚੋਂ ਦਿੱਤਾ ਜਾਂਦਾ ਹੈ। ਇਸ ਹਿਸਾਬ 'ਤੇ ਕੋਈ ਤਰੀਕ ਨਹੀਂ, ਪਰ ਇਕ ਨਾਲ ਦੇ ਕਾਗ਼ਜ਼ 'ਤੇ ੧੯੦੬ ਸੰਮਤ ਲਿਖਿਆ ਹੈ। ਤਾਂ ਤੇ ਇਹ ਬਸਤਨੀ ਸਾਨੂੰ ਅੱਜ ਤੋਂ ਕੋਈ ੮੦ ਵਰ੍ਹੇ ਪਹਿਲੇ ਦੇ ਪੰਜਾਬ ਦਾ ਫ਼ੈਸ਼ਨ ਦੱਸਦੀ ਹੈ।

ਬਸਤਨੀ ਦਾ ਵੇਰਵਾ ਇਸ ਤਰ੍ਹਾਂ ਹੈ:

੧. ਚੋਗੇ ੭: ਪਸ਼ਮੀਨੇ ਦੇ ੪ ਤੇ ਬਨਾਤੀ ੩; ਨਾਫ਼ਰਮਾਨੀ ੧, ਸੁਰਖ਼ ੧, ਜ਼ਾਫ਼ਰਾਨੀ ੧, ਸਫ਼ੈਦ ੧, ਕਿਰਮਚੀ ੧, ਗੁਲਾਬੀ ੧, ਸੰਦਲੀ ੧।
   (ਕਿਆ ਸੋਹਣੀ ਰੰਗਾਂ ਦੀ ਵੰਡ ਹੈ ਤੇ ਕਪੜਾ ਕਿਤਨਾ ਮਜ਼ਬੂਤ ਹੈ!)—***ਕਵੀਸ਼ਰ***

੨. ਰੇਸ਼ਮੀ ਖੇਸ ੫: ਸਫ਼ੈਦ ੧., ਕਿਰਮਚੀ ੩, ਨਾਫ਼ਰਮਾਨੀ ੧।

੩. ਦੁਪੱਟੇ ੨ ਪਸ਼ਮੀਨੇ ਦੇ: ਇਕ ਜ਼ਾਫ਼ਰਾਨੀ, ਇਕ ਸੁਰਖ਼।
੪. ਦੁਸ਼ਾਲੇ ੨: ੧ ਸਫ਼ੈਦ, ੧ ਸੁਰਖ਼।
੫. ਚਾਦਰਾਂ ਦਾ ਜੋੜਾ ੧।
੬. (ੳ) ਅੰਦਰਖੇ ਪਸ਼ਮੀਨੇ ਦੇ ੩: ਨਾਫ਼ਰਮਾਨੀ ੧, ਸੁਰਖ਼ ੧, ਜ਼ਾਫ਼ਰਾਨੀ ੧।
(ਅ) ਦਰਿਆਈ ਸੁਰਖ਼ ਤਿੰਨ: ਦੋ ਕਲਾਬੂਤ ਦੇ, ਇਕ ਅਤਲਸ ਦਾ।
੭. ਕੁੜਤੇ ੫: ਅਤਲਸ ਦਾ ੧, ਪਸ਼ਮੀਨੇ ਦਾ ੧, ਨਾਫ਼ਰਮਾਨੀ ੩, ਖਾਸੇ ਦੇ ਬਸੰਤੀ ਅੰਦਰਸ ਸਣੇ।
(ਕੇਹੇ ਸੋਹਣੇ ਕੁੜਤੇ ਹਨ! ਅੱਜ-ਕੱਲ੍ਹ ਦੇ ਧਾਰੀਦਾਰ ਕਰੇਬ ਅਤੇ ਬੋਸਕੀ ਦੇ ਕਮੀਜ਼ ਏਨ੍ਹਾਂ ਕੁੜਤਿਆਂ ਦਾ ਕੀ ਮੁਕਾਬਲਾ ਕਰ ਸਕਦੇ ਹਨ?)—*ਕਵੀਸ਼ਰ*
੮. ਪਜਾਮੇ ਪਸ਼ਮੀਨੇ ਦੇ ੩: ਜ਼ਾਫ਼ਰਾਨੀ ੧, ਨਾਫ਼ਰਮਾਨੀ ੨।
੯. ਪਜਾਮੇ ਦਰਿਆਈ ਦੇ ੫: ਸੁਰਖ਼ ਰੂੰਦਾਰ ੨, ਸਵਾਰੀ ਵਾਸਤੇ ੩ (ਇਕ ਗੁਲਾਬੀ, ਦੋ ਸੁਰਖ਼)
(ਕਰੋ ਮੁਕਾਬਲਾ ਅੱਜ-ਕੱਲ੍ਹ ਦੀਆਂ ਕਾਲੀਆਂ ਭੂਸਲੀਆਂ ਬਿਰਜਸਾਂ ਅਤੇ ਪਤਲੂਣਾਂ ਨਾਲ।) *ਕਵੀਸ਼ਰ*
੧੦. ਪਜਾਮੇ ਗੁਲਬਦਨ ਦੇ ੧੮: ਬਸੰਤੀ ੨, ਨਾਫ਼ਰਮਾਨੀ ੩, ਕਿਰਮਚੀ ੩, ਸੁਰਖ਼ ੪, ਖ਼ਤ ਬਾਰੀਕ ਊਦੇ ੩, ਧੁਪਛਾਏ ੧, ਜਮਰੂਤੀ ੧, ਅੰਗੂਰੀ ੧।
(ਪਜਾਮੇ ਹੈਨ ਕਿ ਫੁਲਵਾੜੀ?) *ਕਵੀਸ਼ਰ*
੧੧. ਨਾਲੇ ੭: ਸੁਰਖ਼ ੩, ਬਸੰਤੀ ੧, ਕਿਰਮਚੀ ੩।
੧੨. ਜਰਾਬਾਂ ਪਸ਼ਮੀਨੇ ਦੀਆਂ, ਜੋੜੇ ਬਾਈ।
੧੩. ਖੇਸ ਬੁਲਬੁਲ ਚਸ਼ਮ ੨।
੧੪. ਚੋਗੇ ਸਫ਼ੈਦ ਖਾਸੇ ਦੇ ੭।
੧੫. ਸਾਫ਼ੇ ਮਲਮਲ ਦੇ ੩।
੧੬. ਪੱਗਾਂ ੮।
੧੭. ਦੁਪੱਟੇ ਖਾਸੇ ਦੇ ੪।
੧੮. ਪਜਾਮੇ ੧੦: ਜੰਗੀ ਲਾਟ ੨, ਘਾਟੀ ਦੇ ੫, ਲੱਠੇ ਦੇ ੩।
੧੯. ਅੰਦਰਖੇ ਸੰਜਾਫੀ ੭।
੨੦. ਕੁੜਤੇ ਸਫ਼ੈਦ ੪।
੨੧. ਕਮਰ-ਕੱਸੇ ਦੇ ਸਾਫ਼ੇ ੨।
੨੨. ਚਾਦਰ ਇਸ਼ਨਾਨ ਵਾਲੀ ੧।
੨੩. ਦਸਤਾਨੇ ਜੋੜੇ ੨।
੨੪. ਸਾਫ਼ੇ ਵੱਡੇ ਮਲਮਲ ਦੇ ੩।
੨੫. ਪੱਗਾਂ ੨।
੨੬. ਕਮਰ-ਕੱਸੇ ੨।

੨੭. ਕੁੜਤਾ ਖਾਸੇ ਦਾ ੧।

੨੮. ਦੁੱਪਟਾ ਪਸ਼ਮੀਨੇ ਦਾ ੧।

੨੯. ਦੁਪੱਟਾ ਲੱਠੇ ਦਾ ੧।

੩੦. ਲੋਈ ਸੰਜਾਫੀ ੧।

੩੧. ਤੁਲਾਈਆਂ ੨।

੩੨. ਹੌਦੇਦਾਰ ੧।

੩੩. ਕੁੜਤੇ ਖਾਸੇ ਦੇ ੮।

੩੪. ਪਜਾਮੇ ੯।

੩੫. ਪੱਗਾਂ ੬: ਮਲਮਲ ਦੀਆਂ ੨, ਖਾਸੇ ਦੀਆਂ ੪।

ਇਸ ਗਿਣਤੀ 'ਤੇ ਦਸਤਖ਼ਤ ਕਿਸੇ ਠਾਕੁਰ ਸਿੰਘ ਦੇ ਹਨ, ਜੋ ਦੀਵਾਨ ਸਾਹਿਬ ਦਾ ਨਫ਼ਰ ਮਲੂਮ ਹੁੰਦਾ ਹੈ। ਸੰਮਤ ਕੋਈ ਨਹੀਂ, ਪਰ ਤਰੀਕ ਇਕ ਥਾਂ ਫ਼ਰਦ ਦੇ ਵਿਚਕਾਰ 'ਮੱਘਰ ਦਿਨ ੨੭' ਦਿੱਤੀ ਹੈ, ਤੇ ਫੇਰ ਅੱਗੇ ਜਾ ਕੇ ਕੁਝ ਕਪੜਿਆਂ 'ਤੇ ਪੋਹ ਮਹੀਨਾ ਵੀ ਲਿਖਿਆ ਹੈ। ਨਫ਼ਰ ਦਾ ਦਸਤਖ਼ਤ ਕੋਈ ਸੋਹਣਾ ਨਹੀਂ ਤੇ ਬਾਜ਼ੀ ਥਾਂ ਪੜ੍ਹਨ ਵਿਚ ਕੁਝ ਦਿੱਕਤ ਵੀ ਹੋਈ।

ਇਸ ਤਰ੍ਹਾਂ ਦੇ ਬਹੁਤ ਸਾਰੇ ਪੁਰਾਣੇ ਕਾਗ਼ਜ਼ ਉਘੇ ਸਿਖ ਘਰਾਣਿਆਂ ਵਿਚੋਂ ਮਿਲ ਸਕਦੇ ਹਨ ਅਤੇ ਇਨ੍ਹਾਂ ਕਾਗ਼ਜ਼ਾਂ ਤੋਂ ਪੁਰਾਤਨ ਸਿੱਖਾਂ ਦੇ ਰਹਿਣ-ਬਹਿਣ ਤੇ ਆਮ ਵਰਤੋਂ 'ਤੇ ਬਹੁਤ ਕੁਝ ਚਾਨਣਾ ਪੈ ਸਕਦਾ ਹੈ। ਪਰ ਸਿੱਖਾਂ ਨੂੰ ਆਪਣੇ ਇਤਿਹਾਸ ਨਾਲ ਕੋਈ ਖ਼ਾਸ ਪਿਆਰ ਨਹੀਂ, ਇਸ ਕਰਕੇ ਦਿਨੋ-ਦਿਨ ਬਚੀਆਂ ਪੁਰਾਣੀਆਂ ਲਿਖਤਾਂ ਵੀ ਗੁੰਮ ਹੋ ਰਹੀਆਂ ਹਨ ਤੇ ਕੋਈ ਦਿਨ ਐਸਾ ਆ ਸਕਦਾ ਹੈ ਕਿ ਸਿੱਖ ਇਤਿਹਾਸ ਹਿੰਦੂ ਇਤਿਹਾਸ ਵਾਙ ਕਿੱਸੇ ਕਹਾਣੀਆਂ ਹੀ ਰਹਿ ਜਾਵੇ।

# ਸਿਖ

## ਅੰਗਰੇਜ਼ ਲਿਖਾਰੀਆਂ ਦੀਆਂ ਨਜ਼ਰਾਂ ਵਿਚ

### [‘ਦਾਤਾ’ ਅੰਮ੍ਰਿਤਸਰੀ]

ਸਿਖ ਬਲਵਾਨ, ਤਕੜੇ ਤੇ ਬਹਾਦਰ ਨੇ। ਸਰੀਰ ਵੱਲੋਂ ਆਦਮੀਆਂ ਵਿਚੋਂ ਇਨ੍ਹਾਂ ਵਰਗੇ ਦੀਦਾਰੀ ਜਵਾਨ ਹੋਰ ਕਿਧਰੇ ਨਹੀਂ ਮਿਲ ਸਕਦੇ। ਵਾਹੀ ਕਰਨ ਵਾਲਿਆਂ ਵਿਚੋਂ ਇਹ ਸਭ ਤੋਂ ਮਿਹਨਤੀ ਨੇ ਤੇ ਸਿਪਾਹੀ-ਪੁਣੇ ਵੱਲੋਂ ਵੀ ਬਹਾਦਰ ਤੇ ਉਸਤਤ ਕਰਨ ਦੇ ਯੋਗ ਨੇ। ਕੇਵਲ ਇਨ੍ਹਾਂ ਦੇ ਵੱਡੇ-ਵਡੇਰੇ ਹੀ ਸਨ, ਜਿਨ੍ਹਾਂ ਦੇ ਮੁਦਕੀ, ਫ਼ੀਰੋਜ਼ ਸ਼ਾਹ, ਅਲੀਵਾਲ ਤੇ ਸਭਰਾਉਂ ਦੇ ਮੋਰਚਿਆਂ ਵਿਚ ਅੰਗਰੇਜ਼ੀ ਫ਼ੌਜਾਂ ਦਾ ਟਾਕਰਾ ਕੀਤਾ ਅਤੇ ਫਿਰ ਦੂਜੀ ਲੜਾਈ ਵਿਚ ਵੀ ਹੱਥ ਵਿਖਾਏ। ਸਿੱਖਾਂ ਦੀਆਂ ਜਿੱਤਾਂ ਦਾ ਭੇਦ ਉਨ੍ਹਾਂ ਦੀ ਤੇਜ਼ੀ ਸੀ। ਆਦਮੀ ਇਕ ਥਾਂ ਤੋਂ ਦੂਜੀ ਥਾਵੇਂ ਇਸ ਤੇਜ਼ੀ ਨਾਲ ਲਿਜਾਏ ਜਾਂਦੇ (ਭਾਵੇਂ ਇਸ ਕਰਕੇ ਕਈ ਵੇਰੀ ਹਾਰਨਾ ਵੀ ਪਿਆ) ਤੇ ਲੜਨ ਲਈ ਤਿਆਰ-ਬਰ-ਤਿਆਰ ਕੀਤੇ ਜਾਂਦੇ ਕਿ ਵੈਰੀ ਨੂੰ ਮੋਰਚੇ ਤੋਂ ਸਿਰ ਚੁੱਕਣ ਦੀ ਵਿਹਲ ਨਾ ਮਿਲਦੀ। ਓਹਨਾਂ ਦੇ ਜਿਗਰੇ ਵੀ ਅਜੀਬ ਨੇ। ਮੁੱਠ ਕੁ ਭੁੱਜਿਆਂ ਛੋਲਿਆਂ ਤੇ ਠੰਡੇ ਪਾਣੀ ਦੇ ਬੁਕ ਨਾਲ ਉਹ ਦਿਨ ਵਿਚ ਤੀਹ-ਤੀਹ, ਚਾਲ੍ਹੀ-ਚਾਲ੍ਹੀ ਮੀਲ ਸਫ਼ਰ ਸਹਿਜੇ ਹੀ ਮੁਕਾ ਲੈਂਦੇ ਹਨ। ਇਸ ਤਰ੍ਹਾਂ ਦੇ ਸਾਦੇ ਹੁੰਦਿਆਂ ਵੀ ਉਹ ਆਪਣੇ ਆਪ ਤੇ ਆਪਣੇ ਹਥਿਆਰਾਂ ਨੂੰ ਖ਼ੂਬ ਸਜਾ ਫਬਾ ਕੇ ਰੱਖਦੇ ਸਨ।

—*David Ross*

✪

ਵੇਖਣ ਨੂੰ ਪਿਆਰੇ ਲੰਮੇ ਤੇ ਪਤਲੇ ਨੇ। ਉਹ ਸੋਹਣਿਆਂ ਚਿੰਨ੍ਹਾਂ (ਨਕਸ਼ਾਂ) ਤੇ ਪੂਰੀਆਂ ਦਾੜ੍ਹੀਆਂ ਵਾਲੇ ਨੇ। ਓਹਨਾਂ ਦਾ ਲੰਮਾ ਕੱਦ ਲੱਤਾਂ ਲੰਮੀਆਂ ਹੋਣ ਕਰਕੇ ਹੈ। ਲਗਾਤਾਰ ਕਈ ਕਈ ਦਿਨਾਂ ਦੇ ਸਫ਼ਰਾਂ ਦੀਆਂ ਤਕਲੀਫ਼ਾਂ ਨੂੰ ਸਹਿਜੇ ਹੀ ਸਹਾਰ ਲੈਂਦੇ ਨੇ (ਇਕੇਰਾਂ ਲੇਖਕ ਨੇ ਆਪਣੀ ਰਜਮੈਂਟ ਨਾਲ ਤਿੰਨ ਸੌ ਮੀਲ ਦਾ ਪੰਧ ਬਾਰ੍ਹਾਂ ਦਿਨਾਂ ਦੇ ਅੰਦਰ ਅੰਦਰ ਮੁਕਾਇਆ), ਅਤੇ ਇਤਨੇ ਕਰੜੇ ਨੇ ਕਿ ਸਖ਼ਤ ਤੋਂ ਸਖ਼ਤ ਗਰਮੀਆਂ ਤੇ ਮੀਂਹਾਂ ਦਾ ਓਨ੍ਹਾਂ ਉਤੇ ਕੋਈ ਅਸਰ ਹੀ ਨਹੀਂ ਹੁੰਦਾ।

—*Steinback*

ਅੰਗਰੇਜ਼ੀ ਫ਼ੌਜਾਂ ਨੂੰ ਹਿੰਦ ਵਿਚ ਇਨ੍ਹਾਂ ਵਰਗਾ ਭਿਆਨਕ ਤੇ ਰੋਹਬ ਵਾਲਾ ਹੋਰ ਕੋਈ ਨਹੀਂ ਟਕਰਿਆ।

—*Samuel R. Gardiner*

✪

ਸਿੱਖਾਂ ਵਿਚ ਇਕ ਜੀਊਂਦੀ ਜਾਗਦੀ ਰੂਹ ਹੈ। (ਗੁਰੂ) ਗੋਬਿੰਦ (ਸਿੰਘ ਜੀ) ਨੇ ਨਾ ਕੇਵਲ ਉਨ੍ਹਾਂ ਦੀਆਂ ਆਤਮਾਵਾਂ ਨੂੰ ਹੀ ਉੱਚਾ ਕੀਤਾ, ਸਗੋਂ ਸਰੀਰ ਵੱਲੋਂ ਵੀ ਕਮਾਲ ਕਰ ਵਿਖਾਇਆ। ਸਰੀਰ ਤੇ ਚਿੰਨ੍ਹ (ਨਕਸ਼ਾਂ) ਵਲੋਂ ਬੜਾ ਵਾਧਾ ਕੀਤਾ ਗਿਆ ਹੈ ਅਤੇ ਇਕ ਸਿਖ ਸਰਦਾਰ ਨਾ ਕੇਵਲ ਉੱਚੇ ਲੰਮੇ ਕੱਦ ਤੇ ਬਹਾਦਰਾਨਾ ਦਿਸ ਤੋਂ ਹੀ ਪਛਾਨਿਆ ਜਾਂਦਾ ਹੈ, ਸਗੋਂ ਉੱਚੀਆਂ ਸੋਚਾਂ, ਰੱਬੀ ਪਹੁੰਚ ਤੇ ਇਲਾਹੀ ਭਰੋਸੇ ਤੋਂ ਵੀ ਉਸ ਦਾ ਅੰਦਰ ਅੰਮ੍ਰਿਤ ਨਾਲ ਭਰਿਆ ਹੁੰਦਾ ਹੈ।

—*Cunningham*

✪

ਸੰਘਣੀ ਤੋਂ ਸੰਘਣੀ ਲੜਾਈ ਵਿਚ ਸਿਖ ਸ਼ਾਂਤ ਤੇ ਅਟੱਲ ਏ। ਹੌਸਲਾ ਤੇ ਬਹਾਦਰੀ ਉਸ ਦੀ ਰੱਗ ਰੱਗ ਵਿਚ ਧਸੀ ਹੁੰਦੀ ਏ। ਜਿਵੇਂ ਉਹ ਘਰ ਦੇ ਕੰਮਾਂ-ਕਾਜਾਂ ਦੀਆਂ ਤਕਲੀਫਾਂ ਵਿਚੋਂ ਆਪਣੇ ਆਪ ਨੂੰ ਉੱਚਾ ਰਖਦਾ ਹੈ, ਤਿਵੇਂ ਵਗਦੀਆਂ ਤਲਵਾਰਾਂ ਵਿਚ ਠੀਕ ਵੇਲੇ ਸਿਰ ਠੀਕ ਕੰਮ ਕਰਨ ਦਾ ਭਰੋਸਾ ਉਸ 'ਤੇ ਕੀਤਾ ਜਾ ਸਕਦਾ ਏ।

—*Reginald Hedder*

✪

ਹਰੇਕ ਸਿਖ ਦੀ ਬਣਤਰ ਵਿਚ ਧਾਰਮਕ ਪਿਆਰ ਤੇ ਫ਼ੌਜੀ ਲਿਆਕਤ ਦੋ ਵੱਡੇ ਵਾਧੇ ਮਿਲਦੇ ਹਨ।......ਸਿਖ ਲੰਮੇ ਤੇ ਚੌੜੀਆਂ ਛਾਤੀਆਂ ਵਾਲੇ ਜਵਾਨ ਹਨ ਅਤੇ ਹਿੰਦੀ ਫ਼ੌਜ ਰੂਪੀ ਬੂਟੇ ਦੇ ਫੁੱਲ ਹਨ। ਉਹ ਬੜੇ ਅਜ਼ਾਦ ਹਨ। ਕਾਇਦਿਆਂ ਦੇ ਪਾਬੰਦ ਕੇਵਲ ਕਾਇਦਿਆਂ ਦੀ ਪਾਬੰਦੀ ਤੇ ਅਫ਼ਸਰਾਂ ਦੇ ਪਿਆਰ ਕਰਕੇ ਹੀ ਹਨ।..... ਸਿਖ ਸੰਗੀਨਾਂ ਦੀ ਵਰਤੋਂ ਵਲੋਂ ਬੜੇ ਮਸ਼ਹੂਰ ਹਨ। ਬੰਦੂਕ ਨੂੰ ਫੜ ਕੇ ਦੁਸ਼ਮਨ ਦੀਆਂ ਵੱਖੀਆਂ ਤੋੜ ਦਿੰਦੇ ਹਨ। ਚੱਕਰ ਚਲਾਉਣੇ ਉਨ੍ਹਾਂ ਦਾ ਹੀ ਕੰਮ ਹੈ।

—*All about the war*

# ਤੀਜੀ ਕਿਆਰੀ

## ਸਿਖ ਸੁਧਾਰਕ ਲਹਿਰਾਂ

ਸਿਖ ਰਾਜ ਤੋਂ ਲੈ ਕੇ ਹੁਣ ਤਕ ਸਿਖ ਪੰਥ ਵਿਚ
ਪੈਦਾ ਹੋਈਆਂ ਲਹਿਰਾਂ ਦਾ ਵਰਣਨ

# ਸਿਖ ਸੁਧਾਰਕ ਲਹਿਰਾਂ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਲੈ ਕੇ ਹੁਣ ਤਕ ਸਿਖ ਪੰਥ ਵਿਚ ਚਾਰ ਵੱਡੀਆਂ ਸੁਧਾਰਕ ਲਹਿਰਾਂ ਉਠੀਆਂ ਹਨ। ਤਿੰਨ ਤਾਂ ਅਠਾਰ੍ਹਵੀਂ ਸਦੀ ਈਸਵੀ ਵਿਚ ਸਮਝਣੀਆਂ ਚਾਹੀਦੀਆਂ ਹਨ, ਤੇ ਚੌਥੀ ਲਹਿਰ ਵੀਹਵੀਂ ਸਦੀ ਵਿਚ ਗਿਣਨੀ ਚਾਹੀਦੀ ਹੈ। ਇਹ ਚਾਰ ਲਹਿਰਾਂ ਇਹ ਹਨ:

੧. ਨਿਰੰਕਾਰੀ ਲਹਿਰ।

੨. ਨਾਮਧਾਰੀ ਲਹਿਰ।

੩. ਸਿੰਘ ਸਭਾ ਲਹਿਰ।

੪. ਅਕਾਲੀ ਲਹਿਰ।

ਭਾਵੇਂ ਪਿਛਲੇ ਸੌ, ਸਵਾ ਸੌ ਸਾਲ ਦੇ ਅੰਦਰ ਸਿਖ ਪੰਥ ਵਿਚ ਕਈ ਮਹਾਂ-ਪੁਰਸ਼ ਭਜਨੀਕ ਤੇ ਮਹਾਤਮਾ ਪੈਦਾ ਹੋਏ, ਪਰ ਪੰਥ ਦੇ ਧਾਰਮਕ, ਭਾਈਚਾਰਕ ਤੇ ਰਾਜਸੀ ਸੁਧਾਰ ਦਾ ਬੀੜਾ ਉਪਰੋਕਤ ਲਹਿਰਾਂ ਦੇ ਬਾਨੀਆਂ ਨੇ ਹੀ ਚੁੱਕਿਆ।

ਕੋਈ ਨਵੀਂ ਲਹਿਰ ਤਦ ਹੀ ਚਲਿਆ ਕਰਦੀ ਹੈ, ਜਦ ਕੌਮ ਵਿਚ ਕੋਈ ਗਿਰਾਵਟ ਪੈਦਾ ਹੋ ਜਾਵੇ ਅਤੇ ਕੋਈ ਚੰਗਾ ਆਗੂ ਉਸ ਨੂੰ ਦੂਰ ਕਰਨ ਲਈ ਮੈਦਾਨ ਵਿਚ ਕੁੱਦੇ। ਜਿਸ ਲਹਿਰ ਦੀ ਜਿਤਨੀ ਵਧ ਵਿਰੋਧਤਾ ਹੁੰਦੀ ਹੈ, ਅਤੇ ਜਿਸ ਲਹਿਰ ਦਾ ਬਾਨੀ ਆਪਣੇ ਖ਼ਿਆਲਾਂ ਦੇ ਪਰਚਾਰ ਲਈ ਜਿਤਨੀਆਂ ਵਧ ਤਕਲੀਫ਼ਾਂ ਝੱਲਦਾ ਅਤੇ ਕੁਰਬਾਨੀਆਂ ਕਰਦਾ ਹੈ, ਉਹ ਲਹਿਰ ਉਤਨੀ ਹੀ ਫਲਦੀ-ਫੁਲਦੀ ਹੈ।

ਸਿਖ ਮਿਸਲਾਂ ਤੇ ਸ਼ਹੀਦਾਂ ਦੇ ਜ਼ਮਾਨੇ ਤੋਂ ਮਗਰੋਂ ਜਦ ਮਹਾਰਾਜਾ ਰਣਜੀਤ ਸਿੰਘ ਨੇ ਸਿਖ ਰਾਜ ਕਾਇਮ ਕਰ ਦਿੱਤਾ, ਤਾਂ ਸਿਖ ਪੰਥ ਵਿਚ ਧਾਰਮਕ ਤੌਰ 'ਤੇ ਗਿਰਾਵਟ ਸ਼ੁਰੂ ਹੋ ਗਈ। ਇਸ ਦਾ ਕਾਰਨ ਇਹ ਸੀ ਕਿ ਗੁਰੂ ਸਾਹਿਬਾਂ ਤੋਂ ਮਗਰੋਂ ਪੰਥ ਦੀ ਧਾਰਮਕ ਤੇ ਰਾਜਸੀ ਸਾਂਝੀ ਜਥੇਬੰਦੀ ਬਣ ਗਈ।

ਮਿਸਲਾਂ ਦੇ ਸਮੇਂ ਮਿਸਲਾਂ ਅਤੇ ਤਖ਼ਤਾਂ ਦੇ ਜਥੇਦਾਰ ਉਹ ਥਾਪੇ ਜਾਂਦੇ ਸਨ, ਜੋ ਸੂਰਬੀਰ ਅਤੇ ਜੋਧੇ ਵੀ ਹੋਣ ਅਤੇ ਸੱਚੇ ਧਰਮੀ ਤੇ ਸੇਵਾ ਕਰਨ ਵਾਲੇ ਵੀ ਹੋਣ। ਅਜਿਹੇ ਮੁਖੀਆਂ ਦੀ ਅਗਵਾਈ ਨਾਲ ਪੰਥ ਵਿਚ ਪਵਿੱਤਰਤਾ, ਸੂਰਬੀਰਤਾ, ਸੱਚਾਈ ਤੇ ਧਰਮ ਦਾ ਪ੍ਰੇਮ ਵਧਦਾ ਰਹਿੰਦਾ ਸੀ, ਅਤੇ ਜਿਥੇ ਕਿਧਰੇ ਕੋਈ ਖ਼ਰਾਬੀ ਪੈਦਾ ਹੋਣ ਲਗਦੀ ਸੀ, ਉਹ ਝੱਟ ਦੂਰ ਕਰ ਦਿੱਤੀ ਜਾਂਦੀ ਸੀ। ਪਰ ਜਦ ਮਹਾਰਾਜਾ ਰਣਜੀਤ

ਸਿੰਘ ਨੇ ਪੰਜਾਬ ਵਿਚ ਸ਼ਖ਼ਸੀ ਰਾਜ ਕਾਇਮ ਕਰ ਦਿੱਤਾ, ਤਦ ਰਾਜਸੀ ਤਾਕਤ ਤਾਂ ਬੇਸ਼ਕ ਜ਼ਬਰਦਸਤ ਬਣਾ ਲਈ ਗਈ, ਪਰ ਧਾਰਮਕ ਤੇ ਭਾਈਚਾਰਕ ਪਾਸਾ ਬਿਲਕੁਲ ਕਮਜ਼ੋਰ ਹੁੰਦਾ ਗਿਆ। ਸਿਖ ਫਿਰ ਪਹਿਲੇ ਵਾਂਗ ਹੀ ਹਿੰਦੂਆਂ ਦੇ ਵਹਿਮਾਂ ਭਰਮਾਂ, ਪੂਜਾ-ਪਾਠਾਂ ਤੇ ਵਰਤਾਂ ਨੇਮਾਂ ਦੇ ਸ਼ਿਕਾਰ ਹੋ ਗਏ।

ਸਿਖ ਰਾਜ ਵਿਚ ਅਹੁਦਾ ਹਾਸਲ ਕਰਨ ਲਈ ਅਤੇ ਹਕੂਮਤ ਵਿਚ ਉੱਚਾ ਦਰਜਾ ਪ੍ਰਾਪਤ ਕਰਨ ਲਈ ਧਰਮ ਵਿਚ ਪੱਕਾ ਤੇ ਆਚਰਨ ਵਿਚ ਉੱਚਾ ਹੋਣਾ ਜ਼ਰੂਰੀ ਨਹੀਂ ਸੀ। ਨਾ ਹੀ ਧਰਮ ਤੋਂ ਗਿਰਨ ਵਾਲਿਆਂ ਨੂੰ ਤਾੜਨ ਵਾਲੀ ਤੇ ਪੁੱਛ-ਗਿੱਛ ਕਰਨ ਵਾਲੀ ਜਥੇਬੰਦੀ ਰਹੀ ਸੀ, ਇਸ ਲਈ ਕੁਦਰਤੀ ਤੌਰ 'ਤੇ ਲੋਕਾਂ ਨੂੰ ਧਰਮ ਵੱਲੋਂ ਉਦਾਸੀਨਤਾ ਪੈਦਾ ਹੋ ਗਈ ਤੇ ਧਾਰਮਕ ਗਿਰਾਵਟ ਵਧਦੀ ਗਈ। ਇਹ ਕੁਦਰਤ ਦਾ ਨੇਮ ਹੀ ਹੈ ਕਿ ਗਰਮੀ ਮਗਰੋਂ ਬਰਸਾਤ ਤੇ ਬਰਸਾਤ ਮਗਰੋਂ ਠੰਢ ਆਉਂਦੀ ਹੈ, ਸੋ ਜਦ ਕੇਂਦਰੀ ਧਾਰਮਕ ਪੰਥਕ ਜਥੇਬੰਦੀ ਨਾ ਰਹੀ ਤਾਂ ਵੱਖ ਵੱਖ ਇਲਾਕਿਆਂ ਵਿਚ ਅਜਿਹੇ ਮਹਾਂਪੁਰਸ਼ ਪੈਦਾ ਹੋਣ ਲੱਗ ਪਏ, ਜਿਨ੍ਹਾਂ ਨੇ ਆਪੋ-ਆਪਣੀ ਥਾਂ ਸੁਧਾਰ ਦੇ ਕੰਮ ਅਰੰਭ ਦਿੱਤੇ।

## ਨਿਰੰਕਾਰੀ ਲਹਿਰ

ਨਿਰੰਕਾਰੀ ਲਹਿਰ ਦੇ ਬਾਨੀ ਸ੍ਰੀਮਾਨ ਬਾਬਾ ਦਿਆਲ ਜੀ ਹੋਏ ਹਨ। ਇਨ੍ਹਾਂ ਦਾ ਜਨਮ ਵਿਸਾਖ ਦੀ ਪੁੰਨਿਆ ਸੰ: ੧੮੪੦ ਬਿ: (੧੭੮੩ ਈ:) ਦਾ ਹੈ। ੧੮ ਮਾਘ ੧੯੧੧ ਬਿ: (੧੮੫੪ ਈ:) ਨੂੰ ਇਨ੍ਹਾਂ ਨੇ ਚਲਾਣਾ ਕੀਤਾ ਸੀ। ਅਰਥਾਤ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਤੋਂ ਤਿੰਨ ਕੁ ਸਾਲ ਮਗਰੋਂ ਇਨ੍ਹਾਂ ਦਾ ਜਨਮ ਹੋਇਆ ਤੇ ੧੫ ਕੁ ਸਾਲ ਮਹਾਰਾਜਾ ਜੀ ਤੋਂ ਮਗਰੋਂ ਇਨ੍ਹਾਂ ਨੇ ਚਲਾਣਾ ਕੀਤਾ। ਇਨ੍ਹਾਂ ਨੂੰ ਬਾਣੀ ਦਾ ਪ੍ਰੇਮ ਤੇ ਭਜਨ ਦਾ ਰਸ ਤਾਂ ਮੁਢੋਂ ਹੀ ਸੀ, ਪਰ ਖੁਲ੍ਹਾ-ਡੁਲ੍ਹਾ ਪ੍ਰਚਾਰ ਦਾ ਕੰਮ ਇਨ੍ਹਾਂ ਨੇ ਕੋਈ ੪੦ ਸਾਲ ਦੀ ਉਮਰ ਵਿਚ ਕਰਨਾ ਸ਼ੁਰੂ ਕੀਤਾ। ਇਨ੍ਹਾਂ ਦਾ ਜਨਮ ਪਿਸ਼ੌਰ ਵਿਚ ਹੋਇਆ ਸੀ ਅਤੇ ਮਗਰੋਂ ਇਨ੍ਹਾਂ ਨੇ ਰਾਵਲਪਿੰਡੀ ਆ ਕੇ ਰਿਹਾਇਸ਼ ਅਖ਼ਤਿਆਰ ਕਰ ਲਈ ਸੀ। ਰਾਵਲਪਿੰਡੀ ਉਸ ਵੇਲੇ ਇਕ ਮਮੂਲੀ ਕਸਬਾ ਸੀ। ਇਹ ਸਵੇਰੇ ਪਿਸ਼ੌਰੀਆਂ ਦੇ ਗੁਰਦੁਆਰੇ ਵਿਚ ਜਾਂਦੇ, ਫਿਰ ਭਾਈ ਮੰਨਾ ਸਿੰਘ ਦੇ ਗੁਰਦਆਰੇ ਅਤੇ ਫਿਰ ਬਾਰਾਂਦਰੀ ਵਿਚ ਜਾ ਕੇ ਪ੍ਰਚਾਰ ਕਰਦੇ। ਇਨ੍ਹਾਂ ਦਾ ਪ੍ਰਚਾਰ ਇਹ ਸੀ :

"ਗੁਰੂ ਗ੍ਰੰਥ ਸਾਹਿਬ ਨੂੰ ਮੰਨੋ, ਇਕ ਵਾਹਿਗੁਰੂ ਦਾ ਭਜਨ ਕਰੋ, ਸੂਤਕ ਪਾਤਕ ਨਹੀਂ ਰਖਣੇ ਚਾਹੀਦੇ, ਸਰਾਧ ਨਹੀਂ ਕਰਨੇ ਚਾਹੀਦੇ, ਵਿਆਹ ਸ਼ਾਦੀਆਂ ਤੇ ਮਰਨੇ-ਪਰਨੇ ਸਭ ਗੁਰਬਾਣੀ ਦੀ ਸਿਖਿਆ ਅਨੁਸਾਰ ਕਰਨੇ ਚਾਹੀਦੇ ਹਨ। ਪ੍ਰਾਣੀ ਦੇ ਚਲਾਣੇ ਸਮੇਂ ਰੋਣਾ ਪਿਟਣਾ, ਸਿਆਪਾ ਕਰਨਾ ਤੇ ਕਿਰਿਆ-ਕਰਮ ਕਰਨੇ ਸਭ ਬੰਦ।"

ਉਹ ਇਸ ਗੱਲ 'ਤੇ ਬੜੀ ਹੈਰਾਨੀ ਪਰਗਟ ਕਰਦੇ ਸਨ ਕਿ ਕੇਸਾਧਾਰੀ ਤੇ ਅੰਮ੍ਰਿਤਧਾਰੀ ਸਿਖ ਰੋਜ਼ ਬਾਣੀ ਪੜ੍ਹਦੇ ਹਨ ਤੇ ਇਸ ਉਤੇ ਅਮਲ ਨਹੀਂ ਕਰਦੇ। ਲੋਕਾਂ ਨੂੰ ਇਨ੍ਹਾਂ ਦੀਆਂ ਗੱਲਾਂ ਨਵੀਆਂ ਜਾਪਦੀਆਂ ਸਨ। ਜਦ ਇਨ੍ਹਾਂ ਨੇ ਇਨ੍ਹਾਂ ਉਤੇ ਆਪ

ਅਮਲ ਕਰਨਾ ਸ਼ੁਰੂ ਕਰ ਦਿੱਤਾ ਤਾਂ ਲੋਕਾਂ ਨੇ ਇਨ੍ਹਾਂ ਨਾਲੋਂ ਵਰਤਣ-ਵਿਹਾਰ ਬੰਦ ਕਰ ਲਿਆ। ਖੂਹ ਬੰਦ, ਮੜ੍ਹੀਆਂ ਬੰਦ, ਗੱਲ ਕੀ ਹਰ ਤਰ੍ਹਾਂ ਇਨ੍ਹਾਂ ਨੂੰ ਦੁਖ ਦਿਤੇ ਗਏ। ਇਨ੍ਹਾਂ ਦੇ ਤਿੰਨ ਲੜਕੇ ਸਨ :

੧. ਬਾਬਾ ਦਰਬਾਰਾ ਸਿੰਘ ਜੀ

੨. ਭਾਈ ਭਾਗ ਜੀ

੩. ਭਾਈ ਰਤਾ ਜੀ

ਬਾਬਾ ਦਿਆਲ ਜੀ ਦੇ ਸਮੇਂ ਇਨ੍ਹਾਂ ਦੇ ਬਹੁਤ ਥੋੜ੍ਹੇ ਹੀ ਹਮ-ਖ਼ਿਆਲ ਬਣੇ। ਪਰ ਇਨ੍ਹਾਂ ਨੇ ਆਪਣੇ ਵੱਡੇ ਪੁੱਤਰ ਬਾਬਾ ਦਰਬਾਰਾ ਸਿੰਘ ਨੂੰ ਇਸ ਕੰਮ ਲਈ ਚੰਗੀ ਤਰ੍ਹਾਂ ਤਿਆਰ ਕਰ ਲਿਆ। ਜਦ ੧੯੧੧ ਬਿ: ਵਿਚ ਬਾਬਾ ਦਿਆਲ ਜੀ ਇਨ੍ਹਾਂ ਨੂੰ ਆਪਣਾ ਕੰਮ ਸੌਂਪ ਕੇ ਚਲਾਣਾ ਕਰ ਗਏ ਤਾਂ ਮਗਰੋਂ ਇਨ੍ਹਾਂ ਨੇ ਖ਼ੂਬ ਪ੍ਰਚਾਰ ਕੀਤਾ। ਇਨ੍ਹਾਂ ਦਾ ਜਨਮ ੧੮੭੧ ਬਿ: ਮੁਤਾਬਕ ੧੮੧੪ ਈ: ਨੂੰ ਹੋਇਆ ਸੀ ਅਤੇ ਪਿਤਾ ਜੀ ਦੇ ਚਲਾਣੇ ਸਮੇਂ ਇਨ੍ਹਾਂ ਦੀ ਉਮਰ ਵੀ ੪੦ ਕੁ ਸਾਲ ਦੇ ਕਰੀਬ ਸੀ। ਇਹ ਬੜੇ ਜੋਸ਼ੀਲੇ, ਦਲੇਰ ਤੇ ਨਿਧੜਕ ਪ੍ਰਚਾਰਕ ਸੀ। ਗੁਰਬਾਣੀ ਦੇ ਤਕੜੇ ਵਿਚਾਰਵਾਨ ਤੇ ਗਿਆਨੀ ਸਨ। ਇਨ੍ਹਾਂ ਦਾ ਸੁਭਾਅ ਸੀ ਕਿ ਜੋ ਗੱਲ ਇਨ੍ਹਾਂ ਦੇ ਨਿਸਚੇ ਵਿਚ ਬੈਠ ਜਾਵੇ ਉਸ ਉਤੇ ਹੀ ਅਮਲ ਕਰਦੇ ਸਨ, ਭਾਵੇਂ ਸਾਰੀ ਦੁਨੀਆ ਮੁਖ਼ਾਲਫ਼ਤ ਕਰੇ। ਬਾਬਾ ਦਿਆਲ ਜੀ ਤਾਂ ਪ੍ਰਚਾਰ ਕਰਦੇ ਰਹੇ, ਪਰ ਇਨ੍ਹਾਂ ਨੇ ਬਾਕਾਇਦਾ ਗੁਰਮਤਿ ਅਨੁਸਾਰ ਸਭ ਮਰਯਾਦਾ ਕਰਨੀਆਂ ਅਰੰਭ ਦਿੱਤੀਆਂ। ਇਕ 'ਨਿਰੰਕਾਰੀ ਚਲਨ' ਦੀ ਪੋਥੀ ਲਿਖੀ, ਜਿਸ ਵਿਚ ਜਨਮ ਤੋਂ ਲੈ ਕੇ ਚਲਾਣੇ ਤਕ ਦੀਆਂ ਮਰਯਾਦਾ ਬੰਨ੍ਹ ਦਿੱਤੀਆਂ। ਇਸੇ ਕਰਕੇ ਇਨ੍ਹਾਂ ਦੀ ਸਖ਼ਤ ਵਿਰੋਧਤਾ ਸ਼ੁਰੂ ਹੋ ਗਈ। ਲੋਕੀਂ ਕਹਿਣ ਲਗ ਪਏ, ਇਨ੍ਹਾਂ ਨਵਾਂ ਮਤ ਕਢ ਲਿਆ ਹੈ। ਜਿਤਨੀ ਵਿਰੋਧਤਾ ਸ਼ੁਰੂ ਹੋਈ ਇਤਨਾ ਹੀ ਵੱਧ ਜੋਸ਼ ਨਾਲ ਇਹ ਵੀ ਪ੍ਰਚਾਰ ਕਰਨ ਲਗੇ। ਪੋਠੋਹਾਰ ਵਿਚ ਕਈ ਪਿੰਡਾਂ ਵਿਚ 'ਸੰਗਤਾਂ' ਕਾਇਮ ਹੋ ਗਈਆਂ। ਰਾਜੜ, ਤਰਲਾਹੀ, ਫ਼ਤਹਜੰਗ, ਕਾਲਾ ਬਸਾਲੀ ਆਦਿਕ ਪਿੰਡਾਂ ਦੇ ਕਈ ਲੋਕ ਇਨ੍ਹਾਂ ਦੇ ਉਪਦੇਸ਼ ਸੁਣ ਕੇ ਨਿਰੰਕਾਰੀ ਬਣ ਗਏ ਤੇ ਉਨ੍ਹਾਂ ਨੇ ਗੁਰਮਤਿ ਕਰਨੀ ਸ਼ੁਰੂ ਕਰ ਦਿਤੀ। ਸਹਿਜਧਾਰੀ ਤੇ ਕੇਸਾਧਾਰੀ ਦੋਵੇਂ ਤਰ੍ਹਾਂ ਦੇ ਸਿਖ ਨਿਰੰਕਾਰੀ ਬਣਦੇ ਸਨ, ਬਾਹਰ ਦੀ ਰਹਿਤ ਦਾ ਇਤਨਾ ਖ਼ਿਆਲ ਨਹੀਂ ਸੀ ਕੀਤਾ ਜਾਂਦਾ ਜਿਤਨਾ ਕਿ ਗੁਰਮਤਿ ਉਪਰ ਚਲਾਣ ਦਾ। ਤੰਬਾਕੂ ਪੀਣਾ ਬੰਦ ਕਰਾਂਦੇ ਸਨ ਅਤੇ ਧੀਆਂ ਦਾ ਪੈਸਾ ਲੈਣ ਤੋਂ ਵੀ ਰੋਕਦੇ ਸਨ।

ਬਾਬਾ ਦਰਬਾਰਾ ਸਿੰਘ ਜੀ ਨੇ ਚੰਗਾ ਠਾਠ-ਬਾਠ ਬਣਾ ਲਿਆ ਸੀ। ਘੋੜੇ ਦੀ ਸਵਾਰੀ ਕਰਦੇ, ਪਾਲਕੀਆਂ ਤੇ ਨਿਸ਼ਾਨ ਨਾਲ ਰਖਦੇ, ਜਿਥੇ ਜਾਂਦੇ ਆਪਣੇ ਸ਼ਾਮਿਆਨੇ ਲਗਾ ਕੇ ਪ੍ਰਚਾਰ ਕਰਦੇ। ਕਹਿੰਦੇ ਹਨ ਕਿ ਇਹ ਬੜਾ ਗਰਜ ਕੇ ਪ੍ਰਚਾਰ ਕਰਦੇ ਸਨ ਤੇ ਇਨ੍ਹਾਂ ਦਾ ਤੇਜ ਝਲਿਆ ਨਹੀਂ ਸੀ ਜਾਂਦਾ।

ਇਹ ਅੰਮ੍ਰਿਤ ਪ੍ਰਚਾਰ ਕਰ ਕੇ ਸਿੰਘ ਵੀ ਸਜਾਂਦੇ ਸਨ, ਪਰ ਸਹਿਜਧਾਰੀਆਂ ਨੂੰ ਮਜਬੂਰ ਨਹੀਂ ਕਰਦੇ ਸਨ। ਇਨ੍ਹਾਂ ਨੇ ੪੦ ਬੀੜੇ (ਸੰਗਤਾਂ) ਕਾਇਮ ਕੀਤੇ ਸਨ।

ਇਨ੍ਹਾਂ ਬੀੜਿਆਂ ਵਿਚ ਇਕ ਚਲਨ ਦੀ ਪੋਥੀ, ਇਕ ਨਿਸ਼ਾਨ ਤੇ ਗੁਰਦੁਆਰਾ ਹੁੰਦਾ ਸੀ ਤੇ ਸਾਲ ਵਿਚ ਬਾਬਾ ਜੀ ਇਕ ਵੇਰ ਓਥੇ ਜ਼ਰੂਰ ਜਾਂਦੇ ਸਨ। ਨਿਰੰਕਾਰੀ ਬਾਬਾ ਦਿਆਲ ਜੀ ਨੂੰ ਤੇ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਸਮਝ ਕੇ ਗੁਰੂ ਮੰਨਣ ਲਗ ਪਏ। ਬਾਬਾ ਦਰਬਾਰਾ ਸਿੰਘ ਜੀ ੩ ਫਗਣ ੧੯੨੬ ਬਿ: ਮੁਤਾਬਕ ੧੮੬੯ ਈ: ਨੂੰ ਚਲਾਣਾ ਕਰ ਗਏ ਅਤੇ ਆਪਣੀ ਥਾਂ ਛੋਟੇ ਭਾਈ ਸਾਹਿਬ ਰਤਾ ਜੀ ਨੂੰ ਮੁਕੱਰਰ ਕਰ ਗਏ।

ਬਾਬਾ ਰਤਾ ਜੀ ਹਰ ਵੇਲੇ ਭਜਨ ਵਿਚ ਰੰਗੇ ਰਹਿੰਦੇ ਸਨ ਤੇ ਹੱਥੀਂ ਸੰਗਤਾਂ ਦੀ ਟਹਿਲ ਸੇਵਾ ਕਰਦੇ ਸਨ। ਇਹ ਆਪ ਕਥਾ ਜਾਂ ਪ੍ਰਚਾਰ ਘਟ ਹੀ ਕਰਦੇ ਸਨ, ਪਰ ਇਨ੍ਹਾਂ ਦਾ ਪਵਿੱਤਰ ਜੀਵਨ ਹੀ ਪ੍ਰਚਾਰ ਦਾ ਵੱਡਾ ਕੰਮ ਕਰਦਾ ਸੀ। ਇਨ੍ਹਾਂ ਦੇ ਸਮੇਂ ਭਾਈ ਮੰਨਾ ਸਿੰਘ ਜੀ ਤਕੜੇ ਵਿਦਵਾਨ, ਗਿਆਨੀ, ਰਾਗੀ ਤੇ ਪ੍ਰਚਾਰਕ ਸਨ। ਬਾਬਾ ਰਤਾ ਜੀ ਦੇ ਸਮੇਂ ੫੦-੬੦ ਹੋਰ ਪਿੰਡਾਂ ਵਿਚ ਵੀ ਸੰਗਤਾਂ ਬਣ ਗਈਆਂ ਸਨ, ਮੇਲੇ ਲਗਣ ਲਗ ਪਏ। ਰੌਣਕਾਂ ਵਧ ਗਈਆਂ, ਪਰ ਇਨ੍ਹਾਂ ਦੇ ਪ੍ਰਚਾਰ ਦਾ ਹਲਕਾ ਕੇਵਲ ਪੋਠੋਹਾਰ ਦਾ ਇਕ ਹਿੱਸਾ ਹੀ ਰਿਹਾ। ਇਕ ਤਾਂ ਇਨ੍ਹਾਂ ਦੀ ਸਿਖਿਆ ਗ੍ਰਹਿਣ ਕਰਨ ਵਾਲੇ ਸ਼ਹਿਰਾਂ ਦੇ ਖਤਰੀ ਤੇ ਨੌਕਰ ਆਦਮੀ ਹੀ ਸਨ, ਦੂਜੇ ਇਹ ਸਿਖ ਪੰਥ ਦੇ ਕੇਂਦਰ ਤੇ ਜੋਸ਼ੀਲੇ ਇਲਾਕੇ ਤੋਂ ਇਕਲਵੰਜੇ ਸਨ, ਤੀਜੇ ਇਨ੍ਹਾਂ ਨੇ ਉਧਰ ਹੀ ਆਪਣੇ 'ਅੰਮ੍ਰਿਤਸਰ', 'ਤਰਨ ਤਾਰਨ' ਤੇ 'ਦਰਬਾਰ ਸਾਹਿਬ' ਰਚ ਕੇ ਉਨ੍ਹਾਂ ਕੇਂਦਰੀ ਗੁਰਧਾਮਾਂ ਤੇ ਮਹਾਨ ਇਤਿਹਾਸਕ ਅਸਥਾਨਾਂ ਵਲੋਂ ਨਿਰੰਕਾਰੀਆਂ ਦੀ ਖਿੱਚ ਘਟਾ ਦਿਤੀ ਸੀ, ਜਿਨ੍ਹਾਂ ਤੋਂ ਕਿ ਕੁਰਬਾਨੀ, ਉਤਸ਼ਾਹ ਤੇ ਬੀਰਤਾ ਦਾ ਸਬਕ ਤੇ ਸ਼ਹੀਦੀਆਂ ਦਾ ਅੰਮ੍ਰਿਤ ਪ੍ਰਾਪਤ ਹੁੰਦਾ ਸੀ। ਹੋ ਸਕਦਾ ਹੈ ਕਿ ਇਹ ਗੱਲ ਸਿੱਖਾਂ ਨੂੰ ਤੀਰਥ-ਅਸ਼ਨਾਨਾਂ ਤੇ ਤੀਰਥ-ਯਾਤਰਾ ਦੇ ਮਹਾਤਮ ਦੇ ਭਰਮ ਤੋਂ ਕਢਣ ਲਈ ਕੀਤੀ ਗਈ ਹੋਵੇ, ਪਰ ਇਸ ਦਾ ਬੇ-ਮਲੂਮੇ ਹੀ ਇਹ ਅਸਰ ਜ਼ਰੂਰ ਹੋਇਆ ਹੈ ਕਿ ਆਪਣੇ ਰਚੇ ਧਰਮ-ਅਸਥਾਨਾਂ ਦੀ ਅਪਣੱਤ ਵੱਧ ਗਈ ਤੇ ਇਨ੍ਹਾਂ ਨਾਲ ਹੀ ਮਹਾਤਮ ਤੇ ਕਰਾਮਾਤਾਂ ਜੁੜ ਗਈਆਂ, ਜਿਸ ਕਰਕੇ ਕੁਰਬਾਨੀ ਲਈ ਦਿਲਾਂ ਵਿਚ ਉਬਾਲੇ ਪੈਦਾ ਕਰਨ ਵਾਲੀਆਂ ਪੁਰਾਤਨ ਇਤਿਹਾਸਕ ਯਾਦਗਾਰਾਂ ਤੋਂ ਇਨ੍ਹਾਂ ਨੂੰ ਲਾਭ ਉਠਾਣ ਦਾ ਘਟ ਮੌਕਾ ਰਹਿ ਗਿਆ। ਆਪਣੇ ਇਲਾਕੇ ਵਿਚ ਇਨ੍ਹਾਂ ਨੇ ਬਹੁਤ ਚੰਗਾ ਗੁਰਮਤਿ ਦਾ ਪ੍ਰਚਾਰ ਕੀਤਾ। ਨਿਰੰਕਾਰੀਆਂ ਦੇ ਪ੍ਰਚਾਰ ਨੇ ਪੋਠੋਹਾਰ ਨੂੰ ਸਿੰਘ ਸਭਾ ਦਾ ਪ੍ਰਚਾਰ ਕਬੂਲ ਕਰਨ ਲਈ ਚੰਗੀ ਤਰ੍ਹਾਂ ਤਿਆਰ ਕਰ ਦਿਤਾ ਸੀ। ਇਹੋ ਕਾਰਨ ਹੈ ਕਿ ਹੋਰਨਾਂ ਇਲਾਕਿਆਂ ਨਾਲੋਂ ਪੋਠੋਹਾਰ ਵਿਚ ਸਿੰਘ ਸਭਾ ਦਾ ਪ੍ਰਚਾਰ ਜ਼ਿਆਦਾ ਹੋਇਆ ਅਤੇ ਉਧਰੋਂ ਪ੍ਰਚਾਰਕ ਵੀ ਜ਼ਿਆਦਾ ਪੈਦਾ ਹੋਏ ਹਨ। ਬਾਬਾ ਰਤਾ ਜੀ ਦੇ ਸਮੇਂ ਨਿਰੰਕਾਰੀਆਂ ਦੀ ਗਿਣਤੀ ਕਾਫ਼ੀ ਵਧੀ, ਪਰ ਬਾਬਾ ਦਰਬਾਰਾ ਸਿੰਘ ਜੀ ਵਰਗਾ ਜੋਸ਼ ਤੇ ਉਤਸ਼ਾਹ ਨਹੀਂ ਸੀ ਦਿੱਸਦਾ। ਇਨ੍ਹਾਂ ਹੀ ਦਿਨਾਂ ਵਿਚ ਪੋਠੋਹਾਰ ਵਿਚ ਬਾਬਾ ਖੇਮ ਸਿੰਘ ਜੀ ਦਾ ਪ੍ਰਚਾਰ ਹੋ ਰਿਹਾ ਸੀ ਤੇ ਸਿੰਘ ਸਭਾ ਲਹਿਰ ਵੀ ਸ਼ੁਰੂ ਹੋ ਰਹੀ ਸੀ। ਬਾਬਾ ਰਤਾ ਜੀ ੨੧ ਪੋਹ ਸੁਦੀ ਸੰ: ੧੯੬੫ ਮੁਤਾਬਕ ੧੯੦੮ ਈ: ਨੂੰ ਚਲਾਣਾ ਕਰ ਗਏ, ਅਤੇ ਆਪਣੀ

ਥਾਂ ਆਪਣੇ ਸਪੁੱਤਰ ਬਾਬਾ ਗੁਰਦਿੱਤ ਸਿੰਘ ਜੀ ਨੂੰ ਮੁਕੱਰਰ ਕਰ ਗਏ, ਜੋ ਬੜੇ ਨੇਕ ਤੇ ਗੁਰਮੁਖ ਸੱਜਣ ਸਨ।

ਕਹਿੰਦੇ ਹਨ ਕਿ ਬਾਬਾ ਰਾਮ ਸਿੰਘ ਜੀ ਜਦ ਬਾਬਾ ਬਾਲਕ ਸਿੰਘ ਜੀ ਨੂੰ ਮਿਲਣ ਜਾਂਦੇ ਸਨ ਤਾਂ ਭਾਈ ਦਰਬਾਰਾ ਸਿੰਘ ਹੁਰਾਂ ਨੂੰ ਵੀ ਮਿਲਿਆ ਕਰਦੇ ਸਨ।

## ਨਾਮਧਾਰੀ ਲਹਿਰ

ਨਾਮਧਾਰੀ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਜੀ ਹੋਏ ਹਨ। ਇਨ੍ਹਾਂ ਦਾ ਸਮਾਂ ੧੭੯੯ ਤੋਂ ੧੮੬੧ ਈ: ਤਕ ਹੈ। ਇਹ ਹਜ਼ਰੋ ਜ਼ਿਲ੍ਹਾ ਅਟਕ ਦੇ ਰਹਿਣ ਵਾਲੇ ਸਨ ਤੇ ਬੜੇ ਭਜਨੀਕ ਸਨ। ਬਾਬਾ ਰਾਮ ਸਿੰਘ ਜੀ ਨੇ ਇਨ੍ਹਾਂ ਪਾਸੋਂ ਹੀ ਸਿਖਿਆ ਪ੍ਰਾਪਤ ਕੀਤੀ। ਬਾਬਾ ਰਾਮ ਸਿੰਘ ਜੀ ੧੮੧੫ ਈ: ਨੂੰ ਇਕ ਗ਼ਰੀਬ ਤਰਖਾਣ ਘਰਾਣੇ ਵਿਚ ਭੈਣੀ ਸਾਹਿਬ (ਲੁਧਿਆਣਾ) ਪੈਦਾ ਹੋਏ। ਜਵਾਨ ਹੋ ਕੇ ਫ਼ੌਜ ਵਿਚ ਭਰਤੀ ਹੋਏ, ਅਤੇ ੧੮੪੯ ਈ: ਤਕ ਫ਼ੌਜ ਵਿਚ ਨੌਕਰੀ ਕੀਤੀ। ਫ਼ੌਜੀ ਨੌਕਰੀ ਵਿਚ ਇਨ੍ਹਾਂ ਨੇ ਬਾਕਾਇਦਗੀ, ਨਿਯਮਾਂ ਦੀ ਪਾਬੰਧੀ ਤੇ ਪਰਬੰਧ ਕਰਨਾ ਚੰਗੀ ਤਰ੍ਹਾਂ ਸਿਖ ਲਿਆ ਸੀ, ਜੋ ਇਨ੍ਹਾਂ ਦੇ ਅਗੋਂ ਕੰਮ ਆਇਆ। ਇਸ ਸਮੇਂ ਵਿਚ ਇਨ੍ਹਾਂ ਦਾ ਭਾਈ ਬਾਲਕ ਸਿੰਘ ਨਾਲ ਮੇਲ ਹੋਇਆ ਅਤੇ ਉਨ੍ਹਾਂ ਦੇ ਉਪਦੇਸ਼ ਨਾਲ ਇਨ੍ਹਾਂ ਦੇ ਦਿਲ 'ਤੇ ਇਹ ਅਸਰ ਹੋਇਆ ਕਿ ਇਹ ਪੰਥ ਵਿਚ ਫੈਲ ਰਹੀਆਂ ਖ਼ਰਾਬੀਆਂ ਤੇ ਗੁਰਦੁਆਰਿਆਂ ਦੀਆਂ ਬੇਅਦਬੀਆਂ ਨੂੰ ਡਾਢਾ ਮਹਿਸੂਸ ਕਰਨ ਲਗੇ।

ਇਹ ਇਕ ਪਵਿਤਰ ਜੀਵਨ ਵਾਲੇ ਗੁਰਮੁਖ ਸਿਖ ਸਨ, ਗੁਰਬਾਣੀ ਦੀ ਰੰਗਣ ਵਿਚ ਰੰਗੇ ਗਏ ਸਨ ਅਤੇ ਪੰਥ ਦੇ ਸੁਧਾਰ ਦੇ ਖ਼ਿਆਲ ਦਿਲ ਵਿਚ ਲੈ ਕੇ ਇਨ੍ਹਾਂ ਨੇ ਹੋਰ ਸਾਰੇ ਘਰੋਗੀ ਕੰਮ ਛੱਡ ਦਿੱਤੇ ਸਨ। ਇਨ੍ਹਾਂ ਭੈਣੀ ਸਾਹਿਬ ਹੀ ਕੇਂਦਰ ਬਣਾਇਆ, ਹਰ ਇਕ ਜ਼ਿਲ੍ਹੇ ਵਿਚ ਇਕ ਸੂਬਾ ਮੁਕੱਰਰ ਕੀਤਾ, ਤੇ ਹਰ ਇਕ ਤਸੀਲ ਵਿਚ ਦੋ-ਦੋ ਜਥੇਦਾਰ ਤੇ ਹਰ ਇਕ ਪਿੰਡ ਵਿਚ ਇਕ-ਇਕ ਗ੍ਰੰਥੀ ਮੁਕੱਰਰ ਕੀਤਾ। ਪੰਜਾਬ ਵਿਚ ਦੌਰਾ ਕੀਤਾ ਅਤੇ ਜਿਥੇ ਕਿਥੇ ਗਏ, ਗੁਰਮੁਖੀ ਸਕੂਲ ਤੇ ਲੰਗਰ ਜਾਰੀ ਕਰਾਏ। ਸਿੱਖਾਂ ਨੂੰ ਸਾਦਾ ਰਹਿਣ, ਸਾਦਾ ਖਾਣ ਅਤੇ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿਆ ਕਰਦੇ ਸਨ। ਬਾਬਾ ਜੀ ਨੇ ਵੇਖਿਆ ਕਿ ਪੱਛਮੀ ਤਹਿਜ਼ੀਬ ਸਾਡੀ ਸਾਦਗੀ ਨੂੰ ਤੇ ਪਵਿਤਰ ਰਹਿਣੀ ਬਹਿਣੀ ਨੂੰ ਨਾਸ ਕਰ ਰਹੀ ਹੈ, ਇਸ ਕਰਕੇ ਉਨ੍ਹਾਂ ਨੇ ਅੰਗਰੇਜ਼ੀ ਪੜ੍ਹਨੀ ਬਾਈਕਾਟ ਕਰ ਦਿੱਤੀ ਤੇ ਸਿੱਖਾਂ ਨੂੰ ਕਿਹਾ ਕਿ ਨਾ ਤਾਂ ਅੰਗਰੇਜ਼ਾਂ ਦੀਆਂ ਨੌਕਰੀਆਂ ਕ੍ਰੋ ਤੇ ਨਾ ਹੀ ਸਰਕਾਰੀ ਅਦਾਲਤਾਂ ਵਿਚ ਜਾਓ। ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ ਨੇ ਸਿੱਖਾਂ ਵਿਚ ਹਿਲ-ਜੁਲ ਪੈਦਾ ਕਰ ਦਿੱਤੀ। ਇਨ੍ਹਾਂ ਨੇ ਰੀਤਾਂ ਰਸਮਾਂ ਵੀ ਬਦਲ ਦਿੱਤੀਆਂ, ਜਿਸ ਕਰਕੇ ਬ੍ਰਾਹਮਣ ਤੇ ਪੁਜਾਰੀ ਵੀ ਇਨ੍ਹਾਂ ਦੇ ਸਖ਼ਤ ਵਿਰੋਧੀ ਹੋ ਗਏ।

ਇਨ੍ਹਾਂ ਨੂੰ ਗੁਰਦੁਆਰਿਆਂ ਵਿਚ ਜਾਣ ਤੋਂ ਰੋਕਿਆ ਗਿਆ ਅਤੇ ਸਰਕਾਰੀ ਅਫ਼ਸਰ ਵੀ ਇਨ੍ਹਾਂ ਦੇ ਪ੍ਰਚਾਰ ਤੋਂ ਖ਼ਤਰਾ ਅਨੁਭਵ ਕਰਨ ਲੱਗੇ ਅਤੇ ਨਾਮਧਾਰੀ

ਲਹਿਰ ਨੂੰ ਰੋਕਣ ਲਈ ਕਾਰਵਾਈਆਂ ਕਰਨ ਲੱਗੇ।

ਬਾਬਾ ਜੀ ਦੇ ਉਪਦੇਸ਼ ਅਤੇ ਉਨ੍ਹਾਂ ਦੇ ਜੀਵਨ ਤੋਂ ਜਿੱਥੋਂ ਤਕ ਪਤਾ ਲਗਦਾ ਹੈ, ਉਹ ਸੱਚਾਈ ਦੇ ਪ੍ਰਚਾਰਕ, ਸ਼ਾਂਤੀ ਤੇ ਪ੍ਰੇਮ ਦੇ ਪੁਜਾਰੀ ਅਤੇ ਨਾਮ ਦੇ ਰਸੀਏ ਸਨ। ਅੰਗਰੇਜ਼ੀ ਰਾਜ ਦੇ ਵਿਰੋਧੀ ਸਨ, ਪਰ ਸ਼ਾਂਤ ਰਹਿਣ ਦਾ ਹੀ ਉਪਦੇਸ਼ ਦੇਂਦੇ ਸਨ। ਫਿਰ ਵੀ ਉਨ੍ਹਾਂ ਨੂੰ ਮੰਨਣ ਵਾਲੇ ਕਈ ਸਿਖ ਇਨ੍ਹਾਂ ਦੇ ਕਾਬੂ ਤੋਂ ਬਾਹਰ ਹੋ ਗਏ ਸਨ ਅਤੇ ਮਜ਼੍ਹਬੀ ਜੋਸ਼ ਵਿਚ ਆ ਕੇ ਉਨ੍ਹਾਂ ਨੇ ਕਈ ਅਜਿਹੀਆਂ ਕਾਰਵਾਈਆਂ ਕੀਤੀਆਂ, ਜੋ ਨਹੀਂ ਕਰਨੀਆਂ ਚਾਹੀਦੀਆਂ ਸਨ। ਪਰ ਉਨ੍ਹਾਂ ਦੀ ਕਾਰਵਾਈ ਜ਼ਿੰਮੇਵਾਰੀ ਬਾਬਾ ਰਾਮ ਸਿੰਘ ਜੀ ਉਤੇ ਨਹੀਂ ਆ ਸਕਦੀ। ਅਜਿਹੀਆਂ ਕਈ ਮਿਸਾਲਾਂ ਮਿਲ ਸਕਦੀਆਂ ਹਨ ਕਿ ਜਦ ਨੇਕ ਖ਼ਿਆਲਾਂ ਦੇ ਜੋਸ਼ੀਲੇ ਤੇ ਅਨਪੜ੍ਹ ਲੋਕਾਂ ਨੂੰ ਭੜਕਾਹਟ ਮਿਲੇ ਅਤੇ ਉਨ੍ਹਾਂ ਦੇ ਮਜ਼੍ਹਬੀ ਜਜ਼ਬਿਆਂ 'ਤੇ ਚੋਟ ਲੱਗੇ ਤਾਂ ਉਹ ਭੜਕ ਉਠਦੇ ਹਨ ਤੇ ਆਪਿਓਂ ਬਾਹਰ ਹੋ ਕੇ ਕਈ ਅਯੋਗ ਕੰਮ ਕਰ ਬੈਠਦੇ ਹਨ।

ਬਾਬਾ ਹੋਰੀਂ ਸੱਚ ਦੇ ਇਤਨੇ ਹਾਮੀ ਸਨ ਅਤੇ ਚੋਰੀ ਜਾਂ ਕਤਲ ਕਰਨ ਦੇ ਇਤਨੇ ਵਿਰੋਧੀ ਸਨ ਕਿ ਉਨ੍ਹਾਂ ਨੇ ਆਪਣੇ ਕਈ ਸ਼ਰਧਾਲੂਆਂ ਨੂੰ ਸਜ਼ਾਵਾਂ ਦਿੱਤੀਆਂ ਤੇ ਦਿਵਾਈਆਂ। ਇਕ ਵੇਰਾਂ ਇਕ ਖ਼ੂਨੀ ਕਿਸੇ ਤਰ੍ਹਾਂ ਬੱਚ ਕੇ ਬਾਬਾ ਜੀ ਪਾਸ ਚਲਾ ਗਿਆ। ਬਾਬਾ ਜੀ ਨੇ ਕਿਹਾ ਕਿ ਛੇਤੀ ਹਾਕਮ ਦੇ ਪਾਸ ਜਾ ਕੇ ਆਪਣੇ ਆਪ ਨੂੰ ਹਵਾਲੇ ਕਰ ਦੇ। ਸੋ ਉਹ ਸਿੱਧਾ ਸੈਸ਼ਨ ਜੱਜ ਦੇ ਜਾ ਪੇਸ਼ ਹੋਇਆ ਤੇ ਇਕਬਾਲ ਕਰ ਕੇ ਸਜ਼ਾ ਨੂੰ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕੀਤਾ।

ਇਸੇ ਤਰ੍ਹਾਂ ੧੮੭੦ ਈ: ਨੂੰ ਕੁਝ ਨਾਮਧਾਰੀ ਅੰਮ੍ਰਿਤਸਰ ਦੇ ਲਾਹੌਰੀ ਗੇਟ ਵਿਚੋਂ ਲੰਘੇ। ਅੰਮ੍ਰਿਤਸਰ ਵਿਚ ਗਊ-ਬਧ ਕਰਨ ਦਾ ਹੁਕਮ ਬੰਦ ਸੀ। ਲਾਰਡ ਜੋਹਨ ਲਾਰੰਸ ਨੇ ਸੰ: ੧੮੪੭ ਵਿਚ ਹੁਕਮ ਕਢਿਆ ਸੀ ਕਿ ਅੰਮ੍ਰਿਤਸਰ ਵਿਚ ਗਊ-ਬਧ ਨਾ ਹੋਵੇ। ਇਹ ਹੁਕਮ ਇਕ ਲੱਕੜ ਦੇ ਫੱਟੇ ਉਤੇ ਲਿਖਿਆ ਦਰਬਾਰ ਸਾਹਿਬ ਦੇ ਬਾਹਰ ਲੱਗਾ ਰਹਿੰਦਾ ਸੀ। ਨਾਮਧਾਰੀਆਂ ਨੇ ਵੇਖਿਆ ਕਿ ਹੁਕਮ ਵਿਰੁਧ ਅੰਮ੍ਰਿਤਸਰ ਵਿਚ ਬੁਚੜਖ਼ਾਨਾ ਬਣਿਆ ਹੈ। ਨਾਮਧਾਰੀ ਗਊ-ਬਧ ਦੇ ਸਖ਼ਤ ਵਿਰੁਧ ਸਨ। ਉਹ ਸ਼ਹਿਰ ਵਿਚ ਆਏ ਤੇ ਕੁਝ ਕਸਾਈਆਂ ਨੂੰ ਵੱਢ ਕੇ ਨੱਸ ਗਏ। ਵਰ੍ਹੇ ਕੁ ਮਗਰੋਂ ਬਾਬਾ ਰਾਮ ਸਿੰਘ ਜੀ ਨੂੰ ਸਾਰੀ ਗੱਲ ਦਾ ਪਤਾ ਲੱਗਾ। ਉਨ੍ਹਾਂ ਨੇ ਇਨ੍ਹਾਂ ਨੂੰ ਬੁਲਾ ਕੇ ਕਿਹਾ, "ਕਤਲ ਤੁਸਾਂ ਕੀਤੇ ਹਨ ਤੇ ਬੇਗੁਨਾਹ ਨਿਹੰਗ ਸਿੰਘ ਫੜੇ ਹੋਏ ਹਨ। ਜਾਓ, ਜਾ ਕੇ ਅਦਾਲਤ ਵਿਚ ਇਕਬਾਲ ਕਰੋ ਅਤੇ ਬੇਗੁਨਾਹਾਂ ਨੂੰ ਸਜ਼ਾ ਮਿਲਣ ਤੋਂ ਬਚਾਓ।" ਓਹ ਗਏ। ਹਾਕਮ ਅੱਗੇ ਇਕਬਾਲ ਕੀਤਾ ਤੇ ਖ਼ੁਸ਼ੀ ਖ਼ੁਸ਼ੀ ਸਜ਼ਾਵਾਂ ਕਬੂਲ ਕੀਤੀਆਂ। ਇਹ ਗੱਲਾਂ ਦੱਸਦੀਆਂ ਹਨ ਕਿ ਬਾਬਾ ਜੀ ਕਿਡੇ ਧਰਮੀ, ਨੇਕ ਤੇ ਸੱਚੇ ਮਹਾਂਪੁਰਸ਼ ਸਨ। ਇਨ੍ਹਾਂ ਦੇ ਸ਼ਰਧਾਲੂਆਂ ਨੂੰ ਨਾਮਧਾਰੀ ਅਤੇ ਕੂਕੇ ਕਹਿੰਦੇ ਹਨ। ਬਾਬਾ ਜੀ ਨੇ ਜੋ ਲਹਿਰ ਚਲਾਈ ਸੀ ਇਸ ਨੇ ਬੜੀ ਜਾਗਰਤੀ ਪੈਦਾ ਕਰ ਦਿੱਤੀ ਸੀ ਅਤੇ ਬੜੀ ਆਸ਼ਾ ਸੀ ਕਿ ਬਾਬਾ ਜੀ ਇਕ ਵੇਰ ਫਿਰ ਪੰਥ ਦੀ ਪੁਰਾਤਨ ਜਥੇਬੰਦੀ ਨੂੰ ਸੁਰਜੀਤ ਕਰ ਕੇ ਪੰਥ ਵਿਚ ਪ੍ਰਚਲਤ ਹੋ ਗਈਆਂ ਖ਼ਰਾਬੀਆਂ ਨੂੰ ਦੂਰ ਕਰ ਦੇਣਗੇ, ਪਰ ੧੮੭੨ ਈ:

ਵਿਚ ਇਕ ਅਜਿਹੀ ਘਟਨਾ ਹੋ ਗਈ ਜਿਸ ਕਰਕੇ ਇਨ੍ਹਾਂ ਨੂੰ ਸਰਕਾਰ ਨੇ ਜਲਾਵਤਨ ਕਰ ਦਿੱਤਾ ਅਤੇ ਨਾਮਧਾਰੀ ਲਹਿਰ ਉਸ ਸਮੇਂ ਦਬ ਗਈ। ਇਸ ਘਟਨਾ ਦਾ ਹਾਲ ਵਿਸਥਾਰ ਨਾਲ ਅੱਗੇ ਲਿਖਿਆ ਗਿਆ ਹੈ। ਬਾਬਾ ਜੀ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਰੰਗੂਨ ਵਿਚ ਕੈਦ ਰਖਿਆ ਗਿਆ ਅਤੇ ਸਰਕਾਰੀ ਰੀਪੋਟ ਤੋਂ ਪਤਾ ਲੱਗਦਾ ਹੈ ਕਿ ੧੮੮੫ ਵਿਚ ਬਾਬਾ ਹੁਰੀਂ ਚਲਾਣਾ ਕਰ ਗਏ ਹਨ।

ਬਾਬਾ ਜੀ ਦੇ ਜਲਾਵਤਨ ਹੋਣ ਦੇ ਮਗਰੋਂ ਨਾਮਧਾਰੀਆਂ ਉਤੇ ਸਖ਼ਤ ਪਾਬੰਦੀਆਂ ਲੱਗੀਆਂ ਰਹੀਆਂ, ਜੋ ਅੰਤ ਨੂੰ ੧੯੨੦ ਵਿਚ ਹਟਾਈਆਂ ਗਈਆਂ। ਗੱਲ ਕੀ ਇਸ ਘਟਨਾ ਦੇ ਮਗਰੋਂ ਨਾਮਧਾਰੀ ਲਹਿਰ ਜਾਰੀ ਤਾਂ ਰਹੀ, ਪਰ ਪਹਿਲਾਂ ਵਰਗਾ ਜੋਸ਼ ਨਾ ਰਿਹਾ।

## ਸਿੰਘ ਸਭਾ ਲਹਿਰ

ਅੰਗਰੇਜ਼ੀ ਰਾਜ ਆਪਣੇ ਨਾਲ ਵਿਦਿਆ ਦੀ ਨਵੀਂ ਰੌਸ਼ਨੀ ਤੇ ਮਸ਼ੀਨਾਂ ਲਿਆਇਆ। ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚ ਅੰਗਰੇਜ਼ੀ ਤਾਲੀਮ ਫੈਲੀ ਅਤੇ ਮੁਲਕ ਵਿਚ ਈਸਾਈਆਂ ਦੀ ਜਥੇਬੰਦ ਲਹਿਰ ਥਾਂ ਥਾਂ ਪ੍ਰਚਾਰ ਕਰਨ ਲੱਗੀ। ਬੰਗਾਲ ਵਿਚ ਬ੍ਰਹਮੋ ਸਮਾਜ ਤੇ ਪੰਜਾਬ ਵਿਚ ਆਰੀਆ ਸਮਾਜ ਜਾਰੀ ਹੋਏ। ਇਹ ਦੋਵੇਂ ਸਮਾਜ ਅੰਗਰੇਜ਼ੀ ਤਾਲੀਮ ਤੋਂ ਫ਼ਾਇਦਾ ਉਠਾ ਕੇ ਆਪਣੀ ਕੌਮ ਤੇ ਦੇਸ਼ ਦਾ ਸੁਧਾਰ ਕਰਦੇ ਸਨ। ਸਿੱਖਾਂ ਵਿਚ ਨਿਰੰਕਾਰੀ ਤੇ ਨਾਮਧਾਰੀ ਲਹਿਰਾਂ ਇਸ ਨਵੀਂ ਰੌਸ਼ਨੀ ਦੀਆਂ ਬਿਲਕੁਲ ਵਿਰੋਧੀ ਸਨ; ਉਹ ਗੁਰਬਾਣੀ ਤੇ ਗੁਰਮੁਖੀ ਦੇ ਆਸਰੇ ਹੀ ਪੰਥ ਦਾ ਸੁਧਾਰ ਕਰਨਾ ਚਾਹੁੰਦੀਆਂ ਸਨ। ਹੁਣ ਸਿੱਖਾਂ ਨੇ ਮਹਿਸੂਸ ਕੀਤਾ ਕਿ ਜਥੇਬੰਦੀ ਦੇ ਨਿਯਮਾਂ ਅਨੁਸਾਰ ਪੰਥ ਨੂੰ ਜਥੇਬੰਦ ਕਰਨਾ ਚਾਹੀਦਾ ਹੈ ਅਤੇ ਪੰਥ ਵਿਚ ਵਿਦਿਆ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਪਹਿਲਾਂ ਅੰਮ੍ਰਿਤਸਰ, ਫਿਰ ਲਾਹੌਰ ਸਿੰਘ ਸਭਾਵਾਂ ਬਣੀਆਂ।

ਸੰ: ੧੮੮੮ ਈ: ਨੂੰ ਲਾਹੌਰ ਵਿਚ ਖ਼ਾਲਸਾ ਦੀਵਾਨ ਕਾਇਮ ਹੋਇਆ। ਦੀਵਾਨ ਦਾ ਪ੍ਰਯੋਜਨ ਇਹ ਸੀ ਕਿ ਸਿੱਖਾਂ ਵਿਚੋਂ ਛੂਤ-ਛਾਤ ਤੇ ਜਾਤ-ਪਾਤ ਦਾ ਭਰਮ ਦੂਰ ਕੀਤਾ ਜਾਵੇ; ਵਹਿਮਾਂ, ਭਰਮਾਂ ਤੋਂ ਸਿੱਖਾਂ ਨੂੰ ਕੱਢ ਕੇ ਖ਼ਾਲਸ ਖ਼ਾਲਸਾ ਬਣਾਇਆ ਜਾਵੇ; ਨਾਲੇ ਵਿਦਿਆ ਦਾ ਪ੍ਰਚਾਰ ਕੀਤਾ ਜਾਵੇ, ਤਾਂ ਜੋ ਸਿਖ ਆਪਣੀ ਗਵਾਚੀ ਹੋਈ ਹਸਤੀ ਤੇ ਸ਼ਾਨ ਨੂੰ ਫਿਰ ਕਾਇਮ ਕਰਨ। ਸ਼ਹਿਰ ਸ਼ਹਿਰ ਵਿਚ ਸਿੰਘ ਸਭਾਵਾਂ ਬਣ ਗਈਆਂ। ਸਿੱਖਾਂ ਦੇ ਅੰਗਰੇਜ਼ੀ ਤੇ ਗੁਰਮੁਖੀ ਅਖ਼ਬਾਰ ਜਾਰੀ ਹੋ ਗਏ। ਪੰਜਾਬੀ ਬੋਲੀ ਦਾ ਵਾਧਾ ਹੋਣ ਲੱਗ ਪਿਆ। ਭਾਈ ਦਿਤ ਸਿੰਘ ਜੀ ਗਿਆਨੀ ਦੀ ਜ਼ਬਰਦਸਤ ਲੇਖਣੀ ਨੇ ਸਿੱਖਾਂ ਨੂੰ ਹਲੂਣ ਕੇ ਜਗਾ ਦਿੱਤਾ।

ਸਿੰਘ ਸਭਾਵਾਂ ਬਣ ਜਾਣ ਦੇ ਬਾਅਦ ਦੀਵਾਨ ਲੱਗਣੇ ਸ਼ੁਰੂ ਹੋ ਗਏ ਤੇ ਪ੍ਰਚਾਰ ਦੀ ਲਹਿਰ ਜਾਰੀ ਹੋ ਗਈ। ਛੇਤੀ ਹੀ ਮਗਰੋਂ ਖ਼ਾਲਸਾ ਦੀਵਾਨ, ਲਾਹੌਰ ਨੇ ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਕਾਇਮ ਕਰ ਦਿੱਤਾ। ਇਸ ਲਹਿਰ ਦੇ ਮੁਖੀਏ ਸ. ਗੁਰਮੁਖ ਸਿੰਘ ਜੀ, ਸ. ਜਵਾਹਰ ਸਿੰਘ ਜੀ ਅਤੇ ਭਾਈ ਦਿਤ ਸਿੰਘ ਜੀ ਸਨ। ਸਰਕਾਰ ਵੀ

ਸਿੰਘ ਸਭਾ ਲਹਿਰ ਦੀ ਮਦਦ ਕਰਦੀ ਸੀ ਕਿਉਂਕਿ ਸਰਕਾਰ ਦੇ ਸਿੱਖਾਂ ਨਾਲ ਇਹਨਾਂ ਦਿਨਾਂ ਵਿਚ ਚੰਗੇ ਸੰਬੰਧ ਸਨ।

ਖ਼ਾਲਸਾ ਕਾਲਜ ੧੮੯੨ ਵਿਚ ਕਾਇਮ ਹੋਇਆ ਤੇ ਇਸ ਦੇ ਸੈਕਰੇਟਰੀ ਸਰਦਾਰ ਜਵਾਹਰ ਸਿੰਘ ਜੀ ਬਣਾਏ ਗਏ ਸਨ। ਲਾਹੌਰ ਖ਼ਾਲਸਾ ਦੀਵਾਨ ਵਿਚ ਕੁਝ ਫੁਟ ਪੈ ਗਈ, ਕੁਝ ਉਸ ਦੇ ਉਤਸ਼ਾਹੀ ਮੈਂਬਰ ਚਲਾਣਾ ਕਰ ਗਏ ਅਤੇ ਕਈਆਂ ਨੇ ਕੰਮ ਕਰਨਾ ਛੱਡ ਦਿੱਤਾ; ਜਿਸ ਕਰਕੇ ਲਾਹੌਰ ਦੀਵਾਨ ਬਹੁਤ ਢਿੱਲਾ ਪੈ ਗਿਆ ਤੇ ਖ਼ਾਲਸਾ ਕਾਲਜ ਦਾ ਹਾਲ ਵੀ ਭੈੜਾ ਹੋ ਗਿਆ। ਇਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਚੀਫ਼ ਖ਼ਾਲਸਾ ਦੀਵਾਨ ਕੰਮ ਕਰ ਰਿਹਾ ਸੀ ਤੇ ਇਸ ਦੇ ਮੁਖੀ ਮੈਂਬਰ ਸ. ਸੁੰਦਰ ਸਿੰਘ ਜੀ ਮਜੀਠਿਆ, ਸ. ਤ੍ਰਿਲੋਚਨ ਸਿੰਘ ਜੀ, ਸ. ਸਾਧੂ ਸਿੰਘ ਜੀ, ਸ. ਹਰਬੰਸ ਸਿੰਘ ਜੀ ਅਟਾਰੀ ਤੇ ਭਾਈ ਵੀਰ ਸਿੰਘ ਜੀ ਆਦਿਕ ਸਨ। ਚੀਫ਼ ਖ਼ਾਲਸਾ ਦੀਵਾਨ ਦਾ ਰਸੂਖ਼ ਦਿਨੋ-ਦਿਨ ਵਧਦਾ ਗਿਆ। ਆਖ਼ਰ ਖ਼ਾਲਸਾ ਕਾਲਜ ਦਾ ਸੈਕਰੇਟਰੀ ਵੀ ਸ: ਸੁੰਦਰ ਸਿੰਘ ਜੀ ਮਜੀਠੀਏ ਨੂੰ ਬਣਾਇਆ ਗਿਆ।

ਚੀਫ਼ ਖ਼ਾਲਸਾ ਦੀਵਾਨ ਦੇ ਮੁਖੀਆਂ ਨੇ ੧੯੦੮ ਵਿਚ ਸਿਖ ਐਜੂਕੇਸ਼ਨਲ ਕਮੇਟੀ ਵੀ ਬਣਾਈ, ਜਿਸ ਦਾ ਪਹਿਲਾ ਜਲਸਾ ਗੁਜਰਾਂਵਾਲੇ ਹੋਇਆ ਤੇ ਦੂਜੇ ਸਾਲ ਲਾਹੌਰ ਕਾਨਫਰੰਸ ਹੋਈ। ਫਿਰ ਹੋਰ ਕਈ ਸ਼ਹਿਰਾਂ ਵਿਚ ਕਾਨਫਰੰਸਾਂ ਹੋਈਆਂ। ਕਾਨਫਰੰਸ ਦੇ ਨਾਲ ਧਾਰਮਕ ਦੀਵਾਨ ਵੀ ਸਜਦੇ ਸਨ, ਤੇ ਪੰਥ ਦੇ ਸਭ ਮੁਖੀਏ ਇਕੱਠੇ ਹੁੰਦੇ ਸਨ। ਕਾਨਫਰੰਸ ਹਰ ਸਾਲ ਵੱਧ ਤੋਂ ਵੱਧ ਰੌਣਕ ਨਾਲ ਹੋਣ ਲਗੀ। ਜਿਥੇ ਇਸ ਦਾ ਜਲਸਾ ਹੋਵੇ, ਉਥੇ ਖ਼ਾਲਸਾ ਸਕੂਲ ਖੁਲ੍ਹ ਜਾਵੇ। ਕਾਨਫਰੰਸ ਦੀ ਖਿਚ ਵੀ ਪੰਥ ਵਿਚ ਇਤਨੀ ਵਧੀ ਕਿ ਵਰ੍ਹਾ ਭਰ ਇਸ ਦੀ ਉਡੀਕ ਲੱਗੀ ਰਿਹਾ ਕਰੇ, ਅਤੇ ਹਰ ਇਕ ਸ਼ਹਿਰ ਇਸ ਨੂੰ ਲੈ ਜਾਣ ਦੀ ਖਿਚ ਰਖੇ। ਗੱਲ ਕੀ, ੨੫ ਕੁ ਵਰ੍ਹੇ ਸਿੰਘ ਸਭਾ ਦੀ ਲਹਿਰ ਖ਼ੂਬ ਜ਼ੋਰ 'ਤੇ ਰਹੀ ਤੇ ਇਸ ਨੇ ਧਾਰਮਕ ਤੇ ਵਿਦਿਅਕ ਪ੍ਰਚਾਰ ਵੀ ਖ਼ੂਬ ਕੀਤਾ। ਪਰ ੧੯੦੭ ਤੋਂ ਹਾਲਾਤ ਬਦਲਣੇ ਸ਼ੁਰੂ ਹੋ ਗਏ ਅਤੇ ਸਿੱਖਾਂ ਵਿਚ ਇਕ ਨਵੀਂ ਲਹਿਰ ਦੇ ਬੀਜ ਬੀਜੇ ਜਾਣ ਲੱਗ ਪਏ।

੧. ੧੯੦੭ ਵਿਚ ਖ਼ਾਲਸਾ ਕਾਲਜ ਦਾ ਪਰਬੰਧ ਸਰਕਾਰ ਨੇ ਆਪਣੇ ਹੱਥਾਂ ਵਿਚ ਲੈ ਲਿਆ, ਜਿਸ ਕਰਕੇ ਆਮ ਪੰਥ ਵਿਚ ਸਖ਼ਤ ਨਰਾਜ਼ਗੀ ਹੋ ਗਈ।

੨. ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਪਰਬੰਧ, ਜੋ ਪਹਿਲਾਂ ਇਕ ਕਮੇਟੀ ਦੇ ਸਪੁਰਦ ਸੀ, ਸਹਿਜੇ ਸਹਿਜੇ ਇਕ ਸਰਬਰਾਹ ਦੇ ਹੱਥ ਚਲਾ ਗਿਆ, ਜਿਸ ਨੂੰ ਕਿ ਸਰਕਾਰ ਮੁਕੱਰਰ ਕਰਦੀ ਸੀ। ਅਰਥਾਤ ਸ੍ਰੀ ਦਰਬਾਰ ਸਾਹਿਬ ਦਾ ਪਰਬੰਧ ਵੀ ਸਰਕਾਰੀ ਹੀ ਹੋ ਗਿਆ ਅਤੇ ਸਰਬਰਾਹ ਜਾਂ ਗ੍ਰੰਥੀਆਂ ਵਲੋਂ ਜੋ ਖ਼ਰਾਬੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਦੂਰ ਕਰਨ ਲਈ ਪੰਥ ਦੀ ਕੋਈ ਅਵਾਜ਼ ਨਹੀਂ ਸੀ ਸੁਣੀ ਜਾਂਦੀ।

੩. ੧੯੧੪-੧੫ ਵਿਚ ਕੈਨੇਡਾ ਅਮਰੀਕਾ ਤੋਂ ਬਹੁਤ ਸਾਰੇ ਸਿਖ ਵਾਪਸ ਆਏ, ਜਿਨ੍ਹਾਂ ਨੇ ਅਮਰੀਕਾ ਵਿਚ ਗ਼ਦਰ ਪਾਰਟੀ ਬਣਾਈ ਸੀ, ਜਿਸ ਦਾ ਆਸ਼ਾ ਭਾਰਤ ਨੂੰ ਅਜ਼ਾਦ ਕਰਾਣਾ ਸੀ। ਇਨ੍ਹਾਂ ਉਤੇ ਬਗ਼ਾਵਤ ਤੇ ਸਾਜ਼ਸ਼ਾਂ ਦੇ ਮੁਕੱਦਮੇ ਚੱਲੇ। ਉਨ੍ਹਾਂ

ਵਿਚੋਂ ਕਈ ਫਾਂਸੀ ਲੱਗੇ ਤੇ ਕਈ ਉਮਰ ਕੈਦ ਹੋਏ।

੪. ਕਾਮਾ-ਗਾਟਾ ਮਾਰੂ ਜਹਾਜ਼ ਵਿਚ ਤਿੰਨ ਸੌ ਦੇ ਕਰੀਬ ਸਿਖ ਮੁਸਾਫ਼ਰ ਕੈਨੇਡਾ ਗਏ, ਪਰ ਨਿਰਾਸ ਵਾਪਸ ਆ ਗਏ ਤੇ ਬਜ-ਬਜ ਘਾਟ 'ਤੇ ਉਨ੍ਹਾਂ ਉਤੇ ਗੋਲੀ ਚੱਲੀ।

੫. ਗੁਰਦੁਆਰਾ ਰਕਾਬਗੰਜ ਦਾ ਮਾਮਲਾ ਵੀ ੧੯੧੪ ਵਿਚ ਛਿੜ ਪਿਆ।

ਉਪਰੋਕਤ ਕਾਰਨਾਂ ਕਰਕੇ ਸਿੱਖਾਂ ਵਿਚ ਸਰਕਾਰ ਦੇ ਵਿਰੁੱਧ ਨਰਾਜ਼ਗੀ ਵਧਦੀ ਗਈ ਅਤੇ ਚੀਫ਼ ਖ਼ਾਲਸਾ ਦੀਵਾਨ ਦਾ ਰਸੂਖ਼ ਤੇ ਇਤਬਾਰ ਵੀ ਘਟਦਾ ਗਿਆ, ਕਿਉਂਕਿ ਦੀਵਾਨ ਦੀ ਪਾਲਿਸੀ ਨਰਮ ਸੀ ਤੇ ਇਹ ਸੰਗਤਾਂ ਦੇ ਵੱਧ ਰਹੇ ਜੋਸ਼ ਤੇ ਉਤਸ਼ਾਹ ਨਾਲ ਨਹੀਂ ਸੀ ਚੱਲ ਸਕਦਾ। ਗੱਲ ਕੀ ੧੯੦੭ ਤੋਂ ਲੈ ਕੇ ੧੯੧੯ ਤਕ ਇਕ ਨਵੀਂ ਲਹਿਰ ਦੇ ਸਾਮਾਨ ਬਣ ਗਏ।

## ਅਕਾਲੀ ਲਹਿਰ

ਜਰਮਨ ਜੰਗ ਵਿਚ ਕਈ ਸਿੱਖਾਂ ਨੇ ਬ੍ਰਿਟਿਸ਼ ਗੌਰਮਿੰਟ ਵਾਸਤੇ ਹਰ ਮੁਸ਼ਕਲ ਮੈਦਾਨ ਵਿਚ ਆਪਣੀਆਂ ਜਾਨਾਂ ਲੜਾਈਆਂ। ਜੰਗ ਜਰਮਨ ਦੇ ਮਗਰੋਂ ਸਾਰੇ ਸੰਸਾਰ ਦੇ ਖ਼ਿਆਲਾਂ ਵਿਚ ਕਈ ਤਰ੍ਹਾਂ ਦੇ ਪਲਟੇ ਆਏ। ਹਰ ਇਕ ਕੌਮ ਤੇ ਹਰ ਇਕ ਮੁਲਕ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਸੁਤੰਤਰ ਕੌਮਾਂ ਤੇ ਮੁਲਕਾਂ ਦੇ ਮੇਲ-ਮਿਲਾਪ ਨਾਲ ਹਿੰਦੁਸਤਾਨ ਵਿਚ ਵੀ ਅਜ਼ਾਦੀ ਦੀ ਨਵੀਂ ਲਹਿਰ ਤੇਜ਼ੀ ਨਾਲ ਉੱਠ ਪਈ।

ਸਿੱਖਾਂ ਨੂੰ ਕੁਝ ਪਿਛਲੀਆਂ ਨਰਾਜ਼ਗੀਆਂ ਸਨ। ਫਿਰ ਜਰਮਨ ਜੰਗ ਵਿਚ ਸਰਕਾਰ ਦੀ ਮਦਦ ਕਰਨ ਬਦਲੇ ਇਹ ਬਹੁਤ ਕੁਝ ਆਸ ਲਾਈ ਬੈਠੇ ਸਨ। ਜਦ ਸੁਧਾਰ-ਸਕੀਮ ਆਈ ਤਾਂ ਸਿੱਖਾਂ ਨੂੰ ਮੰਗ ਦੇ ਮੁਤਾਬਕ ਹੱਕ ਨਾ ਮਿਲੇ। ੧੯੧੯ ਵਿਚ ਰੋਲਟ ਐਕਟ ਪਾਸ ਹੋਇਆ, ਮਾਰਸ਼ਲ-ਲਾਅ ਲੱਗਾ ਤੇ ਕਈ ਸਿਖ ਮਾਰਸ਼ਲ-ਲਾਅ ਦਾ ਸ਼ਿਕਾਰ ਹੋਏ।

ਇਹ ਸਾਰੇ ਸਾਮਾਨ ਰਲ ਕੇ ਇਕ ਨਵੀਂ ਲਹਿਰ ਦੇ ਪੈਦਾ ਕਰਨ ਦਾ ਕਾਰਨ ਬਣ ਗਏ। ਸੋ ੧੯੨੦ ਤੋਂ 'ਅਕਾਲੀ' ਅਖ਼ਬਾਰ ਲਾਹੌਰ ਤੋਂ ਨਿਕਲੀ ਤੇ ਇਸ ਦੇ ਪ੍ਰਚਾਰ ਨੇ ਲੋਕਾਂ ਵਿਚ ਜੋਸ਼ ਭਰਿਆ, ਹੌਸਲੇ ਵਧਾ ਦਿੱਤੇ ਅਤੇ ਅਕਾਲੀ ਲਹਿਰ ਪੈਦਾ ਹੋ ਗਈ। ਅਕਾਲੀ ਲਹਿਰ ਦਾ ਇਤਿਹਾਸ ਬੜਾ ਤਾਜ਼ਾ ਹੈ, ਨਾਲੇ ਬੜਾ ਲੰਮਾ ਹੈ, ਇਸ ਕਰਕੇ ਉਸ ਨੂੰ ਏਥੇ ਵਿਸਥਾਰ ਨਾਲ ਦੱਸਣ ਦੀ ਲੋੜ ਨਹੀਂ ਜਾਪਦੀ।

*—ਹੀਰਾ ਸਿੰਘ 'ਦਰਦ'*

# ਨਾਮਧਾਰੀ ਲਹਿਰ

## ਅਤੇ

## ਬਾਬਾ ਰਾਮ ਸਿੰਘ ਜੀ ਭੈਣੀ

### [ਸਰਦਾਰ ਗੁਰਪਾਲ ਸਿੰਘ ਜੀ, ਲੰਡਨ]

(ਸਰਦਾਰ ਗੁਰਪਾਲ ਸਿੰਘ ਜੀ ਨੇ 'ਨਾਮਧਾਰੀ ਲਹਿਰ' ਬਾਬਤ ਜੋ ਕੁਝ ਲਿਖਿਆ ਹੈ, ਬੜੀ ਮਿਹਨਤ ਤੇ ਪੜਚੋਲ ਨਾਲ ਲਿਖਿਆ ਹੈ। ਇਹ ਗੱਲਾਂ ਭਾਵੇਂ ਅਜੇ ਕੱਲ੍ਹ ਦੀਆਂ ਹਨ, ਪਰ ਅਸੀਂ ਭੁਲਦੇ ਜਾ ਰਹੇ ਹਾਂ। ਇਹ ਸਾਡੀ ਬੇਸਮਝੀ ਹੈ ਕਿ ਅਸੀਂ ਨਾਮਧਾਰੀ ਭਰਾਵਾਂ ਨੂੰ ਆਪਣੇ ਤੋਂ ਅੱਡ ਸਮਝਦੇ ਹਾਂ, ਸਿੱਖੀ ਦੇ ਸਮੁੰਦਰ ਵਿਚ ਅਨੇਕਾਂ ਲਹਿਰਾਂ ਉਠੀਆਂ ਹਨ, ਤੇ ਅਨੇਕਾਂ ਅਗਾਹਾਂ ਉਠਣਗੀਆਂ, ਪਰ ਵਾਸਤਵ ਵਿਚ ਇਹ ਸਭ ਸਿੱਖੀ ਸਪਿਰਿਟ ਦੀਆਂ ਝਲਕਾਂ ਹਨ। ਅਸਾਂ ਆਪਣਾ ਪੁਰਾਣਾ ਇਤਿਹਾਸ ਤਾਂ ਛੱਡ ਛਡਿਆ ਹੈ, ਅਸੀਂ ਆਪਣੇ ਨਵੇਂ ਇਤਿਹਾਸ ਨੂੰ ਵੀ ਨਹੀਂ ਸੰਭਾਲ ਰਹੇ। ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ, ਇਹ ਪੁਰਾਣੀਆਂ ਗੱਲਾਂ ਨਹੀਂ ਹਨ ਪਰ ਅਸਾਂ ਇਨ੍ਹਾਂ ਲਹਿਰਾਂ ਦੇ ਠੀਕ ਠੀਕ ਹਾਲ ਇਕੱਠੇ ਕਰਨ ਦਾ ਵੀ ਜਤਨ ਨਹੀਂ ਕੀਤਾ। ਅਜੇ ਤੀਕ ਬਹੁਤ ਨਾਮਧਾਰੀ ਸੱਜਣ ਮਿਲ ਸਕਦੇ ਹਨ, ਜੋ ਬਹੁਤ ਕੁਝ ਦੱਸ ਸਕਦੇ ਹਨ। ਮੈਂ ਜਦ ਰੜ੍ਹ, ਸ਼ੇਰਪੁਰ ਤੇ ਕੋਟਲੇ ਜਾ ਕੇ ਹਾਲ ਇਕੱਠੇ ਕੀਤੇ ਸਨ, ਤਾਂ ਬੜੀਆਂ ਦਰਦਨਾਕ ਕਹਾਣੀਆਂ ਸੁਣੀਆਂ ਸਨ। ਇਹ ਕਹਾਣੀਆਂ ਹੀ ਸਾਡਾ ਸ਼ਾਨਦਾਰ ਇਤਿਹਾਸ ਹਨ।

ਕਰਤਾਰ ਸਾਨੂੰ ਸੁਮੱਤ ਦੇਵੇ, ਤੇ ਅਸੀਂ ਆਪਣੇ ਸੂਰਮਿਆਂ ਤੇ ਸ਼ਹੀਦਾਂ ਦੇ ਹਾਲ ਇਕੱਠੇ ਕਰਨ ਜੋਗੇ ਹੋ ਜਾਈਏ। ਸਰਦਾਰ ਗੁਰਪਾਲ ਸਿੰਘ ਜੀ ਨੇ ਨਾਮਧਾਰੀ ਲਹਿਰ ਦੀ ਇਕ ਝਾਕੀ ਵਿਖਾਈ ਹੈ। ਜੇਕਰ ਜਤਨ ਕੀਤਾ ਜਾਵੇ, ਤਾਂ ਐਸੀਆਂ ਅਨੇਕਾਂ ਝਾਕੀਆਂ ਸਾਡੀਆਂ ਨਜ਼ਰਾਂ ਸਾਹਮਣੇ ਆ ਸਕਦੀਆਂ ਹਨ, ਲੋੜ ਕੇਵਲ ਉੱਦਮ ਦੀ ਹੈ।

ਅੰਗਰੇਜ਼ੀ ਪੁਸਤਕਾਂ ਵਿਚ ਨਾਮਧਾਰੀ ਲਹਿਰ ਨੂੰ ਕੂਕਾ ਲਹਿਰ ਕਰਕੇ ਲਿਖਿਆ ਹੈ, ਸੋ ਸਰਦਾਰ ਜੀ ਨੇ ਵੀ ਉਹੋ ਪਦ ਹੀ ਵਰਤਿਆ ਹੈ।) —*ਕਰਮ ਸਿੰਘ*

ਅੱਜ-ਕੱਲ੍ਹ ਪੰਜਾਬ ਅਤੇ ਪੰਜਾਬ ਤੋਂ ਬਾਹਰ ਮਾਰਸ਼ਲ-ਲਾਅ ਦੇ ਸਾਕੇ ਬੱਚੇ ਬੱਚੇ ਦੀ ਜ਼ਬਾਨ ਉਤੇ ਹਨ, ਜਿਸ ਦਾ ਕਾਰਨ ਇਹ ਹੈ ਕਿ ਸਾਡੀ ਅੱਜ-ਕੱਲ੍ਹ ਅਵਾਜ਼ ਬੜੀ ਜ਼ਬਰਦਸਤ ਹੈ, ਪ੍ਰੈਸ ਸਾਡੇ ਹੱਥ ਵਿਚ ਹੈ, ਸੂਬਿਆਂ ਦੀਆਂ ਹੱਦਾਂ ਟੁੱਟ ਚੁੱਕੀਆਂ ਹਨ ਅਤੇ ਸਾਡੇ ਵਿਚ ਹਿੰਦੁਸਤਾਨੀ ਹੋਣ ਦੀ ਸਪਿਰਿਟ ਆ ਗਈ ਹੈ। ਪਰ ਅੱਜ ਤੋਂ ਸਤਵੰਜਾ ਸਾਲ ਪਹਿਲਾਂ ਵੀ ਪੰਜਾਬ ਦੀ ਜ਼ਮੀਨ ਉਤੇ ਡਾਇਰ ਤੇ ਉਡਵਾਇਰ

ਦੇ ਮੁਕਾਬਲੇ ਦੇ ਆਦਮੀ ਪੈਦਾ ਹੋ ਚੁਕੇ ਹਨ। ਉਨ੍ਹਾਂ ਦੇ ਨਾਮ ਅਤੇ ਕਾਰਨਾਮੇ ਆਮ ਪਬਲਿਕ ਨੂੰ ਨਹੀਂ ਪਤਾ, ਜਿਸ ਦਾ ਕਾਰਨ ਸਿਖ ਇਤਿਹਾਸਕਾਰਾਂ ਵੱਲੋਂ ਅਣਗਹਿਲੀ ਹੈ। ਉਨ੍ਹਾਂ ਦੋ ਸੱਜਣਾਂ ਦੇ ਨਾਮ ਸਰ ਡਗਲਸ ਫ਼ੋਰਸੀਥ ਤੇ ਮਿਸਟਰ ਐਲ. ਕਾਵਨ ਹਨ। ਪਹਿਲਾ ਅੰਬਾਲਾ ਡਵੀਜ਼ਨ ਦਾ ਕਮਿਸ਼ਨਰ ਅਤੇ ਦੂਜਾ ਜ਼ਿਲ੍ਹਾ ਲੁਧਿਆਣਾ ਦਾ ਡਿਪਟੀ ਕਮਿਸ਼ਨਰ ਸੀ। ਜੋ ਕੁਝ ਇਨ੍ਹਾਂ ਕੀਤਾ, ਉਹ ਆਮ ਲੋਕਾਂ ਨੂੰ ਚੰਗੀ ਤਰ੍ਹਾਂ ਨਹੀਂ ਪਤਾ, ਅਤੇ ਉਸ ਸਮੇਂ ਭੀ ਸਾਰੇ ਹਾਲ ਆਮ ਦੇਸ਼-ਵਾਸੀਆਂ ਪਾਸ ਨਹੀਂ ਪੁੱਜੇ, ਕਿਉਂਕਿ ਉਨ੍ਹਾਂ ਦਿਨਾਂ ਵਿਚ ਪਬਲਿਕ ਦੀ ਕੋਈ ਅਵਾਜ਼ ਨਹੀਂ ਸੀ, ਅਤੇ ਅੱਜ-ਕਲ੍ਹ ਵਾਂਗ ਪ੍ਰੈਸ ਤਕੜਾ ਨਹੀਂ ਸੀ, ਜਾਂ ਹੈ ਹੀ ਨਹੀਂ ਸੀ। ਇਨ੍ਹਾਂ ਦੋਹਾਂ ਸੱਜਣਾਂ ਦਾ ਸੰਬੰਧ 'ਨਾਮਧਾਰੀ ਲਹਿਰ' ਨਾਲ ਹੈ। 'ਨਾਮਧਾਰੀ ਲਹਿਰ' ਦੇ ਹਾਲ ਕਿਸੇ ਕਿਤਾਬ ਵਿਚ ਛਪੇ ਨਹੀਂ ਦੇਖੇ; ਹਾਂ ਇਕ ਦੋ ਅਖ਼ਬਾਰਾਂ ਵਿਚ ਬਹੁਤ ਥੋੜ੍ਹਾ ਹਾਲ ਦਿੱਤਾ ਦੇਖਿਆ ਗਿਆ ਹੈ, ਜਿਹੜਾ ਕਿ ਇਤਿਹਾਸਕ ਮੁੱਲ ਨਹੀਂ ਰਖਦਾ। ਇਹ ਹਾਲ ਦੇਖ ਕੇ ਜੋ ਕੁਝ ਮੈਨੂੰ ਇਥੋਂ ਹੱਥ ਲੱਗਾ, ਉਹ 'ਫੁਲਵਾੜੀ' ਦੇ ਪਾਠਕਾਂ ਅੱਗੇ ਭੇਟਾ ਕਰਦਾ ਹਾਂ। ਜਿਤਨਾ ਕੁਝ ਹੇਠਾਂ ਦਰਜ ਹੈ, ਉਹ ਸਾਰੇ ਦਾ ਸਾਰਾ ਅੰਗਰੇਜ਼ੀ[੧] ਪੁਸਤਕਾਂ ਵਿਚੋਂ ਇਕੱਠਾ ਕੀਤਾ ਗਿਆ ਹੈ।

ਸਿਖ ਰਾਜ ਦੇ ਡਿੱਗ ਪੈਣ ਦੇ ਮਗਰੋਂ ਸਿਖ ਇਤਿਹਾਸ ਦਾ ਨਵਾਂ ਜੁਗ ਅਰੰਭ ਹੁੰਦਾ ਹੈ, ਜਿਸ ਦਾ ਅੰਤ 'ਅਕਾਲੀ ਲਹਿਰ' ਦੇ ਸ਼ੁਰੂ ਹੋਣ ਨਾਲ ਹੁੰਦਾ ਹੈ। ਇਨ੍ਹਾਂ ਸੱਤਰ ਸਾਲਾਂ ਵਿਚ ਸਭ ਤੋਂ ਉੱਘੇ ਗੁਰਸਿਖ ਬਾਬਾ ਰਾਮ ਸਿੰਘ ਜੀ ਹਨ, ਅਤੇ ਇਤਿਹਾਸ ਦੀ ਚੋਟੀ ਉਤੇ ਹਨ। ਉਨ੍ਹਾਂ ਨੇ ਜੋ ਸਿਖ ਧਰਮ ਦੀ ਸੇਵਾ ਕੀਤੀ ਹੈ, ਉਸ ਨੂੰ ਚੰਗੀ ਤਰ੍ਹਾਂ ਸਮਝਣ ਲਈ ਜ਼ਰੂਰੀ ਹੈ ਕਿ ਉਸ ਸਮੇਂ ਦੇ ਹਾਲਾਂ ਨੂੰ ਪੰਥਕ ਨੁਕਤੇ ਤੋਂ ਦੇਖਿਆ ਜਾਵੇ। ਸਿਖ ਪੰਜਾਬ ਉਤੇ ਰਾਜ ਕਰ ਚੁਕੇ ਸਨ, ਇਸ ਲਈ ਜਦੋਂ ਸਿਖ ਰਾਜ ਦਾ ਖ਼ਾਤਮਾ ਹੋਇਆ ਤਾਂ ਜ਼ਰੂਰੀ ਸੀ ਕਿ ਸਿੱਖਾਂ ਵਿਚ ਕੁਝ ਤਬਦੀਲੀਆਂ ਆਉਂਦੀਆਂ।

ਆਪਣਾ ਰਾਜ ਹਰ ਇਕ ਕੌਮ ਵਿਚ ਸ੍ਵੈ-ਮਾਨ, ਆਕੜ, ਦੇਸ਼-ਭਗਤੀ ਅਤੇ ਅਜ਼ਾਦੀ ਦੀ ਰੂਹ ਪੈਦਾ ਕਰ ਦਿੰਦਾ ਹੈ। ਸ੍ਵੈ-ਰਾਜ ਖੁਸ ਜਾਣ ਨਾਲ ਹੌਲੀ ਹੌਲੀ ਇਹ ਸਾਰੇ ਗੁਣ ਵਿਦਾ ਹੋ ਜਾਂਦੇ ਹਨ। ਜਿਸ ਵੇਲੇ ਅਠਾਰ੍ਹਾਂ ਸੌ ਸਤਵੰਜਾ ਦਾ ਗ਼ਦਰ ਸ਼ੁਰੂ ਹੋਇਆ ਤਾਂ ਲੋਕਾਂ ਨੂੰ ਖ਼ਿਆਲ ਸੀ ਕਿ ਸਿੱਖਾਂ ਨੂੰ ਲਾਰਡ ਡਲਹੌਜ਼ੀ ਯਾਦ ਹੋਵੇਗਾ, ਪਰ ਸਿੱਖਾਂ ਨੇ ਲੋਕਾਂ ਦੀ ਆਸ਼ਾ ਦੇ ਉਲਟ ਕੰਮ ਕੀਤਾ। ਸਿੱਖਾਂ ਨੂੰ ਹੌਲੀ ਹੌਲੀ ਪਤਾ ਲੱਗ ਗਿਆ ਕਿ ਅਜ਼ਾਦੀ ਅਤੇ ਗ਼ੁਲਾਮੀ ਦੇ ਜੀਵਨ ਵਿਚ ਬੜਾ ਫ਼ਰਕ ਹੈ ਅਤੇ ਜਿਹੜੀ ਉਨ੍ਹਾਂ ਦੀ ਸ਼ਾਨ ਆਪਣੇ ਰਾਜ ਵਿਚ ਸੀ, ਉਹ ਅਲੋਪ ਹੋ ਗਈ ਹੈ।

ਰਾਜਸੀ ਤਬਦੀਲੀ ਦਾ ਅਸਰ ਸਿੱਖਾਂ ਦੀ ਗਿਣਤੀ ਉਤੇ ਭੀ ਪੈਣਾ ਸੀ। ਕਿਸੇ ਇਕ ਕੌਮ ਦਾ ਦੂਜੀਆਂ ਕੌਮਾਂ ਉਤੇ ਰਾਜ ਓਸ ਕੌਮ ਦੀ ਗਿਣਤੀ ਵਧਾਣ ਵਿਚ

---

੧. ਪੁਸਤਕਾਂ ਦੀ ਸੂਚੀ ਇਸ ਲੇਖ ਦੇ ਅੰਤ ਵਿਚ ਦੇਖੋ।

ਬੜੀ ਸਹਾਇਤਾ ਕਰਦਾ ਹੈ, ਕਿਉਂਕਿ ਆਮ ਲੋਕ ਮਾਲਕਾਂ ਦੇ ਫ਼ੈਸ਼ਨ ਪਿੱਛੇ ਲੱਗ ਜਾਂਦੇ ਹਨ, ਏਸ ਕਰਕੇ ਸਿਖ ਰਾਜ ਦੇ ਸਮੇਂ ਸਿੱਖਾਂ ਦਾ ਨੰਬਰ ਕਾਫ਼ੀ ਵਧ ਚੁਕਾ ਸੀ। ਸੰਮਤ ਅਠਾਰ੍ਹਾਂ ਸੌ ਪਚਵੰਜਾ ਵਿਚ ਅੰਗਰੇਜ਼ਾਂ ਨੇ ਪੰਜਾਬ ਦੀ ਪਹਿਲੀ ਵਾਰ ਮਰਦਮ ਸ਼ੁਮਾਰੀ ਕੀਤੀ, ਭਾਵੇਂ ਸਿਖ ਰਾਜ ਦੇ ਸਮੇਂ ਕਦੇ ਮਰਦਮ ਸ਼ੁਮਾਰੀ ਨਹੀਂ ਹੋਈ, ਤਦ ਭੀ ਇਤਿਹਾਸਕਾਰਾਂ ਦਾ ਖ਼ਿਆਲ ਹੈ ਕਿ ਅਠਾਰ੍ਹਾਂ ਸੌ ਪਚਵੰਜਾ ਵਿਚ ਸਿੱਖਾਂ ਦੀ ਗਿਣਤੀ ਕਾਫ਼ੀ ਘਟ ਗਈ ਸੀ। ਇਸ ਦਾ ਕਾਰਨ ਸਰ ਲੈਪਲ ਗਰਿਫ਼ਨ ਹੇਠ-ਲਿਖਿਆ ਦੱਸਦੇ ਹਨ—"ਖ਼ਾਲਸਾ ਸਦਾ ਲਈ ਡਿੱਗ ਚੁੱਕਾ ਸੀ। ਸਿੱਖਾਂ ਨੂੰ ਪਤਾ ਨਹੀਂ ਸੀ ਕਿ ਆਪਣੇ ਨਵੇਂ ਮਾਲਕਾਂ, ਜਿਨ੍ਹਾਂ ਨਾਲ ਸਿੱਖਾਂ ਨੇ ਦੋ ਲੜਾਈਆਂ ਕੀਤੀਆਂ ਸਨ ਅਤੇ ਇਨ੍ਹਾਂ ਦੋ ਜੰਗਾਂ ਦਾ ਖ਼ਰਚ ਉਨ੍ਹਾਂ ਉਤੇ ਪਾਇਆ ਸੀ, ਦੀ ਟੈਂਪਰਾਮੈਂਟ (ਤਬੀਅਤ) ਕਿਹੋ ਜਿਹੀ ਹੈ, ਕਿਉਂਕਿ ਪਿਛੇ ਦਿਤੇ ਕਾਰਨਾਂ ਕਰਕੇ ਉਹ ਸਿੱਖਾਂ ਨੂੰ ਸ਼ਾਇਦ ਚੰਗੀ ਨਜ਼ਰ ਨਾਲ ਨਾ ਦੇਖਦੇ ਹੋਣ। ਇਨ੍ਹਾਂ ਕਾਰਨਾਂ ਕਰਕੇ ਸਿਖ ਨੀਵੇਂ ਰਹੇ ਅਤੇ ਉਨ੍ਹਾਂ ਆਪਣੀ ਔਲਾਦ ਨੂੰ ਅੰਮ੍ਰਿਤ ਛਕਾਣਾ ਕੁਝ ਸਮੇਂ ਲਈ ਬੰਦ ਕਰ ਦਿੱਤਾ, ਕਿਉਂਕਿ ਉਨ੍ਹਾਂ ਇਹ ਚੰਗਾ ਸਮਝਿਆ ਕਿ ਸਮੇਂ ਨੂੰ ਦੇਖਿਆ ਜਾਵੇ ਅਤੇ ਪਾਹੁਲ ਮੁਲਤਵੀ ਕਰ ਦਿੱਤੀ ਜਾਵੇ।" ੧੮੬੮ ਈ: ਦੀ ਮਰਦਮ ਸ਼ੁਮਾਰੀ ਵਿਚ ਅੰਗਰੇਜ਼ੀ ਇਲਾਕੇ ਵਿਚ ਸਿੱਖਾਂ ਦੀ ਗਿਣਤੀ ਦਸ ਹਜ਼ਾਰ ਪਿਛੇ ਛੇ ਸੌ ਪੰਜਾਹ ਸੀ। ਪਿਛਲੇ ਤੇਰ੍ਹਾਂ ਸਾਲਾਂ ਵਿਚ ਸਿੱਖਾਂ ਨੇ ਥੋੜ੍ਹੀ ਜਿਹੀ ਤਰੱਕੀ ਕੀਤੀ ਸੀ। ੧੮੮੧ ਵਿਚ ਛੇ ਸੌ ਪੰਜਾਹ ਤੋਂ ਪੰਜ ਸੌ ਪਚਾਨਵੇਂ ਤਕ ਆ ਗਈ ਸੀ। ਏਸ ਦਾ ਕਾਰਨ ਹਿੰਦੂ ਧਰਮ ਦਾ ਅਸਰ ਸੀ।

ਸਿਖ ਪਿਛਲੇ ਕਈ ਸਾਲ ਜੰਗਾਂ ਵਿਚ ਰੁਝੇ ਰਹੇ ਅਤੇ ਪਿਛੋਂ ਕੁਝ ਸਮਾਂ ਆਪਣੇ ਰਾਜ ਦੀ ਮਸਤੀ ਵਿਚ ਰਹੇ। ਇਨ੍ਹਾਂ ਕਾਰਨਾਂ ਕਰਕੇ ਸਿੱਖਾਂ ਦੀ ਆਤਮਕ ਸੁਤੰਤਰਤਾ ਵਲ ਐਡਾ ਖ਼ਿਆਲ ਨਹੀਂ ਸੀ ਰਿਹਾ। ਬਾਬਾ ਰਾਮ ਸਿੰਘ ਜੀ ਤੋਂ ਪਹਿਲਾਂ ਕਈ ਸਾਲਾਂ ਵਿਚ ਭਾਈ ਵੀਰ ਸਿੰਘ ਜੀ ਨੌਰੰਗਾਬਾਦ ਵਾਲੇ ਹੀ ਇਕ ਅਜਿਹੇ ਮਹਾਂਪੁਰਸ਼ ਸਨ ਜਿਹੜੇ ਕਿ ਆਤਮਕ ਜੀਵਨ ਨੂੰ ਉੱਚਾ ਕਰਨ ਵਿਚ ਪੰਜਾਬ ਦਾ ਚੱਕਰ ਲਾਂਦੇ ਰਹਿੰਦੇ ਸਨ।

ਸਿੱਖਾਂ ਵਿਚ ਛੂਤ-ਛਾਤ ਦੀ ਬੀਮਾਰੀ ਭੀ ਆ ਗਈ ਸੀ, ਬਾਬਾ ਰਾਮ ਸਿੰਘ ਜੀ ਭੀ ਏਸ ਦੇ ਸ਼ਿਕਾਰ ਹੋ ਚੁਕੇ ਸਨ। ਅੰਗਰੇਜ਼ੀ ਰਾਜ ਦੇ ਆਉਣ ਨਾਲ ਪਾਣੀ ਦੇ ਨਲਕੇ ਲਾਏ ਗਏ, ਜਿਥੋਂ ਹਰ ਇਕ ਕੌਮ ਦੇ ਆਦਮੀ ਪਾਣੀ ਪੀ ਸਕਦੇ ਸਨ। ਫ਼ੈਕਟਰੀਆਂ ਅਤੇ ਵਰਕਸ਼ਾਪਾਂ ਵਿਚ ਹਰ ਇਕ ਕੌਮ ਦੇ ਆਦਮੀ ਨੌਕਰੀ ਕਰ ਸਕਦੇ ਸਨ। ਰੇਲਾਂ ਵਿਚ ਹਰ ਕੋਈ ਸਫ਼ਰ ਕਰ ਸਕਦਾ ਸੀ। ਗਊ-ਬਧ ਲਈ ਬੁਚੜ-ਖ਼ਾਨੇ ਕਈ ਥਾਵਾਂ 'ਤੇ ਖੁਲ੍ਹ ਚੁਕੇ ਸਨ, ਜ਼ਮੀਨਾਂ ਸਰਕਾਰ ਵੇਚ ਰਹੀ ਸੀ। ਇਹ ਸਾਰੀਆਂ ਗੱਲਾਂ ਦੇਖ ਕੇ ਲੋਕਾਂ ਨੂੰ ਖ਼ਿਆਲ ਹੁੰਦਾ ਜਾਂਦਾ ਸੀ ਕਿ ਉਨ੍ਹਾਂ ਦਾ ਨਵੇਂ ਰਾਜ ਵਿਚ ਗੁਜ਼ਾਰਾ ਨਹੀਂ ਹੋ ਸਕੇਗਾ। ਕਈ ਜ਼ਿੰਮੇਵਾਰ ਸੱਜਣਾਂ ਦੀਆਂ ਲਿਖਤਾਂ ਅਤੇ ਤਕਰੀਰਾਂ ਤੋਂ ਲੋਕਾਂ ਨੂੰ ਇਹ ਭੀ ਖ਼ਿਆਲ ਹੋ ਗਿਆ ਸੀ ਕਿ ਅੰਗਰੇਜ਼ੀ ਰਾਜ ਲੋਕਾਂ ਨੂੰ ਈਸਾਈ ਬਣਾਣ ਲਈ ਆਇਆ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਸਿੱਖਾਂ ਉਤੇ ਅਸਰ ਸਭ

ਤੋਂ ਪਹਿਲਾਂ ਤੇ ਵੱਧ ਹੋਇਆ।

ਸਿਖ ਰਾਜ ਦੇ ਢਹਿਣ ਨਾਲ ਜਿਹੜੀਆਂ ਅਦਲਾ-ਬਦਲੀਆਂ ਆਈਆਂ, ਉਹ ਉਤੇ ਦਿਤੀਆਂ ਜਾ ਚੁਕੀਆਂ ਹਨ, ਏਸ ਲਈ ਲੋੜ ਸੀ ਕਿ ਕੋਈ ਅਜਿਹਾ ਮਹਾਂਪੁਰਸ਼ ਪੈਦਾ ਹੋਵੇ ਜੋ ਸਿੱਖਾਂ ਦੀ ਰਾਜਸੀ, ਭਾਈਚਾਰਕ, ਸਮਾਜਕ, ਧਾਰਮਕ ਅਤੇ ਆਤਮਕ ਅਵਸਥਾ ਨੂੰ ਉਚਿਆਂ ਕਰ ਦੇਵੇ। ਆਖ਼ਰ ਅਜਿਹੇ ਮਹਾਂਪੁਰਸ਼ ਭੀ ਪੈਦਾ ਹੋ ਗਏ। ਇਨ੍ਹਾਂ ਦਾ ਨਾਮ ਬਾਬਾ ਰਾਮ ਸਿੰਘ ਜੀ ਸੀ। ਆਪ ਜੀ ਰਾਮਗੜ੍ਹੀਆ ਘਰਾਣੇ ਵਿਚ ਪਿੰਡ ਭੈਣੀ, ਜ਼ਿਲ੍ਹਾ ਲੁਧਿਆਣਾ ਵਿਚ ਸੰ:[੧] ਅਠਾਰ੍ਹਾਂ ਸੌ ਚੌਵੀ (੧੮੨੪) ਵਿਚ ਪੈਦਾ ਹੋਏ। ਆਪ ਜੀ ਨੇ ਜਵਾਨੀ ਵਿਚ ਖ਼ਾਲਸਾ ਫ਼ੌਜ ਵਿਚ ਨੌਕਰੀ ਕੀਤੀ। ਡੋਗਰਾ-ਸ਼ਾਹੀ ਅਤੇ ਡਲਹੌਜ਼ੀ-ਸ਼ਾਹੀ ਆਪ ਜੀ ਨੇ ਆਪਣੀ ਅੱਖੀਂ ਦੇਖੀ। ਆਪ ਜੀ ਦੀ ਭਗਤੀ ਵਲ ਬਹੁਤ ਰੁਚੀ ਸੀ। ਅਕਾਲ ਪੁਰਖ ਨੂੰ ਮਨਜ਼ੂਰ ਸੀ ਕਿ ਆਪ ਹਜ਼ਾਰਾਂ ਆਦਮੀਆਂ ਦੀ ਅਗਵਾਈ ਕਰਨ। ਸੋ ਆਪ ਫ਼ੌਜ ਵਿਚੋਂ ਨੌਕਰੀ ਛੱਡ ਕੇ ਆਪਣੇ ਪਿੰਡ ਆ ਗਏ। ਪਿਛੋਂ ੧੮੫੭ ਦਾ ਗ਼ਦਰ ਭੀ ਆਪਣੀ ਅੱਖੀਂ ਡਿੱਠਾ। ਸ੍ਵੈਧੀਨਤਾ ਅਤੇ ਪਰਾਧੀਨਤਾ ਦੇ ਜੀਵਨ ਦਾ ਭੀ ਆਪ ਫ਼ਰਕ ਵੇਖ ਚੁਕੇ ਸਨ ਅਤੇ ਪੰਥ ਦੀ ਢਹਿੰਦੀ ਕਲਾ ਭੀ ਆਪ ਦੇ ਸਾਹਮਣੇ ਸੀ।

ਬਾਬਾ ਜੀ ਨੇ ਪਿੰਡ ਆ ਕੇ ਇਲਾਕੇ ਵਿਚ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ। ਆਪ ਪੱਛਮੀ ਤਹਿਜ਼ੀਬ ਤੋਂ ਪੰਥ ਨੂੰ ਬਚਾਣਾ ਚਾਹੁੰਦੇ ਸਨ। ਆਪ ਨੇ ਇਸ ਮਤਲਬ ਲਈ ਸਿੱਖਾਂ ਦੀ ਜਥੇਬੰਦੀ ਕਰਨੀ ਸ਼ੁਰੂ ਕਰ ਦਿੱਤੀ। ਆਪ ਦੇ ਪ੍ਰੋਗਰਾਮ ਵਿਚ ਧਰਮ, ਰਾਜਨੀਤੀ ਅਤੇ ਸਮਾਜਕ ਰਹੁ-ਰੀਤਾਂ ਮਿਲੀਆਂ ਹੋਈਆਂ ਹਨ। ਆਪ ਨੇ ਪੰਜਾਬ ਨੂੰ ਬਾਈ ਵੱਖ ਵੱਖ ਹਿਸਿਆਂ ਵਿਚ ਵੰਡਿਆ ਅਤੇ ਹਰ ਇਕ ਹਿੱਸੇ ਦੇ ਜਥੇਦਾਰ ਨੂੰ ਸੂਬੇ ਦਾ ਨਾਮ ਦਿੱਤਾ। ਸਿਖ ਰਹਿਤ-ਨਾਮਿਆਂ ਨੂੰ ਮੁੜ ਸੁਰਜੀਤ ਕੀਤਾ ਅਤੇ ਸਿੱਖਾਂ ਵਿਚ ਸਿੱਖੀ ਜੀਵਨ ਪੈਦਾ ਕੀਤਾ। ਬਾਲ-ਵਿਆਹ, ਸ਼ਰਾਬ, ਵਿਆਹਾਂ 'ਤੇ ਨਜਾਇਜ਼ ਖ਼ਰਚ, ਕੁੜੀਆਂ ਦਾ ਮਾਰਨਾ ਅਤੇ ਕੁੜੀਆਂ ਵੇਚਣ ਆਦਿ ਦੇ ਵਿਰੁੱਧ ਪੰਜਾਬ ਵਿਚ ਫਿਰ ਕੇ ਵਖਿਆਨ ਕਰਨੇ ਸ਼ੁਰੂ ਕਰ ਦਿੱਤੇ। ਸਿੱਖਾਂ ਨੂੰ ਜਿਸਮਾਨੀ ਅਤੇ ਘਰੋਗੀ ਸਫ਼ਾਈ ਵਲ ਖ਼ਿਆਲ ਦੇਣ ਲਈ ਕਿਹਾ। ਗੁਰਬਾਣੀ ਤੋਂ ਬਿਨਾਂ ਹੋਰ ਸਭ ਮੰਤਰਾਂ ਦਾ ਪੜ੍ਹਨਾ ਬੰਦ ਕੀਤਾ ਅਤੇ ਪਖੰਡੀਆਂ ਸਾਧਾਂ ਸੰਤਾਂ ਦੀ ਪੂਜਾ ਛੁਡਾ ਕੇ ਸਿੱਖਾਂ ਨੂੰ ਠੀਕ ਰਸਤੇ 'ਤੇ ਪਾਇਆ। ਆਪ ਜੀ ਗਊ-ਬਧ ਦੇ ਸਖ਼ਤ ਖ਼ਿਲਾਫ਼ ਸਨ ਤੇ ਇਸ ਦੇ ਵਿਰੁੱਧ ਜ਼ੋਰ ਨਾਲ ਪ੍ਰਚਾਰ ਕਰਦੇ ਸਨ। ਕਪੜੇ ਪਹਿਨਣ ਦੇ ਢੰਗਾਂ ਵਿਚ ਵੀ ਭਾਰੀ ਅਦਲਾ-ਬਦਲੀ ਕੀਤੀ। ਹਰ ਇਕ ਸਿਖ ਤੋਂ ਦਸਵੰਧ ਲੈਣਾ ਸ਼ੁਰੂ ਕਰ ਦਿੱਤਾ। ਆਪ ਦਾ ਰਾਜਸੀ ਪ੍ਰੋਗਰਾਮ ਭੀ ਬੜਾ ਸਖ਼ਤ ਸੀ। ਸਰਕਾਰ ਦੀਆਂ ਨੌਕਰੀਆਂ, ਸਰਕਾਰੀ ਸਕੂਲਾਂ, ਸਰਕਾਰੀ ਕਚਹਿਰੀਆਂ, ਡਾਕਖ਼ਾਨੇ, ਤਾਰ-ਘਰ ਅਤੇ ਰੇਲਵੇ ਆਦਿ ਸਭ ਦਾ ਬਾਈਕਾਟ ਕਰ ਦਿੱਤਾ। ਬਦੇਸ਼ੀ ਚੀਜ਼ਾਂ ਦਾ ਆਮ ਕਰਕੇ ਅਤੇ ਬਦੇਸ਼ੀ ਕਪੜੇ

---

੧. 'ਗੁਰਦੁਆਰਾ ਰੀਫ਼ਾਰਮ' ਵਿਚ ਸੰ: ੧੮੧੫ ਦਿੱਤਾ ਹੈ।

ਦਾ ਵਰਤਣਾ ਖ਼ਾਸ ਕਰਕੇ ਬੰਦ ਕਰ ਦਿੱਤਾ। ਪਿੰਡਾਂ ਵਿਚ ਮੁਕੱਦਮਿਆਂ ਦੇ ਫ਼ੈਸਲੇ ਕਰਨ ਲਈ ਪੰਚਾਇਤਾਂ ਬਣਾਈਆਂ। ਹਰ ਇਕ ਨੂੰ ਹੱਥਾਂ ਦਾ ਕਤਿਆ ਹੋਇਆ ਅਤੇ ਬੁਣਿਆ ਹੋਇਆ ਖੱਦਰ ਦਾ ਲਿਬਾਸ ਪਾਣਾ ਪੈਂਦਾ ਸੀ। ਮਹਾਤਮਾ ਗਾਂਧੀ ਜੀ ਦਾ ਪ੍ਰੋਗਰਾਮ ਭੀ ਤਕਰੀਬਨ ਓਹੀ ਸੀ ਪਰ ਇਸ ਵਿਚ ਸਤਿਆਗ੍ਰਹਿ, ਸਿਵਲ-ਨਾ-ਫ਼ਰਮਾਨੀ ਅਤੇ ਛੂਤ-ਛਾਤ ਨੂੰ ਦੂਰ ਕਰਨਾ ਆਦਿ ਵਾਧੂ ਗੱਲਾਂ ਸਨ। ਸੁਦੇਸ਼ੀ ਲਹਿਰ ਨੂੰ ਸਭ ਤੋਂ ਪਹਿਲਾਂ ਚਲਾਣ ਵਾਲੇ ਬਾਬਾ ਰਾਮ ਸਿੰਘ ਜੀ ਹਨ। ਇਸ ਤੋਂ ਪਹਿਲਾਂ ਹਿੰਦੁਸਤਾਨ ਵਿਚ ਕਿਸੇ ਹੋਰ ਆਦਮੀ ਨੇ ਅਜਿਹਾ ਪ੍ਰੋਗਰਾਮ ਨਹੀਂ ਘੜਿਆ। ਹਾਂ, ਮਹਾਤਮਾ ਗਾਂਧੀ ਨੇ ਇਸ ਵਿਚ ਉਤੇ ਦੱਸੇ ਅਨੁਸਾਰ ਵਾਧਾ ਜ਼ਰੂਰ ਕੀਤਾ ਹੈ। ਬਾਬਾ ਰਾਮ ਸਿੰਘ ਜੀ ਦਾ ਪ੍ਰੋਗਰਾਮ ਕਿਸੇ ਪੁਸਤਕ ਵਿਚ ਹੀ ਛਪਿਆ ਹੋਇਆ ਨਹੀਂ ਰਿਹਾ, ਪਰੰਤੂ ਅੱਜ ਤਕ ਹਜ਼ਾਰਾਂ ਆਦਮੀਆਂ ਨੇ ਏਸ ਨੂੰ ਅਮਲੀ ਜੀਵਨ ਵਿਚ ਲਿਆਂਦਾ ਹੈ। ਬਾਬਾ ਜੀ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਵਿਚ ਉਘੇ ਹੋ ਗਏ ਅਤੇ ਜਿਹੜੇ ਸਿਖ ਉਨ੍ਹਾਂ ਦੇ ਉਪਦੇਸ਼ਾਂ ਨੂੰ ਮੰਨਣ ਲੱਗ ਪਏ, ਉਨ੍ਹਾਂ ਦਾ ਨਾਮ 'ਨਾਮਧਾਰੀ' ਪੈ ਗਿਆ। ਬਾਬਾ ਜੀ ਦਾ ਪ੍ਰਚਾਰ ਫ਼ੌਜਾਂ ਵਿਚ ਜਾ ਪਹੁੰਚਿਆ ਸੀ।

ਇਹ ਸਭ ਕੁਝ ਹੁੰਦਾ ਦੇਖ ਕੇ ਸਰਕਾਰ ਨੂੰ ਖ਼ਿਆਲ ਹੋ ਗਿਆ ਕਿ ਇਕ ਖ਼ਤਰੇ ਵਾਲੀ ਸ਼੍ਰੇਣੀ ਪੈਦਾ ਹੋ ਰਹੀ ਹੈ। ਗਵਰਨਮੈਂਟ ਨੇ ਵੱਖਰੇ ਅਫ਼ਸਰ ਇਸ ਲਈ ਨਿਯਤ ਕੀਤੇ ਕਿ ਉਹ ਨਾਮਧਾਰੀ ਲਹਿਰ ਨੂੰ ਚੰਗੀ ਤਰ੍ਹਾਂ ਦੇਖਣ। ਬਾਬਾ ਜੀ ਦੇ ਫਿਰਨ ਵਿਚ ਭੀ ਰੋਕਾਂ ਪਾ ਦਿੱਤੀਆਂ। ਮਹਾਰਾਜਾ ਪਟਿਆਲਾ ਅਤੇ ਹੋਰ ਕਈ ਮਸ਼ਹੂਰ ਆਦਮੀਆਂ ਨੇ ਸਰਕਾਰ ਨੂੰ ਸਲਾਹ ਦਿੱਤੀ ਕਿ ਬਾਬਾ ਜੀ ਨੂੰ ਨਜ਼ਰਬੰਦ ਕਰ ਲਿਆ ਜਾਵੇ, ਨਹੀਂ ਤਾਂ ਚੰਗਾ ਨਹੀਂ ਹੋਵੇਗਾ। ਇਹੋ ਸਲਾਹ ਕਈ ਸਰਕਾਰੀ ਅਫ਼ਸਰਾਂ ਦੀ ਵੀ ਸੀ। ਬਾਬਾ ਜੀ ਨੂੰ ਪਕੜਿਆ ਤਾਂ ਨਾ ਗਿਆ, ਪਰੰਤੂ ਸਾਰੇ ਨਾਮਧਾਰੀਆਂ ਦੀ ਦੇਖ-ਭਾਲ ਚੰਗੀ ਤਰ੍ਹਾਂ ਹੋਣ ਲੱਗੀ। ਨਾਮਧਾਰੀ ਭੀ ਚੁਪ-ਚਾਪ ਹੋ ਗਏ ਅਤੇ ਸਰਕਾਰ ਨੇ ਬੰਦਸ਼ਾਂ ਭੀ ੧੮੬੮ ਈ: ਵਿਚ ਹਟਾ ਲਈਆਂ। ਬੰਦਸ਼ਾਂ ਹਟਣ ਦੀ ਦੇਰ ਸੀ ਕਿ ਨਾਮਧਾਰੀ ਲਹਿਰ ਪਹਿਲਾਂ ਨਾਲੋਂ ਵੀ ਵੱਧ ਗਰਮ ਹੋ ਗਈ। ਇਸ ਸਾਲ ਅਨੰਦਪੁਰ ਵਿਚ ਗੜਬੜ ਸ਼ੁਰੂ ਹੋ ਚੱਲੀ ਸੀ, ਪਰ ਬਾਬਾ ਜੀ ਨੇ ਬੜੀ ਸਿਆਣਪ ਨਾਲ ਕਾਬੂ ਪਾ ਲਿਆ। ਖ਼ਬਰ ਫੈਲੀ ਕਿ ਅੰਮ੍ਰਿਤਸਰ ਵਿਚ ਬੁਚੜ-ਖ਼ਾਨੇ ਖੁਲ੍ਹ ਗਏ ਹਨ।

ਭਾਈ ਝੰਡਾ ਸਿੰਘ ਅਤੇ ਭਾਈ ਮਿਹਰ ਸਿੰਘ ਪਿੰਡ ਠੱਟਾ, ਜ਼ਿਲ੍ਹਾ ਅੰਮ੍ਰਿਤਸਰ, ਨੇ ਬਾਬਾ ਜੀ ਤੋਂ ਬੁਚੜਾਂ ਦਾ ਸੁਧਾਰ ਕਰਨ ਦੀ ਆਗਿਆ ਮੰਗੀ। ਉਨ੍ਹਾਂ ਨਾਲ ਕਈ ਹੋਰ ਭੀ ਆਦਮੀ ਸ਼ਾਮਲ ਹੋ ਗਏ। ਬਾਬਾ ਜੀ ਨੇ ਆਗਿਆ ਨਾ ਦਿੱਤੀ, ਪਰ ਉਨ੍ਹਾਂ ਨੇ ਫੇਰ ਭੀ ਬੁਚੜਾਂ ਨੂੰ ਜਾ ਕੇ ਕਤਲ ਕਰ ਦਿੱਤਾ। ਇਸ ਤੋਂ ਪਿਛੋਂ ਭਾਈ ਦਲ ਸਿੰਘ ਅਤੇ ਭਾਈ ਮੰਗਲ ਸਿੰਘ, ਭਾਈ ਦੀਵਾਨ ਸਿੰਘ ਅਤੇ ਦੋ ਹੋਰ ਸੱਜਣਾਂ ਨੇ ਰਾਏਕੋਟ ਦੇ ਬੁਚੜਾਂ ਨੂੰ ਕਤਲ ਕਰਨ ਦੀ ਆਗਿਆ ਮੰਗੀ, ਪਰੰਤੂ ਬਾਬਾ ਜੀ ਨਾ ਮੰਨੇ ਤੇ ਉਨ੍ਹਾਂ ਨੂੰ ਰੋਕਿਆ। ਉਨ੍ਹਾਂ ਫਿਰ ਭੀ ਬੁਚੜ ਜਾ ਕਤਲ ਕੀਤੇ। ਇਸੇ ਤਰ੍ਹਾਂ ਮੁਰਿੰਡੇ ਦੇ ਬੁਚੜ ਭੀ ਕਤਲ ਕੀਤੇ ਗਏ। ਬਾਬਾ ਜੀ ਨੇ ਇਤਨਾ ਜ਼ਰੂਰ ਕੀਤਾ ਕਿ ਕੋਈ

ਰੀਪੋਰਟ ਪੁਲਿਸ ਪਾਸ ਨਾ ਕੀਤੀ। ਕਾਤਲਾਂ ਨੂੰ ਭਾਲਣ ਵਿਚ ਮਲੇਰ ਕੋਟਲਾ, ਜੀਂਦ, ਨਾਭਾ ਅਤੇ ਪਟਿਆਲਾ ਰਿਆਸਤਾਂ ਨੇ ਸਰਕਾਰ ਦੀ ਸਹਾਇਤਾ ਕੀਤੀ। ਸੰਮਤ ੧੮੭੧ ਈ: ਵਿਚ ੧੨ ਨਾਮਧਾਰੀ ਇਨ੍ਹਾਂ ਕਤਲਾਂ ਦੇ ਸੰਬੰਧ ਵਿਚ ਫਾਂਸੀ ਲਾ ਦਿੱਤੇ ਗਏ, ਜਿਸ ਕਰਕੇ ਨਾਮਧਾਰੀਆਂ ਦਾ ਗੁੱਸਾ ਰਿਆਸਤਾਂ ਉਤੇ ਬਹੁਤ ਵੱਧ ਗਿਆ।

੧੧ ਜਨਵਰੀ ਸੰ: ੧੮੭੨ ਈ: ਨੂੰ ਭੈਣੀ ਸਾਹਿਬ ਵਿਚ ਮਾਘੀ ਦਾ ਮੇਲਾ ਲੱਗਾ, ਜਿਥੇ ਕਿ ਕਾਫ਼ੀ ਰੌਣਕ ਸੀ। ਸੁਣਿਆ ਹੈ ਕਿ ਇਕ ਨਾਮਧਾਰੀ ਮੇਲਾ ਦੇਖਣ ਲਈ ਮਲੇਰ ਕੋਟਲੇ ਥਾਣੀ ਜਾ ਰਿਹਾ ਸੀ, ਜਿਥੇ ਕਿ ਉਹ ਇਕ ਮੁਸਲਮਾਨ ਨਾਲ ਲੜ ਪਿਆ। ਪੁਲੀਸ ਨੇ ਉਸ ਨੂੰ ਕੋਤਵਾਲੀ ਲਿਜਾ ਕੇ ਮਾਰਿਆ ਅਤੇ ਉਸ ਦੇ ਸਾਹਮਣੇ ਗਊ-ਬਧ ਕੀਤੀ। ਉਹ ਵਿਚਾਰਾ ਭੈਣੀ ਸਾਹਿਬ ਆ ਕੇ ਰੋਣ ਪਿਟਣ ਲੱਗਾ, ਜਿਸ ਨਾਲ ਉਥੇ ਬੜਾ ਜੋਸ਼ ਫੈਲ ਗਿਆ। ੧੩ ਤਰੀਕ ਨੂੰ ਲੋਕ ਘਰੋ-ਘਰੀ ਵਾਪਸ ਚਲੇ ਗਏ ਤੇ ਕੁਝ ਨਾਮਧਾਰੀ ਓਥੇ ਹੀ ਵਖਰਾ ਦੀਵਾਨ ਲਾ ਕੇ ਬੈਠ ਗਏ। ਇਨ੍ਹਾਂ ਦੇ ਲੀਡਰ ਭਾਈ ਹੀਰਾ ਸਿੰਘ ਅਤੇ ਭਾਈ ਲਹਿਣਾ ਸਿੰਘ ਰਿਆਸਤ ਪਟਿਆਲਾ ਦੇ ਸਨ। ਓਥੇ ਇਨ੍ਹਾਂ ਮਲੇਰ ਕੋਟਲੇ ਬਾਬਤ ਖ਼ਾਸ ਕਰਕੇ ਅਤੇ ਹੋਰ ਸਿਖ ਰਿਆਸਤਾਂ ਬਾਬਤ ਆਮ ਕਰਕੇ ਲੈਕਚਰ ਦਿੱਤੇ ਅਤੇ ਸਰੋਤਿਆਂ ਨੂੰ ਪਰੇਰਿਆ ਕਿ ਗਊ-ਬਧ ਕਰਨ ਵਾਲੀ ਰਿਆਸਤ ਮਲੇਰ ਕੋਟਲੇ ਦਾ ਖ਼ਾਤਮਾ ਕੀਤਾ ਜਾਵੇ ਅਤੇ ਨਾਲ ਹੀ ਸਿਖ ਰਿਆਸਤਾਂ ਨੂੰ ਠੀਕ ਕੀਤਾ ਜਾਵੇ, ਕਿਉਂਕਿ ਉਹ ਏਸ ਕੰਮ ਵਿਚ ਸਰਕਾਰ ਦੀ ਸਹਾਇਤਾ ਕਰ ਚੁਕੀਆਂ ਹਨ। ਏਸ ਕਾਰਵਾਈ ਦਾ ਪਤਾ ਪੁਲੀਸ ਤਕ ਭੀ ਪਹੁੰਚ ਗਿਆ। ਸਰਫ਼ਰਾਜ਼ ਅਲੀ ਖ਼ਾਂ, ਡੀ. ਆਈ. ਪੁਲੀਸ, ਸਾਨ੍ਹੇਵਾਲ ਬਾਬਾ ਜੀ ਪਾਸ ਗਏ। ਏਸ ਮਾਮਲੇ ਉਤੇ ਬਾਬਾ ਜੀ ਬਾਬਤ ਕਈ ਗ਼ਲਤ ਗੱਲਾਂ ਫੈਲੀਆਂ ਹੋਈਆਂ ਹਨ। ਏਸ ਲਈ ਮੈਂ ਸਰਫ਼ਰਾਜ਼ ਖ਼ਾਂ ਦਾ ਬਿਆਨ ਹੇਠਾਂ ਦਿੰਦਾ ਹਾਂ, ਜਿਹੜਾ ਕਿ ਉਨ੍ਹਾਂ ਮੁਕੱਦਮੇ ਵਿਚ ਦਿੱਤਾ :

"ਮੇਲਾ ਮਾਘੀ ੧੨ ਤਰੀਕ ਖ਼ਤਮ ਹੋ ਗਿਆ, ੧੩ ਤਰੀਕ ਤਕ ਆਦਮੀ ਵਖਰੇ ਹੋ ਕੇ ਬੈਠ ਗਏ, ਆਦਿ। ਮੈਂ (ਬਾਬਾ) ਰਾਮ ਸਿੰਘ ਪਾਸ ਗਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਮੈਂ ਪੜਦੇ ਵਿਚ ਗੱਲ-ਬਾਤ ਕਰਨੀ ਹੈ। ਸੋ ਅਸਾਂ ਗੱਲ-ਬਾਤ ਕੀਤੀ। (ਬਾਬਾ) ਰਾਮ ਸਿੰਘ ਨੇ ਕਿਹਾ ਕਿ ਇਸ ਜਥੇ ਦੇ ਲੀਡਰ ਹੀਰਾ ਸਿੰਘ ਅਤੇ ਲਹਿਣਾ ਸਿੰਘ ਹਨ ਅਤੇ ਉਹ ਮੈਥੋਂ ਆਕੀ ਹੋ ਗਏ ਹਨ। ਮੈਂ ਪੁਛਿਆ ਕਿ ਇਨ੍ਹਾਂ ਦੀ ਸਲਾਹ ਕੀ ਏ ? (ਬਾਬਾ) ਰਾਮ ਸਿੰਘ ਨੇ ਕੋਈ ਉੱਤਰ ਨਾ ਦਿੱਤਾ ਅਤੇ ਕਿਹਾ ਕਿ ਇਹ ਮਸਤਾਨੇ ਹਨ। ਉਨ੍ਹਾਂ ਮੈਨੂੰ ਤੇਰ੍ਹਾਂ ਆਦਮੀਆਂ ਦੇ ਨਾਮ ਦੱਸੇ ਅਤੇ ਕਿਹਾ ਕਿ ਏਸ ਤੋਂ ਵਧ ਮੈਨੂੰ ਕੁਝ ਪਤਾ ਨਹੀਂ। ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਚਲੇ ਜਾਣ ਲਈ ਕਹਿਣ। ਸੋ (ਬਾਬਾ) ਰਾਮ ਸਿੰਘ ਜੀ ਨੇ ਗਲ ਵਿਚ ਪੱਲਾ ਪਾ ਕੇ ਉਨ੍ਹਾਂ ਨੂੰ ਕਿਹਾ ਕਿ ਉਹ ਚੁਪ-ਚਾਪ ਘਰੋ-ਘਰੀ ਚਲੇ ਜਾਣ ਅਤੇ ਕੋਈ ਗੜਬੜ ਨਾ ਮਚਾਣ। ਉਨ੍ਹਾਂ ਕਿਹਾ ਕਿ ਉਹ ਸਾਰੇ ਭੁੱਖੇ ਹਨ। ਸੋ (ਬਾਬਾ) ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਰੋਟੀ ਖੁਲਾਈ

ਅਤੇ ਉਹ ਜਥਾ ਬਣ ਕੇ ਭੈਣੀ ਤੋਂ ਤੁਰ ਪਏ, ਆਦਿ।" (ਉਤੇ ਲਿਖਿਆ ਬਿਆਨ ਅਖਰੋ ਅਖਰ ਨਹੀਂ, ਪਰ ਸਾਰ-ਅੰਸ਼ ਇਹੋ ਹੈ)।

ਅਫ਼ਸਰਾਂ ਨੇ ਉਨ੍ਹਾਂ ਦੇ ਮਗਰ ਦੋ ਤਿੰਨ ਆਦਮੀ ਭੇਜ ਦਿੱਤੇ ਕਿ ਉਹ ਉਨ੍ਹਾਂ ਦਾ ਸਾਰਾ ਹਾਲ-ਚਾਲ ਦੇਖਣ। ਜਦ ਇਹ ਜਥਾ ਅੰਗਰੇਜ਼ੀ ਇਲਾਕਾ ਟੱਪ ਗਿਆ ਤਾਂ ਉਹ ਪੁਲੀਸ ਦੇ ਆਦਮੀ ਵਾਪਸ ਮੁੜ ਆਏ। ਪੁਲੀਸ ਅਫ਼ਸਰ ਨੇ ਉਨ੍ਹਾਂ ਦੇ ਆਉਣ 'ਤੇ ਲੁਧਿਆਣੇ ਜਾ ਕੇ ਰੀਪੋਰਟ ਕਰ ਦਿੱਤੀ, ਜਿਥੋਂ ਕਿ ਸਾਰੀਆਂ ਰਿਆਸਤਾਂ ਨੂੰ ਖ਼ਬਰ ਕਰ ਦਿੱਤੀ। ਜੇ ਗਵਰਨਮੈਂਟ ਨੂੰ ਠੀਕ ਖ਼ਤਰਾ ਭਾਸਦਾ ਸੀ, ਤਾਂ ਜਿਹੜੇ ਆਦਮੀ ਜਥੇ ਦੇ ਮਗਰ ਲਾਏ ਗਏ ਸਨ, ਉਨ੍ਹਾਂ ਨੂੰ ਏਸ ਤਰ੍ਹਾਂ ਮੁੜ ਨਹੀਂ ਸੀ ਆਉਣਾ ਚਾਹੀਦਾ। ਉਨ੍ਹਾਂ ਮੁੜ ਕੇ ਆਉਣ ਵਿਚ ਸਖ਼ਤ ਲਾਪਰਵਾਹੀ ਕੀਤੀ ਹੈ ਅਤੇ ਪੁਲੀਸ ਅਫ਼ਸਰ ਨੇ ਭੀ ਉਤਨਾ ਚਿਰ ਅਗਾਹਾਂ ਰੀਪੋਰਟ ਨਹੀਂ ਭੇਜੀ, ਜਿਤਨਾ ਚਿਰ ਕਿ ਉਹ ਵਾਪਸ ਨਹੀਂ ਆ ਗਏ। ਇਹ ਜਥਾ ਦੋ ਕੁ ਵਜੇ ਤੁਰਿਆ ਅਤੇ ਰਾਤ ਦਸ ਕੁ ਵਜੇ ਪਿੰਡ ਰਬੂ ਜਾ ਪਹੁੰਚਿਆ, ਜਿਥੇ ਕਿ ਰਾਤ ਕੱਟੀ। ਜਥੇ ਦੇ ਸਾਰੇ ਆਦਮੀ ਸਵਾ ਸੌ ਜਾਂ ਡੇਢ ਸੌ ਦੇ ਲਗਪਗ ਸਨ। ਰਾਹ ਦੇ ਵਿਚ ਕਈ ਚਲੇ ਗਏ, ਕਈ ਹੋਰ ਆ ਮਿਲੇ। ੧੪ ਤਰੀਕ ਦਾ ਦਿਨ ਭੀ ਇਸੇ ਪਿੰਡ ਰਹੇ। ਉਨ੍ਹਾਂ ਦਾ ਖ਼ਿਆਲ ਸੀ ਕਿ ਉਨ੍ਹਾਂ ਨਾਲ ਹੋਰ ਆਦਮੀ ਭੀ ਆ ਮਿਲਣਗੇ। ਸਲਾਹ ਇਹ ਸੀ ਕਿ ਪਹਿਲਾਂ ਮਲੇਰ ਕੋਟਲਾ ਲੁਟਿਆ ਜਾਵੇ, ਕਿਉਂਕਿ ਇਹ ਰਿਆਸਤ ਛੋਟੀ ਹੈ। ਇਸ ਤੋਂ ਪਿਛੋਂ ਜੀਂਦ, ਨਾਭਾ ਅਤੇ ਪਟਿਆਲਾ ਦੀ ਵਾਰੀ ਸੀ।

੧੪ ਤਰੀਕ ਸ਼ਾਮ ਦੇ ਵੇਲੇ ਉਨ੍ਹਾਂ ਮਲੇਰ ਕੋਟਲੇ ਵੱਲ ਚਾਲੇ ਪਾ ਦਿੱਤੇ। ਰਾਹ ਵਿਚ ਪਿੰਡ ਮਲੌਧ ਸੀ। ਇਥੋਂ ਦਾ ਸਰਦਾਰ ਮਹਾਰਾਜਾ ਪਟਿਆਲਾ ਦਾ ਰਿਸ਼ਤੇਦਾਰ ਸੀ। ਜਥੇ ਨੇ ਇਥੋਂ ਹਥਿਆਰ ਲੈਣ ਲਈ ਮਲੌਧ 'ਤੇ ਜਾ ਹਮਲਾ ਕੀਤਾ। ਚੌਕੀਦਾਰ ਦੇ ਹੱਥ ਪਿੱਛੇ ਬੰਨ੍ਹ ਕੇ ਉਸ ਉਤੇ ਪਹਿਰਾ ਲਾ ਦਿੱਤਾ। ਚੌਕਾਂ ਵਿਚ ਭੀ ਆਦਮੀ ਖੜੇ ਕਰ ਦਿੱਤੇ। ਕੁਝ ਆਦਮੀ ਸਰਦਾਰ ਪਾਸ ਜਾ ਪਹੁੰਚੇ ਅਤੇ ਫ਼ਤਹ ਬੁਲਾਈ। ਓਸ ਨੂੰ ਕਿਹਾ ਕਿ ਚੁਪ-ਚਾਪ ਹਥਿਆਰ ਉਨ੍ਹਾਂ ਦੇ ਹਵਾਲੇ ਕਰ ਦੇਵੇ। ਸਰਦਾਰ ਨੇ ਉਨ੍ਹਾਂ ਦਾ ਚੰਗਾ ਮੁਕਾਬਲਾ ਕੀਤਾ ਅਤੇ ਸਾਰੇ ਆਦਮੀ ਦੂੜਾ ਦਿੱਤੇ। ਉਹ ਸਰਦਾਰ ਨੂੰ ਅੰਗਰੇਜ਼ਾਂ ਦਾ ਪੁੱਤ ਕਹਿ ਕੇ ਗਾਲ੍ਹਾਂ ਕੱਢ ਕੇ ਚਲੇ ਗਏ। ਨੇੜੇ ਦੇ ਪਿੰਡਾਂ ਵਿਚ ਖ਼ਬਰ ਜਾ ਪਹੁੰਚੀ ਅਤੇ ਲੋਕ ਸਹਾਇਤਾ ਲਈ ਆ ਪਹੁੰਚੇ ਅਤੇ ਜਥਾ ਮਲੌਧ ਛੱਡ ਕੇ ਦੌੜ ਗਿਆ। ਇਥੇ ੨ ਨਾਮਧਾਰੀਏ ਮਾਰੇ ਗਏ ਅਤੇ ੪ ਜ਼ਖ਼ਮੀ ਹੋਏ ਪਕੜੇ ਗਏ। ਮਲੌਧ ਵਾਲਿਆਂ ਦੇ ਦੋ ਆਦਮੀ ਮਰੇ ਅਤੇ ਦੋ ਜ਼ਖ਼ਮੀ ਹੋਏ। ਇਥੋਂ ਤਿੰਨ ਘੋੜੇ, ਇਕ ਬੰਦੂਕ ਅਤੇ ਇਕ ਤਲਵਾਰ ਇਨ੍ਹਾਂ ਦੇ ਹੱਥ ਲੱਗੀ।

ਰਾਤ ਨੂੰ ਨਾਮਧਾਰੀ ਮਲੇਰ ਕੋਟਲੇ ਵੱਲ ਤੁਰਦੇ ਗਏ। ਅਗਲੇ ਦਿਨ (੧੫ ਜਨਵਰੀ ੧੮੭੨) ਸਵੇਰ-ਸਾਰ ਮਲੇਰ ਕੋਟਲੇ 'ਤੇ ਜਾ ਹਮਲਾ ਕੀਤਾ। ਇਥੇ ਅੱਗੇ ਖ਼ਬਰ ਪਹੁੰਚ ਚੁੱਕੀ ਸੀ ਕਿ ਸ਼ਾਇਦ ਨਾਮਧਾਰੀਏ ਆ ਪਹੁੰਚਣ, ਏਸ ਲਈ ਰਿਆਸਤ ਵੱਲੋਂ ਥੋੜ੍ਹਾ ਬਾਹਲਾ ਬੰਦੋਬਸਤ ਹੋਇਆ ਹੋਇਆ ਸੀ। ਲੜਾਈ ਬੜੀ ਬੱਝ

ਕੇ ਹੋਈ। ਇਨ੍ਹਾਂ ਦਾ ਕੰਮ ਤਾਂ ਬਣ ਚਲਿਆ ਸੀ, ਪਰ ਉਹ ਖ਼ਜ਼ਾਨੇ ਦਾ ਗ਼ਲਤ ਦਰਵਾਜ਼ਾ ਤੋੜਦੇ ਰਹੇ, ਜਿਥੋਂ ਕਿ ਉਨ੍ਹਾਂ ਦੇ ਹੱਥ ਕੋਈ ਕੰਮ ਦੀ ਚੀਜ਼ ਨਾ ਆਈ। ਕੋਈ ਥੋੜ੍ਹੇ ਜਿਹੇ ਨਿਕੰਮੇ ਹਥਿਆਰ ਹੱਥ ਆਏ ਜਿਹੜੇ ਕਿ ਉਨ੍ਹਾਂ ਖੂਹ ਵਿਚ ਸੁੱਟ ਦਿੱਤੇ। ਇਤਨੇ ਸਮੇਂ ਵਿਚ ਰਿਆਸਤ ਵੱਲੋਂ ਪੱਕਾ ਪਰਬੰਧ ਹੋ ਗਿਆ। ਨਾਮਧਾਰੀ ਅੱਗੇ ਅੜ ਨਾ ਸਕੇ ਅਤੇ ਦੋ ਘੋੜੇ ਅਤੇ ਕੁਝ ਤਲਵਾਰਾਂ ਕਾਬੂ ਕਰ ਕੇ ਦੌੜ ਨਿਕਲੇ। ਮਗਰ ਕੋਟਲੇ ਦੇ ਸਵਾਰ ਅਤੇ ਹੋਰ ਲੋਕ ਭੀ ਪਿੱਛਾ ਕਰਨ ਲਈ ਦੌੜ ਪਏ, ਨਾਮਧਾਰੀਆਂ ਉਤੇ ਗੋਲੀ ਚਲਦੀ ਗਈ। ਕਿਉਂਕਿ ਉਨ੍ਹਾਂ ਨੇ ਜ਼ਖ਼ਮੀ ਆਦਮੀਆਂ ਨੂੰ ਭੀ ਨਾਲ ਲੈ ਜਾਣਾ ਸੀ, ਏਸ ਲਈ ਵੱਖਰੇ ਵੱਖਰੇ ਹੋ ਕੇ ਨਾ ਦੌੜ ਸਕੇ। ਥੋੜ੍ਹੇ ਚਿਰ ਪਿਛੋਂ ਕੋਟਲੇ ਦੇ ਆਦਮੀ ਵਾਪਸ ਮੁੜ ਆਏ। ਇਥੇ ਨਾਮਧਾਰੀਆਂ ਦੇ ਸਤ ਮਰੇ ਤੇ ਨੌਂ ਜ਼ਖ਼ਮੀ ਹੋਏ ਪਕੜੇ ਗਏ। ਰਿਆਸਤ ਦੇ ਅੱਠ ਆਦਮੀ ਮਰੇ ਅਤੇ ਤੇਈ ਫੱਟੜ ਹੋਏ।

ਰਿਆਸਤ ਦੇ ਅਫ਼ਸਰਾਂ ਨੇ ਝਟਪਟ ਅੰਗਰੇਜ਼ੀ ਅਫ਼ਸਰਾਂ ਨੂੰ ਖ਼ਬਰਾਂ ਭੇਜ ਦਿੱਤੀਆਂ। ਨਾਮਧਾਰੀ ਦੌੜਦੇ ਪਿੰਡ 'ਰੜ੍ਹ' ਦੇ ਲਾਗੇ ਇਕ ਜੰਗਲ ਵਿਚ ਜਾ ਲੁਕੇ। ਜਿਥੋਂ ਜਿਥੋਂ ਦੀ ਉਹ ਲੰਘੇ, ਲੋਕ ਪਿੰਡ ਛੱਡ ਕੇ ਦੌੜਨੇ ਸ਼ੁਰੂ ਹੋ ਗਏ। ਸ਼ੇਰਪੁਰ ਦੇ ਨਾਜ਼ਮ ਨੂੰ ਖ਼ਬਰ ਪਹੁੰਚੀ। ਉਹ ਤਿੰਨ ਸਵਾਰਾਂ ਨੂੰ ਲੈ ਕੇ ਉਸ ਜੰਗਲ ਵਿਚ ਜਾ ਪਹੁੰਚਿਆ ਅਤੇ ਨਾਮਧਾਰੀਆਂ ਨੂੰ ਗ੍ਰਿਫ਼ਤਾਰ ਹੋਣ ਲਈ ਕਿਹਾ। ਓਹ ਰਾਤ ਦੇ ਉਨੀਂਦੇ, ਪੈਂਡਾ ਕਰ ਕੇ ਥੱਕੇ ਹੋਏ ਅਤੇ ਭੁੱਖੇ ਸਨ। ਕੁਝ ਝਗੜੇ ਤੋਂ ਪਿਛੋਂ ਉਨ੍ਹਾਂ ਆਪਣੇ ਆਪ ਨੂੰ ਨਾਇਬ ਨਾਜ਼ਮ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਪਾਸੋਂ ਕੁਝ ਬੰਦੂਕਾਂ, ਤਲਵਾਰਾਂ, ਗੰਡਾਸੇ ਅਤੇ ਛਵ੍ਹੀਆਂ ਆਦਿਕ ਨਿਕਲੀਆਂ, ਜਿਹੜੀਆਂ ਕਿ ਲਹੂ ਨਾਲ ਭਿਜੀਆਂ ਹੋਈਆਂ ਸਨ। ਸਾਰੇ ਆਦਮੀ ਕਿਲ੍ਹਾ ਸ਼ੇਰਪੁਰ ਭੇਜ ਦਿੱਤੇ ਗਏ। ਇਨ੍ਹਾਂ ਵਿਚ ਦੋ ਬੀਬੀਆਂ ਸਨ, ਜਿਹੜੀਆਂ ਰਿਆਸਤ ਪਟਿਆਲਾ ਦੇ ਅਫ਼ਸਰਾਂ ਦੇ ਹਵਾਲੇ ਕੀਤੀਆਂ ਗਈਆਂ। ਬਾਕੀ ੬੬ ਆਦਮੀ ਮਲੇਰ ਕੋਟਲੇ ਭੇਜ ਦਿੱਤੇ ਗਏ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਅਤੇ ਹੋਰ ਅਫ਼ਸਰ ਪੁਲੀਸ ਕੁਝ ਫ਼ੌਜ ਸਮੇਤ ਮਲੇਰ ਕੋਟਲੇ ਪਹੁੰਚ ਗਏ। ਇਸੇ ਤਰ੍ਹਾਂ ਪਟਿਆਲਾ, ਨਾਭਾ ਅਤੇ ਜੀਂਦ ਤੋਂ ਭੀ ਫ਼ੌਜੀ ਸਹਾਇਤਾ ਪਹੁੰਚ ਗਈ। ਗ੍ਰਿਫ਼ਤਾਰ ਹੋਏ ਨਾਮਧਾਰੀਏ ਸਰਕਾਰ ਨੂੰ ਅਤੇ ਰਿਆਸਤਾਂ ਨੂੰ ਖ਼ੂਬ ਗਾਲ੍ਹਾਂ ਕੱਢਦੇ ਸਨ ਅਤੇ ਕਹਿੰਦੇ ਸਨ ਕਿ ਉਹ ਕੋਈ ਗੌਰਮਿੰਟ ਏਥੇ ਨਹੀਂ ਰਹਿਣ ਦੇਣਗੇ ਅਤੇ ਉਹ ਆਪਣਾ ਰਾਜ ਕਾਇਮ ਕਰਨਗੇ।

ਸਰ ਡਗਲਸ ਫ਼ੋਰਸੀਥ, ਕਮਿਸ਼ਨਰ ਅੰਬਾਲਾ ਨੇ ਬਾਬਾ ਰਾਮ ਸਿੰਘ ਜੀ ਨੂੰ ਸੱਦ ਭੇਜਿਆ। ਜਦ ਬਾਬਾ ਜੀ ਪਹੁੰਚੇ ਤਾਂ ਅੱਗੇ ਪੁਲੀਸ ਛੁਪਾਈ ਹੋਈ ਸੀ, ਜਿਨ੍ਹਾਂ ਨੇ ਨਿਕਲ ਕੇ ਬਾਬਾ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਬਾਬਾ ਜੀ ਤੋਂ ਅੰਮ੍ਰਿਤਸਰ, ਰਾਏ ਕੋਟ ਅਤੇ ਮੁਰਿੰਡਾ ਦੀਆਂ ਵਾਰਦਾਤਾਂ ਬਾਬਤ ਪੁਛਿਆ ਅਤੇ ਇਹ ਭੀ ਪੁਛਿਆ ਕਿ ਉਨ੍ਹਾਂ ਪੁਲਿਸ ਪਾਸ ਰੀਪੋਰਟ ਕਿਉਂ ਨਹੀਂ ਭੇਜੀ। ਉਨ੍ਹਾਂ ਉੱਤਰ ਦਿੱਤਾ ਕਿ ਕਿਉਂਕਿ ਉਨ੍ਹਾਂ ਨਾਮਧਾਰੀਆਂ ਨੂੰ ਹੁਕਮ ਦਿੱਤਾ ਹੋਇਆ ਹੈ ਕਿ ਉਹ ਕਿਸੇ ਨੂੰ ਕਤਲ ਨਾ ਕਰਨ ਅਤੇ ਜੇ ਕੋਈ ਏਸ ਹੁਕਮ ਦੇ ਹੁੰਦਿਆਂ ਹੋਇਆਂ ਜਾ ਕਰੇ ਅਤੇ ਭਾਵੇਂ ਉਨ੍ਹਾਂ ਨੂੰ ਏਸ

ਗੱਲ ਦਾ ਪਤਾ ਭੀ ਹੋਵੇ ਤਦ ਭੀ ਉਨ੍ਹਾਂ ਦਾ ਕੋਈ ਫ਼ਰਜ਼ ਨਹੀਂ ਕਿ ਪੁਲੀਸ ਆਦਿ ਨੂੰ ਰੀਪੋਰਟ ਦੇਣ। ਗੱਲਾਂ ਬਾਤਾਂ ਤੋਂ ਡਗਲਸ ਫ਼ੋਰਸੀਥ ਏਸ ਸਿੱਟੇ 'ਤੇ ਪਹੁੰਚੇ ਕਿ ਬਾਬਾ ਜੀ ਬੜੇ ਹੀ ਖ਼ਤਰਨਾਕ ਹਨ, ਏਸ ਲਈ ਸਰਕਾਰ ਹਿੰਦ ਪਾਸੋਂ ਉਨ੍ਹਾਂ ਅਤੇ ਉਨ੍ਹਾਂ ਦੇ ਉੱਘੇ ਦਸਾਂ ਸੂਬਿਆਂ ਨੂੰ ਰੈਗੂਲੇਸ਼ਨ ਥਰਡ ਆਫ਼ ੧੮੧੮ (Regulation III of 1818) ਦੇ ਹੇਠਾਂ ਨਜ਼ਰਬੰਦ ਕਰਨ ਲਈ ਆਗਿਆ ਮੰਗੀ, ਜਿਹੜੀ ਕਿ ਦਿੱਤੀ ਗਈ। ਸੋ ਬਾਬਾ ਜੀ ਅਤੇ ਉਨ੍ਹਾਂ ਦੇ ਦਸ ਸਾਥੀ ਪੰਜਾਬ ਤੋਂ ਅਲਾਹਾਬਾਦ ਭੇਜੇ ਗਏ ਅਤੇ ਫੇਰ ਕੁਝ ਸਮੇਂ ਪਿਛੋਂ ਰੰਗੂਨ ਛਾਵਣੀ ਭੇਜੇ ਗਏ। ਉਨ੍ਹਾਂ ਦਸਾਂ ਸੂਬਿਆਂ ਦੇ ਨਾਂ ਇਹ ਹਨ :

(੧) ਭਾਈ ਸਾਹਿਬ ਸਿੰਘ ਜੀ, (੨) ਭਾਈ ਰੂੜ ਸਿੰਘ ਜੀ, (੩) ਭਾਈ ਲੱਖਾ ਸਿੰਘ ਜੀ, (੪) ਭਾਈ ਕਾਹਨ ਸਿੰਘ ਜੀ, (੫) ਭਾਈ ਬਰ੍ਹਮਾ ਸਿੰਘ ਜੀ, (੬) ਭਾਈ ਜਵਾਹਰ ਸਿੰਘ ਜੀ, (੭) ਭਾਈ ਮਲਕ ਸਿੰਘ ਜੀ, (੮) ਭਾਈ ਮਾਨ ਸਿੰਘ ਜੀ, (੯) ਭਾਈ ਹੁਕਮਾ ਸਿੰਘ ਜੀ, (੧੦) ਭਾਈ ਪਹਾੜਾ ਸਿੰਘ ਜੀ।

ਮਲੇਰ ਕੋਟਲੇ ਦਾ ਹਾਲ ਵਿਚੇ ਹੀ ਛੱਡ ਆਇਆ ਹਾਂ, ਜਿਸ ਦਾ ਜ਼ਿਕਰ ਅੱਗੇ ਕੀਤਾ ਜਾਵੇਗਾ। ਮਲੇਰ ਕੋਟਲੇ ਦੇ ਹਾਲਾਂ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਸਰਕਾਰੀ ਅਫ਼ਸਰਾਂ ਵਿਚ ਹੋਈ ਖ਼ਤੋ-ਕਿਤਾਬਤ ਨੂੰ ਚੰਗੀ ਤਰ੍ਹਾਂ ਵਾਚਿਆ ਜਾਵੇ। ਏਥੇ ਖ਼ਤਾਂ ਦਾ ਸਾਫ਼ ਸ਼ਬਦਾਂ ਵਿਚ ਟੀਕਾ ਕੀਤਾ ਗਿਆ ਹੈ। ਖ਼ਤ ਲਿਖਣ ਦੀ ਤਰੀਕ ਅਤੇ ਵੇਲਾ ਆਦਿ ਦਾ ਖ਼ਿਆਲ ਰੱਖਣਾ ਚਾਹੀਦਾ ਹੈ, ਨਹੀਂ ਤਾਂ ਅਸਲੀ ਹਾਲਾਤ ਨਹੀਂ ਸਮਝੇ ਜਾ ਸਕਦੇ। ਬਰੈਕਟਾਂ ਵਿਚ ਸ਼ਬਦ ਮੇਰੇ ਹਨ।

੧੬ ਜਨਵਰੀ, ਸਵਾ ਨੌਂ ਵਜੇ ਸ਼ਾਮ ਦੇ, ਮਲੌਧ ਤੋਂ ਐਲ. ਕਾਵਨ, ਡਿਪਟੀ ਕਮਿਸ਼ਨਰ, ਨੇ ਪੰਜਾਬ ਗਵਰਨਮੈਂਟ ਨੂੰ ਹੇਠ-ਲਿਖੀ ਤਾਰ ਦਿੱਤੀ :

"ਜਿਹੜੇ ਆਦਮੀ ਮਲੌਧ ਪਕੜੇ ਹੋਏ ਹਨ ਉਨ੍ਹਾਂ ਦੇ ਉਲਟ ਸਬੂਤ (ਮਲੌਧ ਉਤੇ ਹਮਲਾ ਕਰਨ ਬਾਬਤ) ਬਿਲਕੁਲ ਪੱਕੇ ਹਨ। ਮੈਨੂੰ ਆਗਿਆ ਹੋਵੇ ਕਿ ਮੈਂ ਉਨ੍ਹਾਂ ਦਾ ਉਸੇ ਥਾਂ ਖ਼ਾਤਮਾ ਕਰ ਦੇਵਾਂ।"

ਏਸ ਤਾਰ ਦੇ ਸੰਬੰਧ ਵਿਚ ਸਰ ਡਗਲਸ ਫ਼ੋਰਸੀਥ ਨੇ ਪੰਜਾਬ ਗਵਰਨਮੈਂਟ ਵੱਲ ਤਾਰ ਦਿੱਤੀ ਅਤੇ ਕਿਹਾ ਕਿ :

"ਕਾਵਨ ਦੀ ਤਾਰ (ਜਿਹੜੀ ਕਿ ਉਤੇ ਦਰਜ ਹੈ) ਦੇ ਸੰਬੰਧ ਵਿਚ, ਜਿਸ ਵਿਚ ਕਿ ਉਸ ਨੇ ਚਾਰ ਆਦਮੀਆਂ ਨੂੰ ਮੌਤ ਦੀ ਸਜ਼ਾ ਦੇਣ ਬਾਬਤ ਲਿਖਿਆ ਹੈ, ਅਜਿਹੇ ਵਤੀਰੇ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਹੋਰ ਜੋਸ਼ ਵਧਾ ਦੇਵੇਗਾ ਅਤੇ ਚੰਗਾ ਇਹ ਹੈ ਕਿ ਜੋਸ਼ ਘਟ ਕੀਤਾ ਜਾਵੇ। ਮੈਂ ਮੌਕੇ 'ਤੇ ਮੌਜੂਦ ਹਾਂ, ਏਸ ਕਾਨੂੰਨ ਅਨੁਸਾਰ ਸਜ਼ਾਵਾਂ ਆਦਿ ਦੇ ਸਕਦਾ ਹਾਂ।"

ਓਸ ਦਿਨ ਸੋਲ੍ਹਾਂ (੧੬) ਜਨਵਰੀ, ਸਾਢੇ ਸਤ ਵਜੇ ਸ਼ਾਮ ਦੇ, ਮਲੇਰ ਕੋਟਲੇ ਤੋਂ ਕਾਵਨ ਨੇ ਫ਼ੋਰਸੀਥ ਨੂੰ ਹੇਠ-ਲਿਖਿਆ ਖ਼ਤ ਲਿਖਿਆ :

"....ਮੈਂ ਆਪ ਨੂੰ ਖ਼ਬਰ ਕਰਦਾ ਹਾਂ ਕਿ ਇਥੇ ਬਿਲਕੁਲ ਅਮਨ ਚੈਨ ਹੈ, ਆਪ

ਨੂੰ ਮਲੇਰ ਕੋਟਲੇ ਆਉਣ ਦੀ ਲੋੜ ਨਹੀਂ।"

"ਬਾਗ਼ੀਆਂ ਦੀ ਟੋਲੇ ਦੀ ਗਿਣਤੀ ਇਕ ਸੌ ਪੰਝੀ ਤੋਂ ਵਧ ਕਦੇ ਨਹੀਂ ਹੋਈ। ਇਨ੍ਹਾਂ ਵਿਚੋਂ ਮਲੌਂਧ ਵਿਚ ਦੋ ਮਰੇ ਤੇ ਚਾਰ ਪਕੜੇ ਗਏ। ਕੋਟਲੇ ਵਿਚ ਅੱਠ ਮਰੇ ਤੇ ਇਕੱਤੀ ਪਕੜੇ ਗਏ। ਪੰਝੀ ਜਾਂ ਛੱਬੀ ਦੌੜ ਗਏ। ਪਰੰਤੂ ੬੮ (ਅਠਾਠ), ਜਿਨ੍ਹਾਂ ਵਿਚ ਸਤਾਈ ਫੱਟੜ ਸਨ, ਪਟਿਆਲਾ ਰਿਆਸਤ, ਪਿੰਡ ਰੜ੍ਹ ਵਿਚ ਪਕੜੇ ਗਏ ਹਨ। ਇਹ ਪਿੰਡ ਇਥੋਂ ਬਾਰ੍ਹਾਂ ਮੀਲ ਹੈ। ਸੋ ਇਸ ਤਰ੍ਹਾਂ ਲਗਪਗ ਸਾਰੇ ਦਾ ਸਾਰਾ ਟੋਲਾ ਤਬਾਹ ਕੀਤਾ ਗਿਆ। ਮੇਰੀ ਸਲਾਹ ਹੈ ਕਿ ਮੈਂ ਕਲ੍ਹ ਦਿਨ-ਚੜ੍ਹੇ ਸਾਰੇ ਕੈਦੀਆਂ ਨੂੰ ਜਾਂ ਤਾਂ ਤੋਪਾਂ ਅਗੇ ਉਡਾ ਦਿਆਂ ਜਾਂ ਫਾਂਸੀ ਲਾ ਦਿਆਂ। ਇਹ ਜ਼ਰੂਰੀ ਹੈ ਕਿ ਸ਼ੀਘਰ ਹੀ ਸਖ਼ਤ ਸਜ਼ਾ ਦਿਤੀ ਜਾਵੇ, ਤਾਕਿ ਇਹ ਬੀਮਾਰੀ ਵਧ ਨਾ ਜਾਵੇ। ਇਹ ਮੈਨੂੰ ਪਤਾ ਹੈ ਕਿ ਮੈਂ ਬੜੀ ਭਾਰੀ ਜ਼ਿੰਮੇਵਾਰੀ ਉਠਾ ਰਿਹਾ ਹਾਂ, ਪਰੰਤੂ ਮੈਨੂੰ ਤਸੱਲੀ ਹੈ ਕਿ ਮੈਂ ਠੀਕ ਕੰਮ ਕਰ ਰਿਹਾ ਹਾਂ ਆਦਿ.....।"

ਏਸ ਖ਼ਤ ਦਾ ਉੱਤਰ ਸਤਾਰਾਂ ਜਨਵਰੀ ਨੂੰ ਲੁਧਿਆਣੇ ਤੋਂ ਹੇਠ-ਲਿਖਿਆ ਆਇਆ:

"....ਬੇਨਤੀ ਹੈ (ਐਡੇ ਜ਼ਰੂਰੀ ਖ਼ਤ ਦੇ ਉੱਤਰ ਵਿਚ 'ਬੇਨਤੀ' ਸ਼ਬਦ ਨੋਟ ਕੀਤਾ ਜਾਵੇ) ਕਿ ਤੁਸੀਂ ਉਨ੍ਹਾਂ ਆਦਮੀਆਂ ਦੇ ਉਲਟ ਜਿਹੜੇ ਕਿ ਆਪ ਦੀ ਰਾਏ ਵਿਚ ਮੌਤ ਦੀ ਸਜ਼ਾ ਦੇ ਹਕਦਾਰ ਹਨ, ਮੁਕੱਦਮਾ ਤਿਆਰ ਕਰੋ, ਤਾਂ ਮੈਂ ਫੇਰ ਝਟ ਪਟ ਹੁਕਮ ਸਾਦਰ ਕਰ ਦਿਆਂਗਾ। ਤੁਹਾਡੀ ਜਿਹੜੀ ਸਲਾਹ ਜਲਦੀ ਕਰਨ ਦੀ ਹੈ, ਸਤਿਕਾਰ ਨਾਲ ਦੇਖ ਕੇ, ਮੇਰਾ ਖ਼ਿਆਲ ਹੈ ਕਿ ਮਾਮਲਾ ਐਡਾ ਜ਼ਰੂਰੀ ਨਹੀਂ ਅਤੇ ਕਾਨੂੰਨੀ ਰਾਹ ਛਡਣ ਦੀ ਲੋੜ ਨਹੀਂ ਭਾਸਦੀ।"

ਇਥੇ ਹੀ ਇਕ ਹੋਰ ਬੜੇ ਜ਼ਰੂਰੀ ਖ਼ਤ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਜਦ ਫ਼ੋਰਸੀਥ ਨੂੰ ਨਾਮਧਾਰੀਆਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਪਹੁੰਚੀ, ਤਦ ਓਸ ਨੇ ਇਕ ਅੱਧ-ਸਰਕਾਰੀ ਖ਼ਤ ਕਾਵਨ ਵਲ ਲਿਖਿਆ, ਜਿਸ ਬਾਬਤ ਫ਼ੋਰਸੀਥ ਲਿਖਦਾ ਹੈ:

"ਮੈਂ ਕਾਵਨ ਵਲ ਖ਼ਤ ਲਿਖਿਆ ਅਤੇ ਕਿਹਾ ਕਿ ਜਦ ਤਕ ਮੈਂ ਉਨ੍ਹਾਂ ਕੈਦੀਆਂ ਨੂੰ ਮੁਕੱਦਮੇ ਲਈ ਲੁਧਿਆਣੇ ਲਿਆਉਣ ਲਈ ਗਾਰਡ (Guard) ਨਾ ਭੇਜਾਂ ਓਦੋਂ ਤਕ ਪਟਿਆਲੇ ਦੇ ਅਫ਼ਸਰਾਂ ਨੇ ਜਿਹੜੇ ਆਦਮੀ ਪਕੜੇ ਹਨ, ਉਹ ਉਨ੍ਹਾਂ ਦੀ ਨਿਗਰਾਨੀ ਹੇਠ ਹੀ ਰਹਿਣ ਦੇਣੇ ਚਾਹੀਦੇ ਹਨ।"

ਉਪਰ-ਲਿਖਿਆ ਖ਼ਤ ਦੱਸਦਾ ਹੈ ਕਿ ਫ਼ੋਰਸੀਥ ਨੇ ਕਾਵਨ ਨੂੰ ਦਸਿਆ ਸੀ ਕਿ ਕੈਦੀਆਂ ਉਤੇ ਲੁਧਿਆਣੇ ਵਿਚ ਮੁਕੱਦਮਾ ਚਲਾਇਆ ਜਾਵੇਗਾ। ਇਹ ਖ਼ਤ ਕਾਵਨ ਨੂੰ ਸਤਾਰਾਂ ਜਨਵਰੀ ਸਵੇਰੇ ਪਹੁੰਚਿਆ, (ਨਾਮਧਾਰੀਆਂ ਨੂੰ ਸਤਾਰਾਂ ਤਰੀਕ ਸ਼ਾਮ ਨੂੰ ਮਾਰਿਆ ਗਿਆ) ਏਸ ਖ਼ਤ ਬਾਬਤ ਕਾਵਨ ਏਸ ਤਰ੍ਹਾਂ ਲਿਖਦਾ ਹੈ:

"ਸਤਾਰਾਂ ਤਰੀਕ ਸਵੇਰੇ ਜਦ ਕਿ ਮੈਂ ਘੋੜੇ ਤੇ ਸੈਰ ਕਰ ਰਿਹਾ ਸਾਂ ਤਾਂ ਮੈਨੂੰ ਫ਼ੋਰਸੀਥ ਦਾ ਇਕ ਖ਼ਤ ਮਿਲਿਆ। ਏਸ ਵਿਚ ਇਹ ਨਹੀਂ ਸੀ ਕਿਹਾ ਕਿ ਮੈਂ ਉਨ੍ਹਾਂ ਨੂੰ ਮੁਕੱਦਮੇ ਲਈ ਲੁਧਿਆਣੇ ਭੇਜਾਂ।.....ਏਸ ਵਿਚ ਕੇਵਲ ਇਹ ਹੀ ਲਿਖਿਆ ਸੀ

ਕਿ ਕੈਦੀਆਂ ਨੂੰ ਸ਼ੇਰਪੁਰ ਰਖਣਾ ਚਾਹੀਦਾ ਹੈ, ਕਿਉਂਕਿ ਕੈਦੀ ਸ਼ੇਰਪੁਰ ਛਡ ਚੁਕੇ ਸਨ ਅਤੇ ਕੋਟਲੇ ਦੇ ਲਾਗੇ ਸਨ, ਏਸ ਲਈ ਏਸ ਖ਼ਤ 'ਤੇ ਅਮਲ ਨਹੀਂ ਸੀ ਹੋ ਸਕਦਾ। ਮੈਂ ਖ਼ਤ ਨੂੰ ਜੇਬ ਵਿਚ ਪਾਇਆ ਅਤੇ ਮੁੜ ਏਸ ਦਾ ਕੋਈ ਖ਼ਿਆਲ ਨਾ ਕੀਤਾ।" (ਏਸ ਖ਼ਤ ਦਾ ਵਧੇਰੇ ਹਾਲ ਅਗੇ ਲਿਖਿਆ ਜਾਵੇਗਾ।)

੧੭ ਜਨਵਰੀ ੧੮੭੨ ਨੂੰ ਕਾਵਨ ਨੇ ਇਕ ਤਾਰ ਹੋਮ ਸੈਕਰੇਟਰੀ ਨੂੰ ਦਿੱਤੀ। ਜਿਸ ਦਾ ਇਹ ਭਾਵ ਸੀ ਕਿ ਸਭ ਚੁਪ-ਚਾਪ ਹੈ, ਕੋਈ ਗੜਬੜ ਆਦਿ ਨਹੀਂ, ਸਤਾਰਾਂ ਤਰੀਕ ਨੂੰ ਫ਼ੋਰਸੀਥ ਨੇ ਦੂਜਾ ਖ਼ਤ ਕਾਵਨ ਵੱਲ ਲਿਖਿਆ, ਜਿਸ ਵਿਚ ਓਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਕਿਸੇ ਆਦਮੀ ਨੂੰ ਮੌਤ ਦੀ ਸਜ਼ਾ ਨਾ ਦੇਵੇ। ਇਹ ਖ਼ਤ ਆਫ਼ੀਸ਼ਲ ਸੀ। ਕਿਉਂਕਿ ਇਹ ਖ਼ਤ ਕਾਵਨ ਨੂੰ ਵੇਲੇ ਸਿਰ ਨਹੀਂ ਪੁਜਾ, ਏਸ ਲਈ ਏਥੇ ਦੇਣ ਦੀ ਲੋੜ ਨਹੀਂ, ਕੇਵਲ ਸਾਰ ਹੀ ਯਾਦ ਰਖਣਾ ਚਾਹੀਦਾ ਹੈ।

ਕਾਵਨ ਦਾ ਇਹ ਪ੍ਰੋਗਰਾਮ ਸੀ ਕਿ ਪੰਜਾਹ ਆਦਮੀਆਂ ਨੂੰ ਕੋਟਲੇ ਵਿਚ ਅਤੇ ਸੋਲ੍ਹਾਂ ਆਦਮੀਆਂ ਨੂੰ ਮਲੌਧ ਵਿਚ ਤੋਪਾਂ ਅੱਗੇ ਉਡਾ ਦਿੱਤਾ ਜਾਂਦਾ। ਸੋ ਕੋਟਲੇ ਵਿਚ ਤੋਪਾਂ ਆਦਿ ਦਾ ਪਰਬੰਧ ਕੀਤਾ ਗਿਆ। ਸ਼ਾਮ ਨੂੰ ਪੰਜਾਹ ਕੈਦੀ ਜਕੜ ਕੇ ਬਾਹਰ ਲੈ ਆਂਦੇ ਗਏ ਅਤੇ ਛੋਟੀਆਂ ਛੋਟੀਆਂ ਟੋਲੀਆਂ ਵਿਚ ਵਾਰੋ-ਵਾਰੀ ਸਾਰਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਪਟਿਆਲਾ, ਨਾਭਾ, ਜੀਂਦ ਅਤੇ ਕੋਟਲੇ ਦੀਆਂ ਫ਼ੌਜਾਂ ਦੀ ਮੌਜੂਦਗੀ ਵਿਚ ਉਡਾ ਦਿੱਤਾ ਗਿਆ। ਆਖ਼ਰੀ ਜਥੇ ਵਿਚ ਇਕ ਜਵਾਨ ਮੁੰਡਾ ਸੀ, ਜਿਸ ਦੀ ਉਮਰ ਕੋਈ ਤੇਰ੍ਹਾਂ ਸਾਲ ਦੱਸਦੇ ਹਨ, ਨੂੰ ਕਾਵਨ ਨੇ ਕਿਹਾ ਕਿ ਉਹ....ਰਾਮ ਸਿੰਘ ਦੇ ਮਗਰ ਕਿਉਂ ਲੱਗਾ ਹੋਇਆ ਹੈ। ਬਾਬਾ ਜੀ ਮਹਾਰਾਜ ਦੀ ਬੇਇੱਜ਼ਤੀ ਸੁਣ ਕੇ ਓਸ ਜਵਾਨ ਮੁੰਡੇ ਨੇ ਕਾਵਨ ਨੂੰ ਝਪਟ ਮਾਰ ਕੇ ਦਾੜ੍ਹੀਓਂ ਜਾ ਪਕੜਿਆ ਅਤੇ ਓਸ ਦਾ ਗਲ ਘੁਟਣਾ ਚਾਹਿਆ। ਕੋਲ ਖੜੇ ਫ਼ੌਜੀਆਂ ਨੇ ਗਭਰੂ ਦੇ ਟੁਕੜੇ ਟੁਕੜੇ ਕਰ ਦਿਤੇ। ਓਦੋਂ ਤਕ ਓਸ ਨੇ ਹਥੋਂ ਦਾੜ੍ਹੀ ਨਾ ਛੱਡੀ ਜਦ ਤਕ ਕਿ ਓਸ ਦੇ ਹੱਥ ਨਾ ਕੱਟ ਦਿੱਤੇ ਗਏ। ਮੈਨੂੰ ਓਸ ਗਭਰੂ ਦਾ ਨਾਂ ਆਦਿ ਦਾ ਪਤਾ ਨਹੀਂ ਲਗ ਸਕਿਆ। ਸਾਰੇ ਸਿਖ ਪਹਿਲਾਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਂਦੇ ਰਹੇ।

ਸਤਾਰਾਂ ਤਰੀਕ ਨੂੰ ਜਿਹੜਾ ਖ਼ਤ ਫ਼ੋਰਸੀਥ ਨੇ ਕਾਵਨ ਵਲ ਲਿਖਿਆ ਸੀ (ਖ਼ਤ ਦਾ ਟੀਕਾ ਪਿਛੇ ਦਰਜ ਹੈ), ਓਸ ਬਾਬਤ ਕਾਵਨ ਕਹਿੰਦਾ ਹੈ ਕਿ ਓਸ ਨੂੰ ਇਹ ਖ਼ਤ ਓਦੋਂ ਪਹੁੰਚਿਆ ਜਦ ਕਿ ਅਖ਼ੀਰੀ ਜਥਾ ਤੋਪਾਂ ਨਾਲ ਬੰਨਿਆ ਹੋਇਆ ਸੀ ਅਤੇ ਤੋਪਖ਼ਾਨੇ ਵਾਲੇ ਬਿਗਲ ਵੱਜਣ ਦੀ ਉਡੀਕ ਵਿਚ ਸਨ। ਏਸ ਲਈ ਉਹ ਉਨ੍ਹਾਂ ਆਦਮੀਆਂ ਨੂੰ ਛੱਡ ਨਹੀਂ ਸੀ ਸਕਦਾ, ਨਹੀਂ ਤਾਂ ਪਬਲਿਕ 'ਤੇ ਅਸਰ ਚੰਗਾ ਨਹੀਂ ਸੀ ਪੈਣਾ। ਉਹ ਅੱਗੇ ਕਹਿੰਦਾ ਹੈ ਕਿ ਓਸ ਨੇ ਖ਼ਤ ਪੜ੍ਹ ਕੇ ਮਿਸਟਰ ਈ: ਪਾਰਕਿਨਜ਼, ਸੁਪ੍ਰਿੰਟੈਂਡੈਂਟ ਪੁਲੀਸ ਨੂੰ ਦੇ ਦਿੱਤਾ ਅਤੇ ਕਿਹਾ ਕਿ ਇਹ ਆਦਮੀ ਛੱਡੇ ਨਹੀਂ ਜਾ ਸਕਦੇ। ਸਰਕਾਰ ਹਿੰਦ ਨੇ ਏਸ ਬਾਬਤ ਇਹ ਲਿਖਿਆ ਹੈ ਕਿ : "ਗਵਰਨਰ ਬਾ-ਇਜਲਾਸ ਨੂੰ ਸਮਝ ਨਹੀਂ ਪੈਂਦੀ ਕਿ ਇਸ ਵਿਚ ਕੀ ਮੁਸ਼ਕਲ ਸੀ (ਆਦਮੀਆਂ ਨੂੰ ਨਾ ਮਾਰਨ ਵਿਚ), ਪਾਸ ਖੜੇ ਲੋਕਾਂ ਨੂੰ ਕਾਰਨ ਦੱਸੇ ਬਿਨਾਂ ਤੋਪਾਂ ਅੱਗੇ ਉਡਾਣਾ

ਬੰਦ ਕੀਤਾ ਜਾ ਸਕਦਾ ਸੀ। ਕਾਵਨ ਦਾ ਇਹ ਸਾਫ਼ ਫ਼ਰਜ਼ ਸੀ ਕਿ ਉਹ ਫ਼ੋਰਸੀਥ ਦਾ ਹੁਕਮ ਮੰਨਦਾ, ਜਿਥੇ ਕਿ ਪੰਜ ਛੇ ਆਦਮੀਆਂ ਦੀ ਜਾਨ ਦਾ ਸਵਾਲ ਸੀ ਅਤੇ ਨਾਲ ਹੀ ਕੰਮ ਭੀ ਉਹ ਬੰਦ ਕਰਵਾਇਆ ਜਾ ਰਿਹਾ ਸੀ, ਜਿਹੜਾ ਕਿ ਬਿਲਕੁਲ ਹੀ ਕਾਨੂੰਨ ਦੇ ਉਲਟ ਸੀ।"

ਇਹ ਗੱਲ ਕਿ ਇਹ ਖ਼ਤ ਕਾਵਨ ਨੂੰ ਓਦੋਂ ਪਹੁੰਚਿਆ ਜਦ ਕਿ ਆਖ਼ਰੀ ਜਥਾ ਤੋਪਾਂ ਨਾਲ ਬੰਨ੍ਹਿਆ ਹੋਇਆ ਸੀ, ਭੀ ਗ਼ਲਤ ਮਲੂਮ ਹੁੰਦੀ ਹੈ। ਕਾਵਨ ਦੀ ਕਪਤਾਨ ਪੁਲੀਸ ਨਾਲ ਖ਼ਤ ਬਾਬਤ ਗੱਲ-ਬਾਤ ਦਾ ਜ਼ਿਕਰ ਉਤੇ ਦਿੱਤਾ ਜਾ ਚੁੱਕਾ ਹੈ। ਹੁਣ ਏਸ ਮਾਮਲੇ 'ਤੇ ਪੁਲੀਸ ਦੀ ਰੀਪੋਰਟ ਵਿਚੋਂ ਹੇਠ-ਲਿਖੇ ਸ਼ਬਦ ਇਥੇ ਦਿੰਦਾ ਹਾਂ। ਏਸ ਰੀਪੋਰਟ 'ਤੇ ਕਪਤਾਨ ਪੁਲੀਸ ਦੇ ਹੀ ਦਸਤਖ਼ਤ ਹਨ:

".....and in consequence arrangements were made for the executions to take place that evening, which were duly carried out, a letter from the commissioner arriving too late to stop the same."

"ਏਸ ਲਈ ਸਾਰਾ ਪਰਬੰਧ ਕੀਤਾ ਗਿਆ ਅਤੇ ਨਾਮਧਾਰੀਆਂ ਨੂੰ ਸ਼ਾਮ ਦੇ ਵੇਲੇ ਤੋਪਾਂ ਅੱਗੇ ਉਡਾਣਾ ਸੀ, (ਸਹੀ ਟੀਕਾ ਜਾਨੋਂ ਮਾਰਨਾ ਹੈ) ਸੋ ਇਹ ਕੁਝ ਕੀਤਾ ਗਿਆ। ਕਮਿਸ਼ਨਰ ਦਾ ਖ਼ਤ ਏਸ ਨੂੰ ਬੰਦ ਨਹੀਂ ਸੀ ਕਰ ਸਕਦਾ ਕਿਉਂਕਿ ਖ਼ਤ ਬਹੁਤ ਦੇਰ ਨਾਲ ਪਹੁੰਚਿਆ ਸੀ।"

ਇਸ ਤੋਂ ਇਹ ਸਾਫ਼ ਪਰਗਟ ਹੁੰਦਾ ਹੈ ਕਿ ਜੋ ਕੁਝ ਕਾਵਨ ਕਹਿੰਦਾ ਹੈ, ਉਹ ਸਰਾ-ਸਰ ਝੂਠ ਹੈ। ਇਸ ਰਿਪੋਰਟ (ਭਾਵੇਂ ਗੱਲ ਚੰਗੀ ਤਰ੍ਹਾਂ ਸਾਫ਼ ਨਹੀਂ ਕੀਤੀ) ਤੋਂ ਇਹ ਕੁਝ ਸਮਝ ਲਗਦੀ ਹੈ ਕਿ ਖ਼ਤ ਓਸ ਵੇਲੇ ਪੁਜਾ ਜਦੋਂ ਕਿ ਨਾਮਧਾਰੀਆਂ ਨੂੰ ਤੋਪਾਂ ਅੱਗੇ ਉਡਾਣ ਲਈ ਮਾਰਨ ਵਾਲੀ ਥਾਂ ਲਿਆਂਦਾ ਜਾ ਚੁੱਕਾ ਸੀ, ਜਾਂ ਉਨ੍ਹਾਂ ਨੂੰ ਦਸਿਆ ਜਾ ਚੁਕਾ ਸੀ ਕਿ ਉਹ ਤੋਪਾਂ ਅੱਗੇ ਰਖ ਕੇ ਉਡਾ ਦਿੱਤੇ ਜਾਣਗੇ।

ਸਰਕਾਰ ਹਿੰਦ ਨੇ ਏਸ ਖ਼ਤ ਦੇ ਪਹੁੰਚਣ ਦੀ ਹੋਰ ਪੁਛ-ਗਿਛ ਕੀਤੀ ਤਾਂ ਇਸੇ ਪੁਲੀਸ ਕਪਤਾਨ ਨੇ ਇਹ ਉੱਤਰ ਦਿੱਤਾ:

"......I beg to state that I remember Mr. Cowan receiving a letter previous to the conclusion of the execution at Kotla, but can not state the exact time of its receipt, nor the number of Kookas still undealt with."

"ਬਿਨੈ ਹੈ ਕਿ ਮੈਨੂੰ ਯਾਦ ਹੈ ਮਿਸਟਰ ਕਾਵਨ ਨੂੰ ਇਕ ਖ਼ਤ ਨਾਮਧਾਰੀਆਂ ਦੇ ਮਾਰਨ ਦਾ ਕੰਮ ਮੁਕਣ ਤੋਂ ਪਹਿਲਾਂ ਮਿਲਿਆ ਸੀ, ਪਰੰਤੂ ਮੈਂ ਏਸ ਦੇ ਪਹੁੰਚਣ ਦਾ ਠੀਕ ਸਮਾਂ ਦੱਸਣ ਦੇ ਅਸਮਰਥ ਹਾਂ ਅਤੇ ਮੈਂ ਨਹੀਂ ਦੱਸ ਸਕਦਾ ਹਾਂ ਕਿ ਕਿਤਨੇ ਨਾਮਧਾਰੀ ਉਸ ਵੇਲੇ ਬਾਕੀ ਜੀਊਂਦੇ ਸਨ।"

ਪੁਲੀਸ ਕਪਤਾਨ ਦੇ ਦੋਵੇਂ ਬਿਆਨ ਕਾਫ਼ੀ ਗੁੰਝਲਦਾਰ ਹਨ, ਪਰੰਤੂ ਜੋ ਕੁਝ ਕਾਵਨ ਕਹਿੰਦਾ ਹੈ ਉਨ੍ਹਾਂ ਦੀ ਤਾਈਦ ਨਹੀਂ ਕਰਦੇ। ਇਨ੍ਹਾਂ ਦਾ ਠੀਕ ਮਤਲਬ ਤਾਂ ਇਹੋ ਨਿਕਲਦਾ ਹੈ ਜੋ ਮੈਂ ਉਤੇ ਦੱਸ ਚੁਕਾ ਹਾਂ, ਕਿ ਕਾਵਨ ਸਰਾਸਰ ਝੂਠ ਬੋਲਦਾ ਹੈ।

੧੭ ਤਰੀਕ ਨੂੰ ਕਾਵਨ ਫ਼ੋਰਸੀਥ ਨੂੰ ਖ਼ਤ ਲਿਖਦਾ ਤੇ ਕਹਿੰਦਾ ਹੈ:

"....ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਉਹ ਕੰਮ ਕਰਦਾ ਹਾਂ ਜਿਸ ਦਾ ਮੈਨੂੰ ਕੋਈ ਹੱਕ ਨਹੀਂ। ਸਮੇਂ ਸਿਰ ਕੋਟਲੇ ਵਿਚ ਕੀਤੀ ਤਿਆਰੀ ਨੇ ਉਨ੍ਹਾਂ (ਨਾਮਧਾਰੀਆਂ) ਦਾ ਜਤਨ ਨਿਸਫਲ ਕਰ ਦਿੱਤਾ, ਪਟਿਆਲਾ ਅਫ਼ਸਰਾਂ ਦੇ ਜਤਨ ਨਾਲ ਬਗ਼ਾਵਤ ਦਾ ਨਿਕੰਮਾ ਜਤਨ (miserable attempt at rebellion) ਜੜ੍ਹ ਤੋਂ ਉਖੇੜ ਦਿੱਤਾ। ਇਹ ਗੱਲ ਤਾਂ ਪੱਕੀ ਹੈ ਕਿ ਨਾਮਧਾਰੀਆਂ ਨੂੰ ਪਹਿਲੇ ਹਮਲਿਆਂ ਵਿਚ ਘੋੜੇ, ਹਥਿਆਰ ਅਤੇ ਖ਼ਜ਼ਾਨੇ ਮਿਲ ਜਾਂਦੇ ਤਾਂ ਉਨ੍ਹਾਂ ਨਾਲ ਦੇਸ਼ ਦੇ ਹੋਰ ਬਦਮਾਸ਼ ਭੀ ਮਿਲ ਜਾਂਦੇ ਅਤੇ ਫੇਰ ਸੌਖੇ ਨਾ ਦਬਾਏ ਜਾਂਦੇ,.......ਲਫੰਗੇ ਚੰਗੀ ਤਰ੍ਹਾਂ ਸਿੱਧੇ ਹੋ ਗਏ (Ruffians were completely cowed down)। ਪਟਿਆਲਾ, ਨਾਭਾ, ਜੀਂਦ ਨੇ ਮੇਰਾ ਖ਼ਤ ਪਹੁੰਚਣ ਦੇ ਇਕ ਘੰਟੇ ਅੰਦਰ ਤੋਪਖ਼ਾਨਾ, ਰਸਾਲਾ ਅਤੇ ਫ਼ੌਜ ਭੇਜ ਦਿੱਤੀ ਸੀ।"

ਮਿਸਟਰ ਕਾਵਨ ਨੇ ਇਕ ਤਰੀਕ ਨੂੰ ਫ਼ੋਰਸੀਥ ਵੱਲ ਖ਼ਤ ਲਿਖਿਆ, ਜਿਸ ਵਿਚ ਹੇਠ-ਲਿਖੇ ਸ਼ਬਦ ਆਉਂਦੇ ਹਨ:

"ਕਿਉਂਕਿ ਲਾਗੇ ਦੀਆਂ ਰਿਆਸਤਾਂ ਤੋਂ ਫ਼ੌਜੀ ਸਹਾਇਤਾ ਆਦਿ ਆ ਗਈ ਸੀ ਜਾਂ ਨੇੜੇ ਸੀ, ਇਸ ਵਾਸਤੇ ਮੇਰਾ ਯਕੀਨ ਸੀ ਕਿ ਏਸ ਫ਼ੌਜ ਦੇ ਹੁੰਦਿਆਂ ਅਤੇ ਜਿਹੜਾ ਮੈਂ ਜਲਦੀ ਨਾਲ ਪਰਬੰਧ ਕੀਤਾ ਸੀ, ਦੇ ਹੁੰਦਿਆਂ, ਕੋਟਲੇ ਉਤੇ ਜਾਂ ਨੇੜੇ-ਤੇੜੇ ਹਮਲੇ ਦਾ ਕੋਈ ਡਰ ਨਹੀਂ ਸੀ ਰਿਹਾ।"

ਜਦ ਹੋਰ ਨਾਮਧਾਰੀਆਂ ਨੂੰ ਪਤਾ ਲੱਗਾ ਕਿ ਕੁਝ ਨਾਮਧਾਰੀਆਂ ਨੇ ਮਲੌਧ ਅਤੇ ਮਲੇਰ ਕੋਟਲੇ 'ਤੇ ਹਮਲਾ ਕਰ ਦਿੱਤਾ ਹੈ ਤਾਂ ਉਹ ਸੈਂਕੜਿਆਂ ਦੀ ਗਿਣਤੀ ਵਿਚ ਮਲੇਰ ਕੋਟਲੇ ਵਲ ਆਉਣ ਲੱਗੇ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਸਿਖ ਬਾਬਾ ਰਾਮ ਸਿੰਘ ਜੀ ਦੇ ਹੁਕਮ ਅੰਦਰ ਨਹੀਂ ਆਏ ਅਤੇ ਨਾ ਹੀ ਇਨ੍ਹਾਂ ਨੂੰ ਸਫਲਤਾ ਹੋਈ ਹੈ, ਤਾਂ ਉਹ ਵਾਪਸ ਮੁੜ ਗਏ। ਕਈ ਅਜਿਹੇ ਸੱਜਣ ਸਨ ਜਿਹੜੇ ਵਾਪਸ ਨਹੀਂ ਸਨ ਮੁੜਦੇ, ਕਿਉਂਕਿ ਉਹ ਘਰ-ਬਾਰ ਸਭ ਵੇਚ ਵੱਟ ਆਏ ਸਨ। ਅਜਿਹੇ ਸੱਜਣ ਗ੍ਰਿਫ਼ਤਾਰ ਕੀਤੇ ਜਾਂਦੇ ਰਹੇ। ਇਹ ਸਭ ਕੁਝ ਓਦੋਂ ਹੋਇਆ ਜਦ ਕਿ ਮਲੇਰ ਕੋਟਲੇ ਪਕੜੇ ਹੋਏ ਕੈਦੀ ਅਜੇ ਮਾਰੇ ਨਹੀਂ ਸੀ ਗਏ। ਇਹ ਗੱਲ ਯਾਦ ਰੱਖਣੀ ਬੜੀ ਜ਼ਰੂਰੀ ਹੈ।

ਸਰ ਡਗਲਸ ਫ਼ੋਰਸੀਥ ਭੀ ਮਲੇਰ ਕੋਟਲੇ ਆ ਗਿਆ। ਟੁਰਨ ਤੋਂ ਪਹਿਲਾਂ ਓਸ ਨੂੰ ਸਾਰਾ ਕੁਝ ਪਤਾ ਲਗ ਚੁਕਾ ਸੀ। ਸੋ ਓਸ ਨੇ ਕਾਵਨ ਨੂੰ ਇਕ ਖ਼ਤ ਲਿਖਿਆ, ਜਿਹੜਾ ਕਿ ਏਸ ਤਰ੍ਹਾਂ ਸੀ:

"My dear Cowan,

I fully approve and confirm all you have done, you have

acted admirably. I am coming out.

Yours Sincerely,
T. D. Forsyth"

"ਮੇਰੇ ਪਿਆਰੇ ਕਾਵਨ,

ਜੋ ਕੁਝ ਤੁਸਾਂ ਕੀਤਾ ਹੈ, ਮੈਂ ਉਸ ਸਾਰੇ ਨਾਲ ਪੂਰਨ ਤੌਰ 'ਤੇ ਸਹਿਮਤ ਹਾਂ ਅਤੇ ਇਸ ਦੀ ਤਸਦੀਕ ਕਰਦਾ ਹਾਂ। ਤੁਸਾਂ ਸਭ ਕੁਝ ਸ਼ਲਾਘਾ-ਯੋਗ ਢੰਗ ਨਾਲ ਕੀਤਾ ਹੈ। ਮੈਂ ਵੀ ਆ ਰਿਹਾ ਹਾਂ।

ਤੁਹਾਡਾ ਹਿਤੂ,
ਡੀ. ਟੀ. ਫ਼ੋਰਸੀਥ"

ਇਹ ਖ਼ਤ ਡੈਮੀ-ਆਫ਼ੀਸ਼ਲ ਸੀ ਅਤੇ ਫ਼ੋਰਸੀਥ ਕਹਿੰਦਾ ਹੈ ਕਿ ਓਸ ਪਾਸ ਇਸ ਦੀ ਨਕਲ ਨਹੀਂ। ਫ਼ੋਰਸੀਥ ਇਹ ਭੀ ਕਹਿੰਦਾ ਹੈ, ਓਸ ਨੇ ਉਸ ਨੂੰ ਇਨ੍ਹਾਂ ਸ਼ਬਦਾਂ ਵਿਚ ਖ਼ਤ ਨਹੀਂ ਲਿਖਿਆ ਅਤੇ ਨਾ ਹੀ ਐਤਨੀ ਕਾਵਨ ਦੀ ਸ਼ਲਾਘਾ ਕੀਤੀ ਹੈ। ਕਾਵਨ ਕਹਿੰਦਾ ਹੈ ਕਿ ਫ਼ੋਰਸੀਥ ਨੇ ਉਪਰ-ਲਿਖਿਆ ਖ਼ਤ ਲਿਖਿਆ ਹੈ, ਪਰੰਤੂ ਕਾਵਨ ਨੇ ਇਹ ਖ਼ਤ ਸਰਕਾਰ ਹਿੰਦ ਦੇ ਮੂਹਰੇ ਪੇਸ਼ ਨਹੀਂ ਕੀਤਾ। ਏਸ ਤੋਂ ਸਾਬਤ ਹੁੰਦਾ ਹੈ ਕਿ ਫ਼ੋਰਸੀਥ ਸੱਚਾ ਹੈ। ਫ਼ੋਰਸੀਥ ਦਾ ਉਹ ਖ਼ਤ, ਜਿਹੜਾ ਕਿ ਕਾਵਨ ਨੂੰ ੧੭ ਤਰੀਕ ਸਵੇਰੇ ਮਿਲਿਆ ਸੀ, ਓਸ ਦੀ ਕਾਪੀ ਭੀ ਫ਼ੋਰਸੀਥ ਪਾਸ ਨਹੀਂ ਸੀ। ਉਹ ਭੀ ਉਪਰ-ਲਿਖੇ ਖ਼ਤ ਵਾਂਗ ਡੈਮੀ-ਆਫ਼ੀਸ਼ਲ ਸੀ, ਏਸ ਲਈ ਫ਼ੋਰਸੀਥ ਨੇ ਦੂਜੀ ਕਾਪੀ ਪਾਸ ਨਹੀਂ ਰੱਖੀ। ਸਰਕਾਰ ਹਿੰਦ ਨੇ ਏਸ ਖ਼ਤ ਦੀ ਕਾਵਨ ਤੋਂ ਪੁਛ ਕੀਤੀ, ਪਰੰਤੂ ਕਾਵਨ ਨੇ ਉੱਤਰ ਦਿੱਤਾ ਕਿ ਇਹ ਖ਼ਤ ਓਸ ਪਾਸੋਂ ਗੁੰਮ ਹੋ ਗਿਆ ਹੈ। ਅਸਲੀ ਗੱਲ ਤਾਂ ਇਹ ਹੈ ਕਿ ਏਸ ਵਿਚ ਫ਼ੋਰਸੀਥ ਨੇ ਲਿਖਿਆ ਸੀ ਕਿ ਉਹ ਕੈਦੀਆਂ 'ਤੇ ਮੁਕੱਦਮਾ ਚਲਾਣਾ ਚਾਹੁੰਦਾ ਹੈ। ਇਨ੍ਹਾਂ ਹਾਲਤਾਂ ਵਿਚ ਕਾਵਨ ਕੈਦੀਆਂ ਨੂੰ ਮਾਰ ਨਹੀਂ ਸੀ ਸਕਦਾ। ਜੇ ਉਹ ਇਹ ਖ਼ਤ ਪੇਸ਼ ਕਰਦਾ ਤਾਂ ਫਸਦਾ ਸੀ, ਏਸ ਲਈ ਜਿਹੜੇ ਦੋਵੇਂ ਖ਼ਤ ਕਾਵਨ ਦੇ ਉਲਟ ਜਾਂਦੇ ਸਨ, ਉਹ ਓਸ ਨੇ ਸਰਕਾਰ ਹਿੰਦ ਦੇ ਪੇਸ਼ ਨਹੀਂ ਕੀਤੇ ਅਤੇ ਕਹਿ ਦਿੱਤਾ ਕਿ ਗੁੰਮ ਹੋ ਗਏ ਹਨ। ਇਹ ਗੱਲ ਤਾਂ ਠੀਕ ਹੈ ਕਿ ਉਸ ਨੇ ਕਾਵਨ ਦੀ ਤਾਈਦ ਕੀਤੀ, ਭਾਵੇਂ ਹੋਰ ਸ਼ਬਦਾਂ ਵਿਚ ਹੋਵੇਗੀ। ਫ਼ੋਰਸੀਥ ਦੇ ਆਉਣ ਉਤੇ ਕੋਟਲੇ ਵਿਚ ਤੀਹ ਕੁ ਆਦਮੀ ਬਾਕੀ ਸਨ, ਜਿਨ੍ਹਾਂ ਵਿਚ ਉਹ ਸੋਲ੍ਹਾਂ ਭੀ ਸਨ, ਜਿਨ੍ਹਾਂ ਨੂੰ ਕਿ ਕਾਵਨ ਮਲੌਧ ਤੋਪਾਂ ਅਗੇ ਉਡਾਣਾ ਚਾਹੁੰਦਾ ਸੀ। ਬਾਕੀ ਚੌਦਾਂ ਹਮਲੇ ਵੇਲੇ ਪਕੜੇ ਗਏ ਸਨ। ਇਨ੍ਹਾਂ ਸੋਲ੍ਹਾਂ 'ਤੇ ਮੁਕੱਦਮਾ ਚਲਾਇਆ। ਜਜ ਰਿਆਸਤ ਦੇ ਅਫ਼ਸਰ ਅਤੇ ਕਾਵਨ ਆਪ ਸੀ। ਉਨ੍ਹਾਂ ਨੇ ਮੌਤ ਦੀ ਸਜ਼ਾ ਦੀ ਮਨਜ਼ੂਰੀ ਮੰਗੀ, ਜਿਹੜੀ ਕਿ ਫ਼ੋਰਸੀਥ ਨੇ ਆ ਕੇ ਦੇ ਦਿੱਤੀ। ਸੋ ਇਨ੍ਹਾਂ ਸੋਲ੍ਹਾਂ ਨੂੰ ਮੌਤ ਦੀ ਸਜ਼ਾ ਹੋਈ। ਇਨ੍ਹਾਂ ਵਿਚੋਂ ਕਈਆਂ ਨੇ ਸਾਫ਼ ਸਾਫ਼ ਜੁਰਮ ਮੰਨਿਆ ਅਤੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਨੇ ਨਹੀਂ ਪਰੇਰਿਆ। ਉਨ੍ਹਾਂ ਨੂੰ ਅਕਾਲ ਪੁਰਖ ਦਾ ਹੁਕਮ ਹੋਇਆ ਅਤੇ ਉਹ ਕੋਟਲੇ ਆ ਗਏ। ਜਿਹੜੇ ਬਾਕੀ ਚੌਦ੍ਹਾਂ ਆਦਮੀ ਰਹੇ, ਉਨ੍ਹਾਂ ਦਾ ਪਤਾ ਨਹੀਂ, ਕੀ ਹੋਇਆ।

ਸ਼ਾਇਦ ਉਨ੍ਹਾਂ ਵਿਚੋਂ ਚਾਰ ਨੂੰ ਕਾਲੇ ਪਾਣੀ ਦਾ ਹੁਕਮ ਹੋਇਆ। ਸੋਲ੍ਹਾਂ ਆਦਮੀ, ਜਿਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ, ਉਹ ਇਹ ਹਨ:

ਅਲਬੇਲ ਸਿੰਘ, ਰੂੜ ਸਿੰਘ, ਅਰੂਪ ਸਿੰਘ, ਸ਼ਾਮ ਸਿੰਘ, ਭਗਤ ਸਿੰਘ, ਜਵਾਹਰ ਸਿੰਘ (ਰਿਆਸਤ ਪਟਿਆਲਾ)। ਕੇਸਰਾ ਸਿੰਘ, ਹੀਰਾ ਸਿੰਘ, ਸੋਭਾ ਸਿੰਘ (ਰਿਆਸਤ ਨਾਭਾ)। ਸੇਠਾ ਸਿੰਘ, ਸੋਭਾ ਸਿੰਘ, ਵਰਿਆਮ ਸਿੰਘ, ਸੁਜਾਨ ਸਿੰਘ, ਬੇਲਾ ਸਿੰਘ (ਜ਼ਿ: ਲੁਧਿਆਣਾ)। ਹਾਕਮ ਸਿੰਘ (ਝੁਬਾਲ, ਅੰਮ੍ਰਿਤਸਰ)। ਵਰਿਆਮ ਸਿੰਘ (ਜ਼ਿ: ਫ਼ੀਰੋਜ਼ਪੁਰ)।

ਇਨ੍ਹਾਂ ਸਾਰਿਆਂ 'ਤੇ ਜੁਰਮ 'ਡਕੈਤੀ ਅਤੇ ਕਤਲ' ਸੀ ਅਤੇ ਦਫ਼ਾ ੩੯੬ ਹਿੰਦ-ਡੰਡਾਵਲੀ ਲੱਗੀ।

ਚਾਰ ਆਦਮੀ ਮਲੌਧ ਪਕੜੇ ਹੋਏ ਸਨ। ਇਨ੍ਹਾਂ ਨੂੰ ਫ਼ੋਰਸੀਥ ਨੇ 'ਡਕੈਤੀ ਅਤੇ ਕਤਲ' ਦੇ ਜੁਰਮ ਵਿਚ ਮੌਤ ਦੀ ਸਜ਼ਾ ਦਿੱਤੀ ਅਤੇ ਫੇਰ ਕਾਲੇ ਪਾਣੀਆਂ ਵਿਚ ਬਦਲ ਦਿੱਤੀ। ਇਨ੍ਹਾਂ ਦੇ ਨਾਂ ਭਾ: ਭਗਵਾਨ ਸਿੰਘ, ਭਾ: ਗਿਆਨ ਸਿੰਘ, ਭਾ: ਥੰਮਣ ਸਿੰਘ (ਰਿ: ਪਟਿਆਲਾ) ਅਤੇ ਭਾ: ਮਿਹਰ ਸਿੰਘ (ਅਲੀਵਾਲ, ਜਲੰਧਰ) ਸਨ। ਮਲੌਧ ਵਿਚ ਤਿੰਨ ਹੋਰ ਆਦਮੀ ਵੀ ਸਨ, ਪਰੰਤੂ ਇਨ੍ਹਾਂ ਬਾਬਤ ਜਥੇ ਵਿਚ ਹੋਣ ਦਾ ਸਬੂਤ ਨਹੀਂ। ਪਤਾ ਨਹੀਂ ਕਿ ਉਨ੍ਹਾਂ ਨਾਲ ਕੀ ਹੋਇਆ।

ਸਰ ਡਗਲਸ ਫ਼ੋਰਸੀਥ ਨੇ ਜਿਤਨੇ ਖ਼ਤ ਕਾਵਨ ਨੂੰ ਓਸ ਦੀ ਕਰਤੂਤ ਸੁਣਨ ਤੋਂ ਪਹਿਲਾਂ ਲਿਖੇ, ਉਨ੍ਹਾਂ ਸਾਰਿਆਂ ਵਿਚ ਕਾਵਨ ਨੂੰ ਹਦਾਇਤ ਕੀਤੀ ਸੀ ਕਿ ਉਹ ਕਾਨੂੰਨ ਦਾ ਉਲੰਘਣ ਨਾ ਕਰੇ। ਪੰਜਾਬ ਸਰਕਾਰ ਨੂੰ ਤਾਰ ਵਿਚ ਕਿਹਾ ਸੀ ਕਿ ਕਾਨੂੰਨ ਉਲੰਘਣ ਨਾਲ ਹੋਰ ਜੋਸ਼ ਵਧ ਜਾਵੇਗਾ। ਪਰੰਤੂ ਜਦ ਕਾਵਨ ਦੀ ਕਰਤੂਤ ਦਾ ਹਾਲ ਸੁਣਿਆ ਤਾਂ ਕਾਵਨ ਦੀ ਕਰਤੂਤ ਦੀ ਤਾਈਦ ਕਰ ਦਿੱਤੀ। ਜਿਹੜੇ ਸੋਲ੍ਹਾਂ ਆਦਮੀਆਂ ਨੂੰ ਕੋਟਲੇ ਮੌਤ ਦੀ ਸਜ਼ਾ ਦਿੱਤੀ, ਜੇ ਉਨ੍ਹਾਂ 'ਤੇ ਅੰਗਰੇਜ਼ੀ ਕਾਨੂੰਨ ਅਨੁਸਾਰ ਮੁਕੱਦਮਾ ਚਲਾਇਆ ਜਾਂਦਾ ਤਾਂ ਉਨ੍ਹਾਂ ਨੂੰ ਘਟ ਸਜ਼ਾ ਦਿਤੀ ਜਾ ਸਕਦੀ। ਏਸ ਗੱਲ ਨੂੰ ਫ਼ੋਰਸੀਥ ਭੀ ਮੰਨਦਾ ਹੈ। ਪਰੰਤੂ ਫ਼ੋਰਸੀਥ ਕਹਿੰਦਾ ਹੈ ਕਿ ਉਨ੍ਹਾਂ ਨੂੰ ਹੋਰ ਕਈਆਂ ਗੱਲਾਂ ਦਾ ਧਿਆਨ ਕਰਨਾ ਪੈਂਦਾ ਸੀ। ਉਨ੍ਹਾਂ ਵਿਚੋਂ ਵੱਡੀ ਗੱਲ ਇਹ ਸੀ ਕਿ ਉਸ ਨੂੰ ਕਾਵਨ ਦੀ ਤਾਈਦ ਕਰਨੀ ਪੈਂਦੀ ਸੀ, ਏਸ ਲਈ ਮੌਤ ਦੀ ਹੀ ਸਜ਼ਾ ਯੋਗ ਸੀ।

ਹੁਣ ਇੱਥੇ ਕਾਵਨ ਦੀ ਕਾਰਵਾਈ ਉਤੇ ਵਿਚਾਰ ਕਰਨੀ ਹੈ। ਕਾਵਨ ਦੇ ਸਾਰੇ ਪਿਛੇ ਦਿਤੇ ਗਏ ਖ਼ਤਾਂ ਤੋਂ ਪਰਗਟ ਹੁੰਦਾ ਹੈ:

(ੳ) ਨਾਮਧਾਰੀਆਂ ਦੀ ਗ੍ਰਿਫ਼ਤਾਰੀ ਤੋਂ ਪਿਛੋਂ ਸਭ ਤਰ੍ਹਾਂ ਅਮਨ ਚੈਨ ਸੀ।

(ਅ) ੬੮ ਆਦਮੀਆਂ ਨੂੰ ੪ ਆਦਮੀਆਂ ਦਾ ਗ੍ਰਿਫ਼ਤਾਰ ਕਰਨਾ ਦੱਸਦਾ ਹੈ ਕਿ ਨਾਮਧਾਰੀ ਅਗੋਂ ਹੋਰ ਕੁਝ ਨਹੀਂ ਸੀ ਕਰਨਾ ਚਾਹੁੰਦੇ।

(ੲ) ਕਾਵਨ ਦਾ ਖ਼ਤ ਪਹੁੰਚਣ ਦੇ ਇਕ ਘੰਟੇ ਅੰਦਰ ਸਿਖ ਰਿਆਸਤਾਂ ਦੀ ਸਹਾਇਤਾ ਪੁਜ ਗਈ ਸੀ।

(ਸ) ਰਿਆਸਤਾਂ ਦੀ ਸਹਾਇਤਾ ਨਾਲ ਅਤੇ ਜਿਹੜਾ ਕਾਵਨ ਨੇ ਪਰਬੰਧ ਕੀਤਾ

ਸੀ, ਉਸ ਨਾਲ ਵਧਦੀ ਬਗ਼ਾਵਤ ਰੁਕ ਗਈ ਸੀ।

(ਹ) ਕੋਟਲੇ ਉਤੇ ਜਾਂ ਨੇੜੇ-ਤੇੜੇ ਦੁਬਾਰਾ ਹਮਲੇ ਦਾ ਕੋਈ ਡਰ ਨਹੀਂ ਸੀ।

(ਕ) ਕਾਵਨ ਲਿਖਦਾ ਹੈ ਕਿ ਜੇ ਨਾਮਧਾਰੀਆਂ ਦੇ ਮਲੌਧ ਅਤੇ ਮਲੇਰ ਕੋਟਲੇ ਦੇ ਹਮਲੇ ਸਫਲ ਹੋ ਜਾਂਦੇ, ਅਰਥਾਤ ਉਨ੍ਹਾਂ ਦੇ ਹੱਥ ਹਥਿਆਰ ਆਦਿ ਆ ਜਾਂਦੇ ਤਾਂ ਖ਼ਤਰਾ ਬਹੁਤ ਸੀ। ਦੂਜੇ ਸ਼ਬਦਾਂ ਵਿਚ ਹਮਲੇ ਨਿਸਫਲ ਹੋਏ।

(ਖ) ਨਾਮਧਾਰੀਆਂ ਦਾ ਬਗ਼ਾਵਤ ਦਾ ਜਤਨ ਨਿਕੰਮਾ (Miserable) ਸੀ।

(ਗ) ਨਾਮਧਾਰੀਆਂ ਦਾ ਸਾਰੇ ਦਾ ਸਾਰਾ ਜਥਾ ਤਬਾਹ ਹੀ ਹੋ ਗਿਆ ਸੀ, ਅਰਥਾਤ ਬਹੁਤ ਸਾਰੇ ਜ਼ਖ਼ਮੀ ਹੋਏ, ਬਹੁਤ ਸਾਰੇ ਗ੍ਰਿਫ਼ਤਾਰ ਹੋ ਗਏ ਅਤੇ ਭਗੌੜੇ ਬਹੁਤ ਥੋੜ੍ਹੇ ਸਨ।

(ਘ) ਡਾਕੂਆਂ ਨੂੰ ਬਿਲਕੁਲ ਸਿੱਧਾ ਕਰ ਦਿੱਤਾ ਸੀ।

(ਙ) ਕਾਵਨ ਨੇ ਜੋ ਕੁਝ ਕੀਤਾ ਓਸ ਦੀ ਜ਼ਿੰਮੇਵਾਰੀ ਚੰਗੀ ਤਰ੍ਹਾਂ ਅਨੁਭਵ ਕੀਤੀ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਚੰਗੀ ਤਰ੍ਹਾਂ ਸਿੱਧ ਹੁੰਦਾ ਹੈ ਕਿ ਨਾਮਧਾਰੀਆਂ ਨੂੰ ਤੋਪਾਂ ਅੱਗੇ ਉਡਾਣ ਦੀ ਕੋਈ ਲੋੜ ਨਹੀਂ ਸੀ। ਕਾਵਨ ਨੂੰ ਚਾਹੀਦਾ ਸੀ ਕਿ ਉਹ ਰਿਆਸਤ ਦੇ ਅਫ਼ਸਰਾਂ ਨਾਲ ਮਿਲ ਕੇ ਉਨ੍ਹਾਂ ਸਾਰਿਆਂ 'ਤੇ ਮੁਕੱਦਮਾ ਚਲਾਂਦਾ ਅਤੇ ਜੇ ਉਹ ਮੌਤ ਦੀ ਸਜ਼ਾ ਦੇ ਭਾਗੀ ਹੁੰਦੇ ਤਾਂ ਓਸ ਦੀ ਮਨਜ਼ੂਰੀ ਕਮਿਨਸ਼ਰ ਤੋਂ ਲਈ ਜਾਂਦੀ, ਕਿਉਂਕਿ ਮੌਤ ਦੀ ਸਜ਼ਾ ਦਾ ਨਾ ਤਾਂ ਕਾਵਨ ਨੂੰ ਹੱਕ ਸੀ ਅਤੇ ਨਾ ਹੀ ਰਿਆਸਤੀ ਅਫ਼ਸਰਾਂ ਨੂੰ। ਕਾਵਨ ਘਬਰਾਇਆ ਹੋਇਆ ਦਲੀਲਾਂ ਦਿੰਦਾ ਹੋਇਆ ਕਹਿੰਦਾ ਹੈ ਕਿ ਭਾਵੇਂ ਓਸ ਦਾ ਕੰਮ ਬੇ-ਕਾਨੂੰਨਾ ਸੀ, ਪਰੰਤੂ ਜੇ ਉਹ ਇਹ ਕੰਮ ਨਾ ਕਰਦਾ ਤਾਂ ਬਗ਼ਾਵਤ ਵਧ ਜਾਣੀ ਸੀ; ਪਰ ਖ਼ਤ ਸਾਰੇ ਦੇ ਸਾਰੇ ਏਸ ਦੇ ਉਲਟ ਹਨ। ਦੂਜੀ ਉਹ ਦਲੀਲ ਦਿੰਦਾ ਹੈ ਕਿ ਓਸ ਨੇ ਏਸ ਵਾਸਤੇ ਇਹ ਕੰਮ ਕੀਤਾ ਕਿ ਜਿਹੜੇ ਨਾਮਧਾਰੀ ਮਲੇਰ ਕੋਟਲੇ ਵਲ ਆਉਂਦੇ ਸਨ, ਉਹ ਦੇਖ ਲੈਣ ਕਿ ਉਨ੍ਹਾਂ ਦੇ ਸਾਥੀਆਂ ਨਾਲ ਕੀ ਕੁਝ ਹੋਇਆ। ਏਸ ਵਿਸ਼ੇ 'ਤੇ ਪੰਜਾਬ ਸਰਕਾਰ ਨੇ ਜਿਹੜਾ ਖ਼ਤ ਸਰਕਾਰ ਹਿੰਦ ਨੂੰ ੭ ਫ਼ਰਵਰੀ ਨੂੰ ਲਿਖਿਆ, ਉਸੇ ਵਿਚੋਂ ਹੇਠ-ਲਿਖੇ ਸ਼ਬਦ ਇਥੇ ਦਿੰਦਾ ਹਾਂ :

"ਇਹ ਗੱਲ ਕਿ ਜਿਹੜੇ ਨਾਮਧਾਰੀ ਮਲੇਰ ਕੋਟਲੇ ਵਲ ਆ ਰਹੇ ਸਨ, ਉਹ ਇਸ ਕਰਕੇ ਮੁੜ ਗਏ ਕਿਉਂਕਿ ਕਾਵਨ ਨੇ ਕੂਕਿਆਂ ਨੂੰ ਤੋਪਾਂ ਅਗੇ ਉਡਾ ਦਿੱਤਾ ਸੀ, ਠੀਕ ਨਹੀਂ ਹੈ। ਕਿਉਂਕਿ ਜਿਤਨੇ ਕੂਕੇ ਮਲੇਰ ਕੋਟਲੇ ਵਲ ਆਏ ਉਹ ਪੰਦਰਾਂ ਤਰੀਕ ਹੀ (ਗ੍ਰਿਫ਼ਤਾਰੀ ਦੇ ਦਿਨ) ਵਾਪਸ ਮੁੜ ਗਏ, ਪਰੰਤੂ ਪਕੜੇ ਹੋਏ ਕੂਕੇ ਸਤਾਰਾਂ ਤਰੀਕ ਨੂੰ ਮਾਰੇ ਗਏ ਹਨ। ਉਨ੍ਹਾਂ ਦੇ ਮੁੜਨ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੇ ਸਾਥੀਆਂ ਨੂੰ ਸਫਲਤਾ ਨਹੀਂ ਸੀ ਹੋਈ।"

(ਏਸ 'ਤੇ ਹਾਸ਼ੀਆ ਚੜ੍ਹਾਣ ਦੀ ਲੋੜ ਨਹੀਂ)।

ਫ਼ੋਰਸੀਥ ਅਤੇ ਕਾਵਨ ਨੇ ਇਹ ਭੀ ਦਲੀਲ ਪੇਸ਼ ਕੀਤੀ ਕਿ ਜਿਹੜੀਆਂ ਸਜ਼ਾਵਾਂ ਨਾਮਧਾਰੀਆਂ ਨੂੰ ਪਿਛਲੇ ਸਾਲ ਦਿਤੀਆਂ ਗਈਆਂ ਸਨ (ਬਾਰ੍ਹਾਂ ਆਦਮੀ

ਫਾਂਸੀ ਲਾਏ ਗਏ ਸਨ), ਓਹ ਇਨ੍ਹਾਂ ਨੂੰ ਰੋਕ ਨਹੀਂ ਸਕੀਆਂ। ਦੂਜੇ ਸ਼ਬਦਾਂ ਵਿਚ ਆਮ ਕਾਨੂੰਨ ਨੂੰ ਤਿਲਾਂਜਲੀ ਦੇਣੀ ਕਿਸੇ ਹੱਦ ਤਕ ਠੀਕ ਸੀ। ਇਸ ਉਤੇ ਗਵਰਨਰ ਬਾ-ਇਜਲਾਸ ਨੇ ਇਹ ਲਿਖਿਆ :

"It is a grave act of insubordination and presumption.... To do so is to usurp the highest prerogative of the Government. One thing which cannot be permitted to any civil or military officer in any case whatever, is the regular assumption of the office of the judge and of the legislature. No such officer has right to punish his prisoners, still less, has he any right to punish them according to law made by himself, after the fact, and in reference to the circumstances of a particular case.....Under these circumstances their illegal and indiscriminate execution was a measure for which there was no excuse. His Excellency in council cannot regard as an excuse Mr. Cowan's belief that the execution was politically expedient. The course followed by Mr. Cowan was illegal, that it was not palliated by any public necessity, and that it was characterised by incidents which gave it a complexion of barbarity. That course was commenced in opposition to the spirit of instruction received from superior authority and in the absence of sanction, invoked but not awaited; it was prosecuted to completion in contravention of positive orders."

**ਉਲਥਾ** : "ਇਹ ਹੁਕਮ-ਅਦੂਲੀ ਅਤੇ ਆਪ-ਹੁਦਰੇ-ਪਨ ਦਾ ਇਕ ਗੰਭੀਰ ਮਾਮਲਾ ਹੈ।.....ਇਹ ਤਾਂ ਸਰਕਾਰ ਦੇ ਉੱਚਤਮ ਅਧਿਕਾਰਾਂ ਉਤੇ ਛਾਪਾ ਮਾਰਨ ਵਾਲੀ ਕਾਰਵਾਈ ਹੈ। ਕਿਸੇ ਵੀ ਸਿਵਲ ਜਾਂ ਫ਼ੌਜੀ ਅਫ਼ਸਰ ਨੂੰ ਕਿਸੇ ਵੀ ਹਾਲਤ ਵਿਚ ਇਹ ਆਗਿਆ ਨਹੀਂ ਦਿੱਤੀ ਜਾ ਸਕਦੀ ਕਿ ਉਹ ਆਪੇ ਹੀ ਜੱਜ ਅਤੇ ਵਿਧਾਨ-ਸਭਾ ਦੀ ਪਦਵੀ ਧਾਰਨ ਕਰ ਲਏ। ਅਜਿਹੇ ਕਿਸੇ ਅਫ਼ਸਰ ਨੂੰ ਵੀ ਆਪਣੇ ਕੈਦੀਆਂ ਨੂੰ ਸਜ਼ਾ ਦੇਣ ਦਾ ਅਧਿਕਾਰ ਨਹੀਂ ਹੈ। ਫਿਰ ਇਹ ਤਾਂ ਕਦਾਚਿਤ ਨਹੀਂ ਹੋ ਸਕਦਾ ਕਿ ਕੋਈ ਅਫ਼ਸਰ ਆਪਣੇ ਕੈਦੀਆਂ ਨੂੰ ਕਿਸੇ ਘਟਨਾ ਤੋਂ ਬਾਅਦ ਜਾਂ ਕਿਸੇ ਵਿਸ਼ੇਸ਼ ਮਾਮਲੇ ਦੇ ਸੰਬੰਧ ਵਿਚ ਆਪਣੇ ਬਣਾਏ ਕਾਨੂੰਨ ਅਨੁਸਾਰ ਸਜ਼ਾ ਦੇ ਦੇਵੇ।.........ਇਨ੍ਹਾਂ ਹਾਲਤਾਂ ਵਿਚ ਉਨ੍ਹਾਂ ਨੂੰ ਕਾਨੂੰਨ ਦੇ ਵਿਰੁੱਧ ਅਤੇ ਪੂਰਨ ਤਫ਼ਤੀਸ਼ ਤੋਂ ਬਿਨਾਂ ਮੌਤ ਦੀ ਸਜ਼ਾ ਦੇਣੀ ਅਜਿਹੀ ਕਾਰਵਾਈ ਹੈ, ਜਿਸ ਦੀ ਕੋਈ ਸਫ਼ਾਈ ਪੇਸ਼ ਨਹੀਂ ਕੀਤੀ ਜਾ ਸਕਦੀ। ਸ੍ਰੀ ਹਜ਼ੂਰ ਵਾਇਸਰਾਏ ਤੇ ਉਨ੍ਹਾਂ ਦੀ ਕੌਂਸਲ ਮਿਸਟਰ ਕਾਵਨ ਦੀ ਇਸ ਸਫ਼ਾਈ ਨੂੰ ਨਹੀਂ ਮੰਨ ਸਕਦੇ ਕਿ ਉਹਦੇ ਖ਼ਿਆਲ ਵਿਚ ਮੌਤ ਦੀ ਸਜ਼ਾ ਰਾਜਨੀਤਕ ਪੱਖ ਤੋਂ ਜ਼ਰੂਰੀ ਸੀ। ਮਿਸਟਰ ਕਾਵਨ ਦੀ ਕਾਰਵਾਈ ਬੇ-ਕਾਨੂੰਨੀ ਸੀ, ਲੋਕ-ਹਿੱਤਾਂ

ਲਈ ਬੇਲੋੜੀ ਸੀ ਅਤੇ ਇਹ ਇਸ ਤਰ੍ਹਾਂ ਅਮਲ ਵਿਚ ਲਿਆਂਦੀ ਗਈ ਸੀ ਕਿ ਇਸ ਤੋਂ ਵਹਿਸ਼ੀ-ਪੁਣਾ ਝਲਕਦਾ ਸੀ। ਫਿਰ ਇਹ ਕਾਰਵਾਈ ਉਚੇਰੇ ਅਫ਼ਸਰਾਂ ਦੀਆਂ ਹਦਾਇਤਾਂ ਦੇ ਵਿਰੁੱਧ ਅਤੇ ਉਨ੍ਹਾਂ ਦੀ ਪਰਵਾਨਗੀ ਤੋਂ ਬਿਨਾਂ ਕੀਤੀ ਗਈ ਸੀ, ਜੋ ਮੰਗੀ ਗਈ ਸੀ, ਪਰ ਜਿਸ ਦੀ ਉਡੀਕ ਨਹੀਂ ਕੀਤੀ ਗਈ ਸੀ। ਇਸ ਕਾਰਵਾਈ ਨੂੰ ਠੀਕ ਹੁਕਮਾਂ ਦੀ ਉਲੰਘਣਾ ਕਰ ਕੇ ਅਮਲ ਵਿਚ ਲਿਆਂਦਾ ਗਿਆ।"

ਪੰਜਾਬ ਸਰਕਾਰ ਦੀ ਰਾਇ ਇਹ ਹੈ:

"The lieutenant Governor..... is of opinion that there was no such Urgent necessity as to justify that officer acting without the orders of the commissioner."

**ਉਲਥਾ**: "ਲੈਫ਼ਟੀਨੈਂਟ ਗਵਰਨਰ ਦੀ ਰਾਇ ਹੈ ਕਿ ਇਹੋ ਜਿਹੀ ਕੋਈ ਫ਼ੌਰੀ ਲੋੜ ਨਹੀਂ ਸੀ ਕਿ ਉਹ ਅਫ਼ਸਰ ਕਮਿਸ਼ਨਰ ਦੇ ਹੁਕਮਾਂ ਤੋਂ ਬਗ਼ੈਰ ਇਹੋ ਜਿਹੀ ਕਾਰਵਾਈ ਕਰਦਾ।"

(ਮਿ: ਕਾਵਨ ਦੀ ਕਾਰਵਾਈ ਨੂੰ ਇਸ ਤਰ੍ਹਾਂ ਸਖ਼ਤ ਬੁਰਾ ਕਹਿ ਕੇ ਉਸ ਨੂੰ ਨੌਕਰੀ ਤੋਂ ਮੌਕੂਫ਼ ਕੀਤਾ ਗਿਆ।)

ਕਾਵਨ ਦੀ ਬਾਬਤ ਪੰਜਾਬ ਅਤੇ ਹਿੰਦ ਸਰਕਾਰ ਦੀ ਰਾਇ ਉੱਤੇ ਦਿੱਤੀ ਗਈ ਹੈ। ਕਾਵਨ ਇਨ੍ਹਾਂ ਗੱਲਾਂ ਦਾ ਮੁਜਰਮ ਸੀ:

(ੳ) ਕਾਵਨ ਨੂੰ ਮੌਤ ਦੀ ਸਜ਼ਾ ਦੇਣ ਦਾ ਕੋਈ ਹੱਕ ਨਹੀਂ ਸੀ। ਇਹ ਹੱਕ ਕਮਿਸ਼ਨਰ ਨੂੰ ਸੀ।

(ਅ) ਕਾਵਨ ਨੇ ਮਲੌਧ ਤੋਂ ਤਾਰ ਪੰਜਾਬ ਸਰਕਾਰ ਵਲ ਮਲੌਧ ਪਕੜੇ ਆਦਮੀਆਂ ਦਾ ਖ਼ਾਤਮਾ ਕਰਨ ਲਈ ਦਿੱਤੀ ਅਤੇ ਉੱਤਰ ਦੀ ਉਡੀਕ ਨਹੀਂ ਕੀਤੀ।

(ੲ) ਕਮਿਸ਼ਨਰ ਨੇ ਜਿਹੜਾ ਖ਼ਤ ਸੋਲ੍ਹਾਂ ਤਰੀਕ ਨੂੰ ਲਿਖਿਆ ਅਤੇ ਕਾਵਨ ਨੂੰ ਸਤਾਰ੍ਹਾਂ ਦੀ ਸਵੇਰ ਨੂੰ ਮਿਲਿਆ, ਓਸ ਦੀ ਉਸ ਨੇ ਕੋਈ ਪਰਵਾਹ ਨਹੀਂ ਕੀਤੀ।

(ਸ) ਦੂਸਰਾ ਖ਼ਤ ਜੋ ਕਾਵਨ ਵਲ ਲਿਖਿਆ, ਜਿਹੜਾ ਕਿ ਉਸ ਨੂੰ ਓਦੋਂ ਮਿਲਿਆ ਜਦੋਂ ਕਿ ਪੰਜ ਛੇ ਆਦਮੀ ਜੀਊਂਦੇ ਸਨ, (ਇਹ ਗੱਲ ਕਾਵਨ ਹੀ ਕਹਿੰਦਾ ਹੈ; ਮੇਰਾ ਤਾਂ ਖ਼ਿਆਲ ਹੈ ਕਿ ਇਹ ਝੂਠ ਹੈ, ਮੈਂ ਸਾਰਾ ਹਾਲ ਪਿਛੇ ਦਰਜ ਕੀਤਾ ਹੈ। ਇਹ ਖ਼ਤ ਭੀ ਉਸ ਨੂੰ ਕੂਕਿਆਂ ਨੂੰ ਮਾਰਨ ਤੋਂ ਪਹਿਲਾਂ ਪਹੁੰਚਿਆ ਜਾਪਦਾ ਹੈ) ਉਸ ਨੇ ਏਸ ਖ਼ਤ ਦੀ ਭੀ ਪਰਵਾਹ ਨਹੀਂ ਕੀਤੀ।

(ਹ) ਕਾਵਨ ਕਹਿੰਦਾ ਹੈ ਕਿ ਫ਼ੋਰਸੀਥ ਦੇ ਦੋ ਖ਼ਤ ਓਸ ਪਾਸੋਂ ਗੁੰਮ ਹੋ ਗਏ ਹਨ। ਇਹ ਖ਼ਤ ਮਾਮਲੇ ਨੂੰ ਸਾਫ਼ ਕਰਨ ਲਈ ਅਤੀ ਜ਼ਰੂਰੀ ਸਨ। ਦੋਵੇਂ ਹੀ ਖ਼ਤ ਪਰਗਟ ਹੋਣ 'ਤੇ ਕਾਵਨ ਫਸਦਾ ਸੀ। ਸੋ ਸਿਆਣੇ ਆਦਮੀ ਨਤੀਜਾ ਕੱਢ ਸਕਦੇ ਹਨ ਕਿ ਇਹ ਗੁੰਮ ਹੋ ਗਏ ਜਾਂ ਓਸ ਨੇ ਦਬਾ ਲਏ।

(ਕ) ਪਹਿਲੀ ਗੱਲ ਤਾਂ ਇਹ ਕਿ ਕਾਵਨ ਨੂੰ ਮੌਤ ਦੀ ਸਜ਼ਾ ਦੇਣ ਦਾ ਹੱਕ

ਕੋਈ ਨਹੀਂ ਸੀ, ਫੇਰ ਸਜ਼ਾ ਭੀ ਤੋਪਾਂ ਅਗੇ ਉਡਾ ਕੇ ਦਿੱਤੀ ਗਈ।

(ਖ) ਮਾਰਨ ਤੋਂ ਪਹਿਲਾਂ ਕਿਸੇ 'ਤੇ ਮੁਕੱਦਮਾ ਨਹੀਂ ਚਲਾਇਆ ਗਿਆ, ਨਾ ਹੀ ਕਿਸੇ ਦਾ ਬਿਆਨ ਲਿਆ ਗਿਆ। ਇਸ ਤੋਂ ਪਤਾ ਨਹੀਂ ਲਗ ਸਕਦਾ ਕਿ ਕਸੂਰਵਾਰ ਕੌਣ ਸੀ ਤੇ ਕੌਣ ਨਹੀਂ।

ਫ਼ੋਰਸੀਥ ਦੀ ਬਾਬਤ ਸਰਕਾਰ ਹਿੰਦ ਦਾ ਇਹ ਖ਼ਿਆਲ ਸੀ ਕਿ ਉਸ ਨੂੰ ਕਾਵਨ ਦੀ ਤਾਈਦ ਨਹੀਂ ਸੀ ਕਰਨੀ ਚਾਹੀਦੀ। ਜਿਹੜੇ ਸੋਲ੍ਹਾਂ ਆਦਮੀਆਂ ਨੂੰ ਓਸ ਨੇ ਮੌਤ ਦੀਆਂ ਸਜ਼ਾਵਾਂ ਦਿੱਤੀਆਂ, ਜੇ ਉਨ੍ਹਾਂ ਦੀ ਚੰਗੀ ਤਰ੍ਹਾਂ ਪੁਛ-ਪੜਤਾਲ ਕੀਤੀ ਜਾਂਦੀ ਤਾਂ ਸ਼ਾਇਦ ਕਈ ਘੱਟ ਕਸੂਰਵਾਰ ਸਾਬਤ ਹੁੰਦੇ। ਏਸ ਲਈ ਫ਼ੋਰਸੀਥ ਨੇ ਜੋ ਕੁਝ ਕੀਤਾ ਉਹ ਇਨਸਾਫ਼ ਦੀ ਸਪਿਰਿਟ ਦੇ ਉਲਟ ਸੀ।

ਇਥੇ, ਕਾਵਨ ਨੇ ਜਿਹੜੀ ਤੋਪਾਂ ਅਗੇ ਉਡਾਣ ਦੀ ਬਹਾਦਰੀ ਕੀਤੀ ਓਸ ਦਾ ਥੋੜ੍ਹਾ ਜਿਹਾ ਹਾਲ ਦਿੱਤਾ ਹੈ। ਇਸ ਕਾਰਵਾਈ ਦੀ ਬਾਬਤ ਫ਼ੋਰਸੀਥ ਨੇ ਪੰਜਾਬ ਸਰਕਾਰ ਵਲ ੧੯ ਜਨਵਰੀ ਨੂੰ ਖ਼ਤ ਲਿਖਿਆ, ਜਿਸ ਵਿਚ ਹੇਠ-ਲਿਖੇ ਸ਼ਬਦ ਆਉਂਦੇ ਹਨ :

"ਐਤਨੇ ਆਦਮੀਆਂ ਨੂੰ ਫਾਂਸੀ ਚੜ੍ਹਾਉਣ ਦਾ ਪਰਬੰਧ ਮਲੇਰ ਕੋਟਲੇ ਵਿਚ ਕੋਈ ਨਹੀਂ ਸੀ।......ਏਸ ਲਈ ਕਾਵਨ ਨੇ ਉਨ੍ਹਾਂ ਨੂੰ ਤੋਪਾਂ ਅਗੇ ਉਡਾ ਦਿੱਤਾ। ਇਹ ਗੱਲ ਕੋਈ ਨਵੀਂ ਨਹੀਂ, ਕਿਉਂਕਿ ਅਜਿਹੀਆਂ ਹਾਲਤਾਂ ਵਿਚ ੧੮੫੭ ਦੇ ਗ਼ਦਰ ਵਿਚ ਭੀ ਇਸੇ ਤਰ੍ਹਾਂ ਕੀਤਾ ਗਿਆ ਸੀ।"

ਪਾਠਕਾਂ ਨੂੰ ਇਹ ਭੀ ਯਾਦ ਕਰਾਇਆ ਜਾਂਦਾ ਹੈ ਕਿ ਗ਼ਦਰ ਦੇ ਸਮੇਂ ਫ਼ੋਰਸੀਥ ਨੂੰ ਬਾਗ਼ੀਆਂ ਨੂੰ ਸਜ਼ਾਵਾਂ ਦੇਣ ਲਈ ਸਪੈਸ਼ਲ ਕਮਿਸ਼ਨਰ ਨਿਯਤ ਕੀਤਾ ਗਿਆ ਸੀ (ਦੇਖੋ ਓਸ ਦਾ ਆਪਣੇ ਹੱਥੀਂ ਲਿਖਿਆ ਜੀਵਨ), ਸੋ ਇਸ ਨੇ ਕਿਸ ਢੰਗ ਨਾਲ ਬਾਗ਼ੀਆਂ ਨੂੰ ਸਜ਼ਾਵਾਂ ਦਿੱਤੀਆਂ, ਇਹ ਆਪ ਤਾਂ ਲਿਖ ਕੇ ਨਹੀਂ ਛੱਡ ਗਿਆ, ਪਰੰਤੂ ਦੂਜੀਆਂ ਕਿਤਾਬਾਂ ਵਿਚ ਮਿਲਦੇ ਹਨ।

ਸਰਕਾਰ ਹਿੰਦ ਨੇ ਕਾਵਨ ਨੂੰ ਨੌਕਰੀ ਮੌਕੂਫ਼ ਕਰ ਦਿੱਤਾ ਅਤੇ ਤਿੰਨ ਸੌ ਰੁਪਏ ਮਾਹਵਾਰੀ ਪੈਨਸ਼ਨ ਲਾ ਦਿੱਤੀ। ਫ਼ੋਰਸੀਥ ਨੂੰ ਸੂਬਾ ਅਵਧ ਵਿਚ ਕਿਸੇ ਹੋਰ ਮਹਿਕਮੇ ਵਿਚ ਬਦਲ ਦਿੱਤਾ। ਇਨ੍ਹਾਂ ਦੋ ਆਦਮੀਆਂ ਦੀ ਬਾਬਤ ਸਰਕਾਰ ਹਿੰਦ ਦੀ ਰਾਏ ਉਤੇ ਦਰਜ ਹੈ ਅਤੇ ਜੁਰਮ ਭੀ ਦਰਜ ਹਨ, ਜਿਨ੍ਹਾਂ ਨੂੰ ਸਰਕਾਰ ਹਿੰਦ ਭੀ ਮੰਨਦੀ ਹੈ। ਇਨ੍ਹਾਂ ਹਾਲਤਾਂ ਵਿਚ ਇਨ੍ਹਾਂ ਨੂੰ ਯੋਗ ਸਜ਼ਾ ਮਿਲੀ ਜਾਂ ਨਹੀਂ, ਓਸ ਦੀ ਬਾਬਤ ਪਾਠਕ ਆਪ ਹੀ ਅੰਦਾਜ਼ਾ ਲਾਣ। ੧੮੭੩ ਵਿਚ ਲਾਰਡ ਨਾਰਥ ਬਰੁੱਕ ਵਾਇਸਰਾਏ ਹੋ ਕੇ ਆਇਆ, ਤਦ ਫ਼ੋਰਸੀਥ ਨੇ ਆਪਣੇ ਮਾਮਲੇ ਦੀ ਅਪੀਲ ਕੀਤੀ। ਵਾਇਸਰਾਏ ਨੇ ਹਮਦਰਦੀ ਪਰਗਟ ਕੀਤੀ, ਪਰੰਤੂ ਕਿਹਾ ਕਿ ਫ਼ੈਸਲਾ ਉਲਟਾਇਆ ਨਹੀਂ ਜਾ ਸਕਦਾ। ਫ਼ੋਰਸੀਥ ਨੂੰ ਹੋਰ ਵਧੇਰੇ ਜ਼ਿੰਮੇਵਾਰੀ ਦਾ ਕੰਮ ਦਿੱਤਾ ਗਿਆ ਅਤੇ 'ਸਰ' ਦਾ ਖ਼ਿਤਾਬ ਭੀ ਦਿੱਤਾ। (ਮੈਂ ਪਿਛੇ ਫ਼ੋਰਸੀਥ ਦੇ ਨਾਂ ਨਾਲ ਕਈਆਂ ਥਾਵਾਂ 'ਤੇ 'ਸਰ' ਲਿਖਿਆ, ਪਰੰਤੂ ਓਸ ਵੇਲ ਫ਼ੋਰਸੀਥ ਕੋਲ ਇਹ ਖ਼ਿਤਾਬ ਨਹੀਂ ਸੀ)। ਕਾਵਨ ਭੀ ਫ਼ੋਰਸੀਥ ਕੋਲ ਪੁਜਾ। ਫ਼ੋਰਸੀਥ ਨੇ ਉਸ ਨੂੰ ਕਿਸੇ ਹੋਰ ਥਾਂ ਇਕ ਚੰਗੀ ਨੌਕਰੀ

ਦਿਵਾ ਦਿੱਤੀ।

ਬਾਬਾ ਰਾਮ ਸਿੰਘ ਜੀ ਦਾ ਹਾਲ ਵਿਚੇ ਛਡਿਆ ਜਾ ਚੁਕਾ ਹੈ। ਬਾਬਾ ਜੀ ਰੰਗੂਨ ਛਾਵਣੀ ਵਿਚ ਇਕ ਕੋਠੀ ਵਿਚ ਰੱਖੇ ਹੋਏ ਸਨ ਅਤੇ ਪੁਲੀਸ ਦਾ ਪਹਿਰਾ ਰਹਿੰਦਾ ਸੀ। ਨਾਲ ਹੀ ਬਾਬਾ ਜੀ ਦੇ ਸਾਥੀ ਸਨ। ਇਨ੍ਹਾਂ ਦੇ ਦਿਲਾਂ ਵਿਚ ਸਰਕਾਰ ਵਿਰੁੱਧ ਪਹਿਲਾਂ ਹੀ ਨਰਾਜ਼ਗੀ ਸੀ ਅਤੇ ਅਫ਼ਸਰਾਂ ਦੀ ਵੀ ਲੰਮੀ ਪਰਵਾਹ ਨਹੀਂ ਕਰਦੇ ਸਨ। ਫੇਰ ਜਦ ਬੇਗੁਨਾਹ ਪਕੜੇ ਗਏ ਮਲੇਰ ਕੋਟਲੇ ਦੇ ਸੰਬੰਧ ਵਿਚ, ਜਿਸ ਨਾਲ ਇਨ੍ਹਾਂ ਦਾ ਕੋਈ ਵਾਸਤਾ ਨਹੀਂ ਸੀ। ਇਸ ਕਰਕੇ ਇਨ੍ਹਾਂ ਦੇ ਦਿਲ ਵਿਚ ਸਰਕਾਰ ਨਾਲ ਨਰਾਜ਼ਗੀ ਵਧਣੀ ਕੁਦਰਤੀ ਸੀ। ਸੁਣਿਆ ਹੈ ਕਿ ਅਫ਼ਸਰਾਂ ਨਾਲ ਚੰਗੀ ਤਰ੍ਹਾਂ ਨਹੀਂ ਬੋਲਦੇ ਸਨ ਤੇ ਪੁਲੀਸ ਨਾਲ ਵੀ ਇਨ੍ਹਾਂ ਦੀ ਅਣਬਣ ਰਹਿੰਦੀ ਸੀ, ਜਿਸ ਕਰਕੇ ਬਾਬਾ ਜੀ ਦੀ ਬਦਲੀ ਅਮੋਈ ਕਰ ਦਿੱਤੀ, ਜਿਥੇ ਉਹ ੧੮੮੩ ਦੇ ਮਹੀਨਾ ਨਵੰਬਰ ਵਿਚ ਚਲਾਣਾ ਕਰ ਗਏ। ਬਾਬਾ ਜੀ ਤੇ ਉਨ੍ਹਾਂ ਦੇ ਠੀਕ ਹਾਲਾਂ ਦਾ ਪਤਾ ਨਹੀਂ।

ਬਾਬਾ ਜੀ ਨੇ ਔਕੜ ਸਮੇਂ ਪੰਥ ਦੀ ਸੇਵਾ ਕੀਤੀ। ਨਾਮਧਾਰੀਆਂ ਦੀ ਰਹਿਣੀ-ਬਹਿਣੀ ਨੇ ਅਤੇ ਬਾਬਾ ਜੀ ਦੇ ਪ੍ਰਚਾਰ ਨੇ ਸਿੱਖਾਂ 'ਤੇ ਬੜਾ ਚੰਗਾ ਅਸਰ ਪਾਇਆ। ਅੱਜ-ਕੱਲ੍ਹ ਗਊ-ਬਧ ਅਤੇ ਹੋਰ ਕਈ ਗੱਲਾਂ ਨੂੰ ਰੋਕਣਾ ਭਾਵੇਂ ਸਾਨੂੰ ਵਾਧੂ ਹੀ ਜਾਪੇ ਪਰੰਤੂ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਬਾਬਾ ਜੀ ਦੇ ਸਮੇਂ ਲੋਕ ਹੋਰ ਤਰ੍ਹਾਂ ਸੋਚਦੇ ਸਨ। ਬਾਬਾ ਰਾਮ ਸਿੰਘ ਜੀ ਭਾਵੇਂ ਪਿਛਲੀ ਸਦੀ ਵਿਚ ਹੀ ਚਲਾਣਾ ਕਰ ਗਏ ਪਰੰਤੂ ਉਹ ਸਾਡੇ ਇਤਿਹਾਸ ਵਿਚ ਚਮਕਦੇ ਹੀਰੇ ਹਨ।

ਇਸ ਤੋਂ ਪਿਛੋਂ ਨਾਮਧਾਰੀਆਂ ਉੱਤੇ ਸਖ਼ਤੀ ਸ਼ੁਰੂ ਹੋ ਗਈ, ਜਿਸ ਤਰ੍ਹਾਂ ਅਕਾਲੀ ਲਹਿਰ ਵੇਲੇ ਹੋਈ ਸੀ। ਨਾਮਧਾਰੀਆਂ ਦੇ ਫਿਰਨ ਉਤੇ ਬੰਦਸ਼ਾਂ ਲਾਈਆਂ ਗਈਆਂ। ਭੈਣੀ ਸਾਹਿਬ ਪੁਲੀਸ ਦੀ ਚੌਕੀ ਬਿਠਾਈ ਗਈ ਅਤੇ ਗੁਰਦੁਆਰੇ ਵਿਚ ਆਵਾਜਾਈ 'ਤੇ ਬੰਦਸ਼ਾਂ ਸਨ। ਇਹ ਸਾਰੀਆਂ ਬੰਦਸ਼ਾਂ ਛੇ-ਸਤ[1] ਸਾਲ ਹੋਏ ਹਟਾਈਆਂ ਗਈਆਂ ਹਨ।

ਮਲੇਰ ਕੋਟਲੇ ਦੀ ਰਿਆਸਤ ਨੇ ਜਿਹੜਾ ਸਾਡੇ ਇਤਿਹਾਸ ਵਿਚ ਹਿੱਸਾ ਲਿਆ, ਉਹ ਭੀ ਪਾਠਕਾਂ ਨੂੰ ਯਾਦ ਕਰਾਇਆ ਜਾਂਦਾ ਹੈ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਮੁਕੱਦਮੇ ਲਈ ਸੂਬੇ ਦੇ ਮੂਹਰੇ ਪੇਸ਼ ਕੀਤੇ ਤਾਂ ਮਲੇਰ ਕੋਟਲੇ ਦੇ ਪਠਾਣਾਂ ਨੇ ਹਾਹ ਦਾ ਨਾਹਰਾ ਮਾਰਿਆ ਸੀ। ਇਨ੍ਹਾਂ ਪਠਾਣਾਂ ਕੋਲ ਗੁਰੂ ਜੀ ਦੇ ਹੁਕਮਨਾਮੇ ਭੀ ਮੌਜੂਦ ਹਨ। ਸਿਖ ਮਲੇਰ ਕੋਟਲੇ ਨੂੰ ਬੜੀ ਇੱਜ਼ਤ ਨਾਲ ਦੇਖਦੇ ਸਨ। ਸ: ਕਰਮ ਸਿੰਘ ਜੀ ਇਸ ਪਰਕਾਰ ਲਿਖਦੇ ਹਨ :

"ਮਲੇਰੀਆਂ ਨੇ ਹਾਹ ਦਾ ਨਾਹਰਾ ਤਾਂ ਠੀਕ ਮਾਰਿਆ ਸੀ, ਪਰ ਸਿੰਘਾਂ ਦੀ ਅਲਖ ਮੁਕਾਣ ਵਿਚ ਇਨ੍ਹਾਂ ਨੇ ਕਦੇ ਕਸਰ ਨਹੀਂ ਰੱਖੀ ਸੀ, ਵੱਡੇ ਘੱਲੂਘਾਰੇ ਵੇਲੇ ਭੀਖਣ ਖ਼ਾਂ ਮਲੇਰੀਏ ਨੇ ਹਜ਼ਾਰਾਂ ਸਿੰਘਾਂ ਦਾ ਲਹੂ ਡੋਲ੍ਹਿਆ ਤੇ ਸਿੰਘਾਂ ਨੂੰ ਓਸ ਉੱਤੇ

---

੧. ਇਹ ਲੇਖ ੧੯੨੯-੩੦ ਦਾ ਲਿਖਿਆ ਹੋਇਆ ਹੈ।

ਗਾਚ ਭੀ ਬੜਾ ਸੀ। ਪਰ ਅਗਲੇ ਹੀ ਸਾਲ ਜਦ ਖ਼ਾਲਸਾ ਜੀ ਨੇ ਸਰਹੰਦ ਮਾਰੀ ਅਤੇ ਸਾਰੇ ਇਲਾਕੇ ਉਤੇ ਕਬਜ਼ਾ ਕੀਤਾ ਤਾਂ ਕਿਸੇ ਨੇ ਮਲੇਰ ਕੋਟਲੇ ਵੱਲ ਅੱਖ ਚੁਕ ਕੇ ਵੀ ਨਹੀਂ ਵੇਖਿਆ, ਲਾਂਭ ਲਾਂਭ ਦਾ ਸਾਰਾ ਇਲਾਕਾ ਖ਼ਾਲਸਾ ਜੀ ਨੇ ਮੱਲ ਲਿਆ, ਪਰ ਮਲੇਰ ਕੋਟਲੇ ਉਤੇ ਕਿਸੇ ਨੇ ਹੱਥ ਨਾ ਪਾਇਆ, ਕਿਉਂਜੁ ਇਨ੍ਹਾਂ ਦੇ ਵਡੇਰੇ ਨੇ ਹਾਹ ਦਾ ਨਾਹਰਾ ਜੁ ਮਾਰਿਆ ਸੀ।

—*ਫੁਲਵਾੜੀ, ਮਾਰਚ ੧੯੨੯*"

ਸਿੱਖਾਂ ਨੇ ਅਹਿਸਾਨ-ਮੰਦੀ ਦੀ ਹੱਦ ਪੁਗਾ ਦਿੱਤੀ, ਪਰੰਤੂ ਸਦਾ ਇਹ ਪਾਲਿਸੀ ਨਹੀਂ ਸੀ ਰੱਖੀ ਜਾ ਸਕਦੀ। ਸੰਮਤ ੧੭੯੪ ਵਿਚ ਬੇਦੀ ਸਾਹਿਬ ਸਿੰਘ ਜੀ, ਜਿਹੜੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰਾਣੇ ਵਿਚੋਂ ਸਨ, ਨੇ ਮਲੇਰ ਕੋਟਲੇ ਉਤੇ ਧਾਰਮਕ ਜੰਗ ਦਾ ਐਲਾਨ ਕਰ ਦਿੱਤਾ[੧], ਕਿਉਂਕਿ ਇਥੋਂ ਦੇ ਅਫ਼ਗਾਨ ਗਊ-ਬਧ ਕਰਦੇ ਸਨ। ਸੰ: ੧੯੭੨ ਵਿਚ ਜਿਹੜਾ ਸਿੱਖਾਂ ਦਾ ਖ਼ੂਨ ਮਲੇਰ ਕੋਟਲੇ ਡੁਲ੍ਹਾ, ਉਹ ਉਤੇ ਦਸਿਆ ਜਾ ਚੁੱਕਾ ਹੈ।

ਇਸ ਲੇਖ ਦੀ ਤਿਆਰੀ ਵਿਚ ਹੇਠ-ਲਿਖੀਆਂ ਪੁਸਤਕਾਂ ਤੇ ਰਸਾਲਿਆਂ ਦੀ ਸਹਾਇਤਾ ਲਈ ਗਈ:


1. *Kooka outbreak,* published by the order of House of Commons.
2. Autobiography of Sir T.D. Forsyth.
3. *India and My home,* memories by Sir Henry Cotton.
4. *Other Side of the Medal,* by E. Thompson.
5. *Ranjeet Singh,* by Sir Lepal Griffin.
6. *History of the Punjab Rajas,* by Sir Lepal Griffin.
7. *ਫੁਲਵਾੜੀ,* ਮਾਰਚ ੧੯੨੯।
8. *ਕੀਰਤੀ* (ਉਰਦੂ), ਅੰਮ੍ਰਿਤਸਰ।


---

੧. ਦੇਖੋ *ਹਿਸਟਰੀ ਆਫ਼ ਪੰਜਾਬ ਰਾਜਾਜ਼* (ਲੈਪਲ ਗਰਿਫ਼ਨ)।

# ਚੌਥੀ ਕਿਆਰੀ

## *ਸਿਖ ਸੂਰਬੀਰਾਂ, ਮਹਾਂਪੁਰਸ਼ਾਂ ਤੇ ਸ਼ਹੀਦਾਂ ਦੇ ਪਰਸੰਗ*

### ਹੁਕਮਨਾਮੇ, ਅਹਿਦਨਾਮੇ ਤੇ ਇਤਿਹਾਸਕ ਸਾਹਿਤ

# ਬੀਰਤਾ ਦਾ ਪੁੰਜ

**(ਸਰਦਾਰ ਜੈ ਸਿੰਘ ਜੀ ਕੁਮੇਦਾਨ ਦੀ ਤਸਵੀਰ ਨੂੰ ਵੇਖ ਕੇ ਲਾਲਾ ਧਨੀ ਰਾਮ ਜੀ 'ਚਾਤ੍ਰਿਕ' ਰਚਿਤ ਕਵਿਤਾ)**

ਜੈ ਸਿੰਘ ਬੀਰ, ਅਣਖੀਲਿਆ ! ਰਾਠ ਸਿੰਘਾ,
ਖੰਡਾ ਆਪਣਾ ਖ਼ੂਬ ਖੜਕਾ ਗਿਉਂ ਤੂੰ।
ਕੀਤਾ ਢਿਲਵਾਂ ਦਾ ਨਾਵਾਂ ਤੂੰਹੇਂ ਰੌਸ਼ਨ,
ਤੇ ਝਬਾਲ ਦੀ ਸ਼ਾਨ ਚਮਕਾ ਗਿਉਂ ਤੂੰ।
ਕਾਰਾਂ ਚੁੱਕੀਆਂ ਜੋ ਤੇਰੇ ਬਾਪ ਦਾਦੇ,
ਸਿਰ ਦੇ ਜ਼ੋਰ ਓਹ ਤੋੜ ਪਹੁੰਚਾ ਗਿਓਂ ਤੂੰ।
ਧਾਂਕ ਪੈ ਗਈ ਤੇਰੀ ਬਹਾਦਰੀ ਦੀ,
ਬਰਛਾ ਸੂਤ ਰਣ ਵਿਚ ਜਦ ਆ ਗਿਓਂ ਤੂੰ।
ਲੋਥਾਂ ਲਹੂ ਵਿਚ ਤਾਰੀਆਂ ਲੈਣ ਓਥੇ,
ਜਿਥੇ ਟੱਪ ਸ਼ਮਸ਼ੇਰ ਦੇ ਲਾ ਗਿਓਂ ਤੂੰ।
ਵੈਰੀ ਖੇਤ ਵਿਚ ਖੇਤਰੀ ਵਾਂਗ ਲੇਟੇ,
ਗੜਿਆਂ ਵਾਂਗ ਜਦ ਤੀਰ ਵਰਸਾ ਗਿਓਂ ਤੂੰ।
ਥਰ ਥਰ ਕੰਬਦੇ ਸੂਰਮੇ ਵੇਖ ਤੈਨੂੰ,
ਸਭ ਨੂੰ ਲੱਤ ਹੇਠੋਂ ਦੀ ਲੰਘਾ ਗਿਓਂ ਤੂੰ।
ਅਸ਼ਕੇ ਦੂਲਿਆ ਤੇਰੀਆਂ ਕਰਨੀਆਂ ਦੇ,
ਸਾਰੇ ਮਾਝੇ ਦੀ ਮੁਛ ਅਖਵਾ ਗਿਓਂ ਤੂੰ।
ਮਾਰੀ ਲੱਤ ਜਦ ਅਣਖ ਨੇ ਹਾਕਮ 'ਤੇ,
ਸੋਹਣੇ ਟਹਿਲ ਤੇ ਮਹਿਲ ਭੀ ਪਾ ਗਿਓਂ ਤੂੰ।
ਦਿਲ ਦਾ ਗ਼ਨੀ, ਕਰਤੂਤ ਦਾ ਧਨੀ ਪੂਰਾ,
ਤੇਗ਼ ਵਾਹ ਗਿਓਂ, ਦੇਗ਼ ਵਰਤਾ ਗਿਓਂ ਤੂੰ।
ਭਾਵੇਂ ਚਮਕਨਾ ਏਂ ਅਰਸ਼ਾਂ ਵਿਚ ਬੈਠਾ,
ਐਪਰ ਯਾਦ ਤੇਰੀ ਧੁੰਮਾਂ ਪਾ ਰਹੀ ਏ।
ਜਿਹੜੇ ਖੇਤਾਂ ਨੂੰ ਗੋਡਦਾ ਰਿਹੋਂ 'ਚਾਤ੍ਰਿਕ',
ਓਥੋਂ ਬੀਰਤਾ ਦੀ ਮਹਿਕ ਆ ਰਹੀ ਏ।

## ਅਦੁੱਤੀ ਜੋਧਾ ਤੇ ਖ਼ਾਲਸਾ ਫ਼ੌਜਾਂ ਦਾ ਕਰਨੈਲ

# ਸਰਦਾਰ ਜੈ ਸਿੰਘ ਕੁਮੇਦਾਨ, ਝੁਬਾਲ

ਸਰਦਾਰ ਜੈ ਸਿੰਘ ਜੀ ਕੁਮੇਦਾਨ ਸਰਦਾਰ ਮੋਹਰ ਸਿੰਘ ਜੀ ਦੇ ਪੁੱਤਰ ਤੇ ਸਰਦਾਰ ਮੁਸੱਦਾ ਸਿੰਘ ਜੀ ਦੇ ਪੋਤੇ ਸਨ। ਆਪ ਦੀਆਂ ਰਗਾਂ ਵਿਚ ਉਨ੍ਹਾਂ ਸੂਰਬੀਰ ਸਿੰਘਾਂ ਦਾ ਲਹੂ ਗੇੜੇ ਲਾਉਂਦਾ ਸੀ, ਜਿਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਜੀ ਤੋਂ ਉਠ ਕੇ ਸਰਹੰਦ ਨੂੰ ਜਾ ਸੋਧਿਆ ਸੀ।

ਸਰਦਾਰ ਬਘੇਲ ਸਿੰਘ ਜੀ ਝੁਬਾਲ, ਖ਼ਾਲਸਾ ਪੰਥ ਦੇ ਪਰਸਿੱਧ ਸਰਦਾਰ ਤੇ ਕਰੋੜਾ ਸਿੰਘੀ ਮਿਸਲ ਦੇ ਮਸ਼ਹੂਰ ਜਥੇਦਾਰ ਹੋਏ ਹਨ। ਆਪ ਦੀ ਮਿਸਲ ਵਿਚ ਝੁਬਾਲੀਏ, ਰਸੂਲਪੁਰੀਏ, ਜਾਮਾ-ਰਾਈਏ ਤੇ ਕਲਸੀਏ ਆਦਿ ਤਕੜੇ ਤਕੜੇ ਮਿਸਲਦਾਰਾਂ ਦੇ ਜਥੇ ਸਨ, ਜਿਨ੍ਹਾਂ ਨੇ ਸੰਮਤ ੧੮੨੦ ਬਿ: ਵਿਚ ਸਰਹੰਦ ਨੂੰ ਮਾਰ ਕੇ, ਉਧਰ ਦੇ ਬਹੁਤ ਸਾਰੇ ਇਲਾਕੇ ਉਤੇ ਕਬਜ਼ਾ ਕਰ ਲਿਆ ਸੀ। ਉਸ ਸਮੇਂ ਝੁਬਾਲੀਏ ਮਿਸਲਦਾਰਾਂ ਨੇ ਸਢੌਰੇ ਦਾ ਇਲਾਕਾ ਮਲ ਲਿਆ ਸੀ, ਜਿਸ ਇਲਾਕੇ ਦੀ ਜਗੀਰ ਅੱਜ ਤੀਕ ਉਨ੍ਹਾਂ ਦੀ ਔਲਾਦ ਖਾਂਦੀ ਹੈ।

ਉਨ੍ਹਾਂ ਵਿਚੋਂ ਇਕ ਦੀ ਔਲਾਦ ਵਿਚੋਂ ਸਰਦਾਰ ਮੁਸੱਦਾ ਸਿੰਘ ਜੀ ਹੋਏ ਹਨ, ਜੋ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਦੀ ਕਲਾ ਵੇਲੇ ਲਾਹੌਰ ਦਰਬਾਰ ਦੇ ਨੌਕਰ ਹੋ ਕੇ ਕੁਮੇਦਾਨ ਹੋ ਗਏ ਸਨ। ਲਾਹੌਰ ਦਰਬਾਰ ਦੇ ਸਮੇਂ ਝੁਬਾਲੀਆਂ ਦਾ ਖ਼ਾਸ ਜ਼ੋਰ ਸੀ। ਫ਼ੌਜ ਵਿਚ ਲਗਪਗ ਅੱਧਾ ਪਿੰਡ ਨੌਕਰ ਸੀ—ਕਈ ਕਾਰਦਾਰ ਸਨ, ਕਈ ਗੜ੍ਹ ਕਪਤਾਨ ਤੇ ਥਾਣੇਦਾਰ ਸਨ, ਇਕ ਘਰਾਣਾ ਵਕੀਲਾਂ ਦਾ ਸੀ, ਜੋ ਅੰਗਰੇਜ਼ੀ ਏਜੰਟਾਂ ਪਾਸ ਲਾਹੌਰ ਦਰਬਾਰ ਦੀ ਵਕਾਲਤ ਕਰਦਾ ਸੀ। ਇਸ ਤਰ੍ਹਾਂ ਛੋਟੀਆਂ ਛੋਟੀਆਂ ਅਸਾਮੀਆਂ ਤੋਂ ਲੈ ਕੇ ਵੱਡੇ ਵੱਡੇ ਅਹੁਦਿਆਂ ਤੀਕ ਝੁਬਾਲੀਏ ਨੌਕਰ ਸਨ। ਸਰਦਾਰ ਮੁਸੱਦਾ ਸਿੰਘ ਜੀ ਦਾ ਪੁੱਤਰ ਸਰਦਾਰ ਮੋਹਰ ਸਿੰਘ ਚੰਗੇ ਰਸੂਖ਼ ਵਾਲਾ ਸਰਦਾਰ ਸੀ। ਜਦ ਸਰਕਾਰ[੧] ਨੇ ਕਸ਼ਮੀਰ ਨੂੰ ਸਰ ਕੀਤਾ ਤਾਂ ਅਟੱਲਗੜ੍ਹ ਆਦਿ ਦੋ ਤਅਲਕਿਆਂ ਦੀ ਥਾਣੇਦਾਰੀ ਇਸ ਨੂੰ ਦਿੱਤੀ ਗਈ। ਫਿਰ ਜਦ ਪਿਸ਼ੌਰ ਦਾ ਇਲਾਕਾ ਸਰ ਕੀਤਾ ਤੇ ਮੌਕੇ ਮੌਕੇ ਸਿਰ ਨਵੇਂ ਕਿਲ੍ਹੇ ਬਣਾਏ ਗਏ, ਤਾਂ 'ਦਰਬੰਦਾ' ਦਾ ਕਿਲ੍ਹਾ ਸਰਦਾਰ

---

੧. ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ।

ਸਿਖ ਰਾਜ ਦਾ ਸੂਰਬੀਰ ਕਰਨੈਲ

## ਸਰਦਾਰ ਜੈ ਸਿੰਘ ਜੀ ਕੁਮੇਦਾਨ



(ਸਫ਼ਾ 241-243)

ਮੋਹਰ ਸਿੰਘ ਜੀ ਦੇ ਪਰਬੰਧ ਹੇਠ ਤਿਆਰ ਹੋਇਆ। ਸਰਕਾਰ ਵਲੋਂ ਆਪ ਨੂੰ ਪੋਠੋਹਾਰ ਦੇ ਇਲਾਕੇ ਵਿਚ 'ਭਾਲ' ਅਤੇ 'ਮੋਹੜਾ' ਜਗੀਰ ਵਜੋਂ ਮਿਲੇ ਹੋਏ ਸਨ।

ਸਰਦਾਰ ਜੈ ਸਿੰਘ ਜੀ ਕੁਮੇਦਾਨ ਆਪ ਦੇ ਸਪੁੱਤਰ ਸਨ। ਆਪ ਆਪਣੇ ਸਮੇਂ ਖ਼ਾਲਸਾ ਫ਼ੌਜ ਵਿਚ ਕੁਮੇਦਾਨ ਦੇ ਅਹੁਦੇ ਤੀਕ ਅੱਪੜ ਪਏ ਸਨ, ਜੋ ਅੱਜ-ਕੱਲ੍ਹ ਦੇ ਕਰਨੈਲ ਦੇ ਬਰਾਬਰ ਦਾ ਅਹੁਦਾ ਹੈ। ਜਦ ਖ਼ਾਲਸਾ ਫ਼ੌਜਾਂ ਨੇ ਸਤਲੁਜ ਟੱਪ ਕੇ ਅੰਗਰੇਜ਼ਾਂ ਨਾਲ ਜਾ ਮੱਥਾ ਲਾਇਆ ਤਾਂ ਉਸ ਸਮੇਂ ਆਪ ਵੀ ਉਨ੍ਹਾਂ ਲੜਾਈਆਂ ਵਿਚ ਹਿੱਸਾ ਲੈਂਦੇ ਰਹੇ, ਅਤੇ ਜਦ ਪੰਜਾਬ ਵਿਚ ਅੰਗਰੇਜ਼ੀ ਰਾਜ ਆਇਆ ਤਾਂ ਉਸ ਸਮੇਂ ਦੇ ਅਣਖੀ ਸਿੰਘਾਂ ਵਾਂਗ ਆਪ ਨੇ ਨਵੇਂ ਹਾਕਮਾਂ ਦੀ ਨੌਕਰੀ ਕਰਨੋਂ ਨਾਂਹ ਕਰ ਦਿੱਤੀ, ਤੇ ਸੌ ਕੁ ਸਾਲ ਦੀ ਉਮਰ ਭੋਗ ਕੇ ਝੁਬਾਲ ਵਿਖੇ ਚਲਾਣਾ ਕਰ ਗਏ।

ਜੇਕਰ ਲਾਹੌਰ ਦਰਬਾਰ ਦੇ ਸਮੇਂ ਦੀਆਂ ਪੁਰਾਣੀਆਂ ਲਿਖਤਾਂ ਦੇ ਆਧਾਰ ਉਤੇ ਪੂਰੇ ਹਾਲ ਲਿਖੇ ਜਾਣ ਤਾਂ ਇਹ ਸਤਰਾਂ ਵਧ ਕੇ ਇਕ ਵੱਡਾ ਲੇਖ ਬਣ ਜਾਣਗੀਆਂ। ਇਥੇ ਕੇਵਲ ਇਹ ਦੱਸਣ ਦੀ ਲੋੜ ਹੈ ਕਿ ਸਰਦਾਰ ਜੈ ਸਿੰਘ ਜੀ ਦਾ ਸੰਬੰਧ ਕਿਸ ਖ਼ਾਨਦਾਨ ਨਾਲ ਸੀ, ਅਤੇ ਲਾਹੌਰ ਦਰਬਾਰ ਦੇ ਸਮੇਂ ਸਿੰਘ ਸਰਦਾਰਾਂ ਦੀ ਕੀ ਪੋਸ਼ਸ਼ ਹੁੰਦੀ ਸੀ। ਸਿੱਧਾ ਦਾੜ੍ਹਾ ਹੁੰਦਾ ਸੀ, ਗਲ ਵਿਚ ਕੈਂਠਾ, ਹੱਥਾਂ ਵਿਚ ਕੰਗਣ ਤੇ ਕੰਨੀਂ ਤੁੰਗਲ ਹੁੰਦੇ ਸਨ। ਦਸਤਾਰ ਦੀ ਖ਼ਾਸ ਬੰਦਸ਼ ਹੁੰਦੀ ਸੀ, ਅਤੇ ਦਸਤਾਰ ਦਾ ਇਕ ਲੜ ਮੋਢਿਆਂ ਉਤੇ ਖਿਲਰ ਕੇ ਖ਼ਾਸ ਸੋਭਾ ਦਿਆ ਕਰਦਾ ਸੀ। ਉਸ ਸਮੇਂ ਦੇ ਸਿਖ ਸਰਦਾਰਾਂ ਤੇ ਫ਼ੌਜੀ ਅਫ਼ਸਰਾਂ ਦੀ ਕੀ ਪੁਸ਼ਾਕ ਹੁੰਦੀ ਸੀ, ਇਸ ਦਾ ਅੰਦਾਜ਼ਾ ਸ: ਜੈ ਸਿੰਘ ਜੀ ਕੁਮੇਦਾਨ ਦੀ ਪੋਸ਼ਸ਼ ਤੋਂ ਲਾਇਆ ਜਾ ਸਕਦਾ ਹੈ।

ਸੂਰਬੀਰ ਸਰਦਾਰ ਜੈ ਸਿੰਘ ਜੀ ਕੁਮੇਦਾਨ (ਕਰਨੈਲ) ਦੀ ਇਹ ਪੁਰਾਤਨ ਤੇ ਪੁਰਾਣੇ ਜ਼ਮਾਨੇ ਦੇ ਆਰਟ ਦੇ ਨਮੂਨੇ ਦੀ ਵਧੀਆ ਤਸਵੀਰ, ਉਨ੍ਹਾਂ ਦੇ ਸੱਕੇ ਪੜਪੋਤਰੇ, ਸ: ਗੁਰਬਖ਼ਸ਼ ਸਿੰਘ 'ਸ਼ਮਸ਼ੇਰ' ਝੁਬਾਲੀਆ, ਮੈਨੇਜਰ 'ਫੁਲਵਾੜੀ', ਪਾਸੋਂ ਇਨ੍ਹਾਂ ਦੇ ਪੁਰਾਣੇ ਰੀਕਾਰਡ ਵਿਚੋਂ ਪ੍ਰਾਪਤ ਹੋਈ ਹੈ।

*—ਕਰਮ ਸਿੰਘ*

# ਅਕਾਲੀ ਸੁਰਜਨ ਸਿੰਘ ਸ਼ਹੀਦ

**[ਗਿਆਨੀ ਬੁਧ ਸਿੰਘ ਜੀ, ਪੁਣਛ]**

ਆਪ ਭਾਈ ਅਜਬ ਸਿੰਘ ਜੀ ਸੂਦਨ ਬ੍ਰਾਹਮਣ ਦੇ ਸਪੁੱਤਰ ਸਨ। ਉਹ ਪਹਿਲੇ ਢਿਲਵਾਂ ਪਿੰਡ ਵਿਚ ਚਿਰ ਤੋਂ ਵੱਸਦੇ ਸਨ, ਜੋ ਬਿਆਸਾ ਦੇ ਨੇੜੇ ਤੇੜੇ ਦੱਸਦੇ ਹਨ, ਪਰ ਮਗਰੋਂ ਜਦ ਮੁਸਲਮਾਨੀ ਰਾਜ ਦਾ ਠੋਕਾ ਹੋਇਆ ਤਾਂ ਕਸ਼ਮੀਰ ਦੀ ਸੈਰ ਨੂੰ ਜਾਂਦਿਆਂ ਹੋਇਆਂ, ਪੁਣਛ ਸ਼ਹਿਰ ਦੇ ਨੇੜੇ ਹੀ ਦਰਿਆ ਦੇ ਕੰਢੇ ਪੁਰ ਇਕ ਰਮਣੀਕ ਥਾਂ 'ਚੱਕ ਬਾਗ ਕਤਰੋ' ਨਾਮੇ ਪਿੰਡ ਵਿਚ ਮਕਾਨ ਪਵਾ ਕੇ ਵੱਸਣ ਲੱਗ ਪਏ।

ਜਦ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦਾ ਤੇਜ ਪਰਤਾਪ ਸੁਣਿਆ ਗਿਆ, ਤਾਂ ਭਾਈ ਸੁਰਜਨ ਸਿੰਘ ਜੀ ਆਪਣੇ ਚਾਚੇ ਦੇ ਪੁੱਤਰ ਭਾਈ ਦੀਵਾਨ ਸਿੰਘ ਨੂੰ ਨਾਲ ਲੈ ਕੇ ਲਾਹੌਰ ਪੁੱਜੇ ਤੇ ਮਹਾਰਾਜੇ ਦੇ ਅਕਾਲੀ ਘੋੜ-ਚੜ੍ਹਿਆਂ ਵਿਚ ਨੌਕਰ ਹੋ ਗਏ।

ਥੋੜ੍ਹੀ ਦੇਰ ਮਗਰੋਂ ਆਪ ਨੂੰ ਦਰਸ਼ਨੀ ਜਵਾਨ ਤੇ ਗੁਰਬਾਣੀ ਦੇ ਰਸੀਏ ਜਾਣ ਕੇ ਅਕਾਲੀ ਫ਼ੌਜ ਦਾ ਸਰਦਾਰ ਬਣਾਇਆ ਗਿਆ। ਆਪ ਸਵੇਰੇ ਆਸਾ ਦੀ ਵਾਰ ਦੇ ਦੀਵਾਨ ਸਮੇਂ ਸ਼ਸਤਰ ਸਜਾ ਕੇ (ਜੋ ਵਜ਼ਨ ਵਿਚ ੨੦ ਸੇਰ ਭਾਰੇ ਸਨ) ਦਰਵਾਜ਼ੇ ਵਿਚ ਖੜੇ ਰਹਿੰਦੇ। ਜੋ ਕੋਈ ਵੀ ਕੀਰਤਨ ਦੇ ਰਸ ਵਿਚ ਬਾਤ-ਚੀਤ ਕਰਦਾ ਜਾਂ ਆਲਸ ਨਾਲ ਊਂਘਦਾ ਤਾਂ ਆਪ ਉਸ ਨੂੰ ਸਾਵਧਾਨ ਕਰਨ ਦਾ ਜਤਨ ਕਰਦੇ। ਨਾਲਦਿਆਂ ਨੂੰ ਲੰਗਰ ਛਕਾ ਕੇ ਮਗਰੋਂ ਆਪ ਛਕਦੇ ਸਨ।

ਕਈ ਲੜਾਈਆਂ ਵਿਚ ਆਪ ਮੂਹਰੇ ਹੋ ਕੇ ਲੜਦੇ ਰਹੇ ਸਨ, ਇਸ ਲਈ ਆਪ ਦੇ ਸਰੀਰ ਵਿਚ ਕਈ ਜ਼ਖ਼ਮਾਂ ਦੀਆਂ ਨਿਸ਼ਾਨੀਆਂ ਨਜ਼ਰ ਆਉਂਦੀਆਂ ਸਨ।

ਇਕ ਵੇਰਾਂ ਇਕ ਅਹਿਮਦੀ ਪੀਰ ਨੇ ਪਹਾੜ ਦੇ ਇਲਾਕੇ ਵਿਚ ਮੁਹੰਮਦੀ ਝੰਡਾ ਖੜਾ ਕਰ ਕੇ ਕੁਲ ਪਠਾਣਾਂ ਨੂੰ ਭੜਕਾਇਆ ਕਿ ਆਪਣੇ ਪੈਗੰਬਰ ਦੇ ਹੁਕਮ ਅਨੁਸਾਰ ਇਨ੍ਹਾਂ ਕਾਫ਼ਰਾਂ ਹਿੰਦੂਆਂ ਸਿੱਖਾਂ ਨੂੰ ਲੁਟ ਮਾਰਨ ਦਾ ਜਤਨ ਕਿਉਂ ਨਹੀਂ ਕਰਦੇ। ਇਸ ਬਖੇੜੇ ਨੇ ਦੋਹਾਂ ਦਲਾਂ ਦਾ ਭਾਰੀ ਨੁਕਸਾਨ ਕੀਤਾ।

ਇਹ ਖ਼ਬਰ ਜਦ ਮਹਾਰਾਜਾ ਤਕ ਅਪੜੀ ਤਾਂ ਆਪ ਨੇ ਅਕਾਲੀ ਸੁਰਜਨ ਸਿੰਘ ਜੀ ਨੂੰ ਬਹੁਤ ਸਾਰੀ ਫ਼ੌਜ ਦੇ ਕੇ ਉਸ ਫ਼ਸਾਦ ਨੂੰ ਮੇਟਣ ਲਈ ਭੇਜਿਆ। ਇਨ੍ਹਾਂ ਨੇ ਅਟਕੋਂ ਪਾਰ ਜਾ ਕੇ ਉਨ੍ਹਾਂ ਖ਼ਰੂਦੀਆਂ ਦੇ ਚੰਗੇ ਦੰਦ ਖੱਟੇ ਕੀਤੇ ਤੇ ਕੁਝ ਦਿਨ ਉਥੇ

ਮੁਕਾਮ ਕਰ ਕੇ ਉਸ ਇਲਾਕੇ ਵਿਚ ਸ਼ਾਂਤੀ ਵਰਤਾਈ।

ਦੂਜੀ ਵੇਰਾਂ ਫਿਰ ਮਹਾਰਾਜਾ ਜੀ ਦੇ ਨਾਲ ਅਟਕ ਦੇ ਇਲਾਕੇ ਵਿਚ ਚਲੇ ਗਏ। ਇਥੇ ਕੋਈ ਦਿਨ ਮੁਕਾਮ਼ ਕਰਨਾ ਪਿਆ। ਇਕ ਦਿਨ ਆਪ ਪਹਿਰ ਰਾਤ ਰਹਿੰਦੀ ਨੂੰ ਅਟਕ ਵਿਚ ਇਸ਼ਨਾਨ ਕਰ ਕੇ ਦਰਿਆ ਦੇ ਕਿਨਾਰੇ ਪੁਰ ਇਕ ਇਕਾਂਤ ਜਗ੍ਹਾ ਪੁਰ ਆਪਣਾ ਨਿਤ-ਨੇਮ ਕਰਨ ਲਈ ਬੈਠ ਗਏ। ਅਜੇ ਮਸਾਂ ਕੁਝ ਮਿੰਟ ਹੀ ਹੋਏ ਸਨ ਤਾਂ ਕੀ ਡਿੱਠਾ ਕਿ ਤਿੰਨ ਪਠਾਣ ਬਰਛੇ ਹੱਥ ਵਿਚ ਫੜੇ ਹੋਏ ਦਗੜ ਦਗੜ ਕਰਦੇ ਆ ਗਿਰਦੇ ਹੋਏ। ਪਰ ਜਿਸ ਵੇਲੇ ਉਨ੍ਹਾਂ ਆਪ ਦਾ ਨੂਰਾਨੀ ਚਿਹਰਾ ਅਤੇ ਬਹੁਤ ਸਾਰੇ ਸ਼ਸਤਰ ਡਿਠੇ, ਤਾਂ ਤ੍ਰਬਕ ਕੇ ਉਥੇ ਹੀ ਖੜੇ ਹੋ ਕੇ ਪੈਰੀਂ ਪੈ ਗਏ ਕਿ ਇਸ ਪੁਰ ਵਾਰ ਕੀਤਿਆਂ ਵੀ ਕਾਮਯਾਬੀ ਨਹੀਂ ਹੋ ਸਕਦੀ ਅਤੇ ਨੱਠਿਆਂ ਵੀ ਇਸ ਬਲੀ ਨੇ ਕਿਥੇ ਛੱਡਣਾ ਹੈ।

ਉਨ੍ਹਾਂ ਪਠਾਣਾਂ ਨੇ ਫਿਰ ਇਰਾਦਾ ਕੀਤਾ ਕਿ ਇਕੋ ਹੀ ਵਾਰ ਹਮਲਾ ਕਰ ਕੇ ਇਸ ਨੂੰ ਇਥੇ ਹੀ ਮਾਰ ਦੇਣਾ ਠੀਕ ਹੈ, ਕਿਉਂਕਿ ਇਸ ਪਾਸ ਕੀਮਤੀ ਸ਼ਸਤਰ ਤੇ ਧਨ ਪਦਾਰਥ ਹੈ, ਜੋ ਸਾਡੇ ਕਾਬੂ ਆ ਜਾਵੇਗਾ। ਦੂਜਾ ਇਹ ਉਹੀ ਬਲੀ ਹੈ, ਜੋ ਅਸਾਂ ਸਿਆਣ ਲਿਆ ਹੈ, ਕਿ ਜਿਸ ਨੇ ਪਹਿਲੀ ਵੇਰ ਆ ਕੇ ਸਾਨੂੰ ਬੜਾ ਦੁਖ ਦਿੱਤਾ ਸੀ। ਇਹ ਕੁਝ ਵਿਚਾਰ ਕੇ ਉਨ੍ਹਾਂ ਵਿਚੋਂ ਇਕ ਨੇ ਅਗੇ ਵਧ ਕੇ ਜ਼ੋਰ ਦੀ ਬਰਛੀ ਚਲਾਈ, ਜੋ ਅਕਾਲੀ ਜੀ ਦੇ ਸਿਰ ਵਿਚ ਖੁਭ ਗਈ ਜਿਸ ਨਾਲ ਬਹੁਤ ਸਾਰਾ ਜ਼ਖ਼ਮ ਹੋ ਗਿਆ ਤੇ ਲਹੂ ਦੀ ਧਾਰਾ ਵਹਿ ਤੁਰੀ।

ਬਰਛੀ ਲਗਣ ਦੀ ਦੇਰ ਸੀ ਜੁ ਅਕਾਲੀ ਜੀ ਵੀ 'ਜਬੈ ਬਾਣ ਲਾਗੈ, ਤਬੈ ਰੋਸ ਜਾਗੈ' ਗੁਰ-ਵਾਕ ਅਨੁਸਾਰ ਬੀਰ ਰਸ ਵਿਚ ਭਰਪੂਰ ਹੋ ਕੇ ਸਾਵਧਾਨ ਖੜੇ ਹੋ ਗਏ। ਬਰਛੀ ਤਾਂ ਆਪ ਨੇ ਲਗਦਿਆਂ ਹੀ ਉਸ ਤੋਂ ਖੋਹ ਲਈ ਸੀ। ਫਿਰ ਛੇਤੀ ਹੀ ਸ੍ਰੀ ਸਾਹਿਬ ਮਿਆਨ ਤੋਂ ਧੂਹ ਕੇ ਉਨ੍ਹਾਂ ਨੂੰ ਵੰਗਾਰਿਆ ਕਿ ਹੁਣ ਮੇਰਾ ਵਾਰ ਆਇਆ ਜੇ, ਸੰਭਲੋ। ਭਾਵੇਂ ਓਹ ਪਠਾਣ ਬੱਚੇ ਬੜੇ ਜੋਸ਼ੀਲੇ ਅਤੇ ਤਾਕਤਵਾਰ ਸਨ, ਪਰ ਅਕਾਲੀ ਜੀ ਨੇ ਬਿਜਲੀ ਵਾਙੂ ਕੜਕ ਕੇ ਦੋਹਾਂ ਨੂੰ ਤਾਂ ਓਥੇ ਹੀ ਰਖ ਦਿੱਤਾ। ਜਦ ਤੀਜਾ ਆਦਮੀ ਜਾਨ ਬਚਾਣ ਲਈ ਦਾਅ ਈ ਤੱਕ ਰਿਹਾ ਸੀ, ਤਾਂ ਆਪ ਫੁਰਤੀ ਨਾਲ ਮੁੜ ਕੇ ਉਸ ਦਾ ਫ਼ਸਤਾ ਵਢਣ ਲਈ ਨੇੜੇ ਢੁਕੇ। ਅਗੋਂ ਉਸ ਨੇ ਸ਼ਸਤਰ ਹੱਥ ਵਿਚੋਂ ਸੁਟ ਦਿੱਤੇ ਤੇ ਗੁਰੂ ਦੀ ਦੁਹਾਈ ਪਾ ਕੇ ਆ ਆਖਿਆ, "ਮੇਰੇ ਪੁਰ ਰਹਿਮ ਕਰੋ, ਕਿਉਂਕਿ ਮੈਂ ਮ਼ਰਦ ਨਹੀਂ ਹਾਂ—ਔਰਤ ਹਾਂ। ਇਸ ਮਰਦਾਵੇਂ ਵੇਸ ਵਿਚ ਆਪਣੇ ਭਰਤਾ ਤੇ ਭਰਾ ਨਾਲ ਮੰਦ-ਭਾਗਾਂ ਨੂੰ ਅੱਜ ਇਥੇ ਆਈ ਹਾਂ।"

ਅਕਾਲੀ ਜੀ ਦੀ ਤਲਵਾਰ ਉਥੇ ਹੀ ਰੁਕ ਗਈ, ਸਗੋਂ ਉਸ ਉਤੇ ਤਰਸ ਕਰ ਕੇ ਇਸ਼ਾਰਾ ਕੀਤਾ ਕਿ ਆਪਣੀ ਜਾਨ ਲੈ ਕੇ ਇਥੋਂ ਚਲੀ ਜਾ।

ਉਸ ਦੇ ਚਲੇ ਜਾਣ ਮਗਰੋਂ ਕੀ ਡਿੱਠਾ ਕਿ ਉਥੇ ਨੇੜੇ ਹੀ ਬਹੁਤ ਸਾਰਾ ਧਨ-ਪਦਾਰਥ ਖਲੜਿਆਂ ਵਿਚ ਬੰਦ ਸੀ। ਉਹ ਲੈ ਕੇ ਖੋਲ੍ਹ ਕੇ ਡਿਠੇ ਤਾਂ ਵਿਚ ਬੜੇ ਬੜੇ ਕੀਮਤੀ ਧੁੱਸੇ ਤੇ ਪਸ਼ਮੀਨੇ ਦੇ ਬਸਤਰ ਸਨ, ਗਹਿਣੇ ਅਤੇ ਨਕਦੀ ਵੀ ਸੀ। ਆਪ

ਨੇ ਉਹ ਦੋਵੇਂ ਭਾਰ ਚੁਕ ਕੇ ਮਹਾਰਾਜਾ ਦੀ ਸੇਵਾ ਵਿਚ ਪੇਸ਼ ਕੀਤੇ ਤੇ ਫਿਰ ਰਾਤ ਦਾ ਸਾਰਾ ਪਰਸੰਗ ਸੁਣਾਇਆ। ਅਸਲ ਵਿਚ ਉਹ ਡਾਕੂ ਸਨ, ਜੋ ਬਹੁਤ ਦਿਨਾਂ ਤੋਂ ਘਰੋਂ ਨਿਕਲੇ ਹੋਏ ਆਪਣਾ ਦਾਓ ਲਗਾ ਕੇ ਮਾਲ ਜਮ੍ਹਾ ਕਰ ਰਹੇ ਸਨ।

ਪਹਿਲਾਂ ਆਪ ਦੇ ਜ਼ਖ਼ਮ ਦੀ ਪੱਟੀ ਕਰਵਾਈ ਗਈ ਅਤੇ ਫਿਰ ਮਹਾਰਾਜਾ ਖ਼ੁਦ ਚਲ ਕੇ ਉਸ ਜਗ੍ਹਾ ਪੁਜਿਆ ਤੇ ਉਹ ਮੌਕਿਆ ਡਿੱਠਾ, ਜਿਥੇ ਦੋਵੇਂ ਪਠਾਣ ਮੋਏ ਪਏ ਸਨ। ਉਸ ਵੇਲੇ ਮਹਾਰਾਜਾ ਨੇ ਆਪ ਦੀ ਇਸ ਬਹਾਦਰੀ 'ਤੇ ਖ਼ੁਸ਼ ਹੋ ਕੇ ਬਹੁਤ ਸਾਰਾ ਇਨਾਮ ਤੇ ਇਕ ਸਾਲਮ ਪਿੰਡ ਜਗੀਰ ਪੁਣਛ ਵਿਚ ਲਿਖ ਦਿੱਤੀ।

ਕਹਿੰਦੇ ਹਨ, ਆਪ ਨੂੰ ੮ ਊਠ ਨਿਵੇਕਲੇ ਸਿਰਫ਼ ਆਪਣੀ ਭਾਰ-ਬਰਦਾਰੀ ਲਈ ਮਿਲੇ ਹੋਏ ਸਨ। ਆਪ ਬੜੇ ਜੋਸ਼ੀਲੇ, ਕਦਾਵਰ ਅਤੇ ਭਜਨ ਦੇ ਅਭਿਆਸੀ ਸਨ ਤੇ ਸਾਰੇ ਇਲਾਕੇ ਵਿਚ ਪ੍ਰਸਿੱਧ ਹਨ।

ਇਕ ਵੇਰਾਂ ਆਪ ਨੇ ੨੫ ਆਦਮੀ ਪੁਣਛ ਦੇ ਲੈ ਜਾ ਕੇ ਮਹਾਰਾਜਾ ਦੀ ਫ਼ੌਜ ਵਿਚ ਭਰਤੀ ਕਰਾਏ ਸਨ, ਜਿਨ੍ਹਾਂ ਦੇ ਨਾਂ ਵੀ ਕੁਝ ਜਗੀਰਾਂ ਦੇ ਪਟੇ ਮੌਜੂਦ ਹਨ। ਜਗੀਰਾਂ ਤਾਂ ਸਭ ਦੀਆਂ ਛੁਟ ਗਈਆਂ ਹਨ, ਸਿਰਫ਼ ਮਹਾਰਾਜਾ ਦੇ ਪਟੇ ਫ਼ਾਰਸੀ ਵਿਚ ਹਨ, ਮੋਹਰ ਗੁਰਮੁਖੀ ਵਿਚ ਹੈ।

ਇਕ ਵੇਰਾਂ ਜਦ ਮਹਾਰਾਜਾ ਰਣਜੀਤ ਸਿੰਘ ਜੀ ਪੁਣਛ ਦੇ ਰਸਤੇ ਕਸ਼ਮੀਰ ਜਾ ਰਹੇ ਸਨ ਤਾਂ ਅਕਾਲੀ ਸੁਰਜਨ ਸਿੰਘ ਜੀ ਨੇ ਆਪਣੇ ਪਿੰਡ (ਜੋ ਕਸ਼ਮੀਰ ਦੇ ਰਸਤੇ ਵਿਚ ਹੈ) ਡੇਰਾ ਕਰਾ ਕੇ ਯਥਾਸ਼ਕਤ ਸੇਵਾ ਕੀਤੀ। ਇਥੋਂ ਜਦ ਵਾਪਸ ਹੋਣ ਲਗੇ ਤਾਂ ਇਕ ਨਰੈਣ ਸਿੰਘ ਨਾਮੇ ਸਿੰਘ ਨੇ, ਜੋ ਉਸ ਵੇਲੇ ਦਸਾਂ ਕੁ ਬਰਸਾਂ ਦਾ ਸੀ, ਉਸ ਨੇ ਅਖ਼ਰੋਟਾਂ ਦਾ ਥਾਲ ਭੇਟਾ ਕਰਕੇ ਮਹਾਰਾਜੇ ਪਾਸੋਂ ਆਪਣੀ ਸਵਾਰੀ ਦਾ ਘੋੜਾ ਮੰਗਿਆ। ਕਹਿੰਦੇ ਹਨ, ਉਸੀ ਵੇਲੇ ਦਾਨੀ ਮਹਾਰਾਜਾ ਨੇ ਜ਼ਰਾ ਢਿੱਲ ਨਾ ਲਾਈ। ਉਸ ਦਾ ਪ੍ਰਸ਼ਾਦ ਲੈ ਕੇ ਆਪਣਾ ਘੋੜਾ ਸਣੇ ਸੁਨਹਿਰੀ ਜ਼ੀਨ ਦੇ ਉਸ ਦੇ ਹਵਾਲੇ ਕੀਤਾ। ਇਥੇ ਹੀ ਮਹਾਰਾਜਾ ਦੀ ਠਾਕਰ ਭਾਈ ਮੇਲਾ ਸਿੰਘ ਜੀ ਨਾਲ ਮੁਲਾਕਾਤ ਹੋਈ ਤੇ ਚੱਕ ਕਤਰੋ ਤੇ ਨਗਾਲੀ ਸਾਹਿਬ ਵਿਖੇ ੪ ਦਿਨ ਮੁਕਾਮ ਕਰ ਕੇ ਵਾਪਸ ਪੰਜਾਬ ਆਏ।

ਅਕਾਲੀ ਸੁਰਜਨ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਜੀ ਦੇ ਚਲਾਣੇ ਬਾਅਦ ਲਾਹੌਰ ਦੀ ਲੜਾਈ ਵਿਚ ਹੀ ਮਾਰੇ ਗਏ। ਆਪ ਦੇ ਸਪੁੱਤਰ ਭਾਈ ਹਰਨਾਮ ਸਿੰਘ ਅਤੇ ਪੋਤਰਾ ਭਾਈ ਨਿਹਾਲ ਸਿੰਘ ਪੁਣਛ ਆਪਣੇ ਪਿੰਡ ਚੱਕ ਕਤਰੋ ਵਿਚ ਹੀ ਕੂਚ ਕਰ ਗਏ। ਆਪ ਦੀ ਬੰਸ ਇਥੇ ਹੀ ਖ਼ਤਮ ਹੋ ਗਈ। ਬਾਕੀ ਆਪ ਦੇ ਭਰਾ ਦੀ ਬੰਸ ਹੁਣ ਤਕ ਖ਼ਾਸ ਪੁਣਛ ਤੇ 'ਚੱਕ ਕਤਰੋ' ਵਿਚ ਮੌਜੂਦ ਹੈ।

# ਸਰਦਾਰ ਰਤਨ ਸਿੰਘ ਵਹਾਲੀ

**[ਸ: ਮਹਿਤਾਬ ਸਿੰਘ ਜੀ, ਟਿੰਬਰ ਮਰਚੈਂਟ, ਜੇਹਲਮ]**

ਸਰਦਾਰ ਰਤਨ ਸਿੰਘ ਜੀ ਦੇ ਪਿਤਾ ਦਾ ਨਾਂ ਭਾਈ ਪ੍ਰਧਾਨ ਚੰਦ ਸੀ। ਆਪ ਰਾਜਾ ਫ਼ਤਹ ਚੰਦ ਮੈਣੀ, ਜੋ ਹੁਣ ਤਕ ਮੈਣੀ ਸੰਗਤ ਪਟਨਾ ਸਾਹਿਬ ਵਿਖੇ ਹੈ, ਦੇ ਖ਼ਾਨਦਾਨ ਵਿਚੋਂ ਸਨ। ਆਪ ਨੂੰ ਛੋਟੇ ਹੁੰਦਿਆਂ ਤੋਂ ਹੀ ਗੁਰਸਿੱਖੀ ਨਾਲ ਅਤਿਅੰਤ ਪਿਆਰ ਸੀ ਤੇ ਆਪ ਨਿਰ-ਲੋਭ ਤੇ ਸੰਤ-ਸੁਭਾਅ ਸਨ। ਜਵਾਨ ਹੋ ਕੇ ਆਪ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਘੋੜ-ਚੜ੍ਹੀ ਫ਼ੌਜ ਵਿਚ ਨੌਕਰ ਹੋ ਗਏ ਤੇ ਕੁਝ ਸਮਾਂ ਆਪ ਮਹਾਰਾਜਾ ਰਣਜੀਤ ਸਿੰਘ ਸਾਹਿਬ ਦੀ ਖ਼ਾਸ ਅਰਦਲ ਵਿਚ ਰਹੇ। ਆਪ ਜਦ ਕਦੀ ਆਪਣੇ ਘਰ ਵਹਾਲੀ (ਜ਼ਿਲ੍ਹਾ ਜੇਹਲਮ) ਆਉਂਦੇ ਤਾਂ ਕੋਠੇ 'ਤੇ ਛੌਲਦਾਰੀ ਲਗਾ ਕੇ, ਰਾਤ ਨੂੰ ਹੇਠਾਂ ਬਿਸਤਰਾ ਕਰ ਕੇ ਸੌਂਦੇ। ਆਪ ਪੰਜ ਹਥਿਆਰ ਰਾਤ ਨੂੰ ਵੀ ਸਜਾ ਕੇ ਸੌਂਦੇ ਸਨ। ਉਨ੍ਹਾਂ ਦਿਨਾਂ ਵਿਚ ਇਸ ਇਲਾਕੇ ਵਿਚ ਮੁਗ਼ਲਾਂ ਤੇ ਕਾਕਾਂ ਦਾ ਥੋੜ੍ਹਾ ਬਹੁਤਾ ਜ਼ੋਰ ਬਾਕੀ ਸੀ ਤੇ ਇਹ ਰਸਮ ਜਾਰੀ ਸੀ ਕਿ ਜਦੋਂ ਕੋਈ ਹਿੰਦੂ ਸ਼ਾਦੀ ਕਰ ਕੇ ਡੋਲਾ ਲਿਆਵੇ ਤਾਂ ਡੋਲਾ ਪਹਿਲੀ ਰਾਤ ਨੰਬਰਦਾਰ ਦੇ ਘਰ ਰਹੇ। ਇਸ ਬੁਰੀ ਰਸਮ ਨੂੰ ਇਸ ਇਲਾਕੇ ਵਿਚੋਂ ਆਪ ਨੇ ਹੀ ਦੂਰ ਕੀਤਾ ਤੇ ਮੁਗ਼ਲਾਂ ਤੇ ਕਾਕਾਂ ਨੂੰ ਸੋਧਿਆ। ਆਪ ਨੂੰ ਮਹਾਰਾਜਾ ਸਾਹਿਬ ਨੇ ਇਕ ਦੋ ਵੇਰਾਂ ਜਗੀਰ ਦੇਣੀ ਚਾਹੀ, ਪਰ ਆਪ ਨੇ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਸਭ ਧਰਤੀ ਖ਼ਾਲਸੇ ਦੀ ਹੈ, ਸਾਨੂੰ ਜੋ ਚੀਜ਼ ਲੋੜ ਹੋਵੇ, ਲੈ ਸਕਦੇ ਹਾਂ। ਇਸ ਲਈ ਅਸੀਂ ਕੋਈ ਜਗੀਰ ਨਹੀਂ ਲੈਣੀ। ਜਿਹੜਾ ਰਸਾਲਾ ਮੁਦਕੀ ਦੀ ਲੜਾਈ ਵਿਚ ਸਿੱਖਾਂ ਵਲੋਂ ਅੰਗਰੇਜ਼ਾਂ ਨਾਲ ਲੜ ਰਿਹਾ ਸੀ, ਆਪ ਉਸ ਵਿਚ ਸਰਦਾਰ ਸਨ ਤੇ ਬੜੇ ਭਾਰੇ ਘਮਸਾਨ ਵਿਚ ਆਪ ਉਥੇ ਹੀ ਸ਼ਹੀਦ ਹੋ ਗਏ ਸਨ। ਸਰਦਾਰ ਅਮੀਰ ਸਿੰਘ ਜੀ ਉਨ੍ਹਾਂ ਦੇ ਵੱਡੇ ਲੜਕੇ ਉਥੇ ਨਾਲ ਸਨ। ਸਵੇਰੇ ਜਦ ਪਹਿਲਾਂ ਅੰਗਰੇਜ਼ ਨੱਸ ਚੁਕੇ ਸਨ ਤੇ ਖ਼ਾਲਸੇ ਦੀਆਂ ਫ਼ੌਜਾਂ ਵਾਪਸ ਸਤਲੁਜ ਵਿਚ ਮੁੜਨ ਦੀਆਂ ਤਿਆਰੀਆਂ ਵਿਚ ਸਨ ਤਾਂ ਪਹਾੜਾ ਸਿੰਘ ਦੇ ਦੱਸਣ ਕਰਕੇ ਅੰਗਰੇਜ਼ ਵਾਪਸ ਆ ਗਏ ਸਨ। ਉਸ ਵੇਲੇ ਸ: ਅਮੀਰ ਸਿੰਘ ਜੀ ਨੇ ਆਪਣੇ ਪਿਤਾ ਵਾਲੇ ਘੋੜੇ 'ਤੇ ਸਵਾਰ ਹੋ ਕੇ ਘੋੜਾ ਦਰਿਆ ਵਿਚ ਠੇਲ੍ਹ ਦਿੱਤਾ ਤੇ ਆਪ ਪਾਰ ਹੋ ਗਏ। ਉਹ ਘੋੜਾ ਲਾਹੌਰ ਵੇਚ ਕੇ ਵਾਪਸ ਆ ਗਏ। ਇਨ੍ਹਾਂ ਨੂੰ ਚੜ੍ਹਾਈ ਕੀਤਿਆਂ ੩੦ ਸਾਲ ਹੋਏ ਹਨ।

ਸ਼ਜਰਾ-ਨਸਬ ਇਨ੍ਹਾਂ ਦਾ ਇਸ ਤਰ੍ਹਾਂ ਹੈ:

- ਭਾਈ ਪ੍ਰਧਾਨ ਚੰਦ
  - ਸ: ਰਤਨ ਸਿੰਘ
    - ਸ: ਅਮੀਰ ਸਿੰਘ
      - ਭਾ: ਗੁਰਦਿਤਾ ਮਲ
      - ਸ: ਲਖਮੀਰ ਸਿੰਘ
    - ਸ: ਭਗਵਾਨ ਸਿੰਘ
      - ਸ: ਮਤਾਬ ਸਿੰਘ
      - ਸ: ਤਰਲੋਕ ਸਿੰਘ
      - ਸ: ਸਰਦਾਰ ਸਿੰਘ
      - ਸ: ਸੰਤ ਸਿੰਘ

# ਗਿਆਨੀ ਪ੍ਰਦੁਮਨ ਸਿੰਘ ਜੀ

## [ਸ: ਵਿਧਾਤਾ ਸਿੰਘ ਜੀ ਤੀਰ]

ਗਿਆਨੀ ਗੁਰਮੁਖ ਸਿੰਘ ਜੀ, ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਵਿਚ ਦਰਬਾਰੀ ਗ੍ਰੰਥੀ ਹੋਏ ਹਨ। ਰਾਜ-ਦਰਬਾਰ ਵਿਚ ਇਨ੍ਹਾਂ ਦੀ ਚੰਗੀ ਮੰਨੀ ਜਾਂਦੀ ਸੀ। ਇਹੋ ਭਾਈ ਸਾਹਿਬ ਮਹਾਰਾਜਾ ਸ਼ੇਰ ਸਿੰਘ ਦਾ ਵਧੇਰੇ ਪੱਖ ਕਰਦੇ ਸਨ, ਜਿਸ ਕਰਕੇ ਇਨ੍ਹਾਂ ਦੀ ਮੌਤ ਵੀ ਮਹਾਰਾਜਾ ਸ਼ੇਰ ਸਿੰਘ ਜੀ ਦੀ ਮੌਤ ਦੇ ਨਾਲ ਹੀ ਗੁਝਿਆਂ ਕਾਰਿਆਂ ਨਾਲ ਹੋਈ। ਗਿਆਨੀ ਪ੍ਰਦੁਮਨ ਸਿੰਘ ਜੀ, ਗਿਆਨੀ ਗੁਰਮੁਖ ਸਿੰਘ ਜੀ ਦੇ ਸਪੁੱਤਰ ਸਨ। ਇਨ੍ਹਾਂ ਦੇ ਜਨਮ ਦੀ ਤਰੀਕ ਦਾ ਠੀਕ ਪਤਾ ਨਹੀਂ ਲੱਗਾ। ਜਦ ਗਿਆਨੀ ਗੁਰਮੁਖ ਸਿੰਘ ਜੀ ਤੇ ਮਹਾਰਾਜਾ ਜੀ ਗੁਝੀਆਂ ਸਾਜ਼ਸ਼ਾਂ ਨਾਲ ਮਾਰ ਦਿਤੇ ਗਏ ਤਾਂ ਸਿਖ ਰਾਜ ਵਿਚ ਬੜੀ ਤੜਥੱਲੀ ਮਚ ਗਈ। ਸਰਕਾਰੀ ਹੁਕਮ ਨਾਲ ਭਾਈ ਸਾਹਿਬ ਪ੍ਰਦੁਮਨ ਸਿੰਘ ਜੀ ਤੇ ਇਨ੍ਹਾਂ ਦੇ ਛੋਟੇ ਭਰਾਤਾ ਗ੍ਰਿਫ਼ਤਾਰ ਕੀਤੇ ਗਏ ਤੇ ਧਨ ਮਾਲ ਸਣੇ ਇਨ੍ਹਾਂ ਦੀ ਜਾਇਦਾਦ ਜ਼ਬਤੀ ਦਾ ਹੁਕਮ ਹੋ ਗਿਆ (ਨਕਦੀ ਜੋ ਉਸ ਵੇਲੇ ਜ਼ਬਤ ਕੀਤੀ ਗਈ, ਉਸ ਦਾ ਅੱਟਾ-ਸੱਟਾ ਨੌਂ ਦਸ ਲੱਖ ਦਾ ਸੀ)।

ਜਦੋਂ ਸਰਕਾਰੀ ਨੌਕਰ ਸਭ ਕੁਝ ਕਾਬੂ ਕਰ ਚੁਕੇ ਤਾਂ ਉਨ੍ਹਾਂ ਗਿਆਨੀ ਜੀ ਨੂੰ ਆਖਿਆ ਕਿ ਜੇ ਤੁਸੀਂ ਸੁਗੰਧ ਖਾ ਕੇ ਆਖ ਦਿਓ ਕਿ ਸਾਡੇ ਪਾਸ ਹੋਰ ਕੁਝ ਨਹੀਂ ਤਾਂ ਅਸੀਂ ਹੋਰ ਢੂੰਡ ਭਾਲ ਨਹੀਂ ਕਰਦੇ। ਜੇ ਤੁਸੀਂ ਇਸ ਤਰ੍ਹਾਂ ਨਾ ਕਰੋਗੇ ਤਾਂ ਅਸੀਂ ਮਕਾਨ ਦੀਆਂ ਨੀਂਹਾਂ ਪੁਟ ਕੇ ਵੀ ਤਲਾਸ਼ੀ ਲਵਾਂਗੇ। ਇਹ ਸਾਰੀ ਗੱਲ ਚੌਧਰੀ ਤਖ਼ਤ ਮਲ (ਜੋ ਕਿ ਉਸ ਵੇਲੇ ਸ਼ਹਿਰ ਵਿਚ ਚੌਧਰੀ ਸੀ) ਦੇ ਸਾਹਮਣੇ ਹੋਈ।

ਭਾਈ ਸਾਹਿਬ ਨੇ ਸਹੁੰ ਖਾ ਕੇ ਆਖਿਆ ਕਿ ਸਾਡੇ ਅੰਦਰ ਹੋਰ ਕੁਝ ਨਹੀਂ। ਤਦ ਸਰਕਾਰੀ ਅਹਿਦੀਏ ਭਾਈ ਜੀ ਨੂੰ ਲੈ ਤੁਰੇ, ਪਰ ਭੂਪ ਸਿੰਘ ਮਹਿਰੇ ਨੇ, ਜੋ ਆਪ ਦਾ ਨੌਕਰ ਸੀ, ਇਕ ਜਵਾਹਰਾਤ ਦੀ ਡੱਬੀ ਲੁਕਾ ਕੇ ਰਖ ਲਈ ਸੀ ਅਤੇ ਸਹਿਜੇ ਜਿਹੇ ਭਾਈ ਸਾਹਿਬ ਦੇ ਕੰਨ ਵਿਚ ਆਖਿਆ ਕਿ ਮੈਂ ਆਪ ਦੇ ਨਿਰਬਾਹ ਲਈ ਕੁਝ ਨਾ ਕੁਝ ਬਚਾ ਕੇ ਰਖ ਲਿਆ ਹੈ, ਆਪ ਕੋਈ ਫ਼ਿਕਰ ਨਾ ਕਰਨਾ।

ਇਹ ਸੁਣ ਕੇ ਗਿਆਨੀ ਜੀ ਨੇ ਉੱਚੀ ਦੇ ਕੇ ਸਰਕਾਰੀ ਆਦਮੀਆਂ ਨੂੰ ਆਖਿਆ, "ਭਾਈ ਠਹਿਰੋ, ਇਸ ਭੂਪ ਸਿੰਘ ਨੇ ਕੁਝ ਧਨ ਲੁਕੋ ਰਖਿਆ ਹੈ, ਇਹ

ਵੀ ਲੈ ਲਓ।" ਭਾਵੇਂ ਚੌਧਰੀ ਤਖ਼ਤ ਮਲ ਨੇ ਬਥੇਰਾ ਆਖਿਆ ਕਿ ਕੁਝ ਨਾ ਕੁਝ ਆਪਣੇ ਲਈ ਰਖ ਲਓ, ਪਰ ਭਾਈ ਸਾਹਿਬ ਨੇ ਆਖਿਆ, "ਸਾਡੇ ਲਈ ਭਾਵੇਂ ਕੱਖ ਵੀ ਨਾ ਰਹੇ, ਪਰ ਅਸਾਂ ਸੁਗੰਧ ਝੂਠੀ ਨਹੀਂ ਹੋਣ ਦੇਣੀ।" ਸੋ ਡੱਬੀ ਕਢਵਾ ਕੇ ਉਨ੍ਹਾਂ ਦੇ ਹਵਾਲੇ ਕੀਤੀ, ਤੇ ਆਪ ਫੇਰ ਸਾਲ ਭਰ ਬੰਦੀਵਾਨ ਰਹੇ। ਮਗਰੋਂ ਆਪ ਦੀ ਰਿਹਾਈ ਹੋ ਗਈ। ਜਾਇਦਾਦ ਤਾਂ ਵਾਪਸ ਦੇ ਦਿੱਤੀ ਗਈ, ਪਰ ਨਕਦੀ ਵਾਪਸ ਨਾ ਮਿਲ ਸਕੀ।

ਇਸ ਤੋਂ ਪਿਛੋਂ ਆਪ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਆਪਣੇ ਮਨ ਦੀ ਪ੍ਰਸਨੰਤਾ ਅਨੁਸਾਰ ਰੋਜ਼ ਜਾਂ ਦੂਜੇ ਤੀਜੇ ਦਿਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਦੇ ਰਹੇ। ਜਿਸ ਵੇਲੇ ਆਪ ਪ੍ਰੇਮ-ਤਰੰਗ ਵਿਚ ਆ ਕੇ ਕਥਾ ਕਰਦੇ ਸਨ ਤਾਂ ਸ੍ਰੋਤੇ ਮਸਤ ਹੋ ਜਾਂਦੇ ਸਨ ਅਤੇ ਸਭ ਦੀ ਖ਼ਾਹਸ਼ ਰਹਿੰਦੀ ਸੀ ਕਿ ਹਰ ਰੋਜ਼ ਕਥਾ ਕਰਨ। ਪਰ ਆਪ ਮਰਜ਼ੀ ਦੇ ਮਾਲਕ ਸਨ, ਕਿਸੇ ਦੇ ਕਹਿਣ 'ਤੇ ਕਥਾ ਨਹੀਂ ਸਨ ਕਰਦੇ। ਇਕ ਵੇਰ ਮਹਾਰਾਜਾ ਨਰਿੰਦਰ ਸਿੰਘ ਜੀ ਪਟਿਆਲਾ ਸ੍ਰੀ ਅੰਮ੍ਰਿਤਸਰ ਆਏ ਤਾਂ ਆਪ ਕਥਾ ਕਰ ਰਹੇ ਸਨ। ਮਹਾਰਾਜਾ ਜੀ ਨੇ ਕਥਾ ਸੁਣੀ ਤੇ ਬੜੇ ਪ੍ਰਸੰਨ ਹੋਏ। ਮਲਕੜੇ ਜਿਹੇ ਸੋਨੇ ਦੇ ਕੜਿਆਂ ਦੀ ਜੋੜੀ ਲਾਹ ਕੇ ਬੇ-ਪਤਾ ਹੀ ਆਪ ਜੀ ਦੀ ਭੇਟਾ ਰਖ ਦਿਤੀ। ਗਿਆਨੀ ਜੀ ਕਥਾ ਕਰ ਕੇ ਉਠ ਗਏ। ਆਪ ਨੇ ਕੜਿਆਂ ਦੀ ਜੋੜੀ ਵਲ ਖ਼ਿਆਲ ਹੀ ਨਾ ਕੀਤਾ। ਜਦ ਆਪ ਡੇਰੇ ਆਏ ਤਾਂ ਪੁਜਾਰੀਆਂ ਨੇ ਦਸਿਆ ਕਿ ਮਹਾਰਾਜਾ ਨੇ ਆਪ ਦੀ ਕਥਾ 'ਤੇ ਪ੍ਰਸੰਨ ਹੋ ਕੇ ਕੜਿਆਂ ਦੀ ਜੋੜੀ ਆਪ ਦੀ ਭੇਟਾ ਕੀਤੀ ਸੀ, ਤਾਂ ਆਪ ਨੇ ਕਿਹਾ, "ਸਾਡੀ ਭੇਟਾ ? ਭੇਟਾ ਤਾਂ ਗੁਰੂ ਮਹਾਰਾਜ ਅਗੇ ਹੋਣੀ ਚਾਹੀਦੀ ਹੈ। ਗੁਰੂ ਦੇ ਹਜ਼ੂਰ ਸਾਡੀ ਭੇਟਾ ਕਰਨੀ ਸਖ਼ਤ ਬੇਅਦਬੀ ਹੈ। ਇਹ ਗੁਰੂ ਦੀ ਗੋਲਕ ਵਿਚ ਪਾਓ ਅਤੇ ਸਾਡੇ ਵਲੋਂ ਡੇਢ ਰੁਪਏ ਦਾ ਕੜਾਹ ਪ੍ਰਸ਼ਾਦ ਕਰ ਕੇ ਅਰਦਾਸ ਕਰੋ।" ਇਹ ਗੱਲ ਹੋਣ ਮਗਰੋਂ ਮਹਾਰਾਜਾ ਸਾਹਿਬ ਨੂੰ ਵੀ ਦਸਿਆ ਗਿਆ ਕਿ ਗਿਆਨੀ ਪ੍ਰਦੁਮਨ ਸਿੰਘ ਜੀ ਨੇ ਭੇਟਾ ਨਹੀਂ ਲਈ।

ਮਹਾਰਾਜ ਨੂੰ ਇਹ ਵੀ ਕਿਹਾ ਗਿਆ ਕਿ ਆਪ ਨੇ ਭੇਟਾ ਥੋੜ੍ਹੀ ਦਿੱਤੀ ਹੈ, ਇਸ ਕਰਕੇ ਗਿਆਨੀ ਜੀ ਨੇ ਨਹੀਂ ਲਈ। ਦੂਜੇ ਦਿਨ ਗਿਆਨੀ ਪ੍ਰਦੁਮਨ ਸਿੰਘ ਜੀ ਮਹਾਰਾਜਾ ਸਾਹਿਬ ਨੂੰ ਮਿਲੇ ਅਤੇ ਉਨ੍ਹਾਂ ਅਗੇ ਹੋਰ ਬਹੁਤ ਸਾਰੀ ਭੇਟਾ ਧਰੀ ਗਈ ਤੇ ਆਖਿਆ ਗਿਆ ਕਿ ਉਸ ਵੇਲੇ ਮਹਾਰਾਜਾ ਜੀ ਪਾਸ ਕੰਙਣਾਂ ਦੀ ਹੀ ਜੋੜੀ ਸੀ, ਜੋ ਉਸ ਵੇਲੇ ਆਪ ਦੀ ਭੇਟਾ ਕੀਤੀ ਗਈ ਸੀ, ਹੁਣ ਇਹ ਹੋਰ ਭੇਟਾ ਵੀ ਮਹਾਰਾਜ ਵਲੋਂ ਪ੍ਰਵਾਨ ਕਰੋ।

ਗਿਆਨੀ ਜੀ ਬੋਲੇ, "ਵਾਹਿਗੁਰੂ ! ਵਾਹਿਗੁਰੂ ! ਆਪ ਕੀ ਕਰ ਰਹੇ ਹੋ ! ਮੈਨੂੰ ਪਾਪ ਦਾ ਭਾਗੀ ਬਣਾ ਰਹੇ ਹੋ ? ਸ਼ਬਦ ਗੁਰੂ ਕਾ, ਉਪਦੇਸ਼ ਗੁਰੂ ਕਾ, ਗੁਰੂ ਕੇ ਹਜ਼ੂਰ ਸੁਣਾਇਆ ਗਿਆ। ਕਥਾ ਗੁਰੂ ਜੀ ਦੀ ਅਤੇ ਭੇਟਾ ਸਾਡੇ ਅੱਗੇ ਕਿਉਂ ? ਇਹ ਸਭ ਗੁਰੂ ਜੀ ਦੇ ਅਰਪਣ ਕਰੋ। ਮਹਾਰਾਜ, ਆਪ ਨੇ ਬੜੀ ਭੁਲ ਕੀਤੀ ਹੈ ਤੇ ਮੈਨੂੰ ਵੀ ਅਪਰਾਧੀ ਬਣਾਇਆ ਹੈ। ਆਪ ਗੁਰੂ ਜੀ ਦੇ ਹਜ਼ੂਰ ਜਾ ਕੇ ਅਰਦਾਸ ਕਰੋ ਤੇ ਮਾਫ਼ੀ ਮੰਗੋ।"

ਮਹਾਰਾਜਾ ਨਰਿੰਦਰ ਸਿੰਘ ਜੀ ਇਹ ਸੁਣ ਕੇ ਤੇ ਗਿਆਨੀ ਜੀ ਦੀ ਨਿਸ਼ਕਾਮਤਾ

ਵੇਖ ਕੇ ਬੜੇ ਪ੍ਰਸੰਨ ਹੋਏ। ਇਕੋਤਰ ਸੌ ਰੁਪਏ ਗੁਰੂ ਦੀ ਗੋਲਕ ਵਿਚ ਅਰਦਾਸ ਕਰ ਕੇ ਭੁਲ ਬਖ਼ਸ਼ਾਈ।

ਬਨਾਰਸ ਦੇ ਰਾਜਾ ਨੇ ਵੀ ਆਪ ਦੀ ਕਥਾ ਦੀ ਵਡਿਆਈ ਸੁਣੀ ਹੋਈ ਸੀ। ਜਦੋਂ ਆਪ ਬਨਾਰਸ ਗਏ ਤਾਂ ਰਾਜਾ ਨੇ ਆਪ ਨੂੰ ਕਥਾ ਸੁਣਾਉਣ ਲਈ ਬੇਨਤੀ ਕੀਤੀ ਤਾਂ ਆਪ ਨੇ ਆਖਿਆ, ਜਦੋਂ ਵਾਹਿਗੁਰੂ ਦਾ ਹੁਕਮ ਹੋਵੇਗਾ, ਕਥਾ ਕਰਾਂਗੇ। ਤੀਜੇ ਦਿਨ ਆਪ ਜੀ ਨੇ ਰਾਜਾ ਜੀ ਨੂੰ ਅਖਵਾ ਘੱਲਿਆ ਕਿ ਅਸੀਂ ਕਿਸੇ ਠਾਕਰ-ਦਵਾਰੇ ਜਾਂ ਰਾਜੇ ਦੇ ਅੱਗੇ ਬੈਠ ਕੇ ਕਥਾ ਨਹੀਂ ਕਰਦੇ। ਜੇ ਆਪ ਨੇ ਕਥਾ ਸੁਣਨੀ ਹੈ ਤਾਂ ਅੱਜ ਸ਼ਾਮ ਨੂੰ ਨੌਵੇਂ ਗੁਰੂ ਜੀ ਦੀ ਸੰਗਤ ਵਿਚ ਹਾਜ਼ਰ ਹੋ ਕੇ ਸੁਣ ਸਕਦੇ ਹੋ। ਰਾਜਾ ਸੰਗਤ ਵਿਚ ਗਿਆ। ਗਿਆਨੀ ਜੀ ਨੇ ਕਥਾ ਕੀਤੀ। ਰਾਜਾ ਸੁਣ ਕੇ ਬੜਾ ਹੀ ਪ੍ਰਸੰਨ ਹੋਇਆ ਤੇ ਆਪਣੇ ਪੰਡਤਾਂ, ਵਤੀਸਰਾਂ ਨੂੰ, ਜੋ ਉਸ ਵੇਲੇ ਨਾਲ ਸਨ, ਆਖਣ ਲੱਗਾ ਕਿ ਜੇ ਆਪ ਨੇ ਮੈਨੂੰ ਕਥਾ ਸੁਣਾਉਣੀ ਹੋਵੇ ਤਾਂ ਭਾਈ ਸਾਹਿਬ ਗਿਆਨੀ ਪ੍ਰਦੁਮਨ ਸਿੰਘ ਜੀ ਵਰਗੀ ਸੁਣਾਇਆ ਕਰੋ।

ਆਪ ਕਥਾ ਕਰਦੇ ਕਦੇ ਕਿਸੇ ਪਾਸੇ ਵਲ ਨਹੀਂ ਸਨ ਵੇਖਦੇ ਅਤੇ ਅਜਿਹੇ ਰੰਗ ਵਿਚ ਹੁੰਦੇ ਸਨ ਕਿ ਆਪ ਨੂੰ ਆਪਣੀ ਦੇਹੀ ਦੀ ਭੀ ਸੋਝੀ ਨਹੀਂ ਸੀ ਰਹਿੰਦੀ। ਕੇਵਲ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਗਾਹ ਰਖਦੇ ਸਨ। ਇਸ ਤਰ੍ਹਾਂ ਭਜਨ ਬੰਦਗੀ ਦਾ ਅਨੰਦ ਲੈਂਦੇ ਆਪ ਸੰਮਤ ੧੯੩੮ ਬਿ: ਵਿਚ ਚੜ੍ਹਾਈ ਕਰ ਗਏ। ਗਿਆਨੀ ਗੁਰਬਖ਼ਸ਼ ਸਿੰਘ ਜੀ ਬੈਰਿਸਟਰ ਆਪ ਦੀ ਸੰਤਾਨ ਵਿਚੋਂ ਹੀ ਹਨ।

# ਹੁਕਮਨਾਮੇ ਤੇ ਅਹਿਦਨਾਮੇ

(ਜਿਹਾ ਕਿ ਐਲਾਨ ਕੀਤਾ ਗਿਆ ਸੀ ਕਿ ਸਿਖ ਇਤਿਹਾਸ ਨਾਲ ਸੰਬੰਧ ਰਖਣ ਵਾਲੇ ਹੁਕਮਨਾਮੇ ਤੇ ਅਹਿਦਨਾਮੇ ਵੀ ਦਿੱਤੇ ਜਾਣਗੇ, ਸੁ ਇਕ ਹੁਕਮਨਾਮੇ ਦਾ ਫ਼ੋਟੋ ਅਤੇ ਦੋ ਅਹਿਦਨਾਮਿਆਂ ਦੇ ਫ਼ੋਟੋ ਦਿੱਤੇ ਜਾਂਦੇ ਹਨ। ਇਹ ਚੀਜ਼ਾਂ ਅਮੋਲਕ ਹਨ। ਜਿਸ ਤਰ੍ਹਾਂ ਹੀਰੇ ਜਵਾਹਰਾਤਾਂ ਦਾ ਮੁੱਲ ਕੇਵਲ ਜੌਹਰੀ ਹੀ ਪਾ ਸਕਦੇ ਹਨ, ਇਸੇ ਤਰ੍ਹਾਂ ਇਨ੍ਹਾਂ ਇਤਿਹਾਸਕ ਰਤਨਾਂ ਦਾ ਮੁੱਲ ਕੇਵਲ ਇਤਿਹਾਸਕਾਰ ਹੀ ਪਾ ਸਕਦੇ ਹਨ। ਸਿਖ ਕੌਮ ਦੀ ਇਹ ਬਹੁ-ਮੁੱਲੀ ਦੌਲਤ ਘੱਟੇ-ਕੌਡੀਆਂ ਵਿਚ ਰੁਲ ਰਹੀ ਹੈ। ਅਸਾਡੇ ਇਸ ਯਤਨ ਦਾ ਪ੍ਰਯੋਜਨ ਇਹੋ ਹੈ ਕਿ ਜੇ ਕਿਸੇ ਗੁਰੂ-ਪਿਆਰੇ ਤੇ ਇਤਿਹਾਸ-ਪ੍ਰੇਮੀ ਨੂੰ ਆਪਣੇ ਇਤਿਹਾਸ ਲਈ ਦਰਦ ਪੈਦਾ ਹੋ ਜਾਵੇ ਤੇ ਉਹ ਇਸ ਬਹੁ-ਮੁੱਲੇ ਇਤਿਹਾਸਕ ਮਸਾਲੇ ਨੂੰ ਇਕੱਠਾ ਕਰਨ ਲੱਗ ਪਵੇ।) —*ਐਡੀਟਰ*

## ਹੁਕਮਨਾਮਾ


ਇਸ ਸਮੇਂ ਗੁਰੂ ਸਾਹਿਬਾਂ ਵੱਲੋਂ ਜਾਰੀ ਹੋਏ ਹੋਏ ਕਈ ਹੁਕਮਨਾਮੇ ਮਿਲਦੇ ਹਨ, ਪਰ ਉਨ੍ਹਾਂ ਵਿਚੋਂ ਇਹ ਨਿਖੇੜਾ ਕਰਨਾ ਕਿ ਅਸਲੀ ਕਿਹੜੇ ਹਨ, ਇਹ ਮੁਸ਼ਕਲ ਕੰਮ ਹੈ।

ਇਹ ਠੀਕ ਹੈ ਕਿ ਗੁਰੂ ਸਾਹਿਬਾਂ ਦੇ ਸਮੇਂ ਹੁਕਮਨਾਮੇ ਜਾਰੀ ਹੁੰਦੇ ਰਹੇ ਹਨ। ਸੰਗਤਾਂ ਨੂੰ ਕੋਈ ਹੁਕਮ ਭੇਜਣ ਲਈ ਜਾਂ ਕਿਸੇ ਸਿਖ ਸੇਵਕ 'ਤੇ ਪ੍ਰਸੰਨ ਹੋ ਕੇ ਉਸ ਨੂੰ ਬਖ਼ਸ਼ਸ਼ ਕਰਨ ਲਈ ਹੁਕਮਨਾਮੇ ਲਿਖੇ ਜਾਂਦੇ ਰਹੇ ਹਨ। ਚੂੰਕਿ ਹੁਕਮਨਾਮਿਆਂ ਦੀ ਬੜੀ ਮਾਨਤਾ ਹੁੰਦੀ ਸੀ ਅਤੇ ਸੰਗਤਾਂ ਗੁਰੂ ਜੀ ਦੇ ਹੁਕਮਨਾਮਿਆਂ ਨੂੰ ਬੜੇ ਆਦਰ ਤੇ ਸਤਿਕਾਰ ਨਾਲ ਮੰਨਦੀਆਂ ਸਨ, ਇਸ ਲਈ ਕਈ ਲਾਲਚੀ ਲੋਕਾਂ ਨੇ ਨਕਲੀ ਹੁਕਮਨਾਮੇ ਵੀ ਬਣਾਣੇ ਸ਼ੁਰੂ ਕਰ ਦਿੱਤੇ।

ਇਹ ਪਰਸਿੱਧ ਗੱਲ ਹੈ ਕਿ ਗ਼ਨੀ ਖ਼ਾਂ ਨਬੀ ਖ਼ਾਂ ਨੂੰ ਦਸਮੇਸ਼ ਪਿਤਾ ਜੀ ਨੇ ਹੁਕਮਨਾਮਾ ਦਿੱਤਾ ਸੀ। ਪਰ ਹੁਣ ਨਬੀ ਖ਼ਾਂ ਗ਼ਨੀ ਖ਼ਾਂ ਵਾਲੇ ਕਈ ਹੁਕਮਨਾਮੇ ਵੇਖਣ ਵਿਚ ਆਏ ਹਨ। ਇਸੇ ਤਰ੍ਹਾਂ ਹੋਰ ਵੀ ਕਈ ਹੁਕਮਨਾਮੇ ਹਨ। ਜੇ ਕੋਈ ਵਿਦਵਾਨ ਤੇ ਖੋਜੀ ਇਸ ਪਾਸੇ ਸਮਾਂ ਦੇਵੇ ਅਤੇ ਲਿਖਤਾਂ ਦੀ ਪਛਾਣ ਕਰਨ ਵਿਚ ਯਤਨ ਕਰੇ ਤਾਂ ਖੋਜ ਪੜਤਾਲ ਮਗਰੋਂ ਦਸਮੇਸ਼ ਪਿਤਾ ਜੀ ਦੇ ਦਸਤਖ਼ਤ ਤੇ ਉਨ੍ਹਾਂ ਦੇ ਖ਼ਾਸ ਨਿਸ਼ਾਨ

# ਹੁਕਮਨਾਮਾ


## ਸ੍ਰੀ ਗੁਰੂ ਗੋਬਿੰਦ ਸਿੰਘ ਜੀ


ੴ ਸਤਿਗੁਰੂ ਜੀ॥

(ਸਫ਼ਾ 252-253)

# ਅਹਿਦਨਾਮਾ ਨੰਬਰ ੧

## (ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਵਿਚਕਾਰ)



Whereas certain differences which had arisen between the British Government and the Raja of Lahore, have been happily and amicably adjusted; and both parties being [illegible] to maintain the [illegible] perpetual amity and concord the following Articles of Treaty, which shall be binding on the Heirs and Successors of the two parties, have been concluded by Rajah Runjeet Sing on his own part, and by the Agency of Charles Theophilus Metcalfe Esq. on the part of the British Government.


Article 1st.

Perpetual friendship shall [illegible] Government and the State of Lahore. The latter shall be considered with respect to the former to be on the footing of the most favoured powers, and the British Government will have no concern with the territories and subjects of the Rajah to the Northward of the River Sutlej.

Article

(ਸਫ਼ਾ 255-256)

# ਅਹਿਦਨਾਮਾ ਨੰਬਰ ੧



Article 2nd

The Rajah will never maintain ... the territory occupied by ... and his dependants on the ... bank of the river Sutlej, more ... than are necessary for the ... duties of that territory, ... commit or suffer any encroach... upon the possessions or rights ...

Article 3rd

In the event of a violation of ... the preceding Articles, or ... from the rules of ... ship, on the part of either ... this Treaty shall become ... to be null and void.

Article 4th

This Treaty consisting of ... fifth Day of April ... Mr Charles Theophilus ... has delivered to the Rajah ... Lahore a copy of the same in ... and Persian under his ... and Signature, and the said ... has delivered another copy ... same under his seal and ... and Mr Charles ...

ਪਛਾਣ ਲੈਣੇ ਮੁਸ਼ਕਲ ਨਹੀਂ ਹਨ। ਜੇ ਗੁਰੂ ਸਾਹਿਬਾਂ ਦੇ ਹੱਥੀਂ ਲਿਖੇ ਜਾਂ ਦਸਤਖ਼ਤੀ ਅਸਲੀ ਹੁਕਮਨਾਮੇ ਲੱਭ ਲਏ ਜਾਣ ਤਾਂ ਇਹ ਇਕ ਭਾਰੀ ਸਫਲਤਾ ਹੋਵੇਗੀ।

ਸਾਡੇ ਪਾਸ ਨਬੀ ਖ਼ਾਂ ਗ਼ਨੀ ਖ਼ਾਂ ਦਾ ਇਕ ਹੁਕਮਨਾਮਾ ਆਇਆ ਸੀ।

ਹੁਕਮਨਾਮੀਆ ਦਾਅਵਾ ਕਰਦਾ ਸੀ ਕਿ ਇਹੋ ਅਸਲੀ ਹੁਕਮਨਾਮਾ ਹੈ। ਸ: ਕਰਮ ਸਿੰਘ ਜੀ ਹਿਸਟੋਰੀਅਨ ਨੇ ਵੀ ਇਸ ਨੂੰ ਵੇਖਿਆ ਹੈ। ਉਸ ਦਾ ਫ਼ੋਟੋ ਲਿਆ ਗਿਆ ਹੈ। ਫ਼ੋਟੋ ਚੰਗਾ ਸਾਫ਼ ਨਾ ਆਉਣ ਕਰਕੇ ਬਲਾਕ ਨਹੀਂ ਬਣਾਇਆ ਗਿਆ। ਸ: ਕਰਮ ਸਿੰਘ ਜੀ ਇਸ ਹੁਕਮਨਾਮੇ ਦਾ ਹੋਰਨਾਂ ਨਾਲ ਮੁਕਾਬਲਾ ਕਰ ਕੇ ਇਸ ਸੰਬੰਧੀ ਖੋਜ ਕਰਨਗੇ। ਇਕ ਹੋਰ ਹੁਕਮਨਾਮਾ ਲਾਹੌਰ, ਭਾਈ ਮਨੀ ਸਿੰਘ ਦੇ ਗੁਰਦੁਆਰੇ ਵਿਚ ਹੈ, ਉਸ ਦਾ ਬਲਾਕ ਛਾਪਿਆ ਜਾਂਦਾ ਹੈ। ਇਸ ਦੀ ਇਬਾਰਤ ਇਸ ਪਰਕਾਰ ਹੈ :

**੧ੴ ਸਤਿਗੁਰੂ ਜੀ॥**

**ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਕਲਿਆਣ ਰਾਇ ਸਰਬੱਤ ਸੰਗਤਿ ਮਾਛੀਵਾੜੇ ਕੀ ਗੁਰੂ ਰਖੇਗਾ ਸੰਗਤਿ ਮੇਰਾ ਖਾਲਸਾ ਹੈ ਇਕੁ ਤੋਲੇ ਸੁਇਨੇ ਕਾ ਹੁਕਮੁ ਲਿਖਿਆ ਹੈ ਦੇਖਦੇ ਸਿਤਾਬੀ ਹਜ਼ੂਰ ਭੇਜਣਾ ਜੋ ਗੁਰੂ ਕੇ ਨਵਿਤ ਕਾ ਹੋਵੈ ਗੋਲਕ ਦਸਵੰਧ ਮੰਨਤ ਸੋ ਹਜ਼ੂਰ ਆਪ ਲੈ ਆਵਣਾ ਮਸੰਦਾਂ ਨੋ ਮੰਨਣਾ ਨਾਹੀ ਗੁਰੂ ਸੰਗਤਿ ਕੀ ਬਾਹੁੜੀ ਕਰੇਗਾ ਮਨੋਰਥ ਪੂਰੇ ਹੋਵਹਿਗੇ॥ ਸੰਮਤੁ ੧੭੫੫॥ ਮਿਤੀ ਚੇਤੋ ਚਉਦਹ॥੧੪॥ ਸਤਰਾ ਅੱਠ॥੮॥**

ਇਸ ਹੁਕਮਨਾਮੇ ਨੂੰ ਅਸਲੀ ਮੰਨਣ ਲਈ ਇਹ ਦਲੀਲਾਂ ਹਨ :

੧. ਇਹ ਕਿਸੇ ਨੂੰ ਨਿਜੀ ਉਗਰਾਹੀ ਲਈ ਨਹੀਂ ਬਖ਼ਸ਼ਿਆ ਗਿਆ, ਜਿਸ ਕਰਕੇ ਇਸ ਦੇ ਨਕਲੀ ਹੋਣ ਦਾ ਘਟ ਸ਼ੱਕ ਹੋ ਸਕਦਾ ਹੈ।

੨. ਮਸੰਦਾਂ ਦੀਆਂ ਸ਼ਕਾਇਤਾਂ ਸੁਣ ਕੇ ਗੁਰੂ ਜੀ ਨੇ ਮਸੰਦਾਂ ਨੂੰ ਦੰਡ ਦਿਤਾ ਸੀ। ਇਸ ਦੇ ਮਗਰੋਂ ਉਨ੍ਹਾਂ ਨੇ ਦਸਵੰਧ ਤੇ ਭੇਟਾ ਉਗਰਾਹੁਣ ਦਾ ਪਰਬੰਧ ਜ਼ਰੂਰ ਆਪ ਕੀਤਾ ਹੋਵੇਗਾ।

੩. ਇਹ ਇਕੋ ਹੀ ਹੁਕਮਨਾਮਾ ਹੈ, ਇਸ ਦੇ ਨਾਲ ਦਾ ਹੋਰ ਕੋਈ ਸੁਣਨ ਵਿਚ ਨਹੀਂ ਆਇਆ। ਕਿਆਸ ਕਹਿੰਦਾ ਹੈ ਕਿ ਇਹ ਹੁਕਮਨਾਮਾ ਅਸਲੀ ਹੋਵੇਗਾ, ਪਰ ਇਸ ਸੰਬੰਧੀ ਵੀ ਖੋਜ-ਪੜਤਾਲ ਜ਼ਰੂਰੀ ਹੋਣੀ ਚਾਹੀਦੀ ਹੈ।

ਕਹਿੰਦੇ ਹਨ ਕਿ ਸ੍ਰੀ ਗੁਰੂ ਕਲਗੀਧਰ ਜੀ ਦੇ ਦਰਬਾਰ ਵਿਚ ਤਖ਼ਤ ਤਾਊਸ ਦਾ ਜ਼ਿਕਰ ਚਲਿਆ। ਸਿੱਖਾਂ ਸੇਵਕਾਂ ਨੇ ਕਿਹਾ ਕਿ ਮਹਾਰਾਜ, ਇਥੇ ਵੀ ਸੋਨੇ ਦਾ ਬੰਗਲਾ ਬਣਨਾ ਚਾਹੀਦਾ ਹੈ। ਉਸ ਸਮੇਂ ਸਿੱਖਾਂ ਵਿਚ ਗੁਰੂ ਜੀ ਲਈ ਇਤਨੀ ਸ਼ਰਧਾ ਤੇ ਪ੍ਰੇਮ ਸੀ ਕਿ ਪਾਤਸ਼ਾਹਾਂ ਪਾਸ ਜੋ ਵੀ ਚੰਗੀ ਤੋਂ ਚੰਗੀ ਵਸਤੂ ਵੇਖਦੇ ਸਨ, ਓਹੀ ਗੁਰੂ ਜੀ ਦੇ ਦਰਬਾਰ ਵਿਚ ਭੇਟਾ ਕਰਨ ਦੀ ਕੋਸ਼ਸ਼ ਕਰਦੇ ਸਨ। ਗੁਰੂ ਜੀ ਦੇ ਪਾਸ ਹਾਥੀ, ਸ਼ਾਮਿਆਨੇ ਤੇ ਅਜਿਹੇ ਸ਼ਸਤਰ ਜਮ੍ਹਾ ਹੋ ਗਏ ਸਨ ਕਿ ਜਿਨ੍ਹਾਂ ਨੂੰ ਬਾਦਸ਼ਾਹ ਵੀ ਸਹਿਕਦੇ ਸਨ। ਸੁ ਸੋਨੇ ਦਾ ਬੰਗਲਾ ਬਣਾਣ ਦੀ ਤਜਵੀਜ਼ ਵੀ ਪ੍ਰਵਾਨ ਕੀਤੀ

ਗਈ ਤੇ ਸੋਨਾ ਇਕੱਤਰ ਕਰਨ ਲਈ ਬਾਹਰ ਹੁਕਮਨਾਮੇ ਭੇਜੇ ਗਏ। ਕਹਿੰਦੇ ਹਨ, ਇਹ ਉਸੇ ਸਮੇਂ ਦਾ ਇਕ ਹੁਕਮਨਾਮਾ ਹੈ ਜੋ ਮਾਛੀਵਾੜੇ ਦੇ ਇਲਾਕੇ ਦੇ ਇਕ ਸਿਖ ਕਲਿਆਣੇ ਨੂੰ ਭੇਜਿਆ ਗਿਆ ਸੀ।

ਕਿਹਾ ਜਾਂਦਾ ਹੈ ਕਿ ਉਸ ਸਮੇਂ ਕੋਈ ੯ ਕਰੋੜ ਦਾ ਸੋਨਾ ਇਕੱਠਾ ਹੋ ਗਿਆ। ਸੋਨੇ ਦਾ ਬੰਗਲਾ ਤਿਆਰ ਕੀਤਾ ਗਿਆ। ਜਦੋਂ ਮਹਾਰਾਜ ਆਨੰਦਪੁਰ ਛੱਡ ਕੇ ਨਿਕਲਣ ਵਾਲੇ ਸਨ ਤਾਂ ਹੋਰ ਸਾਮਾਨ ਦੇ ਨਾਲ ਇਹ ਬੰਗਲਾ ਵੀ ਦਰਿਆ ਸਤਲੁਜ ਵਿਚ ਸੁੱਟ ਦਿੱਤਾ ਗਿਆ।

ਕਹਿ ਨਹੀਂ ਸਕਦੇ ਕਿ ਉਪਰਲੀ ਗੱਲ ਕਿਥੋਂ ਕੁ ਤਾਈਂ ਠੀਕ ਹੈ।

ਹੋ ਸਕਦਾ ਹੈ ਕਿ ਦਸਵੰਧ ਅਤੇ ਹੋਰ ਲੰਗਰ ਤੇ ਗੁਰਦੁਆਰੇ ਦੇ ਖ਼ਰਚ ਲਈ ਮਾਇਆ ਇਕੱਠੀ ਕਰਨ ਵਾਸਤੇ ਇਹ ਹੁਕਮਨਾਮਾ ਭੇਜਿਆ ਗਿਆ ਹੋਵੇ। ਹਰ ਹਾਲਤ ਵਿਚ ਇਹ ਇਕ ਬਹੁ-ਮੁੱਲੀ ਇਤਿਹਾਸਕ ਚੀਜ਼ ਹੈ ਤੇ ਇਤਿਹਾਸ-ਖੋਜੀਆਂ ਨੂੰ ਇਸ ਦੀ ਖੋਜ ਕਰਨੀ ਚਾਹੀਦੀ ਹੈ।

*—ਹੀਰਾ ਸਿੰਘ 'ਦਰਦ'*

## ਅਹਿਦਨਾਮੇ

ਅੰਗਰੇਜ਼ਾਂ ਤੇ ਸਿੱਖਾਂ ਦੇ ਚਾਰ ਮਸ਼ਹੂਰ ਤੇ ਜ਼ਰੂਰੀ ਅਹਿਦਨਾਮੇ ਹੋਏ ਹਨ—ਦੋ ਅਹਿਦਨਾਮੇ ਮਹਾਰਾਜਾ ਰਣਜੀਤ ਸਿੰਘ ਦੇ ਨਾਲ, ਦੋ ਮਹਾਰਾਜਾ ਦਲੀਪ ਸਿੰਘ ਨਾਲ। ਇਕ ਰਾਜਾ ਗੁਲਾਬ ਸਿੰਘ ਨਾਲ ਵੀ ਹੋਇਆ ਹੈ। ਇਹ ਅਹਿਦਨਾਮੇ ਤਵਾਰੀਖ਼ਾਂ ਵਿਚ ਛਪੇ ਹੋਏ ਹਨ, ਪਰ ਇਨ੍ਹਾਂ ਦੀਆਂ ਅਸਲ ਕਾਪੀਆਂ ਤਾਂ ਬਹੁਤ ਹੀ ਦੁਰਲੱਭ ਹਨ।

ਮਹਾਰਾਜਾ ਰਣਜੀਤ ਸਿੰਘ ਜੀ ਨਾਲ ਪਹਿਲਾ ਅਹਿਦਨਾਮਾ ੨੫ ਅਪ੍ਰੈਲ ਸੰ: ੧੮੦੯ ਈ: ਨੂੰ ਮਿ: ਮੈਟਕਾਫ਼ ਦੀ ਰਾਹੀਂ ਹੋਇਆ। ਅਤੇ ਰੋਪੜ ਵਿਚ ਗਵਰਨਰ ਜਨਰਲ ਨਾਲ ੨੬ ਅਕਤੂਬਰ ੧੮੩੧ ਈ: ਨੂੰ, ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਤੇ ਗਵਰਨਰ ਜਨਰਲ ਦੀ ਆਪੋ ਵਿਚ ਮੁਲਾਕਾਤ ਹੋਈ, ਓਦੋਂ ਦੂਜਾ ਅਹਿਦਨਾਮਾ ਹੋਇਆ। ਇਸ ਦੂਜੇ ਅਹਿਦਨਾਮੇ ਵਿਚ ਕੋਈ ਖ਼ਾਸ ਨਵੀਂ ਗੱਲ ਨਹੀਂ ਸੀ, ਮਿ: ਮੈਟਕਾਫ਼ ਵਾਲੇ ਨੂੰ ਹੀ ਦੋਬਾਰਾ ਦਸਤਖ਼ਤ ਕਰ ਕੇ ਨਵਾਂ ਕੀਤਾ ਗਿਆ ਸੀ।

ਜਦੋਂ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਲੜਾਈ ਹੋਈ ਅਤੇ ਸਿੱਖਾਂ ਨੂੰ ਹਾਰ ਹੋਈ ਤਾਂ ਨਾਬਾਲਗ਼ ਦਲੀਪ ਸਿੰਘ ਵੱਲੋਂ ਸਰਦਾਰਾਂ ਨੇ ੬ ਮਾਰਚ, ੧੮੪੬ ਨੂੰ ਅਹਿਦਨਾਮਾ ਲਿਖਿਆ। ਇਸ ਵੇਲੇ ਦਲੀਪ ਸਿੰਘ ਜੀ ਅੱਠਾਂ ਵਰ੍ਹਿਆਂ ਦੇ ਸਨ। ਛੇਤੀ ਹੀ ਫਿਰ ਇਸ ਅਹਿਦਨਾਮੇ ਵਿਚ ਵਾਧਾ ਘਾਟਾ ਕਰਨ ਦੀ ਲੋੜ ਪਈ ਤੇ ਨਵਾਂ ਅਹਿਦਨਾਮਾ ੧੬ ਦਸੰਬਰ, ੧੮੪੬ ਨੂੰ ਹੋਇਆ, ਜਿਸ ਦੇ ਮੁਤਾਬਕ ਪੰਜਾਬ ਦੇ ਰਾਜ-ਪਰਬੰਧ ਦੀ ਜ਼ਿੰਮੇਵਾਰੀ ਅੰਗਰੇਜ਼ਾਂ ਨੇ ਲੈ ਲਈ।

ਸਾਡੇ ਪਾਸ ਮਹਾਰਾਜਾ ਰਣਜੀਤ ਸਿੰਘ ਜੀ ਵਾਲੇ ਪਹਿਲੇ ਅਹਿਦਨਾਮੇ ਦੀ ਅਸਲੀ ਕਾਪੀ ਦੇ ਫ਼ੋਟੋ ਭੇਜੇ ਗਏ ਹਨ।

ਅਸੀਂ ਇਨ੍ਹਾਂ ਨਿਹਾਇਤ ਜ਼ਰੂਰੀ ਇਤਿਹਾਸਕ ਲਿਖਤਾਂ ਦੇ ਫ਼ੋਟੋ ਕੇਵਲ ਇਸ ਖ਼ਿਆਲ ਨਾਲ ਛਾਪ ਰਹੇ ਹਾਂ ਕਿ ਇਹ ਬਹੁ-ਮੁੱਲੇ ਰਤਨ ਅਸਲੀ ਸ਼ਕਲ ਵਿਚ ਸਾਂਭੇ ਜਾਣ ਅਤੇ ਇਤਿਹਾਸਕਾਰਾਂ ਦੇ ਕੰਮ ਆਉਣ, ਇਸ ਤੋਂ ਬਿਨਾਂ ਹੋਰ ਸਾਡਾ ਕੋਈ ਪ੍ਰਯੋਜਨ ਨਹੀਂ ਹੈ।

## ਪਹਿਲਾ ਅਹਿਦਨਾਮਾ

ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ਾਂ ਦੇ ਅਹਿਦਨਾਮੇ ਦਾ ਸਾਰ ਇਹ ਹੈ:

ਚੂੰਕਿ ਸਰਕਾਰ ਬਰਤਾਨੀਆ ਅਤੇ ਲਾਹੌਰ ਦਰਬਾਰ ਦੇ ਵਿਚਕਾਰ ਕੁਝ ਮਤ-ਭੇਦ ਪੈਦਾ ਹੋ ਗਏ ਸਨ, ਸੋ ਉਹ ਖ਼ੁਸ਼ ਖ਼ੁਸ਼ੀ ਆਪੋ ਵਿਚ ਫ਼ੈਸਲਾ ਹੋ ਗਏ ਹਨ ਅਤੇ ਦੋਵੇਂ ਧਿਰਾਂ ਇਸ ਗੱਲ ਲਈ ਚਾਹਵਾਨ ਹਨ ਕਿ ਪੱਕੀ ਮਿੱਤਰਤਾ ਤੇ ਏਕਤਾ ਕਾਇਮ ਰੱਖੀ ਜਾਵੇ।

ਇਸ ਲਈ ਮਿੱਤਰਤਾ ਦੀਆਂ ਹੇਠ-ਲਿਖੀਆਂ ਸ਼ਰਤਾਂ ਇਕ ਪਾਸੇ ਮਹਾਰਾਜਾ ਰਣਜੀਤ ਸਿੰਘ ਵਲੋਂ ਅਤੇ ਦੂਜੇ ਪਾਸੇ ਬ੍ਰਿਟਿਸ਼ ਗੌਰਮਿੰਟ ਵਲੋਂ ਮਿਸਟਰ ਚਾਰਲੈਸ ਮੈਟਕਾਫ਼ ਸਾਹਿਬ ਦੀ ਰਾਹੀਂ ਪ੍ਰਵਾਨ ਕੀਤੀਆਂ ਗਈਆਂ ਹਨ, ਜੋ ਇਨ੍ਹਾਂ ਦੇ ਜਾ-ਨਸ਼ੀਨਾਂ ਅਤੇ ਵਾਰਸਾਂ ਨੂੰ ਭੀ ਮੰਨਣੀਆਂ ਜ਼ਰੂਰੀ ਹੋਣਗੀਆਂ।

### ਪਹਿਲੀ ਸ਼ਰਤ

ਅੰਗਰੇਜ਼ੀ ਸਰਕਾਰ ਅਤੇ ਲਾਹੌਰ ਦਰਬਾਰ ਵਿਚ ਸਦੀਵੀ ਮਿੱਤਰਤਾ ਹੋਵੇਗੀ, ਅਤੇ ਅੰਗਰੇਜ਼ੀ ਸਰਕਾਰ ਲਾਹੌਰ ਦਰਬਾਰ ਨੂੰ ਇੱਜ਼ਤ ਤੇ ਮਾਣ ਨਾਲ ਵੇਖੇਗੀ, ਅਤੇ ਅੰਗਰੇਜ਼ੀ ਸਰਕਾਰ ਨੂੰ ਸਤਲੁਜ ਦੀ ਉੱਤਰੀ ਆਬਾਦੀ ਅਤੇ ਵਸੋਂ ਨਾਲ ਕੋਈ ਦਖ਼ਲ ਨਹੀਂ ਹੋਵੇਗਾ, ਜਿਥੇ ਕਿ ਮਹਾਰਾਜਾ ਸਾਹਿਬ ਦਾ ਰਾਜ ਹੈ।

### ਦੂਜੀ ਸ਼ਰਤ

ਮਹਾਰਾਜਾ ਸਾਹਿਬ ਸਤਲੁਜ ਦੇ ਖੱਬੇ ਕੰਢੇ ਉਤੇ, ਜੋ ਕਿ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਮਤਹਿਤਾਂ ਦੇ ਕਬਜ਼ੇ ਵਿਚ ਹੈ, ਇਸ ਤੋਂ ਵਧ ਫ਼ੌਜ ਨਹੀਂ ਰਖਣਗੇ ਜਿਤਨੀ ਕਿ ਇਲਾਕੇ ਦੇ ਅੰਦਰਲੇ ਪਰਬੰਧ ਲਈ ਜ਼ਰੂਰੀ ਹੋਵੇਗੀ ਅਤੇ ਗੁਆਂਢੀ ਸਰਦਾਰਾਂ ਦੇ ਇਲਾਕੇ ਅਤੇ ਉਨ੍ਹਾਂ ਦੇ ਹੱਕਾਂ ਵਿਚ ਕੋਈ ਦਖ਼ਲ ਨਹੀਂ ਦਿਤਾ ਜਾਵੇਗਾ ਤੇ ਨਾ ਕਿਸੇ ਨੂੰ ਦਖ਼ਲ ਦੇਣ ਦੀ ਖੁਲ੍ਹ ਦਿਤੀ ਜਾਵੇਗੀ।

### ਤੀਜੀ ਸ਼ਰਤ

ਜੇ ਕਦੇ ਇਨ੍ਹਾਂ ਪਹਿਲੀਆਂ ਸ਼ਰਤਾਂ ਵਿਚੋਂ ਕੋਈ ਸ਼ਰਤ ਕਿਸੇ ਧਿਰ ਵਲੋਂ ਤੋੜੀ ਗਈ ਜਾਂ ਦੋਸਤੀ ਦੇ ਨਿਯਮਾਂ ਦਾ ਕਿਸੇ ਧਿਰ ਵਲੋਂ ਉਲੰਘਣ ਕੀਤਾ ਗਿਆ ਤਾਂ ਇਹ ਅਹਿਦਨਾਮਾ ਟੁੱਟ ਜਾਵੇਗਾ।

**ਚੌਥੀ ਸ਼ਰਤ**

ਇਹ ਅਹਿਦਨਾਮਾ, ਜਿਸ ਦੇ ਵਿਚ ਕਿ ਚਾਰ ਸ਼ਰਤਾਂ ਹਨ, ਸ੍ਰੀ ਅੰਮ੍ਰਿਤਸਰ ਜੀ ਵਿਚ ੨੫ ਅਪ੍ਰੈਲ, ੧੮੦੯ ਈ: ਨੂੰ ਫ਼ੈਸਲਾ ਹੋਇਆ ਤੇ ਸਿਰੇ ਚੜ੍ਹਿਆ। ਇਸ ਅਹਿਦਨਾਮੇ ਦੀ ਇਕ ਕਾਪੀ ਅੰਗਰੇਜ਼ੀ ਤੇ ਫ਼ਾਰਸੀ ਵਿਚ ਮਿਸਟਰ ਚਾਰਲਸ ਮੈਟਕਾਫ਼ ਨੇ ਆਪਣੀ ਮੋਹਰ ਲਗਾ ਕੇ ਅਤੇ ਦਸਤਖ਼ਤ ਕਰ ਕੇ ਮਹਾਰਾਜਾ ਸਾਹਿਬ ਨੂੰ ਦਿੱਤੀ ਅਤੇ ਮਹਾਰਾਜਾ ਸਾਹਿਬ ਨੇ ਦੂਜੀ ਕਾਪੀ ਆਪਣੀ ਮੋਹਰ ਲਗਾ ਕੇ ਦਸਤਖ਼ਤ ਕਰ ਕੇ ਮਿਸਟਰ ਮੈਟਕਾਫ਼ ਨੂੰ ਦਿੱਤੀ, ਅਤੇ ਮਿਸਟਰ ਮੈਟਕਾਫ਼ ਨੇ ਇਕਰਾਰ ਕੀਤਾ ਕਿ ਦੋ ਮਹੀਨਿਆਂ ਦੇ ਸਮੇਂ ਦੇ ਅੰਦਰ ਅੰਦਰ ਇਸ ਅਹਿਦਨਾਮੇ ਦੀ ਨਕਲ ਗਵਰਨਰ ਜਨਰਲ-ਇਨ-ਕੌਂਸਲ ਦੇ ਦਸਤਖ਼ਤ ਕਰਾ ਕੇ ਹਾਸਲ ਕੀਤੀ ਜਾਵੇਗੀ, ਅਤੇ ਜਦ ਉਹ ਮਹਾਰਾਜਾ ਸਾਹਿਬ ਨੂੰ ਮਿਲ ਜਾਵੇਗੀ ਤਾਂ ਇਹ ਅਹਿਦਨਾਮਾ ਪੱਕਾ ਸਮਝਿਆ ਜਾਵੇਗਾ ਅਤੇ ਦੋਹਾਂ ਧਿਰਾਂ ਨੂੰ ਇਸ ਦੇ ਅਨੁਸਾਰ ਚਲਣਾ ਜ਼ਰੂਰੀ ਹੋਵੇਗਾ, ਅਤੇ ਜਿਹੜੀ ਨਕਲ ਮਹਾਰਾਜਾ ਸਾਹਿਬ ਨੂੰ ਹੁਣ ਦਿੱਤੀ ਹੈ, ਇਹ ਵਾਪਸ ਲੈ ਲਈ ਜਾਵੇਗੀ।

ਸਰਕਾਰੀ<br>ਮੋਹਰ

ਦਸਤਖ਼ਤ<br>ਗਵਰਨਰ ਜਨਰਲ

ਇਹ ਅਹਿਦਨਾਮਾ ਫ਼ੋਰਟ ਵਿਲੀਅਮ (ਬੰਗਾਲ) ਵਿਚ ਗਵਰਨਰ ਜਨਰਲ ਵਲੋਂ ਤਸਦੀਕ ਕੀਤਾ ਗਿਆ।

ਤਰੀਕ ੩੦ ਮਈ, ੧੮੦੯ ਈ:।

ਦਸਤਖ਼ਤ<br>ਚੀਫ਼ ਸੈਕਟਰੀ

## ਦੂਜਾ ਅਹਿਦਨਾਮਾ

ਇਹ ਅਹਿਦਨਾਮਾ ੧੬ ਦਸੰਬਰ, ੧੮੪੬ ਈ: ਨੂੰ ਹੋਇਆ। ਮਹਾਰਾਜਾ ਦਲੀਪ ਸਿੰਘ ਵੱਲੋਂ ਲਾਹੌਰ ਦਰਬਾਰ ਦੇ ਸਰਦਾਰਾਂ ਨੇ ਦਸਖ਼ਤ ਕੀਤੇ। ਇਸ ਅਹਿਦਨਾਮੇ ਦੀਆਂ ਪਹਿਲੀਆਂ ਛੇ ਸ਼ਰਤਾਂ ਦੇ ਫ਼ੋਟੋ ਨਹੀਂ ਪ੍ਰਾਪਤ ਹੋਏ, ਪਰ ਉਹ ਸ਼ਰਤਾਂ ਤਵਾਰੀਖ਼ਾਂ ਵਿਚ ਲਿਖੀਆਂ ਹਨ ਤੇ ਉਨ੍ਹਾਂ ਦਾ ਸਾਰ ਇਸ ਪਰਕਾਰ ਹੈ:

**ਪਹਿਲੀ ਸ਼ਰਤ**


ਜੋ ਅਹਿਦਨਾਮਾ ੯ ਮਾਰਚ ੧੮੪੬ ਨੂੰ ਲਿਖਿਆ ਗਿਆ ਸੀ, ਉਸ ਦੀ ਹਰ ਇਕ ਸ਼ਰਤ ਦੋਹਾਂ ਧਿਰਾਂ ਦੇ ਮੰਨਣ ਯੋਗ ਹੋਵੇਗੀ।

**ਦੂਜੀ ਸ਼ਰਤ**

ਸਰਕਾਰ ਅੰਗਰੇਜ਼ੀ ਲਾਹੌਰ ਵਿਚ ਆਪਣਾ ਇਕ ਵੱਡਾ ਅਫ਼ਸਰ (ਰੈਜ਼ੀਡੰਟ)

# ਅਹਿਦਨਾਮਾ ਨੰਬਰ ੨

## (ਮਹਾਰਾਜਾ ਦਲੀਪ ਸਿੰਘ ਤੇ ਅੰਗਰੇਜ਼ਾਂ ਵਿਚਕਾਰ)


every department

Article VII

A British Force of
such strength and numbers
and in such positions as
the Governor General may
think fit shall remain
at Lahore for the protection
of the Maharajah


of the country

Article VIII

The Governor General
shall be at liberty

(ਸਫ਼ਾ 256-258)

# ਅਹਿਦਨਾਮਾ ਨੰਬਰ ੨




be deemed necessary by
the British Government
for the security of the
Capital [illegible]
[illegible]

Article IX

The Lahore State shall
pay to the British Govern-
ment Twenty Two Lacs
[illegible]
[illegible] rupees
[illegible]
[illegible] for
the maintenance of this
force [illegible]
[illegible] by the
British Government
and [illegible] to be paid
by two instalments [illegible]


(ਸਫ਼ਾ 256-258)

# ਅਹਿਦਨਾਮਾ



(ਸਫ਼ਾ 256-258)

# ਅਹਿਦਨਾਮਾ ਨੰਬਰ ੨


Article XI.

The provisions of this Engagement shall have effect during the minority of His Highness Maharajah Dulleep Sing and shall cease and terminate on His Highness attaining the full age of sixteen years or on the 4th September of the year 1854 but it shall be competent to the Governor General to cause the arrangement to cease at any period prior to the coming of age of His Highness at which the Governor General and the Lahore Durbar may be satisfied that the

(ਸਫ਼ਾ 256-258)

ਸਣੇ ਉਸ ਦੇ ਸਹਾਇਕਾਂ ਦੇ ਮੁਕੱਰਰ ਕਰੇਗੀ ਅਤੇ ਉਨ੍ਹਾਂ ਨੂੰ ਰਾਜ-ਪਰਬੰਧ ਦੇ ਹਰ ਇਕ ਕੰਮ ਦਾ ਪੂਰਾ ਅਖ਼ਤਿਆਰ ਹੋਵੇਗਾ।

### ਤੀਜੀ ਸ਼ਰਤ

ਸਾਰੇ ਪਰਬੰਧ ਵਿਚ ਕੋਈ ਗੱਲ ਪਰਜਾ ਦੇ ਰਿਵਾਜਾਂ ਦੇ ਖ਼ਿਲਾਫ਼ ਜਾਂ ਕਿਸੇ ਫ਼ਿਰਕੇ ਜਾਂ ਮਜ਼੍ਹਬ ਦੇ ਵਿਰੁੱਧ ਨਹੀਂ ਹੋਵੇਗੀ ਅਤੇ ਹਰ ਇਕ ਦਾ ਹੱਕ ਕਾਇਮ ਰਹੇਗਾ।

### ਚੌਥੀ ਸ਼ਰਤ

ਮੁਲਾਜ਼ਮਾਂ ਦਾ ਰਖਣਾ ਹਟਾਣਾ ਇਕ ਕੌਂਸਲ ਦੇ ਸਪੁਰਦ ਹੋਵੇਗਾ, ਜੋ ਰੈਜ਼ੀਡੰਟ ਸਾਹਿਬ ਦੇ ਮਸ਼ਵਰੇ ਨਾਲ ਕੰਮ ਕਰੇਗੀ।

### ਪੰਜਵੀਂ ਸ਼ਰਤ

ਕੌਂਸਲ ਲਈ ਹਾਲਾਂ ਹੇਠਾਂ-ਲਿਖੇ ਸੱਜਣਾਂ ਦੇ ਨਾਂ ਤਜਵੀਜ਼ ਹੋਏ ਹਨ:

੧. ਸਰਦਾਰ ਸ਼ਮਸ਼ੇਰ ਸਿੰਘ ਅਟਾਰੀ ਵਾਲਾ। ੨. ਰਾਜਾ ਤੇਜ ਸਿੰਘ। ੩. ਦੀਵਾਨ ਦੀਨਾ ਨਾਥ। ੪. ਸਰਦਾਰ ਲਾਲ ਸਿੰਘ। ੫. ਸਰਦਾਰ ਕੇਹਰ ਸਿੰਘ ਸੰਧਾਂਵਾਲੀਆ। ੬. ਸਰਦਾਰ ਅਰਜਨ ਸਿੰਘ ਰੰਗੜ ਨੰਗਲੀਆ। ੭. ਰਾਇ ਕਿਸ਼ਨ ਚੰਦ। ੮. ਸਰਦਾਰ ਰਣਜੋਧ ਸਿੰਘ। ੯. ਸਰਦਾਰ ਅਤਰ ਸਿੰਘ ਕਾਲਿਆਂ ਵਾਲਾ। ੧੦. ਭਾਈ ਨਿਧਾਨ ਸਿੰਘ। ੧੧. ਸਰਦਾਰ ਕਾਹਨ ਸਿੰਘ। ੧੨. ਸਰਦਾਰ ਸ਼ਮਸ਼ੇਰ ਸਿੰਘ।

ਇਨ੍ਹਾਂ ਵਿਚ ਅਦਲਾ-ਬਦਲੀ ਨਹੀਂ ਹੋਵੇਗੀ ਬਿਨਾਂ ਰਜ਼ਾਮੰਦੀ ਰੈਜ਼ੀਡੰਟ ਸਾਹਿਬ, ਜੋ ਕਿ ਗਵਰਨਰ ਜਨਰਲ ਦੇ ਅਧੀਨ ਹਨ।

### ਛੇਵੀਂ ਸ਼ਰਤ

ਮੁਲਕ ਦਾ ਪਰਬੰਧ ਕੌਂਸਲ ਕਰੇਗੀ ਅਤੇ ਕੌਂਸਲ ਦੇ ਸ਼ਰਦਾਰ ਹਰ ਮਾਮਲੇ ਵਿਚ ਰੈਜ਼ੀਡੰਟ ਸਾਹਿਬ ਨਾਲ ਮਸ਼ਵਰਾ ਕਰ ਲਿਆ ਕਰਨਗੇ ਅਤੇ ਹਰ ਮਾਮਲੇ ਵਿਚ ਰੈਜ਼ੀਡੰਟ ਦਾ ਹੁਕਮ ਆਖ਼ਰੀ ਫ਼ੈਸਲਾ ਹੋਵੇਗਾ।

ਇਸ ਤੋਂ ਅਗਲੀਆਂ ਸ਼ਰਤਾਂ ਦੇ ਬਲਾਕ ਵੀ ਛਪੇ ਹਨ:

### ਸਤਵੀਂ ਸ਼ਰਤ

ਅੰਗਰੇਜ਼ੀ ਫ਼ੌਜ ਇਤਨੀ ਤਾਕਤ ਤੇ ਇਤਨੀ ਗਿਣਤੀ ਦੀ ਅਜਿਹੀ ਹਾਲਤ ਵਿਚ ਲਾਹੌਰ ਰਖੀ ਜਾਏਗੀ ਜਿਤਨੀ ਤੇ ਜਿਸ ਤਰ੍ਹਾਂ ਕਿ ਗਵਰਨਰ ਜਨਰਲ ਬਹਾਦਰ ਮੁਨਾਸਬ ਖ਼ਿਆਲ ਕਰਨਗੇ, ਅਤੇ ਇਹ ਫ਼ੌਜ ਮਹਾਰਾਜੇ ਦੀ ਹਿਫ਼ਾਜ਼ਤ ਕਰੇਗੀ ਅਤੇ ਮੁਲਕ ਵਿਚ ਅਮਨ ਕਾਇਮ ਰਖੇਗੀ।

## ਅਠਵੀਂ ਸ਼ਰਤ

ਗਵਰਨਰ ਜਨਰਲ ਬਹਾਦਰ ਨੂੰ ਅਖ਼ਤਿਆਰ ਹੋਵੇਗਾ ਕਿ ਉਹ ਦਰਬਾਰ ਲਾਹੌਰ ਦੇ ਰਾਜ ਵਿਚ ਕਿਸੇ ਕਿਲ੍ਹੇ ਜਾਂ ਫ਼ੌਜੀ ਚੌਕੀ ਵਿਚ ਅੰਗਰੇਜ਼ੀ ਫ਼ੌਜ ਬਿਠਾ ਸਕਣਗੇ, ਜਿਸ ਦੀ ਬਾਬਤ ਕਿ ਗਵਰਨਰ ਜਨਰਲ ਨੂੰ ਰਾਜਧਾਨੀ ਦੇ ਬਚਾਉ ਲਈ ਜਾਂ ਮੁਲਕ ਵਿਚ ਅਮਨ ਕਾਇਮ ਰੱਖਣ ਲਈ ਲੋੜ ਭਾਸੇਗੀ ਤੇ ਉਹ ਇਸ ਗੱਲ ਨੂੰ ਜ਼ਰੂਰੀ ਖ਼ਿਆਲ ਕਰਨਗੇ।

## ਨੌਵੀਂ ਸ਼ਰਤ

ਲਾਹੌਰ ਦਰਬਾਰ ਬ੍ਰਿਟਿਸ਼ ਗੌਰਮਿੰਟ ਨੂੰ ਇਸ ਫ਼ੌਜ ਦੇ ਖ਼ਰਚ ਲਈ ਅਤੇ ਮੁਲਕੀ ਪਰਬੰਧ ਦੇ ਖ਼ਰਚ ਲਈ ਬਾਈ ਲੱਖ ਰੁਪਿਆ ਸਾਲਾਨਾ ਨਾਨਕ-ਸ਼ਾਹੀ ਨਕਦ ਦਿਆ ਕਰੇਗਾ, ਜੋ ਮਾਲੋਂ ਖਰਾ ਤੇ ਵਜ਼ਨ ਵਿਚ ਪੂਰਾ ਹੋਵੇ। ਇਹੋ ਰਕਮ ਦੋ ਕਿਸ਼ਤਾਂ ਦੇ ਵਿਚ ਦਿੱਤੀ ਜਾਇਆ ਕਰੇਗੀ : ਤੇਰ੍ਹਾਂ ਲੱਖ ਵੀਹ ਹਜ਼ਾਰ ਮਈ ਜਾਂ ਜੂਨ ਵਿਚ, ਅਤੇ ਅੱਠ ਲੱਖ ਅੱਸੀ ਹਜ਼ਾਰ ਨਵੰਬਰ ਜਾਂ ਦਸੰਬਰ ਵਿਚ ਹਰ ਸਾਲ।

## ਦਸਵੀਂ ਸ਼ਰਤ

ਇਹ ਮੁਨਾਸਬ ਅਤੇ ਜ਼ਰੂਰੀ ਹੈ ਕਿ ਸ੍ਰੀ ਮਹਾਰਾਣੀ ਸਾਹਿਬ, ਮਹਾਰਾਜਾ ਦਲੀਪ ਸਿੰਘ ਜੀ ਦੀ ਮਾਤਾ, ਦੇ ਖ਼ਰਚ-ਪਰਚ ਤੇ ਗੁਜ਼ਾਰੇ ਲਈ ਤੇ ਨੌਕਰਾਂ-ਚਾਕਰਾਂ ਲਈ ਮੁਨਾਸਬ ਰਕਮ ਦਿੱਤੀ ਜਾਵੇ। ਸੋ ਇਕ ਲੱਖ ਪੰਜਾਹ ਹਜ਼ਾਰ ਰੁਪਿਆ ਸਾਲਾਨਾ ਉਨ੍ਹਾਂ ਨੂੰ ਦਿੱਤਾ ਜਾਇਆ ਕਰੇਗਾ, ਜਿਸ ਦਾ ਖ਼ਰਚ ਕਰਨਾ ਉਨ੍ਹਾਂ ਦੇ ਅਖ਼ਤਿਆਰ ਵਿਚ ਹੋਵੇਗਾ।

## ਯਾਰਵੀਂ ਸ਼ਰਤ

ਇਸ ਅਹਿਦਨਾਮੇ ਦੀਆਂ ਸ਼ਰਤਾਂ ਉਤੇ ਮਹਾਰਾਜਾ ਦਲੀਪ ਸਿੰਘ ਜੀ ਦੇ ਨਾ-ਬਾਲਗ਼ ਹੋਣ ਸਮੇਂ ਤਕ ਵਰਤੋਂ ਕੀਤੀ ਜਾਵੇਗੀ ਅਤੇ ਜਦੋਂ ਮਹਾਰਾਜਾ ਸਾਹਿਬ ਸੋਲ੍ਹਾਂ ਵਰ੍ਹਿਆਂ ਦੇ ਪੂਰੇ ਹੋ ਜਾਣਗੇ, ਅਰਥਾਤ ੪ ਸਤੰਬਰ ਸੰ: ੧੮੫੪ ਈ: ਮੁਤਾਬਕ ੨੦ ਭਾਦਰੋਂ ੧੯੧੧ ਬਿਕ੍ਰਮੀ ਨੂੰ ਇਹ ਅਹਿਦਨਾਮਾ ਮਨਸੂਖ਼ ਸਮਝਿਆ ਜਾਵੇਗਾ। ਪਰ ਗਵਰਨਰ ਜਨਰਲ ਚਾਹੁਣਗੇ ਤਾਂ ਮਹਾਰਾਜਾ ਦਲੀਪ ਸਿੰਘ ਦੇ ਬਾਲਗ਼ ਹੋਣ ਤੋਂ ਪਹਿਲਾਂ ਹੀ ਇੰਤਜ਼ਾਮ ਛੱਡ ਦੇਣਗੇ, ਜਿਸ ਵਕਤ ਕਿ ਗਵਰਨਰ ਜਨਰਲ ਨੂੰ ਤੇ ਲਾਹੌਰ ਦਰਬਾਰ ਨੂੰ ਤਸੱਲੀ ਹੋ ਜਾਵੇਗੀ ਕਿ ਓਹ ਸਰਕਾਰ ਅੰਗਰੇਜ਼ੀ ਦੇ ਦਖ਼ਲ ਤੋਂ ਬਿਨਾਂ ਕਾਇਮ ਰਖ ਸਕਦੇ ਹਨ ਤੇ ਪਰਬੰਧ ਕਰ ਸਕਦੇ ਹਨ।

ਇਹ ਅਹਿਦਨਾਮਾ ੧੬ ਦਸੰਬਰ ਸੰਨ ੧੮੪੬ ਈ: ਮੁਤਾਬਕ ੪ ਪੋਹ ਸੰਮਤ ੧੯੦੩ ਬਿਕ੍ਰਮੀ ਨੂੰ ਹੋਇਆ। ਸਰਦਾਰਾਂ ਨੇ ਮੋਹਰਾਂ ਲਾਈਆਂ ਤੇ ਦਸਤਖ਼ਤ ਕੀਤੇ।

*—ਹੀਰਾ ਸਿੰਘ 'ਦਰਦ'*

# ਸਿਖ ਧਾਰਮਿਕ ਤੇ ਇਤਿਹਾਸਕ ਸਾਹਿਤ

## (ਸ੍ਰੀਮਾਨ ਸਰਦਾਰ ਗੰਡਾ ਸਿੰਘ ਜੀ 'ਕੇਵਲ', ਅਬਾਦਾਨ)

(ਸ: ਗੰਡਾ ਸਿੰਘ ਜੀ ਉਨ੍ਹਾਂ ਸਿਖ ਵਿਦਵਾਨਾਂ ਵਿਚੋਂ ਹਨ, ਜਿਨ੍ਹਾਂ ਉੱਤੇ ਸਿਖ ਕੌਮ ਨੂੰ ਫ਼ਖ਼ਰ ਹੋ ਸਕਦਾ ਹੈ। ਆਪ ਨੇ ਸਿਖ ਇਤਿਹਾਸ ਤੇ ਸਿਖ ਧਰਮ ਸੰਬੰਧੀ ਬਹੁਤ ਪੁਸਤਕਾਂ ਇਕੱਠੀਆਂ ਕੀਤੀਆਂ ਤੇ ਵਾਚੀਆਂ ਹਨ। ਆਪ ਨੇ ਪੁਸਤਕਾਂ ਦੀ ਇਹ ਫ਼ਰਦ ਬਣਾ ਕੇ ਕੌਮ ਦੀ ਇਕ ਭਾਰੀ ਲੋੜ ਨੂੰ ਪੂਰਾ ਕੀਤਾ ਹੈ। ਆਮ ਆਦਮੀਆਂ ਨੂੰ ਇਹ ਉੱਦਮ ਭਾਵੇਂ ਵੱਡੀ ਗੱਲ ਨਾ ਜਾਪੇ, ਪਰ ਸੱਚ ਇਹ ਹੈ ਕਿ ਐਸੀ ਫ਼ਰਦ ਬਣਾਉਣੀ ਨਾ ਹਾਰੀ ਸਾਰੀ ਦਾ ਕੰਮ ਹੈ, ਤੇ ਨਾ ਹੀ ਸਹਿਜ ਸੁਖਾਲ ਨਾਲ ਐਸੀ ਫ਼ਰਦ ਬਣ ਸਕਦੀ ਹੈ। ਇਹ ਕੰਮ ਜਾਣਕਾਰ ਆਦਮੀ ਹੀ ਕਰ ਸਕਦਾ ਹੈ, ਅਤੇ ਇਸ ਕੰਮ ਉੱਤੇ ਕਰੜੀ ਮਿਹਨਤ ਕਰਨੀ ਪੈਂਦੀ ਹੈ।) —*ਕਰਮ ਸਿੰਘ*

ਇਕ ਤਾਂ ਬਹੁਤ ਸਾਰਾ ਪੁਸਤਕ-ਭੰਡਾਰ ਸਰਸਾ ਦੀ ਭੇਟਾ ਹੋ ਜਾਣ ਵੇਲੇ ਬੜੇ ਬੜੇ ਅਨਮੋਲ ਖਰੜੇ ਗ਼ਰਕ ਹੋ ਗਏ ਤੇ ਸਿਖ ਇਤਿਹਾਸਕ ਖ਼ਜ਼ਾਨਾ ਸੱਖਣਾ ਹੋ ਗਿਆ, ਦੂਸਰੇ ਸਿਖ ਕੌਮ ਉੱਤੇ ਜ਼ੁਲਮ ਦੇ ਪਹਾੜ ਟੁੱਟ ਪਏ ਅਤੇ ਹਰ ਇਕ ਸਿਖ ਬੱਚੇ, ਵਿਦਵਾਨ ਤੇ ਸਿਪਾਹੀ, ਰਾਹਕ ਤੇ ਵਪਾਰੀ, ਸਤਿਗੁਰੂ ਜੀ ਤੋਂ ਲੈ ਕੇ ਇਕ ਨਿਰਮਾਣ ਸੇਵਕ ਤਕ ਨੂੰ ਧਰਮ-ਰੱਖਿਆ ਲਈ ਹੱਥ ਕਿਰਪਾਨ ਲੈ ਕੇ ਮੈਦਾਨ ਵਿਚ ਉਤਰਨਾ ਪਿਆ। ਲਗਪਗ ਸੌ ਸਾਲ ਇਹੋ ਨੌਬਤ ਰਹਿਣ ਕਰਕੇ ਸਿੱਖਾਂ ਨੂੰ ਆਪਣਾ ਇਤਿਹਾਸ ਲਿਖਣ ਲਈ ਕੋਈ ਸਮਾਂ ਨਾ ਮਿਲ ਸਕਿਆ। ਏਸੇ ਕਾਰਨ ਸਾਡਾ ਇਤਿਹਾਸ ਖ਼ਲਤ-ਮਲਤ ਹੋ ਗਿਆ। ਸਤਿਗੁਰਾਂ ਦੇ ਜ਼ਮਾਨੇ ਦਾ ਹਾਲ ਤਾਂ ਕੁਝ ਨਾ ਕੁਝ ਜਨਮ-ਸਾਖੀਆਂ ਆਦਿ ਵਿਚੋਂ ਮਿਲ ਹੀ ਜਾਂਦਾ ਹੈ, ਪਰ ਉਸ ਦੇ ਬਾਅਦ ਤੋਂ ਮਹਾਰਾਜਾ ਰਣਜੀਤ ਸਿੰਘ ਤਕ ਦਾ ਸਿਖ ਇਤਿਹਾਸਕ ਵਰਕਾ ਉੱਕਾ ਹੀ ਕੋਰਾ ਹੈ। ਕੋਰਾ ਇਸ ਲਈ ਨਹੀਂ ਕਿ ਉਸ ਵੇਲੇ ਕੋਈ ਇਤਿਹਾਸਕ ਗੱਲ ਨਹੀਂ ਹੋਈ, ਬਲਕਿ ਇਸ ਲਈ ਕਿ ਉਸ ਵੇਲੇ ਦਾ ਕੋਈ ਪੂਰਾ ਪੂਰਾ ਸੱਚਾ ਇਤਿਹਾਸ ਇਕ ਲੜੀ ਵਿਚ ਪਰੋਤਾ ਨਹੀਂ ਮਿਲਦਾ।

ਸੱਚ ਪੁਛੋ ਤਾਂ ਇਨ੍ਹਾਂ ਪਚਾਸੀ-ਨੱਬੇ ਸਾਲਾਂ ਵਿਚ ਸ੍ਰੀਮਾਨ ਬਾਬਾ ਗੁਰਬਖ਼ਸ਼ ਸਿੰਘ ਜੀ ਦੀ ਪੰਜਾਬ ਵਲ ਚੜ੍ਹਾਈ, ਮੁਗ਼ਲ ਸੂਬਿਆਂ ਨਾਲ ਜੰਗੀ ਟਾਕਰੇ ਤੇ ਦਿੱਲੀ ਵਿਚ ਸ਼ਹੀਦੀਆਂ, ਮੀਰ ਮੰਨੂ ਵਲੋਂ ਸਿੱਖਾਂ ਦਾ ਕਤਲਿ-ਆਮ, ਸਿੱਖਾਂ ਦਾ ਜੰਗਲੀਂ ਤੇ ਪਹਾੜੀਂ

ਚੜ੍ਹ ਜਾਣਾ, ਹੈਦਰੀ ਝੰਡਾ ਖੜਾ ਹੋਣਾ, ਗਸ਼ਤੀ ਫ਼ੌਜ ਦੀ ਚੜ੍ਹਾਈ ਅਤੇ ਸਿੱਖਾਂ 'ਤੇ ਅਸਹਿ ਤੇ ਅਕਹਿ ਜ਼ੁਲਮ, ਦੀਵਾਨ ਲਖਪਤ ਰਾਇ ਆਦਿ ਦੀ ਤੱਦੀ, ਵੱਡੇ ਤੇ ਛੋਟੇ ਘਲੂਘਾਰੇ ਦਾ ਸਾਕਾ, ਜ਼ਾਲਮਾਂ ਦੇ ਜ਼ੁਲਮ ਤੇ ਸਿੱਖਾਂ ਦੀਆਂ ਧਰਮ ਪਰ ਅਦੁੱਤੀ ਕੁਰਬਾਨੀਆਂ, ਸਿੱਖਾਂ ਦਾ ਜਮਨਾ ਪਾਰ ਤੇ ਰਾਜਪੂਤਾਨੇ ਵਲ ਜਾਣਾ ਤੇ ਜੰਗ ਮਾਰਨੇ, ਅਹਿਮਦ ਸ਼ਾਹ ਦੀ ਫ਼ੌਜ ਦੀ ਸਿੱਖਾਂ ਨਾਲ ਝਪਟ, ਸਿੱਖਾਂ ਦਾ ਮੂੰਹ-ਤੋੜਵਾਂ ਉੱਤਰ, ਮਿਸਲਾਂ ਦੀ ਬਣਤਰ, ਦਿੱਲੀ ਦੀ ਫ਼ਤਹ ਤੇ ਸਿਖ ਰਾਜ ਦੀ ਕਾਇਮੀ, ਓਹ ਅਦੁੱਤੀ ਇਤਿਹਾਸਕ ਗੱਲਾਂ ਹਨ ਜਿਨ੍ਹਾਂ ਦੀ ਮਿਸਾਲ ਦੁਨੀਆ ਵਿਚ ਮਿਲਣੀ ਮੁਸ਼ਕਲ ਹੈ। ਇਨ੍ਹਾਂ ਦਿਨਾਂ ਦਾ ਇਕ ਇਕ ਸਾਕਾ ਸੋਨੇ ਦੇ ਅੱਖਰਾਂ ਨਾਲ ਲਿਖਣ ਵਾਲਾ ਹੈ। ਪਰ ਸਿਖ ਇਤਿਹਾਸਕ ਮੋਤੀ ਸਾਡੀ ਅਣਗਹਿਲੀ ਦੇ ਕਾਰਨ ਇਸ ਤਰ੍ਹਾਂ ਰੁਲ ਰਹੇ ਹਨ, ਤੇ ਉਨ੍ਹਾਂ ਨੂੰ ਛੇਤੀ ਹੀ ਚੁਣ ਕੇ ਅਤੇ ਸਾਫ਼ ਕਰ ਕੇ ਲੜੀ ਵਿਚ ਪ੍ਰੋਵਣ ਦੀ ਡਾਢੀ ਲੋੜ ਹੈ।

ਇਹ ਹੀ ਹਾਲ ਸਿਖ ਰਾਜ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਦੇ ਬਾਅਦ ਦਸਾਂ ਸਾਲਾਂ ਦਾ ਹੈ, ਡੋਗਰਾ-ਗਰਦੀ, ਮਿਸਰਾਂ ਦੀ ਗ਼ੱਦਾਰੀ ਤੇ ਸਾਜ਼ਸ਼ਾਂ ਦੇ ਗੁੱਝੇ ਹਾਲ ਹੁਣ ਤਕ ਪਰਦੇ ਵਿਚ ਹਨ, ਜਿਨ੍ਹਾਂ ਨੂੰ ਸੱਚਾਈ ਦੇ ਚਾਨਣੇ ਵਿਚ ਲਿਆ ਕੇ ਅਮਲੀ ਸੂਰਤ ਵਿਚ ਪਰਗਟ ਕਰਨ ਤੇ ਸਿਖ ਰਾਜ ਦੀ ਤਬਾਹੀ ਦੇ ਇਤਿਹਾਸ ਨੂੰ ਪੂਰਾ ਕਰਨ ਦੀ ਲੋੜ ਹੈ।

ਸਿਖ ਇਤਿਹਾਸ ਸੰਬੰਧੀ ਜੋ ਮਸਾਲਾ ਮੌਜੂਦ ਭੀ ਹੈ ਉਹ ਭੀ ਫ਼ਾਰਸੀ, ਗੁਰਮੁਖੀ, ਉਰਦੂ ਤੇ ਅੰਗਰੇਜ਼ੀ ਪੁਸਤਕਾਂ ਤੇ ਲਿਖਤਾਂ ਵਿਚ ਬਿਖਰਿਆ ਪਿਆ ਹੈ। ਕਈ ਵਾਰੀ ਇਸ ਬਾਬਤ ਪੁੱਛ-ਗਿੱਛ ਹੁੰਦੀ ਹੈ, ਇਸੇ ਲਈ ਹੀ ਇਤਿਹਾਸਕ ਖੋਜੀਆਂ ਦੇ ਲਾਭ ਹਿਤ ਉਨ੍ਹਾਂ ਪੁਸਤਕਾਂ ਤੇ ਲਿਖਤਾਂ ਦੀ ਇਹ ਫ਼ਰਦ ਬਣਾਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਫ਼ਰਦ ਪੂਰੀ ਨਹੀਂ ਕਹੀ ਜਾ ਸਕਦੀ, ਕਿਉਂਕਿ ਕਈ ਕਾਰਨਾਂ ਕਰਕੇ ਬਹੁਤ ਸਾਰੀਆਂ ਪੁਸਤਕਾਂ ਇਸ ਵਿਚ ਦਰਜ ਹੋਣੀਆਂ ਰਹਿ ਗਈਆਂ ਹੋਣਗੀਆਂ। ਗੁਰਮੁਖੀ ਤੇ ਉਰਦੂ ਦੀਆਂ ਕਈ ਪੁਸਤਕਾਂ, ਜਿਹੜੀਆਂ ਜਾਂ ਤੇ ਕਿਸੀ ਪੁਸਤਕ ਦੀ ਥੋੜ੍ਹੀ ਬਹੁਤ ਅਦਲਾ-ਬਦਲੀ ਤੋਂ ਬਿਨਾਂ ਨਕਲਾਂ ਹਨ ਜਾਂ ਛੋਟੀਆਂ ਛੋਟੀਆਂ ਸੈਂਚੀਆਂ ਹਨ, ਛੱਡ ਦਿੱਤੀਆਂ ਗਈਆਂ ਹਨ। ਫ਼ਰਦ ਵਿਚ ਦਿੱਤੀਆਂ ਫ਼ਾਰਸੀ ਪੁਸਤਕਾਂ ਤੇ ਲਿਖਤਾਂ ਵਿਚੋਂ ਬਹੁਤ ਸਾਰੀਆਂ ਅਗੇ ਸ: ਕਰਮ ਸਿੰਘ ਸਿੰਘ ਜੀ ਹਿਸਟੋਰੀਅਨ ਵਲੋਂ ਮਾਰਚ ੧੯੨੮ ਦੇ 'ਫੁਲਵਾੜੀ' ਦੇ ਪਰਚੇ ਵਿਚ ਛਪ ਚੁਕੀਆਂ ਹਨ, ਪਰ ਫ਼ਰਦ ਨੂੰ ਇਸ ਥਾਂ ਪੂਰਾ ਕਰਨ ਲਈ ਇਨ੍ਹਾਂ ਨੂੰ ਛੱਡਣਾ ਮੁਨਾਸਬ ਨਹੀਂ ਸਮਝਿਆ ਗਿਆ।

ਚੂੰਕਿ ਅੱਜ-ਕੱਲ੍ਹ ਆਮ ਰੁਚੀ ਅੰਗਰੇਜ਼ੀ ਪੁਸਤਕਾਂ ਵਲ ਜ਼ਿਆਦਾ ਹੈ, ਇਸ ਲਈ ਅੰਗਰੇਜ਼ੀ ਵਿਚ ਛਪੀਆਂ ਪੁਸਤਕਾਂ ਦੀ ਫ਼ਰਦ ਨੂੰ ਪੂਰਾ ਕਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਕਈ ਐਸੀਆਂ ਪੁਸਤਕਾਂ ਭੀ ਦਰਜ ਕੀਤੀਆਂ ਗਈਆਂ ਹਨ ਜੋ ਜ਼ਿਆਦਾ ਸੰਬੰਧ ਭਾਵੇਂ ਸਿਖ ਇਤਿਹਾਸ ਨਾਲ ਨਹੀਂ ਰਖਦੀਆਂ, ਪਰ ਉਨ੍ਹਾਂ ਵਿਚੋਂ ਕਈ ਅਜਿਹੀਆਂ ਗੱਲਾਂ ਸਿਖ ਇਤਿਹਾਸ ਸੰਬੰਧੀ ਮਿਲਦੀਆਂ ਹਨ, ਜਿਹੜੀਆਂ ਹੋਰ ਦੂਸਰੀਆਂ ਪੁਸਤਕਾਂ ਵਿਚ ਨਹੀਂ ਹਨ।

ਸਿੱਖਾਂ ਦੇ ਧਾਰਮਿਕ ਤੇ ਰਾਜਸੀ ਇਤਿਹਾਸ ਦੀ ਖੋਜ ਦਾ ਸ਼ੌਕ ਕਈ ਇਕ ਵੀਰਾਂ ਦੇ ਦਿਲਾਂ ਵਿਚ ਉਠਦਾ ਹੈ, ਪਰ ਉਠ ਉਠ ਕੇ ਕੇਵਲ ਇਸ ਲਈ ਰਹਿ ਜਾਂਦਾ ਹੈ ਕਿ ਉਨ੍ਹਾਂ ਨੂੰ ਆਪਣੇ ਇਸ ਉੱਦਮ ਦੇ ਪੂਰਾ ਕਰਨ ਜਾਂ ਕਿਸੇ ਹੱਦ ਤਕ ਸਿਰੇ ਚੜ੍ਹਾਉਣ ਲਈ ਲੋੜੀਂਦਾ ਮਸਾਲਾ ਨਹੀਂ ਮਿਲਦਾ। ਇਹ ਇਕ ਬੜੀ ਭਾਰੀ ਔਕੜ ਹੈ ਜਿਹੜੀ ਬਹੁਤੇ ਉੱਦਮੀਆਂ ਨੂੰ ਨਿਰਾਸ ਕਰ ਦਿੰਦੀ ਹੈ। ਆਸ਼ਾ ਹੈ ਕਿ ਇਹ ਫ਼ਰਦ ਕਿਸੇ ਹੱਦ ਤਕ ਇਸ ਔਕੜ ਨੂੰ ਦੂਰ ਕਰ ਦੇਵੇਗੀ।

ਜੇ ਕੋਈ ਸੱਜਣ ਦਾਸ ਨੂੰ ਕਿਸੇ ਹੋਰ ਪੁਸਤਕ ਸੰਬੰਧੀ ਲਿਖ ਘਲਣਗੇ ਤਾਂ ਦਾਸ ਅਤੀ ਧੰਨਵਾਦੀ ਹੋਵੇਗਾ ਅਤੇ ਜੇ ਕਿਸੀ ਸੱਜਣ ਨੂੰ ਫ਼ਰਦ ਵਿਚ ਦਿਤੀ ਕਿਸੀ ਪੁਸਤਕ ਸੰਬੰਧੀ ਪੁੱਛ-ਗਿੱਛ ਕਰਨੀ ਹੋਵੇ ਤਾਂ ਦਾਸ ਸਮਰਥਾ ਅਨੁਸਾਰ ਬੜੀ ਖ਼ੁਸ਼ੀ ਨਾਲ ਹਾਜ਼ਰ ਹੈ।

# BIBLIOGRAPHY
## of
## Sikh Religious & Historical Literature

**(Compiled by S. Ganda Singh Kewal, Abadan, Persia)**


Aitchison, Sir C., *Lord Lawrence* (Rulers of India Series).

Ali, Shamat, *The Sikhs and Afghans*, London, 1847.

Archer, J.H. Laurence, *Commentaries on the Punjab Compaign (1848-49)*, London 1878.

Attar Singh, *Sakhee Book— A description of Guru Govind Singh's Religion and Doctrines*, Medical Hall Press, Benares, 1873.

*Travels of Guru Teg Bahadur and Govind Singh*, Indian Public Opinion Press, Allahabad, 1876.

*Rayhit-Nama of Prahalad Rai (Singh) and Nand Lal* (Translation), Albert Press, Lahore, 1876.

Baird, J.G.A., *Private letters of Marquess of Dalhousie*, Wm. Blackwood & Sons, London.

Barth, *Religions of India*, Keganpaul, French Trubner & Co., London E.C., 1921.

Basu, B.D., *Rise of the Christian Power in India*, R. Chatterjee, 91 Circular Road, Calcutta.

Bell Evans, *The Annexation of the Punjab and Maharaja Daleep Singh*, Trubner & Co., Ludgate Hill, London, 1882.

*The Retrospects and Prospects of Indian Policy*, 1868.

*The Empire in India*, 1864.

Beasant, Annie, *Religious Problem in India (Lecture III—Sikhism)*, Theosophical Publishing House, Adyar, Madras, 1925.

Beveridge, *Comprehensive History of India*, Blackie & Sons, London, 1865.

Bingam, *General Gilbert's Raid to the Khyber.*

Bingley, A.H., Sikhs—*Handbook for Indian Army*, Supdt., Govt. Printing, Calcutta.

Broad-foot, W., *Career of Major George Broad-foot C.B.*, John Murray, Albemarle Street, London, 1888,

Browne, Jas., *India Tracts.*

Buist, G., *Annals of India for the year 1848.*

Burnes, Alex, *Travel into Bukhara*, John Murray, London, 1834.

Burton, Lt. Col. R.G., *The First and Second Sikh Wars*, Simla, 1911.

Campbell, *Ethnology of India.*

Candler, Edmond, *Mantle of the East*, Wm. Blackwood & Sons, London, 1910.

Cave, Brown, *The Punjab and Delhi in 1857.*

Chajoo Singh Bawa, *The Ten Gurus and their Teachings*, The Punjab Ptg. Works, Lahore, 1903.

Chesney, *Indian Polity.*

Cole, J.J., *A Sketch of the Siege of Mooltan.*

Coley, J., *A Journal of the Sutlej Compaign* (1845-1846), London, 1846.

Compton, *European Military Adventurers in India.*

Corner, History of China and India, Hy. Washbourne, New Bridge Street, London, 1847.

Cotton, J.J., *Life of General Avitable*, Calcutta, 1906.

Court, H., *History of the Sikhs* (Translation of 'Sikhan-de-Raj di Vithya').

Crook, W., *Northern India* (Ethnographical Handbook), Archd. Constable & Co., London, 1907.

Crowther, *Memorandum on Sikhs* (Govt. of India, Army Deptt. Publication).

Cunningham, J.D.C., *A History of the Sikhs*, Oxford University Press, 1918 (1849).

Daljeet Singh, Raja Sir, *Some Aspects of Sikhism.*

*Shlokes of Guru Teg Bahadur.*

Duleep Singh, *Duleep Singh and the Government—A Narrative*, (for Private Circulation), London, 1884.

Dunlop, J., *Multan, during and after the Siege*, London, 1849.

Eden, Miss E., *Miss Eden's Letters*, Macmillan & Co., 1919.

*Up the Country*, Richard Bentley, New Burlington Street, London, 1866.

*Portraits of the People and Princes of India.*

Edwards, H., *A Year on the Punjab Frontier in 1848-1849*, Richard Bentley, London, 1851.

Edwards and Merivale, *Life of Sir H. Lawrence*, London, 1872.
Elliott, H.M., *History of India as told by its own Historians.*
Elphinston, *History of India.*
Falconm, Capt. R.W., *Handbook on Sikhs for Regimental Officers*, Pioneer Press, Allahabad, 1896.
Fane, H.E., *Five Years in India*—1835-1839, London, 1842.
Farquhar, J.N., *Modern Religious Movements in India*, Macmillan & Co., London, 1924.
Fields, Dorothy, *The Religion of the Sikhs* (Wisdom of the East Series), John Murray, London, 1914.
Forster, *A Journey from Bengal to England*, R. Faulder, New Bond Street, London, 1798.
Franklin, *The History of the Reign of Shah Allum.*
*The Military Memoirs of George Thomas.*
Fraser, *Military Memoirs of James Skinner.*
Ganda Singh Kewal, *Bhai Gurdas, his life and work*, Sikh Tract Society, Lahore, 1929.
Gardner, A., *Memoirs of Col. A. Gardner,* 1898.
Gazetteers, *Gazetteers of various Districts of the Punjab.*
Ghulam Hussain Khan, *Siyar-ul-Mutakherin*—Translation of Panini Office, Allahabad, 1924.
Gordon, Gen. John J.H., *The Sikhs*, Wm. Blackwood & Sons, London, 1904.
Gough, Lord, *Despatches of Lord Gough* (Parliamentary Papers).
Gough and Innes, *The Sikhs and Sikh Wars*, A.D. Innes & Co., Redford Street, London, 1897.
Greenfield, *Five Years in Ludhiana.*
Griffin, Sir L., *Rajas of the Punjab*, Lahore, 1870.
*Punjab Chiefs.*
*Ranjit Singh* (Rulers of India Series), Carendon Press, Oxford, 1916.
—*The Gurdwara Reform Movement and the Sikh Awakening*, Desh Sewak Book Agency, Jullundur, 1924.
Gurmukh Singh Mongia, *Sikhism: Its Faith and Morals,* Sikh Tract Society.
Harlm, J., *A Memoir of India.*
Hardinge, Lord, *Despatches of Lord Hardinge* (Parliamentry Papers).
Hardinge, Viscount, *Advance into the Punjab* (Rulers of India).
Hardinge, Viscount & Gough, Gen. Lord, *The War in India—Despatches on Battles of Moodkee, Ferozeshah, Aliwal and Sobraon*, John Oliver, Pall Mall, London, 1846.

Harmsworth, *Harmsworth History of the World— Vol: V, Middle East*, Educational Book Co. Ltd., London, 1914.

Harnam Singh, *Extracts from Vachittar Natak.*
*The Ten Swayyas of Guru Govind Singh.*
*Message of Peace and Reconciliation.*
*Supreme Master* etc. etc., Sikh Tract Society.

Henry, G.A., *Through the Sikh War*, Blackie & Sons, London.

Honighberger, J. M., *Thirtyfive Years in the East,* H. Bailliere, Regent Street, London, and R.C. Lepage & Co., Calcutta.

Hopkins, *Religions of India.*

Hough, *Political and Military Events in India*, W.H. Allan & Co., London 1853.

Howard, Elliott, *Studies in Non-Christian Religions,* Society for Promoting Christian Knowledge, London, 1910.

Hugel, Baron Chas, *Travels in Cashmere and Punjab*, John. Petheran, 71 Chancery Road, London, 1845.

Humbly, W.W.W., *Journal of a Cavalry Officer (Sikh Campaign—1845)*, London, 1845.

Hunter, W.W., *Marquess of Dalhousie* (Rulers of India Series).
*The Indian Empire*, Trubner & Co., London, 1882.

Innes, J. McLeod, *Sir Henry Lawrence* (Rulers of India Series).

Irvine, *Guru Govind Singh and Banda.*

Irvine, W., *Later Mughals* (J. of A.S.B.—1894, 1896, 1898)

Jacquemont, Victor, *Letters from India*, Edward Churton, 26 Holless Street, London, 1834.

Janam Sakhi,—Photozinco-graphical copy of *Janam Sakhi* in India Office Library, presented to the East India Co., by Mr. H.T. Colebrook, Published by the Punjab Government, Printed by Trigonometrical Branch, Survey of India, Dehradun, 1885.

Jodh Singh, *A Paper on Sikhism.*
*Religion and Religious Life*, etc., etc., Sikh Tract Society.

Kaye, J.W., *Life and Correspondence of Lord Metcalf*, London 1854.

Khalsa, The, Articles on Sikhism and connected Subjects in *The Khalsa*, Lahore.

Khazan Singh, *History and Philosophy of the Sikh Religion,* Nawal Kishore Press, Lahore, 1914.

Kumar, Hukamchand, *Guru Nanak as an Occultist*, Blavatsky, Hyderabad Sindh.

Lakshman Singh, Bhagat, *Sikh Martyrs*, Ganesh & Co., Madras.
*Guru Govind Singh—His Life and Work.*
*Tributes to the memory of Guru Govind Singh.*
*Balm of life.*
*Guru Govind Singh's Idealism.*
*The Sikh and His New Critics.*

Latif, Syed Mohammed, *History of the Punjab,* The Calcutta Central Press Ltd., 5 Council House Street, Calcutta, 1891.
*History of Lahore.*

Laurence, J., *The Sikhs and their Country* (Journal of the Asiatic Society of Bengal, Vol. III).

Lawrence, H.M.L., *Adventures of an officer in the Punjab*, Henry Colburn, London, 1846.

Login, Lady, *Sir John Login and Daleep Singh.*

Lyall, Sir A.C., *Asiatic Studies—Religious and Social,* John Murray, London, 1907.

Macauliffe, M.A., *The Sikh Religion* (Six Volumes in 3 Parts), Clarendon Press, Oxford, 1909.
*How the Sikhs became a Militant People,* Earnest Leroux, Editeur, 28 Rue Bonaparte, Paris, 1905.
*Holy writings of the Sikhs*, The Christian Association Press, Allahabad, 1900.
*Sikhs and Sikhism* (Article in the *Encyclopaedia Britannica*). *Sikh Religion* (A lecture delivered at Simla on 6th July 1903, etc., etc).

Maclagan, E., *A Glossary of the Castes and Tribes of the Punjab and N.W.F.P.* (Government Printing), Lahore.
*Census of India, 1891—The Punjab and its Fendatories* (Government Printing), Calcutta, 1892.

Malcolm, Lt. Col., Sketch of the Sikhs—*A singular Nation who inhabit the Provinces of the Punjab*, John Murray, London, 1812.

Malleson, *Decisive Battles of India.*

Marshman, *J.C., History of India.*
*Memoirs of H. Havelock.*

Massey and Griffin, *The Chiefs and Families of note in the Punjab—1907-1909.*

Massie, J.W., *Continental India.*

Massons, *Travels* Narrative of various journeys into the Punjab etc.

McGregor, W.L., *History of the Sikhs.*

Metcalf, *Selections from the Papers of Lord Metcalf* by Sir John W. Kaye, London, 1855.

Mill, *History of British India.*

Mohan Lal, *Travels in the Punjab* etc. W.H. Allan & Co., London, 1846.

Mool Raj, *Trial of Mool Raj*, Delhi, 1849.

Moor Craft, *Travels in the Himalayan Provinces.*

Morgan, *Mazahabi Sikhs.*

Napier, Sir Chas, *Depects, Civil and Military, Govt. of India.*

Narang, Gokal Chand, *Transformation of the Sikhism*, Tribune Press, Lahore, 1912.

Natesan & Co., *Ramanand to Ram Tirath* (including the lives of Sikh Gurus), Natesan & Co., Madras.

Osborne, W.G., *The Court and Camp of Ranjit Singh,* Henry Colburn, 1840.

Orlich, Capt. Von, *Travels in India.*

Ostreham, *Notes on Jats.*

Paniker, K.M. *Ideals of Sikhism*, Sikh Tract Society.

Parry, R.E., *The Sikhs of the Punjab,* Draine's, London.

Payne, *A Short History of the Sikhs.*

Pincott, Fred, *Sikhism in relation to Mohammedanism,* W.H. Allan & Co., London, 1885.

Princep, Henry T., *Origin of the Sikh Power in the Punjab and Political Life of Maharaja Ranjit Singh*, G.H. Huttmann, Military Orphan Press, Calcutta, 1834.

Punjabi, an Old, *The Punjab and N.W.F. of India*, Kegan Paul & Co., London, 1878.

Puran Singh, *The Book of the Ten Masters,* Selwyn & Blount Ltd., London, 1926.

*Sisters of the Spinning Wheel,* J.M. Dent & Sons, London, 1921.

*Spirit of the Oriental Poetry.*

Parliamentary Papers., *Lahore—Papers Respecting Hostilities on the N.W.F. of India and Treaties with Maharaja Duleep Singh*—2 Parts, 1846.

*Lahore—Papers Relating to the Articles of Agreement with Lahore Darbar for the administration of State during the minority of Maharaja Duleep Singh, 1847.*

*Punjab—Papers of 1847-1849, relating to the affairs of the Punjab*—2 Parts.

Periodicals, *Journal of the Punjab Historical Society.*
*Punjab Notes and Queries.*
*Calcutta Review, 1830-1859.*
*Journal of the Asiatic Society of Bengal, 1830-1859.*
*Journal of the Royal Asiatic Society, 1830-1859.*
Qanugo, Prof., *History of the Jats.*
Raite, R.S., *Life of Hugh Viscount Gough*, Constable & Co., 1903.
Rawlinson, *Indian Historical Studies.*
Rice, *Notes on the Sikhs.*
Ross, D., *The Land of the Five Rivers and Sindh,* Chapman & Hall Ltd., Covent Gardens, London, 1883.
Sardul Singh Kavishar, *Guru Nanak and World Peace.*
*Guru Govind Singh and National Movement.*
*The Cross and the Crown.*
*Republicanism in Religion.*
*The City of Joy.*
*Spirit of Sikhism* etc., etc., Sikh Tract Society.
Sewaram Singh Thapan., *Siri Guru Nanak Dev—A Critical Study of Life and Teachings,* Commercial Union Press, Rawalpindi, 1904.
Sher Singh, *Thoughts on Sikh Symbols.*
Sherring, *Hindu Tribes and Castes.*
Sikhs, *Affairs of India, 1846.*
Sikh Tract Society, *Stray thoughts on Sikhism.*
Monthly *Tracts* issued by the Society.
Sleeman, *Rambles and Recollections of an Indian Official.*
Smith, R. Bosworth, *Life of Lord Lawrence*, Smith Elder & Co., London, 1883.
Smith, *Rise and Progress of the Regular Corps.*
Smyth, G. Carmichael, A *History of the Reigning Family of Lahore*, W. Thacker & Co., 1847.
Sohan Singh, *Banda, the Brave*, Punjab Novelist Co., Lahore, 1915.
Steinlach. Lt. Col., *The Punjab—The Country of the Sikhs.* Smith Elder & Co., 65 Cornhill, London, 1845.
Sunder Singh, *The Annals of Ramgarhia Sirdars*, 1902.
Teja Singh, *Japji*—Translated into English and annotated.
*Asa-di-var*—Translated and annotated.
*Growth of Responsibility in Sikhism.*
*The Sikh Prayer.*
*Sword and Religion.*

*Guru Nanak and His Mission.*
*Sikhs and Organization.*
*What Sikhism did for Womankind?*
*Balanced Growth of Sikhism.*
*Are there Sects in Sikhism?*
*High Roads of the Sikh History.*
*Forms and Symbols in Religion.*
*Humour in Sikhism* etc. Sikh Tract Society and Star Book Depot, Hall Bazar, Amritsar.

Thackwell, *Narrative of the Second Sikh War*, London, 1851.

Thornburn, S.S. *The Punjab in Peace and War,* London, 1904.

Thorn, *Memoirs of the War in India.*

Thornton, *Hisrtory of the British Empire in India*, London, 1859.

Thornton, D.M., *Rise, Jain and Sikh*, The Religious Tract Society, London. 1898.

Thornton, *History of the Punjab and Rise and Progress of the Sikh Nation.*

Trotter, *History of India.*

Trump, E., *Adi Granth* (Translated), Trubner & Co., London, 1878.

Vaswani, T.L., *In the Sikh Sanctuary*, Ganesh & Co., Madras, 1922. *Sikh Message.*

Vigne, G.T., *Travels in Kashmir* etc. and the North of the Punjab, Henry Colburn, London, 1844.

Wade, C., *Our relations with the Punjab*, London, 1823.

Wade, Sir C., *Narrative of Personal Services.*

Walji, Bhai Pundit, *Hari Charita—Comparison between the Granth Sahib and the Bible,* Ludhiana, 1894.

Wheeler, J.T. *Early Records of British India.* Trubner & Co., London, 1878.

Wilson, Annie C., *After five years in India*, Blackie & Sons, 1895.

William, Article on Sikhs etc. in *Calcutta Review,* Vol. 60.

Wilkins, *Hindu Mythology.*

### ਫ਼ਾਰਸੀ, ਗੁਰਮੁਖੀ, ਉਰਦੂ, ਹਿੰਦੀ ਭਾਸ਼ਾਵਾਂ ਵਿਚ ਰਚਿਤ

## ਸਿਖ ਧਰਮ ਤੇ ਇਤਿਹਾਸ ਨਾਲ ਸੰਬੰਧਿਤ ਸਾਹਿਤ ਦੀ ਸੂਚੀ


ਅਹਿਮਦ ਸ਼ਾਹ, *ਤਵਾਰੀਖ਼ ਅਹਿਮਦ ਸ਼ਾਹ* (ਫ਼ਾ)

ਅਲੀ-ਉ-ਦੀਨ, *ਇਬਰਤ-ਨਾਮਾ* (ਫ਼ਾ)

ਅਬਦੁਲ ਕਰੀਮ ਕਸ਼ਮੀਰੀ, *ਬਿਆਨੇ ਵਾਕਈ* (ਫ਼ਾ)

ਅਰਾਦਤ ਖ਼ਾਨ, *ਤਵਾਰੀਖ਼ ਅਰਾਦਤ ਖ਼ਾਨ* (ਫ਼ਾ)

ਆਨੰਦ ਕਿਸ਼ੋਰ ਮਹਿਤਾ, *ਜੀਵਨ ਚਰਿਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ* (ਉ)

ਅਮਰ ਨਾਥ ਦੀਵਾਨ, *ਜ਼ਫ਼ਰਨਾਮਾ ਰਣਜੀਤ ਸਿੰਘ* (ਫ਼ਾ)

ਸਰੂਪ ਲਾਲ, *ਤਵਾਰੀਖ਼ ਸਿੱਖਾਂ* (ਫ਼ਾ)

ਸਰੂਪ ਚੰਦ, *ਗੁਰ ਰਤਨਾਵਲੀ* (ਗੁ)

ਸ਼ਿਵਬ੍ਰਤ ਲਾਲ, *ਪੰਜਾਬੀ ਸੂਰਮਾ* (ਉ)

ਸ਼ਿਵ ਦਾਸ, *ਮੁਨੱਵਰ ਉਲ ਕਾਸਮ* (ਫ਼ਾ)

ਸ਼ਿਵ ਪ੍ਰਸ਼ਾਦ, *ਫ਼ਰਹਿ ਬਖ਼ਸ਼* (ਫ਼ਾ)

ਸ਼ਾਹ ਨਿਵਾਜ਼ ਖ਼ਾਨ, *ਮੁਆਸਰੁਲ ਉਮਰਾ* (ਫ਼ਾ)

*ਮਿਰਾਤ-ਏ-ਆਫ਼ਤਾਬ ਨੁਮਾ* (ਫ਼ਾ)

ਸੁਖਾ ਸਿੰਘ, *ਗੁਰ ਬਿਲਾਸ* (ਗੁ)

ਸ਼ੇਰ ਸਿੰਘ ਗਿਆਨੀ, *ਪੰਥਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ* (ਗੁ)

ਸੇਵਾ ਸਿੰਘ, *ਸਿਖ ਔਰ ਗੁਰਦਵਾਰੇ* (ਉ)

ਸੈਨਾਪਤਿ ਕਵੀ, *ਸ੍ਰੀ ਗੁਰ ਸੋਭਾ* (ਗੁ)

ਸੋਹਣ ਲਾਲ, *ਅਮਦਾ ਤੁੱਲ ਤਵਾਰੀਖ਼* (ਫ਼ਾ)

ਸੋਹਣ ਲਾਲ, *ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਮਹਾਰਾਜਾ ਸ਼ੇਰ ਸਿੰਘ ਤੇ ਮਹਾਰਾਜਾ ਦਲੀਪ ਸਿੰਘ* (ਫ਼ਾ)

ਸੰਤੋਖ ਸਿੰਘ, *ਸੂਰਜ ਪ੍ਰਕਾਸ਼* (ਗੁ)

*ਨਾਨਕ ਪ੍ਰਕਾਸ਼* (ਗੁ)

ਸੁੰਦਰ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਉ)

ਹਰਚਰਨ ਦਾਸ, *ਚਹਾਰ ਗੁਲਸ਼ਨ ਸੁਜ਼ਾਈ* (ਫ਼ਾ)

ਕਰਮ ਸਿੰਘ ਹਿਸਟੋਰੀਅਨ, *ਬਾਬਾ ਬੰਦਾ ਬਹਾਦਰ* (ਗੁ)

*ਬੰਦਾ ਕੌਨ ਥਾ* (ਉ)

*ਜੀਵਨ ਮਹਾਰਾਜਾ ਆਲਾ ਸਿੰਘ* (ਗੁ)

*ਕਤਕ ਕਿ ਵਿਸਾਖ* (ਗੁ)

*ਭਾਈ ਤਾਰੂ ਸਿੰਘ* (ਉ)

ਕਨ੍ਹਈਆ ਲਾਲ, *ਰਣਜੀਤ ਨਾਮਾ* (ਫ਼ਾ)

ਕਾਰ ਮਰਾਜ, *ਇਬਰਤ-ਨਾਮਾ* (ਫ਼ਾ)

ਕਾਮਵਰ ਖ਼ਾਨ, *ਤਜ਼ਕਰਾਤ-ਉਲ-ਸੁਲਾਤੀਨ ਚੁਗਤਾਈਆ* (ਫ਼ਾ)

ਕਰਤਾਰ ਸਿੰਘ ਗਿਆਨੀ, *ਸਿਖ ਇਤਿਹਾਸਕ ਗ੍ਰੰਥ* (ਗੁ)
ਖ਼ਾਫ਼ੀ ਖ਼ਾਨ, *ਮਨਤਖ਼ਿਬ-ਉਲ-ਲੁਬਾਬ* (ਫ਼ਾ)
ਖ਼ੁਸ਼ਵਕਤ ਰਾਏ, *ਤਵਾਰੀਖ਼ ਸਿੱਖਾਂ* (ਫ਼ਾ)
ਖ਼ੁਸ਼ਹਾਲ ਚੰਦ, *ਨਾਦੁਰੁੱਜ਼ ਮਾਨੀ* (ਫ਼ਾ)
ਖ਼ੁਦਾ ਬਖ਼ਸ਼, *ਸ਼ੇਰ ਸਿੰਘ ਨਾਮਾ* (ਫ਼ਾ)
*ਤਵਾਰੀਖ਼ ਮੁਲਕ-ਏ-ਹਜ਼ਾਰ* (ਫ਼ਾ)
ਖ਼ੈਰ-ਉ-ਦੀਨ, *ਇਬਰਤਨਾਮਾ* (ਫ਼ਾ)
ਖ਼ੈਰਦੀਨ ਮੁਫ਼ਤੀ, *ਤਵਾਰੀਖ਼* (ਫ਼ਾ)
ਗਣੇਸ਼ਾ ਸਿੰਘ, *ਭਾਰਤ ਮਤ ਦਰਪਨ* (ਗੁ)
ਗਣੇਸ਼ ਦਾਸ, *ਚਹਾਰ ਗੁਲਸ਼ਨੇ ਪੰਜਾਬ* (ਫ਼ਾ)
ਗਿਆਨ ਸਿੰਘ ਗਿਆਨੀ, *ਪੰਥ ਪਰਕਾਸ਼* (ਗੁ)
*ਤਵਾਰੀਖ਼ ਗੁਰੂ ਖ਼ਾਲਸਾ* (ਗੁ) ਤੇ (ਉ)
ਗ਼ੁਲਾਮ ਅਲੀ ਮੀਰ, *ਅਮਾਦ-ਉਲ-ਸਆਦਤ* (ਫ਼ਾ)
ਗ਼ੁਲਾਮ ਅਲੀ ਖ਼ਾਨ, *ਸ਼ਾਹ ਆਲਮ ਨਾਮਾ* (ਫ਼ਾ)
*ਮੁਕੱਦਮਾ-ਏ-ਸ਼ਾਹ ਆਲਮ* (ਫ਼ਾ)
ਗ਼ੁਲਾਮ ਅਲੀ ਮੀਰ, *ਖ਼ਜ਼ਾਨਾ ਏ ਆਮਰਾ* (ਫ਼ਾ)
ਗ਼ੁਲਾਮ ਕਾਸਮ-ਸੂਫ਼ੀ, *ਤਜ਼ਕਰਾ ਜਨਾਬ ਬਾਬਾ ਨਾਨਕ* (ਉ)
ਗੋਵਿੰਦ ਸਿੰਘ, ਸੰਤ, *ਇਤਿਹਾਸ ਗੁਰੂ ਖ਼ਾਲਸਾ* (ਹਿੰ)
ਗੰਡਾ ਸਿੰਘ ਕੇਵਲ, *ਸਾਹਿਬਜ਼ਾਦੋਂ ਕੇ ਸ਼ਹੀਦੀ ਜੀਵਨ* (ਹਿੰ)
ਜਵਾਲਾ ਦਤ ਸ਼ਰਮਾ, *ਸਿੱਖੋਂ ਕੇ ਦਸ ਗੁਰੂ* (ਹਿੰ)
ਠਾਕਰ ਸਿੰਘ ਗਿਆਨੀ, *ਗੁਰਦਵਾਰੇ ਦਰਸ਼ਨ* (ਗੁ)
ਠਾਕਰ ਸਿੰਘ ਸੂਦ, *ਅੰਗਰੇਜ਼ੋਂ ਨੇ ਪੰਜਾਬ ਕਿਸ ਤਰਹ ਲੀਆ* (ਉ)
*ਸਿੱਖੋਂ ਕਾ ਰਾਜ ਕਿਸ ਤਰਹ ਗਿਆ* (ਉ)
ਤਾਰਾ ਸਿੰਘ ਨਰੋਤਮ, ਪੰਡਤ, *ਗੁਰ ਤੀਰਥ ਸੰਗ੍ਰਹਿ* (ਗੁ)
ਦਯਾ ਰਾਮ, *ਗੁਰੂ ਨਾਨਕ ਦੇਵ ਜੀ ਕੀ ਸਵਾਨਿਹ ਉਮਰੀ* (ਉ)
ਦੌਲਤ ਰਾਏ, *ਗੁਰੂ ਨਾਨਕ ਦੇਵ* (ਉ)
*ਗੁਰੂ ਗੋਬਿੰਦ ਸਿੰਘ* (ਉ)
*ਬਾਬਾ ਬੰਦਾ* (ਉ)
ਨਿਹਾਲ ਸਿੰਘ ਸਰਮੁਖ ਸਿੰਘ, *ਖ਼ੁਰਸ਼ੀਦ ਖ਼ਾਲਸਾ* (ਉ)
ਨੂਰ ਮੁਹੰਮਦ, *ਜੰਗ ਨਾਮਾ* (ਫ਼ਾ)
ਨੰਦ ਕਿਸ਼ੋਰ ਦੇਵ ਵਰਮਾ, *ਅੰਤਮ ਸਿਖ ਬਾਦਸ਼ਾਹ* (ਅਨੁਵਾਦਕ : ਕੇਸਰ ਸਿੰਘ ਮੁਲਤਾਨੀ)
ਪ੍ਰੇਮ ਸਿੰਘ ਬਾਵਾ, *ਮਹਾਰਾਜਾ ਰਣਜੀਤ ਸਿੰਘ* (ਗੁ)
*ਮਹਾਰਾਜਾ ਨੌਨਿਹਾਲ ਸਿੰਘ* (ਗੁ)
*ਸਰਦਾਰ ਹਰੀ ਸਿੰਘ ਨਲੂਆ* (ਗੁ)

*ਅਕਾਲੀ ਫੂਲਾ ਸਿੰਘ* (ਗੁ)

'ਫੁਲਵਾੜੀ', ਅੰਮ੍ਰਿਤਸਰ, *ਸਿਖ ਇਤਿਹਾਸ* ਸੰਬੰਧੀ ਸ: ਕਰਮ ਸਿੰਘ ਹਿਸਟੋਰੀਅਨ ਦੇ ਲੇਖ

ਬੂਟੇ ਸ਼ਾਹ, *ਤਵਾਰੀਖ਼ ਪੰਜਾਬ* (ਫ਼ਾ)

ਭਗਵਾਨ ਸਿੰਘ ਆਰਫ਼, *ਪੰਜ ਸ਼ਹੀਦ* (ਉ)

ਮੁਹੰਮਦ ਅਲੀ ਖ਼ਾਨ, *ਤਵਾਰੀਖ਼ ਏ ਮੁਜ਼ਫਰੀ* (ਫ਼ਾ)

ਮੁਹੰਮਦ ਸ਼ਫ਼ੀ ਵਾਰਦ, *ਮਿਰਾਤ ਏ ਵਾਰਦਾਤ* (ਫ਼ਾ)

ਮੁਹੰਮਦ ਕਾਸਮ ਲਾਹੌਰੀ, *ਇਬਰਤ ਨਾਮਾ* (ਫ਼ਾ)

ਮਿਰਜ਼ਾ ਮੁਹੰਮਦ ਹਰੀਸੀ, *ਤਵਾਰੀਖ਼ ਮੁਹੰਮਦੀ* (ਫ਼ਾ)

*ਇਬਰਤ ਨਾਮਾ* (ਫ਼ਾ)

ਮੀਰ ਮੁਹੰਮਦ ਅਹਿਸਨ ਈਜਾਨ, *ਸਮਾਨਵੀ-ਸ਼ਾਹਨਾਮਾ* (ਫ਼ਾ)

ਮੁਸਤਜਾਬ ਖ਼ਾਨ, *ਗੁਲਿਸਤਾਨ ਏ ਰਹਿਮਤ* (ਫ਼ਾ)

ਯਾਰ ਮੁਹੰਮਦ, *ਦਸਤੂਰ ਇਨਸ਼ਾ* (ਫ਼ਾ)

ਯੇਈਆ ਖ਼ਾਨ, *ਤਜ਼ਕਰਾ ਤੁਲ ਮਲੂਕ* (ਫ਼ਾ)

ਰਤਨ ਸਿੰਘ, *ਪੰਥ ਪਰਕਾਸ਼* (ਗੁ)

ਰਾਏ ਚਤਰ ਮਾਨ, *ਚਹਾਰ ਗੁਲਸ਼ਨ* (ਫ਼ਾ)

ਰੁਸਤਮ ਅਲੀ, *ਤਵਾਰੀਖ਼ ਹਿੰਦੀ* (ਫ਼ਾ)

ਵੀਰ ਸਿੰਘ, *ਸਿੰਘ ਸਾਗਰ* (ਗੁ)

'ਸਿਖ ਧਰਮ ਤੇ ਇਤਿਹਾਸ ਨਾਲ ਸੰਬੰਧਿਤ ਸਾਹਿਤ' ਦੀ ਇਹ ਸੂਚੀ ਪ੍ਰਸਿਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਨੇ ਓਦੋਂ ਤਿਆਰ ਕਰ ਕੇ 'ਫੁਲਵਾੜੀ' ਦੇ ਇਸ ਅੰਕ ਵਿਚ ਛਪਵਾਈ ਜਦੋਂ ਕਿ ਉਹ ਅਬਾਦਾਨ (ਈਰਾਨ) ਵਿਚ ਸਨ।

*—ਪ੍ਰਕਾਸ਼ਕ*

---

## ਸੰਕੇਤ

(ਫ਼ਾ) —ਫ਼ਾਰਸੀ

(ਗੁ) —ਗੁਰਮੁਖੀ

(ਉ) —ਉਰਦੂ

(ਹਿੰ) —ਹਿੰਦੀ